# ਪੰਜਾਬੀ ਸਾਹਿਤ ਦਾ ਸੰਕਲਪਮੂਲਕ ਅਧਿਐਨ

ਭਗਵੰਤ ਸਿੰਘ

# ਪੰਜਾਬੀ ਸਾਹਿਤ ਦਾ ਸੰਕਲਪਮੂਲਕ ਅਧਿਐਨ

2

## ਏਸੇ ਕਲਮ ਤੋਂ

- ਦੇਵਿੰਦਰ ਕੁਮਾਰ ਦੇ ਨਾਟ ਸਰੋਕਾਰ

# ਪੰਜਾਬੀ ਸਾਹਿਤ ਦਾ ਸੰਕਲਪਮੂਲਕ ਅਧਿਐਨ

ਭਗਵੰਤ ਸਿੰਘ

4

International Publishers

**Representation Offices**
• 596 Street, Madera, California-93638
• 8 Automatic Rd, Unit 2C, Brampton L6S 3N5, Canada

*Criticism/Punjabi literary studies*

ISBN : 978-93-5204-291-3

**Disclaimer**

*Due care and diligence has been taken while editing and printing the book, neither the Author, Publisher nor the Printer of the book hold any responsibility for any mistake that may have crept in inadvertently. Unistar Books Pvt. Ltd, the Publisher and the printers will be free from any liability for damage and losses of any nature arising from or related to the content. All disputes are subjected to the jurisdiction of competent courts in Mohali. Readers are welcome to inform any mistake, which will be duly acknowledged.*

# Punjabi Sahit Da Sankalapmulak Adhiyan

*by*

**Bhagwant Singh**
Mob. 99885-65633
Email. Bhagwantsin626@gmail.com

2015
Published, printed & bound by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-4608699, 4608799,4027552

*© 2015*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

੬

# ਸਮਰਪਣ

*ਲਾਡਲੀਆਂ ਫੌਜਾਂ ਦੇ ਰਹਿਬਰ*
*ਜ਼ਾਹਰਾ ਹਜ਼ੂਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ*

# ਤਤਕਰਾ


## ਯੂਨਿਟ 1

- ਪੰਜਾਬੀ ਭਾਸ਼ਾ – ਸਰੂਪ ਤੇ ਪ੍ਰਵਿਰਤੀਆਂ 11
- ਭਾਰਤੀ ਆਰਿਆਈ ਭਾਸ਼ਾ ਪਰਿਵਾਰ ਅਤੇ ਪੰਜਾਬੀ ਭਾਸ਼ਾ 14
- ਪੰਜਾਬੀ ਭਾਸ਼ਾ ਦੀ ਉਤਪਤੀ ਅਤੇ ਵਿਕਾਸ-ਪੜਾ 19
- ਪੰਜਾਬੀ ਦੀਆਂ ਉਪਭਾਸ਼ਾਵਾਂ 20
- ਪੰਜਾਬੀ ਅਤੇ ਹੋਰ ਭਾਸ਼ਾਵਾਂ : ਸੰਸਕ੍ਰਿਤ, ਫ਼ਾਰਸੀ, ਅੰਗ੍ਰੇਜ਼ੀ, ਹਿੰਦੀ, ਉਰਦੂ 24
- ਪੰਜਾਬੀ ਧੁਨੀ ਵਿਗਿਆਨ : ਸ੍ਵਰ, ਵਿਅੰਜਨ, ਅੱਖਰ, ਟੋਨ, ਬਲ, ਤਾਨ, ਸੰਗਮ 30
- ਪੰਜਾਬੀ ਰੂਪ ਵਿਗਿਆਨ : ਰੂਪ-ਤੱਤ, ਸ਼ਬਦ ਰਚਨਾ ਅਤੇ ਸ਼ਬਦਾਵਲੀ 49
- ਪੰਜਾਬੀ ਅਰਥ ਵਿਗਿਆਨ 57
- ਪੰਜਾਬੀ ਵਾਕ ਵਿਗਿਆਨ 60
- ਗੁਰਮੁਖੀ ਲਿਪੀ : ਨਿਕਾਸ ਤੇ ਵਿਕਾਸ, ਪ੍ਰਾਚੀਨਤਾ, ਪੰਜਾਬੀ ਲਈ ਉਚਿਤਤਾ 62
- ਪੰਜਾਬੀ ਕੋਸ਼ਕਾਰੀ, ਵਿਆਕਰਣ-ਰਚਨਾ ਅਤੇ ਅਨੁਵਾਦ ਕਾਰਜ 65

## ਯੂਨਿਟ 2

- ਪੰਜਾਬੀ ਲੋਕਯਾਨ ਅਤੇ ਪੰਜਾਬੀ ਸਭਿਆਚਾਰ 72
- ਪੰਜਾਬੀ ਦੀ ਲੋਕਯਾਨਿਕ ਸਾਮੱਗ੍ਰੀ ਦੇ ਵਿਭਿੰਨ ਰੂਪ ਅਤੇ ਵਰਗੀਕਰਣ 73

*(ਪੰਜਾਬੀ ਲੋਕ ਵਿਸ਼ਵਾਸ ਅਤੇ ਅਨੁਸ਼ਠਾਨ : ਵਹਿਮ-ਭਰਮ, ਜੰਤਰ-ਮੰਤਰ, ਜਾਦੂ-ਟੂਣੇ, ਟੋਟਕੇ, ਤਾਵੀਜ਼, ਸ਼ਗਨ-ਅਪਸ਼ਗਨ, ਪੁੰਨ-ਪਾਪ, ਸੰਸਕਾਰ ਤੇ ਰੀਤੀ ਰਿਵਾਜ (ਜਨਮ, ਵਿਆਹ ਤੇ ਮੌਤ ਨਾਲ ਸੰਬੰਧਿਤ), ਵਰਤ ਤੇ ਪੂਜਾ ਵਿਧੀਆਂ, ਕਰਮਕਾਂਡ, ਸਾਕਾਦਾਰੀ, ਪੰਜਾਬ ਦੀਆਂ ਲੋਕ ਕਲਾਵਾਂ, ਪੰਜਾਬ ਦਾ ਲੋਕ ਸੰਗੀਤ, ਪੰਜਾਬ ਦਾ ਲੋਕ ਨਾਟ, ਪੰਜਾਬ ਦਾ ਲੋਕ ਨਾਚ, ਪੰਜਾਬ ਦੀ ਲੋਕ ਮੂਰਤੀਕਾਰੀ ਅਤੇ ਲੋਕ ਚਿੱਤਰਕਾਰੀ,)*

- ਪੰਜਾਬ ਦੀਆਂ ਲੋਕ ਕਲਾਕ੍ਰਿਤਾਂ : ਕਸੀਦਾ 92
  *ਪੰਜਾਬ ਦੇ ਲੋਕ ਧੰਦੇ, ਲੋਕ ਗਹਿਣੇ, ਲੋਕ ਪਹਿਰਾਵਾ, ਲੋਕ ਖੇਡਾਂ ਅਤੇ ਤਮਾਸ਼ੇ*

**ਯੂਨਿਟ 3**

- ਪੰਜਾਬੀ ਸੂਫ਼ੀ ਕਾਵਿ 95
  *ਨਿਕਾਸ ਅਤੇ ਵਿਕਾਸ-ਪੜਾ*
- ਸੂਫ਼ੀਮਤ : ਸਿਧਾਂਤ ਅਤੇ ਵਿਕਾਸ 106
- ਪ੍ਰਮੁੱਖ ਪੰਜਾਬੀ ਸੂਫ਼ੀ ਕਵੀ : 112
  *(ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਗੁਲਾਮ ਫ਼ਰੀਦ)*

**ਯੂਨਿਟ 4**

- ਗੁਰਮਤਿ ਕਾਵਿ ਧਾਰਾ ਆਰੰਭ, ਵਿਕਾਸ ਅਤੇ ਵਿਸ਼ੇਸ਼ਤਾਵਾਂ 120
- ਗੁਰੂ ਗ੍ਰੰਥ ਸਾਹਿਬ : ਸੰਪਾਦਨਾ ਅਤੇ ਸਾਹਿਤਕ ਵਿਸ਼ੇਸ਼ਤਾਵਾਂ 123
- ਪ੍ਰਮੁੱਖ ਬਾਣੀਕਾਰ : 129
  *(ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਰਮ ਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵਠ ਗੁਰੂ ਤੇਗ਼ ਬਹਾਦਰ ਭਗਤ ਕਵੀ : ਰਵਿਦਾਸ, ਨਾਮਦੇਵ, ਕਬੀਰ ਆਦਿ)*
- ਗੁਰਬਾਣੀ ਦਾ ਕਾਵਿ ਸ਼ਾਸਤਰ ਅਤੇ ਪ੍ਰਭਾਵ 141
  *(ਵਾਰਾਂ ਭਾਈ ਗੁਰਦਾਸ)*

**ਯੂਨਿਟ 5**

- ਪੰਜਾਬੀ ਕਿੱਸਾ ਅਤੇ ਬੀਰ ਕਾਵਿ 144
- ਨਿਕਾਸ, ਵਿਕਾਸ ਅਤੇ ਵਿਸ਼ੇਸ਼ਤਾਵਾਂ 147
- ਪ੍ਰਮੁੱਖ ਕਿੱਸਾਕਾਰ : 149
  *(ਦਮੋਦਰ, ਪੀਲੂ, ਵਾਰਿਸ, ਹਾਸ਼ਮ, ਕਾਦਰਯਾਰ)*
- ਪ੍ਰਮੁੱਖ ਵਾਰਕਾਰ : 160
  *(ਗੁਰੂ ਗੋਬਿੰਦ ਸਿੰਘ, ਨਜਾਬਤ, ਪੀਰ ਮੁਹੰਮਦ ਪੰਜਾਬੀ ਜੰਗਨਾਮੇ : ਸ਼ਾਹ ਮੁਹੰਮਦ, ਮਟਕ)*

**ਯੂਨਿਟ 6**

- ਵਾਰਤਕ 173
  *ਮੱਧਕਾਲੀਨ (ਜਨਮਸਾਖੀ ਪਰੰਪਰਾ : ਪੁਰਾਤਨ ਜਨਮਸਾਖੀ, ਆਦਿ ਸਾਖੀਆਂ, ਸ਼ੰਭੂ ਨਾਥ ਵਾਲੀ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਜਨਮਸਾਖੀ ਭਾਈ ਬਾਲਾ, ਗਿਆਨ ਰਤਨਾਵਲੀ)*
  ਗੁਰ ਬਿਲਾਸ, ਗੋਸ਼ਟੀਆਂ, ਰਹਿਤਨਾਮੇ ਅਤੇ ਟੀਕੇ ਆਧੁਨਿਕ : ਵਾਰਤਕ ਰੂਪ ਅਤੇ ਵਿਕਾਸ ਨਿਬੰਧ, ਜੀਵਨੀ, ਸਫ਼ਰਨਾਮਾ, ਰੇਖੀ ਚਿੱਤਰ, ਸੰਸਮਰਣ
- ਪ੍ਰਮੁੱਖ ਵਾਰਤਾਕਾਰ : 185
  *(ਭਾਈ ਵੀਰ ਸਿੰਘ, ਬਲਬੀਰ ਸਿੰਘ, ਪੂਰਨ ਸਿੰਘ, ਪੂਰਨ ਸਿੰਘ, ਸਾਹਿਬ ਸਿੰਘ, ਤੇਜਾ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਬਲਰਾਜ ਸਾਹਨੀ)*

**ਯੂਨਿਟ 7**

- ਆਧਨਿਕ ਪੰਜਾਬੀ ਕਾਵਿ 191
  *(ਆਧੁਨਿਕ ਅਤੇ ਆਧੁਨਿਕ ਬੋਧ*
  *ਆਰੰਭ, ਵਿਕਾਸ ਅਤੇ ਵਿਸ਼ੇਸ਼ਤਾਵਾਂ)*
- ਪ੍ਰਮੁੱਖ ਕਵੀ : 198
  *(ਭਾਈ ਵੀਰ ਸਿੰਘ, ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਹਰਿਭਜਨ ਸਿੰਘ, ਜ਼ਸਵੰਤ ਸਿੰਘ ਨੇਕੀ, ਸ਼ਿਵ ਕੁਮਾਰ, ਪਾਸ਼, ਸੁਰਜੀਤ ਪਾਤਰ)*
- ਪੰਜਾਬੀ ਗ਼ਜ਼ਲ 224

**ਯੂਨਿਟ 8**

- ਪੰਜਾਬੀ ਗਲਪ 236
  *(ਨਾਵਲ : ਆਰੰਭ, ਵਿਕਾਸ ਅਤੇ ਵਿਸ਼ੇਸ਼ਤਾਵਾਂ)*
- ਪੰਜਾਬੀ ਗਲਪ ਦਾ ਕਾਵਿ ਸ਼ਾਸਤਰ 240
- ਪ੍ਰਮੁੱਖ ਨਾਵਲਕਾਰ : 242
  *(ਨਾਨਕ ਸਿੰਘ, ਸ.ਸ. ਨਰੂਲਾ, ਜ਼ਸਵੰਤ ਸਿੰਘ ਕੰਵਲ, ਨਰਿੰਦਰਪਾਲ ਸਿੰਘ, ਗੁਰਦਿਆਲ ਸਿੰਘ, ਰਾਮਸਰੂਪ ਅਣਖੀ)*

- ਕਹਾਣੀ ਅਤੇ ਨਿੱਕੀ ਕਹਾਣੀ : 254
- ਆਰੰਭ, ਵਿਕਾਸ ਅਤੇ ਵਿਸ਼ੇਸ਼ਤਾਵਾਂ ਪ੍ਰਮੁੱਖ ਕਹਾਣੀਕਾਰ : 265
  *(ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਅਜੀਤ ਕੌਰ, ਪ੍ਰੇਮ ਪ੍ਰਕਾਸ਼)*

**ਯੂਨਿਟ 9**

- ਪੰਜਾਬੀ ਨਾਟਕ ਤੇ ਇਕਾਂਗੀ 286
  *ਆਰੰਭ, ਵਿਕਾਸ ਅਤੇ ਵਿਸ਼ੇਸ਼ਤਾਵਾਂ*
- ਪ੍ਰਮੁੱਖ ਨਾਟਕਕਾਰ ਅਤੇ ਇਕਾਂਗੀਕਾਰ : 288
  *ਈਸ਼ਵਰ ਚੰਦਰ ਨੰਦਾ, ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਬਲਵੰਤ ਗਾਰਗੀ, ਗੁਰਚਰਨ ਸਿੰਘ ਜਸੂਜਾ, ਸੁਰਜੀਤ ਸਿੰਘ ਸੇਠੀ, ਗੁਰਦਿਆਲ ਸਿੰਘ ਖੋਸਲਾ, ਕਪੂਰ ਸਿੰਘ ਘੁੰਮਣ, ਚਰਨ ਦਾਸ ਸਿੱਧੂ*
- ਪੰਜਾਬੀ ਰੰਗਮੰਚ : ਆਰੰਭ, ਵਿਕਾਸ, ਸਮੱਸਿਆਵਾਂ ਅਤੇ ਨਵੀਨਤਮ ਸ਼ੈਲੀਆਂ ਤੇ ਜੁਗਤਾਂ 297

**ਯੂਨਿਟ 10**

- ਪੰਜਾਬੀ ਖੋਜ, ਆਲੋਚਨਾ ਅਤੇ ਵਿਹਾਰਕ ਸਮੀਖਿਆ 301
  *ਆਰੰਭ ਅਤੇ ਵਿਕਾਸ (ਪੱਛਮੀ ਅਤੇ ਭਾਰਤੀ ਦ੍ਰਿਸ਼ਟੀਆਂ)*
- ਖੋਜ ਅਤੇ ਆਲੋਚਨਾ 309
  *(ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਭਿੰਨ ਖੇਤਰਾਂ ਵਿਚ ਖੋਜ ਦੀ ਸਥਿਤੀ : ਮੱਧਕਾਲੀ ਸਾਹਿਤ, ਆਧੁਨਿਕ ਸਾਹਿਤ, ਪੰਜਾਬੀ ਭਾਸ਼ਾ ਅਤੇ ਗੁਰਮੁਖੀ, ਪੰਜਾਬੀ ਲੋਕਯਾਨ ਅਤੇ ਸਭਿਆਚਾਰ)*
- ਪ੍ਰਮੁੱਖ ਪੰਜਾਬੀ ਆਲੋਚਕ : 316
  *ਪ੍ਰੋ. ਕਿਸ਼ਨ ਸਿੰਘ, ਸੰਤ ਸਿੰਘ ਸੇਖੋਂ, ਹਰਿਭਜਨ ਸਿੰਘ, ਅਤਰ ਸਿੰਘ*
- ਕਾਵਿ ਅਤੇ ਵਾਰਤਕ ਦੀ ਵਿਹਾਰਕ ਸਮੀਖਿਆ 324

# ਯੂਨਿਟ 1
# ਪੰਜਾਬੀ ਭਾਸ਼ਾ – ਸਰੂਪ ਤੇ ਪ੍ਰਵਿਰਤੀਆਂ

ਭਾਸ਼ਾ ਵਿਚਾਰਾਂ ਦਾ ਵਾਹਨ ਹੈ। ਜਿਸ ਦੀ ਉਤਪਤੀ ਮਨੁੱਖ ਦੀਆਂ ਲੋੜਾਂ ਵਿਚੋਂ ਹੋਈ ਹੈ। ਪੰਜਾਬੀ ਭਾਸ਼ਾ ਪੰਜਾਬ ਪ੍ਰਾਂਤ ਦੀ ਭਾਸ਼ਾ ਹੈ। ਇਨ੍ਹਾਂ ਤੋਂ ਬਿਨ੍ਹਾਂ ਪੱਛਮੀ ਪੰਜਾਬ ਅਤੇ ਕੇਨੈਡਾ, ਅਮਰੀਕਾ, ਇੰਗਲੈਂਡ, ਯੂਰਪ, ਆਸਟਰੇਲੀਆ ਅਤੇ ਹਾਂਗਕਾਂਗ ਤੋਂ ਇਲਾਵਾ ਇਹ ਹੋਰ ਵੀ ਬਹੁਤ ਥਾਈਂ ਬੋਲੀ ਜਾਂਦੀ ਹੈ। ਜਿਸ ਤਰ੍ਹਾਂ ਪੰਜਾਬ ਅਤੇ ਪੂਰੇ ਭਾਰਤ ਵਿਚ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿੱਪੀ ਹੀ ਯੋਗ ਲਿੱਪੀ ਹੈ ਉਸੇ ਤਰ੍ਹਾਂ ਹੀ ਪਾਕਿਸਤਾਨੀ ਪੰਜਾਬ ਵਿਚ ਵੀ ਪੰਜਾਬੀ ਸ਼ਾਹਮੁਖੀ ਲਿੱਪੀ ਵਿਚ ਲਿਖੀ ਜਾਂਦੀ ਹੈ। ਜਿਸ ਕਰਕੇ ਬੋਲਣ ਸਮੇਂ ਇਸ ਦਾ ਘੱਟ ਫ਼ਰਕ ਪੈਂਦਾ ਹੈ ਪਰੰਤੂ ਲਿਖਣ ਸਮੇਂ ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ ਵਿਚ ਇਸ ਵਿਚ ਫ਼ਰਕ ਪਾਇਆ ਜਾਂਦਾ ਹੈ। ਪੰਜਾਬੀ ਭਾਸ਼ਾ ਦਾ ਸੰਬੰਧ ਵੈਦਿਕ ਸੰਸਕ੍ਰਿਤ ਨਾਲ ਜਾ ਜੁੜਦਾ ਹੈ। ਜਿਸ ਤੋਂ ਵਿਕਾਸ ਕਰਦੀ ਹੋਈ ਇਹ ਸੰਸਕ੍ਰਿਤ, ਪ੍ਰਾਕਿਰਤ ਅਤੇ ਬਾਅਦ ਵਿਚ ਅਪਭ੍ਰੰਸ਼ਾਂ ਤੋਂ ਵੱਖਰੇ ਪੜਾਅ ਵਿਚ ਲੰਘਦੀ ਹੋਈ ਆਧੁਨਿਕ ਰੂਪ ਧਾਰਨ ਕਰ ਚੁੱਕੀ ਹੈ। ਪੰਜਾਬੀ ਵਿਚ ਇਕ ਕਹਾਵਤ ਆਮ ਹੈ ਕਿ ਭਾਸ਼ਾ 12 ਕੋਹਾਂ ਤੋਂ ਬਦਲ ਜਾਂਦੀ ਹੈ। ਪੰਜਾਬੀ ਦੀਆਂ ਅਨੇਕ ਉਪਭਾਸ਼ਾਵਾਂ ਹਨ ਪਰੰਤੂ ਮੁੱਖ ਰੂਪ ਵਿਚ ਜੋ ਉਪਭਾਸ਼ਾਵਾਂ ਜਾਣੀਆਂ ਜਾਂਦੀਆਂ ਹਨ ਉਨ੍ਹਾਂ ਵਿਚੋਂ ਜਿਹੜੀ ਉਪਭਾਸ਼ਾ ਬਿਆਸ ਦੇ ਦਰਿਆ ਤੋਂ ਪਾਰ ਦੀ ਭਾਸ਼ਾ ਹੈ ਉਸਨੂੰ ਮਾਝੀ ਉਪਭਾਸ਼ਾ ਦਾ ਨਾਮ ਦਿੱਤਾ ਗਿਆ ਹੈ। ਜਿਸ ਵਿਚ ਅੰਮ੍ਰਿਤਸਰ, ਗੁਰਦਾਸਪੁਰ ਤੇ ਸਰਹੱਦ ਦੇ ਕੁਝ ਇਲਾਕੇ ਸ਼ਾਮਲ ਹਨ। ਇਸੇ ਤਰ੍ਹਾਂ ਬਿਆਸ ਤੋਂ ਲੈ ਕੇ ਸਤਲੁਜ ਤਕ ਦੇ ਇਲਾਕੇ ਸ਼ਾਮਲ ਹਨ ਜਿਨ੍ਹਾਂ ਵਿਚ 'ਵ' ਦੀ ਥਾਂ 'ਬ' ਦਾ ਪ੍ਰਯੋਗ ਕੀਤਾ ਜਾਂਦਾ ਹੈ। ਜੋ ਇਸਦਾ ਇਕ ਖਾਸ ਭਾਸ਼ਾਈ ਚਿੰਨ੍ਹ ਹੈ। ਜਿਵੇਂ 'ਵਹਿੜਕੇ ਦੀ ਵੱਖੀ ਵਿਚ ਵੱਟਾ ਮਾਰਿਆ' ਦੀ ਥਾਂ ਦੁਆਬੇ ਵਾਲੇ ਲੋਕ 'ਬਹਿੜਕੇ ਦੀ ਬੱਖੀ ਵਿਚ ਬੱਟਾ ਮਾਰਿਆ' ਦਾ ਉਚਾਰਨ ਕਰਦੇ ਹਨ। ਸਤਲੁਜ ਤੋਂ ਪਾਰ ਦੇ ਇਲਾਕੇ ਜਿਸ ਵਿਚ ਮਾਲਵੇ ਦੇ ਇਲਾਕੇ ਆਉਂਦੇ ਹਨ। ਜਿਵੇਂ ਫਰੀਦਕੋਟ, ਫਿਰੋਜ਼ਪੁਰ, ਲੁਧਿਆਣਾ, ਪਟਿਆਲਾ, ਬਠਿੰਡਾ ਤੇ ਸੰਗਰੂਰ ਸ਼ਾਮਿਲ ਹਨ। ਇਸ ਇਲਾਕੇ ਨੂੰ ਮਲਵਈ ਕਹਿੰਦੇ ਹਨ। ਪੰਜਾਬੀ ਦੀਆਂ ਇਨ੍ਹਾਂ ਭਾਸ਼ਾਵਾਂ ਤੋਂ ਬਿਨ੍ਹਾਂ ਪਟਿਆਲੇ ਦੇ ਕੁਝ ਇਲਾਕਿਆਂ ਵਿਚ ਪੁਆਧੀ ਬੋਲੀ ਜਾਂਦੀ ਹੈ। ਇਸ ਤਰ੍ਹਾਂ ਕੁਝ ਪਹਾੜੀ ਬੋਲੀਆਂ ਜਿਵੇਂ ਡੋਗਰੀ ਜੰਮੂ ਖੇਤਰ ਵਿਚ ਬੋਲੀ ਜਾਂਦੀ ਹੈ। ਗੁਰਦਾਸਪੁਰ ਦਾ ਇਲਾਕਾ ਜਿਸਨੂੰ ਰਿਆੜਕੀ ਦਾ ਇਲਾਕਾ ਕਿਹਾ ਜਾਂਦਾ ਹੈ। ਉਥੇ ਅਰਧ ਪਹਾੜੀ ਉਪਭਾਸ਼ਾ ਦਾ ਪ੍ਰਯੋਗ ਵੀ ਹੁੰਦਾ ਹੈ।

ਕੋਈ ਵੀ ਭਾਸ਼ਾ ਨਾ ਤਾਂ ਇਕੱਲੀ ਵਿਕਾਸ ਕਰ ਸਕਦੀ ਹੈ ਅਤੇ ਨਾ ਹੀ ਜਿਉਂਦੀ ਰਹਿ ਸਕਦੀ ਹੈ। ਜਿਸ ਤਰ੍ਹਾਂ ਇਨਸਾਨ ਨੂੰ ਆਪਣੇ ਆਪ ਨੂੰ ਗਿਆਨਵਾਨ ਰਹਿਣ ਲਈ ਲਗਾਤਾਰ ਪੜ੍ਹਦੇ ਰਹਿਣਾ ਲਾਜ਼ਮੀ ਹੈ। ਇਸੇ ਤਰ੍ਹਾਂ ਹੀ ਭਾਸ਼ਾ ਨੂੰ ਆਪਣੇ

ਅਦਾਨ-ਪ੍ਰਦਾਨ ਲਈ ਕਿਸੇ ਹੋਰ ਭਾਸ਼ਾ 'ਤੇ ਨਿਰਭਰ ਹੋਣਾ ਪੈਂਦਾ ਹੈ। ਪੰਜਾਬੀ ਭਾਸ਼ਾ ਨੇ ਵੀ ਇਹ ਸਫ਼ਰ ਇਵੇਂ ਹੀ ਤਹਿ ਨਹੀਂ ਕੀਤਾ ਬਲਕਿ ਇਸਨੇ ਕਈ ਹੋਰ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੇ ਵਿਚ ਜਜ਼ਬ ਕੀਤਾ ਹੈ। ਜਿਸ ਕਰਕੇ ਇਸ ਦਾ ਹੋਰਨਾਂ ਭਾਸ਼ਾਵਾਂ ਨਾਲ ਵੀ ਸੰਬੰਧ ਸਥਾਪਿਤ ਕੀਤਾ ਜਾ ਸਕਦਾ ਹੈ ਜਿਵੇਂ ਕਿ

| | | | |
|---|---|---|---|
| ਸੰਸਕ੍ਰਿਤ | ਫਾਰਸੀ | ਲਾਤੀਨੀ | ਜਰਮਨ |
| ਅੰਗਰੇਜ਼ੀ | ਪੰਜਾਬੀ | ਪਿਤ੍ਰ | ਪਿਦਰਖ਼ |
| ਪਾਤੇਰ | ਫਾਤੇਰ | ਫਾਦਰ | ਪਿਤਾ |
| ਮਾਤ੍ਰ | ਮਾਦਰ | ਮਾਤੇਰ | ਮੁਤੇਰ |
| ਮਦਰ | ਮਾਂ | ਭ੍ਰਾਤ | ਬਿਰਾਦਰ |
| ਫਾਤੇਰ | ਬਰੂਦੇਰ | ਬਰਦਰ | ਭਾਈ |

ਇਸ ਤਰ੍ਹਾਂ ਇਨ੍ਹਾਂ ਸ਼ਬਦਾਂ ਦੀ ਵਿਚਲੀਆਂ ਧੁਨੀਆਂ ਦਾ ਸੰਬੰਧ ਹੈ ਜਾਂ ਇਨ੍ਹਾਂ ਦੇ ਰੂਪ ਬਣਤਰ ਦਾ ਸੰਬੰਧ ਹੈ ਇਨ੍ਹਾਂ ਵਿਚੋਂ ਇਕੋ ਹੀ ਭਾਵ ਅਤੇ ਇਕੋ ਹੀ ਅਰਥ ਪੈਦਾ ਹੁੰਦੇ ਹਨ।

ਪੰਜਾਬੀ ਇਕ ਅਜਿਹੀ ਭਾਸ਼ਾ ਹੈ ਜਿਸ ਕੋਲ ਹਰ ਰਿਸ਼ਤੇ ਲਈ ਕਈ-ਕਈ ਸ਼ਬਦ ਹਨ। ਪਰੰਤੂ ਅੰਗਰੇਜ਼ੀ ਭਾਸ਼ਾ ਵਿਚ ਇਹ ਘਾਟ ਦਿਖਾਈ ਦਿੰਦੀ ਹੈ ਤੇ ਪੂਰੀ ਤਰ੍ਹਾਂ ਉਹ ਰਿਸ਼ਤਾ ਉਘੜ ਕੇ ਸਾਡੇ ਸਾਹਮਣੇ ਨਹੀਂ ਆਉਂਦਾ ਜਿਵੇਂ ਅੰਗਰੇਜ਼ੀ ਵਿਚ ਕੇਵਲ 'ਅੰਕਲ' ਹੀ ਇਕ ਸ਼ਬਦ ਹੈ ਜੋ ਕਿ ਕਈ ਰਿਸ਼ਤਿਆਂ ਲਈ ਵਰਤਿਆ ਜਾਂਦਾ ਹੈ ਪਰੰਤੂ ਪੰਜਾਬੀ ਵਿਚ ਮਾਮਾ, ਮਾਸੜ, ਚਾਚਾ, ਫੁੱਫੜ ਆਦਿ ਕਈ ਸ਼ਬਦ ਹਨ ਜੋ ਕਿ ਕਿਸੇ ਖਾਸ ਰਿਸ਼ਤੇ ਨੂੰ ਪ੍ਰਗਟਾਉਂਦੇ ਹਨ। ਇਸੇ ਤਰ੍ਹਾਂ ਅੰਗਰੇਜ਼ੀ ਵਿਚ ਆਂਟ, ਨੈਫਿਊ, ਨੀਸ ਆਦਿ ਕਈ ਰਿਸ਼ਤਿਆਂ ਲਈ ਵਰਤੇ ਜਾਂਦੇ ਸ਼ਬਦ ਹਨ ਪਰ ਉਸ ਰਿਸ਼ਤੇ ਨੂੰ ਪੂਰੀ ਤਰ੍ਹਾਂ ਪ੍ਰਗਟ ਨਹੀਂ ਕਰਦੇ। ਇਸਦੇ ਉਲਟ ਪੰਜਾਬੀ ਵਿਚ ਤਾਂ ਦੂਰ ਦੇ ਰਿਸ਼ਤੇ ਲਈ ਵੀ ਢੁੱਕਵੇਂ ਸ਼ਬਦ ਮੌਜੂਦ ਹਨ ਜਿਵੇਂ ਪਤਿਓਰਾ, ਦਦਿਓਰਾ, ਨਨਿਓਰਾ ਆਦਿ ਸ਼ਬਦਾਂ ਦੀ ਵਰਤੋਂ ਇਹ ਨਿਸ਼ਚਿਤ ਕਰਦੀ ਹੈ ਕਿ ਵਾਕ ਵਿਗਿਆਨ ਵਿਚ ਜਿੱਥੋਂ ਤਕ ਸ਼ਬਦਾਂ ਦੀ ਮਹੱਤਤਾ ਹੈ। ਉਹ ਸ਼ਬਦ ਦੀ ਬਣਤਰ ਪੱਖ ਨੂੰ ਭਲੀਭਾਂਤ ਪ੍ਰਗਟ ਕਰਨ ਦੀ ਸਮਰੱਥਾ ਰੱਖਦੀ ਹੈ।

ਪੰਜਾਬੀ ਇਕ ਸੁਰਾਤਮਕ ਭਾਸ਼ਾ ਹੈ। ਇਸ ਵਿਚ ਤਿੰਨ ਅਰਥਾਤ ਉੱਚੀ ਸੁਰ, ਮੱਧਮ ਸੁਰ ਅਤੇ ਨੀਵੀਂ ਸੁਰ ਹੁੰਦੀ ਹੈ ਜੋ ਇਸਦੀ ਸਾਰੀਆਂ ਭਾਰਤੀ ਆਰੀਆ ਭਾਸ਼ਾਵਾਂ ਵਿਚ ਖਾਸ ਜਗ੍ਹਾ ਨਿਸ਼ਚਿਤ ਕਰਵਾਉਂਦੀ ਹੈ। 'ਪੀਹ' 'ਚਾਹ', 'ਕਹਿ' ਇਨ੍ਹਾਂ ਸ਼ਬਦਾਂ ਵਿਚ ਜਿੱਥੇ 'ਹ' ਅੱਖਰ ਲਿਖਿਆ ਜਾਂਦਾ ਹੈ, ਉਥੇ ਪੰਜਾਬੀ ਬੋਲਣ ਵਾਲੇ 'ਹ' ਦੀ ਧੁਨੀ ਦਾ ਉਚਾਰਨ ਨਹੀਂ ਕਰਦੇ ਪਰ ਲਿਖਣ ਵੇਲੇ 'ਹ' ਜ਼ਰੂਰ ਲਿਖਿਆ ਜਾਂਦਾ ਹੈ ਪਰ ਇਸਦਾ ਅਰਥ ਇਹ ਨਹੀਂ ਕਿ 'ਪੀ' ਅਤੇ 'ਪੀਹ' ਦੇ ਉਚਾਰਨ ਵਿਚ ਕੋਈ ਫ਼ਰਕ ਹੈ। 'ਪੀ' ਦਾ ਉਚਾਰਨ ਅਸੀਂ ਸਾਧਾਰਨ ਗਤੀ ਨਾਲ ਕਰਦੇ ਹਾਂ, ਪਰ 'ਪੀਹ' ਦੇ ਉਚਾਰਨ ਵਿਚ 'ਹ' ਨਹੀਂ ਉਚਾਰਦੇ, ਸਗੋਂ ਉਸ ਦੀ ਥਾਂ ਬਿਹਾਰੀ 'ਈ' ਦਾ

ਉਚਾਰਨ ਸਾਹ ਦੇ ਧੱਕੇ ਜਿਹੇ ਨਾਲ ਕੀਤਾ ਜਾਂਦਾ ਹੈ। ਇਸ ਸਾਹ ਦੇ ਧੱਕੇ ਨੂੰ 'ਸੁਰ' ਕਹਿੰਦੇ ਹਨ। ਸੁਰ ਦੇ ਉਚਾਰਨ ਕਰਕੇ ਹੀ ਪੰਜਾਬੀ ਵਿਚ 'ਹ' ਦਾ ਉਚਾਰਨ ਸਿਰਫ਼ ਸ਼ਬਦਾਂ ਦੇ ਆਰੰਭ ਵਿਚ ਹੁੰਦਾ ਹੈ : ਵਿਚਾਲੇ ਅਤੇ ਅੰਤ ਵਿਚ ਆਉਣ ਵਾਲਾ 'ਹ' ਸੁਰ ਵਿਚ ਬਦਲ ਜਾਂਦਾ ਹੈ। ਮਲਵਈ ਵਿਚ 'ਸੁਹਾਗਾ', 'ਸਹੇਲੀ', 'ਪਹਾੜ' ਆਦਿ ਸ਼ਬਦਾਂ ਦੇ ਵਿਚਾਲੇ ਆਇਆ 'ਹ' ਉਚਾਰਿਆ ਜਾਂਦਾ ਹੈ, ਪਰ ਮਾਝੀ ਵਿਚ ਇਹ 'ਹ' ਵੀ ਸੁਰ ਹੋ ਜਾਂਦਾ ਹੈ।

ਪੰਜਾਬੀ ਭਾਸ਼ਾ ਵਿਚ ਸੰਬੰਧਕਾਂ ਦਾ ਸਥਾਨ ਨਿਸ਼ਚਿਤ ਹੁੰਦਾ ਹੈ। ਸੰਬੰਧਕਾਂ ਦਾ ਸਥਾਨ ਬਦਲਿਆਂ ਅਰਥਾਂ ਵਿਚ ਬੜਾ ਫ਼ਰਕ ਪੈ ਜਾਂਦਾ ਹੈ। 'ਮੁੰਡੇ ਨੇ ਕੁੜੀ ਨੂੰ ਮਾਰਿਆ' ਵਾਕ ਵਿਚ ਸੰਬੰਧਕਾਂ ਦਾ ਸਥਾਨ ਬਦਲ ਕੇ 'ਮੁੰਡੇ ਨੂੰ ਕੁੜੀ ਨੇ ਮਾਰਿਆ' ਲਿਖਣ ਨਾਲ ਅਰਥ ਬਿਲਕੁਲ ਉਲਟੇ ਹੋ ਗਏ ਹਨ। ਇਕੋ ਵਾਕ ਵਿਚ ਸੰਬੰਧਕ ਵਰਤਣ, ਜਾਂ ਨਾ ਵਰਤਣ ਨਾਲ ਅਰਥ ਹੋਰ-ਦੇ-ਹੋਰ ਹੋ ਜਾਂਦੇ ਹਨ। ਇਸ ਤੋਂ ਇਲਾਵਾ ਪੰਜਾਬੀ ਵਿਚ ਅਗੇਤਰ ਇਕ ਤੋਂ ਵੱਧ ਨਹੀਂ ਆਉਂਦਾ ਪਰ ਪਿਛੇਤਰ ਤਿੰਨ-ਤਿੰਨ, ਚਾਰ-ਚਾਰ ਆ ਜਾਂਦੇ ਹਨ। ਅਣਗੁੰਧਾ, ਅਨਪੜ੍ਹ, ਨਿਰਵੈਰ, ਨਾਵਾਜਬ, ਬੇਸ਼ਰਮ, ਨਿਆਸਰਾ ਆਦਿ ਵਿਚ ਸਿਰਫ਼ ਇਕ-ਇਕ ਅਗੇਤਰ ਆਇਆ ਹੈ (ਅਣ-, ਅਨ-, ਨਿਰ-, ਨਾ-, ਬੇ-, ਨਿ) ਪਰ ਸਾਧਾਰਨ ਸ਼ਬਦ 'ਜਾਣਗੀਆਂ' ਵਿਚ ਕਈ ਪਿਛੇਤਰ ਆ ਗਏ ਹਨ ਣ+ਗ+ਈ+ਆਂ। ਇਸ ਆਧਾਰ 'ਤੇ ਪੰਜਾਬੀ ਸ਼ਬਦਾਂ ਦੇ ਆਰੰਭ ਵਿਚ ਇਕ ਤੋਂ ਵੱਧ ਅਗੇਤਰ ਲਗਾਉਣੇ ਪੰਜਾਬੀ ਭਾਸ਼ਾ ਦੇ ਅਨੁਕੂਲ ਨਹੀਂ ਹਨ।

# ਭਾਰਤੀ ਆਰਿਆਈ ਭਾਸ਼ਾ ਪਰਿਵਾਰ ਅਤੇ ਪੰਜਾਬੀ ਭਾਸ਼ਾ

## ਵਿਸ਼ਵ ਦੇ ਪ੍ਰਮੁੱਖ ਭਾਸ਼ਾ-ਪਰਿਵਾਰ

**1) ਭਾਰੋਪੀ (ਭਾਰਤ ਯੂਰਪੀ) :** ਭਾਰੋਪੀ ਭਾਸ਼ਾ ਪਰਿਵਾਰ ਵਿਚ ਲਗਭਗ ਸੌ ਕੁ ਬੋਲੀਆਂ ਦੀ ਹੀ ਮੈਂਬਰਸ਼ਿਪ ਹੈ। ਬੁਲਾਰਿਆਂ ਦੀ ਗਿਣਤੀ ਪੱਖੋਂ ਭਾਰੋਪੀ ਫੈਮਲੀ ਦੁਨੀਆਂ ਵਿਚ ਸਭ ਤੋਂ ਵੱਡੀ ਹੈ। ਭਾਰੋਪੀ ਦੇ ਬੁਲਾਰਿਆਂ ਦੀ ਗਿਣਤੀ ਕੋਈ 170 ਕਰੋੜ (1.7 ਬਿਲੀਅਨ) ਹੈ। ਇਸਦਾ ਕਾਰਨ ਇਹ ਵੀ ਹੈ ਕਿ ਇਸ ਪਰਿਵਾਰ ਦੇ ਅੰਤਰਗਤ ਸਭਿਅਤਾ, ਸਭਿਆਚਾਰ, ਸਾਹਿਤ, ਭੌਤਿਕ ਸਮ੍ਰਿਧੀ ਤੇ ਗਿਆਨ-ਵਿਗਿਆਨ ਦੇ ਪੱਖ ਤੋਂ ਬਹੁਤ ਹੀ ਉੱਨਤ, ਖ਼ੁਸ਼ਹਾਲ ਤੇ ਸੰਪੰਨ ਦੇਸ਼ ਹਨ। ਭਾਰੋਪੀ ਭਾਸ਼ਾ ਪਰਿਵਾਰ ਯੂਰਪ ਅਤੇ ਏਸ਼ੀਆ ਦੇ ਬਹੁਤ ਵੱਡੇ ਭੂ-ਭਾਗ ਵਿਚ ਫ਼ੈਲਿਆ ਹੋਇਆ ਹੈ। ਜੋ ਪੱਛਮੀ ਯੂਰਪ ਦੇ ਆਇਰਲੈਂਡ ਤੋਂ ਲੈ ਕੇ ਉੱਤਰੀ ਤੇ ਕੇਂਦਰੀ ਭਾਰਤ ਤੱਕ ਅਤੇ ਚੀਨੀ ਤੁਰਕਿਸਤਾਨ ਤਕ ਫੈਲਿਆ ਹੋਇਆ ਹੈ। ਭਾਰੋਪੀ ਭਾਸ਼ਾ ਅੰਦਾਜ਼ਨ 3000 ਪੂ. ਈ. ਕਾਲਖੰਡ ਵਿਚ ਪ੍ਰਫੁੱਲਤ ਹੋਈ ਹੋਵੇਗੀ ਅਤੇ ਇਸੇ ਤੋਂ ਹੀ ਬਹੁਤੀਆਂ ਕਲਾਸੀਕਲ ਭਾਸ਼ਾਵਾਂ ਦਾ ਨਿਕਾਸ ਹੋਇਆ ਹੋਵੇਗਾ।

## ਭਾਰੋਪੀ ਭਾਸ਼ਾ ਪਰਿਵਾਰ ਦੇ ਕੁੱਲ ਨੌ ਪ੍ਰਮੁੱਖ ਉਪ-ਪਰਿਵਾਰ

**1. ਜਰਮੈਨਿਕ ਉਪ-ਪਰਿਵਾਰ :** ਜਰਮੈਨਿਕ, ਭਾਰੋਪੀ ਪਰਿਵਾਰ ਦਾ ਪ੍ਰਮੁੱਖ ਉਪ-ਪਰਿਵਾਰ (ਸ਼ਾਖਾ) ਹੈ। ਜਰਮੈਨਿਕ ਦਾ ਪ੍ਰਸਾਰ ਉਤਰ ਵਿਚ ਸਕੈਂਡੇਨੇਵੀਆ ਤੋਂ ਲੈ ਕੇ ਦੱਖਣ ਵਿਚ ਓਰ ਮਾਊਂਟੈਨ ਤਕ ਅਤੇ ਪੱਛਮ ਵਿਚ ਰਹਾਈਨ ਤੋਂ ਲੈ ਕੇ ਪੂਰਬ ਵਿਚ ਵਿਸਟੂਲਾ ਤਕ ਹੋਇਆ ਹੈ। ਭਾਰੋਪੀ ਦੀ ਜਰਮੈਨਿਕ ਸ਼ਾਖਾ ਨੂੰ ਤਿੰਨ ਉਪ ਸ਼ਾਖਾਵਾਂ ਵਿਚ ਵੰਡਿਆ ਜਾਦਾ ਹੈ। ਪੂਰਬੀ ਜਰਮੈਨਿਕ ਗੋਥਿਕ ਸ਼ਾਮਲ ਹੈ। ਗੋਥਿਕ ਦੇ ਅਭਿਲੇਖ ਚੌਥੀ ਸਦੀ ਏ. ਡੀ ਵਿਚ ਮਿਲਦੇ ਹਨ। ਗੋਥਿਕ ਵਿਚ ਬਾਈਸ਼ੋਪ ਵਲਫਿਲਾਸ ਦੁਆਰਾ ਕੀਤਾ ਬਾਈਬਲ ਦਾ ਅਨੁਵਾਦ ਉਲੇਖਯੋਗ ਹੈ। ਦੱਖਣੀ ਡੈਨਮਾਰਕ ਅਤੇ ਪੱਛਮੀ ਜਰਮਨੀ ਦੇ ਰਹਿਣ ਵਾਲੇ ਐਨਗਲਸ, ਸੈਕਸਨ ਅਤੇ ਜਿਊਟਸ ਕਬੀਲਿਆਂ ਦੀ ਬੋਲੀ ਤੋਂ ਇੰਗਲਿਸ਼ ਪੈਦਾ ਹੋਈ ਹੈ। ਇਨ੍ਹਾਂ ਕਬੀਲਿਆਂ ਨੇ ਇੰਗਲੈਂਡ ਤੇ ਹਮਲਾ ਕੀਤਾ ਸੀ ਅਤੇ ਉਹ ਉਥੇ ਸੰਨ 449 ਏ. ਡੀ ਵਿਚ ਵਸ ਗਏ ਸਨ। ਅੱਜਕਲ ਲੰਡਨ ਦੀ ਇੰਗਲਿਸ਼ ਨੂੰ ਹੀ ਟਕਸਾਲੀ ਮੰਨਿਆ ਜਾਂਦਾ ਹੈ।

**2. ਕੈਟਲਿਕ (ਸਲੈਟਿਕ) :** ਭਾਰੋਪੀ ਦੀ ਕੈਟਲਿਕ ਸ਼ਾਖਾ ਦੀਆਂ ਦੋ ਉਪ ਸ਼ਾਖਾਵਾਂ ਹਨ : ਇਨਸੂਲਰ ਤੇ ਕੰਟੀਨੈਂਟਲ। ਕੰਟੀਨੈਂਟਲ ਦੀ ਉਪ-ਸ਼ਾਖਾ ਗਉਲਿਸ਼ ਕਿਸੇ ਵੇਲੇ ਫਰਾਂਸ ਵਿਚ ਬੋਲੀ ਜਾਂਦੀ ਸੀ ਪਰ ਹੁਣ ਇਹ ਲੁਪਤ ਹੋ ਗਈ ਹੈ।

**3. ਇਟੈਲਿਕ :** ਇਟੈਲਿਕ ਸਬ-ਫੈਮਲੀ ਜੱਦੀ ਤੌਰ 'ਤੇ ਅਜੋਕੇ ਇਟਲੀ ਦੇਸ਼ ਦੇ ਪ੍ਰਾਚੀਨ ਇਲਾਕਿਆਂ ਵਿਚ ਬੋਲੀ ਜਾਂਦੀ ਹੈ। ਸਾਰੀਆਂ ਇਟੈਲਿਕ ਭਾਸ਼ਾਵਾਂ ਪ੍ਰਾਚੀਨ ਰੋਮਨ ਬਾਦਸ਼ਾਹਤ ਦੀ ਭਾਸ਼ਾ ਲੈਟਿਨ ਤੋਂ ਹੀ ਉਤਪੰਨ ਹੋਈਆਂ ਹਨ ਅਤੇ ਇਹਨਾਂ ਨੂੰ ਰੋਮਾਨਸ ਲੈਂਗੁਏਜ਼ ਕਿਹਾ ਜਾਂਦਾ ਹੈ।

**4. ਹੈਲੈਨਿਕ (ਗ੍ਰੀਕ) :** ਭਰੋਪੀ ਭਾਸ਼ਾ ਪਰਿਵਾਰ ਦੀ ਹੈਲੈਨਿਕ ਸ਼ਾਖਾ ਦੀ ਇਕੋ ਹੀ ਜੀਵਤ ਸੰਭਾਲ ਗ੍ਰੀਕ ਕਲਚਰ ਦੇ ਸੁਨਿਹਰੀ ਯੁਗ (500–200 ਬੀ.ਸੀ.) ਵਿਚ ਐਥਨਜ਼ ਦੀ ਰਾਸ਼ਟਰੀ ਭਾਸ਼ਾ ਸੀ।

**5. ਅਲਬੇਨੀਅਨ :** ਭਾਰੋਪੀ ਪਰਿਵਾਰ ਦੀ ਸ਼ਾਖਾ ਅਲਬੇਨੀਅਨ ਦਾ ਇਕੋ ਹੀ ਮੈਂਬਰ ਆਧੁਨਿਕ ਅਲਬੇਨੀਅਨ ਹੈ। ਅਲਬੇਨੀਅਨ ਭਾਸ਼ਾ ਅਲਬੇਨੀਅਨ ਪ੍ਰਦੇਸ਼ ਤੋਂ ਇਲਾਵਾ ਯੂਗੋਸਲਾਵੀਆ, ਗ੍ਰੀਸ ਤੇ ਇਟਲੀ ਦੇ ਕਈਆਂ ਹਿੱਸਿਆਂ ਵਿਚ ਬੋਲੀ ਜਾਂਦੀ ਹੈ।

**6. ਅਰਮੀਨੀਅਨ :** ਅਰਮੀਨੀਅਨ ਭਾਸ਼ਾ ਦੀ ਇਕੋ ਹੀ ਮੈਂਬਰ ਅਰਮੀਨੀਅਨ ਹੈ। ਇਹ ਭਾਸ਼ਾ ਭੂਤ-ਪੂਰਵ ਯੂ. ਐਸ. ਐਸ. ਆਰ ਦੀ ਅਰਮੀਨੀਅਨ ਰਿਪਬਲਿਕ ਅਤੇ ਉੱਤਰ-ਪੂਰਬੀ ਤੁਰਕੀ ਬੋਲੀ ਜਾਂਦੀ ਹੈ। ਅਰਮੀਨੀਅਨ-ਭਾਸ਼ੀ ਲੋਕ ਲੈਬਾਨਨ, ਯੂਰਪ, ਅਮਰੀਕਾ ਤੇ ਕੇਨੈਡਾ ਵਿਚ ਪ੍ਰਵਾਸ ਕਰ ਗਏ ਹਨ।

**7. ਬਾਲਟਿਕ :** ਬਾਲਟਿਕ ਸ਼ਾਖਾ ਦੀਆਂ ਤਿੰਨ ਬੋਲੀਆਂ ਹਨ। ਓਲਡ ਪਰਸੀਅਨ, ਲਿਥੁਨੀਅਨ ਅਤੇ ਵੋਕਾਬਲਰੀ ਆਫ਼ ਐਲਬਿੰਗ ਹੈ। ਲੈਟਿਸ਼ ਨੂੰ ਬਾਲਟਿਕ ਦੇ ਕੋਈ 15 ਲੱਖ ਲੋਕ ਬੋਲਦੇ ਹਨ। ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਲਿਥੁਨੀਅਨ ਨੂੰ ਪ੍ਰਾਚੀਨਤਮ ਭਾਸ਼ਾ ਮੰਨਿਆ ਜਾਂਦਾ ਹੈ।

**8. ਸਲਾਵਿਕ :** ਰੋਮਨਾਂ ਦੇ ਸ਼ਾਸ਼ਨ ਕਾਲ ਵਿਚ ਸੋਲੋਵੋਨਿਕ ਦੇ ਬੋਲਣ ਵਾਲੇ ਦੱਖਣੀ ਪੋਲੈਂਡ ਤੇ ਪੱਛਮੀ ਰੂਸ ਵਿਚ ਵਸੇ ਸਨ। ਅੱਜਕਲ ਸਲੈਵੋਨਿਕ-ਭਾਸ਼ੀ ਲੋਕ ਰੂਸ, ਆਸਟਰੀਆ, ਬੋਹੋਮੀਆਂ, ਮੋਰਾਵੀਆ ਵਿਚ ਰਹਿੰਦੇ ਹਨ।

**9. ਭਾਰਤ-ਈਰਾਨੀ ਸ਼ਾਖਾ :** ਭਾਰੋਪੀ ਭਾਸ਼ਾ-ਪਰਿਵਾਰ ਦੀ ਭਾਰਤ-ਈਰਾਨੀ ਸ਼ਾਖਾ ਨੂੰ 'ਆਰਯ' ਉਪ-ਕੁਲ ਵੀ ਕਿਹਾ ਜਾਂਦਾ ਹੈ। ਭਾਰਤੀ-ਈਰਾਨੀ ਸ਼ਾਖਾ ਦਾ ਵਿਭਾਜਨ (1) ਈਰਾਨੀ ਸ਼ਾਖਾ (2) ਭਾਰਤੀ ਉਪ-ਸ਼ਾਖਾ ਦੇ ਰੂਪ ਵਿਚ ਹੁੰਦਾ ਹੈ। ਈਰਾਨੀ ਉਪ-ਸ਼ਾਖਾ ਵਿਚ ਆਵੇਸਤਾ, ਪ੍ਰਾਚੀਨ ਈਰਾਨੀ (ਪ੍ਰਾ ਫ਼ਾਰਸੀ), ਜ਼ੀਦ-ਅਵੇਸਤਾ, ਕਾਥਾ, ਪਹਿਲਵੀ, ਆਧੁਨਿਕ ਫ਼ਾਰਸੀ ਸ਼ਾਮਲ ਹਨ।

**(ੳ) ਈਰਾਨੀ ਉਪ-ਸ਼ਾਖਾ :** ਈਰਾਨੀ ਜ਼ੁਬਾਨ ਦੇ ਵਿਕਾਸਾਤਮਕ ਇਤਿਹਾਸ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ : (1) ਪ੍ਰਾਚੀਨ ਈਰਾਨੀ (2) ਮੱਧਕਾਲੀ ਈਰਾਨੀ (3) ਨਵੀਨ ਈਰਾਨੀ। ਲੇਹਮਨ ਅਨੁਸਾਰ ਪ੍ਰਾਚੀਨ ਈਰਾਨੀ ਦੀਆਂ ਦੋ ਬੋਲੀਆਂ ਹਨ (ਆਵੇਸਤਾ ਅਤੇ ਪ੍ਰਾਚੀਨ ਫ਼ਾਰਸੀ)।

**ਅਵੇਸਤਾ :** ਅਵੇਸਤਾ ਦਾ ਸ਼ਾਬਦਿਕ ਅਰਥ 'ਸ਼ਾਸਤ੍ਰ' ਜਾਂ ਵੇਦ (ਗਿਆਨ-ਪੁਸਤਕ) ਹੈ। ਇਹ ਜ਼ੋਰੋਸਟਰਾ ਧਰਮ ਦੀ ਪਵਿੱਤਰ ਪੁਸਤਕ ਦਾ ਨਾਮ ਸੀ,

ਪਰ ਹੁਣ ਧਰਮ-ਪੁਸਤਕ ਦੀ ਭਾਸ਼ਾ ਨੂੰ ਅਵੇਸਤਾ ਕਿਹਾ ਜਾਂਦਾ ਹੈ। ਅਵੇਸਤਾ ਟੈਕਸਟ ਵਿਚ ਜ਼ੋਰੋਸਟਰਾ ਧਰਮ ਦੇ ਦੇਵਤਾ 'ਸਅਹੁਰ ਮਜ਼ਦਾ' ਦੀ ਉਪਾਸਨਾ ਤੇ ਵੰਦਨਾ ਹੈ। ਆਵੇਸਤਾ ਟੈਕਸਟ (ਪਾਠ) ਉੱਤੇ ਜਿਹੜੀ ਟੀਕਾ (ਕਮੈਂਟਰੀ) ਹੈ ਉਸ ਨੂੰ ਜ਼ੀਦ ਕਿਹਾ ਜਾਂਦਾ ਹੈ।

ਈਰਾਨ ਦੀ ਅਵੇਸਤਾ ਤੇ ਭਾਰਤ ਦੀ ਵੈਦਿਕ ਸੰਸਕ੍ਰਿਤ ਵਿਚ ਬਹੁਤ ਹੀ ਸਪਸ਼ਟ ਤੇ ਹੈਰਾਨੀਜਨਕ ਸਾਂਝ ਤੇ ਸਮਾਨਤਾ ਹੈ।

**(1) ਪ੍ਰਾਚੀਨ ਫ਼ਾਰਸੀ :** ਸੂਸਾ, ਮੀਡੀਆ ਦੇ ਅਭਿਲੇਖ ਪ੍ਰਾਚੀਨ ਫ਼ਾਰਸੀ ਵਿਚ ਹਨ। ਅਵੇਸਤਾ ਧਰਮ ਭਾਸ਼ਾ ਸੀ ਪਰ ਪ੍ਰਾਚੀਨ ਫ਼ਾਰਸੀ ਲੋਕ-ਭਾਸ਼ਾ ਸੀ। ਪ੍ਰਾਚੀਨ ਫ਼ਾਰਸੀ ਅਵੇਸਤਾ ਨਾਲ ਮਿਲਦੀ ਹੈ। ਅਵੇਸਤਾ 'ਅਜ਼ਮ', ਪ੍ਰਾਚੀਨ ਫ਼ਾਰਸੀ 'ਅਦਮ', ਸੰਸਕ੍ਰਿਤ 'ਅਹਮ' (ਪੰਜਾਬੀ ਹਉਂ, ਮੈਂ) ਨਾਲ ਲਿਖਦੀ ਹੈ।

**(2) ਮੱਧਕਾਲੀ ਈਰਾਨੀ :** ਈਰਾਨੀ ਭਾਸ਼ਾ ਪਰਿਵਾਰ ਦੀ ਅਗਲੀ ਭਾਸ਼ਾ ਮੱਧਕਾਲੀਨ ਈਰਾਨੀ ਹੈ ਜਿਸ ਦਾ ਪ੍ਰਫੁੱਲਤਾ-ਕਾਲ ਤੀਜੀ ਸਦੀ ਪੂ. ਈ. ਤੋਂ ਨੌਵੀਂ ਸਦੀ ਈ. ਤਕ ਹੈ। ਮੱਧ ਈਰਾਨੀ ਦੀ ਪ੍ਰਮੁੱਖ ਬੋਲੀ 'ਪਹਿਲਵੀ' ਹੈ। ਪਹਿਲਵੀ ਉਤੇ ਅਰਬੀ ਆਦਿ ਸਾਮੀ ਜ਼ੁਬਾਨਾਂ ਦਾ ਢੇਰ ਅਸਰ ਹੈ।

**(3) ਆਧੁਨਿਕ ਈਰਾਨੀ (ਫ਼ਾਰਸੀ) :** ਨਵੀਨ ਈਰਾਨੀ, ਈਰਾਨ ਦੇਸ਼ ਦੀ ਰਾਸ਼ਟਰ ਭਾਸ਼ਾ ਹੈ। ਇਸ ਨੂੰ ਫ਼ਾਰਸੀ ਕਿਹਾ ਜਾਂਦਾ ਹੈ। 'ਫਿਰਦੋਸੀ' ਦਾ ਸ਼ਾਹਨਾਮਾ ਫ਼ਾਰਸੀ ਵਿਚ ਹੈ। ਇਸ ਵਿਚ ਆਰੀਆ ਮੂਲ ਦੀ ਸ਼ਬਦਾਵਲੀ ਹੈ ਪਰ ਬਾਅਦ ਵਿਚ ਅਰਬੀ ਦਾ ਬਹੁਤ ਅਸਰ ਹੋਇਆ ਹੈ। ਆਧੁਨਿਕ ਈਰਾਨੀ (ਫ਼ਾਰਸੀ) ਦੀਆਂ ਬੋਲੀਆਂ ਵਿਚ ਬਲੋਚੀ, ਅਫ਼ਗਾਨੀ, ਪਸ਼ਤੋ, ਪਾਮੀਰੀ, ਤਾਜ਼ਿਕੀ, ਤੁਰਕਿਸਤਾਨੀ ਸ਼ਾਮਲ ਹਨ।

**(ਅ) ਭਾਰਤੀ ਆਰੀਆ ਭਾਸ਼ਾ ਉਪ-ਪਰਿਵਾਰ :** (ਇਸ ਨੂੰ ਜ਼ਿਆਦਾਤਰ ਇੰਡੋ-ਆਰੀਅਨ ਕਿਹਾ ਜਾਂਦਾ ਹੈ) ਇਸ ਦਾ ਵਿਕਾਸ ਕੋਈ ਪਿਛਲੇ ਸਾਢੇ ਤਿੰਨ ਹਜ਼ਾਰ ਸਾਲਾਂ ਤੋਂ ਨਿਰੰਤਰ ਹੁੰਦਾ ਆ ਰਿਹਾ ਹੈ। ਭਾਰਤੀ ਆਰੀਆ ਪਰਿਵਾਰ ਵਿਚ ਬਹੁਤ ਪੁਰਾਤਨ ਲਿਖਤੀ ਗ੍ਰੰਥ, ਟੈਕਸਟ, ਸ਼ਿਲਾਲੇਖ, ਅਭਿਲੇਖ ਤੇ ਕਲਾਸੀਕਲ ਰਚਨਾਵਾਂ ਆਦਿ ਮਿਲਦੀਆਂ ਹਨ। ਇਕ ਹੋਰ ਵੀ ਮਾਅਰਕੇ ਦੀ ਗੱਲ ਇਹ ਹੈ ਕਿ ਇਸ ਭਾਸ਼ਾ-ਪਰਿਵਾਰ ਦੇ ਵਿਭਿੰਨ ਕਾਲਿਕ ਰੂਪਾਂ ਬਾਰੇ ਭਾਸ਼ਾ ਵਿਗਿਆਨ ਵਿਆਕਰਣ-ਗ੍ਰੰਥ ਵੀ ਬਹੁਤ ਪੁਰਾਤਨ ਸਮੇਂ ਤੋਂ ਮਿਲਣ ਲਗ ਜਾਂਦੇ ਹਨ।

**ਵਿਸ਼ਵ ਦੇ ਹੋਰ ਭਾਸ਼ਾ-ਪਰਿਵਾਰ**

**2) ਅਲਤੇਇਕ :** ਅਲਤੇਇਕ ਭਾਸ਼ਾਵਾਂ ਸਾਈਬੇਰੀਆ ਤੇ ਏਸ਼ੀਆ ਵਿਚ ਵੀ ਮਿਲਦੀਆਂ ਹਨ। ਅਲਤੇਇਕ ਪਰਿਵਾਰ ਦੀਆਂ ਮੈਂਬਰ ਭਾਸ਼ਾਵਾਂ ਬਾਰੇ ਅਜੇ ਅੰਤਿਮ ਫੈਸਲਾ ਨਹੀਂ ਹੈ ਪਰ ਪ੍ਰਮੁੱਖ ਤੌਰ 'ਤੇ ਇਸ ਦੀਆਂ ਤਿੰਨ ਬੋਲੀਆਂ ਆ ਜਾਂਦੀਆਂ ਹਨ: ਤੁਰਕਿਕ ਸ਼ਾਖਾ ਵਿਚ ਤੁਰਕਿਸ਼, ਉਜ਼ਬੇਕ, ਆਈਜ਼ਰਬਾਈਜਾਇਨੀ, ਤਾਤਾਰ, ਕਜ਼ਾਖ਼

ਅਤੇ ਯਾਕੂਤ ਸ਼ਾਮਲ ਹਨ, ਅਲਤੇਇਕ ਦੇ ਬੋਲਣ ਵਾਲਿਆਂ ਦੀ ਸੰਖਿਆ 8 ਕਰੋੜ ਤੋਂ ਵੱਧ ਹੈ। ਮੰਗੋਲੀਆ ਤੇ ਚੀਨ ਵਿਚ ਬੋਲੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਕਾਲਖਾ ਬੋਲੀ ਮਸ਼ਹੂਰ ਹੈ। ਟੰਗੂਸਿਕ ਬੋਲੀਆਂ ਕੇਂਦਰੀ ਸਾਈਬੇਰੀਆ ਤੇ ਮੰਗੋਲੀਆ ਵਿਚ ਪ੍ਰਾਪਤ ਹਨ।

3) **ਯੂਰਾਲਿਕ :** ਯੂਰਾਲਿਕ ਫੈਮਲੀ ਵਿਚ ਲਗਭਗ 20 ਮੈਂਬਰ ਭਾਸ਼ਾਵਾਂ ਹਨ ਅਤੇ ਇਸ ਦੇ ਬੁਲਾਰਿਆਂ ਦੀ ਗਿਣਤੀ 2 ਕਰੋੜ 20 ਲੱਖ ਹੈ। ਇਹ ਭਾਸ਼ਾਵਾਂ ਉੱਤਰੀ ਨਾਰਵੇ ਤੋਂ ਲੈ ਕੇ ਸਾਇਬੇਰੀਆ ਤਕ ਫੈਲੀਆਂ ਹੋਈਆਂ ਹਨ।

4) **ਦ੍ਰਾਵਿੜੀ ਉਪ-ਪਰਿਵਾਰ :** ਇਸ ਪਰਿਵਾਰ ਦੀ ਮੈਂਬਰਸ਼ਿਪ ਵਿਚ 23 ਬੋਲੀਆਂ ਹਨ। ਇਹ ਜ਼ਿਆਦਾਤਰ ਦੱਖਣੀ ਭਾਰਤ ਵਿਚ ਪ੍ਰਚਲਿਤ ਹਨ, ਇਸ ਭਾਸ਼ਾ ਪਰਿਵਾਰ ਦੇ ਬੁਲਾਰਿਆਂ ਦੀ ਗਿਣਤੀ 15 ਕਰੋੜ ਹੈ। ਪ੍ਰਸਿੱਧ ਦ੍ਰਾਵਿੜੀ ਭਾਸ਼ਾਵਾਂ ਹਨ : ਤੇਲਗੂ (ਆਂਧਰਾ ਪ੍ਰਦੇਸ਼), ਤਾਮਿਲ (ਤਾਮਿਲਨਾਡੂ), ਕੰਨੜ (ਕਰਨਾਟਕ) ਤੇ ਮਲਿਆਲਮ (ਕੇਰਲ) ਹਨ।

5) **ਆਸਟ੍ਰੋ-ਏਸ਼ੀਆਟਿਕ :** ਆਸਟ੍ਰੋ-ਏਸ਼ੀਆਟਿਕ ਪਰਿਵਾਰ ਵਿਚ ਲਗਭਗ 150 ਬੋਲੀਆਂ ਹਨ ਜਿੰਨ੍ਹਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ 4 ਕਰੋੜ ਹੈ। ਇਸ ਪਰਿਵਾਰ ਦੀਆਂ ਤਿੰਨ ਬਰਾਂਚਾਂ ਹਨ : (1) ਮੁੰਡਾ (2) ਮੋਨਖਮਰ (3) ਮੋਂਗ ਆਨਮ। ਮੁੰਡਾ ਭਾਸ਼ਾ-ਵਰਗ ਦੀਆਂ ਬੋਲੀਆਂ ਕੇਂਦਰੀ ਤੇ ਉੱਤਰ-ਪੂਰਬੀ ਭਾਰਤ ਵਿਚ ਬੋਲੀਆਂ ਜਾਂਦੀਆਂ ਹਨ। ਇਹਨਾਂ ਵਿਚ ਸੰਥਾਲੀ ਤੇ ਮੁੰਡਵੀ ਮਸ਼ਹੂਰ ਹਨ।

6) **ਸਾਇਨੋ-ਤਿੱਬਤੀ, ਤਿੱਬਤ-ਚੀਨੀ ਭਾਸ਼ਾ ਪਰਿਵਾਰ :** ਭਾਰੋਪੀ ਭਾਸ਼ਾ ਪਰਿਵਾਰ ਤੋਂ ਬਾਅਦ ਤਿੱਬਤ-ਚੀਨੀ ਭਾਸ਼ਾ ਪਰਿਵਾਰ ਸਭ ਤੋਂ ਵੱਡਾ ਹੈ ਇਸ ਵਿਚ ਕੋਈ ਤਿੰਨ ਸੌ ਬੋਲੀਆਂ ਹਨ। ਇਸ ਦੇ ਦੋ ਪ੍ਰਧਾਨ ਵਰਗ ਹਨ- (1) ਤਿੱਬਤੋ-ਬਰਮੀ ਤੇ (2) ਚੀਨੀ ਬ੍ਰਾਂਚ।

ਤਿੱਬਤੋ-ਬਰਮੀ ਵਰਗ ਦੀਆਂ ਤਿੱਬਤੀ ਬੋਲੀਆਂ, ਬਰਮੀ ਬੋਲੀਆਂ ਜਾਂਦੀਆਂ ਹਨ, ਬਰਮੀ ਬੋਲੀਆਂ ਨੇਪਾਲ, ਬਰਮਾ, ਤੇ ਤਿੱਬਤ ਵਿਚ ਪ੍ਰਚੱਲਿਤ ਕਈ ਹੋਰ ਬੋਲੀਆਂ ਹਨ। ਚੀਨੀ ਵਰਗ ਦੀਆਂ ਚੀਨ ਦੀਆਂ ਬੋਲੀਆਂ ਹਨ।

7) **ਆਸਟ੍ਰੋ-ਤਾਈ :** ਆਸਟ੍ਰੋ-ਤਾਈ ਭਾਸ਼ਾ-ਪਰਿਵਾਰ ਵਿਚ ਲਗਭਗ 825 ਬੋਲੀਆਂ ਸੰਮਿਲਤ ਹਨ। ਇਹ ਬੋਲੀਆਂ ਅਫ਼ਰੀਕਾ ਦੇ ਪੂਰਬੀ ਤਟ ਤੋਂ ਪਾਰ ਮਡਗਾਸਕਰ ਤੋਂ ਲੈ ਹਵਾਈ ਤੇ ਨਿਊਜ਼ੀਲੈਂਡ ਤੱਕ ਫੈਲੀਆਂ ਹੋਈਆਂ ਹਨ। ਇਨ੍ਹਾਂ ਦੇ ਕੋਈ 18 ਕਰੋੜ ਵਕਤੇ ਹਨ।

8) **ਆਸਟ੍ਰੇਲੀਅਨ :** ਅਜੋਕੀਆਂ ਖੋਜਾਂ ਤੋਂ ਇਹ ਸਾਬਤ ਹੋ ਗਿਆ ਹੈ ਕਿ ਆਸਟ੍ਰੇਲੀਅਨ ਫੈਮਲੀ ਨਾਲ ਜੁੜੀਆਂ ਹੋਈਆਂ ਹਨ। ਇਸ ਵਿਚ 200 ਦੇ ਕਰੀਬ ਬੋਲੀਆਂ ਹਨ। ਬੋਲਾਰਿਆਂ ਦੀ ਗਿਣਤੀ ਲਗਭਗ 47000 ਹੈ।

9) **ਐਫਰੋ-ਏਸ਼ੀਆਟਿਕ :** ਐਫਰੋ-ਏਸ਼ੀਆਟਿਕ ਭਾਸ਼ਾ ਪਰਿਵਾਰ ਦੀਆਂ ਬੋਲੀਆਂ ਮੁੱਖ ਤੌਰ 'ਤੇ ਅਫ਼ਰੀਕਾ ਦੇ ਉੱਤਰੀ ਭਾਗ ਵਿਚ ਅਤੇ ਮੱਧ-ਪੂਰਬ ਵਿਚ ਬੋਲੀਆਂ ਜਾਂਦੀਆਂ ਹਨ। ਇਸ ਪਰਿਵਾਰ ਵਿਚ ਲਗਭਗ 250 ਐਫੋ-ਐਸੀਆਟਿਕ ਜ਼ੁਬਾਨਾਂ ਹਨ। ਇਨ੍ਹਾਂ ਦੇ ਬੁਲਾਰੇ 17 ਕਰੋੜ ਹਨ।

10) **ਨਾਈਜਰ-ਕੌਰਡੋਫੈਨੀਅਨ :** ਇਸ ਫੈਮਲੀ ਵਿਚ ਅਫ਼ਰੀਕਾ ਦੀਆਂ ਕੋਈ 900 ਬੋਲੀਆਂ ਸੰਮਿਲਤ ਹਨ। ਇਨ੍ਹਾਂ ਦੇ ਬੋਲਣ ਵਾਲਿਆਂ ਦੀ ਗਿਣਤੀ 18 ਕਰੋੜ ਦੇ ਕਰੀਬ ਹੈ।

# ਪੰਜਾਬੀ ਭਾਸ਼ਾ ਦੀ ਉਤਪਤੀ ਅਤੇ ਵਿਕਾਸ-ਪੜਾਅ

ਡਾ. ਗ੍ਰੀਅਰਸਨ ਨੇ ਆਪਣੇ ਮਹਾਗ੍ਰੰਥ 'ਲਿੰਗੁਇਸਟਿਕ ਸਰਵੇ ਆਫ਼ ਇੰਡੀਆ' (1926) ਵਿਚ ਪੰਜਾਬੀ ਜ਼ਬਾਨ ਨੂੰ ਦੋ ਹਿੱਸਿਆਂ 'ਲਹਿੰਦੀ ਪੰਜਾਬੀ' ਅਤੇ 'ਪੂਰਬੀ ਪੰਜਾਬੀ' ਵਿਚ ਵੰਡ ਕੇ ਲਹਿੰਦੀ ਪੰਜਾਬੀ ਦੀ ਸ੍ਰੋਤ ਭਾਸ਼ਾ 'ਪੈਸ਼ਾਚੀ' ਪ੍ਰਕਿਰਤ ਨੂੰ ਮੰਨਿਆ ਅਤੇ ਪੂਰਬੀ ਪੰਜਾਬੀ (ਭਾਰਤ) ਦੀ ਸਰੋਤ ਭਾਸ਼ਾ 'ਸ਼ੌਰਸੇਨੀ' ਪ੍ਰਾਕ੍ਰਿਤ ਨੂੰ ਸਵੀਕਾਰ ਕੀਤਾ। ਪਰ ਹੁਣ ਪੰਜਾਬ ਦੇਸ਼ ਦੀਆਂ ਆਪਣੀਆਂ ਪ੍ਰਾਕ੍ਰਿਤ (ਅਪਭ੍ਰੰਸ਼ ਭਾਸ਼ਾਵਾਂ) ਉਪਲਬਧ ਹੋਈਆਂ ਹਨ ਜਿੰਨ੍ਹਾਂ ਤੋਂ ਪੰਜਾਬੀ ਭਾਸ਼ਾ (ਅਟਕ ਦਰਿਆ ਤੋਂ ਜਮਨਾ ਨਦੀ ਦੇ ਪ੍ਰਾਚੀਨ ਪੰਜਾਬ ਦੀ ਲੋਕਬੋਲੀ) ਦਾ ਜਨਮ ਹੋਇਆ ਹੈ। ਉਹ ਮੁੱਖ ਪ੍ਰਾਕ੍ਰਿਤਾਂ ਹਨ (1) ਕੈਕੇਈ ਪ੍ਰਾਕ੍ਰਿਤ (2) ਮੱਦਰ ਪ੍ਰਾਕ੍ਰਿਤ (3) ਟੱਕ ਪ੍ਰਾਕ੍ਰਿਤ। ਇਹ ਤਿੰਨੋ ਮੱਧਕਾਲੀ ਪੰਜਾਬ ਦੀਆਂ ਪ੍ਰਾਕ੍ਰਿਤਾਂ ਹਨ ਜਿੰਨ੍ਹਾਂ ਦੇ ਹਵਾਲੇ ਸਾਨੂੰ ਪ੍ਰਾਕ੍ਰਿਤ ਭਾਸ਼ਾ ਦੇ ਤਸਦੀਕਸ਼ੁਦਾ ਵਿਆਕਰਣ-ਗ੍ਰੰਥਾਂ ਵਿਚ ਮਿਲਦੇ ਹਨ। ਉਹ ਵਿਆਕਰਣ-ਗ੍ਰੰਥ ਇਹ ਹਨ :

1. ਆਚਾਰੀਆ ਪੁਰਸ਼ੋਤਮ ਦਾ ਗ੍ਰੰਥ 'ਪ੍ਰਾਕ੍ਰਿਤ ਅਨੁਸ਼ਾਸਨ' (ਗਿਆਰ੍ਹਵੀਂ ਸਦੀ)
2. ਆਚਾਰੀਆ ਰਾਮਾਸ਼ਰਮਾ ਤਰਕ-ਵਾਗੀਸ਼ ਦਾ ਵਿਆਕਰਣ ਗ੍ਰੰਥ 'ਸਪ੍ਰਾਕ੍ਰਿਤ ਕਲਪਤਰੂ'
3. ਆਚਾਰੀਆ ਮਾਰਕੰਡੇਯ ਦਾ ਗ੍ਰੰਥ 'ਪ੍ਰਾਕ੍ਰਿਤ ਸਰਵਸ੍ਵ' (13-14 ਵੀਂ ਸਦੀ)

ਇਸ ਦੇ ਨਾਲ ਹੀ ਗ੍ਰੀਅਰਸਨ ਅਤੇ ਉਸਦੇ ਪੈਰੋਕਾਰਾਂ ਦੇ ਪੈਸ਼ਾਚੀਵਾਦ ਅਤੇ ਸ਼ੌਰਸੈਨੀਵਾਦ ਹੀ ਖੰਡਿਤ ਹੋ ਜਾਂਦੇ ਹਨ ਕਿਉਂਕਿ ਪੈਸ਼ਾਚੀ ਤੇ ਸ਼ੌਰਸੈਨੀ ਦੇ ਖ਼ਾਸ ਲੱਛਣ ਪੰਜਾਬੀ ਵਿਚ ਨਹੀਂ ਮਿਲਦੇ, ਸਗੋਂ ਪੰਜਾਬੀ ਦਾ ਪਛਾਣ-ਚਿੰਨ੍ਹ ਦੁੱਤੀਕਰਣ ਅਤੇ ਹੋਰ ਖ਼ਾਸੀਅਤਾਂ ਪੰਜਾਬ ਦੀ ਪ੍ਰਾਕਿਰਤਾਂ ਵਿਚ ਮਿਲਦੀਆਂ ਹਨ।

ਪੰਜਾਬੀ ਜ਼ੁਬਾਨ ਦੀਆਂ ਜੜ੍ਹਾਂ ਬੀਜ ਰੂਪ ਵਿਚ ਤਾਂ ਵੈਦਿਕ ਭਾਸ਼ਾ (1500 ਬੀ.ਸੀ), ਕਲਾਸੀਕਲ ਸੰਸਕ੍ਰਿਤ (400 ਬੀ.ਸੀ), ਪਾਲੀ ਪ੍ਰਾਕ੍ਰਿਤ (600 ਬੀ.ਸੀ), ਸਾਹਿਤਕ ਪ੍ਰਾਕ੍ਰਿਤਾਂ (100-600) ਈ.) ਅਤੇ ਅਪਭ੍ਰੰਸ਼ਾਂ (600-1000ਈ.) ਆਦਿ ਪ੍ਰਾਚੀਨ ਤੇ ਮੱਧਕਾਲੀਨ ਬੋਲੀਆਂ ਦੇ ਭਾਸ਼ਾਈ ਅੰਗਾਂ ਤੇ ਅੰਸ਼ਾਂ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਪੁਰਾਤਨ ਪੰਜਾਬੀ ਭਾਸ਼ਾ ਦੇ ਬੀਜ ਰੂਪ ਵਿਚ ਦਰਸ਼ਨ ਸਭ ਤੋਂ ਪਹਿਲਾਂ 'ਕਵੀ ਅੱਦਹਮਾਣ' ਦੀ ਰਚਨਾ 'ਸੰਨੇਹਾ ਰਾਸਾ' ਵਿਚ ਮਿਲਦੇ ਹਨ। 'ਸੰਦੇਹ ਰਾਸਕ' ਖੰਡ-ਕਾਵਿ ਦੀ ਬ੍ਰਿਹੋਂ-ਗਾਥਾ ਦਾ ਸਾਰਾ ਵਾਤਰਾਵਰਣ ਪੁਰਾਤਨ ਸੁਲਤਾਨ ਦੇ ਇਰਦ-ਗਿਰਦ ਹੀ ਵਾਪਰਦਾ ਹੈ ਜਿਸ ਨੂੰ ਇਸ ਕ੍ਰਿਤੀ ਵਿਚ ਮੂਲਸਥਾਨ ਕਰਕੇ ਲਿਖਿਆ ਹੈ। 'ਸੰਨੇਹਾ ਰਾਸਾ' ਪੂਰਵ-ਫ਼ਰੀਦ-ਯੁਗ ਦੀ ਰਚਨਾ ਹੈ ਜਿਸ ਵਿਚ ਇਸਲਾਮੀ ਸੰਸਕ੍ਰਿਤੀ ਦਾ ਕੋਈ ਲੇਸ਼-ਮਾਤਰ ਵੀ ਨਹੀਂ ਹੈ।

# ਪੰਜਾਬੀ ਦੀਆਂ ਉਪਭਾਸ਼ਾਵਾਂ

ਪੰਜਾਬੀ ਭਾਸ਼ਾ ਇਕ ਅਮੀਰ ਅਤੇ ਹਰੇਕ ਭਾਸ਼ਾ ਦੇ ਸ਼ਬਦ ਆਪਣੇ ਵਿਚ ਜਜ਼ਬ ਕਰ ਲੈਣ ਵਾਲੀ ਭਾਸ਼ਾ ਹੈ। ਪੰਜਾਬੀ ਭਾਸ਼ਾ ਦੇ ਸਮਾਨਾਂਤਰ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਨੇ ਵਿਕਾਸ ਕੀਤਾ ਅਤੇ ਇਨ੍ਹਾਂ ਭਾਸ਼ਾਵਾਂ ਵਿਚ ਵੀ ਸਾਹਿਤ ਰਚਿਆ ਗਿਆ। ਕੋਈ ਵੀ ਭਾਸ਼ਾ ਨਾ ਤਾਂ ਰਾਤੋ-ਰਾਤ ਤਿਆਰ ਹੁੰਦੀ ਹੈ ਅਤੇ ਨਾ ਹੀ ਕੋਈ ਭਾਸ਼ਾ ਇਕਦਮ ਟਕਸਾਲੀ ਬਣ ਜਾਂਦੀ ਹੈ ਇਸ ਪ੍ਰਕਿਰਿਆ ਵਿਚ ਸਦੀਆਂ ਲਗਦੀਆਂ ਹਨ। ਇਸ ਕਰਕੇ ਇਹ ਭਾਸ਼ਾ ਆਪਣੀਆਂ ਭੈਣਾਂ ਖੇਤਰੀ ਭਾਸ਼ਾਵਾਂ ਤੋਂ ਕੁਝ ਨਾ ਕੁਝ ਲੈ ਕੇ ਲੋਕ ਪ੍ਰਵਾਨਗੀ ਨੂੰ ਲੈਂਦੀ ਹੋਈ ਆਪਣੇ ਟਕਸਾਲੀ ਰੂਪ ਵਿਚ ਆਉਂਦੀ ਹੈ। ਇਸੇ ਪ੍ਰਕਾਰ ਪੰਜਾਬੀ ਭਾਸ਼ਾ ਵਿਚ ਇਹ ਵਿਸ਼ੇਸ਼ਤਾਵਾਂ ਮੌਜੂਦ ਹਨ ਪਰੰਤੂ ਇਸਨੇ ਇਹ ਸਫ਼ਰ ਏਵੇਂ ਹੀ ਨਹੀਂ ਤਹਿ ਕੀਤਾ ਬਲਕਿ ਆਪਣੀਆਂ ਉਪਭਾਸ਼ਾਵਾਂ ਦੇ ਆਂਚਲ ਵਿਚ ਬਤੀਤ ਕਰਦਿਆਂ ਗੁਜ਼ਾਰਿਆ। ਪੰਜਾਬੀ ਭਾਸ਼ਾ ਸੰਬੰਧੀ ਡਾ. ਗ੍ਰੀਅਰਸਨ ਨੇ ਕੰਮ ਆਰੰਭਿਆ। ਉਸ ਨੇ ਆਪਣੀ ਪੁਸਤਕ 'ਭਾਰਤ ਦਾ ਭਾਸ਼ਾਈ ਸਰਵੇ' ਦੇ ਨੌਵੇਂ ਭਾਗ ਵਿਚ ਪੰਜਾਬੀ ਅਤੇ ਪੰਜਾਬ ਨਾਲ ਸੰਬੰਧਿਤ ਉਪਭਾਸ਼ਾਵਾਂ ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ। ਪੰਜਾਬੀ ਦੀਆਂ ਉਪਭਾਸ਼ਾਵਾਂ ਸੰਬੰਧੀ ਨਿਰਖ-ਪਰਖ ਇਸ ਤਰ੍ਹਾਂ ਹੈ:

## ਮਾਝੀ

**ਮਾਝੀ :** ਪੰਜਾਬੀ ਦੀ ਮਾਝੀ ਉਪਭਾਸ਼ਾ ਟਕਸਾਲੀ ਭਾਸ਼ਾ ਹੋਣ ਦਾ ਦਰਜਾ ਰੱਖਦੀ ਹੈ। ਗੁਰਦਾਸਪੁਰ, ਅੰਮ੍ਰਿਤਸਰ, ਪਠਾਨਕੋਟ ਆਦਿ ਦਾ ਹਿੱਸਾ ਇਸ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਮਾਝੀ ਵਿਚ ਕੁਝ ਵਿਸ਼ੇਸ਼ ਧੁਨੀਆਂ ਅਪਣਾਈਆਂ ਜਾਂਦੀਆਂ ਹਨ। ਇਸ ਉਪਭਾਸ਼ਾ ਵਿਚ ਹਰ ਇਕ ਸ਼ਬਦ ਨੀਵੀਂ, ਸਾਵੀ ਅਤੇ ਉੱਚੀ ਸੁਰ ਤਿੰਨੇ ਹੀ ਵਰਤਿਆ ਜਾਂਦਾ ਹੈ। ਇਸ ਵਿਚ ਦਸ ਸ੍ਵਰ ਅਤੇ 29 ਵਿਅੰਜਨ ਧੁਨੀਆਂ ਮਿਲਦੀਆਂ ਹਨ। ਇਸ ਤੋਂ ਬਿਨ੍ਹਾਂ ਇਸ ਵਿਚ ਉਲਟ ਜੀਭੀ /ਲ਼/ ਅਤੇ ਦੰਤੀ /ਲ/ ਵਿਰੋਧ ਵਿਚ ਆਉਂਦੇ ਹਨ। ਮਾਝੀ ਵਿਚ ਭਵਿੱਖਤ ਕਾਲ ਨਾਲ ਸੰਬੰਧਿਤ ਸ਼ਬਦਾਂ ਨੂੰ ਸਿਰਜਦੇ ਸਮੇਂ ਵਿਚਕਾਰਲੀ ਸੁਰ ਵਾਲੇ ਧਾਤੂ ਉੱਚੀ ਸੁਰ ਵਾਲੇ ਬਣ ਜਾਂਦੇ ਹਨ, ਪਰ ਨੀਵੀਂ ਸੁਰ ਵਾਲੇ ਧਾਤੂ ਉਵੇਂ ਹੀ ਰਹਿੰਦੇ ਹਨ ਜਿਵੇਂ : 'ਖਾਹ' ਧਾਤੂ ਤੋਂ 'ਖਾਊਂ', 'ਗਾਂ' ਧਾਤੂ ਤੋਂ 'ਗਾਊਂ'। 'ਊਂ' ਪਿਛੇਤਰ ਇਸ ਤਰ੍ਹਾਂ ਲਗਦਾ ਹੈ:

ਉੱਤਮ ਪੁਰਖ (ਇਕ ਵਚਨ) – ਊਂ
ਅਨਯ ਪੁਰਖ (ਇਕ ਵਚਨ) – ਊਂ

ਮਾਝੀ ਉਪਭਾਸ਼ਾ ਵਿਚ ਕਈ ਬਹੁ-ਵਚਨ ਬਣਾਉਣ ਲਈ /ੀਂ/ ਲਗਾਇਆ ਜਾਂਦਾ ਹੈ। ਜਿਵੇਂ ਮੱਝ – ਮੱਝੀਂ, ਅੱਖ – ਅੱਖੀਂ, ਕੰਨ – ਕੰਨੀਂ। ਇਸ ਤੋਂ ਇਲਾਵਾ ਸ਼ਬਦਾਵਲੀ ਵਿਚ ਵੀ ਇਹ ਉਪਭਾਸ਼ਾ ਆਪਣੀ ਵਿਸ਼ੇਸ਼ਤਾ ਰਖਦੀ ਹੈ। ਕੁਝ ਥਾਵਾਂ ਉੱਤੇ

ਸ਼ਬਦ ਪਰਿਵਰਤਨ ਵੀ ਵੇਖਣ ਨੂੰ ਮਿਲਦਾ ਹੈ। ਜਿਵੇਂ : 'ਪਾਸ' ਨੂੰ 'ਲਾਗੇ, 'ਲੈ ਜਾਣਾ ਨੂੰ' 'ਖੜਨਾ', 'ਅੱਗੇ ਜਾਂ ਅਗਾਂਹ' ਨੂੰ 'ਗਾੜੀ ਜਾਂ ਅਗਾੜੀ', 'ਇਕੱਠ' ਨੂੰ 'ਕੱਠੇ', ਜਾਂ 'ਕੱਲੇ', 'ਅਨਾਜ਼' ਨੂੰ 'ਨਾਜ਼' ਆਖਦੇ ਹਨ। ਮਾਝੀ ਉਪਭਾਸ਼ਾ ਵਿਚ 'ਰਿਹਾ' ਸ਼ਬਦ ਨੂੰ 'ਡਿਹਾ' ਵਜੋਂ ਵਰਤਿਆ ਜਾਂਦਾ ਹੈ।

## ਮਲਵਈ

**ਮਲਵਈ :** ਮਲਵਈ ਮਾਲਵੇ ਇਲਾਕੇ ਵਿਚ ਬੋਲੀ ਜਾਣ ਵਾਲੀ ਉਪਭਾਸ਼ਾ ਹੈ। ਉੱਤਰ ਵਿਚ ਬਿਆਸ ਅਤੇ ਪੂਰਬੀ ਖੇਤਰ ਅਤੇ ਦੱਖਣ ਵਿਚ ਸਤਲੁਜ ਤੇ ਬਿਆਸ ਦੇ ਮਿਲਵੇਂ ਭੂਖੰਡ ਨੂੰ ਮਾਲਵਾ ਕਹਿੰਦੇ ਹਨ। ਇਸ ਵਿਚ ਜ਼ਿਲ੍ਹਾ ਲੁਧਿਆਣਾ, ਫਿਰੋਜ਼ਪੁਰ, ਬਠਿੰਡਾ, ਫਰੀਦਕੋਟ ਅਤੇ ਜ਼ਿਲ੍ਹਾ ਪਟਿਆਲਾ ਦਾ ਕੁਝ ਭਾਗ ਸ਼ਾਮਿਲ ਹੈ। ਮਾਝੀ ਸ਼ਬਦਾਂ ਦੇ ਵਿਚ ਆਉਣ ਵਾਲਾ /ਵ/ ਮਲਵਈ ਵਿਚ /ਬ/ ਬੋਲਿਆ ਜਾਂਦਾ ਹੈ। ਇਸ ਲਈ ਮਾਝੀ ਦੇ 'ਵਾਰ', 'ਵੱਖ', 'ਬੱਖ', 'ਵਹੁ', 'ਬੱਲ', 'ਬਲ ਗਿਆ', 'ਬੀਰ' ਆਦਿ ਰੂਪ ਹੋਣਗੇ। ਇੰਝ ਮਲਵਈ ਵਿਚ ਦੁਆਬੀ ਵਾਂਙ /ਬ/ ਦੀ ਵਰਤੋਂ /ਵ/ ਨਾਲੋਂ ਵੱਧ ਹੈ। ਮਾਝੀ ਅਤੇ ਮਲਵਈ ਵਿਚ ਨੀਵੀਂ ਸੁਰ ਇਕੋ ਜਿਹੀ ਵਰਤੀ ਜਾਂਦੀ ਹੈ, ਪਰ ਉੱਚੀ ਸੁਰ ਮਾਝੀ ਨਾਲੋਂ ਫ਼ਰਕ ਨਾਲ ਉਚਾਰੀ ਜਾਂਦੀ ਹੈ ਜਿਵੇਂ : ਚਾਹ, ਰਾਹ, ਸਾਹ ਦੇ ਉਚਾਰਨ ਵੇਲੇ ਮਾਝੀ ਵਿਚ ਅੰਤਿਮ 'ਹ' ਧੁਨੀ ਉਚਾਰੀ ਨਹੀਂ ਜਾਂਦੀ, ਪਰ ਮਲਵਈ ਉਪਭਾਸ਼ਾ ਵਿਚ 'ਹ' ਧੁਨੀ ਉਚਾਰੀ ਜਾਂਦੀ ਹੈ। ਮਲਵਈ ਵਿਚ ਸ਼ਬਦ ਜਿਵੇਂ : ਬਾਹਰ, ਕਾਹਲ, ਬੋਹੜ/ ਆਦਿ ਸ਼ਬਦਾਂ ਵਿਚ ਵੀ 'ਹ' ਪੂਰਾ ਉਚਾਰਿਆ ਜਾਂਦਾ ਹੈ। ਡਾ. ਪ੍ਰੇਮ ਪ੍ਰਕਾਸ਼ ਦਾ ਮੱਤ ਹੈ ਕਿ ਮਲਵਈ ਨੇ ਸੰਸਕ੍ਰਿਤ ਦੇ ਸ਼ਬਦਾਂ ਦੀ 'ਮ' ਧੁਨੀ ਨੂੰ ਕਾਫ਼ੀ ਸੰਭਾਲ ਰੱਖਿਆ ਹੈ ਜਿਸ ਦੀ ਥਾਂ ਕੇਂਦਰੀ ਪੰਜਾਬੀ ਵਿਚ 'ਵਾਵਾ' ਹੈ। 'ਦਸਮਾ' (ਸੰਸਕ੍ਰਿਤ ਦਸ਼ਮ-ਮਾਝੀ-ਦਸਵਾਂ) ਇਸੇ ਤਰ੍ਹਾਂ 'ਜਿਮੇਂ' (ਜਿਵੇਂ ਨੂੰ), 'ਕਿਮੇਂ' (ਕਿਵੇਂ ਨੂੰ) ਨੂੰ ਬੋਲਿਆ ਜਾਂਦਾ ਹੈ।

**ਸਮੀਕਰਨ ਦੀ ਰੁਚੀ :** ਮਲਵਈ ਵਿਚ ਸਮੀਕਰਨ ਦੀ ਰੁਚੀ ਕੇਂਦਰੀ ਨਾਲੋਂ ਬਹੁਤੀ ਹੈ ਜਿਵੇਂ : 'ਪੁੱਤ' (ਪੁੱਤਰ), 'ਸੂਤ' (ਸੂਤਰ), 'ਮੂਤ' (ਮੂਤਰ) ਆਦਿ। ਮਲਵਈ ਵਿਚ ਸ਼ਬਦਾਂ ਨੂੰ ਕੁਝ ਵਧੇਰੇ ਸੁੰਦਰਤਾ ਨਾਲ ਵਧਾਇਆ ਜਾਂਦਾ ਹੈ।

ਇਸ ਤੋਂ ਇਲਾਵਾ ਇਸ ਉਪਭਾਸ਼ਾ ਦੇ ਪੜਨਾਂਵ ਬਿਲਕੁਲ ਨਿੱਜੀ ਹਨ ਤੇ ਆਪਣੇ ਹਨ ਜਿਵੇਂ : 'ਆਵਦਾ' (ਆਪਣਾ), 'ਥੋਨੂੰ' (ਤੁਹਾਨੂੰ), 'ਥੋਡਾ' (ਤੁਹਾਡਾ) ਆਦਿ। ਇਸ ਉਪਭਾਸ਼ਾ ਵਿਚ ਨਾਸਕ ਧੁਨੀਆਂ ਦੀ ਆਮ ਵਰਤੋਂ ਕੀਤੀ ਜਾਂਦੀ ਹੈ ਭਾਵ ਦੂਜੀਆਂ ਉਪਭਾਸ਼ਾਵਾਂ ਨਾਲੋਂ ਮਲਵਈ ਉਪਭਾਸ਼ਾ ਵਿਚ ਨਾਸਕ ਧੁਨੀਆਂ ਦੀ ਵਧੇਰੇ ਵਰਤੋਂ ਹੁੰਦੀ ਹੈ। ਜਿਵੇਂ:

| | | |
|---|---|---|
| ਚਾਹੀਦਾ | = | ਚਾਹੀਂਦਾ |
| ਤਾਸ਼ | = | ਤਾਂਸ਼ |
| ਪੂਛ | = | ਪੂੰਛ |

ਇਸ ਪ੍ਰਕਾਰ ਮਲਵਈ ਉਪਭਾਸ਼ਾ ਵਿਚ ਮਾਝੀ ਦੇ ਮੁਕਾਬਲੇ ਬਹੁਤ ਥੋੜ੍ਹਾ ਅੰਤਰ ਹੈ। ਇਸ ਉਪਭਾਸ਼ਾ ਵਿਚ ਵੀ ਬਹੁਤ ਸਾਹਿਤ ਲਿਖਿਆ ਗਿਆ ਹੈ ਅਤੇ ਅੱਜ ਵੀ ਲਿਖਿਆ ਜਾ ਰਿਹਾ ਹੈ। ਇਹ ਉਪਭਾਸ਼ਾ ਪੰਜਾਬੀ ਟਕਸਾਲੀ ਦੀ ਜਗ੍ਹਾ ਲੈਂਦੀ ਨਜ਼ਰ ਆ ਰਹੀ ਹੈ।

## ਦੁਆਬੀ

**ਦੁਆਬੀ** : ਦੋ ਦਰਿਆਵਾਂ ਵਿਚਕਾਰਲੀ ਧਰਤੀ ਨੂੰ ਦੁਆਬਾ ਕਿਹਾ ਜਾਂਦਾ ਹੈ। ਪੰਜਾਬ ਵਿਚ ਸਤਲੁਜ ਅਤੇ ਬਿਆਸ ਵਿਚਕਾਰਲੇ ਇਲਾਕੇ ਨੂੰ ਦੁਆਬਾ ਆਖਦੇ ਹਨ। ਇਸ ਇਲਾਕੇ ਵਿਚ ਹੁਸ਼ਿਆਰਪੁਰ, ਜਲੰਧਰ ਅਤੇ ਕਪੂਰਥਲਾ ਦੇ ਜ਼ਿਲ੍ਹੇ ਸ਼ਾਮਿਲ ਹਨ। ਇਸ ਦੇ ਇਕ ਪਾਸੇ ਮਲਵਈ ਅਤੇ ਦੂਸਰੇ ਪਾਸੇ ਪੁਆਧੀ ਬੋਲਦੇ ਇਲਾਕੇ ਹਨ।

ਦੁਆਬੀ ਉਪਭਾਸ਼ਾ ਵਿਚ ਮਾਝੀ ਵਾਂਗ ਅੰਤਿਮ ਵਿਚ /ਓ/ ਨਹੀਂ ਉਚਾਰੀ ਜਾਂਦੀ। ਅਰਥਾਤ ਮਾਝੀ ਦਾ ਘਿਓ, ਦਿਓ, ਪਿਓ ਆਦਿ ਵਿਚ /ਓ/ ਉਚਾਰਨ /ਏ/ ਵਿਚ ਬਦਲ ਜਾਂਦਾ ਹੈ ਅਤੇ ਇਹ ਸ਼ਬਦ ਕ੍ਰਮਵਾਰ ਘੇ, ਦੇ, ਪੇ ਆਦਿ ਬੋਲੇ ਜਾਂਦੇ ਹਨ। ਇਸ ਤੋਂ ਇਲਾਵਾ ਕਈ ਥਾਂਵਾਂ ਉੱਤੇ ਸ਼ਬਦਾਂ ਦੀ ਧੁਨੀ ਦਬਾਅ ਨਾਲ ਉਚਾਰੀ ਜਾਂਦੀ ਹੈ ਜਿਵੇਂ: ਪੱਤਾ, ਨੱਗਰ ਆਦਿ, ਪਰੰਤੂ ਮਾਝੀ ਵਿਚ ਇਹ ਸ਼ਬਦ ਕ੍ਰਮਵਾਰ ਪਤਾ, ਨਗਰ ਆਦਿ ਉਚਾਰੇ ਜਾਂਦੇ ਹਨ।

ਇਸ ਉਪਭਾਸ਼ਾ ਦੇ ਕੁਝ ਨਿੱਜੀ ਪੜਨਾਂਵ ਹਨ ਜਿਵੇਂ : ਥੁਆਢਾ (ਤੁਹਾਡਾ ਲਈ), ਥੁਆਨੂੰ (ਤੁਹਾਨੂੰ ਲਈ) ਆਦਿ। ਜਦੋਂ ਕਿ ਮਾਝੀ ਵਿਚ 'ਧੁਆਡਾ' ਅਤੇ ਮਲਵਈ ਵਿਚ 'ਥੋਡਾ' ਬੋਲਿਆ ਜਾਂਦਾ ਹੈ। ਮਲਵਈ ਵਾਂਗ, ਦੁਆਬੀ ਵਾਲੀ ਰੁਚੀ ਕਿਰਿਆਵਾਂ ਵਿਚ ਵਿਦਮਾਨ ਹੈ। ਇਸ ਉਪਭਾਸ਼ਾ ਵਿਚ ਕੇਂਦਰੀ ਭਾਸ਼ਾ 'ਜਾਮਾਗੇ' ਬੋਲਿਆ ਜਾਂਦਾ ਹੈ। ਦੁਆਬੀ ਵਿਚ ਸਹਾਇਕ ਕਿਰਿਆ 'ਸੀ' ਦੀ ਥਾਂ 'ਸੀਗਾ', 'ਸੀਗੀਆਂ', 'ਸੀਗੇ' ਉਚਾਰੇ ਜਾਂਦੇ ਹਨ। ਇਸ ਤੋਂ ਇਲਾਵਾ ਇਸ ਉਪਭਾਸ਼ਾ ਵਿਚ ਨਾਵਾਂ ਦੀ ਵਰਤੋਂ ਕਰਦੇ ਸਮੇਂ 'ਵਿਚ' ਸ਼ਬਦ ਦਾ 'ਚ' ਅਤੇ ਵਿਚੋਂ ਦਾ ਸੰਯੁਕਤ ਰੂਪ 'ਚ ਵਧੇਰੇ ਵਰਤਿਆ ਜਾਂਦਾ ਹੈ।

## ਪੁਆਧੀ

**ਪੁਆਧੀ :** ਡਾ. ਆਤਮ ਸਿੰਘ ਦੇ ਸ਼ਬਦਾਂ ਵਿਚ 'ਪੁਆਧ' ਦਾ ਭਾਵ 'ਪੂਰਬ ਦਾ ਅੱਧ ਹੈ ਅਤੇ ਪੁਆਧੀ ਪੰਜਾਬੀ ਦੀ ਉਹ ਉਪਭਾਸ਼ਾ ਹੈ ਜਿਹੜੀ ਪੂਰਬੀ ਪੰਜਾਬ ਅਤੇ ਉਸ ਦੇ ਖੇਤਰ ਵਿਚ ਬੋਲੀ ਜਾਂਦੀ ਹੈ ਜਿਸ ਨੂੰ ਪੁਆਧ ਕਿਹਾ ਜਾਂਦਾ ਹੈ। ਪੁਆਧ ਦਾ ਭੂ-ਖੰਡ ਦਰਿਆ ਸਤਲੁਜ ਨਾਲ ਲੱਗਦੇ ਜ਼ਿਲ੍ਹਾ ਲੁਧਿਆਣਾ ਦੇ ਖੇਤਰ ਤੋਂ ਪੂਰਬ ਵਿਚ ਦਰਿਆ ਘੱਗਰ ਤਕ ਫੈਲਿਆ ਹੋਇਆ ਹੈ। ਦੱਖਣ ਵਿਚ ਇਹ ਪਟਿਆਲਾ, ਨਾਭਾ ਅਤੇ ਜੀਂਦ ਦੀਆਂ ਪੁਰਾਣੀਆਂ ਰਿਆਸਤਾਂ ਦੇ ਉਨ੍ਹਾਂ ਭਾਗਾਂ ਤਕ ਫੈਲਿਆ ਹੋਇਆ ਹੈ ਜਿਹੜੇ 76 ਡਿਗਰੀ ਪੂਰਬੀ ਰੇਖਾਂਸ਼ ਤੀਕ ਹਨ। ਇਸ ਵਿਚ ਹਿਸਾਰ ਜ਼ਿਲ੍ਹੇ ਦੇ ਕੁਝ ਕੁ ਬਾਹਰਲੇ ਭਾਗ ਵੀ ਸ਼ਾਮਿਲ ਹਨ। ਪੁਆਧੀ ਉਪਭਾਸ਼ਾ ਮਲਵਈ ਨਾਲ ਮੇਲ ਖਾਂਦੀ ਹੈ।

ਸਿਰਫ਼ ਇਸ ਵਿਚ ਪੱਛਮੀ ਬਾਂਗਰੂ ਬੋਲੀ ਦਾ ਰਲਾ ਹੈ ਪਰ ਇਹ ਵਖਰੇਵਾਂ ਸ਼ਬਦਾਵਲੀ ਤਕ ਹੀ ਸੀਮਤ ਹੈ। ਪੁਆਧੀ ਉਪਭਾਸ਼ਾ ਵਿਚ ਵਰਤੇ ਜਾਂਦੇ ਕਿਰਿਆ ਰੂਪਾਂ ਵਿਚ ਇਹ ਅੰਤਰ ਦੇਖਿਆ ਜਾ ਸਕਦਾ ਹੈ। ਜਿਵੇਂ :

ਖਾਂਦਾ ਹਾਂ ਨੂੰ ਖਾਂਹਾਂ
ਜਾਂਦਾ ਹਾਂ ਨੂੰ ਜਾਂਹਾਂ
ਦਿੱਤਾ ਨੂੰ ਦੀਆ
ਪੀਤਾ ਨੂੰ ਪੀਆ

ਕਈ ਪੜਨਾਵਾਂ ਦੇ ਰੂਪ ਵਿਚ ਵੀ ਫ਼ਰਕ ਹੈ। ਜਿਵੇਂ 'ਅਸੀਂ' ਅਤੇ 'ਤੁਸੀਂ' ਦੀ ਥਾਂ 'ਹਮੇਂ', 'ਤੁਮੇਂ' ਕਿਹਾ ਜਾਂਦਾ ਹੈ। 'ਸਾਨੂੰ' ਅਤੇ 'ਤੁਹਾਨੂੰ' ਦੀ ਥਾਂ 'ਹਮਾਨੂੰ' ਅਤੇ 'ਤੁਮ੍ਹਾਨੂੰ' ਕਿਹਾ ਜਾਂਦਾ ਹੈ। 'ਨਾਲ-ਨਾਲ' ਦੀ ਥਾਂ 'ਗੈਲ-ਗੈਲ'। ਧੁਨੀ ਵਿਗਿਆਨ ਦੀ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਲਗਦਾ ਹੈ ਕਿ ਪੁਆਧੀ ਦੇ ਕਈ ਸ਼ਬਦ ਅਨੁਨਾਸਿਕ ਧੁਨੀ ਨਾਲ ਬੋਲੇ ਜਾਂਦੇ ਹਨ। ਜਿਵੇਂ : 'ਸਾਂਸ' (ਸਾਹ ਲਈ), 'ਜਵਾਈ' ਜਾਂ 'ਜਮਾਈ' (ਜਵਾਈ ਲਈ), 'ਅੰਸੂ' (ਅੱਸੂ ਲਈ), 'ਫੰਗਣ' (ਫੱਗਣ ਲਈ) ਆਦਿ।

ਇਸ ਉਪਭਾਸ਼ਾ ਵਿਚ ਸ੍ਵਰ ਲੋਪ ਅਤੇ ਸ੍ਵਰ ਆਗਮ ਦੀ ਪ੍ਰਵਿਰਤੀ ਵੀ ਹੈ ਜਿਵੇਂ: 'ਅੰਗੂਠਾ' ਸ਼ਬਦ ਨੂੰ 'ਗੂੰਠਾ' ਬੋਲਿਆ ਜਾਂਦਾ ਹੈ। ਕਈ ਸ਼ਬਦਾਂ ਨੂੰ ਬੋਲਣ ਲੱਗਿਆਂ ਵਿਅੰਜਨ ਲੋਪ ਅਤੇ ਵਿਅੰਜਨ ਆਗਮ ਦੀ ਰੁਚੀ ਵੀ ਵੇਖਣ ਨੂੰ ਮਿਲਦੀ ਹੈ। ਉਦਾਹਰਣ ਵਜੋਂ ਡਾ. ਗੁਪਤਾ ਨੇ ਕੁਝ ਸ਼ਬਦ ਦਿੱਤੇ ਹਨ : 'ਆਂਦਾ' (ਮਾਝੀ- ਆਂਦਰਾਂ), 'ਹੱਡ' (ਮਾਝੀ- ਹੱਡੀ), 'ਪੈਣੀ' (ਮਾਝੀ- ਪੁਰਾਣੀ) ਆਦਿ। ਪੁਆਧੀ ਉਪਭਾਸ਼ਾ ਵਿਚ ਕਈ ਵਾਰ ਆਰੰਭਿਕ ਸ੍ਵਰ ਦੂਹਰੇ ਹੋ ਜਾਂਦੇ ਹਨ ਜਿਵੇਂ : 'ਇਹਦੇ' ਨੂੰ 'ਈਹਦੇ' ਅਤੇ 'ਉਹਦੇ' ਨੂੰ 'ਊਹਦੇ' ਆਖਿਆ ਜਾਂਦਾ ਹੈ। /ਵ/ ਤੋਂ /ਬ/ ਅਤੇ /ਸ/ ਬਦਲਣ ਦੀ ਪ੍ਰਵਿਰਤੀ ਵੀ ਵੇਖਣ ਨੂੰ ਮਿਲਦੀ ਹੈ। ਜਿਵੇਂ : 'ਵਿਚ' ਨੂੰ 'ਬਿਚ', 'ਵੱਖੀ' ਨੂੰ 'ਬੱਖੀ' ਬੋਲਿਆ ਜਾਂਦਾ ਹੈ।

# ਪੰਜਾਬੀ ਅਤੇ ਹੋਰ ਭਾਸ਼ਾਵਾਂ : ਸੰਸਕ੍ਰਿਤ

ਸੰਸਕ੍ਰਿਤ ਦਾ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਨਾਲ ਉਹੋ ਰਿਸ਼ਤਾ ਹੈ ਜਿਹੜਾ ਜਣਨੀ-ਤੇ-ਜਾਈ ਨਾਲ ਹੋ ਸਕਦਾ ਹੈ। ਇਹ ਜਨਨੀ-ਤੇ-ਜਾਈ ਵਾਲਾ ਰਿਸ਼ਤਾ ਸੰਸਕ੍ਰਿਤ ਤੇ ਪੰਜਾਬੀ ਵਿਚ ਅੱਜ ਵੀ ਕਈਆਂ ਸਦੀਆਂ ਦੀ ਵਿੱਥ ਪਿਛੋਂ ਵੀ ਬਾਖ਼ੂਬੀ ਝਲਕਦਾ ਹੈ। ਡਾ. ਪੀ. ਡੀ. ਗੁਣੇ ਨੇ ਪੰਜਾਬੀ ਭਾਸ਼ਾ ਨੂੰ ਬੜੀ ਵਫ਼ਾਦਾਰ ਭਾਸ਼ਾ ਕਿਹਾ ਹੈ ਜਿਸਨੇ ਆਪਣੀ ਮਾਤ-ਭਾਸ਼ਾ ਸੰਸਕ੍ਰਿਤ ਦੇ ਬਹੁਤ ਸਾਰੇ ਸ਼ਬਦਾਂ ਨੂੰ ਸੰਭਾਲ ਕੇ ਰੱਖੇ ਹੋਏ ਹਨ। ਪੰਜਾਬੀ ਦੀ ਹੋਂਦ ਤੇ ਹਸਤੀ ਦੀ ਪ੍ਰਫੁੱਲਤਾ ਆਧੁਨਿਕ ਭਾਰਤੀ ਆਰੀਆ ਭਾਸ਼ਾ ਕਾਲ ਦੇ ਦੌਰਾਨ ਹੀ ਪਛਾਣੀ ਜਾਂਦੀ ਹੈ ਜੋ ਕਿ ਲਗਭਗ 1000 ਈ. ਤੋਂ ਸ਼ੁਰੂ ਹੁੰਦੀ ਹੈ ਪਰੰਤੂ ਪੰਜਾਬੀ ਦੀਆਂ ਜੜ੍ਹਾਂ ਤਾਂ ਵੈਦਿਕ ਭਾਸ਼ਾ, ਲੌਕਿਕ ਸੰਸਕ੍ਰਿਤ, ਪਾਲੀ ਭਾਸ਼ਾ, ਪ੍ਰਾਕ੍ਰਿਤ ਭਾਸ਼ਾਵਾਂ ਅਤੇ ਅਪਭ੍ਰੰਸ਼ਾਂ ਦੇ ਵਿਭਿੰਨ ਰਚਨਾਤਮਕ ਅੰਗਾਂ/ਅੰਸ਼ਾਂ ਵਿਚ ਮੌਜੂਦ ਹਨ। ਇਸ ਲਈ ਪੰਜਾਬੀ ਦੇ ਸੰਸਕ੍ਰਿਤ ਨਾਲ ਸੰਬੰਧਾਂ ਬਾਰੇ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ।

## ਧੁਨੀ ਵਿਗਿਆਨ/ਧੁਨੀ ਵਿਉਂਤ

ਵੈਦਿਕ ਸੰਸਕ੍ਰਿਤ ਵਿਚ ਕੁਲ 52 ਧੁਨੀਆਂ ਹਨ ਜਿੰਨ੍ਹਾਂ ਵਿਚ ਖੰਡੀ ਅਤੇ ਅਖੰਡੀ ਦੋ ਸ਼ਰੇਣੀਆਂ ਹਨ। ਖੰਡੀ ਸ਼੍ਰੇਣੀ ਵਿਚ 13 ਸਵਰ ਅਤੇ ਉਨਤਾਲੀ (39) ਵਿਅੰਜਨ-ਧੁਨੀਆਂ ਹਨ ਅਤੇ ਅਖੰਡੀ ਧੁਨੀਆਂ ਵਿਚ ਸ੍ਵਰਾਘਾਤ ਅਘੋਸ਼ੀ ਸੰਘਰਸ਼ੀ (ਵਿਸਰਗ, ਜਿਹਵਾਮੂਲੀਯ, ਉਪਧਮਾਨੀਯ ਅਤੇ ਅਨੁਸਵਾਰ), ਵੈਦਿਕ ਭਾਸ਼ਾ ਵਿਚ ਮਿਲਦੇ ਹਨ। ਇਸੇ ਵੈਦਿਕ ਧੁਨੀ-ਸਮੂਹ ਦਾ ਕਲਾਸੀਕਲ ਸੰਸਕ੍ਰਿਤ ਦੇ ਧੁਨੀ-ਸਮੂਹ ਵਿਚ ਰੂਪਾਂਤਰ ਹੋਇਆ ਹੈ। ਵੈਦਿਕ ਸਵਰਾਂ ਵਿਚੋਂ /ਰੀ, ਲਿ/ ਅਤੇ ਅਨੁਸਵਾਰ ਦਾ ਕਲਾਸੀਕਲ ਸੰਸਕ੍ਰਿਤ ਦੇ ਯੁਗ ਤੋਂ ਪਹਿਲਾਂ ਇਕ ਵਿਲੱਖਣ ਉਚਾਰ ਹੁੰਦਾ ਸੀ ਜਿਸ ਦੇ (ਬਕਾਇਆ) ਅਵਸ਼ੇਸ਼ ਅਜੋਕੀ ਪੰਜਾਬੀ ਵਿਚ ਉਪਲਬਧ ਹੁੰਦੇ ਹਨ, ਅਜਿਹੀਆਂ ਉੱਚਾਰਨਗਤ ਵਿਸ਼ੇਸ਼ਤਾਵਾਂ ਲੌਕਿਕ ਸੰਸਕ੍ਰਿਤ ਵਿਚ ਨਹੀਂ ਮਿਲਦੀਆਂ। ਪੰਜਾਬੀ ਵਿਚ ਵੈਦਿਕ ਭਾਸ਼ਾ ਵਾਂਗ /ਯ/ ਦਾ /ਜ/ ਉਚਾਰਨ ਬਹੁਤ ਜ਼ਿਆਦਾ ਹੈ। ਮੱਧਕਾਲੀ ਪੰਜਾਬੀ ਵਿਚ ਜ-ਪ੍ਰਵਿਰਤੀ ਸੌ ਫੀਸਦੀ ਮਿਲਦੀ ਹੈ। ਪ੍ਰਾਕ੍ਰਿਤ ਭਾਸ਼ਾਵਾਂ ਵਿਚ 'ਯ' ਦਾ 'ਜ' ਉਚਾਰਣ ਉਪਲੱਬਧ ਹੈ।

(2) ਦੂਜੀ ਉਚਾਰਣ ਪ੍ਰਵਿਰਤੀ ਵੈਦਿਕ ਭਾਸ਼ਾ ਵਿਚ ਮੂਰਧਨੀ (ਸ਼) ਧੁਨੀ ਨੂੰ /ਖ/ ਵਿਚ ਉਚਾਰਨ ਦੀ ਹੈ। ਰਿਗਵੇਦ ਦਾ ਮੰਤਰ ਹੈ : (ਸਹਸ੍ਰ ਸ਼ੀਰਸ਼ਾ : ਪੁਰਸ਼) ਦਾ ਉੱਚਾਰਣ ਵੈਦਿਕ ਯੁੱਗ ਵਿਚ (ਸਹਸ੍ਰ ਸ਼ੀਰਖਾ : ਪੁਰਖ) ਕੀਤਾ ਜਾਂਦਾ ਸੀ।

/ਲ/ਲ਼ਹ/ :

ਵੈਦਿਕ ਭਾਸ਼ਾ ਵਿਚ /ਲ਼, ਲ਼ਹ/ ਪਾਰਸ਼ਵਿਕ ਧੁਨੀਆਂ ਦੀ ਵਰਤੋਂ ਹੁੰਦੀ ਸੀ ਪਰ ਇਹ ਧੁਨੀਆਂ ਲੌਕਿਕ ਸੰਸਕ੍ਰਿਤ ਵਿਚ ਨਹੀਂ ਹਨ। ਲੇਕਿਨ ਇਸ ਦੇ ਉਲਟ ਪੰਜਾਬੀ ਭਾਸ਼ਾ ਵਿਚ ਉਪਰੋਕਤ ਵੈਦਿਕ ਧੁਨੀਆਂ ਦਾ ਅਸਤਿੱਤਵ ਕਾਇਮ ਹੈ। ਪੰਜਾਬੀ ਵਿਚ /ਲ਼/ ਧੁਨੀ ਪ੍ਰਚਲਿਤ ਹੈ ਅਤੇ ਇਹ ਫੋਨੈਮਿਕ ਹੈ ਅਤੇ ਲ਼/ਲ ਦੇ ਵਿਰੋਧੀ ਜੋੜੇ ਦੋਹਾਂ ਦੀ ਵੱਖਰੀ ਨਿਊਨਤਮ ਸਥਿਤੀ ਨੂੰ ਜ਼ਾਹਰ ਕਰਦੇ ਹਨ ਜਿਵੇਂ :

ਲਘੂਤਮ ਜੋੜੇ ਗੋਲੀ (ਦਾਸੀ) ਅਤੇ ਗੋਲ਼ੀ (ਬੰਦੂਕ ਦੀ ਗੋਲੀ)

ਬੋਲੀ (ਬੋਲਣਾ) ਅਤੇ ਬੋਲ਼ੀ (ਬਹਿਰਾ)

ਦੂਜੀ ਵੈਦਿਕ ਧੁਨੀ /ਲ਼ਹ/ਦਾ ਪੰਜਾਬੀ ਵਿਚ /ੜ/ ਵਿਚ ਪਰਿਵਰਤਨ ਹੋਇਆ ਹੈ।

**1. /ਯ/ ਰ/ ਲ/ ਵ :** ਵੈਦਿਕ /ਲੌਕਿਕ ਸੰਸਕ੍ਰਿਤ ਵਿਚ /ਯ, ਰ, ਲ, ਵ/ ਅਰਧ ਸਵਰ ਸਨ ਪਰੰਤੂ ਪੰਜਾਬੀ ਵਿਚ ਇੰਨ੍ਹਾਂ ਚਾਰਾਂ ਵਿਚੋਂ /ਯ, ਵ/ ਦੇ ਹੀ ਅਰਧ ਸਵਰ ਹਨ ਅਤੇ ਰ, ਲ/ ਅਰਧ ਸਵਰ ਨਹੀਂ ਰਹੇ, ਇਹ ਵਿਅੰਜਨਾਂ ਵਾਂਗ ਹੀ ਪੰਜਾਬੀ ਵਿਚ ਵਿਚਰਦੇ ਹਨ ਕਿਉਂਕਿ /ਯ, ਵ/ ਦੇ ਸਵਰੀਕ੍ਰਿਤ /ਇ, ੳ/ ਪ੍ਰਾਪਤ ਹਨ ਪਰ /ਰ, ਲ/ ਦੇ ਸਵਰੀਕ੍ਰਿਤ ਯੂਨਿਟ ਪੰਜਾਬੀ ਵਿਚੋਂ ਲੋਪ ਹੋ ਗਏ।

**2. ਅਨੁਨਾਸਿਕ :** ਵੈਦਿਕ ਵਿਚ /ਣ, ਨ, ਮ/ ਨਾਸਿਕੀ ਫੋਨੀਮ ਹਨ ਅਤੇ /ਙ, ਞ/ ਅਸਲ ਵਿਚ /ਨ/ ਦੇ ਉਪ- ਧੁਨੀਮ ਹਨ। ਇਹੋ ਸਥਿਤੀ ਹੁਣ ਅਜੋਕੀ ਪੰਜਾਬੀ ਜ਼ੁਬਾਨ ਵਿਚ ਵੀ ਉਪਲੱਬਧ ਹੁੰਦੀ ਹੈ।

**1. ਵੈਦਿਕ ਸ੍ਵਰਾਘਾਤ:** ਵੈਦਿਕ ਸੰਸਕ੍ਰਿਤ ਦੀ ਉੱਘੀ ਵਿਸ਼ੇਸ਼ਤਾ ਉਸ ਦਾ ਸ੍ਵਰਾਘਾਤ ਸਿਸਟਮ ਹੈ। ਸ੍ਵਰਾਘਾਤ ਇਕ ਤਰ੍ਹਾਂ ਦਾ ਟੋਨ ਸਿਸਟਮ ਹੈ ਜਿਹੜਾ ਕਿ ਟੋਨਲ ਭਾਸ਼ਾਵਾਂ ਵਿਚ ਮਿਲਦਾ ਹੈ। ਵੈਦਿਕ ਉੱਚਾਰਣ-ਵਿਗਿਆਨ ਵਿਚ ਇਹ ਸ੍ਵਰਾਘਾਤ ਅਰਥ-ਭੇਦਕ, ਨਿਖੇੜੂ, ਨਿਊਨਤਮ ਤੇ ਫੋਨੈਮਿਕ ਸੀ।

ਵੈਦਿਕ ਭਾਸ਼ਾ ਦੇ ਸਮਾਨਾਂਤਰ ਪੰਜਾਬੀ ਵੀ ਇਕ ਸੁਰਾਤਮਕ ਭਾਸ਼ਾ ਹੈ। ਅਸਲ ਵਿਚ ਸੁਰ ਹੀ ਪੰਜਾਬੀ ਭਾਸ਼ਾ ਦਾ ਪਛਾਣ-ਚਿੰਨ੍ਹ ਹੈ ਇਸ ਲਈ ਪੰਜਾਬੀ ਦੇ ਸੰਬੰਧ ਵਿਚ 'ਸੁਰ' ਦਾ ਅਤੀ ਮਹੱਤਵ ਹੈ। ਹੁਣ ਤੱਕ ਪੰਜਾਬੀ ਵਿਚ ਤਿੰਨ ਕਿਸਮ ਦੀਆਂ ਸੁਰਾਂ ਦੀ ਪਛਾਣ ਹੋਈ ਹੈ, ਇਹ ਹਨ :

ਉੱਚੀ ਸੁਰ : ਚਾਹ -ਚ ਆ

ਮਝਲੀ ਸੁਰ : ਚਾ

ਨੀਵੀਂ ਸੁਰ : ਘਰ -ਕ ਅਰ

**ਪੰਜਾਬੀ ਤੇ ਸੰਸਕ੍ਰਿਤ ਦੀ ਪਿਛੇਤਰਾਤਮਕ ਸਾਂਝ :** ਵੇਦਾਂ ਵਿਚ ਭਾਵ ਅਰਥ ਨੂੰ ਪ੍ਰਗਟ ਕਰਨ ਲਈ ਨਾਵਾਂ ਤੇ ਵਿਸ਼ੇਸ਼ਣਾਂ ਦੇ ਅੰਤ 'ਤੇ 'ਤ੍ਵਨ' ਅੰਤਕ-ਪਿਛੇਤਰ ਵਰਤਿਆ ਜਾਂਦਾ ਹੈ। ਜਿਵੇਂ ਵੈਦਿਕ ਸਾਹਿਤ ਵਿਚ ਮਿਸਾਲਾਂ ਹਨ ਕਵਿਤ੍ਵਨ (ਕਵੀਪੁਣਾ), ਪਤਿਤ੍ਵਨ (ਪਤੀਪੁਣਾ), ਮਹਿਤ੍ਵਨ (ਵੱਡਾਪਨ) ਆਦਿ। ਠੀਕ ਇਸੇ ਤਰ੍ਹਾਂ

ਪੰਜਾਬੀ ਵਿਚ ਵੀ ਭਾਵ-ਸੂਚਕ ਪਿਛੇਤਰ/-ਤਣ ਉਪਲਬਧ ਹੁੰਦਾ ਹੈ ਜਿਵੇਂ ਪੰਜਾਬੀ ਮਿਸਾਲਾਂ ਹਨ ਕੁੜੱਤਣ, ਨੀਲੱਤਣ, ਪੀਲੱਤਣ, ਕਲਿੱਤਣ।

**ਸਮਾਸੀਕਰਣ :** ਸ਼ਬਦ ਰਚਨਾ ਕਰਨ ਲਈ ਇਕ ਹੋਰ ਜੁਗਤ 'ਸਮਾਸੀਕਰਣ' ਹੈ। ਦੋ-ਤਿੰਨ ਸ਼ਬਦਾਂ ਦਾ ਸੰਯੋਜਨ ਦਾ ਮੇਲ ਕਰਕੇ ਨਵੀਨ ਸ਼ਬਦਾਂ ਦੀ ਰਚਨਾ ਕੀਤੀ ਜਾ ਸਕਦੀ ਹੈ। ਪੰਜਾਬੀ ਵਿਚ ਵੀ ਸਮੀਕਰਣ ਦੀ ਵਿਧੀ ਵੀ ਉਪਲਬਧ ਹੈ।

**ਨਾਂਵੀ ਵਿਭਕਤੀ ਸਿਸਟਮ ਕਾਰਕ :** ਸੰਸਕ੍ਰਿਤ ਵਿਚ ਅੱਠ ਤਰ੍ਹਾਂ ਦੀਆਂ ਕਾਰਕ-ਵਿਭਕਤੀਆਂ ਹਨ ਜੋ ਵਿਰੋਧ ਸਥਾਪਿਤ ਕਰਦੀਆਂ ਹਨ। ਸੰਸਕ੍ਰਿਤ ਵਿਚ ਜਿਹੜਾ ਕੰਮ ਵਿਭਕਤੀਆ ਕਰਦੀਆਂ ਹਨ ਉਹੋ ਕੰਮ ਪੰਜਾਬੀ ਵਿਚ ਵੱਖ-ਵੱਖ ਸੰਬੰਧਕ ਕਰਦੇ ਹਨ।

## ਫ਼ਾਰਸੀ

**ਫ਼ਾਰਸੀ :** ਫ਼ਾਰਸੀ ਭਾਸ਼ਾ ਨੂੰ ਆਮ ਕਰਕੇ ਮਿੱਠੀ ਜ਼ੁਬਾਨ ਵੀ ਆਖਿਆ ਜਾਂਦਾ ਹੈ। ਪੰਜਾਬੀ ਭਾਸ਼ਾ ਇਕ ਅਜਿਹੀ ਭਾਸ਼ਾ ਹੈ ਜਿਸਨੇ ਬਹੁਤ ਜ਼ਿਆਦਾ ਸਫ਼ਰ ਤਹਿ ਕੀਤਾ ਹੈ ਇਸਨੂੰ ਸਮੇਂ ਸਮੇਂ ਤੇ ਦਬਾਇਆ ਗਿਆ ਪਰੰਤੂ ਇਹ ਇਕ ਅਜਿਹੀ ਭਾਸ਼ਾ ਹੈ ਕਿ ਜੋ ਪੁਰਾਤਨ ਸਮੇਂ ਸਰਕਾਰੀ ਭਾਸ਼ਾ ਦਾ ਰੁਤਬਾ ਨਾ ਹੁੰਦਿਆਂ ਹੋਇਆਂ ਵੀ ਆਪਣੇ ਆਪ ਵਿਚ ਵਧਦੀ ਅਤੇ ਪ੍ਰਫੁੱਲਤ ਹੁੰਦੀ ਰਹੀ। ਪਰੰਤੂ ਇਸਦੇ ਵਿਕਾਸ ਪਿੱਛੇ ਇਕ ਕਾਰਨ ਸਪਸ਼ਟ ਰੂਪ ਵਿਚ ਪਿਆ ਹੈ ਕਿ ਇਹ ਭਾਸ਼ਾ ਹਰੇਕ ਭਾਸ਼ਾ ਦੇ ਸ਼ਬਦ ਆਪਣੇ ਵਿਚ ਸਮਾਉਣਾ ਜਾਣਦੀ ਹੈ ਇਸ ਕਰਕੇ ਇਸ ਤੇ ਫ਼ਾਰਸੀ ਭਾਸ਼ਾ ਦਾ ਪ੍ਰਭਾਵ ਵੀ ਪ੍ਰਤੱਖ ਰੂਪ ਵਿਚ ਪਿਆ। ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈ ਕੇ ਅਜੋਕੇ ਸਮੇਂ ਵਿਚ ਵੀ ਜੇਕਰ ਨਜ਼ਰ ਮਾਰੀ ਜਾਵੇ ਤਾਂ ਆਧੁਨਿਕ ਯੁੱਗ ਵਿਚ ਵੀ ਫ਼ਾਰਸੀ ਭਾਸ਼ਾ ਵਿਚੋਂ ਬਹੁਤੇ ਸ਼ਬਦ ਤਤਸਮ ਅਤੇ ਤਦਭਵ ਰੂਪ ਵਿਚ ਸਾਡੇ ਸਾਹਮਣੇ ਆਏ ਹਨ। ਪੰਜਾਬੀ ਭਾਸ਼ਾ ਉੱਤੇ ਫ਼ਾਰਸੀ ਭਾਸ਼ਾ ਦੇ ਇਸ ਪ੍ਰਭਾਵ ਬਾਰੇ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਲਾਜ਼ਮੀ ਹੈ :

1. ਫ਼ਾਰਸੀ ਭਾਸ਼ਾ ਰਾਜ ਭਾਸ਼ਾ ਰਹੀ ਹੈ। ਮੁਗਲ ਸਰਕਾਰ ਦੇ ਸਮੇਂ ਇਸ ਭਾਸ਼ਾ ਵਿਚ ਬਹੁਤ ਜ਼ਿਆਦਾ ਸਾਹਿਤ ਰਚਿਆ ਅਤੇ ਪੜ੍ਹਿਆ ਗਿਆ ਇਸ ਕਰਕੇ ਇਸ ਦਾ ਇਥੋਂ ਦੀ ਖੇਤਰੀ ਭਾਸ਼ਾਵਾਂ 'ਤੇ ਅਸਰ ਪੈਣਾ ਲਾਜ਼ਮੀ ਸੀ। ਇਸ ਕਰਕੇ ਪੰਜਾਬੀ ਨੇ ਇਸ ਭਾਸ਼ਾ ਦਾ ਅਸਰ ਕਬੂਲਿਆ।
2. ਰਾਜ ਭਾਸ਼ਾ ਫ਼ਾਰਸੀ ਹੋਣ ਕਰਕੇ ਇਹ ਭਾਸ਼ਾ ਸਕੂਲਾਂ ਅਤੇ ਹੋਰ ਮਦਰੱਸਿਆਂ ਵਿਚ ਆਮ ਪੜ੍ਹਾਈ ਜਾਂਦੀ ਸੀ। ਇਸ ਕਰਕੇ ਇਸਦਾ ਪ੍ਰਭਾਵ ਪੰਜਾਬੀ 'ਤੇ ਪਿਆ।
3. ਫ਼ਾਰਸੀ ਭਾਸ਼ਾ ਰਾਜ ਭਾਸ਼ਾ ਹੋਣ ਦੇ ਨਾਲ-ਨਾਲ ਮਿੱਠੀ ਭਾਸ਼ਾ ਵੀ ਮੰਨੀ ਜਾਂਦੀ ਸੀ ਇਸ ਕਰਕੇ ਹਰੇਕ ਵਿਦਵਾਨ ਆਪਣੇ ਵਿਚਾਰ ਇਸ ਭਾਸ਼ਾ ਵਿਚ ਦੇਣਾ

ਆਪਣੀ ਵਿਦਵਤਾ ਸਮਝਦਾ ਸੀ ਇਸ ਕਰਕੇ ਪੰਜਾਬੀ ਵਿਦਵਾਨਾਂ ਨੇ ਵੀ ਇਸ ਭਾਸ਼ਾ ਨੂੰ ਪੰਜਾਬੀ ਭਾਸ਼ਾ ਵਿਚ ਰਲ-ਗੱਡ ਕਰਨਾ ਸ਼ੁਰੂ ਕਰ ਦਿੱਤਾ।

4. ਜ਼ਿਆਦਾਤਰ ਜੋ ਪੀਰ ਪੈਗੰਬਰ ਹੋਏ ਸਨ ਉਨ੍ਹਾਂ ਨੇ ਇਸੇ ਭਾਸ਼ਾ ਵਿਚ ਆਪਣੇ ਵਿਚਾਰ ਜਨਤਾ ਸਾਹਮਣੇ ਰੱਖੇ ਇਸ ਕਰਕੇ ਇਹੀ ਸ਼ਬਦ ਭੰਡਾਰ ਉਨ੍ਹਾਂ ਨੂੰ ਆਪਣੀ ਭਾਸ਼ਾ ਵਿਚ ਲਿਖਣ ਦੀ ਲੋੜ ਵੇਲੇ ਸਹਾਈ ਸਿੱਧ ਹੋਏ ਇਸ ਕਰਕੇ ਲੋਕਾਂ ਨੇ ਇਸ ਭਾਸ਼ਾ ਨੂੰ ਆਪਣੇ ਜ਼ਿਹਨ ਦਾ ਹਿੱਸਾ ਬਣਾ ਲਿਆ।
5. ਅਕਬਰ ਦੇ ਸਮੇਂ ਫ਼ਾਰਸੀ ਸਕੂਲਾਂ ਵਿਚ ਆਮ ਪੜ੍ਹਾਈ ਜਾਂਦੀ ਸੀ ਅਤੇ ਇਹ ਲਾਜ਼ਮੀ ਵੀ ਸੀ।
6. ਗੁਰਮਤਿ ਸਾਹਿਤ ਅੰਦਰ ਵੀ ਫ਼ਾਰਸੀ ਭਾਸ਼ਾ ਦੇ ਸ਼ਬਦ ਆਮ ਹੀ ਮਿਲਦੇ ਹਨ। ਜਿਸ ਕਰਕੇ ਗੁਰਬਾਣੀ ਦੇ ਵਿਆਖਿਆਕਾਰਾਂ ਅਤੇ ਇਸਦੇ ਨਿਰੰਤਰ ਅਭਿਆਸ ਨੇ ਫ਼ਾਰਸੀ ਭਾਸ਼ਾ ਦੇ ਸ਼ਬਦਾਂ ਨੂੰ ਪੰਜਾਬੀ ਭਾਸ਼ਾ ਵਿਚ ਜਗ੍ਹਾ ਦਿੱਤੀ।
7. ਸਿੱਖਿਅਕ ਸੰਸਥਾਵਾਂ ਨਾਲ ਸੰਬੰਧਿਤ ਨਾਮ ਜਿਵੇਂ ਸ਼ਾਗਿਰਦ, ਮਦਰੱਸਾ, ਇਲਮ, ਹਿਸਾਬ-ਕਿਤਾਬ, ਮੁਹਾਵਰਾ ਆਦਿ ਸ਼ਬਦਾਂ ਦੁਆਰਾ ਫ਼ਾਰਸੀ ਭਾਸ਼ਾ ਦਾ ਪ੍ਰਭਾਵ ਵੀ ਪ੍ਰਤੱਖ ਰੂਪ ਵਿਚ ਦੇਖਿਆ ਜਾ ਸਕਦਾ ਹੈ।
8. ਸੈਨਾ ਜਾਂ ਫ਼ੌਜਦਾਰੀ ਨਾਲ ਸੰਬੰਧਿਤ ਸ਼ਬਦਾਵਲੀ ਜਿਵੇਂ ਕਮਾਨ, ਸੂਬੇਦਾਰ, ਸਵਾਰ ਆਦਿ ਭਾਸ਼ਾਈ ਸ਼ਬਦ ਫ਼ਾਰਸੀ ਦੇ ਹਨ ਜੋ ਬਿਨ੍ਹਾਂ ਕਿਸੇ ਹਿਚਕਚਾਹਟ ਦੇ ਪੰਜਾਬੀ ਵਿਚ ਅਪਣਾ ਲਏ ਗਏ ਹਨ।
9. ਰੋਜ਼ਮਰਾ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਨਜ਼ਲਾ, ਜ਼ੁਕਾਮ, ਦਸਤ, ਬਿਮਾਰੀ, ਦਮਾ, ਸਰਦੀ ਆਦਿ ਫ਼ਾਰਸੀ ਸ਼ਬਦਾਵਲੀ ਹੈ।
10. ਇਸ ਤੋਂ ਇਲਾਵਾ ਇਮਾਰਤ-ਸਾਜ਼ੀ ਵਿਚ ਵੀ ਇਸ ਭਾਸ਼ਾ ਦਾ ਬੋਲਬਾਲਾ ਹੈ ਜਿਵੇਂ ਦੀਵਾ, ਤਖ਼ਤ, ਤਖ਼ਤ-ਪੋਸ਼ ਆਦਿ ਹੋਰ ਵੀ ਕਈ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ।

## ਅੰਗਰੇਜ਼ੀ

**ਅੰਗਰੇਜ਼ੀ :** ਅੰਗਰੇਜ਼ੀ ਇਕ ਨਿਪੁੰਨ ਅਤੇ ਅੰਤਰਰਾਸ਼ਟਰੀ ਭਾਸ਼ਾ ਹੈ। ਪੰਜਾਬੀ ਭਾਸ਼ਾ ਨੇ ਜਿੱਥੇ ਖੇਤਰੀ ਭਾਸ਼ਾਵਾਂ ਦਾ ਅਸਰ ਕਬੂਲਿਆ ਹੈ ਉਥੇ ਹੀ ਇਹ ਅੰਤਰਰਾਸ਼ਟਰੀ ਭਾਸ਼ਾ ਅੰਗਰੇਜ਼ੀ ਦੇ ਪ੍ਰਭਾਵ ਤੋਂ ਅਣਭਿੱਜ ਨਹੀਂ ਹੈ। ਕੋਈ ਵੀ ਭਾਸ਼ਾ ਚਾਹੇ ਅਣਚਾਹੇ ਕਿਸੇ ਹੋਰ ਭਾਸ਼ਾ ਦੇ ਸ਼ਬਦ ਆਪਣੇ ਵਿਚ ਜਜ਼ਬ ਕਰਦੀ ਹੈ। ਫਿਰ ਚਾਹੇ ਉਹ ਫ਼ਾਰਸੀ ਵਰਗੀ ਮਿੱਠੀ ਜ਼ੁਬਾਨ ਹੋਵੇ ਜਾਂ ਚਾਹੇ ਅੰਗਰੇਜ਼ੀ ਵਰਗੀ ਲੋੜਦਾਇਕ ਭਾਸ਼ਾ ਹੋਵੇ। ਅੰਗਰੇਜ਼ੀ ਭਾਸ਼ਾ ਵੀ ਮੁਗਲਾਂ ਦੇ ਅੰਤ ਤੋਂ ਬਾਅਦ ਪੰਜਾਬ ਦੀ ਦਫ਼ਤਰੀ ਭਾਸ਼ਾ ਦੇ ਰੂਪ ਵਿਚ ਸਾਹਮਣੇ ਆਈ। ਜਿੱਥੇ ਫ਼ਾਰਸੀ ਭਾਸ਼ਾ ਆਪਣੇ ਮਿਠਾਸ ਕਰਕੇ ਪੰਜਾਬੀ ਭਾਸ਼ਾ ਦੇ ਧਿਆਨ ਹਿਤ ਆਈ ਉਥੇ ਇਹ ਭਾਸ਼ਾ ਆਪਣੀਆਂ ਸਹੂਲਤਾਂ ਦੇ ਅੰਤਰਗਤ ਅਤੇ ਅੰਗਰੇਜ਼ਾਂ ਦੁਆਰਾ ਜ਼ਬਰਦਸਤੀ ਵੀ ਦਿੱਤੀ ਗਈ। ਅੰਗਰੇਜ਼ੀ ਤੋਂ

ਪੰਜਾਬੀ ਨੇ ਜੋ ਤਤਸਮ ਅਤੇ ਤਦਭਵ ਰੂਪ ਵਿਚ ਸਮੱਗਰੀ ਲਈ ਉਹ ਇਸ ਪ੍ਰਕਾਰ ਹੈ :

1. **ਤਤਸਮ ਸ਼ਬਦਾਵਲੀ :** ਇੰਜਨ, ਸਕੂਲ, ਸਾਇੰਸ, ਸਟੇਸ਼ਨ, ਹਾਲ, ਹੋਟਲ, ਕਮੇਟੀ, ਕਮੀਸ਼ਨ, ਕਾਲਜ, ਕੌਂਸਲ, ਕੰਪਨੀ, ਡਰਾਈਵਰ, ਡਾਕਟਰ, ਡਰਾਮਾ, ਡਾਇਰੀ, ਥਰਮਾਮੀਟਰ, ਪਾਰਸਲ, ਪਾਰਟੀ ਆਦਿ ਸ਼ਬਦ ਜੋ ਪਹਿਲਾਂ ਵੀ ਅਤੇ ਅੱਜ ਵੀ ਇਸੇ ਰਫ਼ਤਾਰ ਨਾਲ ਪੰਜਾਬੀ ਭਾਸ਼ਾ ਦੁਆਰਾ ਅਪਣਾਏ ਜਾ ਰਹੇ ਹਨ।
2. **ਤਦਭਵ ਸ਼ਬਦਾਵਲੀ :** ਅਫ਼ਸਰ (ਆਫ਼ੀਸਰ), ਸਕੱਤਰ (ਸੈਕਟਰੀ), ਹਸਪਤਾਲ (ਹਾਸਪੀਟਲ), ਦਰਜ਼ਨ (ਡਜ਼ਨ), ਪਟਰੋਲ (ਪੈਟਰੋਲ), ਬੁਰਸ਼ (ਬਰੱਸ਼), ਪੁਲਿਸ (ਪੋਲੀਸ), ਡਾਕਦਾਰ (ਡਾਕਟਰ), ਕਰਨੈਲ (ਕਰਨਲ) ਆਦਿ ਸ਼ਬਦ ਇਸਨੇ ਤਦਭਵ ਰੂਪ ਵਿਚ ਲਏ ਹਨ।

ਇਸ ਤੋਂ ਇਲਾਵਾ ਵਾਕ ਬਣਾਉਣ ਵਿਚ ਅੰਗਰੇਜ਼ੀ ਭਾਸ਼ਾ ਦਾ ਅਸਰ ਸਪਸ਼ਟ ਹੈ : ਜਿਵੇਂ ਅੰਗਰੇਜ਼ੀ ਵਿਚ (Voice) (ਵਾਚ) ਬਦਲਣ ਲਈ By ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਪੰਜਾਬੀ ਵਿਚ 'ਦੁਆਰਾ' ਸ਼ਬਦ ਲਗਾਇਆ ਜਾਂਦਾ ਹੈ। ਜਿਵੇਂ :

| ਕਰਤਰੀ ਵਾਚ | ਕਰਮਣੀ ਵਾਚ |
|---|---|
| (Active Voice) | (Passive Voice) |
| ਸੁਰਜੀਤ ਨੇ ਕਲਮ ਤੋੜੀ | ਕਲਮ ਸੁਰਜੀਤ ਦੁਆਰਾ ਤੋੜੀ ਗਈ। |
| ਅਸੀਂ ਅਖ਼ਬਾਰ ਪੜ੍ਹਾਂਗੇ | ਅਖ਼ਬਾਰ ਸਾਡੇ ਦੁਆਰਾ ਪੜ੍ਹਿਆ ਜਾਵੇਗਾ। |

## ਹਿੰਦੀ

**ਹਿੰਦੀ :** ਹਿੰਦੀ ਭਾਸ਼ਾ ਨੂੰ ਬੋਲਣ ਵਾਲੇ ਬੁਲਾਰੇ ਲਗਭਗ ਸਾਰੇ ਭਾਰਤ ਹੀ ਨਹੀਂ ਬਲਕਿ ਸਾਰੇ ਸੰਸਾਰ ਵਿਚ ਹਨ। ਜਿਸ ਕਰਕੇ ਇਸ ਭਾਸ਼ਾ ਨੇ ਵੀ ਭਾਰਤ ਆਰਯ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ 'ਤੇ ਪ੍ਰਭਾਵ ਪਾਇਆ ਤੇ ਕਬੂਲਿਆ। ਇਸ ਕਰਕੇ ਇਸ ਭਾਸ਼ਾ ਦਾ ਪੰਜਾਬੀ ਭਾਸ਼ਾ 'ਤੇ ਵੀ ਪ੍ਰਭਾਵ ਪੈਣਾ ਲਾਜ਼ਮੀ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਹਿੰਦੀ ਦਾ ਪ੍ਰਭਾਵ ਪੰਜਾਬੀ ਭਾਸ਼ਾ ਉੱਤੇ ਤਿੰਨ ਤਰ੍ਹਾਂ ਨਾਲ ਪਿਆ। ਪਹਿਲਾ ਪ੍ਰਭਾਵ ਉਰਦੂ ਰਾਹੀਂ, ਦੂਸਰਾ ਮੱਧਕਾਲ ਦੇ ਭਗਤੀ ਸਾਹਿਤ ਕਰਕੇ ਪਿਆ ਅਤੇ ਤੀਜਾ ਦੇਸ਼ ਦੀ ਆਜ਼ਾਦੀ ਪਿਛੋਂ ਹਿੰਦੀ ਰਾਸ਼ਟਰੀ ਭਾਸ਼ਾ ਬਣਨ ਕਰਕੇ ਪਿਆ।

ਹਿੰਦੀ ਦਾ ਪ੍ਰਭਾਵ ਪੰਜਾਬੀ ਭਾਸ਼ਾ ਉੱਪਰ ਸ਼ਬਦਾਵਲੀ, ਵਾਕ ਬਣਤਰ, ਅਖਾਣ, ਮੁਹਾਵਰਿਆਂ ਰਾਹੀਂ ਵਿਖਾਈ ਦਿੰਦਾ ਹੈ। ਸ਼ਬਦ ਰਚਨਾ ਦੇ ਪੱਖੋਂ ਪੰਜਾਬੀ ਨੇ ਅਨੇਕਾਂ ਕਿਰਿਆਂ ਪਦ ਹਿੰਦੀ ਤੋਂ ਲਏ ਹਨ ਜਿਵੇਂ : 'ਨੱਸਣਾ-ਭੱਜਣਾ' ਦੀ ਥਾਂ 'ਦੌੜਨਾ-ਭਾਗਨਾ', 'ਸੱਦਣਾ' ਦੀ ਥਾਂ 'ਬੁਲਾਨਾ', 'ਗੱਲ' ਦੀ ਥਾਂ 'ਬਾਤ' ਆਦਿ ਹਿੰਦੀ ਦੇ ਪ੍ਰਭਾਵ ਕਰਕੇ ਹੀ ਹਨ। ਜੇਕਰ ਅਜੋਕੇ ਸਮੇਂ ਦੀ ਗੱਲ ਕੀਤੀ ਜਾਵੇ ਤਾਂ ਬਿਹਾਰ ਵਿਚੋਂ ਆਇਆ ਇਕ ਬਈਆ ਆਪ ਪੰਜਾਬੀ ਬੋਲਣ ਦੀ ਥਾਂ ਸਾਰੇ ਪਰਿਵਾਰ ਨੂੰ ਹਿੰਦੀ

ਬੋਲਣ ਲਾ ਦਿੰਦਾ ਹੈ। ਇਸੇ ਪ੍ਰਕਾਰ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਬਹੁਤ ਸਾਰੀ ਸ਼ਬਦਾਵਲੀ ਪੰਜਾਬੀ ਨੇ ਹਿੰਦੀ ਤੋਂ ਲਈ ਹੈ।

ਅੱਧੇ ਅੱਖਰ ਵਿਚ ਜਾਂ ਪੈਰ ਵਿਚ ਅੱਖਰ ਪਾਉਣ ਦਾ ਰਿਵਾਜ ਵੀ ਪੰਜਾਬੀ ਵਿਚ ਹਿੰਦੀ ਭਾਸ਼ਾ ਦੇ ਪ੍ਰਭਾਵ ਕਰਕੇ ਹੀ ਆਇਆ। ਇਸੇ ਕਾਰਨ ਪਰੰਤੂ ਨੂੰ ਪ੍ਰੰਤੂ, ਪਰਕਿਰਤੀ ਨੂੰ ਪ੍ਰਕਿਰਤੀ, ਸਵਰ ਨੂੰ ਸ੍ਵਰ ਲਿਖਿਆ ਜਾਣ ਲੱਗਾ ਹੈ। ਇਸੇ ਪ੍ਰਕਾਰ ਪੰਜਾਬੀ ਵਿਚ ਸੰਬੰਧ ਦਰਸਾਉਣ ਲਈ ਦਾ, ਦੀ, ਦੇ ਦੀ ਥਾਂ ਕਾ, ਕੇ, ਕੀ ਲਗਾਉਣ ਦਾ ਰਿਵਾਜ ਵੀ ਹਿੰਦੀ ਦੇ ਪ੍ਰਭਾਵ ਕਰਕੇ ਹੀ ਆਇਆ ਹੈ ਜਿਸ ਦਾ ਸਭ ਤੋਂ ਵੱਡਾ ਉਦਾਹਰਨ :

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

## ਉਰਦੂ

**ਉਰਦੂ :** ਉਰਦੂ ਪਾਕਿਸਤਾਨ ਦੀ ਇਕ ਲੋਕਪ੍ਰਿਯ ਜ਼ੁਬਾਨ ਹੈ। ਜਿਸ ਨੂੰ ਬੋਲਣ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਉਰਦੂ ਸਰਕਾਰੇ ਦਰਬਾਰੇ ਚਿੱਠੀ ਪੱਤਰਾਂ ਵਿਚ ਆਪਣਾ ਰੂਪ ਨਿਖ਼ਾਰਦੀ ਰਹੀ। ਇਸੇ ਪ੍ਰਕਾਰ ਪੰਜਾਬੀ ਉੱਤੇ ਉਰਦੂ ਦੇ ਪ੍ਰਭਾਵ ਪੈਣ ਦੇ ਬਹੁਤ ਸਾਰੇ ਕਾਰਨ ਹਨ ਜਿਵੇਂ :

(ੳ) ਉਰਦੂ ਕੋਰਟ ਕਚਿਹਰੀਆਂ ਦੀ ਭਾਸ਼ਾ ਰਹੀ ਹੈ।

(ਅ) ਉਰਦੂ ਅੰਗਰੇਜ਼ਾਂ ਸਮੇਂ ਵੀ ਸਕੂਲੀ ਪੱਧਰ 'ਤੇ ਸਿੱਖਿਆ ਦਾ ਮਾਧਿਅਮ ਰਹੀ ਹੈ।

(ੲ) ਉਰਦੂ ਵਪਾਰੀ, ਇਸ਼ਤਿਹਾਰਾਂ, ਵਹੀਆਂ, ਚਿੱਠੀ-ਪੱਤਰਾਂ ਦੀ ਭਾਸ਼ਾ ਰਹੀ ਹੈ।

ਉਰਦੂ ਬੋਲਣ ਵਾਲੇ ਦਾ ਪ੍ਰਭਾਵ ਪੰਜਾਬੀ ਭਾਸ਼ਾ ਉੱਤੇ ਬਹੁ-ਦਿਸ਼ਾਵੀ ਹੈ। ਇਹ ਪ੍ਰਭਾਵ ਧੁਨੀਆਂ, ਸ਼ਬਦਾਵਲੀ, ਵਾਕ ਬਣਤਰ ਆਦਿ ਪੱਖੋਂ ਵਿਚਾਰਿਆ ਜਾ ਸਕਦਾ ਹੈ। ਧੁਨੀਆਂ ਦੀ ਦ੍ਰਿਸ਼ਟੀ ਤੋਂ ਪੈਰ ਬਿੰਦੀ ਵਾਲੀਆਂ ਪੰਜ ਧੁਨੀਆਂ (ਸ਼, ਖ਼, ਗ਼, ਜ਼, ਫ਼) ਉਰਦੂ ਫ਼ਾਰਸੀ ਦੇ ਪ੍ਰਭਾਵ ਸਦਕਾ ਹੀ ਆਈਆਂ ਹਨ। ਹੁਣ ਪੈਰ ਬਿੰਦੀ ਵਾਲੇ ਅਣਗਿਣਤ ਸ਼ਬਦ ਪੰਜਾਬੀ ਸ਼ਬਦਾਵਲੀ ਵਿਚ ਸ਼ਾਮਿਲ ਹੋ ਗਏ ਹਨ।

ਪੰਜਾਬੀ ਨੇ ਬਹੁਤ ਸਾਰੀ ਤਤਸਮ ਅਤੇ ਤਦਭਵ ਸ਼ਬਦਾਵਲੀ ਵੀ ਉਰਦੂ ਤੋਂ ਗ੍ਰਹਿਣ ਕੀਤੀ ਜਿਵੇਂ ਖਾਵੰਦ, ਙੀਮਤ, ਮੁਕੱਦਮ, ਫੌਜਦਾਰੀ, ਵਸੀਕਾ ਨਵੀਸ, ਅਰਜ਼ੀ ਨਵੀਸ, ਸਕਨਾ, ਦੀਵਾਨੀ, ਖ਼ਾਨਦਾਨੀ, ਗ਼ਫ਼ਲਤ, ਹਕੀਮਤ, ਮੁਨਾਸਿਬ, ਜਾਇਜ਼, ਮਾਸ਼ੂਕ, ਫਤਹਿ, ਅਫ਼ਸਾਨਾ ਆਦਿ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਨੇ ਅਗੇਤਰ ਪਿਛੇਤਰ ਉਰਦੂ ਵਾਲੇ ਅਪਣਾਏ ਹਨ। ਪੰਜਾਬ ਪ੍ਰਾਂਤ ਦਾ ਨਾਂ ਵੀ ਉਰਦੂ ਪਿਛੇਤਰ ਆਬ (ਪਾਣੀ/ਦਰਿਆ) ਤੋਂ ਬਣਿਆ ਹੈ ਭਾਵ ਪੰਜ+ਆਬ = ਪੰਜਾਬ। ਇਸ ਤੋਂ ਹੀ ਅੱਗੋਂ ਸ਼ਬਦ ਪੰਜਾਬੀ, ਪੰਜਾਬੀਅਤ ਆਦਿ ਹੋਂਦ ਵਿਚ ਆਏ।

# ਪੰਜਾਬੀ ਧੁਨੀ ਵਿਗਿਆਨ

ਧੁਨੀ-ਵਿਗਿਆਨ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਸਾਹਮਣੇ ਆਉਂਦੀਆਂ ਹਨ। ਮੇਰੀਓ ਪੇਈ ਅਨੁਸਾਰ ਧੁਨੀ ਵਿਗਿਆਨ ਦੀ ਸਭ ਤੋਂ ਮੁੱਢਲੀ ਇਕਾਈ ਹੈ। ਜਾਨ ਲਾਇਨਜ਼ ਅਨੁਸਾਰ ਉਚਾਰਨ-ਅੰਗਾਂ ਦੁਆਰਾ ਉਤਪੰਨ ਧੁਨੀ ਦੀ ਕੋਈ ਵੀ ਅਜਿਹੀ ਇਕਾਈ, ਜਿਸਨੂੰ ਇਕ ਧੁਨੀ ਵਿਗਿਆਨ, ਹੋਰ ਧੁਨੀ ਇਕਾਈਆਂ ਤੋਂ ਨਿਖੜਵੇਂ ਤੌਰ 'ਤੇ ਪਛਾਣਿਆ ਜਾ ਸਕਦਾ ਹੋਵੇ, ਭਾਸ਼ਾ ਧੁਨੀ ਅਖਵਾਉਂਦੀ ਹੈ।

ਧੁਨੀ-ਵਿਗਿਆਨ ਵਿਚ ਧੁਨੀਆਂ ਦਾ ਅਧਿਐਨ ਤਿੰਨ ਤਰ੍ਹਾਂ ਨਾਲ ਕੀਤਾ ਜਾ ਸਕਦਾ ਹੈ :

1. ਉਚਾਰ ਧੁਨੀ ਵਿਗਿਆਨ
2. ਸੰਚਾਰ ਧੁਨੀ ਵਿਗਿਆਨ
3. ਸ੍ਰਵਣੀ ਧੁਨੀ ਵਿਗਿਆਨ

ਧੁਨੀਆਂ ਦੀ ਮਨੁੱਖੀ ਉਚਾਰਨ ਅੰਗਾਂ ਦੁਆਰਾ ਉਤਪਤੀ, ਉਨ੍ਹਾਂ ਦੇ ਉਚਾਰਣ ਨਾਲ ਸੰਬੰਧਿਤ ਵਿਭਿੰਨ ਕ੍ਰਿਆਵਾਂ, ਵਕਤਾ ਦੇ ਮੁਖ-ਪੋਲ ਵਿਚ ਪੈਦਾ ਹੋਣ ਵਾਲੀਆਂ ਹਰਕਤਾਂ ਦਾ ਅਧਿਐਨ ਉਚਾਰ ਧੁਨੀ ਵਿਗਿਆਨ ਨਾਲ ਸੰਬੰਧ ਰੱਖਦਾ ਹੈ।

## ਸ੍ਵਰ

ਸਾਰੀਆਂ ਵਿਅੰਜਨ ਧੁਨੀਆਂ ਨੂੰ ਸ੍ਵਰ ਅਤੇ ਵਿਅੰਜਨ ਧੁਨੀਆਂ ਵਿਚ ਵੰਡਿਆ ਜਾਂਦਾ ਹੈ

1. ਸ੍ਵਰ ਕੱਲੇ ਕੱਲੇ ਉਚਾਰੇ ਜਾ ਸਕਦੇ ਹਨ।
2. ਸ੍ਵਰ ਸ੍ਵਆਧੀਨ ਧੁਨੀਆਂ ਹਨ।
3. ਸ੍ਵਰਾਂ ਵੇਲੇ ਸਾਹ ਦੀ ਹਵਾ ਬੇਰੋਕ ਗਤੀ ਨਾਲ ਬਾਹਰ ਨਿਕਲਦੀ ਹੈ।
4. ਸ੍ਵਰਾਂ ਦਾ ਉਚਾਰਨ ਦੇਰ ਤੱਕ ਹੋ ਸਕਦਾ ਹੈ।
5. ਸ੍ਵਰ ਵਧ ਗੂੰਜਦਾਰ ਹਨ।
6. ਸ੍ਵਰ ਮੂੰਹ ਦੇ ਕਿਸੇ ਖਾਸ ਥਾਂ ਤੋਂ ਨਹੀਂ ਉਚਾਰੇ ਜਾਂਦੇ।

ਪੰਜਾਬੀ ਦੇ ਖੁੱਲ੍ਹੇ ਅਤੇ ਮੀਟਵੇਂ ਸੁਰਾਂ ਦਾ ਨਕਸ਼ਾ

| | |
|---|---|
| ਮੀਟਵੇਂ | ਇ ਈ ਉ ਊ |
| ਅਧ ਮੀਟਵੇਂ | ਏ ਓ |
| ਖੁੱਲ੍ਹੇ | ਆ ਅ |
| ਅਧ ਖੁੱਲ੍ਹੇ | ਐ ਔ |

ਪੰਜਾਬੀ ਦੇ ਮੂਹਰਲੇ ਸੁਰਾਂ ਦਾ ਨਕਸ਼ਾ

| **ਮੂਹਰਲੇ** | **ਵਿਚਕਾਰਲੇ** | **ਪਿਛਲੇ** |
|---|---|---|
| ਈ | ਇ | ਉ |
| ਊ | ਏ | ਓ |
| ਐ | ਅ | ਔ |
| ਆ | | |

| | | | | | | |
|---|---|---|---|---|---|---|
| ਗੋਲਾਈਦਾਰ | ਉ | | ਊ | | ਓ | ਔ |
| ਗੋਲਾਈ ਰਹਿਤ | ਇ | ਈ | ਏ | ਐ | ਅ | ਆ |

## ਅਖੰਡੀ ਧੁਨੀਮ

| ਬਲ | ਅਨੁਤਾਨ | ਸੰਗਮ | ਨਾਸਿਕਤਾ | ਸੁਰ |
|---|---|---|---|---|

ਸਭ ਤੋਂ ਪਹਿਲਾਂ ਪੰਜਾਬੀ ਦੇ ਖੰਡੀ ਧੁਨੀਗ੍ਰਾਮਾਂ ਦਾ ਵਰਣਨ ਪੇਸ਼ ਕੀਤਾ ਜਾਂਦਾ ਹੈ। ਖੰਡੀ ਧੁਨੀਗ੍ਰਾਮਾਂ ਵਿਚ ਸੁਰ ਤੇ ਵਿਅੰਜਨ ਰੱਖੇ ਜਾਂਦੇ ਹਨ। ਇਸ ਲਈ ਪੰਜਾਬੀ ਸੁਰਾਂ ਤੇ ਵਿਅੰਜਨ ਦਾ ਤਰਤੀਬ ਨਾਲ ਅਧਿਐਨ ਪ੍ਰਸਤੁਤ ਕੀਤਾ ਜਾਂਦਾ ਹੈ।

**ਪੰਜਾਬੀ ਦੇ ਖੰਡੀ ਧੁਨੀਗ੍ਰਾਮ :**

ਸੁਰ : ਅਸੀਂ ਵਿਰੋਧ/ਟਾਕਰੇ ਦੇ ਆਧਰਾ ਤੇ ਪੰਜਾਬੀ ਦੇ ਸਾਰਥਕ ਵਿਸ਼ਿਸ਼ਟ ਸੁਰ-ਧੁਨੀਮਾਂ (ਸੁਰ-ਧੁਨੀਗ੍ਰਾਮਾਂ) ਦਾ Network ਸਥਾਪਿਤ ਕਰ ਸਕਦੇ ਹਾਂ। ਇਸ ਮੰਤਵ ਲਈ ਵਿਰੋਧੀ ਜੁਟਾਂ ਨੂੰ ਆਹਮੋ ਸਾਹਮਣੇ ਰੱਖਿਆ ਜਾਂਦਾ ਹੈ।

| | | |
|---|---|---|
| ਈ/ਇ-ਚੀਰ | : | ਚਿਰ |
| ਇ/ਏ-ਫਿਰ | : | ਫੇਰ |
| ਐ/ਆ-ਪੈੜ | : | ਪਾੜ |
| ਅ/ਆ-ਚਰ | : | ਚਾਲ |
| ਆ/ਔ-ਚਾਲ | : | ਚੌਲ |
| ਓ/ਔ-ਚੋਰ | : | ਚੌਰ |
| ਉ/ਓ-ਤੁਰ | : | ਤੋਰ |
| ਏ/ਐ-ਏਸ | : | ਐਸ |
| ਐ/ਔ-ਲੈ | : | ਲੌ |
| ਔ/ਅ-ਅੰਤਰ | : | ਅਤਰ |

| | | |
|---|---|---|
| ਓ/ਉ-ਓਮ | : | ਉਠ |
| ਅ/ਔ-ਅਖ | : | ਔਖ |
| ਊ/ਓ-ਚੂਰੀ | : | ਚੋਰੀ |
| ਉ/ਊ-ਸੁਰ | : | ਸੂਰ |

ਉਪਰੋਕਤ ਵਿਰੋਧੀ ਜੋੜਿਆਂ ਦੇ ਆਧਾਰ 'ਤੇ ਹੇਠ ਲਿਖੇ ਨਤੀਜੇ ਪ੍ਰਾਪਤ ਹੰਦੇ ਹਨ:

ਪੰਜਾਬੀ ਭਾਸ਼ਾ ਵਿਚ ਚੁਣੇ ਹੋਏ ਇਨ੍ਹਾਂ ਵਿਰੋਧੀ ਜੁੱਟ ਵਿਚ ਪੰਜਾਬੀ ਦੇ ਦਸ ਸ੍ਵਰ ਸਥਾਪਿਤ ਮਿਲਦੇ ਹਨ। 10 ਸ੍ਵਰ ਇਹ ਹਨ :

/ਇ, ਈ, ਏ, ਐ, ਅ, ਆ, ਔ, ਉ, ਊ, ਓ/

**ਪੰਜਾਬੀ ਸ੍ਵਰਾਂ ਦੀ ਸ਼੍ਰੇਣੀ ਵੰਡ**

ਉਪਰੋਕਤ ਵਿਧੀ ਦੁਆਰਾ ਪੰਜਾਬੀ ਦੇ 10 ਸ੍ਵਰਾਂ ਦੀ ਸਥਾਪਨਾ ਕਰਨ ਤੋਂ ਬਾਅਦ ਹੁਣ ਇੰਨ੍ਹਾਂ ਦੀ ਵੰਡ ਕਰਨ ਦੇ ਆਮ ਤੌਰ 'ਤੇ ਤਿੰਨ ਆਧਾਰ ਮੰਨੇ ਜਾਂਦੇ ਹਨ।

1. ਕਿ ਸ੍ਵਰਾਂ ਦੇ ਉਚਾਰਣ ਸਮੇਂ ਜੀਭ ਦੀ ਕੀ ਸਥਿਤੀ ਹੈ ?
2. ਕਿ ਉਚਾਰਨ ਸਮੇਂ ਜੀਭ ਦੀ ਕੀ ਉਚਾਈ ਹੈ ?
3. ਕਿ ਉਚਾਰਨ ਸਮੇਂ ਹੋਠਾਂ ਦੀ ਕੀ ਸਥਿਤੀ ਹੈ ? ਕੀ ਹੋਠ ਗੋਲ ਹਨ ਜਾਂ ਚੌੜੇ ਤੇ ਸਪਾਟ ਹਨ ?

(ੳ) ਜੀਭ ਦੀ ਸਥਿਤੀ ਦੇ ਆਧਾਰ ਤੇ ਪੰਜਾਬੀ ਸ੍ਵਰ ਤਿੰਨ ਵਰਗਾਂ ਵਿਚ ਵੰਡੇ ਜਾਂਦੇ ਹਨ :

| | | |
|---|---|---|
| 1. ਮੂਹਰਲੇ ਸ੍ਵਰ | : | ਈ, ਏ, ਐ |
| 2. ਵਿਚਕਾਰਲੇ (ਕੇਂਦਰੀ) | : | ਇ, ਉ, ਅ, ਆ |
| 3. ਪਿਛਲੇ ਸ੍ਵਰ | : | ਊ, ਓ, ਔ |

(ਅ) ਜੀਭ ਦੀ ਉਚਾਈ ਦੇ ਆਧਾਰ 'ਤੇ ਪੰਜਾਬੀ ਦੇ ਸ੍ਵਰ ਪੰਜ ਵਰਗਾਂ ਵਿਚ ਵੰਡੇ ਜਾਂਦੇ ਹਨ :

| | | |
|---|---|---|
| 1. ਉੱਚੇ | : | ਈ, ਊ |
| 2. ਮੱਧ-ਉੱਚੇ | : | ਇ,ਉ |
| 3. ਮਝਲੇ | : | ਏ, ਅ, ਓ |
| 4. ਮੱਧ-ਨੀਵੇਂ | : | ਐ, ਔ |
| 5. ਨੀਵਾਂ | : | ਆ |

(ੲ) ਸ੍ਵਰਾਂ ਦੇ ਉਚਾਰਨ ਵੇਲੇ ਹੋਠਾਂ ਦੀ ਸਥਿਤੀ ਦੇ ਆਧਾਰ ਤੇ ਸ੍ਵਰ ਗੋਲ ਜਾਂ ਗੋਲਾਈ-ਰਹਿਤ ਦੋ ਵਰਗਾਂ ਵਿਚ ਵੰਡੇ ਜਾਂਦੇ ਹਨ :

| | | |
|---|---|---|
| 1. ਗੋਲ | : | ਉ, ਊ, ਓ, ਔ |
| 2. ਗੋਲਾਈ-ਰਹਿਤ | : | ਇ, ਈ, ਏ, ਐ, ਅ, ਆਂ |

ਕਈ ਵਾਰ ਮਾਤਰਾ ਦੇ ਆਧਾਰ 'ਤੇ ਵੀ ਸ੍ਵਰਾਂ ਨੂੰ ਹ੍ਰਸਵ ਅਤੇ ਦੀਰਘ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ। ਹ੍ਰਸਵ ਸ੍ਵਰਾਂ ਨੂੰ ਕੇਂਦਰੀ ਸ੍ਵਰ ਤੇ ਦੀਰਘ ਸ੍ਵਰਾਂ ਨੂੰ ਬਾਹਰਲੇ ਸ੍ਵਰ ਵੀ ਕਿਹਾ ਜਾਂਦਾ ਹੈ।

1. ਕੇਂਦਰੀ ਸ੍ਵਰ (ਹ੍ਰਸਵ) : ਇ, ਉ, ਅ
2. ਬਾਹਰਲੇ ਸ੍ਵਰ (ਦੀਰਘ) : ਈ, ਏ, ਐ, ਆ, ਔ, ਓ, ਊ

ਇਥੇ ਪੰਜਾਬੀ ਸ੍ਵਰਾਂ ਦੀ ਵੰਡ ਨੂੰ ਇਕ ਨਕਸ਼ੇ ਰਾਹੀਂ ਅੰਕਿਤ ਕੀਤਾ ਜਾਂਦਾ ਹੈ :

| | | | |
|---|---|---|---|
| ਮੂਹਰਲੇ | | ਕੇਂਦਰੀ | ਪਿਛਲੇ |
| ਈ | ਊ | ਇ | ਉ |
| ਏ | ਅ | ਓ | |
| ਐ | ਔ | ਆ | |
| ਉੱਚੇ | | ਮੱਧ-ਉੱਚੇ/ਮਝਲੇ ਮੱਧ-ਨੀਵੇਂ | ਨੀਵਾਂ |

ਹੁਣ ਤਕ ਜਿੰਨ੍ਹਾਂ ਸ੍ਵਰਾਂ ਦਾ ਵੰਡ-ਵਿਧਾਨ ਕੀਤਾ ਗਿਆ ਹੈ ਉਨ੍ਹਾਂ ਨੂੰ ਮੌਖਿਕ ਸ੍ਵਰ ਕਿਹਾ ਜਾਂਦਾ ਹੈ ਪਰੰਤੂ ਨਾਸਿਕੀ ਸ੍ਵਰ ਵੀ ਪ੍ਰਾਪਤ ਹੁੰਦੇ ਹਨ। ਪੰਜਾਬੀ ਨਾਸਿਕੀ ਸ੍ਵਰ ਇਹ ਹਨ : ਈਂ, ਇ, ਏਂ, ਐਂ, ਅੰ, ਉਂ, ਊਂ, ਓਂ, ਔਂ ਆਦਿ।

## ਪੰਜਾਬੀ ਸ੍ਵਰ-ਧੁਨੀਆਂ ਦਾ ਵਰਣਨ ਤੇ ਵਰਤੋਂ ਵਿਉਂਤ

**ਈ :**'ਈ' ਉੱਚਾ, ਮੂਹਰਲਾ, ਗੋਲਾਈ-ਰਹਿਤ ਸ੍ਵਰ ਹੈ। ਪੰਜਾਬੀ ਉਚਾਰਨ ਸਮੇਂ ਇਸ ਦੀ ਮਾਤਰਾ ਜਾਂ ਸਮਾਂ-ਵਿੱਥ ਕਾਫ਼ੀ ਲੰਮੀ ਹੁੰਦੀ ਹੈ। ਇਹ ਸ਼ਬਦਾਂ ਦੀਆਂ ਤਿੰਨੋਂ ਸਥਿਤੀਆਂ ਵਿਚ ਮਿਲਦਾ ਹੈ : ਅਰਥਾਤ ਸ਼ਬਦਾਂ ਦੇ ਸ਼ੁਰੂ ਵਿਚ (ਆਦਿ-ਸਥਿਤੀ) ਵਿਚਕਾਰ (ਮੱਧ-ਸਥਿਤੀ) ਅਤੇ ਅਖ਼ੀਰ ਵਿਚ (ਅੰਤ) ਮਿਲਦਾ ਹੈ। ਉਦਾਹਰਣ : ਈਸ਼ਰ, ਤੀਰ, ਦੀਵਾਲੀ

**ਇ :**'ਇ' ਮੱਧ ਉੱਚਾ ਮੂਹਰਲਾ ਤੇ ਗੋਲਾਈ-ਰਹਿਤ ਸ੍ਵਰ ਹੈ। ਇਸ ਦੀ ਮਾਤਰਾ ਤੇ ਸਮਾਂ-ਵਿਥ 'ਈ' ਨਾਲੋਂ ਥੋੜੀ ਹੈ। 'ਇ' ਸੁਰ ਪੰਜਾਬੀ ਦੀਆਂ ਮੁੱਢਲੀ ਤੇ ਵਿਚਕਾਰਲੀ ਦੋ ਸਥਿਤੀਆਂ ਵਿਚ ਆਉਂਦਾ ਹੈ। ਪੰਜਾਬੀ ਦੇ ਅੰਤ ਉੱਤੇ /ਇ/ ਹ੍ਰਸਵ 'ਇ' ਦੀ ਵਰਤੋਂ ਨਹੀਂ ਹੁੰਦੀ। ਉਦਾਹਰਣ : ਇਕ, ਚਾਰ।

**ਏ :** 'ਏ' ਮਝਲਾ, ਮੂਹਰਲਾ, ਗੋਲਾਈ-ਰਹਿਤ ਸ੍ਵਰ ਹੈ। ਇਸ ਦੇ ਉਚਾਰਨ ਕਰਨ ਵੇਲੇ ਜੀਭ ਦੀ ਨੋਕ ਸਖਤ ਤਾਲੂ ਦੀ ਤਰਫ ਉੱਠੀ ਹੁੰਦੀ ਹੈ। 'ਏ' ਪੰਜਾਬੀ ਦੀਆਂ ਤਿੰਨੋ ਸਥਿਤੀਆਂ ਸ਼ੁਰੂ ਵਿਚ, ਵਿਚਾਲੇ ਤੇ ਅਖ਼ੀਰ ਵਿਚ ਮਿਲਦਾ ਹੈ। ਉਦਾਹਰਣ : ਏਕਤਾ, ਸੇਕ, ਮੁੰਡੇ।

**ਐ:**'ਐ' ਮੱਧ-ਨੀਵਾਂ ਮੂਹਰਲਾ, ਗੋਲਾਈ-ਰਹਿਤ ਸ੍ਵਰ ਹੈ। ਇਸ ਨੂੰ ਬੋਲਣ ਸਮੇਂ ਹੇਠ ਖੁੱਲ੍ਹੇ ਰਹਿੰਦੇ ਹਨ। 'ਐ' ਸ਼ਬਦਾਂ ਦੀਆਂ ਤਿੰਨੇ ਅਵਸਥਾਵਾਂ ਵਿਚ ਆਉਂਦਾ ਹੈ। ਉਦਾਹਰਣ : ਐਬ, ਪੈਰ, ਹੈ।

**ਅ:** 'ਅ' ਮਝਲਾ, ਕੇਂਦਰੀ, ਗੋਲਾਈ-ਰਹਿਤ ਹ੍ਰਸਵ ਸ੍ਵਰ ਹੈ। ਇਸ ਦੇ ਉਚਾਰਨ ਸਮੇਂ ਜੀਭ ਦਾ ਵਿਚਕਾਰਲਾ ਹਿੱਸਾ ਉੱਪਰ ਨੂੰ ਉਠਦਾ ਹੈ। ਇਹ ਸ੍ਵਰ ਮੁੱਢਲੀ ਤੇ ਵਿਚਕਾਰਲੀ ਸਥਿਤੀ ਵਿਚ ਹੀ ਆਉਂਦਾ ਹੈ, ਅੰਤਲੀ ਸਥਿਤੀ ਵਿਚ ਨਹੀਂ ਆਉਂਦਾ। ਉਦਾਹਰਣ : ਅਸਲ, ਡਰ (ਡ ਅ ਰ)।

**ਆ:** 'ਆ' ਨੀਵਾਂ ਕੇਂਦਰੀ ਗੋਲਾਈ-ਰਹਿਤ ਸ੍ਵਰ ਹੈ। ਇਹ ਸ਼ਬਦਾਂ ਵਿਚ ਸਾਰੀਆਂ ਸਥਿਤੀਆਂ ਵਿਚ ਆਉਂਦਾ ਹੈ। ਇਸ ਦੇ ਉਚਾਰਨ ਸਮੇਂ ਜੀਭ ਨਿੱਸਲ ਲੇਟੀ ਰਹਿੰਦੀ ਹੈ ਅਤੇ ਹੋਂਠ ਥੋੜ੍ਹੇ ਜਿਹੇ ਫੈਲੇ ਰਹਿੰਦੇ ਹਨ। ਉਦਾਹਰਣ : ਆਰਸੀ, ਮਕਾਨ, ਕਾਲਾ।

**ਊ:** 'ਊ' ਉੱਚਾ, ਪਿਛਲਾ, ਗੋਲਾਈ-ਰਹਿਤ ਸ੍ਵਰ ਹੈ। ਇਹ ਸਾਰੀਆਂ ਸਥਿਤੀਆਂ ਵਿਚ ਆਉਂਦਾ ਹੈ। ਇਸ ਦੇ ਉਚਾਰਨ ਸਮੇਂ ਜੀਭ ਦਾ ਪਿਛਲਾ ਹਿੱਸਾ ਵੱਧ ਤੋਂ ਵੱਧ ਉੱਚਾ ਉੱਠਦਾ ਹੈ। ਉਦਾਹਰਣ : ਊਣਾ, ਬੂਟਾ, ਜਾਦੂ।

**ਉ:** 'ਉ' ਨੀਵਾਂ-ਉੱਚਾ, ਪਿਛਲਾ, ਗੋਲਾਈ-ਰਹਿਤ ਸ੍ਵਰ ਹੈ। ਇਹ ਹ੍ਰਸਵ ਤੇ ਕੇਂਦਰੀ ਸ੍ਵਰ ਵੀ ਹੈ। ਇਸ ਦੀ ਵਰਤੋ ਸ਼ਬਦਾਂ ਦੇ ਸ਼ੁਰੂ ਵਿਚ 'ਤੇ ਮੱਧ ਵਿਚ ਹੀ ਹੁੰਦੀ ਹੈ, ਅੰਤ ਵਿਚ ਨਹੀਂ ਹੁੰਦੀ। ਉਦਾਹਰਣ : ਉੱਤਰ, ਚੁਸਤ।

**ਓ:** 'ਓ' ਮਝਲਾ, ਪਿਛਲਾ ਤੇ ਗੋਲਾਈ-ਰਹਿਤ ਸ੍ਵਰ ਹੈ। ਇਹ ਸ਼ਬਦਾਂ ਦੇ ਸ਼ੁਰੂ, ਵਿਚਕਾਰ ਤੇ ਅਖ਼ੀਰ ਵਿਚ ਆਉਂਦਾ ਹੈ। ਉਦਾਹਰਣ : ਓਦਰਨਾ, ਡੋਰ, ਦੇਖੋ।

**ਔ:** 'ਔ' ਮੱਧ-ਨੀਵਾਂ, ਪਿਛਲਾ ਤੇ ਗੋਲਾਈ-ਸਹਿਤ ਸ੍ਵਰ ਹੈ। ਜੀਭ ਦਾ ਪਿਛਲਾ ਹਿੱਸਾ ਨਮ ਤਾਲੂ ਵੱਲ ਉੱਠਦਾ ਹੈ। ਇਹ ਸਾਰੀਆਂ ਸਥਿਤੀਆਂ ਵਿਚ ਆਉਂਦਾ ਹੈ। ਉਦਾਹਰਣ : ਔਖ, ਦੌੜ (ਦ ਔ ੜ), ਸੌ (ਸ ਅ)।

ਪੰਜਾਬੀ ਨਾਸਕੀ ਸ੍ਵਰ ਵੱਖ-ਵੱਖ ਸਥਿਤੀਆਂ ਵਿਚ ਮਿਲਦੇ ਹਨ। ਉਦਾਹਰਣ :
ਈਂ, ਇ, ਏਂ, ਐਂ, ਅੰ, ਆਂ, ਊਂ, ਉਂ, ਓਂ, ਔਂ ਆਦਿ ਸ੍ਵਰ ਸਾਰੀਆਂ ਸਥਿਤੀਆਂ ਵਿਚ ਮਿਲਦੇ ਹਨ।

## ਸ੍ਵਰਾਂ ਦੇ ਗੁੱਛੇ

ਪੰਜਾਬੀ ਦੇ ਸਾਰੇ ਸ੍ਵਰ ਸ਼ੁੱਧ ਹਨ ਕਿਉਂਕਿ ਇਹ ਇਕਹਿਰੇ-ਇਕਹਿਰੇ ਵਰਤੇ ਜਾਂਦੇ ਹਨ ਅਤੇ ਇੰਨ੍ਹਾਂ ਦੀਆਂ ਹਸਤੀਆਂ ਸਪਸ਼ਟ ਕਾਇਮ ਰਹਿੰਦੀਆਂ ਹਨ। ਪਰ ਵਰਤੋਂ ਵਿਚ ਇਕਹਿਰੇ ਸ੍ਵਰਾਂ ਤੋਂ ਇਲਾਵਾ ਦੂਹਰੇ ਤੇ ਤੀਹਰੇ ਸ੍ਵਰਾਂ ਦੀ ਸੰਜੋਗ ਵੀ ਪ੍ਰਾਪਤ ਹੁੰਦੇ ਹਨ। ਇੰਨ੍ਹਾਂ ਨੂੰ ਸ੍ਵਰ-ਗੁੱਛੇ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਸ੍ਵਰ-ਗੁੱਛਿਆਂ ਦੇ ਉਦਾਹਰਨ ਪ੍ਰਾਪਤ ਹੁੰਦੇ ਹਨ :

**ਦੂਹਰੇ ਸ੍ਵਰ (ਹ੍ਰਸਵ੍+ਦਰਘ)**

| | | |
|---|---|---|
| ਅਈ | ਗਈ (ਗ ਅ ਈ), | ਲਈ (ਲ ਅ ਈ) |
| ਅਏ | ਗਏ (ਗ ਅ ਏ), | ਲਏ (ਲ ਅ ਏ) |
| ਅਊ | ਗਊ (ਗ ਅ ਊ), | ਲਊ (ਲ ਅ ਊ)) |
| ਇ ਆ | (ਆ ਗਿ ਆ), | ਬਿਆਨ(ਬ ਇ ਆ ਨ) |
| ਇ ਓ | ਸੁਆਦ (ਸ ਉ ਆ ਦ) | ਦੁਆ (ਦੁ ਉ ਆ) |

**ਦੂਹਰੇ ਸ੍ਵਰ (ਦੀਰਘ+ਦੀਰਘ)**

| | |
|---|---|
| ਆਈ | ਮਾਈ (ਮ ਆ ਈ) |
| ਆਏ | ਆਏ |
| ਆਓ | ਜਾਓ (ਜ ਅ ਓ) |
| ਆਊ | ਖਾਊ (ਖ ਅ ਊ) |

**ਤੀਹਰੇ ਸ੍ਵਰ**

| | |
|---|---|
| ਆਈਆ | ਭਾਈਆ (ਭ ਆ ਈ ਆ) |
| ਓਇਆ | ਮੋਇਆ (ਮ ਓ ਇ ਆ) |

## ਵਿਅੰਜਨ

1. ਵਿਅੰਜਨ ਸ੍ਵਰਾਂ ਦੀ ਮੱਦਦ ਨਾਲ ਹੀ ਉਚਾਰੇ ਜਾਂਦੇ ਹਨ।
2. ਵਿਅੰਜਨ ਪਰਾਧੀਨ ਧੁਨੀਆਂ ਹਨ।
3. ਵਿਅੰਜਨਾਂ ਵੇਲੇ ਸਾਹ ਦੀ ਹਵਾ ਰੁਕ-ਰੁਕ ਕੇ ਤੇ ਘਸਰ ਕੇ ਨਿਕਲਦੀ ਹੈ।
4. ਵਿਅੰਜਨਾਂ ਦਾ ਉਚਾਰਨ ਦੇਰ ਤੱਕ ਨਹੀਂ ਹੁੰਦਾ।
5. ਵਿਅੰਜਨ ਘੱਟ ਗੂੰਜਦਾਰ ਹਨ।
6. ਵਿਅੰਜਨ ਖਾਸ-ਖਾਸ ਥਾਵਾਂ ਤੋਂ ਉਚਾਰੇ ਜਾਂਦੇ ਹਨ।

## ਵਿਅੰਜਨ ਸ਼੍ਰੇਣੀਕਰਣ

ਵਿਅੰਜਨਾਂ ਦੀ ਭੌਤਿਕ ਹੋਂਦ ਨੂੰ ਮਿੱਥਣ ਲਈ ਅਤੇ ਉਨ੍ਹਾਂ ਨੂੰ ਵਿਭਿੰਨ ਪੱਖਾਂ ਤੋਂ ਵੱਖ-ਵੱਖ ਸ਼੍ਰੇਣੀਆਂ ਵਿਚ ਵੰਡਣ ਲਈ ਭਾਸ਼ਾ ਦੇ ਵਿਦਵਾਨਾਂ ਨੇ ਕੁਝ ਪ੍ਰਤੀਮਾਨ ਲੱਭੇ ਹਨ। ਉਹ ਪ੍ਰਤੀਮਾਨ ਉਚਾਰਮੂਲਕ ਹਨ। ਵਕਤੇ ਦੇ ਮੂੰਹ-ਪੋਲ ਜਾਂ ਉਚਾਰਣ ਦੀ ਜੋ ਕਿਰਿਆ ਵਾਪਰਦੀ ਹੈ ਉਸ ਦੀਆਂ ਗਤੀਆਂ ਨਾਲ ਹੀ ਧੁਨੀਆਂ ਦੀ ਸਿਰਜਣਾ ਹੁੰਦੀ ਹੈ। ਵਿਅੰਜਨਾਂ ਦੀ ਉਚਾਰ-ਮੂਲਕ ਵੰਡ ਦੇ ਆਧਾਰਾਂ ਦੀ ਜੋ ਪਛਾਣ ਕੀਤੀ ਜਾਂਦੀ ਹੈ ਉਹਨਾਂ ਵਿਚ ਪਹਿਲਾਂ ਦੋ ਪ੍ਰਮੁੱਖ ਆਧਾਰ ਹਨ :

**1. ਉਚਾਰਣ ਬਿੰਦੂ ਜਾਂ ਸਥਾਨ :** ਉਚਾਰਣ-ਸਥਾਨ ਇਕ ਮਹੱਤਵਪੂਰਨ ਪੈਰਾਮੀਟਰ ਹੈ ਜਿਸ ਦੁਆਰਾ ਇਹ ਵੇਖਿਆ ਜਾਂਦਾ ਹੈ ਕਿ ਕਿਹੜੇ ਉਚਾਰਨ ਬਿੰਦੂ/ਸਥਾਨ ਤੇ ਕਿਹੜੀ ਧੁਨੀ ਦਾ ਉਤਪਾਦਨ ਹੋਇਆ ਹੈ। ਉਸ ਨੂੰ ਪਲੇਸ ਆਫ਼ ਆਰਟੀਕਲਚਰ ਵੀ ਕਿਹਾ ਜਾਂਦਾ ਹੈ। ਪ੍ਰਮੁੱਖ ਉਚਾਰਕਾਂ ਵਿਚ ਹੋਂਠ, ਦੰਦ, ਦੰਦ-ਪਠਾਰ, ਬੁੱਟ, ਤਾਲੂ, ਨਰਮ ਤਾਲੂ, ਕਾਂ, ਕੰਠ-ਪਠਾਰੀ, ਧੁਨੀ ਯੰਤਰ ਸ਼ਾਮਿਲ ਹਨ। ਇਹਨਾਂ ਉਚਾਰਨ ਸਥਾਨਾਂ ਨੂੰ ਅੰਤਰਰਾਸ਼ਟਰੀ ਧੁਨੀ ਲਿਪੀ ਵਿਚ ਵੀ ਸਵੀਕਾਰ ਕੀਤਾ ਜਾਂਦਾ ਹੈ।

ਉਚਾਰਣ ਸਥਾਨ : ਉਚਾਰਣ ਸਥਾਨ ਦੇ ਅਨੁਸਾਰ ਵਿਅੰਜਨਾਂ ਦੇ ਪ੍ਰਮੁੱਖ ਵਰਗ ਹਨ :

1. ਦੋ-ਹੋਂਠੀ
2. ਦੰਤ-ਹੋਂਠੀ

3. ਦੰਤੀ
4. ਮੂਰਧਨੀ
5. ਵਤਰਸੀ
6. ਤਾਲਵੀ
7. ਕੰਠੀ : ਕੋਮਲ ਤਾਲਵੀ
8. ਸੁਰਯੰਤਰੀ
9. ਕਾਲਕੀ

**2. ਉਚਾਰਣ ਰੀਤ :** ਵਿਅੰਜਨਾਂ ਦੀ ਸ਼੍ਰੇਣੀ-ਵੰਡ ਦਾ ਦੂਜਾ ਪੈਰਾਮੀਟਰ ਉਚਾਰਣ ਰੀਤ ਹੈ। ਇਸ ਵਿਚ ਇਹ ਵੇਖਿਆ ਜਾਂਦਾ ਹੈ ਕਿ ਉਚਾਰਨ ਵੇਲੇ ਸਾਹ ਦੀ ਹਵਾ ਉਚਾਰਨੀ ਥਾਵਾਂ ਤੇ ਛਿਣਮਾਤਰ ਸਪਰਸ਼ ਕਰਕੇ ਧੱਕੇ ਜਿਹੇ ਨਾਲ ਬਾਹਰ ਨਿਕਲਦੀ ਹੈ। ਇਸ ਕਿਰਿਆ ਦੁਆਰਾ ਜੋ ਵਿਅੰਜਨ ਉਤਪੰਨ ਹੁੰਦੇ ਹਨ ਉਨ੍ਹਾਂ ਨੂੰ ਸਪਰਸ਼ੀ ਜਾਂ ਡਕਵੇਂ ਕਿਹਾ ਜਾਦਾ ਹੈ। ਕਿਤੇ ਸਾਹ ਦਾ ਵੇਗ ਲਮਕਾਇਆ ਜਾ ਕੇ ਵਿਅੰਜਨਾਂ ਦਾ ਉਚਾਰਨ ਵੀ ਲਮਕਾਇਆ ਜਾਂਦਾ ਹੈ। ਅਜਿਹੇ ਵਿਅੰਜਨਾਂ ਨੂੰ 'ਪ੍ਰਵਾਹੀ' ਵਿਅੰਜਨ ਕਿਹਾ ਜਾਂਦਾ ਹੈ। ਉਚਾਰਨ-ਰੀਤ ਨਾਲ ਪੰਜਾਬੀ ਵਿਅੰਜਨਾਂ ਦੇ ਇਹ ਹੇਠ ਲਿਖੇ ਵਰਗ ਜਾਂ ਸ਼੍ਰੇਣੀਆਂ ਪ੍ਰਵਾਣਤ ਹੁੰਦੀਆਂ ਹਨ :

| | | | | | | |
|---|---|---|---|---|---|---|
| ਸਪਰਸ਼ੀ ਜਾਂ ਡੱਕਵੇਂ | ਕ | ਟ | ਤ | ਪ | | |
| ਨਾਸਿਕੀ | ਙ | ਞ | ਣ | ਨ | ਮ | |
| ਸੰਘਰਸ਼ੀ ਜਾਂ ਰਗੜਵੇਂ | ਖ਼ | ਗ਼ | ਸ਼ | ਜ਼ | ਸ | ਫ਼ |
| ਕਾਂਬਵਾਂ | | | | ਰ | | |
| ਫਟਕਵਾਂ ਜਾਂ ਉਤਖਿਪਤ | ੜ | | | | | |
| ਸਘੋਸ਼ (ਨਾਦੀ) ਅਲਪਪ੍ਰਾਣ | ਗ | ਡ | ਦ | ਬ | | |
| ਅਘੋਸ਼ (ਨਾਦ ਰਹਿਤ) ਮਹਾਂਪ੍ਰਾਣ | | | | | | |
| ਅਲਪਪ੍ਰਾਣ | | | | | | |
| ਮਹਾਪ੍ਰਾਣ | | | | | | |
| ਅੱਧ ਸ੍ਵਰ | | | | | | |
| ਸਪਰਸ਼-ਸੰਘਰਸ਼ੀ | | | | | | |
| ਸੁਰ-ਯੰਤਰੀ | | | | | | |
| ਸੰਘਰਸ਼ਹੀਨ ਪ੍ਰਵਾਹੀ | | | | | | |

# ਪੰਜਾਬੀ ਵਿਅੰਜਨਾ ਦੀ ਵਰਗ ਵੰਡ
## ਉਚਾਰਨ ਸਥਾਨ

| ਡਕਵੇਂ ਸਪਰਸ਼ੀ | ਕੰਠੀ | ਤਾਲਵੀ | ਮੂਰਧਨੀ | ਦੰਤੀ | ਹੋਂਠੀ | ਸੁਰਯੰਤਰੀ |
|---|---|---|---|---|---|---|
| ਅਘੋਸ਼ (ਨਾਦ ਰਹਿਤ) | ਕ | | ਟ | ਤ | ਪ | |
| ਅਲਪਪ੍ਰਾਣ | ਖ | | ਠ | ਥ | ਫ | |
| ਅਘੋਸ਼ (ਨਾਦ ਰਹਿਤ) | ਗ | | ਡ | ਦ | ਬ | |
| ਮਹਾਪ੍ਰਾਣ | | ਚ | | | | |
| ਸਘੋਸ਼ (ਨਾਦੀ) ਅਲਪਪ੍ਰਾਣ | | | | | | |
| ਸਪਰਸ਼-ਸੰਘਰਸ਼ੀ : ਅਘੋਸ਼ | | ਛ | | | | |
| (ਨਾਦ ਰਹਿਤ) ਅਲਪਪ੍ਰਾਣ | | | | | | |
| Affricate ਅਘੋਸ਼ (ਨਾਦ ਰਹਿਤ) | | ਜ | | | | |
| ਮਹਾਂਪ੍ਰਾਣ | (ਙ) | (ਞ) | ਣ | ਨ | ਮ | |
| ਸਘੋਸ਼ (ਨਾਦੀ) ਅਲਪਪ੍ਰਾਣ | | | ਲ਼ | ਲ | | |
| ਨਾਸਕੀ (ਨਾਦੀ) | | | | ਰ | | |
| ਪਾਰਸ਼ਵਿਕ | | | ੜ | | | |
| ਕਾਂਬਵਾਂ (ਟਰਿਲ) | ਖ਼(ਗ) | ਸ਼ ਜ਼ | | ਸ | (ਫ਼) | |
| ਫਟਕਵਾਂ (ਫਲੈਪ) | ਯ | | ਵ | | | ਹ |
| ਸੰਘਰਸ਼ੀ | | | | | | |
| ਅਰਧ-ਸ੍ਵਰ(ਸੰਘਰਸ਼ਹੀਨ ਪ੍ਰਵਾਰਹ) | | | | | | |
| ਸੁਰ-ਯੰਤਰੀ | | | | | | |

## ਪੰਜਾਬੀ ਵਿਅੰਜਨਾ ਦੀ ਵਰਗ-ਵੰਡ

ਉਪਰੋਕਤ ਵਿਰੋਧੀ ਜੋੜਿਆਂ ਦੀ ਵਿਧੀ ਦੁਆਰਾ ਪੰਜਾਬੀ ਦੇ ਜਿਹੜੇ ਵਿਅੰਜਨ ਸਥਾਪਿਤ ਹੋਏ ਹਨ ਹੁਣ ਉਨ੍ਹਾਂ ਦੀ ਧੁਨੀਆਤਮਕ ਪੱਧਰ ਤੇ ਵਰਗ-ਵੰਡ ਕੀਤੀ ਜਾਂਦੀ ਹੈ। ਵਿਅੰਜਨਾ ਦੀ ਸ਼੍ਰੇਣੀ ਵਿਚ ਵਰਗ-ਵੰਡ ਨਿਰਧਾਰਿਤ ਕਰਨ ਲਈ ਸਭ ਤੋਂ ਜ਼ਰੂਰੀ ਦੋ ਆਧਾਰ ਹਨ। ਪਹਿਲਾ ਆਧਾਰ ਉਚਾਰਨ ਸਥਾਨ ਹੈ ਅਤੇ ਦੂਜਾ ਆਧਾਰ ਉਚਾਰਨ ਰੀਤ ਹੈ। ਵਕਤੇ ਦੇ ਮੂੰਹ-ਪੋਲ ਵਿਚ ਜੋ ਉਚਾਰਨ ਦੀ ਜੋ ਕਿਰਿਆ ਵਾਪਰਦੀ ਹੈ ਉਸ ਨਾਲ ਮਾਨਵੀ ਭਾਸ਼ਿਕ ਧੁਨੀਆਂ ਦੀ ਉਪਜ ਹੁੰਦੀ ਹੈ। ਵਕਤੇ ਦੇ ਮੂੰਹ-ਪੋਲ ਵਿਚ ਉਚਾਰਨ ਦੀ ਜੋ ਕਿਰਿਆ ਵਾਪਰਦੀ ਹੈ ਉਸ ਨਾਲ ਮਾਨਵੀ ਭਾਸ਼ਿਕ ਧੁਨੀਆਂ ਦੀ ਉਪਜ ਹੁੰਦੀ ਹੈ। ਉਚਾਰਨ ਹੀ ਸਭ ਤੋਂ ਜ਼ਰੂਰੀ ਪੈਰਾਮੀਟਰ ਹੈ। ਇਸ ਦੁਆਰਾ ਇਹ ਵੇਖਿਆ ਜਾਂਦਾ ਹੈ ਕਿ ਕਿਹੜੀ ਧੁਨੀ ਮੂੰਹ ਵਿਚਲੇ ਕਿਹੜੇ ਅੰਗ ਦੀ ਸਹਾਇਤਾ ਨਾਲ ਕਿਹੜੀ ਥਾਂ ਦੀ ਸਪਰਸ਼ (ਛੋਹ) ਨਾਲ ਪੈਦਾ ਹੰਦੀ ਹੈ। ਸਾਡੇ ਮੂੰਹ ਵਿਚ ਹੋਠ, ਦੰਦ, ਤਾਲੂ, ਸੰਘ, ਕਾਂ, ਕੰਠ-ਪਿਟਰੀ, ਨਾਸਾਂ, ਅਜਿਹੇ ਅੰਗ ਹਨ ਜਿਹੜੇ ਧੁਨੀ-ਉਚਾਰਨ ਵਿਚ ਮਦਦ ਕਰਦੇ ਹਨ। ਉਚਾਰਨੀ ਅੰਗਾਂ ਨੂੰ ਮੁੱਖ ਰੱਖਕੇ ਵਿਅੰਜਨਾ ਦੀ ਸ਼੍ਰੇਣੀ--ਵੰਡ ਕੀਤੀ ਜਾਂਦੀ ਹੈ। ਉਚਾਰਨੀ ਅੰਗਾਂ ਦੇ ਨਾਵਾਂ ਨਾਲ ਸੰਬੰਧਿਤ ਹੋਣ ਕਰਕੇ ਵਿਅੰਜਨ-ਸ਼੍ਰੇਣੀਆਂ ਦੇ ਨਾਮ ਵੀ ਰੱਖੇ ਗਏ ਹਨ। ਉਚਾਰਨ-ਸਥਾਨ ਦੇ ਆਧਾਰ ਤੇ ਪੰਜਾਬੀ ਵਿਅੰਜਨਾਂ ਦੀਆਂ ਹੇਠ ਲਿਖੀਆਂ ਸ਼੍ਰੇਣੀਆਂ ਸਿੱਧ ਹੁੰਦੀਆਂ ਹਨ :

| | |
|---|---|
| ਕੰਠੀ | ਕ ਖ ਗ (ਙ) |
| ਤਾਲਵੀ | ਚ ਛ ਜ (ਞ) ਸ਼ ਯ |
| ਮੂਰਧਨੀ (ਉਲਟ-ਜੀਭੀ) | ਟ ਠ ਡ ਣ ੜ ਲ਼ |
| ਦੰਤੀ | ਤ ਥ ਦ ਨ ਲ ਸ ਰ |
| ਹੋਂਠੀ | ਪ ਫ ਬ ਮ ਵ (ਫ਼) |
| ਸੁਰਯੰਤਰੀ | ਹ |
| ਅਰਧ-ਸ੍ਵਰ | ਯ ਵ |

**ਪੰਜਾਬੀ ਵਿਅੰਜਨਾ ਦਾ ਵਰਣਨ ਤੇ ਵਰਤੋਂ-ਵਿਉਂਤਾਂ :** ਪਿੱਛੇ ਜਿੰਨ੍ਹਾਂ ਪੰਜਾਬੀ ਵਿਅੰਜਨਾਂ ਦੀ ਪਛਾਣ ਕਰਕੇ ਸਾਰਥਕ ਧੁਨੀਆਂ ਵਜੋਂ ਸਥਾਪਨਾ ਕੀਤੀ ਗਈ ਹੈ ਅਤੇ ਭਿੰਨ-ਭਿੰਨ ਤਰੀਕਿਆਂ ਨਾਲ ਸ਼੍ਰੇਣਿਕ ਵੰਡ ਵੀ ਕੀਤੀ ਗਈ ਹੈ, ਹੁਣ ਉਨ੍ਹਾਂ ਵਿਅੰਜਨਾ ਦਾ ਵਰਣਨ ਕੀਤਾ ਜਾਂਦਾ ਹੈ। ਨਾਲੋਂ-ਨਾਲ ਪੰਜਾਬੀ ਵਿਅੰਜਨਾ ਦੇ ਵਰਤਾਰੇ ਤੇ ਵਰਤੋਂ-ਵਿਉਂਤ ਦਾ ਉਲੇਖ ਕੀਤਾ ਜਾਵੇਗਾ।

**ਕ:** 'ਕ' ਨਾਦ-ਰਹਿਤ, ਅਲਪਪ੍ਰਾਣ, ਕੰਠੀ, ਵਿਅੰਜਨ ਹੈ। ਇਹ ਡਕਵਾਂ ਜਾਂ ਸਪਰਸ਼ੀ ਹੈ। ਪੰਜਾਬੀ ਵਿਚ 'ਕ' ਸ਼ੁਰੂ ਵਿਚ, ਵਿਚਕਾਰ ਤੇ ਅਖ਼ੀਰਲੀ ਸਥਿਤੀ ਵਿਚ ਆਉਂਦਾ ਹੈ। ਉਦਾਹਰਣ : ਕਾਗਜ਼, ਦੁਕਾਨ, ਠੀਕ

**ਖ:** 'ਖ' ਨਾਦ-ਰਹਿਤ, ਮਹਾਪ੍ਰਾਣ, ਕੰਠੀ, ਸਪਰਸ਼ੀ ਵਿਅੰਜਨ ਹੈ। ਇਹ ਪੰਜਾਬੀ ਸ਼ਬਦਾਂ ਦੀਆਂ ਤਿੰਨੋਂ ਸਥਿਤੀਆਂ ਵਿਚ ਆਉਂਦਾ ਹੈ। ਉਦਾਹਰਣ : ਖਰੀ, ਪੱਖਾ, ਅੱਖ

**ਗ:**'ਗ' ਨਾਦੀ ਅਲਪਪ੍ਰਾਣ ਕੰਠੀ ਸਪਰਸ਼ੀ (ਡਕਵਾਂ) ਵਿਅੰਜਨ ਹੈ। ਇਹ ਤਿੰਨੋਂ ਸਥਿਤੀਆਂ ਵਿਚ ਆਉਦਾ ਹੈ। ਉਦਾਹਰਣ : ਗੀਤ, ਗਜ਼ਲ, ਰਾਗ

**ਚ :**'ਚ' ਨਾਦ-ਰਹਿਤ, ਅਲਪਪ੍ਰਾਣ, ਤਾਲਵੀ ਸਪਰਸ਼-ਸੰਘਰਸ਼ੀ ਵਿਅੰਜਨ। ਇਹ ਤਿੰਨਾਂ ਅਵਸਥਾਵਾਂ ਵਿਚ ਵਰਤਿਆ ਜਾਂਦਾ ਹੈ। ਉਦਾਹਰਣ : ਛੱਤ, ਮੱਛੀ, ਰਿੱਛ

**ਛ :**'ਛ' ਨਾਦ-ਰਹਿਤ, ਮਹਾਪ੍ਰਾਣ, ਤਾਲਵੀ, ਸਪਰਸ਼-ਸੰਘਰਸ਼ੀ ਵਿਅੰਜਨ ਹੈ। ਇਸ ਦੀ ਵਰਤੋਂ ਤਿੰਨਾਂ ਸਥਿਤੀਆਂ ਵਿਚ ਹੁੰਦੀ ਹੈ। ਉਦਾਹਰਣ : ਛੱਤ, ਮੱਛੀ, ਰਿੱਛ

**ਜ :**'ਜ' ਨਾਦੀ, ਅਲਪਪ੍ਰਾਣ, ਤਾਲਵੀ, ਸਪਰਸ਼-ਸੰਘਰਸ਼ੀ ਵਿਅੰਜਨ ਹੈ। ਇਸ ਦੀ ਵਰਤੋਂ ਤਿੰਨਾਂ ਸਥਿਤੀਆਂ ਵਿਚ ਹੁੰਦੀ ਹੈ। ਉਦਾਹਰਣ : ਜਗਤ, ਰਾਜਾ, ਸੂਰਜ

**ਟ :**'ਟ' ਨਾਦ-ਰਹਿਤ, ਅਲਪਪ੍ਰਾਣ, ਮੂਰਧਨੀ (ਉਲਟਜੀਭੀ) ਸਪਰਸ਼ੀ ਵਿਅੰਜਨ ਹੈ। ਇਸ ਦਾ ਪ੍ਰਯੋਗ ਤਿੰਨੋਂ ਅਵਸਥਾਵਾਂ ਵਿਚ ਹੁੰਦਾ ਹੈ। ਉਦਾਹਰਣ : ਟੱਬਰ, ਵੱਟਤ, ਪੇਟ

**ਠ :**'ਠ' ਨਾਦ-ਰਹਿਤ, ਮਹਾਪ੍ਰਾਣ, ਮੂਰਧਨੀ ਸਪਰਸ਼ੀ ਵਿਅੰਜਨ ਹੈ। ਇਸ ਦੀ ਵਰਤੋਂ ਸ਼ਬਦਾਂ ਦੀਆਂ ਆਦਿ, ਮੱਧ ਤੇ ਅੰਤ ਸਥਿਤੀਆਂ ਵਿਚ ਹੁੰਦੀ ਹੈ। ਉਦਾਹਰਣ : ਠੀਕ, ਕੋਠਾ, ਝੂਠ

**ਡ :**'ਡ' ਨਾਦੀ, ਅਲਪਪ੍ਰਾਣ, ਮੂਰਧਨੀ (ਉਲਟਜੀਭੀ) ਡੱਕਵਾਂ ਵਿਅੰਜਨ ਹੈ। ਇਹ ਤਿੰਨੋਂ ਸਥਿਤੀਆਂ ਵਿਚ ਆਉਂਦਾ ਹੈ। ਉਦਾਹਰਣ : ਡਾਕੂ, ਗੱਡਾ, ਪਿੰਡ

**ਣ :**'ਣ' ਨਾਦੀ, ਉਲਟਜੀਭੀ (ਮੂਰਧਨੀ) ਨਾਸਕੀ ਵਿਅੰਜਨ। ਇਸ ਦੀ ਵਰਤੋਂ ਵਿਚਕਾਰਲੀ ਤੇ ਅੰਤਲੀ ਸਥਿਤੀ ਵਿਚ ਹੀ ਹੁੰਦੀ ਹੈ, ਮੁੱਢਲੀ ਸਥਿਤੀ ਵਿਚ ਨਹੀਂ ਹੁੰਦੀ। ਉਦਾਹਰਣ : ਪਾਣੀ, ਲੂਣ

**ਤ :**'ਤ' ਨਾਦ-ਰਹਿਤ, ਅਲਪਪ੍ਰਾਣ, ਦੰਤੀ ਸਪਰਸ਼ (ਡਕਵਾਂ) ਵਿਅੰਜਨ ਹੈ। ਇਸ ਦੀ ਵਰਤੋਂ ਤਿੰਨੋਂ ਸਥਿਤੀਆਂ ਵਿਚ ਹੁੰਦੀ ਹੈ। ਉਦਾਹਰਣ : ਤਾਰ, ਤੋਤਾ, ਕੀਤਮ

**ਥ :**'ਥ' ਨਾਦ-ਰਹਿਤ, ਮਹਾਪ੍ਰਾਣ, ਦੰਤੀ, ਸਪਰਸ਼ੀ ਵਿਅੰਜਨ ਹੈ। ਉਦਾਹਰਣ : ਥਾਲ, ਮੱਥਾ, ਹੱਥ

**ਦ :**'ਦ' ਨਾਦੀ, ਅਲਪਪ੍ਰਾਣ, ਦੰਤੀ ਡਕਵਾਂ (ਸਪਰਸ਼ੀ) ਵਿਅੰਜਨ ਹੈ। ਇਹ ਵੀ ਸ਼ਬਦਾਂ ਦੀਆਂ ਤਿੰਨੋਂ ਸਥਿਤੀਆਂ ਵਿਚ ਆਉਂਦਾ ਹੈ। ਉਦਾਹਰਣ : ਦਿਲ, ਚਾਦਰ, ਯਾਦ

**ਨ :**'ਨ' ਨਾਦੀ, ਦੰਤੀ ਨਾਸਕੀ ਵਿਅੰਜਨ ਹੈ। ਇਹ ਸ਼ਬਦਾਂ ਦੀਆਂ ਸਾਰੀਆਂ ਸਥਿਤੀਆਂ ਵਿਚ ਵਰਤੋਂ ਵਿਚ ਆਉਂਦਾ ਹੈ। ਉਦਾਹਰਣ :ਨਗਰ, ਸੋਨਾ, ਦਿਨ

**ਪ :** 'ਪ' ਨਾਦ-ਰਹਿਤ, ਅਲਪਪ੍ਰਾਣ, ਦੋ ਹੋਂਠੀ ਡਕਵਾਂ (ਸਪਰਸ਼ੀ) ਵਿਅੰਜਨ ਹੈ। ਇਹ ਸਾਰੀਆਂ ਸਥਿਤੀਆਂ ਵਿਚ ਆਉਂਦਾ ਹੈ। ਉਦਾਹਰਣ : ਪਤਲਾ, ਸੁਪਨਾ, ਮਿਲਾਪ

**ਫ :** 'ਫ' ਨਾਦ-ਰਹਿਤ, ਮਹਾਪ੍ਰਾਣ, ਦੋ ਹੋਂਠੀ ਵਿਅੰਜਨ ਹੈ। ਇਸ ਦੀ ਵਰਤੋਂ ਤਿੰਨਾਂ ਸਥਿਤੀਆਂ ਵਿਚ ਹੁੰਦੀ ਹੈ। ਉਦਾਹਰਣ : ਫਸਲ, ਸਫਲ, ਲੇਫ

**ਬ :** 'ਬ' ਨਾਦੀ, ਅਲਪਪ੍ਰਾਣ, ਦੋ ਹੋਂਠੀ ਡਕਵਾਂ ਵਿਅੰਜਨ ਹੈ। ਇਸ ਦੀ ਵਰਤੋਂ ਸਾਰੀਆਂ ਸਥਿਤੀਆਂ ਵਿਚ ਹੁੰਦੀ ਹੈ। ਉਦਾਹਰਣ : ਬੂਟ, ਸਾਬਣ, ਰੱਬ

**ਮ :** 'ਮ' ਨਾਦੀ, ਦੋ ਹੋਂਠੀ, ਨਾਸਕੀ ਵਿਅੰਜਨ ਹੈ। ਇਸ ਦੀ ਵਰਤੋਂ ਸਾਰੀਆਂ ਸਥਿਤੀਆਂ ਵਿਚ ਹੁੰਦੀ ਹੈ। ਉਦਾਹਰਣ : ਮੁੰਡਾ, ਕਮਰ, ਕੰਮ

**ਯ :** 'ਯ' ਤਾਲਵੀ, ਸੰਘਰਸ਼ਹੀਨ, ਪ੍ਰਵਾਹੀ ਅੱਧ-ਸ੍ਵਰ, ਅੱਧ-ਵਿਅੰਜਨ ਹੈ ਇਹ ਸਿਰਫ਼ ਮੁੱਢਲੀ ਸਥਿਤੀ ਵਿਚ ਹੀ ਵਰਤੋਂ ਵਿਚ ਆਉਂਦਾ ਹੈ। ਹੁਣ ਕਿਤੇ-ਕਿਤੇ ਵਿਚਕਾਰਲੀ ਸਥਿਤੀ ਵਿਚ ਵੀ ਵਰਤਿਆ ਜਾਂਦਾ ਹੈ, ਪਰ ਅੰਤਲੀ ਸਥਿਤੀ ਵਿਚ ਉੱਕਾ ਹੀ ਨਹੀਂ ਆਉਂਦਾ। ਉਦਾਹਰਣ : ਯਾਦ, ਕਾਮਯਾਬ

**ਰ :** 'ਰ' ਨਾਦੀ ਦੰਤੀ ਕਾਂਬਵਾਂ ਵਿਅੰਜਨ ਹੈ। ਇਹ ਸਾਰੀਆਂ ਸਥਿਤੀਆਂ ਵਿਚ ਆਉਂਦਾ ਹੈ। ਉਦਾਹਰਣ : ਰਾਤ, ਪਰੀ, ਖੀਰ

**ਲ :** 'ਲ' ਦੰਤੀ ਪਾਰਸ਼ਵਿਕ ਵਿਅੰਜਨ ਧੁਨੀ ਹੈ। ਇਹ ਸਾਰੀਆਂ ਸਥਿਤੀਆਂ ਵਿਚ ਵਰਤੋਂ ਵਿਚ ਆਉਂਦਾ ਹੈ। ਉਦਾਹਰਣ : ਲਾਲ, ਬਿੱਲੀ, ਦਿਲ

**ਲ਼ :** 'ਲ਼' ਨਾਦੀ, ਉਲਟ-ਜੀਭੀ (ਮੂਰਧਨੀ) ਪਾਰਸ਼ਵਿਕ ਵਿਅੰਜਨ ਹੈ। ਇਸ ਦੀ ਵਰਤੋਂ ਸਿਰਫ਼ ਵਿਚਕਾਰਲੀ ਤੇ ਅਖ਼ੀਰਲੀ ਅਵਸਥਾ ਵਿਚ ਹੁੰਦੀ ਹੈ। ਉਦਾਹਰਣ : ਕਾਲ਼ੀ, ਥਾਲ਼

**ਵ :** ਵ' ਦੋ ਹੋਂਠੀ, ਸੰਘਰਸ਼ਹੀਨ, ਪ੍ਰਵਾਹੀ ਅੱਧ-ਸ੍ਵਰ, ਅੱਧ-ਵਿਅੰਜਨ ਹੈ। ਇਸ ਦੀ ਵਰਤੋਂ ਮੁੱਢਲੀ, ਵਿਚਕਾਰਲੀ ਅਤੇ ਅੰਤਲੀ ਸਥਿਤੀ ਵਿਚ ਹੁੰਦੀ ਹੈ। ਉਦਾਹਰਣ : ਵੱਡਾ, ਦੇਵਤਾ, ਦੇਵ

**ਹ :** 'ਹ' ਨਾਦੀ ਸੁਰਯੰਤਰੀ ਸੰਘਰਸ਼ੀ ਵਿਅੰਜਨ ਹੈ। ਇਸ ਦੀ ਵਰਤੋਂ ਸਿਰਫ਼ ਮੁੱਢਲੀ ਸਥਿਤੀ ਵਿਚ ਹੀ ਹੁੰਦੀ ਹੈ। ਉਦਾਹਰਣ : ਹਫ਼ਤਾ

**ੜ :** 'ੜ' ਨਾਦੀ, ਮੂਰਧਨੀ ਫਟਕਵਾਂ ਵਿਅੰਜਨ ਹੈ। ਇਹ ਸਿਰਫ਼ ਵਿਚਕਾਰਲੀ ਤੇ ਅਖ਼ੀਰਲੀ ਸਥਿਤੀ ਵਿਚ ਆਉਂਦਾ ਹੈ। ਉਦਾਹਰਣ :ਰੜਕ, ਧੂੜ

**ਸ :** 'ਸ' ਨਾਦ-ਰਹਿਤ, ਦੰਤੀ, ਸੰਘਰਸ਼ੀ ਵਿਅੰਜਨ ਹੈ। ਇਹ ਸਾਰੀਆਂ ਅਵਸਥਾਵਾਂ ਵਿਚ ਵਰਤਿਆ ਜਾਂਦਾ ਹੈ। ਉਦਾਹਰਣ : ਸਾਲ, ਰਸਮ, ਦੇਸ

**ਸ਼ :** 'ਸ਼' ਨਾਦ-ਰਹਿਤ, ਤਾਲਵੀ ਸੰਘਰਸ਼ੀ ਵਿਅੰਜਨ ਹੈ। ਇਸ ਦੀ ਵਰਤੋਂ ਸਾਰੀਆਂ ਸਥਿਤੀਆਂ ਵਿਚ ਹੰਦੀ ਹੈ। ਉਦਾਹਰਣ : ਸ਼ਾਨ, ਨਿਸ਼ਾਨ, ਬਾਰਿਸ਼

**ਜ਼ :** 'ਜ਼' ਨਾਦੀ ਤਾਲਵੀ, ਸੰਘਰਸ਼ੀ ਵਿਅੰਜਨ ਹੈ। ਇਹ ਪੰਜਾਬੀ ਵਿਚ ਆਏ ਉਧਾਰੇ (ਰਿਣ) ਸ਼ਬਦਾਂ ਦੀਆਂ ਸਾਰੀਆਂ ਸਥਿਤੀਆ ਵਿਚ ਆਉਂਦਾ ਹੈ। ਉਦਾਹਰਣ : ਜ਼ਰਾ, ਨਜ਼ਰ, ਤੇਜ਼

**ਘ ਝ ਢ ਧ ਭ :** ਟਕਸਾਲੀ ਪੰਜਾਬੀ ਦੀ ਧੁਨੀਮਾਲਾ ਦੇ ਇਹ /ਘ ਝ ਢ ਧ ਭ/ ਧੁਨੀ ਚਿੰਨ੍ਹ ਬਹੁ-ਕਾਰਜੀ ਹਨ। ਪਾਕਿਸਤਾਨੀ ਲਹਿੰਦੀ ਪੰਜਾਬੀ ਵਿਚ ਇਹ ਪੰਜੇ ਸੰਘੋਸ਼ ਮਹਾਂਪ੍ਰਾਣ ਖੰਡੀ ਧੁਨੀਗ੍ਰਾਮ ਹਨ ਅਤੇ ਇਨ੍ਹਾਂ ਦੀ ਫੋਨੈਮਿਕ ਵਰਤੋਂ ਵਿਉਂਤ ਸਥਾਪਿਤ ਹੁੰਦੀ ਹੈ। ਭਾਰਤੀ ਪੰਜਾਬੀ ਦੀ ਗੁਰਮੁਖੀ ਲਿਪੀ ਵਿਚ ਇਹ ਪੰਜੋਂ ਵਰਣ ਮੌਜੂਦ ਹਨ ਪਰ ਉਚਾਰਨ ਦੇ ਪੱਖੋਂ ਇਹ 'ਸੁਰ' ਬਦਲ ਜਾਂਦੇ ਹਨ। ਅਸਲ ਵਿਚ /ਘ, ਝ, ਢ, ਧ, ਭ/ ਸੁਰ ਵਾਹਕ ਚਿੰਨ੍ਹਾਂ ਦਾ ਕਾਰਜ ਕਰਦੇ ਹਨ ਅਤੇ ਇੰਨ੍ਹਾਂ ਦੀ ਮਹਾਪ੍ਰਾਣਤਾ ਵਾਲਾ ਫੀਚਰ ਲੋਪ ਹੋ ਗਿਆ ਹੈ ਅਤੇ ਇਹ ਮਹਾਨਤਾ ਅਖੰਡੀ ਧੁਨੀ 'ਸੁਰ' ਵਿਚ ਰੂਪਾਂਤਰਿਤ ਹੋ ਚੁੱਕੀ ਹੈ। ਇਹ ਪੰਜੋ ਮਹਾਪ੍ਰਾਣ ਧੁਨੀਆਂ 'ਪੰਜਾਬੀ ਸੁਰਾਂ' ਵਿਚ ਬਦਲ ਚੁੱਕੀਆਂ ਹਨ ਅਤੇ ਹੁਣ ਇਹ ਸੁਰਾਂ ਦਾ ਸੰਕੇਤ ਦਿੰਦੀਆਂ ਹਨ। ਪਰ ਗੁਰਮੁਖੀ ਵਿਚ ਇਹ ਪੰਜ ਅੱਖਰ ਵਿਭਾਜਨ ਲਿਖੇ ਜਾ ਰਹੇ ਹਨ ਪਰ ਇੰਨ੍ਹਾਂ ਅੱਖਰਾਂ ਦਾ ਉਚਾਰਨ ਪੰਜਾਬੀ ਸ਼ਬਦਾਂ ਵਿਚ ਵੱਖ-ਵੱਖ ਸਥਿਤੀਆਂ ਦੇ ਸੰਦਰਭ ਵਿਚ ਵੱਖ-ਵੱਖ ਸਥਿਤੀਆਂ ਦੇ ਸੰਦਰਭ ਵਿਚ ਕੀਤਾ ਜਾਂਦਾ ਹੈ। ਇਸ ਲਈ ਘ, ਝ, ਢ, ਧ, ਭ, ਬਹੁਕਾਰਜੀ ਚਿੰਨ੍ਹ ਹਨ। ਉਦਾਹਰਣ ਦੇ ਤੌਰ 'ਤੇ

1. ਸ਼ਬਦਾਂ ਦੀ ਮੁੱਢਲੀ ਸਥਿਤੀ ਵਿਚ /ਘ, ਝ, ਢ, ਧ, ਭ/ ਧੁਨੀਆਂ ਨੀਵੀਂ ਸੁਰ ਦਾ ਉਚਾਰਨ ਦਿੰਦੀਆਂ ਹਨ ਅਤੇ ਇਹ ਆਦਿ-ਸਥਿਤੀ ਵਿਚ /ਕ, ਚ, ਟ, ਤ, ਪ/ ਵਿਚ ਰੂਪਾਂਤਰਿਤ ਹੋ ਕੇ, ਨਾਲ ਦੀ ਨਾਲ ਸ੍ਵਰ ਉੱਤੇ ਨੀਵੀਂ ਟੋਨ ਨੂੰ ਪ੍ਰਗਟ ਕਰਦੀਆਂ ਹਨ। ਜਿਵੇਂ 'ਘੋੜਾ' : (ਕ ਓ ੜ ਆ), 'ਭਾਈ' : (ਪ ਆ ਈ)।

2. ਸ਼ਬਦਾਂ ਦਾ ਅੰਤਲੀ ਸਥਿਤੀ ਵਿਚ /ਘ, ਝ, ਢ, ਭ/ ਕ੍ਰਮਵਾਰ /ਗ, ਜ, ਡ, ਦ, ਬ/ ਵਿਚ ਤਬਦੀਲ ਹੋ ਕੇ ਨਾਲ ਲੱਗਦੇ ਅਗਲੇ ਸ੍ਵਰ ਉੱਤੇ ਉੱਚੀ ਸੁਰ ਸਹਿਤ ਉਚਾਰੀਆਂ ਜਾਂਦੀਆਂ ਹਨ। ਜਿਵੇਂ : /ਲਾਭ/ : (ਲ ਆ ਬ)।

3. ਸ਼ਬਦਾਂ ਦੀ ਮਝਲੀ ਸਥਿਤੀ ਵਿਚ /ਘ, ਝ, ਢ, ਧ, ਭ/ ਮਹਾਪ੍ਰਾਣ ਧੁਨੀਆਂ /ਗ, ਜ, ਡ, ਦ, ਬ/ ਵਿਚ ਬਦਲ ਜਾਂਦੀਆਂ ਹਨ ਅਤੇ ਧੁਨੀਆਤਮਕ ਵਾਤਾਵਰਣ ਅਨੁਸਾਰ ਕਦੇ ਉੱਚੀ ਸੁਰ ਤੇ ਕਦੇ ਨੀਵੀਂ ਸੁਰ ਨਾਲ ਉਚਾਰਨ ਦੇਂਦੀਆਂ ਹਨ।

ਇਸ ਪ੍ਰਕਾਰ ਪੰਜਾਬੀ ਸਘੋਸ਼ ਮਹਾਪ੍ਰਾਣ ਧੁਨੀਆਂ ਦੇ ਲਖਾਇਕ ਧੁਨੀਚਿੰਨ੍ਹ /ਘ, ਝ, ਢ, ਧ, ਭ/ ਤਿੰਨ ਤਰ੍ਹਾਂ ਦੀਆਂ ਸੁਰਾਂ ਨੂੰ ਰੂਪਮਾਨ ਕਰਦੇ ਹਨ।

**ਹ :** ਪੰਜਾਬੀ ਦੀ /ਹ/ ਧੁਨੀ ਸੁਰਯੰਤਰੀ ਅਤੇ ਅਘੋਸ਼ ਹੈ। /ਹ/ ਦੀ ਵਰਤੋਂ/ਵਿਉਂਤ ਸ਼ਬਦਾਂ ਵਿਚ ਉਪਲਬਧ ਸਥਿਤੀਆਂ 'ਤੇ ਨਿਰਭਰ ਕਰਦੀ ਹੈ। ਇਸ ਹ-ਧੁਨੀ ਦੀ ਵਰਤੋਂ-ਵਿਉਂਤ ਲਈ ਕਈ ਫੋਨੈਟਿਕ ਨਿਯਮ ਲਾਗੂ ਹੁੰਦੇ ਹਨ।

ਲਿਖਤੀ ਟਕਸਾਲੀ ਪੰਜਾਬੀ ਦੇ ਉਚਾਰਨ ਵਿਚ /ਹ/ ਧੁਨੀ ਆਮ ਤੌਰ 'ਤੇ ਸ਼ਬਦਾਂ ਦੇ ਆਰੰਭ, ਮੱਧ ਅਤੇ ਅੰਤ ਤਿੰਨੇ ਸਥਿਤੀਆਂ ਵਿਚ ਸੁਚੇਤ ਤੌਰ 'ਤੇ ਵਿਅੰਜਨ ਸਰੂਪ ਵਾਂਗ ਕਾਰਜਸ਼ੀਲ ਹੁੰਦੀ ਹੈ।

**(ਖ਼ ਗ਼ ਜ਼ ਫ਼) (ਕ਼ ਤ਼ ਅ਼ ਹ਼)** : ਪੰਜਾਬੀ ਭਾਸ਼ਾ ਵਿਚ ਫ਼ਾਰਸੀ ਭਾਸ਼ਾ ਤੋਂ (ਖ਼ ਗ਼ ਜ਼ ਫ਼) ਸੰਘਰਸ਼ੀ ਧੁਨੀਆਂ ਅਤੇ ਅਰਬੀ ਤੋਂ (ਕ਼ ਕੁਆਫ਼) ਤ਼ (ਤੋਏ) ਅ਼ (ਐਨ) ਹ਼ (ਹੇ) ਸ਼ (ਸੁਆਦ) ਧੁਨੀਆਂ ਦਾ ਜਦੋਂ ਮੇਲ ਹੋਇਆ ਤਾਂ ਬਹੁਤ ਸਾਰੀਆਂ ਰਿਣਾਤਮਕ ਵਿਦੇਸ਼ੀ ਧੁਨੀਆ ਦਾ ਨਿਯਮਾਂ ਅਨੁਸਾਰ ਪੰਜਾਬੀਕਰਣ/ਸੁਦੇਸ਼ੀਕਰਣ ਹੋ ਗਿਆ ਹੈ। ਫੇਰ ਵੀ ਕਿਤੇ-ਕਿਤੇ ਇਹ ਧੁਨੀ-ਅੱਖਰ ਲਿਖੇ ਜਾਂਦੇ ਮਿਲਦੇ ਹਨ ਅਤੇ ਉਚਾਰਨ ਦੀ ਕੋਸ਼ਿਸ਼ ਵੀ ਵੇਖੀ ਜਾਂਦੀ ਹੈ।

**ਸ਼:** ਪੰਜਾਬੀ ਭਾਸ਼ਾ ਵਿਚ /ਸ਼/ ਇਕ ਨਵੀਂ ਧੁਨੀ ਹੈ। ਇਹ ਤਾਲਵੀ ਸੰਘਰਸ਼ੀ ਹੈ ਜਿਹੜੀ ਕਿ ਪਿਛਲੀ ਵੀਹਵੀਂ ਸਦੀ ਵਿਚ ਪੰਜਾਬੀ ਵਿਚ ਸੁਰਜੀਤ ਹੋਈ ਹੈ।

## ਟੋਨ

ਜਰਨਲ ਭਾਸ਼ਿਕ ਇਕਾਈ ਦੇ ਤੌਰ 'ਤੇ 'ਸੁਰ' ਇਕ ਅਖੰਡੀ ਧੁਨੀਮ ਹੈ। ਜਦੋਂ ਭਾਸ਼ਾਈ ਕਾਰਜ ਸ਼ਬਦ ਦੀ ਪੱਧਰ 'ਤੇ ਹੁੰਦਾ ਹੈ ਤਾਂ ਉਸ ਨੂੰ ਸੁਰ (ਟੋਨ) ਕਿਹਾ ਜਾਂਦਾ ਹੈ। ਪਰ ਜਦੋਂ ਭਾਸ਼ਾਈ ਕਾਰਜ ਵਾਕ ਦੀ ਪੱਧਰ 'ਤੇ ਹੋਵੇ ਤਾਂ ਉਸਨੂੰ ਸੁਰ-ਲਹਿਰ ਕਿਹਾ ਜਾਵੇਗਾ। ਸੁਰ ਮਨੁੱਖੀ ਆਵਾਜ਼ ਨਾਲ ਸੰਬੰਧਿਤ ਹੈ। ਆਵਾਜ਼ ਉਚਾਰਨੀ ਅੰਗਾਂ ਦੀ ਹਰਕਤ ਦੁਆਰਾ ਨਾਦ-ਤੰਤਰੀਆਂ ਦੀ ਥਰਥਰਾਹਟ ਵਿਚੋਂ ਪੈਦਾ ਹੁੰਦੀ ਹੈ। ਉਚਾਰਨੀ ਅੰਗਾਂ ਦੀ ਹਰਕਤ ਦੁਆਰਾ ਨਾਦ-ਤੰਤਰੀਆਂ ਦੀ ਥਰਥਰਾਹਟ ਵਿਚੋਂ ਪੈਦਾ ਹੁੰਦੀ ਹੈ। ਉਚਾਰਨ ਸਮੇਂ ਪੈਦਾ ਹੋਈ ਨਾਦ-ਤੰਤਰੀਆਂ ਦੀ ਥਰਥਰਾਹਟ ਨੂੰ ਪਿੱਚ ਆਖਿਆ ਜਾਂਦਾ ਹੈ। ਨਾਦ-ਰਹਿਤ (ਅਘੋਸ਼) ਧੁਨੀਆਂ ਦੇ ਮੁਕਾਬਲੇ ਨਾਦੀ ਧੁਨੀਆਂ (ਸਘੋਸ਼) ਵਿਚ ਪਿੱਚ ਵਧੇਰੇ ਹੁੰਦੀ ਹੈ। ਨਾਦ-ਰਹਿਤ ਕਾਰਜ ਵਿਚ ਨਾਦ-ਰਹਿਤ (ਅਘੋਸ਼) ਧੁਨੀਆਂ ਤੇ ਨਾਦੀ (ਸਘੋਸ਼) ਵਿਚ ਪਿੱਚ ਵਧੇਰੇ ਹੁੰਦੀ ਹੈ। ਭਾਸ਼ਾਈ ਕਾਰਜ ਵਿਚ ਨਾਦ-ਰਹਿਤ (ਅਘੋਸ਼) ਧੁਨੀਆਂ ਦੇ ਮੁਕਾਬਲੇ ਨਾਦੀ ਧੁਨੀਆਂ ਤੇ ਨਾਦੀ (ਸਘੋਸ਼) ਧੁਨੀਆਂ ਅੱਗੇ-ਪਿੱਛੇ ਆਉਂਦੀਆਂ ਹਨ। ਇਸ ਲਈ ਪਿੱਚ ਘੱਟਦੀ-ਵਧਦੀ ਰਹਿੰਦੀ ਹੈ। ਪਿੱਚ ਦੇ ਇਸ ਉਤਰਾਅ-ਚੜ੍ਹਾਅ ਤੋਂ ਮਨੁੱਖ ਕਈ ਤਰ੍ਹਾਂ ਦੇ ਭਾਸ਼ਾਈ ਕਾਰਜ ਲੈਂਦਾ ਹੈ। ਇਸ ਭਾਸ਼ਾਈ ਕਾਰਜ ਨੂੰ ਸ਼ਬਦਾਂ ਦੀ ਸੰਗੀਤਮਈ ਲੈ ਕਿਹਾ ਜਾਂਦਾ ਹੈ। ਪਿੱਚ ਸਾਰੀਆਂ ਮਨੁੱਖੀ ਭਾਸ਼ਾਵਾਂ ਦਾ ਹਿੱਸਾ ਹੁੰਦੀ ਹੈ ਪਰ ਹਰੇਕ ਭਾਸ਼ਾ ਇਸ ਨੂੰ ਆਪਣੇ ਤਰੀਕੇ ਅਨੁਸਾਰ ਵਰਤਦੀ ਹੈ ਅਰਥਾਤ ਇਸ ਤੋਂ ਵੱਖਰਾ-ਵੱਖਰਾ ਕਾਰਜ ਲੈਂਦੀ ਹੈ।

ਲੈਅ ਦੇ ਆਧਾਰ 'ਤੇ ਪਿੱਚ (ਤਾਨ) ਦੇ ਦੋ ਪੱਖ ਹਨ। ਜਿੰਨ੍ਹਾਂ ਭਾਸ਼ਾਈ ਕਾਰਜਾਂ ਦਾ ਸੰਬੰਧ ਵਾਕ ਨਾਲ ਹੁੰਦਾ ਹੈ ਉਸ ਨੂੰ ਸੁਰ ਕਿਹਾ ਜਾਂਦਾ ਹੈ। ਮਸਲਨ ਪੰਜਾਬੀ ਸ਼ਬਦ /ਸੋਹਣਾ/ ਵਿਚ ਸੁਰ ਹੈ ਪਰ ਪੰਜਾਬੀ ਵਾਕ 'ਉਹ ਸੋਹਣਾ ਏ !' ਵਿਚ ਸੁਰ-ਲਹਿਰ

(ਇੰਟੋਨੇਸ਼ਨ) ਹੈ। ਇਸ ਤਰ੍ਹਾਂ ਸੁਰਾਂ ਦੇ ਬਦਲਣ ਕਰਕੇ ਤਿੰਨ ਵੱਖ-ਵੱਖ ਅਰਥਾਂ ਵਾਲੇ ਸ਼ਬਦ ਬਣਦੇ ਹਨ :

ਕੋੜਾ ਕੋਹੜਾ ਘੋੜਾ

ਇੰਨ੍ਹਾ ਸ਼ਬਦਾਂ ਵਿਚ ਧੁਨੀਆਂ ਦੀ ਤਰਤੀਬ ਨਹੀਂ ਬਦਲਦੀ ਸਿਰਫ਼ ਪਿੱਚ ਬਦਲਦੀ ਹੈ। ਇਸ ਲਈ ਨਤੀਜੇ ਵਜੋਂ ਅਰਥਾਂ ਵਿਚ ਫ਼ਰਕ ਪੈ ਜਾਂਦਾ ਹੈ। ਇਸ ਲਈ ਇਸ ਤੋਂ ਭਾਸ਼ਾਈ ਕਾਰਜ ਲਿਆ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ 'ਸੁਰ' ਦਾ ਬਹੁਤ ਜ਼ਿਆਦਾ ਮਹੱਤਵ ਹੈ। ਸੁਰ ਦੇ ਕਾਰਨ ਪੰਜਾਬੀ ਭਾਸ਼ਾ ਨੂੰ 'ਸੁਰਾਤਮਕ ਭਾਸ਼ਾ' ਕਿਹਾ ਜਾਂਦਾ ਹੈ। ਭਾਰਤ ਦੀਆਂ ਸਾਰੀਆਂ ਆਰੀਆ ਭਾਸ਼ਾਵਾਂ ਵਿਚੋਂ ਪੰਜਾਬੀ ਹੀ ਇਕ ਅਜਿਹੀ ਭਾਸ਼ਾ ਹੈ ਜਿਸ ਵਿਚ ਸੁਰ ਦੀ ਵਰਤੋਂ ਹੁੰਦੀ ਹੈ। ਉਦਾਹਰਣ ਦੇ ਤੌਰ 'ਤੇ ਪੰਜਾਬੀ ਦੇ ਦੋ ਕਾਰਜੀ ਸ਼ਬਦ ਲੈਂਦੇ ਹਾਂ - 'ਕੜ' ਅਤੇ 'ਕੜ੍ਹ'। ਪਹਿਲੇ ਕੜ ਦਾ ਅਰਥ ਥੱਲਾ ਹੈ ਅਤੇ ਦੂਜੇ ਦਾ ਅਰਥ ਕੜ੍ਹਨਾ, ਉਬਾਲਣਾ ਹੈ। ਇਹਨਾਂ ਸ਼ਬਦਾਂ ਦੀਆਂ ਬਾਕੀ ਸਥਿਤੀਆਂ ਇਕੋ ਜਿਹੀਆਂ ਹਨ ਅਤੇ ਧੁਨੀਆਂ ਤੇ ਸ਼ਬਦ-ਜੋੜ ਇਕ ਸਮਾਨ ਹਨ ਪਰ ਸੁਰ ਦੀ ਹੋਂਦ ਕਰਕੇ ਅਰਥ ਵਿਚ ਅੰਤਰ ਆ ਗਿਆ ਹੈ।

## ਪੰਜਾਬੀ ਸੁਰ ਦੀ ਪਛਾਣ ਤੇ ਸਥਾਪਨਾ

ਪੰਜਾਬੀ ਭਾਸ਼ਾ ਵਿਚ ਸੁਰ ਦੀ ਪਛਾਣ ਅਤੇ ਉਸ ਦੀ ਸਥਾਪਨਾ ਲਈ ਕੁਝ ਉਦਾਹਰਣ ਵੇਖੇ ਜਾ ਸਕਦੇ ਹਨ। ਮਿਸਾਲ ਵਜੋਂ ਪੰਜਾਬੀ ਦੇ ਹੇਠ ਲਿਖੇ ਸ਼ਬਦ ਜੋ ਗੁਰਮੁਖੀ ਵਿਚ ਪਰੰਪਰਾਈ ਤੌਰ 'ਤੇ ਅੰਕਿਤ ਹਨ, ਵੇਖਣਯੋਗ ਹਨ :

/ਘਰ, ਝਾੜੂ, ਢੋਲ, ਧਰਮ, ਭਰਮ/

ਇਹਨਾਂ ਸ਼ਬਦਾਂ ਦੀਆਂ ਮੁੱਢਲੀਆਂ ਧੁਨੀਆਂ (ਘ, ਝ, ਢ, ਧ, ਭ) ਨਾਦੀ ਮਹਾਪ੍ਰਾਣ ਧੁਨੀਆਂ ਨਹੀਂ ਹਨ, ਸਗੋਂ ਤਰਤੀਬ-ਵਾਰ ਸੁਰ-ਮਿਸ਼ਰਿਤ (ਕ, ਚ, ਟ, ਤ, ਪ) ਅਲਪਪ੍ਰਾਣ ਅਘੋਸ਼ ਧੁਨੀਆਂ ਹਨ :

ਘਰ ਘ =(ਕ+ਨੀਵੀਂ ਸੁਰ)
ਝਾੜੂ ਝ=(ਚ+ਨੀਵੀਂ ਸੁਰ)
ਢੋਲ ਢ=(ਟ+ਨੀਵੀਂ ਸੁਰ)
ਧਰਮ ਧ=(ਤ+ਨੀਵੀਂ ਸੁਰ)
ਭਰਮ ਭ=(ਪ+ਨੀਵੀਂ ਸੁਰ)

ਇਨ੍ਹਾਂ ਸ਼ਬਦਾਂ ਦੇ ਆਦਿ-ਵਿਅੰਜਨ ਅਲਪਪ੍ਰਾਣ ਅਘੋਸ਼ ਹਨ ਜਿਨ੍ਹਾਂ ਮਗਰੋਂ ਉੱਤਰਵਰਤੀ ਸ੍ਵਰਾਂ ਨਾਲ ਨੀਵੀਂ ਸੁਰ ਮਿਲੀ ਹੋਈ ਹੈ। ਇਸੇ ਤਰ੍ਹਾਂ ਹੇਠ ਲਿਖੇ ਸ਼ਬਦਾਂ ਦੇ ਮਝਲੇ ਜਾਂ ਅੰਤਲੇ ਵਿਅੰਜਨਾ ਨਾਲ ਉੱਚੀ ਸੁਰ ਮਿਲੀ ਹੋਈ ਹੈ :

/ਸਿੰਘ, ਬਝ, ਸੰਢ, ਬੰਧ, ਲਭ/

ਗੁਰਮੁਖੀ ਵਿਚ ਅੰਕਿਤ ਇਹਨਾਂ ਸ਼ਬਦਾਂ ਦੇ ਅੰਤਲੇ ਵਿਅੰਜਨ (ਘ, ਝ, ਢ, ਧ, ਭ) ਅਸਲ ਵਿਚ ਅਘੋਸ਼ ਅਲਪਪ੍ਰਾਣ (ਗ, ਜ, ਡ, ਦ, ਬ) ਵਿਅੰਜਨ ਹਨ ਜਿੰਨ੍ਹਾਂ ਨਾਲ ਉੱਚੀ ਸੁਰ ਮਿਸ਼ਰਿਤ ਹੈ :

ਸਿੰਘਘ=(ਗ+ਉੱਚੀ ਸੁਰ)

ਬੱਝ ਝ=(ਜ+ਉਚੀ ਸੁਰ)

ਸੰਢ ਢ=(ਡ+ਉੱਚੀ ਸੁਰ)

ਬੰਧ ਧ=(ਦ+ਉੱਚੀ ਸੁਰ)

ਲਭ ਭ= (ਬ+ਉੱਚੀ ਸੁਰ)

ਇਸੇ ਤਰ੍ਹਾਂ ਸੁਰ ਦੀ ਪਛਾਣ ਤੇ ਸਥਾਪਨਾ ਲਈ ਹੇਠ ਲਿਖੇ ਵਿਰੋਧੀ ਲਘੂ ਜੋੜੇ ਇਕ ਪਰਖ-ਵਿਧੀ ਦੀ ਸ਼ਕਲ ਵਿਚ ਵੇਖੇ ਜਾ ਸਕਦੇ ਹਨ :

ਕੋੜ੍ਹਾ : ਕੋੜਾ (ਕੋੜ੍ਹਾ ਕੁਸ਼ਟ ਰੋਗ ਦਾ ਰੋਗੀ ਅਤੇ ਕੋੜਾ ਘੋੜੇ ਦਾ ਚਾਬੁਕ)

ਚਾਹ : ਚਾ (ਚਾਹ ਦਾ ਮਾਇਨਾ ਅਤੇ ਚਾ ਦਾ ਮਾਇਨਾ ਤਾਂਘ, ਉਮੰਗ)

ਕੜ੍ਹ : ਕੜ (ਕੜ ਉਬਾਲਣਾ ਹੈ ਅਤੇ ਕੜ ਦਾ ਅਰਥ ਥੱਲਾ ਹੈ)

ਉਪਰੋਕਤ ਜੁੱਟਾਂ ਵਿਚ ਜੋ ਅਰਥ ਦਾ ਫ਼ਰਕ ਮਿਲਦਾ ਹੈ ਉਸ ਦੀ ਜ਼ਿੰਮੇਵਾਰ ਟੋਨ ਹੈ। ਕੋੜਾ ਤੇ ਕੋੜ੍ਹਾ ਵਿਚ ਜੋ ਅਰਥ-ਭੇਦ ਹੈ ਉਹ ਸਿਰਫ਼ ਸੁਰ ਦੀ ਆਮਦ ਦਾ ਹੀ ਨਤੀਜਾ ਹੈ, ਬਾਕੀ ਸਾਰਾ ਵਾਤਾਵਰਣ ਜਾਂ ਪ੍ਰਸੰਗ ਬਿਲਕੁਲ ਇਕੋ ਜਿਹਾ ਹੈ। ਇੰਨ੍ਹਾਂ ਸਾਰੇ ਕਾਰਜੀ ਉਦਾਹਰਣਾਂ ਤੋਂ ਪੰਜਾਬੀ ਭਾਸ਼ਾ ਵਿਚ ਟੋਨ ਹੀ ਅਰਥਪੂਰਨ ਸਥਾਪਿਤ ਹੁੰਦੀ ਹੈ।

**ਸੁਰ ਦੇ ਪ੍ਰਕਾਰ :** ਹੁਣ ਤੱਕ ਜੋ ਖੋਜ ਹੋਈ ਹੈ ਉਸ ਦੇ ਨਤੀਜੇ ਵਜੋਂ ਪੰਜਾਬੀ ਵਿਚ ਤਿੰਨ ਤਰ੍ਹਾਂ ਦੀ 'ਸੁਰ' ਮੰਨੀ ਜਾਂਦੀ ਹੈ। ਅਰਥਾਤ –

1. ਉੱਚੀ ਸੁਰ
2. ਮਝਲੀ ਜਾਂ ਸਾਂਵੀਂ ਸੁਰ
3. ਨੀਵੀਂ ਸੁਰ

**ਉੱਚੀ ਸੁਰ :** ਉੱਚੀ ਸੁਰ ਦੂਜੀਆਂ ਦੋਹਾਂ ਨਾਲੋਂ ਉੱਚੀ ਹੁੰਦੀ ਹੈ ਪਰ ਬਾਕੀ ਸਾਰੇ ਲੱਛਣ ਸਾਂਝੇ ਹੁੰਦੇ ਹਨ। ਉੱਚੀ ਸੁਰ ਵੇਲੇ ਸੁਰਾਤਮਕ ਉਚਾਰਖੰਡ (ਸਿਲੇਬਲ) ਦੂਜੀਆਂ ਦੋਹਾਂ ਨਾਲੋਂ ਛੋਟਾ ਹੁੰਦਾ ਹੈ। ਇਸ ਦੇ ਉਚਾਰਨ ਸਮੇਂ ਕੰਠ-ਪਠਾਰੀ ਵਿਚ ਕਸਾਓ ਮਹਿਸੂਸ ਹੁੰਦਾ ਹੈ। ਉੱਚੀ ਸੁਰ ਵਧੇਰੇ ਤੇਜ਼ ਤੇ ਤਿੱਖੀ ਹੁੰਦੀ ਹੈ (ਸੰਧੂ)। ਉੱਚੀ ਸੁਰ ਉੱਤਮ ਤਾਨ ਤੇ ਸੁਣੀ ਜਾਂਦੀ ਹੈ।

ਪੰਜਾਬੀ ਦੀ ਲਿਖਣ-ਵਿਧੀ ਵਿਚ /ਘ, ਝ, ਢ, ਧ, ਭ/ ਜਦੋਂ ਸ਼ਬਦਾਂ ਦੀ ਮੱਧਵਰਤੀ ਜਾਂ ਅੰਤਲੀ ਸਥਿਤੀ ਵਿਚ ਸਥਿਤ ਹੁੰਦੇ ਹਨ ਤਾਂ ਅਸਲ ਵਿਚ ਇੰਨ੍ਹਾਂ ਦੀਆਂ ਧੁਨੀਆਤਮਕ ਕੀਮਤਾਂ ਸਘੋਸ਼ ਅਲਪਪ੍ਰਾਣ ਜਮ੍ਹਾਂ ਉੱਚੀ ਸੁਰ ਵਾਲੀਆਂ ਹੁੰਦੀਆਂ ਹਨ। ਉਦਾਹਰਣ ਪੇਸ਼ ਹਨ :

**ਮੱਧਵਰਤੀ ਸਥਿਤੀ –**

| | | | | |
|---|---|---|---|---|
| ਮਾਘੀ | : | ਮ ਆ/ਗ ਈ | : | ਗ+ਉੱਚੀ ਸੁਰ |
| ਸੋਝੀ | : | ਸ ਓ/ਜ ਈ | : | ਜ+ਉੱਚੀ ਸੁਰ |
| ਸੋਢੀ | : | ਸ ਢ/ਡ ਈ | : | ਡ+ਉੱਚੀ ਸੁਰ |

| | | | | |
|---|---|---|---|---|
| ਸੋਧੀ | : | ਸ ਢ/ ਦ ਈ | : | ਦ+ਉੱਚੀ ਸੁਰ |
| ਲੋਭੀ | : | ਲ ਓ/ ਬ ਈ | : | ਬ+ਉੱਚੀ ਸੁਰ |
| ਅਖ਼ੀਰਲੀ ਸਥਿਤੀ ਸਿੰਘ | : | ਸ ਇੰ/ ਗ | : | ਗ+ਉੱਚੀ ਸੁਰ |
| ਸਾਂਝ | : | ਸ ਆ/ ਜ | : | ਜ+ਉੱਚੀ ਸੁਰ |
| ਕਾਢ | : | ਕ ਆ/ ਡ | : | ਡ+ਉੱਚੀ ਸੁਰ |
| ਸਾਧ | : | ਸ ਆ/ ਦ | : | ਦ+ਉਚੀ ਸੁਰ |
| ਲਾਭ | : | ਲ ਆ/ ਬ | : | ਬ+ਉੱਚੀ ਸੁਰ |

**ਮਝਲੀ ਸੁਰ :** ਇਹ ਸੁਰ ਦੂਜੀਆਂ ਦੋਹਾਂ ਸੁਰਾਂ ਦੇ ਵਿਚਕਾਰ ਦਰਮਿਆਨੀ ਪਿੱਚ (ਤਾਨ) ਵਾਲੀ ਹੁੰਦੀ ਹੈ। ਮਝਲੀ ਸੁਰ ਵੇਲੇ ਸੁਰਾਤਮਕ ਉਚਾਰਖੰਡ ਦਰਮਿਆਨੀ ਲੰਬਾਈ ਦਾ ਹੁੰਦਾ ਹੈ। ਮਝਲੀ ਸੁਰ ਕੋਈ ਨਿਸ਼ਾਨੀ ਅੰਕਿਤ ਨਹੀਂ ਹੁੰਦੀ। ਕਈ ਵਾਰ ਇਹ ਪੱਧਰੀ (–।) ਨਿਸ਼ਾਨੀ ਲਗਾਈ ਜਾਂਦੀ ਹੈ। ਇਸਦੇ ਉਚਾਰਨ ਸਮੇਂ ਕੋਈ ਖਿੱਚ ਜਾਂ ਕਸਾਓ ਮਹਿਸੂਸ ਨਹੀਂ ਹੁੰਦਾ। ਪੰਜਾਬੀ ਦੇ ਹੇਠ ਲਿਖੇ ਸ਼ਬਦਾਂ ਵਿਚ ਮਝਲੀ ਜਾਂ ਮਧਵਰਤੀ ਸੁਰ ਉਪਲਬਧ ਹੁੰਦੀ ਹੈ :

| | |
|---|---|
| ਕੜੀ | ਪਾਰ |
| ਕੋੜਾ | ਪਾ |
| ਕੋੜੀ | ਪਾੜਾ |
| ਚਾ | ਕੜ |
| ਕਾਲ | ਕੰਡੀ |

ਮਝਲੀ ਜਾਂ ਮੱਧਵਰਤੀ ਸੁਰ ਦੇ ਉਚਾਰਨ ਵਿਚ ਪ੍ਰਾਣਤਾ ਬਹੁਤ ਜ਼ਿੰਮੇਵਾਰ ਨਹੀਂ ਹੁੰਦੀ। ਇਸ ਦਾ ਸੰਬੰਧ ਬਹੁਤ ਕਰਕੇ ਬਲ (ਸਟ੍ਰੈਸ) ਤੇ ਤਾਨ (ਪਿੱਚ) ਨਾਲ ਹੈ। ਬਲ ਤੇ ਤਾਨ ਜਦੋਂ ਕਿਸੇ ਇਕ ਜਾਂ ਦੂਜੇ ਉਚਾਰ ਖੰਡ ਤੇ ਬੋਲੇ ਜਾਂਦੇ ਹਨ ਤਾਂ ਮੱਧਵਰਤੀ ਸੁਰ ਪੈਦਾ ਹੁੰਦੀ ਹੈ।

## ਬਲ

ਅੰਗ੍ਰੇਜ਼ੀ ਸ਼ਬਦ stress ਦਾ ਪੰਜਾਬੀ ਪਰਿਆਈ 'ਬਲ' ਹੈ। ਭਾਰਤੀ ਭਾਸ਼ਾਵਾਂ ਵਿਚ ਇਸ ਸੰਕਲਪ ਨੂੰ 'ਬਲਾਘਾਤ' ਵੀ ਕਿਹਾ ਜਾਂਦਾ ਹੈ (ਬਲ+ਅਘਾਤ = ਬਲਾਘਾਤ)। ਭਾਸ਼ਾ-ਸੰਰਚਨਾ ਵਿਚ ਬਲ ਇਕ ਅਖੰਡੀ ਧੁਨੀਮ ਦਾ ਕਾਰਜ ਕਰਦਾ ਹੈ ਕਿਉਂਕਿ ਬਲ ਅਰਥ-ਭੇਦਕ ਹੈ, ਯਾਨੀ ਅਰਥ ਬਦਲਦਾ ਹੈ। 'ਬਲ' ਇਕ ਪਰਿਭਾਸ਼ਿਕ ਸ਼ਬਦ ਹੈ ਜਿਸ ਨੂੰ ਧੁਨੀ-ਵਿਗਿਆਨ ਦੇ ਖਾਸ ਪ੍ਰਸੰਗ ਵਿਚ ਪ੍ਰਯੁਕਤ ਕੀਤਾ ਜਾਂਦਾ ਹੈ। 'ਬਲ' ਨੂੰ ਕਿਸੇ ਉਚਾਰ-ਖੰਡ ਉੱਤੇ ਵਿਸ਼ੇਸ਼ ਜ਼ੋਰ ਦੇਣ ਦੀ ਮਾਤਰਾ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ।

### ਬਲ ਦੀ ਪਰਿਭਾਸ਼ਾ

'ਬਲ' ਉਚਾਰ-ਸ਼ਕਤੀ ਦੀ ਉਹ ਮਾਤਰਾ ਹੈ ਜਿਸ ਨਾਲ ਕਿਸੇ ਭਾਸ਼ਿਕ ਇਕਾਈ (ਧੁਨੀ, ਉਚਾਰਖੰਡ, ਸ਼ਬਦ, ਵਾਕਾਂਸ਼, ਵਾਕ) ਦਾ ਉਚਾਰਨ ਕੀਤਾ ਜਾਂਦਾ ਹੈ ਅਤੇ ਜੋ ਸਾਹ ਦੀ ਹਵਾ (ਪੌਣ-ਧਾਰਾ) ਦੀ ਤੀਬਰਤਾ ਅਤੇ ਉਚਾਰਕ ਅੰਗਾਂ ਦੀ ਦ੍ਰਿੜਤਾ 'ਤੇ ਨਿਰਭਰ ਕਰਦੀ ਹੈ। ਆਰ.ਐਚ. ਰੋਬਿਨਜ਼ ਅਨੁਸਾਰ ਬਲ (ਬਲਾਘਾਤ) ਕਿਸੇ ਪ੍ਰਵਚਨ/ਉਚਾਰ ਦੀ ਖਾਸ ਇਕਾਈ ਦੇ ਉਚਾਰਨ ਵਿਚ ਮੁਕਾਬਲਤਨ ਵਧੇਰੇ ਜ਼ੋਰ ਦੇਣ ਦਾ ਨਾਮ ਹੈ। ਇਸ ਲਈ ਬਲ ਦਾ ਸੰਬੰਧ ਉਚਾਰਨ ਵਿਚ ਮੁਕਾਬਲਤਨ ਵਧੇਰੇ ਜ਼ੋਰ ਦੇਣ ਦਾ ਨਾਮ ਹੈ। ਇਸ ਲਈ ਬਲ ਦਾ ਸੰਬੰਧ ਉਚਾਰਨ ਨਾਲ ਹੈ। ਬਲ ਦੀ ਵਰਤੋਂ ਜ਼ਿਆਦਾਤਰ ਅੰਗਰੇਜ਼ੀ ਆਦਿ ਭਾਸ਼ਾਵਾਂ ਵਿਚ ਹੁੰਦੀ ਹੈ ਜੋ stress languages ਹਨ। ਅੰਗਰੇਜ਼ੀ ਦਾ ਸ਼ਬਦ transport ਕੀ ਨਾਂਵ ਹੈ ਜਾ ਕਿਰਿਆ ਹੈ ਇਸ ਦਾ ਗਿਆਨ 'ਬਲ' ਤੋਂ ਹੀ ਹੰਦਾ ਹੈ ਜਿਸਨੂੰ ਅੰਗਰੇਜ਼ੀ ਭਾਸ਼ਾ ਦੇ ਬੁਲਾਰੇ ਹੀ ਪਛਾਣ ਸਕਦੇ ਹਨ ਪਰ ਬਲ ਦੀ ਵਰਤੋਂ ਪੰਜਾਬੀ ਵਿਚ ਬਹੁਤੀ ਉਭਰਵੀਂ ਨਹੀਂ। ਪੰਜਾਬੀ ਭਾਸ਼ਾ ਦੀ ਸੰਰਚਨਾ ਵਿਚ ਖਾਸ ਕਰਕੇ ਪੰਜਾਬੀ ਧੁਨੀ-ਸਿਸਟਮ ਵਿਚ ਬਲ ਦੀ ਹੋਂਦ ਹੈ ਜੋ ਅਰਥ ਭੇਦਕ, ਨਿਖੇੜੂ ਤੇ phonemic ਹੈ।

### ਪੰਜਾਬੀ ਵਿਚ ਬਲ

ਡਾ. ਹਰਦੇਵ ਬਾਹਰੀ ਨੇ ਪੰਜਾਬੀ ਵਿਚ 'ਬਲ' ਦੀ phonemic ਹੋਂਦ ਸਵੀਕਾਰ ਕੀਤੀ ਹੈ। ਉਦਾਹਰਨ ਵਜੋਂ ਗਲਾ ਤੇ ਗੱਲਾ (ਪਿਘਲਾਉਣਾ) ਵਿਚ ਅੰਤਰ ਪ੍ਰਤੀਤ ਹੁੰਦਾ ਹੈ ਉਸ ਦਾ ਆਧਾਰ ਅੰਤਿਮ ਧੁਨੀਮ /-ਆ/ ਦਾ ਬਲ-ਸਹਿਤ ਹੋਣਾ ਹੈ। ਇਸ ਨੂੰ ਕਈ ਵਾਰ ਗੁਰਮੁਖੀ ਲਿਪੀ ਵਿਚ 'ਗਲਾਅ' ਲਿਖਿਆ ਜਾਂਦਾ ਹੈ। ਇਸ ਤਰ੍ਹਾਂ ਤਲਾ ਤੇ ਤੱਲਾ ਦੋ ਵਿਰੋਧੀ ਜੁਟ ਬਣਦੇ ਹਨ। ਤਲਾ ਜੁੱਤੀ ਦਾ ਹੇਠਲਾ ਹਿੱਸਾ ਹੈ ਅਤੇ ਤੱਲਾ ਤਾਲਾਬ ਹੈ।

ਪੰਜਾਬੀ ਦੇ ਇਕਹਿਰੇ ਉਚਾਰਖੰਡੀ ਸ਼ਬਦਾਂ ਵਿਚ ਬਲ ਕੇਵਲ ਵਾਕਆਤਮਕ ਹੁੰਦਾ ਹੈ। ਵਾਕ ਦੇ ਪ੍ਰਵਾਹ ਵਿਚ ਕਿਸੇ ਇਕ ਸ਼ਬਦ ਨੂੰ ਬਲ-ਸਹਿਤ ਉਚਾਰਿਆ ਜਾਂਦਾ ਹੈ ਜਿਵੇਂ ਕਿ ਵਕਤੇ ਦੀ ਸਥਿਤੀ ਮੰਗ ਕਰਦੀ ਹੋਵੇ :

ਮੈਂ ਘਰ ਜਾਵਾਂਗਾ/ਮੈਂ ਘਰ ਜਾਵਾਂਗਾ।

ਪਰੰਤੂ ਬਹੁ-ਉਚਾਰਖੰਡੀ (polysyllsbic) ਸ਼ਬਦਾਂ ਵਿਚ ਬਲ ਆਮ ਕਰਕੇ ਲੰਮੇ, ਦੀਰਘ ਉਚਾਰਖੰਡ ਤੇ ਹੁੰਦਾ ਹੈ। ਮਿਸਾਲ ਵਜੋਂ ਸ਼ਬਦ : 'ਵਿਚਾਰ' 'ਸੁਆਦ', ਵਿਚੋਂ ਬਲ, 'ਚਾ' ਅਤੇ 'ਆ' ਤੇ ਹੀ ਸਥਾਪਨ ਹੁੰਦਾ ਹੈ।

ਪੰਜਾਬੀ ਵਿਚ germination ਜਾਂ ਦੁੱਤੀਕਰਨ ਦੀ ਅਧਿਕ ਪ੍ਰਵਿਰਤੀ ਹੈ। ਇਸ ਦਾ ਗੁਰਮੁਖੀ ਲਿਪੀਅੰਕਣ / ੱ / ਨਾਲ ਕੀਤਾ ਜਾਂਦਾ ਹੈ। ਅੱਧਕ ਦੀ ਹੋਂਦ phonemic ਹੈ ਅਰਥਾਤ ਅੱਧਕ ਨਾਲ ਅਰਥ ਬਦਲਦਾ ਹੈ ਜਿਵੇਂ ਕਿ ਹੇਠ ਲਿਖੇ ਵਿਰੋਧੀ ਜੁਟਾਂ ਤੋਂ ਸਪਸ਼ਟ ਹੈ :

| | | |
|---|---|---|
| ਪੱਤਾ | ਤੇ | ਪਤਾ |
| ਕਿੱਲਾ | ਤੇ | ਕਿਲਾ |

ਸੱਦੀ ਤੇ ਸਦੀ

ਇਹ ਦੁੱਤੀਕਰਨ 'ਬਲ' ਦਾ ਸੂਚਕ ਹੈ। 'ਦੁੱਤ-ਧੁਨੀਆਂ' ਉੱਤੇ ਖਾਸ ਜ਼ੋਰ ਪੈਣ ਕਰਕੇ ਪ੍ਰਾਸੰਗਿਕ ਭਾਵ ਬਦਲ ਜਾਂਦਾ ਹੈ।

**ਸੰਗਮ**

ਧੁਨੀਮਕ ਵਿਸ਼ਲੇਸ਼ਣ ਦੇ ਅੰਤਰਗਤ 'ਸੰਗਮ' ਵੀ ਇਕ ਸਾਰਥਕ ਅਖੰਡੀ ਧੁਨੀਗ੍ਰਾਮ ਮੰਨਿਆ ਜਾਂਦਾ ਹੈ ਅੰਗ੍ਰੇਜ਼ੀ ਦੇ ਸਮਾਨਅਰਥਕ ਸ਼ਬਦ ਵਜੋਂ 'ਸੰਗਮ' ਦੀ ਵਰਤੋਂ ਕੀਤੀ ਜਾਂਦੀ ਹੈ। ਆਧੁਨਿਕ ਹਿੰਦੀ ਵਿਚ ਇਸ ਸੰਕਲਪ ਲਈ ਸੰਹਿਤਾ ਸ਼ਬਦ ਪ੍ਰਚਲਿਤ ਹੈ। 'ਸੰਗਮ' ਫੌਨਾਲੋਜੀ ਵਿਚ ਵਰਤਿਆ ਜਾਂਦਾ ਇਕ ਪਰਿਭਾਸ਼ਕ ਸ਼ਬਦ ਹੈ। 'ਸੰਗਮ' ਧੁਨੀਆਤਮਕ ਹੱਦਬੰਦੀ ਦੀ ਵਿਸ਼ੇਸ਼ਤਾ ਦਾ ਸੂਚਕ ਸੰਕਲਪ ਹੈ ਜੋ ਸ਼ਬਦ, ਵਾਕਾਂਸ਼ ਆਦਿ ਵਿਆਕਰਣਿਕ ਇਕਾਈਆਂ ਵਿਚ ਸੀਮਾ-ਰੇਖਾ ਨਿਰਧਾਰਿਤ ਕਰਦਾ ਹੈ। ਭਾਸ਼ਿਕ ਉਕਤੀ ਵਿਚ ਭਾਸ਼ਿਕ ਇਕਾਈਆਂ ਦੇ ਦਰਮਿਆਨ ਜੋ ਵਿਥ ਜਾਂ ਅੰਤਰਾਲ ਮਿਲਦਾ ਹੈ ਉਹ ਧੁਨੀਮਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੈ। ਅਸਲ ਵਿਚ ਇਹ ਚੁੱਪ ਹੈ ਜਾਂ ਇਹ ਬਿਸਰਾਮ ਹੈ ਜੋ ਸੰਗਮ ਦਾ ਪ੍ਰਮੁੱਖ ਵਿਸ਼ੇਸ਼ ਲੱਛਣ ਹੈ, ਪਰ ਭਾਸ਼ਾ ਦੀ ਬੋਲ-ਧਾਰਾ ਵਿਚ ਇਹ ਬਿਸ ਰਾਮ ਹੈ ਜੋ ਸੰਗਮ ਦਾ ਪ੍ਰਮੁੱਖ ਵਿਸ਼ੇਸ਼ ਲੱਛਣ ਹੈ, ਪਰ ਭਾਸ਼ਾ ਦੀ ਬੋਲ-ਧਾਰਾ ਵਿਚ ਇਹ ਸੰਗਮ-ਆਧਾਰੀ ਚੁੱਪ ਉਭਰਵੀਂ ਹੁੰਦੇ ਹਨ। 'ਬੋਲੀ ਦੀ ਨਿਰੰਤਰ ਧਾਰਾ ਵਿਚ ਟੋਟ-ਸੰਗਮ ਦੀ ਨਿਸ਼ਾਨੀ ਹੈ।' ਭਾਵ ਇਹ ਹੈ ਕਿ ਫੋਨੈਮਿਕ ਵਿਸ਼ਲੇਸ਼ਣ ਦੇ ਉਪਰਾਲੇ ਵਿਚ ਸ਼ਬਦਾਂ ਦੇ ਅੰਤ ਦੀਆਂ ਸਥਿਤੀਆਂ ਅਤੇ ਸ਼ਬਦਾਂ ਦੇ ਸ਼ੁਰੂ ਦੀਆਂ ਸਥਿਤੀਆਂ ਨੂੰ ਵਿਸ਼ੇ-ਸਾਮੱਗਰੀ ਦੇ ਰੂਪ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਵਿਚ ਸ਼ਬਦਾਂ ਦੇ ਵਿਚਾਲੇ ਪ੍ਰਾਪਤ ਸੱਖਣੀਆਂ ਥਾਵਾਂ ਨੂੰ ਅਤੇ ਉਨ੍ਹਾਂ ਲਈ ਮਖ਼ਸੂਸ ਵਿਸ਼ੇਸ਼ਕ ਚਿੰਨ੍ਹਾਂ ਨੂੰ ਫੋਨੀਮਾਂ ਦੇ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਹੈ। ਸ਼ੁੱਧ ਰੂਪ ਵਿਚ ਸ਼ਬਦਾਂ ਦੀਆਂ ਸੀਮਾਵਾਂ ਅਤੇ ਭਾਸ਼ਿਕ ਅੰਸ਼ਾਂ ਦੀਆਂ ਵਿਚਲੀਆਂ ਸੀਮਾਵਾਂ ਸੁਣਨ-ਗੋਚਰੀਆਂ ਨਹੀਂ ਹੁੰਦੀਆਂ। ਇਹ ਸੀਮਾਵਾਂ ਬੋਲੀ ਦੇ ਉਚਾਰਨ-ਪ੍ਰਵਾਹ ਦਾ ਅੰਗ ਉਸ ਤਰ੍ਹਾਂ ਨਹੀਂ ਹੁੰਦੀਆਂ ਜਿਸ ਤਰ੍ਹਾਂ ਕਿ ਵਿਅੰਜਨ ਤੇ ਸ੍ਵਰ ਧੁਨੀਮ ਜਾਂ ਬਲ ਤੇ ਸੁਰ ਵਰਗੇ ਯੂਨਿਟ ਹੁੰਦੇ ਹਨ ਅਤੇ ਨਾ ਹੀ ਸਾਰੇ ਸ਼ਬਦ ਮੌਖਿਕ ਉਚਾਰ ਵਿਚ ਬਿਸਰਾਮਾਂ ਨਾਲ ਤੇ ਖਾਲੀ ਥਾਵਾਂ ਨਾਲ ਵੱਖਰੇ-ਵੱਖਰੇ ਕੀਤੇ ਜਾਂਦੇ ਹਨ ਜਿਵੇਂ ਕਿ ਲਿਖੇ ਹੋਏ ਤੇ ਛਪੇ ਹੋਏ ਸ਼ਬਦ ਸੱਖਣੀਆਂ ਥਾਵਾਂ ਨਾਲ ਨਿਖੇੜੇ ਗਏ ਹੁੰਦੇ ਹਨ (ਅਰਥਾਤ ਵਿਰੋਧਾਤਮਕ ਰੂਪ ਵਿਚ ਸਥਿਤ ਹੋ ਕੇ ਅਰਥ ਵਿਚ ਤਬਦੀਲੀ ਕਰਨ ਦੇ ਸਮਰੱਥ ਹੁੰਦੇ ਹਨ)। ਕਿੰਤੂ ਛਿਣਮਾਤਰ ਅਣ-ਉਚਾਰ (ਚੁੱਪ) ਦੀ ਕਾਲ-ਸੀਮਾ ਦੇ ਰੂਪ ਵਿਚ ਸੰਗਮ ਫੋਨੀਮ ਮਹਿਸੂਸ ਹੁੰਦੇ ਹਨ ਇਸ ਲਈ ਵਿਗਿਆਨਿਕ ਵਿਧੀ ਨਾਲ ਅਪਣਾਏ ਚਿੰਨ੍ਹਾਂ ਦੁਆਰਾ ਲਿਪੀਅੰਕਿਤ ਕੀਤੇ ਜਾਂਦੇ ਹਨ ਜੋ ਸਾਫ ਤੌਰ 'ਤੇ ਅਰਥਪੂਰਨ ਤੇ ਅਸਲੀ ਧੁਨੀਆਤਮਕ ਅਨੁਭਵਾਂ 'ਤੇ ਆਧਾਰਿਤ ਹੁੰਦੇ ਹਨ।

ਬੋਲੀ ਪ੍ਰਵਾਹ ਵਿਚ ਸਥਾਪਿਤ ਸੰਗਮ ਫੋਨੀਮਾਂ ਨੂੰ ਲਿਪੀਅੰਕਨ ਦੁਆਰਾ ਅੰਕਿਤ ਕੀਤਾ ਜਾਂਦਾ ਹੈ। ਆਮ ਤੌਰ 'ਤੇ ਇਹ ਚਿੰਨ੍ਹ /+/ ਅਥਵਾ /≠/ ਪ੍ਰਯੁਕਤ ਕੀਤੇ ਜਾਂਦੇ

ਹਨ। ਉਚਾਰ-ਪ੍ਰਵਾਹ ਵਿਚ ਪ੍ਰਾਪਤ ਵੰਨਗੀਆਂ ਅੰਗ੍ਰੇਜ਼ੀ ਭਾਸ਼ਾ ਵਿਚ ਵੇਖੀਆਂ ਜਾ ਸਕਦੀਆਂ ਹਨ। ਅੰਗਰੇਜ਼ੀ ਵਿਚ ਦੋ ਵਾਕ ਹਨ : ice cream ਅਤੇ ਇੰਨ੍ਹਾਂ ਦੋਹਾਂ ਪ੍ਰਵਚਨਾਂ ਦੇ ਸ੍ਵਰ ਤੇ ਵਿਅੰਜਨ ਸਾਂਝੇ ਹਨ ਪਰ ਅੰਗਰੇਜ਼ੀ ਭਾਸ਼ੀ ਇੰਨ੍ਹਾਂ ਦੋਹਾਂ ਵਿਚਲੇ ਫ਼ਰਕ ਨੂੰ ਚੰਗੀ ਤਰ੍ਹਾਂ ਸਮਝ ਲੈਂਦੇ ਹਨ। ਇਸ ਦਾ ਕੀ ਕਾਰਨ ਹੈ ? ਇਸ ਦਾ ਕਾਰਨ ਬਹੁਤ ਹੀ ਥੋੜਾ ਠਹਿਰਾਉ, ਬਿਸਰਾਮ ਜਾਂ ਅਣਉਂਚਾ ਦੀ ਅਵਸਥਾ ਹੈ ਜੋ ਪਹਿਲੇ ਦੀ ਤੇ ਮਗਰਲੇ ਦੀ ਰੂਪ ਵਿਚ ਵੰਡ ਕਰਦੀ ਹੈ ਕਿਉਂਕਿ ਇਹਨਾਂ ਦੋਹਾਂ ਯੂਨਿਟਾਂ ਵਿਚ ਪੈਦਾ ਹੋਏ ਅਰਥਾਂ ਦੀ ਭਿੰਨਤਾ ਦਾ ਜ਼ਿੰਮੇਵਾਰ ਬਿਸਰਾਮ ਜਾਂ ਠਹਿਰਾਉ ਹੈ ਇਸ ਲਈ ਇਹ ਫੋਨੈਮਿਕ ਹੈ। ਅਜਿਹੇ ਫੋਨੀਮ ਨੂੰ ਜਾਂ ਸੰਗਮ ਕਿਹਾ ਜਾਂਦਾ ਹੈ ਜਿਸਨੂੰ ਚਿੰਨ੍ਹ ≠ ਦੁਆਰਾ ਅੰਕਿਤ ਕੀਤਾ ਜਾਂਦਾ ਹੈ।

ਅੰਗ੍ਰੇਜ਼ੀ ਵਿਚ ਹੋਰ ਵੀ ਜੁੱਟ ਹਨ, ਜਿਵੇਂ :

Ice cream : /ais ≠ krim/

I scream : /ai ≠ skrim/

ਪੰਜਾਬੀ ਵਿਚ ਸੰਗਮ ਦੇ ਕੁਝ ਉਦਾਹਰਣ ਉਪਲਬਧ ਹਨ। ਜਿਵੇਂ :

an aim /a name

an ocean / a notion

at ease / a tease

/ਕਟੋਰੇ ≠ ਹੇਠਾਂ ਰਖਦੇ/ : /ਕਟੋਰੇ ਹੇਠਾਂ ≠ ਰਖਦੇ/

/ਰੋਕੋ ਮਤ ≠ ਜਾਣ ਦਿਉ/ : /ਰੋਕੋ ≠ ਮਤ ਜਾਣ ਦਿਉ/,

/ਗੁਰਬਖ਼ਸ਼ ≠ ਕਿੱਥੇ ਹੈ ਕ੍ਰਿਪਾਲ/ :/ਗੁਰਬਖ਼ਸ਼ ਕਿੱਥੇ ਹੈ ≠ ਕ੍ਰਿਪਾਲ/

/ਭਾ≠ ਜੀ/ : /ਭਾਜੀ/

ਇਨ੍ਹਾਂ ਉਦਾਹਰਨਾਂ ਵਿਚ ਦੋਹਾਂ ਜੁੱਟਾਂ ਦੇ ਵੱਖਰੇ-ਵੱਖਰੇ ਅਰਥ ਹਨ, ਜੋ ਸੰਗਮ ਦਾ ਸਿੱਟਾ ਹਨ।

# ਪੰਜਾਬੀ ਰੂਪ ਵਿਗਿਆਨ

ਰੂਪ ਵਿਗਿਆਨ ਵਿਆਕਰਣ ਦੀ ਇਕ ਮਹੱਤਵਪੂਰਨ ਸ਼ਾਖਾ ਹੈ। ਵਿਆਕਰਣ ਦੀ ਦੂਜੀ ਸ਼ਾਖਾ ਵਿਚ ਵਾਕ-ਵਿਗਿਆਨ ਹੈ। ਭਾਸ਼ਾ ਵਿਗਿਆਨੀਆਂ ਨੇ ਵੱਖ-ਵੱਖ ਦ੍ਰਿਸ਼ਟੀਆਂ ਤੋਂ ਰੂਪ-ਵਿਗਿਆਨ ਦੇ ਸੰਕਲਪ ਨੂੰ ਪਰਿਭਾਸ਼ਿਤ ਕਰਨ ਦੇ ਯਤਨ ਕੀਤੇ ਹਨ।

"ਮਾਰਫੋਲੌਜੀ, ਵਿਆਕਰਣ ਦੀ ਇਕ ਬ੍ਰਾਂਚ ਹੈ ਜੋ ਸ਼ਬਦਾਂ ਦੀ ਅੰਦਰੂਨੀ ਬਣਤਰ (ਆਂਤਰਿਕ ਸੰਰਚਨਾ) ਨਾਲ ਸਰੋਕਾਰ ਰੱਖਦੀ ਹੈ ...ਰੂਪ-ਵਿਗਿਆਨ, ਪਰਿਭਾਸ਼ਿਕ ਸ਼ਬਦ ਹੈ ਜੋ ਸ਼ਬਦਾਂ ਦੇ ਰੂਪਾਂ ਨਾਲ ਸੰਬੰਧਿਤ ਹੈ।"

## ਰੂਪ ਵਿਗਿਆਨ ਦੇ ਪ੍ਰਕਾਰ

ਡੇਵਿਡ ਕ੍ਰਿਸਟਲ ਅਤੇ ਲੌਰੀ ਬੌਏਰ ਨੇ ਰੂਪ-ਵਿਗਿਆਨ ਦੇ ਦੋ ਮੁੱਖ ਪ੍ਰਕਾਰ-ਭੇਦ ਨਿਰੂਪਿਤ ਕੀਤੇ ਹਨ :

1. ਵਿਉਂਤਪਤੀ-ਮੂਲਕ
2. ਵਿਭਕਤੀ-ਮੂਲਕ/ਰੂਪਾਂਤਰੀ ਰੂਪ-ਵਿਗਿਆਨ

## ਰੂਪ-ਵਿਗਿਆਨ ਅਤੇ ਵਿਆਕਰਣਕ ਇਕਾਈਆਂ

ਪੁਰਾਤਨ ਪਰੰਪਰਾਗਤ ਭਾਸ਼ਾ-ਵਿਗਿਆਨ ਥਿਊਰੀ ਵਿਚ ਵਿਆਕਰਣਕ ਵਰਣਨ ਦੀਆਂ ਕੇਵਲ ਦੋ ਹੀ ਇਕਾਈਆਂ-ਸ਼ਬਦ ਅਤੇ ਵਾਕ ਕਾਰਜਸ਼ੀਲ ਮੰਨੀਆਂ ਜਾਂਦੀਆਂ ਸਨ। ਆਧੁਨਿਕ ਭਾਸ਼ਾ ਵਿਗਿਆਨੀਆਂ ਨੇ 'ਸ਼ਬਦ' ਅਤੇ 'ਵਾਕ' ਇਕਾਈਆਂ ਤੋਂ ਇਲਾਵਾ ਤਿੰਨ ਹੋਰ ਵਿਆਕਰਣਕ ਇਕਾਈਆਂ ਦੀ ਪਹਿਚਾਣ ਸਥਾਪਿਤ ਕੀਤੀ ਹੈ, ਜਿੰਨ੍ਹਾਂ ਵਿਚ ਉਪਵਾਕ, ਵਾਕੰਸ਼ ਅਤੇ ਰੂਪਗ੍ਰਾਮ/ਰੂਪੀਮ ਸ਼ਾਮਿਲ ਹਨ।

**ਉਪਵਾਕ :** ਅਜਿਹਾ ਸ਼ਬਦ-ਸਮੂਹ ਜਿਸ ਦਾ ਆਪਣਾ ਕਰਤਾ ਤੇ ਵਿਧੇਅ ਹੋਵੇ ਅਤੇ ਜੋ ਕਿਸੇ ਵਡੇਰੇ ਵਾਕ ਦੇ ਅੰਤਰਗਤ ਮੌਜੂਦ ਹੋਵੇ, ਉਹ ਉਪਵਾਕ ਹੁੰਦਾ ਹੈ।

**ਵਾਕੰਸ਼ :** ਅਜਿਹਾ ਸ਼ਬਦ-ਸਮੂਹ ਜਿਸ ਦਾ ਆਪਣਾ ਕਰਤਾ ਤੇ ਵਿਧੇਅ ਨਾ ਹੋਵੇ ਉਹ ਵਾਕੰਸ਼ (ਫਰੇਜ਼) ਹੁੰਦਾ ਹੈ।

**ਰੂਪਗ੍ਰਾਮ :** ਵਿਆਕਰਣ ਵਿਸ਼ਲੇਸ਼ਣ ਦੀਆਂ ਹੋਰ ਅਜਿਹੀਆਂ ਲਘੂਤਮ ਇਕਾਈਆਂ ਹਨ ਜਿੰਨ੍ਹਾਂ ਦੇ ਸੰਯੋਜਨ ਤੇ ਸਥਾਪਨ ਨਾਲ ਸ਼ਬਦਾਂ ਦੀ ਉਸਾਰੀ/ਰਚਨਾ ਹੁੰਦੀ ਹੈ ਅਤੇ ਉਨ੍ਹਾਂ ਨੂੰ ਰਿਵਾਜਨ ਰੂਪੀਮ ਜਾਂ ਰੂਪਗ੍ਰਾਮ ਕਿਹਾ ਜਾਂਦਾ ਹੈ। ਇਸ ਤਰ੍ਹਾਂ ਵਿਆਕਰਣ ਸਿਸਟਮ ਵਿਚ ਹੇਠ ਲਿਖੀਆਂ ਇਹ ਪੰਜ ਵਿਆਕਰਣਕ ਇਕਾਈਆਂ ਉਪਲਬਧ ਹੁੰਦੀਆਂ ਹਨ : /ਵਾਕ, ਉਪਵਾਕ, ਵਾਕੰਸ਼, ਸ਼ਬਦ, ਰੂਪਗ੍ਰਾਮ/।

## ਰੂਪਗ੍ਰਾਮਾਂ ਦੇ ਪ੍ਰਕਾਰ

ਇਸ ਤਰ੍ਹਾਂ ਰੂਪਗ੍ਰਾਮਾਂ ਦੇ ਕਈ ਪ੍ਰਕਾਰ-ਭੇਦ ਉਪਲੱਬਧ ਹੁੰਦੇ ਹਨ। ਰੂਪਗ੍ਰਾਮਾਂ ਦਾ ਇਹ ਪਰਸਪਰ ਨਿਖੇੜਾ ਰੂਪ, ਕਾਰਜ ਅਤੇ ਅਰਥ ਪੱਖੋਂ ਸਾਕਾਰ ਹੁੰਦਾ ਹੈ।

1. ਸੁਤੰਤਰ ਰੂਪਗ੍ਰਾਮ ਅਤੇ ਬੰਧੇਜੀ ਰੂਪਗ੍ਰਾਮ

ਸਭ ਤੋਂ ਪਹਿਲਾਂ ਰੂਪਗ੍ਰਾਮਾਂ ਨੂੰ ਦੋ ਪ੍ਰਕਾਰਾਂ ਵਿਚ ਵੰਡਿਆ ਜਾਂਦਾ ਹੈ-

1. ਸੁਤੰਤਰ ਰੂਪਗ੍ਰਾਮ
2. ਬੰਧੇਜੀ ਰੂਪਗ੍ਰਾਮ

ਸੁਤੰਤਰ ਰੂਪਗ੍ਰਾਮ ਉਹ ਹਨ ਜੋ ਵੱਖਰੇ ਸ਼ਬਦਾਂ ਦੇ ਤੌਰ 'ਤੇ ਅਲੱਗ-ਅਲੱਗ ਵਿਚਰ ਸਕਦੇ ਹਨ ਅਤੇ ਜੋ ਵਰਤੋਂ-ਵਿਉਂਤ ਵਿਚ ਆਤਮ-ਨਿਰਭਰ (ਸੁਤੰਤਰ) ਹੁੰਦੇ ਹਨ ਪਰ ਦੂਜੇ ਪਾਸੇ ਬੰਧੇਜੀ ਰੂਪਗ੍ਰਾਮ ਉਹ ਹਨ, ਜਿਹੜੇ ਸੁਤੰਤਰ ਮਾਰਫੀਮਾਂ ਨਾਲ ਜੁੜ ਕੇ ਹੀ ਵਰਤੋਂ ਦੇ ਯੋਗ ਹੋ ਸਕਦੇ ਹਨ, ਇਸ ਲਈ ਬੰਧੇਜੀ ਮਾਰਫੀਮ ਪਰ-ਨਿਰਭਰ ਹੁੰਦੇ ਹਨ।

**2. ਕੋਸ਼ੀ ਰੂਪਗ੍ਰਾਮ ਅਤੇ ਵਿਆਕਰਣ ਰੂਪਗ੍ਰਾਮ**

ਕੋਸ਼ੀ ਰੂਪਗ੍ਰਾਮ ਕਿਸੇ ਭਾਸ਼ਾ ਦੇ ਅਰਥ-ਵਾਹਕ ਤੱਤ ਹੁੰਦੇ ਹਨ ਜੋ ਸੰਬੰਧਿਤ ਭਾਸ਼ਾ ਦੇ ਨਵੇਂ ਸ਼ਬਦਾਂ ਦੀ ਉਸਾਰੀ ਕਰਦੇ ਹਨ। ਕੋਸ਼ੀ ਮਦਾਂ ਵਿਚ ਸੁਤੰਤਰ ਮਾਰਫੀਮ ਅਤੇ ਬੰਧੇਜੀ ਮਾਰਫੀਮ ਦੋਵੇਂ ਹੀ ਸ਼ਾਮਲ ਹੁੰਦੇ ਹਨ ਕਿਉਂਕਿ ਇਹ ਦੋਵੇਂ ਕਿਸਮ ਦੇ ਮਰਾਫੀਮ ਕਾਰਜੀ ਤੌਰ 'ਤੇ ਅਰਥਾਂ ਦਾ ਸੰਚਾਰ ਕਰਦੇ ਹਨ।

ਉਹ ਵਿਆਕਰਣਕ ਮਾਰਫੀਮ ਜੋ ਵੱਖਰੇ ਤੌਰ 'ਤੇ ਸ਼ਬਦ ਜਾਂ ਮਦ ਵਜੋਂ ਪ੍ਰਚੱਲਤ ਹੁੰਦੇ ਹਨ ਜਿਵੇਂ ਕਿ ਸਬੰਧਕ ਉਨ੍ਹਾਂ ਨੂੰ function words ਕਿਹਾ ਜਾਂਦਾ ਹੈ ਜਿਵੇਂ ਪੰਜਾਬੀ / ਨੂੰ, ਤੋਂ, ਵਿਚ, ਦਾ, ਦੇ, ਲਈ/ ਆਦਿ।

**ਵਿਉਤਪਤੀ-ਮੂਲਕ ਮਾਰਫੀਮ ਅਤੇ ਵਿਭਕਤੀ-ਮੂਲਕ (ਰੂਪਾਂਤਰੀ) ਮਾਰਫੀਮ**

ਜਿੰਨ੍ਹਾਂ ਵਿਉਂਤਪਤੀ-ਮੂਲਕ ਅਗੇਤਰਾਂ, ਪਿਛੇਤਰਾਂ ਅਤੇ ਮਧੇਤਰਾਂ ਦੇ ਸੰਯੋਗ ਨਾਲ ਸ਼ਬਦਾਂ ਦੀ ਰਚਨਾ ਹੁੰਦੀ ਹੈ ਅਤੇ ਜਿੰਨ੍ਹਾਂ ਦਾ ਸੰਰਚਨਾਤਮਕ ਦ੍ਰਿਸ਼ਟੀ ਤੋਂ ਅਧਿਐਨ ਹੁੰਦਾ ਹੈ, ਉਹ ਵਿਉਂਤਪਤ ਪਿਛੇਤਰ ਮਾਰਫੀਮ ਜਾਂ ਵਿਉਤਪੱਤੀ-ਮੂਲਕ ਮਾਰਫੀਮ ਹਨ। ਜਿਵੇਂ ਸਮਾਜਿਕ, ਧਾਰਮਿਕ ਵਿਚ /-ਇਕ/ ਜੋਗੀ, ਰੋਗੀ, ਭੋਗੀ ਵਿਚ /-ਈ/ ਅਤੇ ਪਾਠਕ, ਦਰਸ਼ਕ ਵਿਚ / -ਅਕ/ ਵਿਉਤਪਤ ਪਿਛੇਤਰ ਹਨ।

ਵਿਭਕਤੀ ਮਾਰਫੀਮ ਵਿਉਤਪਤ ਸ਼ਬਦਾਂ ਤੋਂ ਬਾਅਦ ਜੁੜਦੇ ਹਨ ਅਤੇ ਜੋ ਵਿਆਕਰਣਕ ਸਬੰਧਾਂ ਦੇ ਸੂਚਕ ਹੁੰਦੇ ਹਨ, ਜਿਵੇਂ ਬਹੁਵਚਨ, ਭੂਤਕਾਲ, ਕਾਰਕੀ ਵਿਭਕਤੀਆਂ ਜੋ ਵਾਕਾਤਮਕ ਸੰਦਰਭਾਂ ਵਿਚ ਵਿਆਕਰਣਕ ਸੰਦਰਭਾਂ ਵਿਚ ਵਿਆਕਰਣਕ ਸਬੰਧਾਂ ਨੂੰ ਸੂਚਿਤ ਕਰਦੇ ਹਨ। ਜਿਵੇਂ :

| | | |
|---|---|---|
| ਬਹੁ-ਵਚਨ | : | ਘੋੜੇ, ਮੰਜੇ, ਕੁੱਤੇ, ਆਦਿ ਵਿਚ /-ਏ/ : ਬਹੁਵਚਨੀ ਵਿਭਕਤੀ ਮਾਰਫੀਮ |
| ਭੂਤਕਾਲ | : | ਪੀਤਾ, ਸੁੱਤਾ, ਧੋਤਾ, ਨ੍ਹਾਤਾ ਆਦਿ ਵਿਚ/-ਤਾ/ : ਭੂਤਕਾਲੀ ਕ੍ਰਿਦੰਤ ਵਿਭਕਤੀ ਮਾਰਫੀਮ |
| ਭਵਿੱਖਤਕਾਲ | : | ਲਿਖੇਗਾ, ਲਿਖੇਗੀ, ਲਿਖਾਂਗਾ ਆਦਿ ਵਿਚ /-ਗਾ, -ਗੀ, -ਆਂਗਾ/ : ਭਵਿੱਖਵਾਚੀ ਵਿਭਕਤੀ ਮਾਰਫੀਮ। |

### ਸ਼ਬਦ ਰਚਨਾ ਅਤੇ ਸ਼ਬਦਾਵਲੀ

ਪੰਜਾਬੀ ਸ਼ਬਦ ਰਚਨਾ ਦੀ ਦ੍ਰਿਸ਼ਟੀ ਤੋਂ (ਸੰਖਿਪਤ ਤਰਕੀਬਾਂ ਨੂੰ ਛੱਡ ਕੇ) ਪੰਜਾਬੀ ਸ਼ਬਦਾਂ ਨੂੰ ਤਿੰਨ ਵਰਗਾਂ ਵਿਚ ਰੱਖਿਆ ਜਾਂਦਾ ਹੈ। ਸਾਧਾਰਨ ਸ਼ਬਦ, ਸੰਯੁਕਤ ਸ਼ਬਦ ਅਤੇ ਵਿਉਤਪਤ।

**ਸਾਧਾਰਨ ਸ਼ਬਦ :** ਸਾਧਾਰਨ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ। ਕੋਸ਼ਗਤ ਸ਼ਬਦ ਅਤੇ ਵਿਆਕਰਣਕ ਸ਼ਬਦ। ਜਿੰਨ੍ਹਾਂ ਸ਼ਬਦ ਰੂਪਾਂ ਨੂੰ ਕੋਸ਼ ਵਿਚ ਦਰਜ ਕਰਨ ਲਈ ਕਿਹਾ ਜਾਂਦਾ ਹੈ। ਪੰਜਾਬੀ ਵਿਚ ਸੁਤੰਤਰ ਧਾਤੂ ਕੋਸ਼ਗਤ ਸ਼ਬਦਾਂ ਦਾ ਨਿਰਮਾਣ ਕਰਦੇ ਹਨ। ਜਿਵੇਂ ਪੀ, ਕਰ, ਲੈ, ਜਾ, ਬੈਠ, ਤੁਰ, ਤੇਲ, ਊਠ ਆਦਿ ਕੋਸ਼ਗਤ ਸ਼ਬਦ ਹਨ। ਵਿਆਕਰਨਕ ਪ੍ਰਸੰਗ ਅਧੀਨ ਵਿਚਰਨ ਵਾਲੇ ਸ਼ਬਦ ਰੂਪਾਂ ਨੂੰ ਵਿਆਕਰਨਕ ਸ਼ਬਦ ਕਿਹਾ ਜਾਂਦਾ ਹੈ। ਸੁਤੰਤਰ ਪਾਰਟੀਕਰਲਜ਼ ਵਿਆਕਰਣਕ ਸ਼ਬਦਾਂ ਦਾ ਨਿਰਮਾਣ ਕਰਦੇ ਹਨ।






**ਸੰਯੁਕਤ ਸ਼ਬਦ :** ਪੰਜਾਬੀ ਸੰਯੁਕਤ ਸ਼ਬਦ ਰਚਨਾ ਤਿੰਨ ਤਰ੍ਹਾਂ ਸਾਕਾਰ ਹੁੰਦੀ ਹੈ : (ੳ) ਸਮਾਸਾਂ ਰਾਹੀਂ (ਅ) ਦੁਜਾਤੀ ਸ਼ਬਦਾਂ ਰਾਹੀਂ ਅਤੇ (ੲ) ਦੁਹਰਤੀ ਰਾਹੀਂ।

**ਸਮਾਸੀ ਸ਼ਬਦ ਰਚਨਾ**

ਦੋ ਮੁਕਤ ਜਾਂ ਬੰਧੇਜੀ ਸ਼ਬਦ ਰੂਪਾਂ ਜਾਂ ਧਾਤੂਆਂ ਦੇ ਜੋੜ ਤੋਂ ਬਣ ਨਵੇਂ ਸ਼ਬਦ ਰੂਪਾਂ ਸਮਾਸੀ ਸ਼ਬਦ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਸਮਾਸੀ ਸ਼ਬਦ ਰਚਨਾ ਵਿਚ ਸ਼ਬਦ ਰੂਪਾਂ ਦੀ ਤਰਕੀਬ ਨਿਮਨ ਅਨੁਸਾਰ ਹੋ ਸਕਦੀ ਹੈ ;

1. ਮੁਕਤ + ਮੁਕਤ
2. ਬੰਧੇਜੀ + ਮੁਕਤ
3. ਬੰਧੇਜੀ + ਬੰਧੇਜੀ

1. ਮੁਕਤ + ਮੁਕਤ
   ਭੇਡ + ਚਾਲ = ਭੇਡਚਾਲ
   ਲੋਕ + ਸਭਾ = ਲੋਕਸਭਾ
   ਸਿਰ + ਪੀੜ = ਸਿਰਪੀੜ
2. ਬੰਧੇਜੀ + ਮੁਕਤ
   ਘੋੜ + ਮੱਤ = ਘੋੜਮੱਤ
   ਘੋੜ + ਸਵਾਰ = ਘੋੜ ਸਵਾਰ
   ਹੂੜ + ਮੱਤ = ਹੂੜਮੱਤ
3. ਬੰਧੇਜੀ + ਬੰਧੇਜੀ
   ਰਿਸ਼ਟ + ਪੁਸ਼ਟ = ਰਿਸ਼ਟਪੁਸ਼ਟ
   ਨਿੱਕੜ + ਸੁੱਕੜ = ਨਿੱਕੜਸੁੱਕੜ
   ਉੱਥਲ + ਪੁੱਥਲ = ਉੱਥਲਪੁੱਥਲ

**ਦੁਜਾਤੀ ਸ਼ਬਦ ਰਚਨਾ**

ਦੁਜਾਤੀ ਸ਼ਬਦ ਸਿਰਜਣਾ ਦੋ ਵਿਭਿੰਨ ਸਰੋਤਾਂ ਤੋਂ ਆਏ ਸ਼ਬਦਾਂ ਦੇ ਮੇਲ ਰਾਹੀਂ ਹੁੰਦੀ ਹੈ। ਪੰਜਾਬੀ ਵਿਚ ਦੁਜਾਤੀ ਸ਼ਬਦ ਸਿਰਜਨਾ ਦੋ ਤਰ੍ਹਾਂ ਸਾਕਾਰ ਹੁੰਦੀ ਹੈ :

1. ਅਰਬੀ ਫ਼ਾਰਸੀ ਸ਼ਬਦਾਂ ਰਾਹੀਂ
2. ਅੰਗਰੇਜ਼ੀ ਸ਼ਬਦਾਂ ਰਾਹੀਂ

**ਅਰਬੀ ਫ਼ਾਰਸੀ ਸ਼ਬਦਾਂ ਰਾਹੀਂ**

ਚਿੱਟਾ ਸਫ਼ੈਦ

ਲਾਲ ਸੁਰਖ

ਕਾਲਾ ਸਿਆਹ

**ਅੰਗਰੇਜ਼ੀ ਸ਼ਬਦਾਂ ਰਾਹੀਂ**

ਬੱਸ ਅੱਡਾ

ਨਾਰ ਜੂਸ

ਸੇਬ ਜੂਸ
ਰੇੜ੍ਹੀ ਸਟੈਂਡ

ਅਰਬੀ ਫ਼ਾਰਸੀ ਦੇ ਸ਼ਬਦ, ਆਮ ਕਰਕੇ, ਦੁਜਾਤੀ ਸ਼ਬਦ ਰਚਨਾ ਸਮੇਂ ਦੂਜੇ ਮੈਂਬਰ ਦੇ ਤੌਰ 'ਤੇ ਵਿਚਰਦੇ ਹਨ, ਜਦੋਂ ਕਿ ਅੰਗਰੇਜ਼ੀ ਸ਼ਬਦ ਬਹੁਤਾ ਕਰਕੇ ਤਾਂ ਦੂਜੇ ਮੈਂਬਰ ਵਜੋਂ ਹੀ ਵਿਚਰਦੇ ਹਨ, ਪਰੰਤੂ ਇਹ ਪਹਿਲੇ ਮੈਂਬਰ ਦੇ ਤੌਰ 'ਤੇ ਵੀ ਆ ਸਕਦੇ ਹਨ।

**ਸ਼ਬਦ-ਰਚਨਾ ਦੇ ਮੁੱਖ ਭੇਦ**

ਸ਼ਬਦ-ਰਚਨਾ ਦੇ ਦੋ ਮੁਖ ਭੇਦ ਮੰਨੇ ਜਾਂਦੇ ਹਨ : (1) ਵਿਉਤਪਤੀ (2) ਸਮਾਸੀਕਰਣ

**ਵਿਉਤਪਤੀ ਅਤੇ ਸਮਾਸੀਕਰਣ**

ਵਿਉਤਪਤੀ ਵਿਚ ਪਹਿਲਾਂ ਤੋਂ ਪ੍ਰਚੱਲਿਤ ਰੂਪਗ੍ਰਾਮਾਂ ਦੇ ਸੰਯੋਗ ਨਾਲ ਧਾਤੂਆਂ ਜਾਂ ਮੂਲਾਸ਼ਾਂ ਤੋਂ ਸ਼ਬਦਾਂ ਦੀ ਸਿਰਜਣਾ ਕੀਤੀ ਜਾਂਦੀ ਹੈ। ਕਈ ਵਿਦਵਾਨ ਵਿਉਤਪੱਤੀ ਪ੍ਰਕਿਰਿਆ ਨੂੰ ਵਿਉਤਪੱਤੀ-ਮੂਲਕ ਰੂਪ-ਵਿਗਿਆਨ ਜਾਂ ਕੋਸ਼ਾਤਮਕ ਰੂਪ-ਵਿਗਿਆਨ) ਵੀ ਕਹਿੰਦੇ ਹਨ।

ਦੂਜੇ ਬੰਨੇ ਸਮਾਸੀਕਰਣ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਦੋ ਜਾਂ ਵਧੀਕ ਸ਼ਬਦਾਂ ਦੇ ਸੰਯੋਜਨ ਤੋਂ ਨਵਾਂ ਸ਼ਬਦ ਸਿਰਜਿਤ ਹੁੰਦਾ ਹੈ, ਭਾਵੇਂ ਉਸ ਨਾਲ ਕੋਈ ਵਧੇਤਰ ਜੁੜ ਵੀ ਸਕਦਾ ਹੈ ਜਾਂ ਨਹੀਂ। ਜਿਵੇਂ 'ਰਾਜਮਹਿਲ' ਦੋ ਸ਼ਬਦਾਂ 'ਰਾਜ' ਅਤੇ 'ਮਹਿਲ' ਦੇ ਜੋੜ ਤੋਂ ਸਮਾਸੀਕਰਣ ਦੀ ਪ੍ਰਕਿਰਿਆ ਦੁਆਰਾ ਸਿਰਜਿਤ ਸਮਾਸੀ ਸ਼ਬਦ ਬਣਿਆ ਹੈ। ਪਹਿਲਾਂ 'ਵਿਉਤਪੱਤੀ ਦੀ ਪ੍ਰਕਿਰਿਆ ਦਾ ਵਿਸਥਾਰ ਵਰਣਨ ਕੀਤਾ ਜਾਵੇਗਾ।

**ਵਿਉਤਪੱਤੀ ਦੁਆਰਾ ਵਿਉਤਪੰਨ ਸ਼ਬਦਾਂ ਦੇ ਉਦਾਹਰਣ**

ਪੰਜਾਬੀ ਦੇ ਧਾਤੂ 'ਪਾਠ' ਨਾਲ ਜਦੋਂ ਵਿਉਂਤਪਤ ਪਿਛੇਤਰ 'ਕ' ਸੰਜੁਗਤ ਹੁੰਦਾ ਹੈ ਤਾਂ 'ਪਾਠਕ' ਸ਼ਬਦ ਦੀ ਰਚਨਾ ਹੁੰਦੀ ਹੈ। ਏਥੇ 'ਪਾਠ' ਦਾ ਧਾਤੂਗਤ ਅਰਥ ਸੀ ਪੜ੍ਹਨਾ ਅਤੇ ਵਿਉਤਪੰਨ ਸ਼ਬਦ 'ਪਾਠਕ' ਦਾ ਅਰਕ ਹੈ 'ਪੜ੍ਹਨ ਵਾਲਾ'। ਇਸੇ ਤਰ੍ਹਾਂ ਅੰਗਰੇਜ਼ੀ ਕ੍ਰਿਆ ਨਾਲ ਜਦੋਂ ਵਿਉਤਪਤ ਪਿਛੇਤਰ ਦੇ ਸੰਯੋਗ ਹੁੰਦਾ ਹੈ ਤਾਂ ਨਵਾਂ ਸ਼ਬਦ ਰਚਿਆ ਜਾਂਦਾ ਹੈ। ਇਸ ਰਚਨਾ ਦੀ ਪ੍ਰਕਿਰਿਆ ਨਾਲ ਵਿਉਤਪੰਨ ਨਵੇਂ ਸ਼ਬਦਾਂ ਦਾ ਵਿਆਕਰਣ ਤੇ ਅਰਥ ਵੀ ਬਦਲ ਗਏ ਹਨ। ਵਿਉਤਪੰਨ ਸ਼ਬਦਾਂ ਦਾ ਰੇਖਾ-ਚਿਤਰ ਵੇਖੋ :

| **ਕ੍ਰਿਆ ਪਿਛੇਤਰ** | | **ਨਾਂਵ** | Verb suffix | : | noun |
|---|---|---|---|---|---|
| ਦਰਸ਼ +ਕ | : | ਦਰਸ਼ਕ | Help +er | : | helper |
| ਸੰਪਾਦ +ਕ | : | ਸੰਪਾਦਕ | Walk+er | : | walker |
| ਚਾਲ +ਕ | : | ਚਾਲਕ | Teach+er | : | teacher |
| ਸ੍ਰਿਜ +ਕ | : | ਸ੍ਰਿਜਕ | Drive+er | : | driver |

**2. ਨਾਂਵ ਸ਼੍ਰੇਣੀ ਤੋਂ ਵਿਉਤਪੰਨ ਵਿਸ਼ੇਸ਼ਣ :**

| **ਨਾਂਵ** | | **ਵਿਉਤਪਤ** | | **ਵਿਉਤਪੰਨ ਵਿਸ਼ੇਸ਼ਣ** |
|---|---|---|---|---|
| ਗਿਆਨ | + | –ਈ | : | ਗਿਆਨੀ |
| ਯੋਗ | + | –ਈ | : | ਯੋਗੀ |

**3. ਵਿਸ਼ੇਸ਼ਣ ਸ਼੍ਰੇਣੀ ਤੋਂ ਵਿਉਤਪੰਨ ਨਾਂਵ-ਸ਼ਰੇਣੀ ਦੇ ਉਦਾਹਰਣ :**

| **ਵਿਸ਼ੇਸ਼ਣ** | | **ਵਿਉਤਪੱਤ ਪਿਛੇਤਰ** | | **ਨਾਂਵ** |
|---|---|---|---|---|
| ਵੱਡਾ | + | –ਇਆਈ | : | ਵਡਿਆਈ |
| ਭਲਾ | + | –ਈ | : | ਭਲਾਈ |
| ਵਿਸ਼ੇਸ਼ | + | –ਤਾ | : | ਵਿਸ਼ੇਸ਼ਤਾ |
| ਖਾਸ | + | –ਈਅਤ | : | ਖਾਸੀਅਤ |

**4. ਵਿਉਤਪਤ ਅਗੇਤਰਾਂ ਦੇ ਸੰਯੋਗ ਤੋ ਰਚੇ ਹੋਏ (ਵਿਉਤਪੰਨ) ਸ਼ਬਦਾਂ ਦੇ ਉਦਾਹਰਣ :**

| **ਅਗੇਤਰ** | | **ਧਾਤੂ/ਮੂਲਾਂਸ਼** | | **ਵਿਉਤਪੰਨ ਸ਼ਬਦ** | **ਵਿਆਕਰਣਕ ਪਰਿਵਰਤਨ** | |
|---|---|---|---|---|---|---|
| ਪਰ– | + | ਲੋਕ | : | ਪਰਲੋਕ | ਨਾਂਵ | ਨਾਂਵ |
| ਅਣ– | + | ਥੱਕ | : | ਅਣਥੱਕ | ਕ੍ਰਿਆ | ਵਿਸ਼ੇਸ਼ਣ |
| ਅ– | + | ਭੁੱਲ | : | ਅਭੁੱਲ | ਨਾਂਵ | ਵਿਸ਼ੇਸ਼ਣ |
| ਅਤਿ– | + | ਆਚਾਰ | : | ਅਤਿਆਚਾਰ | ਨਾਂਵ | ਨਾਂਵ |

**ਪੰਜਾਬੀ ਸ਼ਬਦ-ਰਚਨਾ : ਸਮਾਸੀਕਰਣ**

ਵਿਉਤਪੱਤੀ ਦੀ ਪ੍ਰਕਿਰਿਆ ਵਿਚ ਜਿੱਥੇ ਕੱਲੇ-ਕਹਿਰੇ ਸ਼ਬਦ ਦੀ ਰਚਨਾ ਬਾਰੇ ਚਰਚਾ ਕੀਤੀ ਜਾਂਦੀ ਹੈ ਅਤੇ ਇਹ ਦੱਸਿਆ ਜਾਂਦਾ ਹੈ ਕਿ ਕਿਸੇ ਧਾਤੂ/ਮੂਲਾਂਸ਼ ਨਾਲ ਅਗੇਤਰ ਜਾਂ ਪਿਛੇਤਰ ਜੋੜ ਕੇ ਨਵੀਨ ਸ਼ਬਦਾਂ ਦੀ ਉਸਾਰੀ ਕੀਤੀ ਜਾਂਦੀ ਹੈ ਉਥੇ ਸ਼ਬਦ-ਰਚਨਾ ਦੀ ਦੂਜੀ ਪ੍ਰਕਿਰਿਆ 'ਸਮਾਸੀਕਰਣ' ਵਿਚ ਇਕ ਸ਼ਬਦ ਤੋਂ ਵਧੇਰੇ ਦੋ-ਤਿੰਨ ਸ਼ਬਦਾਂ ਦਾ ਸੰਯੋਜਨ (ਮੇਲ) ਕਰਕੇ ਨਵੇਂ-ਨਵੇਂ ਸ਼ਬਦਾ ਦੀ ਰਚਨਾ ਕੀਤੀ ਜਾਂਦੀ ਹੈ। ਕੁਝ ਉਦਾਹਰਨ ਪੇਸ਼ ਹਨ : ਰਾਜਮਹਿਲ, ਧਰਮਸ਼ਾਲਾ।

**ਪੰਜਾਬੀ ਵਿਚ ਸਮਾਸੀਕਰਣ**

ਸਮਾਸੀਕਰਣ ਵਰਣਾਤਮਕ ਭਾਸ਼ਾ-ਵਿਗਿਆਨ ਵਿਚ ਸ਼ਬਦ-ਰਚਨਾ ਦੀ ਪ੍ਰਕਿਰਿਆ ਦੀ ਹੈਸੀਅਤ ਵਿਚ 'ਸਮਾਸੀਕਰਣ' ਇਕ ਪਰਿਭਾਸ਼ਿਕ ਸ਼ਬਦ ਹੈ। ਸਮਾਸ ਇਕ ਭਾਸ਼ਾਈ ਯੂਨਿਟ ਹੈ ਜਿਸ ਦੀ ਸਿਰਜਨਾ ਦੋ ਭਾਸ਼ਾਈ ਤੱਤਾਂ ਦੇ ਮੇਲ ਤੋਂ ਹੁੰਦੀ ਹੈ ਅਤੇ ਇਹ ਭਾਸ਼ਾਈ ਤੱਤ (ਸ਼ਬਦ) ਹੋਰ ਸਥਿਤੀਆਂ ਵਿਚ ਅਲੱਗ-ਅਲੱਗ ਸੁਤੰਤਰ ਤੌਰ

'ਤੇ ਵਿਚਰ ਸਕਦੇ ਹਨ। ਸਮਾਸ-ਯੁਕਤ ਸ਼ਬਦ ਆਮ ਤੌਰ 'ਤੇ ਦੋ ਜਾਂ ਦੋ ਤੋਂ ਵੱਧ ਸੁਤੰਤਰ ਮਾਰਫੀਮਾਂ ਦੇ ਸੰਯੋਗ ਨਾਲ ਰਚੇ ਜਾਂਦੇ ਹਨ। ਬੁਨਿਆਦੀ ਤੌਰ 'ਤੇ ਸਮਾਸੀਕਰਣ ਦੀ ਪ੍ਰਵਿਰਤੀ ਦੂਹਰਾਤਮਕ ਹੁੰਦੀ ਹੈ ਅਤੇ ਇਸ ਵਿਚ ਅਕਸਰ ਦੋ ਰਚਨਾਂਗ ਕ੍ਰਿਆਸ਼ੀਲ ਹੁੰਦੇ ਹਨ।

**ਪੰਜਾਬੀ ਵਿਚ ਸਮਾਸੀ ਸ਼ਬਦ ਦੀਆਂ ਵੰਨਗੀਆਂ**

ਪੰਜਾਬੀ ਇਕ ਵਿਯੋਗਾਤਮਕ ਭਾਸ਼ਾ ਹੈ, ਪਰ ਇਸ ਵਿਚ ਸਾਰੀਆਂ ਦੀ ਪ੍ਰਕਿਰਿਆ ਮਿਸ਼ਰਿਤ ਕੋਸ਼ਕੀ ਸ਼ਬਦਾਂ ਅਤੇ ਦੋ ਜਾਂ ਵਧੇਰੇ ਸਾਧਾਰਨ ਕੋਸ਼ਕੀ ਸ਼ਬਦਾਂ ਦੇ ਦਰਮਿਆਨ ਉਪਲਬਧ ਸੰਬੰਧਾਂ ਦਾ ਨਿਰੂਪਣ ਕਰਦੀ ਹੈ।

ਪੰਜਾਬੀ ਇਕ ਵਿਜੋਗਾਤਮਕ ਭਾਸ਼ਾ ਹੈ, ਪਰ ਇਸ ਵਿਚ ਸਾਰੀਆਂ ਪ੍ਰਮੁੱਖ ਕੋਸ਼ੀ ਸ਼ਬਦ-ਸ਼੍ਰੇਣੀਆਂ ਦੇ ਸਮਾਸ ਮਿਲਦੇ ਹਨ ਜਿਵੇਂ :

ਨਾਂਵ+ਨਾਂਵ, ਵਿਸ਼ੇਸ਼ਣ+ਨਾਂਵ, ਨਾਂਵ+ਵਿਸ਼ੇਸ਼ਣ, ਨਾਂਵ+ਕਿਰਿਆ, ਵਿਸ਼ੇਸ਼ਣ+ਨਾਂਵ, ਵਿਸ਼ੇਸ਼ਣ+ਵਿਸ਼ੇਸ਼ਣ।

ਪਰੰਤੂ ਨਾਂਵ+ਨਾਂਵ ਮਾਡਲ ਦੇ ਸਮਾਸ ਪੰਜਾਬੀ ਵਿਚ ਢੇਰਾਂ ਦੇ ਢੇਰ ਹਨ, ਪਰ ਕ੍ਰਿਆ+ਨਾਂਵ ਦੁਰਲੱਭ ਹੀ ਹਨ।

**(ੳ) ਨਾਂਵ-ਸਮਾਸ ਦੀਆਂ ਵੰਨਗੀਆਂ :** ਰਾਜਭਵਨ, ਧਰਮਸ਼ਾਲਾ, ਬਨਵਾਸ, ਸ਼ਿਰੋਮਣੀ।












**ਗੁਰਬਾਣੀ ਵਿਚ ਸਮਾਸ**

ਗੁਰਬਾਣੀ ਦੀ ਭਾਸ਼ਾ ਵਿਚ ਲੰਮੇ ਬਹੁ-ਮੈਂਬਰੀ ਸਮਾਸ ਵੀ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਬਾਣੀ 'ਆਰਤੀ' ਹੈ। ਉਹਨਾਂ ਦੀਆਂ ਦੋ ਅੰਤਿਮ ਪੰਕਤੀਆਂ ਹਨ :

ਹਰਿਚਰਨਕਮਲਮਕਰੰਦਲੋਭਿਤ ਮਨੋ ਅਨਦਿਨੋ ਮੋਹਿ ਤੇਰੇ ਨਾਇ ਵਾਸਾ ਜ਼
ਕ੍ਰਿਪਾਲਜ ਦੇਹਿ ਨਾਨਕਸਾਰੰਗ ਕਉ ਹੋਇ ਜਾਤੇ ਤੇਰੇ ਨਾਇ ਵਾਸਾ ਜ਼

ਇਨ੍ਹਾਂ ਪੰਕਤੀਆਂ ਵਿਚ ਤਿੰਨ ਸਮਾਸ ਮਿਲਦੇ ਹਨ। ਪਹਿਲੇ ਸਮਾਸ ਵਿਚ ਪੰਜ ਮੈਂਬਰ ਹਨ। ਵੇਖੋ : ਹਰਿ+ਚਰਨ+ਕਮਲ+ਮਕਰੰਦ+ਲੋਭਿਤ।

1. ਇਸ ਸਮਾਸ ਦਾ semantics ਵੇਖੋ : ਹਰਿ ਦੇ ਚਰਨ ਹੀ ਕੰਵਲ ਹਨ, ਜਿੰਨ੍ਹਾਂ (ਕੰਵਲਾਂ) ਦਾ ਮਕਰੰਦ ਯਾਨੀ ਪੁਸ਼ਪ-ਰਸ ਪ੍ਰਤਿ (ਮੇਰਾ ਮਨ) ਲੋਭੀ ਹੋ ਗਿਆ ਹੈ।

2. ਕ੍ਰਿਪਾ+ਜਲ=ਕ੍ਰਿਪਾ ਦਾ ਜਲ ਅਰਥਾਤ ਹਰੀ ਪ੍ਰਭੂ ਦੀ ਕ੍ਰਿਪਾ ਹੀ ਪਾਣੀ ਹੈ।

3. ਨਾਨਕ+ਸਾਰੰਗ=ਨਾਨਕ (ਗੁਰੂ ਨਾਨਕ ਦੇਵ ਜੀ) ਹੀ ਸਾਰੰਗ ਅਰਥਾਤ ਪਪੀਹਾ ਹੈ।

# ਪੰਜਾਬੀ ਅਰਥ ਵਿਗਿਆਨ

**ਪੰਜਾਬੀ ਅਰਥ ਵਿਗਿਆਨ :** ਅਰਥ ਵਿਗਿਆਨ ਭਾਸ਼ਾ ਵਿਗਿਆਨ ਦੀ ਇਕ ਉੱਭਰਵੀਂ ਸ਼ਾਖਾ ਹੈ ਕਿਉਂਕਿ ਭਾਸ਼ਾ ਦਾ ਮੁੱਖ ਉਦੇਸ਼ ਸੰਚਾਰ ਕਰਨਾ ਹੈ ਅਤੇ ਇਹ ਸੰਚਾਰ ਅਰਥਾਂ ਦੇ ਪੱਧਰ 'ਤੇ ਹੁੰਦਾ ਹੈ। ਸਿੱਧੇ ਅਰਥਾਂ ਵਿਚ ਭਾਸ਼ਾ ਰਾਹੀਂ ਸੰਚਾਰ ਕਰਨਾ ਹੁੰਦਾ ਹੈ। ਇਸ ਲਈ ਅਰਥ ਵਿਗਿਆਨ ਵਿਚ ਭਾਸ਼ਾ ਦੀ ਪ੍ਰਮੁੱਖ ਸ਼ਾਖਾ ਹੈ ਪਰ ਇਹ ਪੱਖ ਜਿੰਨਾ ਮਹੱਤਵਪੂਰਨ ਹੈ ਉਨਾ ਹੀ ਅਣਗੌਲਿਆ ਰਿਹਾ। ਇਸ ਦਾ ਮੁੱਖ ਕਾਰਨ ਭਾਰਤੀ ਫ਼ਿਲਾਸਫ਼ੀ ਹੈ। ਭਾਰਤੀ ਫ਼ਿਲਾਸਫ਼ੀ ਤੇ ਵਿਸ਼ੇਸ਼ ਤੌਰ 'ਤੇ ਅਧਿਆਤਮਵਾਦ ਵਿਚ ਸ਼ਬਦ ਨੂੰ ਗੁਰੂ ਓਮ ਬ੍ਰਹਮ ਦੇ ਰੂਪ ਵਿਚ ਸਤਿਕਾਰਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਸ਼ਬਦ ਨੂੰ ਇਕ ਸੰਪੂਰਨ ਹੋਂਦ ਵਜੋਂ ਸਵੀਕਾਰ ਕਰਦਿਆਂ ਇਸਦੇ ਅਰਥਾਂ ਵੱਲ ਧਿਆਨ ਹੀ ਨਹੀਂ ਗਿਆ ਪਰ ਭਾਸ਼ਾ ਵਿਗਿਆਨੀਆਂ ਨੇ 18 ਵੀਂ ਸਦੀ ਦੇ ਅੰਤ ਵਿਚ ਇਸ ਗੱਲ ਵੱਲ ਧਿਆਨ ਦਿੱਤਾ ਕਿ ਸ਼ਬਦਾਂ ਦੇ ਅਰਥ ਖੋਜੇ ਜਾਣ ਇਸ ਤਰ੍ਹਾਂ ਸ਼ਬਦਾਂ ਦੇ ਅਰਥਾਂ ਦੇ ਅਧਿਐਨ ਨੂੰ ਹੀ ਅਰਥ ਵਿਗਿਆਨ ਦਾ ਨਾਮ ਦਿੱਤਾ ਗਿਆ ਹੈ। ਇਸ ਪਾਸੇ ਸਭ ਤੋਂ ਪਹਿਲਾਂ ਭਾਸ਼ਾ ਵਿਗਿਆਨੀ ਸੀਮੈਲ ਬਰੇਲ ਨੇ 1883 ਈ. ਵਿਚ ਧਿਆਨ ਦਿੱਤਾ। ਵਿਲੀਅਮ ਆਸਟਨ ਨੇ ਅਰਥ ਵਿਗਿਆਨ ਦੇ ਖੇਤਰ ਵਿਚ ਕੰਮ ਕੀਤਾ। ਉਸ ਨੇ ਆਰ ਅਤੇ ਰਿਚਰਡ ਦੀਆਂ ਧਾਰਨਾਵਾਂ ਨੂੰ ਆਧਾਰ ਬਣਾ ਕੇ ਅਰਥ ਪਰਿਵਰਤਨ ਦੇ ਤਿੰਨ ਸਿਧਾਂਤ ਸਿਰਜੇ।

1. **ਸੰਕੇਤਆਤਮਕ ਸਿਧਾਂਤ :** ਇਸ ਸਿਧਾਂਤ ਅਨੁਸਾਰ ਉਸਨੇ ਸ਼ਬਦਾਂ ਨੂੰ ਸੰਕੇਤਕ ਰੂਪ ਵਿਚ ਲਿਆ ਜਿਸਨੂੰ ਸੋਸਿਊਰ ਨੇ ਚਿੰਨਾਤਮਕ ਪ੍ਰਣਾਲੀ ਵਿਚੋਂ ਲਿਆ।

2. **ਵਿਚਾਰਾਤਮਕ ਸਿਧਾਂਤ :** ਇਸ ਸਿਧਾਂਤ ਵਿਚ ਉਸਨੇ ਸਪਸ਼ਟ ਕੀਤਾ ਕਿ ਸ਼ਬਦਾਂ ਦੇ ਅਰਥ ਵਿਚਾਰਾਂ ਦੇ ਆਧਾਰ 'ਤੇ ਵੀ ਹੁੰਦੇ ਹਨ।

3. **ਵਤੀਰਾਵਾਦੀ ਸਿਧਾਂਤ :** ਇਸ ਸਿਧਾਂਤ ਦੇ ਅੰਤਰਗਤ ਬੋਲਣ ਵਾਲੇ ਦੀ ਮਾਨਸਿਕਤਾ ਤੇ ਵਤੀਰੇ ਨੂੰ ਮੁੱਖ ਰੱਖ ਕੇ ਸ਼ਬਦਾਂ ਦੇ ਅਰਥਾਂ ਨੂੰ ਸਾਹਮਣੇ ਲਿਆਂਦਾ।

**ਇਤਿਹਾਸ :** ਅਰਥ ਵਿਗਿਆਨ ਦੇ ਖੇਤਰ ਵਿਚ ਭਾਰਤੀ ਚਿੰਤਕਾਂ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ ਜਿਨ੍ਹਾਂ ਵਿਚੋਂ ਤਿੰਨ ਪ੍ਰਮੁੱਖ ਸਿਧਾਂਤ ਉਲੇਖਯੋਗ ਹਨ :

1. **ਅਪੋਹ ਸਿਧਾਂਤ :** ਇਹ ਸਿਧਾਂਤ ਬੋਧੀ ਮਤ ਨਾਲ ਸੰਬੰਧਿਤ ਸਕੂਲ ਨੇ ਕੀਤਾ। ਜਿਸ ਵਿਚ ਉਨ੍ਹਾਂ ਨੇ ਅਪੋਹ ਨੂੰ ਨਕਾਰਨ ਦੇ ਰੂਪ 'ਚ ਲਿਆ ਅਤੇ ਦੱਸਿਆ ਕਿ ਸ਼ਬਦ ਕਿਸ ਤਰ੍ਹਾਂ ਆਪਣੇ ਅਰਥਾਂ ਨੂੰ ਗ੍ਰਹਿਣ ਕਰਦੇ ਹਨ। ਉਨ੍ਹਾਂ ਨੇ ਬੋਲਣ ਵਾਲੇ ਤੇ ਆਧਾਰਿਤ ਇਹ ਸਿਧਾਂਤ ਸਿਰਜਿਆ। ਮਿਸਾਲ ਵਜੋਂ : ਕਿਸੇ ਰੁੱਖ ਉੱਤੇ ਬੈਠੇ ਪੰਛੀਆਂ ਵਿਚੋਂ 'ਚਿੜੀ' ਪੰਛੀ ਦੀ 'ਚੋਣ' ਕਰਨੀ ਹੈ ਤਾਂ ਸਭ ਤੋਂ ਪਹਿਲਾਂ ਵੇਖਣ ਜਾਂ

ਬੋਲਣ ਵਾਲਾ ਇਸ ਗੱਲ ਲਈ ਧਿਆਨ ਦੇਵੇਗਾ ਕਿ ਕਿਹੜਾ ਪੰਛੀ ਚਿੜੀ ਨਹੀਂ ਹੈ। ਇਸ ਲਈ ਉਹ ਉਨ੍ਹਾਂ ਪੰਛੀਆਂ ਨੂੰ ਨਕਾਰਨ ਵੱਲੋਂ ਧਿਆਨ ਦੇਵੇਗਾ ਜੋ ਚਿੜੀਆਂ ਨਹੀਂ ਹਨ ਪਰ ਇਸ ਸਿਧਾਂਤ ਵਿਚ ਕੁਝ ਖਾਮੀਆਂ ਸਨ ਜਿਨ੍ਹਾਂ ਨੂੰ ਬਾਅਦ 'ਚ ਚਿੰਤਕਾਂ ਨੇ ਦਰੁਸਤ ਕੀਤਾ ਅਤੇ ਦੱਸਿਆ ਕਿ ਅਪੋਹ ਸਿਧਾਂਤ ਸਿਰਫ਼ ਨਕਾਰਨਾ ਨਹੀਂ ਸਗੋਂ ਪੁਸ਼ਟੀ ਕਰਨਾ ਵੀ ਹੈ। ਮਿਸਾਲ ਵਜੋਂ ਜਦੋਂ ਕੋਈ ਵੱਖ-ਵੱਖ ਪੰਛੀਆਂ ਵਿਚੋਂ ਚਿੜੀ ਦੀ ਚੋਣ ਕਰਦਾ ਹੈ ਤਾਂ ਉਹ ਦੂਸਰੇ ਪੰਛੀਆਂ ਨੂੰ ਨਕਾਰਨ ਦੇ ਨਾਲ ਇਸ ਗੱਲ ਦੀ ਵੀ ਪੁਸ਼ਟੀ ਕਰਦਾ ਹੈ ਕਿ ਇਹ 'ਚਿੜੀ' ਹੈ। ਇਉਂ ਇਹ ਨਿਕਾਰਨ ਅਤੇ ਪੁਸ਼ਟੀ ਕਰਨ ਦੇ ਸਿਧਾਂਤ ਦਾ ਸੁਮੇਲ ਹੈ।

**2. ਸਫੋਟ ਸਿਧਾਂਤ :** ਇਸ ਸਿਧਾਂਤ ਨੂੰ ਭਾਰਤੀ ਆਚਾਰੀਆ ਭਰਤਰੀ ਹਰੀ ਨੇ ਪੇਸ਼ ਕੀਤਾ ਅਤੇ ਉਸਨੇ ਸ਼ਬਦ ਨੂੰ ਇਕ ਸੰਪੂਰਨ ਇਕਾਈ ਮੰਨਦਿਆਂ ਇਹ ਧਾਰਨਾ ਪੇਸ਼ ਕੀਤੀ ਕਿ ਜਿਵੇਂ "ਕਿਸੇ ਬੀਜ ਅੰਦਰ ਇਕ ਗਿਰੀ ਮੌਜੂਦ ਹੁੰਦੀ ਹੈ ਅਤੇ ਇਸ ਗਿਰੀ ਸ਼ਬਦ ਦੇ ਅੰਦਰੂਨੀ ਪੱਖ ਨੂੰ ਸਫੋਟ ਕਿਹਾ"। ਇਹ ਗੱਲ ਵਰਨਣਯੋਗ ਹੈ ਕਿ ਭਰਤਰੀ ਹਰੀ ਤੋਂ ਪਹਿਲਾਂ ਮਹਾ ਭਾਮਯ ਜੋ ਪ੍ਰਸਿੱਧ ਲੇਖਕ 'ਪਤੰਜਲੀ' ਨੇ ਵੀ ਆਪਣਾ ਮਤ ਪੇਸ਼ ਕੀਤਾ ਸੀ ਅਤੇ ਉਸ ਨੇ ਸ਼ਬਦ ਦੇ ਅਰਥ ਲੱਭਣ ਲੱਗਿਆਂ ਉਸਦੇ ਦੋ ਭਾਗ ਕੀਤੇ :

1. ਸਫੋਟ 2. ਧੁਨੀ

ਸਫੋਟ ਨੂੰ ਉਸਨੇ ਸਥਾਈ ਪੱਖ ਦਾ ਨਾਮ ਦਿੱਤਾ ਅਤੇ ਇਸਨੂੰ ਅਪਰਵਰਤਨਸ਼ੀਲ ਮੰਨਿਆ ਅਤੇ ਧੁਨੀ ਨੂੰ ਉਸਨੇ ਵਿਅਕਤੀਗਤ ਪੱਖ ਮੰਨਿਆ ਵਿਅਕਤੀਗਤ ਪੱਧਰ 'ਤੇ ਪਰਿਵਰਤਨਸ਼ੀਲ ਕਿਹਾ ਇਸ ਗੱਲ ਨੂੰ ਆਧਾਰ ਬਣਾ ਕੇ ਭਰਤਰੀ ਹਰੀ ਨੇ ਸ਼ਬਦ ਦੇ ਦੋ ਪੱਖਾਂ ਨੂੰ ਮੰਨਿਆ। ਇਸ ਤਰ੍ਹਾਂ ਸਫੋਟ ਸਿਧਾਂਤ ਅਨੁਸਾਰ ਜਦੋਂ ਕੋਈ ਬੁਲਾਰਾ ਉਚਾਰਦਾ ਹੈ ਤਾਂ ਉਸ ਵਿਚ ਜੋ ਭਾਵ ਪ੍ਰਗਟ ਹੁੰਦਾ ਹੈ ਉਹ ਹੀ ਸ਼ਬਦ ਦਾ ਅਰਥ ਹੈ। ਸੋਸਿਊਰ ਵੀ ਇਸੇ ਗੱਲ 'ਤੇ ਅਧਾਰਿਤ ਹੈ।

**3. ਧੁਨੀ ਸਿਧਾਂਤ :** ਧੁਨੀ ਸਿਧਾਂਤ ਪ੍ਰਸਿੱਧ ਆਚਾਰੀਆ ਆਨੰਦ ਵਰਧਨ ਨੇ ਪੇਸ਼ ਕੀਤਾ ਜਿਸਦੇ ਅੰਤਰਗਤ ਉਸਨੇ ਦੱਸਿਆ ਕਿ ਸ਼ਬਦਾਂ ਦੇ ਅਰਥ ਉਸਦੀ ਧੁਨੀ ਹੁੰਦੇ ਹਨ। ਆਨੰਦ ਵਰਧਨ ਨੇ ਸਪਸ਼ਟ ਕੀਤਾ ਕਿ ਸ਼ਬਦ ਦੇ ਕੋਸ਼ੀ ਅਤੇ ਲੱਖਣਾ ਅਰਥ ਤੋਂ ਇਲਾਵਾ ਸੁਝਾਊ ਜਾਂ ਵਿਅੰਜਨਾ ਅਰਥ ਵੀ ਹੁੰਦੇ ਹਨ। ਮਿਸਾਲ ਵਜੋਂ ਇਕ ਵਾਕ 'ਇਨ੍ਹਾਂ ਦੇ ਤਾਂ ਘਰ ਵਿਚ ਹੀ ਗੰਗਾ ਹੈ' ਦਾ ਸਿੱਧਾ ਅਰਥ ਕੋਈ ਸੰਚਾਰ ਨਹੀਂ ਕਰਦਾ ਕਿਉਂਕਿ ਗੰਗਾ ਇਕ ਨਦੀ ਹੈ ਅਤੇ ਘਰ ਵਿਚ ਨਦੀ ਨਹੀਂ ਹੋ ਸਕਦੀ। ਇਸ ਵਾਕ ਵਿਚ ਆਏ ਸ਼ਬਦ ਗੰਗਾ ਦੇ ਲਕਸ਼ਣਾ ਅਰਥ ਭਾਵ ਘਰ ਵਿਚ ਗੰਗਾ ਤੋਂ ਭਾਵ 'ਗੰਗਾ ਦੇ ਕਿਨਾਰੇ' ਦੇ ਆਧਾਰ 'ਤੇ ਕੀਤੇ ਜਾ ਸਕਦੇ ਹਨ ਕਿ 'ਇਨ੍ਹਾਂ ਦਾ ਘਰ ਗੰਗਾ ਕਿਨਾਰੇ ਹੈ' ਪਰ ਜੇ ਅਸੀਂ ਗੰਗਾ ਨੂੰ ਪਵਿੱਤਰਤਾ, ਸ਼ਾਂਤੀ ਅਤੇ ਖ਼ੁਸ਼ਹਾਲੀ ਦਾ ਪ੍ਰਤੀਕ

ਮੰਨ ਲਈਏ ਤਾਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦਾ ਘਰ ਪਵਿੱਤਰ, ਸ਼ਾਂਤ ਅਤੇ ਖੁਸ਼ਹਾਲ ਹੈ। ਗੰਗਾ ਦੇ ਇਨ੍ਹਾਂ ਅਰਥਾਂ ਨੂੰ ਵਿਅੰਜਨਾ ਕਿਹਾ ਜਾਂਦਾ ਹੈ। ਸੁਝਾਉਣ ਦੇ ਇਸ ਤਰੀਕੇ ਨੂੰ ਧੁਨੀ ਕਿਹਾ ਜਾਂਦਾ ਹੈ।

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਸ਼ਬਦ ਅਤੇ ਅਰਥ ਦਾ ਸੰਬੰਧ ਅਨਿੱਖੜ ਸੰਬੰਧ ਹੈ। ਸ਼ਬਦ ਅਤੇ ਅਰਥ ਇਕੋ ਸਿਰੇ ਦੇ ਸਿੱਧੇ ਤੇ ਪੁੱਠੇ ਪਾਸੇ ਦੀ ਤਰ੍ਹਾਂ ਹਨ। ਇਨ੍ਹਾਂ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ। ਸ਼ਬਦ ਅਤੇ ਅਰਥ ਦਾ ਸੰਬੰਧ ਦਰਸਾਉਣ ਲਈ ਕਈ ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਯਤਨ ਕੀਤੇ ਹਨ।

# ਪੰਜਾਬੀ ਵਾਕ ਵਿਗਿਆਨ

**ਪੰਜਾਬੀ ਵਾਕ ਵਿਗਿਆਨ :** ਵਿਆਕਰਣਕ ਇਕਾਈਆਂ ਵਿਚ ਵਾਕ ਇਕ ਅਜਿਹੀ ਭਾਸ਼ਾਈ ਇਕਾਈ ਹੈ ਜੋ ਕਿਸੇ ਪੂਰੇ ਭਾਵ ਨੂੰ ਵਿਅਕਤ ਕਰਦੀ ਹੈ। ਨਵੇਂ ਭਾਸ਼ਾ ਵਿਗਿਆਨੀਆਂ ਨੇ ਵਾਕ ਦੀਆਂ ਕਈ ਪਰਿਭਾਸ਼ਾਵਾਂ ਲਿਖੀਆਂ ਹਨ ਜਿੰਨ੍ਹਾਂ ਦਾ ਸਾਰ ਇਹ ਹੈ ਕਿ ਭਾਸ਼ਾ ਦੀ ਵੱਡੀ ਤੋਂ ਵੱਡੀ ਵਿਆਕਰਣਕ ਇਕਾਈ ਨੂੰ ਵਾਕ ਕਿਹਾ ਜਾਂਦਾ ਹੈ। ਇਸ ਤਰ੍ਹਾਂ ਵਾਕ ਸ਼ਬਦਾਂ, ਵਾਕ ਅੰਸ਼ਾਂ ਅਤੇ ਉਪਵਾਕਾਂ ਦਾ ਸਮੂਹ ਹੁੰਦਾ ਹੈ। ਇਸ ਵਿਚ ਇਹ ਤਿੰਨੇ ਇਕਾਈਆਂ ਕਿਸੇ ਖ਼ਾਸ ਤਰਤੀਬ ਵਿਚ ਵਿਚਰਦੀਆਂ ਹਨ ਜੋ ਇਕ ਬੱਝਵਾਂ ਅਰਥ ਸੰਚਾਰ ਕਰਦੀਆਂ ਹਨ। ਇਸ ਤਰ੍ਹਾਂ ਵਾਕ ਇਕ ਖ਼ਾਸ ਤਰਤੀਬ ਵਿਚ ਵਿਚਰਦੇ ਕੁਝ ਸ਼ਬਦਾਂ ਦਾ ਉਹ ਸਮੂਹ ਹੈ ਜਿਸਦੇ ਸੰਪੂਰਨ ਅਰਥ ਅਤੇ ਭਾਵ ਪ੍ਰਗਟ ਹੁੰਦੇ ਹਨ। ਬਣਤਰ ਅਤੇ ਕਾਰਜ ਦੇ ਪੱਖ ਤੋਂ ਵਾਕਾਂ ਦੀਆਂ ਕਈ ਕਿਸਮਾਂ ਹੋਂਦ ਵਿਚ ਆਈਆਂ ਹਨ ਪਰ ਇਕ ਸੰਪੂਰਨ ਵਾਕ ਨੂੰ ਅਸੀਂ ਦੋ ਪੱਖਾਂ ਵਿਚ ਪਰਖ ਸਕਦੇ ਹਾਂ :

1. ਕਿਸੇ ਸੰਪੂਰਨ ਵਾਕ ਵਿਚ ਉਦੇਸ਼ ਅਤੇ ਵਿਧੇ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਦ੍ਰਿਸ਼ਟੀ ਤੋਂ ਵਾਕ ਕਹਿਲਾਉਂਦਾ ਹੈ।

2. ਇਸੇ ਤਰ੍ਹਾਂ ਵਿਆਕਰਨਿਕ ਪੱਖ ਤੋਂ ਸੰਪੂਰਨ ਵਾਕ ਉਹ ਹੈ ਜਿਸ ਵਿਚ ਨਾਂਵ ਵਾਕੰਸ਼ ਤੇ ਕਿਰਿਆ ਵਾਕੰਸ਼ ਹੋਣਾ। ਇਸ ਦ੍ਰਿਸ਼ਟੀ ਤੋਂ ਵਾਕ ਦੀ ਬਣਤਰ ਬਾਰੇ ਵੀ ਪਤਾ ਲੱਗਦਾ ਹੈ। ਕਹਿਣ ਦਾ ਭਾਵ ਹੈ ਕਿ ਵਿਆਕਰਨਿਕ ਬਣਤਰ ਦੇ ਪੱਖ ਤੋਂ ਵਾਕ ਦੇ ਤਿੰਨ ਪ੍ਰਮੁੱਖ ਰੂਪ ਹਨ :

**1. ਸਾਧਾਰਨ ਵਾਕ :** ਜਿਹੜਾ ਵੱਖ-ਵੱਖ ਉਪਵਾਕਾਂ ਵਿਚ ਨਾ ਵੰਡਿਆ ਜਾਵੇ ਅਤੇ ਇਕ ਵਿਧੇਅ ਹੋਵੇ ਉਸਨੂੰ ਸਾਧਾਰਨ ਵਾਕ ਕਹਿੰਦੇ ਹਨ। ਦੂਸਰੇ ਸ਼ਬਦਾਂ ਵਿਚ ਸਾਧਾਰਨ ਵਾਕ ਵਿਚ ਸਿਰਫ਼ ਇਕ ਮੁੱਖ ਉਪਵਾਕ ਹੁੰਦਾ ਹੈ ਜਿਸ ਵਿਚ ਇਕ ਹੀ ਨਾਂਵ ਵਾਕੰਸ਼ ਅਤੇ ਇਕ ਹੀ ਕਿਰਿਆ ਵਾਕੰਸ਼ ਹੁੰਦਾ ਹੈ ਜਿਵੇਂ :

1. ਅਧਿਆਪਕ ਪੜ੍ਹਾਉਂਦਾ ਹੈ।
2. ਮਾਂ ਨੇ ਕੁੜੀ ਨੂੰ ਰੋਟੀ ਖਵਾਈ।

**2. ਸੰਯੁਕਤ ਵਾਕ :** ਸੰਯੁਕਤ ਵਾਕ ਰਚਨਾ ਵਿਚ ਇਕ ਤੋਂ ਵਧੇਰੇ ਉਪਵਾਕ ਦਾ ਪ੍ਰਯੋਗ ਕੀਤਾ ਜਾਂਦਾ ਹੈ ਪਰੰਤੂ ਉਹ ਸਾਰੇ ਉਪਵਾਕ ਸੁਤੰਤਰ ਹੁੰਦੇ ਹਨ। ਅਜਿਹੀ ਬਣਤਰ ਵਾਲੇ ਵਾਕਾਂ ਨੂੰ ਸੰਯੁਕਤ ਵਾਕ ਆਖਿਆ ਜਾਂਦਾ ਹੈ ਭਾਵ ਜਿੰਨ੍ਹਾਂ ਵਾਕਾਂ ਵਿਚ ਦੋ ਜਾਂ ਦੋ ਤੋਂ ਵੱਧ ਸਵਾਧੀਨ ਉਪਵਾਕ ਆਉਣ ਉਨ੍ਹਾਂ ਨੂੰ ਸੰਯੁਕਤ ਵਾਕ ਦਾ ਨਾਂ ਦਿੱਤਾ ਜਾਂਦਾ ਹੈ। ਜਿਵੇਂ :

1. ਤੇਜ਼ ਹਨੇਰੀ ਆਈ ਅਤੇ ਜ਼ੋਰਦਾਰ ਮੀਂਹ ਪੈਣ ਲੱਗਾ।
2. ਮੇਰੇ ਕੋਲ ਕਿਤਾਬਾਂ ਬਹੁਤ ਹਨ ਪਰ ਪੜ੍ਹਨ ਦਾ ਸਮਾਂ ਘੱਟ ਹੈ।

ਅਜਿਹੇ ਵਾਕਾਂ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਸਾਰੇ ਸੁਤੰਤਰ ਤੌਰ 'ਤੇ ਵਾਕ ਵਿਚ ਇਕੱਲੇ ਵਿਚਰਨ ਦੀ ਸਮਰੱਥਾ ਰੱਖਦੇ ਹਨ। ਇਸ ਤਰ੍ਹਾਂ ਦੇ ਵਾਕਾਂ ਨੂੰ ਕਾਮੇ, ਯੋਜਕਾਂ, ਤੇ, ਅਤੇ, ਪਰ, ਫਿਰ, ਜਿਉ ਹੀ ਆਦਿ ਨਾਲ ਜੋੜਿਆ ਜਾਂਦਾ ਹੈ।

**3. ਮਿਸ਼ਰਤ ਵਾਕ :** ਜਦੋਂ ਇਕ ਸਵਾਧੀਨ ਉਪਵਾਕ ਅਤੇ ਇਕ ਪਰਾਧੀਨ ਉਪਵਾਕ ਮਿਲ ਕੇ ਇਕ ਨਵਾਂ ਵਾਕ ਬਣਾਉਣ ਤਾਂ ਉਸ ਵਾਕ ਨੂੰ ਮਿਸ਼ਰਤ ਵਾਕ ਆਖਿਆ ਜਾਂਦਾ ਹੈ। ਜਿਵੇਂ :

1. ਭਾਵੇਂ ਉਹ ਗਰੀਬ ਹੈ ਫਿਰ ਵੀ ਈਮਾਨਦਾਰ ਹੈ।
2. ਜੇ ਤੁਸੀਂ ਸੱਦੋਂਗੇ ਤਾਂ ਅਸੀਂ ਜ਼ਰੂਰ ਆਵਾਂਗੇ।

ਉਪਰੋਕਤ ਦੋ ਵਾਕਾਂ ਵਿਚ 'ਫਿਰ ਵੀ ਈਮਾਨਦਾਰ ਹੈ' ਅਤੇ 'ਤਾਂ ਅਸੀਂ ਜ਼ਰੂਰ ਆਵਾਂਗੇ' ਸਵਾਧੀਨ ਉਪਵਾਕ ਹਨ ਅਤੇ ਬਾਕੀ ਪਰਾਧੀਨ ਉਪਵਾਕ।

ਬਣਤਰ ਦੇ ਆਧਾਰ 'ਤੇ ਵਾਕ ਵੰਡ ਤੋਂ ਇਲਾਵਾ ਵਾਕ ਰਚਨਾ ਵਿਚ ਉਸਦੇ ਦੋ ਜ਼ਰੂਰੀ ਅੰਸ਼ਾਂ ਨੂੰ ਵਿਚਾਰਿਆ ਜਾਂਦਾ ਹੈ। ਜਿੰਨ੍ਹਾਂ ਨੂੰ ਉਦੇਸ਼ ਜਾਂ ਵਿਧੇਅ ਦਾ ਨਾਮ ਦਿੱਤਾ ਜਾਂਦਾ ਹੈ।

**ਉਦੇਸ਼ :** ਵਾਕ ਵਿਚ ਕਾਰਜ ਕਰਨ ਵਾਲੀ ਇਕਾਈ ਨੂੰ ਉਦੇਸ਼ ਕਿਹਾ ਜਾਂਦਾ ਹੈ। ਉਦੇਸ਼ ਕਰਤਾ ਲਾਜ਼ਮੀ ਤੌਰ 'ਤੇ ਨਾਂਵ ਜਾਂ ਪੜਨਾਂਵ ਨਾਲ ਵਿਸ਼ੇਸ਼ਣ ਲੱਗ ਕੇ ਭਾਵ ਵਾਕ ਅੰਸ਼ ਵਜੋਂ ਹੀ ਕਾਰਜ ਕਰਦੇ ਹਨ। ਇਸ ਲਈ ਉਦੇਸ਼ ਵਾਕ ਰਚਨਾ ਵਿਚ ਸਥਾਨ ਦੀ ਪਹਿਲੇ ਸਥਾਨ ਤੇ ਆਉਂਦਾ ਹੈ। ਪਰੰਤੂ ਨਾਂਵ ਵਾਕੰਸ਼ ਵਿਚ ਨਾਂਵ ਤੋਂ ਪਹਿਲਾਂ ਵਿਸ਼ੇਸ਼ਣ ਵੀ ਆ ਸਕਦੇ ਹਨ ਜਿਸ ਕਰਕੇ ਉਦੇਸ਼ ਦਾ ਕੋਈ ਵੀ ਸਥਾਨ ਹੋ ਸਕਦਾ ਹੈ।

**ਵਿਧੇਅ :** ਵਾਕ ਰਚਨਾ ਵਿਚ ਵਿਧੇਅ ਵਾਕ ਦੀ ਮਹੱਤਵਪੂਰਨ ਕਾਰਜੀ ਇਕਾਈ ਹੈ। ਜੋ ਵਾਕ ਵਿਚ ਕੰਮ ਹੋਣ ਦੀ ਸੂਚਨਾ ਹੁੰਦੀ ਹੈ ਭਾਵ ਵਾਕ ਵਿਚ ਜੋ ਕਾਰਜ ਕੀਤਾ ਜਾਂਦਾ ਹੈ। ਵਿਧੇਅ ਦੇ ਘੇਰੇ ਵਿਚ ਕਿਰਿਆ ਵਾਕੰਸ਼ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਲਈ ਵਿਧੇਅ ਦੇ ਰਚਨਾ ਪ੍ਰਬੰਧ ਵਿਚ ਕਰਮ, ਕਿਰਿਆ, ਕਿਰਿਆ ਵਿਸ਼ੇਸ਼ਣ ਅਹਿਮ ਭਾਗ ਹੁੰਦੇ ਹਨ। ਕਿਰਿਆ ਵਾਕੰਸ਼ ਵਿਚ ਕਿਰਿਆ, ਸੰਚਾਲਕ ਕਿਰਿਆ, ਸਹਾਇਕ ਕਿਰਿਆ ਆਦਿ ਅੰਸ਼ ਸ਼ਾਮਿਲ ਹੁੰਦੇ ਹਨ। ਸੋ ਇਸ ਲਈ ਵਿਧੇਅ ਵਿਚ ਕਿਰਿਆ ਵਾਕੰਸ਼ ਵਾਲਾ ਅੰਸ਼ ਵਾਲਾ ਹਿੱਸਾ ਵਧੇਰੇ ਕਿਰਿਆਸ਼ੀਲ ਰਹਿੰਦਾ ਹੈ।

# ਗੁਰਮੁਖੀ ਲਿਪੀ : ਨਿਕਾਸ ਤੇ ਵਿਕਾਸ

ਲਿਪੀ ਦੇ ਮਾਧਿਅਮ ਦੁਆਰਾ ਉਚਰਿਤ ਧੁਨੀਆਂ ਦਾ ਅੰਕਣ ਕੀਤਾ ਜਾਂਦਾ ਹੈ। ਬੇਸ਼ੱਕ ਮਨੁੱਖੀ ਭਾਸ਼ਾ ਦੀ ਉਤਪਤੀ ਮਨੁੱਖੀ ਭਾਸ਼ਾ ਦੀ ਉਤਪਤੀ ਮਨੁੱਖ ਦੇ ਵਿਕਸਿਤ ਹੋਣ ਦੇ ਨਾਲ ਹੀ ਹੋ ਗਈ ਸੀ। ਲਿੱਪੀ ਦੇ ਪ੍ਰਾਚੀਨਤਮ ਨਮੂਨੇ ਮਿਸਰ ਦੀ ਚਿਤਰ-ਲਿਪੀ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ ਪਰੰਤੂ ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਬੈਬੀਲੋਨ ਵਿਚੋਂ ਪ੍ਰਾਪਤ ਹੋਈਆਂ ਮੂਰਤੀਆਂ ਅਤੇ ਹੋਰ ਅਵਸ਼ੇਸ਼ ਮਿਸਰ ਦੀ ਚਿਤਰ-ਲਿਪੀ ਨਾਲੋਂ ਹਜ਼ਾਰ-ਕੁ-ਵਰ੍ਹੇ ਪੁਰਾਣੇ ਹਨ।

**ਗੁਰਮੁਖੀ ਦਾ ਵਿਕਾਸ**

ਗੁਰਮੁਖੀ ਲਿਪੀ ਬੜੀ ਪੁਰਾਣੀ ਹੈ ਅਤੇ ਇਸਦੇ ਬਹੁਤ ਸਾਰੇ ਵਰਣ ਦਸਵੀਂ-ਗਿਆਰਵੀਂ ਸਦੀ ਤਕ ਆਪਣੇ ਮੌਜੂਦਾ ਸਰੂਪ ਨੂੰ ਪ੍ਰਾਪਤ ਕਰ ਚੁੱਕੇ ਸਨ। ਡਾ. ਜੀ. ਬੀ. ਸਿੰਘ ਨੇ ਕੁਝ ਪੁਰਾਣੇ ਸ਼ਿਲਾਲੇਖਾਂ ਉਪਰ ਅੰਕਿਤ ਇਬਾਰਤਾਂ ਨੂੰ ਪੜ੍ਹ ਕੇ ਹੇਠ ਲਿਖੇ ਸਿੱਟੇ ਕੱਢੇ ਹਨ :

1. ਗੁਰਮੁਖੀ ਦਾ 'ਅ' ਵਰਣ ਦਸਵੀਂ-ਗਿਆਰਵੀਂ ਸਦੀ ਵਿਚ ਆਪਣੇ ਹੁਣ ਵਾਲੇ ਸਰੂਪ ਨੂੰ ਪ੍ਰਾਪਤ ਕਰ ਚੁੱਕਾ ਸੀ। ਇਸੇ ਤਰ੍ਹਾਂ 'ਙ' ਅੱਠਵੀਂ ਸਦੀ, 'ਬ' ਨੌਵੀਂ-ਦਸਵੀ ਸਦੀ ਵਿਚ ਤੇ 'ਸ' ਬਾਰ੍ਹਵੀਂ-ਤੇਰਵੀਂ ਸਦੀ ਵਿਚ ਮੌਜੂਦਾ ਸ਼ਕਲਾਂ ਪਾ ਚੁੱਕੇ ਸਨ।

2. 'ਣ, ਨ, ਬ' ਦੀਆਂ ਪੁਰਾਣੀਆਂ ਸ਼ਕਲਾਂ ਮੌਜੂਦ ਹਨ ਜਿੰਨ੍ਹਾਂ ਵਿਚੋਂ ਦੀ ਲੰਘ ਕੇ ਇਹ ਵਰਤਮਾਨ ਸਰੂਪ ਤਕ ਪਹੁੰਚੇ ਹਨ। 'ਣ' ਵਿਚ ਕੇਵਲ ਪੁਰਾਣੀ ਸ਼ਕਲ ਦੀ ਪੋਜੀਸ਼ਨ ਬਦਲੀ ਹੈ। ਪਹਿਲਾਂ ਇਹ ਲੇਟਵੀਂ ਪੋਜੀਸ਼ਨ ਸੀ, ਹੁਣ ਖੜ੍ਹਵੀਂ ਪੋਜੀਸ਼ਨ ਵਿਚ ਆ ਗਿਆ ਹੈ। ਗੁਰਮੁਖੀ ਅਤੇ ਟਾਕਰੀ ਦਾ 'ਹ' ਵੀ ਪਾਸਾ ਪਰਤ ਕੇ ਬਣਿਆ ਹੈ। ਗੁਰਮੁਖੀ ਦਾ ਕੋਈ ਵੀ ਅੱਖਰ ਨਵਾਂ ਬਣਿਆ ਹੋਇਆ ਸਿੱਧ ਨਹੀਂ ਹੁੰਦਾ। 'ੜ' ਵੀ 'ਡ' ਦੀ ਘੁੰਡੀ ਬਣਾਉਣ ਦੀ ਥਾਂ ਗੋਡਾ ਲਾ ਕੇ ਬਣਾਇਆ ਗਿਆ ਹੈ।

3. 'ਛ' ਅਤੇ 'ਫ' ਪਹਿਲਾਂ ਨਾਲੋਂ ਕੁਝ ਬਦਲ ਗਏ ਹਨ।

4. ਪੰਜਾਬੀ ਦੀਆਂ ਸਾਰੀਆਂ ਲਿਪੀਆਂ ਹੁਣ ਵਾਲੀ ਦੇਵਨਾਗਰੀ ਨਾਲੋਂ ਆਪਣੇ ਅਸਲ-ਮੁੱਢ ਦੇ ਵਧੇਰੇ ਨੇੜੇ ਹਨ। ਗੁਰਮੁਖੀ ਅਤੇ ਟਾਕਰੀ ਹੋਰ ਵੀ ਨੇੜੇ ਹਨ।

5. ਜਿਵੇਂ ਚਿੰਨ੍ਹਾਂ ਅਤੇ ਵਰਣਾਂ ਵਿਚ ਕੋਈ ਬਹੁਤਾ ਫ਼ਰਕ ਨਹੀਂ ਪਿਆ, ਇਸੇ ਤਰ੍ਹਾਂ ਗੁਰਮੁਖੀ ਵਰਣਮਾਲਾ ਦੀ ਤਰਤੀਬ ਨੂੰ ਵੀ ਬਹੁਤਾ ਨਹੀਂ ਬਦਲਿਆ ਗਿਆ। ਸਿਰਫ਼ 'ਸ' ਅਤੇ 'ਹ' ਨੂੰ ਪਿਛੋਂ ਚੁੱਕੇ ਕੇ ਤਿੰਨ ਸ੍ਵਰ-ਵਾਹਕਾਂ ਦੇ ਪਿੱਛੇ ਰੱਖ ਦਿੱਤਾ ਗਿਆ ਹੈ। ਇਸ ਨਾਲ ਪਹਿਲਾ ਵਰਗ ਵੀ ਪੂਰੇ ਪੰਜ ਵਰਣਾਂ ਦਾ ਵਟ ਗਿਆ ਹੈ ਅਤੇ ਸੱਤ ਵਰਗਾਂ ਦੇ ਪੈਂਤੀ ਵਰਣ ਬਣ ਗਏ ਹਨ।

6. ਅੱਖਰਾਂ ਦੇ ਨਾਮ (ਕੱਕਾ, ਖੱਖਾ, ਗੱਗਾ ਆਦਿ) ਵੀ ਪੁਰਾਣੇ ਹਨ ਅਤੇ ਪੰਜਾਬ ਦੇ ਵਪਾਰੀ-ਅੱਖਰਾਂ ਨਾਲ ਸਾਂਝੇ ਹਨ। ਦੇਵਨਾਗਰੀ ਵਿਚ ਇੰਨ੍ਹਾਂ ਨੂੰ 'ਕਾ, ਖਾ, ਗਾ' ਕਿਹਾ ਜਾਂਦਾ ਹੈ। ਜੋ ਅਸਲ ਵਿਚ ਅੱਖਰ ਨਹੀਂ, ਸਗੋਂ ਮਾਤ੍ਰਾ ਜਾਂ 'ਸਿਲੇਬਲ' ਬਣ ਜਾਂਦੇ ਹਨ।

7. ਗੁਰਮੁਖੀ, ਸ਼ਾਰਦਾ ਅਤੇ ਟਾਕਰੀ ਆਦਿ ਨੇ 'ੳ' ਨੂੰ 'ਓਮ' ਵਿਚ ਆਉਣ ਕਰਕੇ ਵਰਣਮਾਲਾ ਵਿਚ ਸਭ ਤੋਂ ਪਹਿਲਾਂ ਰੱਖਿਆ ਹੈ।

## ਪੰਜਾਬੀ ਲਈ ਉਚਿੱਚਤਾ

1. ਗੁਰਮੁਖੀ ਦਾ ਪੰਜਾਬੀ ਨਾਲ ਸੁਭਾਵਿਕ ਨਾਤਾ ਹੈ। ਪਿਛਲੀਆਂ ਪੰਜ ਸਦੀਆਂ ਤੋਂ ਪੰਜਾਬੀ ਲਈ ਵਰਤੀ ਜਾਂਦੀ ਹੋਣ ਕਾਰਨ ਇਹ ਪੰਜਾਬੀ ਦੀਆਂ ਧੁਨੀਆਂ ਨਾਲ ਪੂਰੀ ਤਰ੍ਹਾਂ ਰਚ-ਮਿਚ ਗਈ ਹੈ। ਪੰਜਾਬੀ ਨੂੰ ਹੁਣ ਹੋਰ ਕਿਸੇ ਲਿਪੀ ਵਿਚ ਲਿਖਣਾ ਲਗਭਗ ਅਸੰਭਵ ਹੋ ਗਿਆ ਹੈ।

2. ਇਸ ਲਿਪੀ ਵਿਚ ਹਰ ਧੁਨੀ ਲਈ ਵੱਖਰਾ ਚਿੰਨ੍ਹ (ਲਿਪਾਂਕ) ਮੌਜੂਦ ਹੈ। ਇਸ ਕਾਰਨ ਸ਼ਬਦ-ਜੋੜ ਨਿਰਧਾਰਿਤ ਕਰਨ ਸਮੇਂ ਕੋਈ ਮੁਸ਼ਕਿਲ ਨਹੀਂ ਆਉਂਦੀ। ਦੇਵਨਾਗਰੀ ਵਿਚ ਕਈ ਵਾਰ ਸ਼ ਅਤੇ ਸ਼ ਦੇ ਦਰਮਿਆਨ ਚੋਣ ਕਰਨ ਸਮੇਂ ਮੁਸ਼ਕਿਲ ਆਉਂਦੀ ਹੈ। ਅੰਗਰੇਜ਼ੀ ਵਿਚ ਵੀ ਇਸੇ ਤਰ੍ਹਾਂ ਹੈ। ਕਦੇ 'ਸ' ਦੀ ਆਵਾਜ਼ ਦਿੰਦਾ ਹੈ, ਅਤੇ ਕਦੇ 'ਕ' ਦੀ, ਗੁਰਮੁਖੀ ਵਿਚ ਇਸ ਤਰ੍ਹਾਂ ਨਹੀਂ ਹੈ।

3. ਗੁਰਮੁਖੀ ਵਿਚ ਦੀਰਘ ਅਤੇ ਹ੍ਰਸਵ ਸ੍ਵਰਾਂ ਲਈ ਵੱਖਰੇ ਵੱਖਰੇ ਚਿੰਨ੍ਹ ਮੌਜੂਦ ਹਨ ਜਿਸ ਕਰਕੇ ਸ੍ਵਰ-ਲਮਕਾ ਦਾ ਅੰਤਰ ਚੰਗੀ ਤਰ੍ਹਾਂ ਸਪਸ਼ਟ ਕੀਤਾ ਜਾ ਸਕਦਾ ਹੈ।

4. ਰੋਮਨ ਅਤੇ ਫ਼ਾਰਸੀ ਲਿਪੀਆਂ ਵਿਚ ਮਹਾਪ੍ਰਾਣ ਧੁਨੀਆਂ ਨੂੰ ਅੰਕਿਤ ਕਰਨ ਲਈ ਦੋ-ਦੋ ਅੱਖਰ ਵਰਤਣੇ ਪੈਂਦੇ ਹਨ। ਗੁਰਮੁਖੀ ਵਿਚ ਪੰਜਾਬੀ ਦੀ ਹਰ ਮਹਾਪ੍ਰਾਣ ਧੁਨੀ ਲਈ ਵੱਖਰਾ ਚਿੰਨ੍ਹ (ਅੱਖਰ) ਨਿਸ਼ਚਿਤ ਹੈ।

5. ਪੰਜਾਬੀ ਭਾਸ਼ਾ ਵਿਚ ਬਲ (ਦਬਾ) ਵਾਲੇ ਸ਼ਬਦ ਬਹੁਤ ਹਨ। ਗੁਰਮੁਖੀ ਵਿਚ ਇਸ ਦਬਾ ਨੂੰ ਅੰਕਿਤ ਕਰਨ ਲਈ 'ਅੱਧਕ' ਦਾ ਚਿੰਨ੍ਹ ਮੌਜੂਦ ਹੈ। ਹੋਰ ਕਿਸੇ ਲਿਪੀ ਵਿਚ ਅਜਿਹਾ ਚਿੰਨ੍ਹ ਮੌਜੂਦ ਨਹੀਂ ਹੈ। ਰੋਮਨ, ਫ਼ਾਰਸੀ ਅਤੇ ਦੇਵਨਾਗਰੀ ਆਦਿ ਵਿਚ ਦੂਹਰੇ ਅੱਖਰ ਵਰਤ ਕੇ ਇਸ 'ਬਲ' ਨੂੰ ਪ੍ਰਗਟ ਕੀਤਾ ਜਾਂਦਾ ਹੈ। ਇਕ ਧੁਨੀ ਲਈ ਦੋ ਅੱਖਰ ਵਰਤਣੇ ਅਵਿਗਿਆਨਕ ਵਿਧੀ ਹੈ।

6. ਗੁਰਮੁਖੀ ਦਾ ਹਰ ਅੱਖਰ ਵਿਸ਼ਿਸ਼ਟ ਅਤੇ ਨਿੱਖੜਵਾਂ ਹੈ। ਕਿਸੇ ਅੱਖਰ ਦਾ ਦੂਜੇ ਨਾਲ ਭੁਲੇਖਾ ਨਹੀਂ ਪੈਂਦਾ। ਇਹ ਇਕ ਚੰਗੀ ਲਿਪੀ ਦਾ ਪ੍ਰਮੁੱਖ ਲੱਛਣ ਹੈ।

7. ਗੁਰਮੁਖੀ ਲਿਪੀ ਦੇ ਅੱਖਰਾਂ ਨੂੰ ਬਗ਼ੈਰ ਕਲਮ/ਪੈਨ ਉਠਾਏ ਬੜੀ ਤੇਜ਼ੀ ਨਾਲ ਲਿਖਿਆ ਜਾ ਸਕਦਾ ਹੈ। ਇਸ ਦੀ ਤੁਲਨਾ ਵਿਚ ਦੇਵਨਾਗਰੀ ਅਤੇ ਫ਼ਾਰਸੀ ਲਿਪੀ ਲਿਖਣੀ ਬਹੁਤ ਕਠਿਨ ਹੈ।

## ਗੁਰਮੁਖੀ ਵਿਚ ਸੁਧਾਰਾਂ ਦੀ ਲੋੜ

ਭਾਸ਼ਾਵਾਂ ਵਿਚ ਨਵੇਂ-ਨਵੇਂ ਸ਼ਬਦ ਆਉਂਦੇ ਰਹਿੰਦੇ ਹਨ। ਕੁਝ ਪੁਰਾਣੇ ਲੋਪ ਹੋਣ ਲੱਗਦੇ ਹਨ, ਇਸ ਕਾਰਨ ਹਰ ਲਿਪੀ ਵਿਚ ਸੁਧਾਰਾਂ ਦੀ ਨਿਰੰਤਰ ਜ਼ਰੂਰਤ ਬਣੀ ਰਹਿੰਦੀ ਹੈ। ਇਹ ਜ਼ਰੂਰਤ ਕਿਸੇ ਲਿਪੀ ਦੇ ਅਧੂਰੇਪਣ ਕਾਰਨ ਪੈਦਾ ਨਹੀਂ ਹੁੰਦੀ ਬਲਕਿ ਕਿਸੇ ਭਾਸ਼ਾ ਅਤੇ ਲਿਪੀ ਦੇ ਵਿਕਾਸ ਦੀ ਸੂਚਕ ਹੁੰਦੀ ਹੈ। ਅਜੋਕੇ ਪ੍ਰਸੰਗ ਵਿਚ ਗੁਰਮੁਖੀ ਲਿਪੀ ਵਿਚ ਹੇਠ ਲਿਖੇ ਸੁਧਾਰਾਂ/ਸੰਸ਼ੋਧਨਾਂ ਦੀ ਲੋੜ ਹੈ :

1. ਗੁਰਮੁਖੀ ਵਿਚ ਸਿਹਾਰੀ ਦਾ ਚਿੰਨ੍ਹ ਠੀਕ ਸਥਾਨ ਉੱਤੇ ਨਹੀਂ ਲਾਇਆ ਜਾਂਦਾ। ਚਿੰਨ੍ਹ ਅੱਖਰ ਤੋਂ ਪਹਿਲਾਂ ਲਾਇਆ ਜਾਂਦਾ ਹੈ ਪਰ ਬੋਲਿਆ ਬਾਅਦ ਵਿਚ ਜਾਂਦਾ ਹੈ। ਜਿਵੇਂ /ਸਿਰ : ਸਇਰ/। ਇਹ ਨੁਕਸ ਸਾਰੀਆਂ ਭਾਰਤੀਆਂ ਲਿਪੀਆਂ ਵਿਚ ਹੈ। ਇਸ ਵਿਚ ਸੁਧਾਰ ਕਰਨ ਦੀ ਲੋੜ ਹੈ।

2. ਸੰਯੁਕਤ ਧੁਨੀਆਂ ਨੂੰ ਅੰਕਿਤ ਕਰਨ ਦਾ ਠੀਕ ਸਾਧਨ ਮੌਜੂਦ ਨਹੀਂ ਹੈ। ਜਿਸ ਕਾਰਨ ਸ਼ਬਦ ਕਾਮੱਰਸ, 'ਕਾਮ+ਰਸ' ਪੜ੍ਹਿਆ ਜਾਂਦਾ ਹੈ। ਹਲੰਤ ਜਾਂ ਕੋਈ ਹੋਰ ਚਿੰਨ੍ਹ ਨਿਸ਼ਚਿਤ ਕਰਕੇ ਇਹ ਘਾਟ ਦੂਰ ਕਰ ਲੈਣੀ ਚਾਹੀਦੀ ਹੈ।

3. 'ਭਰਾ, ਤਲਾ' ਆਦਿਕ ਸ਼ਬਦਾਂ ਵਿਚ /ਆ/ ਸ੍ਵਰ ਕੰਨੇ ਦੇ ਸ੍ਵਰ ਨਾਲੋਂ ਵਧੇਰੇ ਲਮਕਿਆ ਹੋਇਆ ਹੈ। ਲਮਕਾ ਦੇ ਇਸ ਫ਼ਰਕ ਨੂੰ ਅੰਕਿਤ ਕਰਨ ਲਈ ਕੋਈ ਚਿੰਨ੍ਹ ਅਪਣਾ ਲੈਣਾ ਚਾਹੀਦਾ ਹੈ।

4. ਪੰਜਾਬੀ ਉਚਾਰਣ ਵਿਚ ਸੁਰ ਦੀ ਵਰਤੋਂ ਕਾਰਨ, 'ਟੋਨ' ਤੋਂ ਪਹਿਲਾਂ ਆਉਣ ਵਾਲੇ ਸ੍ਵਰ ਦਾ ਰੂਪ ਕੁਝ ਬਦਲ ਜਾਂਦਾ ਹੈ। ਇਸੇ ਕਾਰਨ ਸ਼ਹਿਰ, ਸਹੁੰ, ਰਿਹਾ, ਸਹੁਰਾ ਆਦਿਕ ਸ਼ਬਦਾਂ ਦੇ ਜੋੜਾਂ ਬਾਰੇ ਵਿਵਾਦ ਖੜਾ ਹੋ ਗਿਆ ਹੈ। ਪੰਜਾਬੀ ਉਚਾਰਣ ਵਿਚ ਸੁਰ ਦੀ ਹੋਂਦ ਇਕ ਵਿਗਿਆਨਕ ਸੱਚਾਈ ਹੈ। ਉਚਿਤ ਹੈ ਕਿ ਅੱਧਕ, ਟਿੱਪੀ ਅਤੇ ਬਿੰਦੀ ਵਾਂਗ ਸੁਰ ਨੂੰ ਅੰਕਿਤ ਕਰਨ ਵਾਸਤੇ ਵੀ ਕੋਈ ਚਿੰਨ੍ਹ ਬਣਾ ਲਿਆ ਜਾਵੇ।

5. ਪੰਜਾਬੀ ਵਿਚ /ਙ,ਞ/ ਆਦਿ ਧੁਨੀਆਂ ਅਪ੍ਰਚੱਲਿਤ ਹੋ ਗਈਆਂ ਹਨ। ਹੁਣ ਇੰਨ੍ਹਾਂ ਦੀ ਕੋਈ ਲੋੜ ਨਹੀਂ ਰਹੀ। ਬੇਹਤਰ ਹੋਵੇਗਾ ਕਿ ਇਨ੍ਹਾਂ ਨੂੰ ਵਰਣਮਾਲਾ ਤੋਂ ਵੱਖ ਕਰ ਦਿੱਤਾ ਜਾਵੇ।

6. ਟਿੱਪੀ ਅਤ ਬਿੰਦੀ ਦੀ ਵਰਤੋਂ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ। ਪ੍ਰਚੱਲਿਤ ਵਿਧੀ ਇਹ ਹੈ ਕਿ ਜੇ ਅੱਖਰ ਦੇ ਸੱਜੇ ਪਾਸੇ ਕੋਈ ਹੋਰ 'ਲਗ' ਲੱਗੀ ਹੋਵੇ ਤਾਂ ਨਾਸਿਕਤਾ ਪ੍ਰਗਟ ਕਰਨ ਲਈ ਬਿੰਦੀ ਦਾ ਪ੍ਰਯੋਗ ਕੀਤਾ ਜਾਂਦਾ ਹੈ, ਨਹੀਂ ਤਾਂ ਟਿੱਪੀ ਲੱਗਦੀ ਹੈ। ਇਹ ਕੋਈ ਵਿਗਿਆਨਕ ਢੰਗ ਨਹੀਂ ਹੈ।

7.'ਸ਼, ਖ਼, ਗ਼, ਜ਼, ਫ਼ ਅਤੇ ਲ਼ ਆਦਿਕ ਕੁਝ ਨਵੇਂ ਅੱਖਰ ਬਣਾ ਲਏ ਹਨ। ਵਰਣਮਾਲਾ ਵਿਚ ਇੰਨ੍ਹਾਂ ਨੂੰ ਇਕੱਠੇ ਸਭ ਤੋਂ ਹੇਠਲੀ ਪੰਕਤੀ ਵਿਚ ਰੱਖਿਆ ਜਾਂਦਾ ਹੈ ਪਰੰਤੂ ਭਾਰਤੀ ਲਿਪੀਆਂ ਦੀ ਤਰਤੀਬ ਬੜੇ ਵਿਗਿਆਨਕ ਢੰਗ ਨਾਲ ਕੀਤੀ ਗਈ ਹੈ। ਇਸ ਤਰਤੀਬ ਨੂੰ ਭੰਗ ਕਰਨਾ ਚੰਗਾ ਨਹੀਂ ਹੋਵੇਗਾ। ਨਵੀਆਂ ਅਪਣਾਈਆਂ ਧੁਨੀਆਂ ਨੂੰ ਉਚਾਰਨ-ਸਥਾਨ ਅਨੁਸਾਰ ਆਪਣੇ ਟਿਕਾਣੇ ਤੇ ਰੱਖਣਾ ਚਾਹੀਦਾ ਹੈ।

# ਪੰਜਾਬੀ ਕੋਸ਼ਕਾਰੀ

ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਪੈਰ ਧਰਨ ਸਮੇਂ ਸੰਸਕ੍ਰਿਤ, ਫ਼ਾਰਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਕੋਸ਼ ਮੌਜੂਦ ਸਨ। ਸੰਸਕ੍ਰਿਤ ਕੋਸ਼ ਪਰੰਪਰਾ ਅਤੇ ਮੁਸਲਮਾਨਾਂ ਤੇ ਅੰਗਰੇਜ਼ਾਂ ਦੇ ਪ੍ਰਵੇਸ਼ ਨਾਲ ਪੈਦਾ ਹੋਏ ਮਿਸ਼ਿਰਤ ਸਮਾਜਕ ਅਤੇ ਸਭਿਆਚਾਰਕ ਅਮਲ ਵਿਚੋਂ ਪੰਜਾਬੀ ਕੋਸ਼ਕਾਰੀ ਦਾ ਜੋ ਚਿਤਰ ਉੱਘੜ ਕੇ ਸਾਹਮਣੇ ਆਇਆ ਹੈ, ਉਸ ਨੂੰ ਅਗਲੇ ਪੰਨਿਆਂ ਵਿਚ ਸੰਖੇਪ ਚਿਤਰਿਤ ਕਰਨ ਦਾ ਯਤਨ ਕੀਤਾ ਗਿਆ ਹੈ।

**1. ਸਮਭਾਸ਼ੀ ਕੋਸ਼ :** ਸੰਸਕ੍ਰਿਤ ਭਾਸ਼ਾ ਵਾਂਗ ਸਮਭਾਸ਼ੀ ਕੋਸ਼ ਰਚਨਾ ਪ੍ਰਕਿਰਿਆ ਆਰੰਭ ਹੋਈ ਅਤੇ ਇਸ ਮੰਤਵ ਲਈ ਮੁੱਖ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਵਿਚ ਸੰਕਲਿਤ ਸ਼ਬਦ-ਸਮੱਗਰੀ ਨੂੰ ਆਧਾਰ ਬਣਾਇਆ ਗਿਆ।

**(ੳ) ਗੁਰਬਾਣੀ ਤੇ ਆਧਾਰਿਤ ਕੋਸ਼ :** ਗੁਰਬਾਣੀ ਨਾਲ ਸੰਬੰਧਿਤ ਪ੍ਰਕਾਸ਼ਿਤ ਕੋਸ਼ਾਂ ਦੀ ਇਹ ਸੂਚੀ ਉਪਲਬਧ ਹੋਈ ਹੈ :

1. ਹਜ਼ਾਰਾ ਸਿੰਘ (ਗਿਆਨੀ), ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, 1899 ; ਸੋਧਿਆ ਹੋਇਆ ਸੰਸਕਰਣ (ਭਾਈ ਵੀਰ ਸਿੰਘ), ਰਾਜਿੰਦਰ ਪ੍ਰੈਸ, ਪਟਿਆਲਾ, 1927.
2. ਕਾਨ੍ਹ ਸਿੰਘ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1930 ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.
3. ਗੁਰਮੁਖ ਸਿੰਘ ਨਿਰਮਲਾ, ਸ਼੍ਰੀ ਗੁਰੂ ਗ੍ਰੰਥ ਕੋਸ਼ ; ਜਵਾਹਰ ਸਿੰਘ ਕਿਰਪਾਲ ਸਿੰਘ, ਅੰਮ੍ਰਿਤਸਰ, ਮਿਤੀਹੀਣ।
4. ਤਾਰਾ ਸਿੰਘ ਨਰੋਤਮ (ਪੰਡਿਤ), ਸ਼੍ਰੀ ਗੁਰੂ ਗਿਰਾਰਥ ਕੋਸ਼, ਰਾਜਿੰਦਰ ਪ੍ਰੈੱਸ ਪਟਿਆਲਾ, 1895
5. ਤੇਜਾ ਸਿੰਘ (ਸੋਢੀ), ਸ਼੍ਰੀ ਗੁਰੂ ਬਾਣੀ ਪਰਕਾਸ਼ ਅਰਥਾਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਫੇਵਾਰ ਕੋਸ਼, 1932, 1953.
6. ਪਿਆਰਾ ਸਿੰਘ ਪਦਮ, ਗੁਰਬਾਣੀ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1960.
7. ਬਲਬੀਰ ਸਿੰਘ, ਨਿਰੁਕਤ ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.
8. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸਾਹਿਬ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1972.
10. ਬਿਸ਼ਨ ਸਿੰਘ (ਗਿਆਨੀ), ਗੁਰੂ ਗ੍ਰੰਥ ਕੋਸ਼
11. ਬਿਸ਼ਨ ਦਾਸ ਉਦਾਸੀ, ਕੋਸ਼ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, 1898.

12. ਰਾਮ ਸਿੰਘ ਬੁੰਡਾਲਾ, ਗੁਰਬਾਣੀ ਅਦੁੱਤੀ ਕੋਸ਼, ਪ੍ਰਤਾਪ ਸਿੰਘ ਸੁੰਦਰ ਸਿੰਘ, ਅੰਮ੍ਰਿਤਸਰ, 1922.
13. ਲਾਲ ਸਿੰਘ (ਗਿਆਨੀ), ਕੋਸ਼ ਸ੍ਰੀ ਦਸਮ ਗ੍ਰੰਥ, ਜਤਕ ਪੁਸਤਕ ਭੰਡਾਰ, ਸੰਗਰੂਰ, 1949.
14. ਵੀਰ ਸਿੰਘ (ਭਾਈ), ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਸਮਾਚਾਰ, ਅੰਮ੍ਰਿਤਸਰ, 1939.

**(ਅ) ਪਰਿਆਇ ਕੋਸ਼ :** ਹੁਣ ਤੱਕ ਉਪਲਬਧ ਪਰਿਆਇ ਕੋਸ਼ ਹੇਠ ਲਿਖੇ ਅਨੁਸਾਰ ਹਨ :

1. ਸੰਤ ਪ੍ਰਕਾਸ਼, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਯਾਯ, ਮਿਤੀਹੀਣ।
2. ਸ਼ਾਮ ਸਿੰਘ, ਪ੍ਰਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਾਰਾਇਣ ਸਿੰਘ, ਅੰਮ੍ਰਿਤਸਰ, 1936.
3. ਸੁਤੇ ਪ੍ਰਕਾਸ਼, ਪ੍ਰਯਾਇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਵਜ਼ੀਰ-ਇ-ਹਿੰਦ ਪ੍ਰੈਸ, ਅੰਮ੍ਰਿਤਸਰ, 1998.
4. ਜੂਰਤ ਸਿੰਘ, ਨਿਘੰਟੂ ਯੂਨਾਨੀ ਕੋਸ਼, ਸ਼ਾਹੀ ਪ੍ਰੈਸ, ਲੁਧਿਆਣਾ, ਮਿਤੀਹੀਣ।
5. ਸੇਵਾ ਸਿੰਘ ਗਰੋਵਰ, ਨਿਘੰਟੂ (ਆਯੁਰਵੈਦਿਕ ਸ਼ਬਦਾਵਲੀ ਕੋਸ਼), ਮਿਤੀਹੀਣ।
6. ਕ੍ਰਿਪਾਲ ਸਿੰਘ (ਗਿਆਨੀ), ਸਮ ਅਰਥ ਕੋਸ਼, ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਐਂਡ ਕੋ, ਅੰਮ੍ਰਿਤਸਰ, 1961.
7. ਗੋਬਿੰਦ ਦਾਸ, ਪ੍ਰਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੰਤ ਸਿੰਘ, ਅੰਮ੍ਰਿਤਸਰ 1929.
8. ਚੰਦਾ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਾਇ, ਯੰਤਰ ਲਯ ਅਮਰ ਪ੍ਰੈਸ, ਅੰਮ੍ਰਿਤਸਰ, 1888.
9. ਚੰਦਾ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਮੱਧ ਮੱਧ ਕੇ ਪ੍ਰਥਾਇ, ਫ਼ਾਰਸੀ ਪਦੋਂ ਕੇ, ਯੰਤ੍ਰਾਲਯ ਅਮਰ ਪ੍ਰੈਸ, ਅੰਮ੍ਰਿਤਸਰ, 1897.
10. ਚੰਦਾ ਸਿੰਘ, ਪ੍ਰਥਾਇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਹਰੀ ਸਿੰਘ, ਦਿੱਤ ਸਿੰਘ, ਅੰਮ੍ਰਿਤਸਰ, 1907.
11. ਠਾਕੁਰ ਸਿੰਘ ਬਾਵਾ, ਪ੍ਰਯਾਯ ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਵਜ਼ੀਰ-ਇ-ਹਿੰਦ ਪ੍ਰੈਸ, ਅੰਮ੍ਰਿਤਸਰ, ਮਿਤੀਹੀਣ
12. ਮੌਲਾ ਸਿੰਘ, ਪ੍ਰਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ (ਅਪੂਰਣ), ਅੰਮ੍ਰਿਤਸਰ, 1888.
13. ਰਣ ਸਿੰਘ ਬੇਦੀ, ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, 1872.

14. ਲਕਸ਼ਮਣ ਸਵਰੂਪ, ਨਿਘਟੂੰ-ਨਿਗਮ ਨਿਰੁਕਤ ਕੋਸ਼, ਇੰਡੀਯਨ ਪ੍ਰੈਸ, ਅਹਿਮਦਾਬਾਦ, 1929.
15. ਲਾਲ ਹਰੀ, ਏਕ ਨਮ ਅਨੇਕ ਨਾਮਾਵਲੀ, ਵਜ਼ੀਰ-ਇ-ਹਿੰਦ ਪ੍ਰੈਸ, ਅੰਮ੍ਰਿਤਸਰ, ਮਿਤੀਹੀਣ।

ਸੰਸਕ੍ਰਿਤ ਕੋਸ਼ ਪਰੰਪਰਾ ਵਿਚ ਉਪਲੱਬਧ ਨਿਘੰਟੂਆਂ, ਪਰਿਆਈ ਕੋਸ਼ਾਂ, ਨਾਮ-ਮਾਲਾ ਕੋਸ਼ਾਂ ਦੇ ਸਮਾਨਾਂਤਰ ਪੰਜਾਬੀ ਕੋਸ਼ਕਾਰਾਂ ਨੇ ਪਰਿਆਇ ਕੋਸ਼ਾਂ ਦੇ ਸੰਕਲਨ ਲਈ ਅਧਿਕਤਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਬਦ-ਸਮੱਗਰੀ ਨੂੰ ਆਧਾਰ ਬਣਾਇਆ।

**(ੲ)ਸਾਧਾਰਣ ਕੋਸ਼ :** ਸਾਧਾਰਣ ਕੋਸ਼ਾਂ ਦੇ ਸੰਕਲਨ ਵਲ ਨਿੱਜੀ ਪੱਧਰ 'ਤੇ ਕੰਮ ਘੱਟ ਹੀ ਹੋਇਆ ਹੈ। ਇਸ ਪਾਸੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਕੇਵਲ ਚਾਰ ਸਾਧਾਰਣ ਕੋਸ਼ ਹੀ ਉਪਲਬਧ ਹਨ :

1. ਸਰਲ ਪੰਜਾਬੀ ਕੋਸ਼, ਆਜ਼ਾਦ ਬੁਕ ਡਿਪੋ, ਅੰਮ੍ਰਿਤਸਰ, ਮਿਤੀਹੀਣ।
2. ਕਰਤਾਰ ਸਿੰਘ, ਪਰਮਾਣੀਕ ਪੰਜਾਬੀ-ਪੰਜਾਬੀ ਕੋਸ਼ (ਪਹਿਲੀ ਜਿਲਦ : ੳ-1), ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963.
3. ਬਿਸ਼ਨ ਦਾਸ ਪੁਰੀ, ਪੰਜਾਬੀ ਸ਼ਬਦ ਭੰਡਾਰ (ਪੰਜਾਬੀ ਪਦਾਂ ਦੇ ਅਰਥ ਪੰਜਾਬੀ ਵਿਚ), ਪੰਜਾਬ ਟੈਕਸਟ ਬੁਕ ਕਮੇਟੀ, ਲਾਹੌਰ, 1922.
4. ਭਾਸ਼ਾ ਵਿਭਾਗ, ਪੰਜਾਬ, ਪੰਜਾਬੀ ਕੋਸ਼ (ਛੇ ਜਿਲਦਾਂ : 1955-1983) ਪਟਿਆਲਾ।

**(ਸ)ਮੁਹਾਵਰਾ ਕੋਸ਼ ਤੇ ਅਖਾਣ ਕੋਸ਼ :** ਮੁਹਾਵਰੇ ਅਤੇ ਅਖਾਣ ਕਿਸੇ ਭਾਸ਼ਾ ਦੇ ਬੋਲਣਹਾਰਿਆ ਦੇ ਮਾਨਸਿਕ ਪ੍ਰਵਿਰਤੀ, ਜੀਵਨ ਦਰਸ਼ਨ, ਰਹਿਣ-ਸਹਿਣ, ਚੱਜ-ਆਚਾਰ ਅਤੇ ਸਿਆਣਪ-ਦਾਨਸ਼ਮੰਦੀ ਦੇ ਲਖਾਇਕ ਹਨ। ਅੰਗਰੇਜ਼ਾਂ ਰਾਹੀਂ ਅੰਗਰੇਜ਼ੀ ਭਾਸ਼ਾ ਦੇ ਸੰਪਰਕ ਵਿਚ ਆਉਣ ਉਪਰੰਤ ਅੰਗਰੇਜ਼ੀ ਵਿਚ ਉਪਸੰਬੰਧ ਮੁਹਾਵਰਾ ਤੇ ਅਖਾਣ ਕੋਸ਼ਾਂ ਨੇ ਵੀ ਇਸ ਪ੍ਰਸੰਗ ਵਿਚ ਪ੍ਰੇਰਣਾ-ਸ੍ਰੋਤ ਦਾ ਕੰਮ ਕੀਤਾ। ਦੇਸੀ ਅਤੇ ਵਿਦੇਸ਼ੀ, ਨਿਜੀ ਅਤੇ ਸੰਸਥਾਗਤ ਪੱਧਰ 'ਤੇ ਮੁਹਾਵਰਾ ਅਤੇ ਅਖਾਣ ਕੋਸ਼ ਤਿਆਰ ਕਰਨ ਦੇ ਜੋ ਯਤਨ ਹੁੰਦੇ ਹੋਏ ਹਨ, ਉਨ੍ਹਾਂ ਦੇ ਫਲਸਰੂਪ ਸਾਨੂੰ ਇਹ ਕੋਸ਼ ਪ੍ਰਾਪਤ ਹੋਏ ਹਨ :

1. ਇੰਦਰ ਸਿੰਘ ਗਿੱਲ, ਪੰਜਾਬੀ ਅਖਾਣ ਭੰਡਾਰ, ਲਾਹੌਰ ਬੁੱਕ ਸ਼ਾਪ, ਲਾਹੌਰ, 1944.
2. ਸ਼ਰਧਾ ਰਾਮ ਫਿਲੌਰੀ (ਪੰਡਿਤ), ਪੰਜਾਬੀ ਬਾਤਚੀਤ, 1884.
3. ਸਾਹਿਬ ਸਿੰਘ, ਮਹਿਤਾਬ ਸਿੰਘ, ਪੰਜਾਬੀ ਸੋਹਜ ਪ੍ਰਕਾਸ਼, ਲਾਹੌਰ ਬੁੱਕ ਸ਼ਾਪ, ਲਾਹੌਰ, 1941.
4. ਜੀਵਨ ਸਿੰਘ, ਪੰਜਾਬੀ ਅਖੌਤਾਂ, ਵਜ਼ੀਰ-ਇ-ਹਿੰਦ ਪ੍ਰੈਸ, ਅੰਮ੍ਰਿਤਸਰ, 1925.

5. ਤਾਰਨ ਸਿੰਘ, ਸਾਹਿਬ ਸਿੰਘ, ਪੰਜਾਬੀ ਮੁਹਾਵਰਾ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1964.
6. ਤਾਰਨ ਸਿੰਘ, ਦਰਸ਼ਨ ਸਿੰਘ ਆਵਾਰਾ, ਮੁਹਾਵਰਾ ਤੇ ਅਖਾਣ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.
7. ਦੇਵੀ ਦਾਸ ਹਿੰਦੀ, ਅਖਾਣਾਂ ਦੀ ਖਾਣ, ਕਿਰਪਾਲ ਸਿੰਘ ਬਲਬੀਰ ਸਿੰਘ, ਅੰਮ੍ਰਿਤਸਰ, ਮਿਤੀਹੀਣ।
8. ਭਾਨੂੰ ਦੱਤ (ਪੰਡਿਤ), ਪੰਜਾਬੀ ਅਖੌਤਾਂ, 1891.
9. ਮਹਿਤਾਬ ਸਿੰਘ, ਪੰਜਾਬੀ ਅਖਾਣ ਕੋਸ਼, ਪੰਜਾਬੀ ਪਬਲੀਕੇਸ਼ਨ ਬਿਊਰੋ, ਮਿਤੀਹੀਣ।
10. ਲਾਲ ਸਿੰਘ (ਗਿਆਨੀ), ਅੰਮ੍ਰਿਤ ਅਖਾਣ, ਸੰਗਰੂਰ, 1953.

**(ਕ)ਸ਼ਬਦ-ਕੋਸ਼ :** ਪੰਜਾਬੀ ਸ਼ਬਦ-ਜੋੜਾਂ ਦੀ ਇਕਸਾਰਤਾ ਲਈ ਨਿਰੰਤਰ ਨਿੱਜੀ ਅਤੇ ਸੰਸਥਾਗਤ ਪੱਧਰ 'ਤੇ ਯਤਨ ਹੋ ਰਹੇ ਹਨ ਅਤੇ ਇਸ ਸੰਬੰਧ ਵਿਚ ਸਾਰਥਕ ਅਤੇ ਨਿਸ਼ਚਿਤ ਕਾਰਜ ਸੰਪੰਨ ਹੋਇਆ ਵੀ ਹੈ। ਇਸ ਪ੍ਰਸੰਗ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਯੋਗਦਾਨ ਸ਼ਲਾਘਾਯੋਗ ਹੈ ਅਤੇ 1988 ਵਿਚ ਇਕ ਜਿਲਦ ਵਿਚ ਮੁਕੰਮਲ 'ਪੰਜਾਬੀ ਸ਼ਬਦ-ਜੋੜ ਕੋਸ਼' ਪ੍ਰਕਾਸ਼ਿਤ ਕੀਤਾ ਗਿਆ। ਇਸ ਪਾਸੇ ਹੁਣ ਤੱਕ ਹੋਏ ਯਤਨ ਇਸ ਪ੍ਰਕਾਰ ਹਨ :

1. ਹਰਕੀਰਤ ਸਿੰਘ, ਪੰਜਾਬੀ ਸ਼ਬਦ-ਰੂਪ ਤੇ ਸ਼ਬਦ ਜੋੜ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
2. ਪਿਆਰ ਸਿੰਘ, ਪੰਜਾਬੀ ਸ਼ਬਦ-ਜੋੜ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.
3. ਪ੍ਰੀਤਮ ਸਿੰਘ, ਕੁਲਬੀਰ ਸਿੰਘ ਕਾਂਗ, ਪੰਜਾਬੀ ਸ਼ਬਦ-ਜੋੜ ਕੋਸ਼, ਧਨਪਤ ਰਾਏ ਐਂਡ ਸਨਜ਼, ਜਲੰਧਰ, ਮਿਤੀਹੀਣ।

**(ਖ) (ਵਿਸ਼ਵਕੋਸ਼) :**

1. ਸੁਰਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਲੋਕ ਪ੍ਰਕਾਸ਼ਨ, ਨਵੀਂ ਦਿੱਲੀ, 1978.
2. ਕਾਨ੍ਹ ਸਿੰਘ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1930, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1981.
3. ਪਿਆਰਾ ਸਿੰਘ ਸਹਿਰਾਈ, ਵਿਸ਼ਵ ਕੋਸ਼, (ਪੁਲਾੜ ਵਿਗਿਆਨ) ਨਵਯੁਗ ਪਬਲਿਸ਼ਰਜ਼, ਦਿੱਲੀ, ਮਿਤੀਹੀਣ।
4. ਭਾਸ਼ਾ ਵਿਭਾਗ, ਪੰਜਾਬ, ਪੰਜਾਬੀ ਵਿਸ਼ਵ ਕੋਸ਼ (ਅਪੂਰਣ), ਪਟਿਆਲਾ।

**ਵਿਸ਼ਵ ਕੋਸ਼ :** ਪੰਜਾਬੀ ਸਾਹਿਤ ਕੋਸ਼, ਨਾਵਾਂ ਥਾਵਾਂ ਦੇ ਕੋਸ਼, ਹਿੰਦੂ ਮਿਥਿਹਾਸ ਕੋਸ਼ ਇਸ ਦਿਸ਼ਾ ਵਿਚ ਮਹੱਤਵਪੂਰਣ ਅਤੇ ਉਲੇਖਯੋਗ ਯਤਨ ਹਨ। ਇਸ ਪ੍ਰਸੰਗ ਵਿਚ ਸਾਡੀ ਵਿਸ਼ੇਸ਼ ਪ੍ਰਾਪਤੀ ਇਸ ਪ੍ਰਕਾਰ ਹੈ :

1. ਸੇਵਾ ਸਿੰਘ ਸੇਵਕ, ਗੁਰਬਾਣੀ ਸੰਖਿਆ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1971.
2. ਕਾਨ੍ਹ ਸਿੰਘ, ਨਾਮਮਾਲਾ ਕੋਸ਼, ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1939.
3. ਗੁਰਦਿੱਤ ਸਿੰਘ ਸਾਧੂ, ਚਿਕਿਤਸਾ ਕੋਸ਼, ਅਮਰ ਪ੍ਰੈਸ, ਅੰਮ੍ਰਿਤਸਰ, 1988.
4. ਗੁਰਬਖਸ਼ ਸਿੰਘ ਕੇਸਰੀ, ਸੰਖਿਆ ਕੋਸ਼, 1961.
5. ਡੌਸਨ (ਜੌਨ), ਹਿੰਦੂ ਮਿਥਿਹਾਸ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963.
6. ਤੇਜਵੰਤ ਸਿੰਘ, ਧਾਰਮਿਕ ਕਵਿਜ਼ ਕੋਸ਼, ਸ਼ਹੀਦ ਸਿੱਖ ਐਜੂਕੇਸ਼ਨ ਕਮੇਟੀ, ਦਿੱਲੀ, 1883.
7. ਨਿਹਾਲ ਸਿੰਘ, ਭਗਵਾਨ ਸਿੰਘ, ਚਿੱਠੀਆਂ ਤੇ ਪੰਜਾਬੀ ਸਾਹਿਤ ਕੋਸ਼, ਪਟਿਆਲਾ, ਮਿਤੀਹੀਣ।
8. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ) ਪਬਲੀਕੇਸ਼ਨ ਬਿਊਰੋ, 1971.
9. ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬੀ ਸਾਹਿਤ ਕੋਸ਼ ਭਾਗ ਪਹਿਲਾ, 1971 : ਸੰਪੂਰਨ : 1989.

**(ਜ) ਤੁਕ-ਤਤਕਰਾ :**

1. ਕਰਤਾਰ ਸਿੰਘ, ਵਾਰਾਂ ਗੁਰਦਾਸ ਜੀ ਦਾ ਤੁਕ ਤਤਕਰਾ, ਜਲੰਧਰ, 1967.
2. ਕੌਰ ਸਿੰਘ (ਅਕਾਲੀ), ਸ਼੍ਰੀ ਗੁਰੂ ਸ਼ਬਦ ਰਤਨ ਪ੍ਰਕਾਸ਼, ਕਾਰੋਨੇਸ਼ਨ ਪ੍ਰੈਸ, ਪਿਸ਼ਾਵਰ, 1923 : ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963.
3. ਕੌਰ ਸਿੰਘ (ਅਕਾਲੀ), ਭਾਈ ਗੁਰਦਾਸ ਜੀ ਦੇ ਕਬਿਤ, ਸਵਯੈ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ, ਖਾਲਸਾ ਪਰਦੇਸੀ ਮਾਲਵਾ ਪ੍ਰੈਸ, ਅੰਮ੍ਰਿਤਸਰ, 1929.
4. ਭਗਵੰਤ ਸਿੰਘ ਹਰੀ, ਦਸਮ ਗ੍ਰੰਥ ਦਾ ਤਤਕਰਾ।

**2. ਸ਼ਬਦ-ਅਨੁਕ੍ਰਮਣਿਕਾ :**

1. ਗੁਰਚਰਨ ਸਿੰਘ, ਆਦਿ ਗ੍ਰੰਥ ਸ਼ਬਦ ਅਨੁਕ੍ਰਮਣਿਕਾ (ਦੋ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.
2. ਰਤਨ ਸਿੰਘ ਜੱਗੀ, ਵਾਰਾਂ ਭਾਈ ਗੁਰਦਾਸ ਸ਼ਬਦ-ਅਨੁਕ੍ਰਮਣਿਕਾ ਅਤੇ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966.

**(ਣ) ਅੰਗਰੇਜ਼ੀ-ਪੰਜਾਬੀ ਕੋਸ਼ :**

1. ਅਤਰ ਸਿੰਘ, ਬਲਬੀਰ ਸਿੰਘ ਸੰਧੂ ਅਤੇ ਹੋਰ, ਪੀ. ਐਸ. ਯੂ. ਟੀ. ਬੀ. ਇੰਗਲਿਸ਼-ਪੰਜਾਬੀ ਡਿਕਸ਼ਨਰੀ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1982.

2. ਸਟਾਰਕੀ (ਕੈਪਟਨ), ਏ ਡਿਕਸ਼ਨਰੀ, ਇੰਗਲਿਸ਼ ਐਂਡ ਪੰਜਾਬੀ, ਡੀ. ਰੋਜ਼ੋਰੀਓ ਐਂਡ ਕੰਪਨੀ, ਕਲਕੱਤਾ, 1849.
3. ਸਾਲਗ ਰਾਮ ਬਜਾਜ, ਐਂਗਲੋ ਗੁਰਮੁਖੀ ਡਿਕਸ਼ਨਰੀ, ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ, ਮਿਤੀਹੀਣ।
4. ਸਾਲਗ ਰਾਮ ਬਜਾਜ, ਐਂਗਲੋ ਗੁਰਮੁਖੀ ਡਿਕਸ਼ਨਰੀ, 1897, 1923.

## ਵਿਆਕਰਣ-ਰਚਨਾ ਅਤੇ ਅਨੁਵਾਦ ਕਾਰਜ

ਭਾਸ਼ਾ ਅਧਿਆਪਨ ਅਤੇ ਸਿੱਖਣ ਵਿਚ ਅਨੁਵਾਦ ਕਾਰਜ ਦਾ ਵੀ ਕਾਫ਼ੀ ਹੱਥ ਹੈ। ਅਨੁਵਾਦ ਕਾਰਜ ਦੀ ਪ੍ਰਮਾਣਿਕਤਾ-ਅਪ੍ਰਮਾਣਿਕਤਾ ਦਾ ਵਿਸ਼ਲੇਸ਼ਣ :

1. ਹੱਦਾਂ ਤੋਂ ਭਾਵ ਹੈ ਇਕ ਭਾਸ਼ਾ ਵਿਚਲੇ ਪਾਠ ਦੇ ਅਨੁਵਾਦ ਦੀ ਹੱਦ। ਅਨੁਵਾਦ, ਪੂਰਨ ਜਾਂ ਅਪੂਰਨ ਹੋ ਸਕਦਾ ਹੈ। ਪੂਰਨ ਤੋਂ ਭਾਵ ਹੈ ਸਰੋਤ ਭਾਸ਼ਾ ਦੀ ਕਿਸੇ ਇਕ ਰਚਨਾ ਦੇ ਕੁਝ ਹਿੱਸਿਆਂ ਦਾ ਅਨੁਵਾਦ ਕਰਕੇ ਬਾਕੀ ਦੇ ਹਿੱਸਿਆਂ ਨੂੰ ਉਸੇ ਤਰ੍ਹਾਂ ਮੂਲ ਭਾਸ਼ਾ ਵਿਚ ਰਹਿਣ ਦਿੱਤਾ ਜਾਂਦਾ ਹੈ। ਪੰਜਾਬੀ ਵਿਚ ਕਈ ਟੈਕਨੀਕਲ ਪੁਸਤਕਾਂ ਤੇ ਅਨੁਵਾਦ ਇਸ ਤਰ੍ਹਾਂ ਨਾਲ ਕੀਤੇ ਗਏ ਹਨ। ਮੂਲ ਭਾਸ਼ਾ ਦੀ ਟੈਕਸਟ ਕਠਿਨ ਹੋਣ ਕਰਕੇ ਅਤੇ ਟੀਚਾ-ਭਾਸ਼ਾ ਵਿਚ ਢੁੱਕਵੀਂ ਸ਼ਬਦਾਵਲੀ ਦੀ ਅਣਹੋਂਦ ਕਾਰਨ ਇਸ ਤਰ੍ਹਾਂ ਅਪੂਰਨ ਆਂਸ਼ਿਕ ਅਨੁਵਾਦ ਕੀਤੇ ਜਾਂਦੇ ਹਨ।

2. ਪੱਧਰ ਤੋਂ ਭਾਵ ਭਾਸ਼ਾਈ ਪੱਧਰਾਂ ਦਾ ਅਨੁਵਾਦ ਹੈ। ਜਦੋਂ ਸਰੋਤ-ਭਾਸ਼ਾ ਦੇ ਵਿਆਕਰਣ ਅਤੇ ਸ਼ਬਦਾਵਲੀ ਨੂੰ ਟੀਚਾ ਭਾਸ਼ਾ ਵਿਚਲੇ ਬਰਾਬਰ ਦੇ ਵਿਆਕਰਣ ਅਤੇ ਸ਼ਬਦਾਵਲੀ ਵਿਚ ਤਬਦੀਲ ਕੀਤਾ ਜਾਂਦਾ ਜਾਵੇ ਅਰਥਾਤ ਸਰੋਤ-ਭਾਸ਼ਾ ਦੇ ਸਾਰਥਿਕ ਧੁਨੀ ਵਿਗਿਆਨ/ਲਿਖਣ ਕਲਾ ਨੂੰ ਟੀਚਾ ਭਾਸ਼ਾ ਦੇ ਸਾਰਥਿਕ ਧੁਨੀ ਵਿਗਿਆਨ/ਲਿਖਣ ਕਲਾ ਵਿਚ ਬਦਲ ਦਿੱਤਾ ਜਾਵੇ ਤਾਂ ਉਸ ਨੂੰ ਸਮੁੱਚਾ ਅਨੁਵਾਦ ਕਹਿੰਦੇ ਹਨ। ਪਰ ਜਦੋਂ ਸਿਰਫ਼ ਇਕ ਪੱਧਰ ਦਾ ਹੀ ਅਨੁਵਾਦ ਕੀਤਾ ਜਾਵੇ ਤਾਂ ਉਸ ਨੂੰ ਬੰਧੇਜੀ ਅਨੁਵਾਦ ਕਿਹਾ ਜਾਂਦਾ ਹੈ।

3. ਸ਼੍ਰੇਣੀ ਤੋਂ ਭਾਵ ਵਿਆਕਰਣਿਕ ਵਰਗਾਂ ਦਾ ਅਨੁਵਾਦ ਹੈ। ਜਦੋਂ ਇਕ ਭਾਸ਼ਾ ਦੇ ਵਿਆਕਰਣਿਕ ਵਰਗਾਂ ਨੂੰ ਦੂਜੀ ਭਾਸ਼ਾ ਦੇ ਵਿਆਕਰਣਿਕ ਵਰਗਾਂ ਵਿਚ ਅਨੁਵਾਦ ਕੀਤਾ ਜਾਵੇ ਤਾਂ ਉਸ ਨੂੰ ਸੀਮਤ ਅਨੁਵਾਦ ਕਹਿੰਦੇ ਹਨ। ਅਜਿਹਾ ਅਨੁਵਾਦ ਮਸ਼ੀਨਾਂ ਰਾਹੀਂ ਕੀਤਾ ਜਾਂਦਾ ਹੈ। ਜਦੋਂ ਇਸ ਤਰ੍ਹਾਂ ਨਾ ਕੀਤਾ ਜਾਵੇ ਤਾਂ ਉਸਨੂੰ ਅਸੀਮਤ ਅਨੁਵਾਦ ਕਹਿੰਦੇ ਹਨ। ਸੁਤੰਤਰ ਅਨੁਵਾਦ ਇਸ ਤਰ੍ਹਾਂ ਦੇ ਅਨੁਵਾਦ ਦੀ ਇਕ ਮਿਸਾਲ ਹੈ। ਪ੍ਰੋ. ਮੋਹਨ ਸਿੰਘ ਦੁਆਰਾ ਕੀਤਾ, 'ਲਾਈਟ ਆਫ਼ ਏਸ਼ੀਆ' (ਐਡਵਿਨ ਆਰਨਲਡ) ਦਾ ਅਨੁਵਾਦ ਇਸੇ ਤਰ੍ਹਾਂ ਦਾ ਸੁਤੰਤਰ ਅਸੀਮਤ ਅਨੁਵਾਦ ਹੈ। ਭਾਸ਼ਾ ਵਿਭਾਗ ਵਰਗੇ ਅਦਾਰੇ ਸੀਮਤ ਅਨੁਵਾਦ ਕਰਨ ਦਾ ਆਗ੍ਰਹਿ ਕਰਦੇ ਹਨ।

## ਅਨੁਵਾਦ-ਪ੍ਰਕਿਰਿਆ ਦਾ ਮਹੱਤਵ

ਅਨੁਵਾਦ ਪ੍ਰਕਿਰਿਆ ਇਕ ਬਹੁਤ ਹੀ ਮਹੱਤਵਪੂਰਨ ਪ੍ਰਕਿਰਿਆ ਹੈ। ਜਿੱਥੇ ਗਿਆਨਮੂਲਕ ਸਾਹਿਤ ਦਾ ਅਨੁਵਾਦ ਕਿਸੇ ਸਾਹਿਤਕ ਕਿਰਤਾਂ ਦਾ ਅਨੁਵਾਦ ਕਿਸੇ

ਭਾਸ਼ਾ ਦੇ ਸਾਹਿਤ ਵਿਚ ਨਵੀਆਂ ਰਚਨਾਤਮਕ ਸੰਭਾਵਨਾਵਾਂ ਨੂੰ ਜਾਗ੍ਰਿਤ ਕਰਦਾ ਹੈ। 1962 ਈ. ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਹੋਈ ਤਾਂ ਸਭ ਤੋਂ ਪਹਿਲਾਂ ਇਸ ਦੇ ਅਨੁਵਾਦ ਵਿਭਾਗ ਦਾ ਗਠਨ ਕੀਤਾ ਗਿਆ। ਡਾ. ਪਿਆਰ ਸਿੰਘ, ਡਾ. ਐਚ .ਕੇ ਮਨਮੋਹਨ ਸਿੰਘ ਅਤੇ ਡਾ. ਉਪਿੰਦਰਜੀਤ ਕੌਰ ਵਰਗੇ ਵਿਦਵਾਨਾਂ ਦੀ ਦੇਖ-ਰੇਖ ਹੇਠ ਸਮਾਜ ਵਿਗਿਆਨਾਂ ਵਿਦਿਆਰਥੀਆਂ ਨੂੰ ਆਪਣੀ ਮਾਤ-ਭਾਸ਼ਾ ਵਿਚ ਗਿਆਨਮੂਲਕ ਸਾਹਿਤ ਉਪਲੱਬਧ ਹੋਣ ਕਰਕੇ ਉਚ-ਪਰੀਖਿਆਵਾਂ ਦਾ ਮਾਧਿਅਮ ਪੰਜਾਬੀ ਬਣ ਗਿਆ ਅਤੇ ਇਉਂ ਉੱਚ -ਪੱਧਰ ਕੋਰੇ ਵਿਦਿਆਰਥੀਆਂ ਦੀ ਪਕੜ/ਪਹੁੰਚ ਵਿਚ ਆ ਗਈਆਂ।

ਪੰਜਾਬੀ ਯੂਨੀਵਰਸਿਟੀ ਅਤੇ ਭਾਸ਼ਾ ਵਿਭਾਗ ਪੰਜਾਬ ਨੇ ਸਾਹਿਤਕ ਕਿਰਤਾਂ ਦੇ ਅਨੁਵਾਦ ਦਾ ਕੰਮ ਵੀ ਆਪਣੇ ਹੱਥ ਵਿਚ ਲਿਆ ਹੋਇਆ ਹੈ। ਭਾਵੇਂ ਪੰਜਾਬੀ ਯੂਨੀਵਰਸਿਟੀ ਨੇ ਸਾਹਿਤਕ-ਕਿਰਤਾਂ ਦੇ ਅਨੁਵਾਦ ਕਾਰਜ ਨੂੰ ਵਧੇਰੇ ਵਿਉਂਤਬੱਧ ਢੰਗ ਨਾਲ ਹੱਥ ਨਹੀਂ ਪਾਇਆ ਪਰੰਤੂ ਫਿਰ ਵੀ ਇਸ ਯੂਨੀਵਰਸਿਟੀ ਨੇ ਡਾ. ਹਰਜੀਤ ਸਿੰਘ ਗਿੱਲ, ਡਾ. ਦਲੀਪ ਕੌਰ ਟਿਵਾਣਾ, ਡਾ. ਜੀਤ ਸਿੰਘ ਸੀਤਲ ਅਤੇ ਪ੍ਰੋ. ਗੁਲਵੰਤ ਸਿੰਘ ਵਰਗੇ ਵਿਦਵਾਨਾਂ ਤੋਂ ਕੁਝ ਮਹੱਤਵਪੂਰਨ ਅਤੇ ਕਲਾਸੀਕਲ ਰਚਨਾਵਾਂ ਦੇ ਮਿਆਰੀ ਅਨੁਵਾਦ ਸੁਲੱਭ ਕਰਵਾਏ ਹਨ। ਇਸ ਪ੍ਰਸੰਗ ਵਿਚ ਰੂਸੀ ਸਰਕਾਰ ਅਤੇ ਰੂਸੀ ਦੂਤਵਾਸ ਵੱਲੋਂ ਵੀ ਪ੍ਰਮੁੱਖ ਰੂਸੀ ਕਿਰਤਾਂ ਦਾ ਪ੍ਰਮਾਣਿਕ ਅਨੁਵਾਦ ਕਰਵਾਇਆ ਜਾਂਦਾ ਰਿਹਾ ਹੈ। ਡਾ. ਗੁਰਬਖਸ਼ ਸਿੰਘ ਫਰੈਂਕ, ਸ. ਦਰਸ਼ਨ ਸਿੰਘ, ਸ. ਗੁਰਬਚਨ ਸਿੰਘ ਭੁੱਲਰ, ਸ. ਜਗਜੀਤ ਸਿੰਘ ਆਨੰਦ ਅਤੇ ਪ੍ਰੋ. ਗੁਰਦਿਆਲ ਸਿੰਘ ਵਰਗੇ ਲੇਖਕਾਂ ਨੇ ਰੂਸੀ ਸਾਹਿਤ ਦਾ ਅਨੁਵਾਦ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਹੈ। ਪ੍ਰਸਿੱਧ ਹਿੰਦੀ ਸਾਹਿਤਕਾਰ ਭੀਸ਼ਮ ਸਾਹਨੀ ਵੀ ਮਾਸਕੋ ਵਿਖੇ ਸਥਿਤ ਅਨੁਵਾਦ ਵਿਭਾਗ ਨਾਲ ਜੁੜਿਆ ਰਿਹਾ ਹੈ। ਭਾਸ਼ਾ ਵਿਭਾਗ ਪੰਜਾਬ ਨੇ ਵਿਸ਼ਵ ਦੇ ਸਮੁੱਚੇ ਕਲਾਸੀਕਲ ਸਾਹਿਤ ਦਾ ਅਨੁਵਾਦ ਪੰਜਾਬੀ ਵਿਚ ਕਰਵਾ ਰੱਖਿਆ ਹੈ ਪਰ ਇਸ ਵਿਭਾਗ ਵੱਲੋਂ ਕਰਵਾਏ ਗਏ ਅਨੁਵਾਦਾਂ ਦਾ ਪੱਧਰ ਬਹੁਤਾ ਉੱਚਾ ਨਹੀਂ ਹੈ। ਸਾਰੇ ਅਨੁਵਾਦ ਸਾਧਾਰਣ ਪੱਧਰ ਦੇ ਹਨ। ਭਾਸ਼ਾ ਵਿਭਾਗ ਦੇ ਆਪਣੇ ਅਨੁਵਾਦ-ਸੈੱਲ ਵਿਚ ਕੋਈ ਚੰਗਾ ਅਨੁਵਾਦਕ ਕਦੇ ਨਹੀਂ ਰਿਹਾ। ਅਨੁਵਾਦ ਕਰਵਾਉਣ ਵਾਲੇ ਅਧਿਕਾਰੀ ਮੂਲ ਪੁਸਤਕ ਦਾ ਅੱਖਰ-ਅੱਖਰ ਅਨੁਵਾਦ ਕਰਵਾਉਣ ਲਈ ਬਜ਼ਿਦ ਰਹੇ ਹਨ। ਉਨ੍ਹਾਂ ਨੂੰ ਵਿਦੇਸ਼ੀ ਅਤੇ ਪੰਜਾਬੀ ਭਾਸ਼ਾ ਦੀਆਂ ਵਾਕ-ਜੁਗਤਾਂ ਬਾਰੇ ਨਿੱਖੜਵਾਂ ਗਿਆਨ ਨਹੀਂ ਸੀ। ਸਿੱਟੇ ਵਜੋਂ ਇਹ ਅਨੁਵਾਦ ਨਾ ਤਾਂ ਪੜ੍ਹਨਯੋਗ ਹਨ ਅਤੇ ਨਾ ਮਾਣਨਯੋਗ, ਇਹ ਸਿਰਫ਼ ਲਾਇਬ੍ਰੇਰੀਆਂ ਦਾ ਸ਼ਿੰਗਾਰ ਬਣ ਕੇ ਰਹਿ ਗਏ ਹਨ।

# ਯੂਨਿਟ 2
# ਪੰਜਾਬੀ ਲੋਕਯਾਨ ਅਤੇ ਪੰਜਾਬੀ ਸਭਿਆਚਾਰ

'ਲੋਕਯਾਨ' ਅੰਗਰੇਜ਼ੀ ਪਦ 'ਫੋਕਲੋਰ' ਦਾ ਪੰਜਾਬੀ ਪਰਿਆਇ ਨਿਸ਼ਚਿਤ ਕੀਤਾ ਗਿਆ ਹੈ। 'ਲੋਕ' ਪਦ 'ਫੋਕ' ਦਾ ਸਮਾਨਆਰਥਕ ਹੈ ਅਤੇ 'ਯਾਨ' 'ਲੋਰ' ਦਾ। ਅੰਗਰੇਜ਼ੀ ਵਿਚ ਫੋਕ ਦੇ ਅਰਥ 'ਲੋਕ', 'ਰਾਸ਼ਟਰ', 'ਜਾਤੀ', 'ਜਨ-ਸਮੂਹ' ਜਾਂ 'ਵਰਗ ਵਿਸ਼ੇਸ਼' ਹਨ। 'ਫੋਕਲੋਰ' ਦੇ ਪ੍ਰਸੰਗ ਵਿਚ ਆਮ ਤੌਰ 'ਤੇ ਅਸੱਭਿਆ ਜਾਤੀਆਂ ਦੇ ਜਨ-ਸਮੂਹ ਜਾਂ ਸਮਾਜ ਦੇ ਨੀਵੇਂ ਵਰਗ ਨੂੰ, ਜੋ ਪੁਰਾਣੇ ਵਿਚਾਰਾਂ ਦਾ ਧਾਰਨੀ ਹੋਵੇ ਅਤੇ ਜਿਸ ਦੁਆਰਾ ਸਭਿਅਤਾ ਤੋਂ ਦੂਰ ਰਹਿਣ ਵਾਲੀ ਜਾਤੀ ਦਾ ਬੋਧ ਹੋਵੇ, 'ਫੋਕ' ਕਿਹਾ ਜਾਂਦਾ ਹੈ। ਪ੍ਰਿੰਸੀਪਲ ਤੇਜਾ ਸਿੰਘ ਨੇ 'ਫੋਕਲੋਰ' ਦਾ ਪੰਜਾਬੀ ਅਨੁਵਾਦ ਲੋਕ-ਪਰੰਪਰਾ ਕੀਤਾ ਹੈ। ਇਹ ਠੀਕ ਨਹੀਂ ਹੈ ਕਿਉਂਕਿ ਪਰੰਪਰਾ ਫੋਕਲੋਰ ਦਾ ਕੇਵਲ ਇਕ ਤੱਤ ਹੈ।

# ਪੰਜਾਬੀ ਦੀ ਲੋਕਯਾਨਿਕ ਸਾਮੱਗਰੀ ਦੇ ਵਿਭਿੰਨ ਰੂਪ ਅਤੇ ਵਰਗੀਕਰਣ

## ਪੰਜਾਬੀ ਲੋਕ ਵਿਸ਼ਵਾਸ

ਅਨੁਸ਼ਠਾਨਾਂ ਦਾ ਮਹੱਤਵ ਬਹੁਤ ਜ਼ਿਆਦਾ ਹੈ। ਅਨੁਸ਼ਠਾਨ ਦਾ ਕੋਸ਼ੀ ਅਰਥ ਹੈ 'ਉਪਕਰਮ' ਜਾਂ ਕਿਸੇ ਕਾਰਜ ਦਾ ਆਰੰਭਣਾ ਹੈ। ਨਿਯਮ ਅਨੁਕੂਲ ਕਿਸੇ ਕਾਰਜ ਦੇ ਕਰਨ ਜਾਂ ਕਿਸੇ ਉੱਤਮ ਫਲ ਦੀ ਪ੍ਰਾਪਤੀ ਲਈ ਕਿਸੇ ਦੇਵਤਾ ਦੀ ਅਰਾਧਨਾ ਨੂੰ ਵੀ ਅਨੁਸ਼ਠਾਨ ਕਿਹਾ ਜਾਂਦਾ ਹੈ। ਕਾਨ੍ਹ ਸਿੰਘ ਨਾਭਾ ਦੇ ਸ਼ਬਦਾਂ ਵਿਚ ਤੰਤਰ ਸ਼ਾਸਤਰ ਅਨੁਸਾਰ ਮੰਤਰ ਦਾ ਵਿਧੀ ਪੂਰਵਕ ਜਾਪ ਜਾਂ ਧਾਰਮਿਕ ਕਰਮ ਅਨੁਸ਼ਠਾਨ ਹੈ। ਇਨ੍ਹਾਂ ਦੇ ਪ੍ਰਾਰੰਭ ਬਾਰੇ ਠੀਕ ਰੂਪ ਵਿਚ ਨਿਰਣਾ ਕਰਨਾ ਕਠਿਨ ਹੈ, ਪਰੰਤੂ ਮਨੁੱਖੀ ਜੀਵਨ ਦੇ ਵਿਸ਼ੇਸ਼ ਮੌਕਿਆਂ 'ਤੇ ਇਹਨਾਂ ਦੀ ਵਰਤੋਂ ਸਦੀਆਂ ਤੋਂ ਹੁੰਦੀ ਆ ਰਹੀ ਹੈ।

ਅਨੁਸ਼ਠਾਨ ਜੀਵਨ ਦਾ ਅਨਿੱਖੜ ਅੰਗ ਹਨ ਅਤੇ ਸਾਹਿਤ ਜੀਵਨ ਦਾ ਦਰਪਣ ਹੈ। ਇਸ ਲਈ ਸਾਹਿਤਕਾਰ ਅਨੁਸ਼ਠਾਨਿਕ ਸਾਮੱਗਰੀ ਨੂੰ ਸਹਿਜੇ ਹੀ ਆਪਣੀਆਂ ਸਾਹਿਤਕ ਕ੍ਰਿਤੀਆਂ ਦਾ ਭਾਗ ਬਣਾਉਂਦੇ ਆਏ ਹਨ। ਉਹ ਆਪਣੀਆਂ ਰਚਨਾਵਾਂ ਵਿਚ ਲੋਕ-ਜੀਵਨ ਵਿਚ ਪ੍ਰਚਲਿਤ ਰੀਤੀ-ਰਿਵਾਜਾਂ, ਸੰਸਕਾਰਾਂ, ਪੂਜਾ ਦੇ ਢੰਗਾਂ, ਪੁਰਬਾਂ ਅਤੇ ਉਤਸਵਾਂ ਆਦਿ ਬਾਰੇ ਅਨੁਸ਼ਠਾਨਿਕ ਸਾਮੱਗਰੀ ਦੀ ਵਰਤੋਂ ਦੋ ਢੰਗਾਂ ਨਾਲ ਕਰਦੇ ਹਨ :

ੳ) ਅਨੁਸ਼ਠਾਨਿਕ ਸਾਮੱਗਰੀ ਦਾ ਸਾਧਾਰਨ ਰੂਪ ਵਿਚ ਰਚਨਾਵਾਂ ਦਾ ਭਾਗ ਬਣਨਾ

ਅ) ਅਨੁਸ਼ਠਾਨਿਕ ਸਾਮੱਗਰੀ ਨੂੰ ਰਚਨਾਵਾਂ ਵਿਚ ਸਮੋ ਕੇ ਇਸ ਨਾਲ ਜੁੜੀਆਂ ਭਾਵਨਾਵਾਂ ਦਾ ਖੰਡਨ ਕਰਨਾ।

ਮੱਧਕਾਲੀਨ ਪੰਜਾਬੀ ਸਾਹਿਤ ਵਿਚ ਅਨੁਸ਼ਠਾਨਿਕ ਸਾਮੱਗਰੀ ਦੀ ਵਰਤੋਂ ਦੋਵੇਂ ਤਰ੍ਹਾਂ ਹੋਈ ਮਿਲਦੀ ਹੈ। ਅਨੁਸ਼ਠਾਨਾਂ ਦਾ ਸਿੱਧਾ ਵਿਵਰਣ ਹੈ ਅਤੇ ਇਹਨਾਂ ਨਾਲ ਜੁੜ ਚੁੱਕੀਆਂ ਪ੍ਰਤਿਗਾਮੀ ਰੁਚੀਆਂ ਦਾ ਖੰਡਨ ਵੀ ਹੈ। ਇਸ ਪਿਛਲੀ ਵੰਨਗੀ ਦੀ ਵਰਤੋਂ ਧਰਮ ਪ੍ਰਚਾਰਕ ਕਵੀਆਂ ਵੱਲੋਂ ਬਹੁਤ ਹੋਈ ਹੈ।

### ਲੋਕਯਾਨ ਦੇ ਖੇਤਰ ਵਿਚ

**ਵਹਿਮ-ਭਰਮ :** ਸਿਆਣਿਆਂ ਦੇ ਆਖਣ ਮੁਤਾਬਕ ਵਹਿਮ ਦਾ ਕੋਈ ਇਲਾਜ ਨਹੀਂ ਕਿਉਂਕਿ ਇਹ ਮਨੁੱਖ ਦੀ ਮਾਨਸਿਕ ਕਿਰਿਆ ਦੀ ਉਪਜ ਹੈ। ਜਿਸ ਚੀਜ਼ ਜਾਂ ਵਸਤੂ ਬਾਰੇ ਉਹ ਵਹਿਮ ਪਾਲਦਾ ਹੈ ਜ਼ਰੂਰ ਨਹੀਂ ਕਿ ਉਹ ਅਸਲੀਅਤ ਵਿਚ ਹੋਵੇ ਵੀ। ਇਹ ਉਸ ਦੇ ਮਨ ਦਾ ਵਹਿਮ ਹੋ ਸਕਦਾ ਹੈ। ਪੰਜਾਬੀ ਲੋਕ ਜੀਵਨ ਵਿਚ ਇਕ ਪ੍ਰਸਿੱਧ ਅਖੌਤ ਹੈ ਕਿ ਭਰਮ ਦਾ ਭੂਤ ਬਣ ਜਾਂਦਾ ਹੈ। ਇਹ ਇਕ ਸੱਚਾਈ ਹੈ। ਭਰਮ

ਹੀ ਭੂਤ ਦੀ ਸਿਰਜਣਾ ਕਰਦਾ ਹੈ। ਹਰ ਵਿਅਕਤੀ ਦਾ ਭੂਤ ਅਤੇ ਉਸ ਪ੍ਰਤੀ ਵਿਵਹਾਰ ਵੱਖਰਾ ਹੁੰਦਾ ਹੈ। ਅਸਲ ਵਿਚ ਇਨ੍ਹਾਂ ਚੀਜ਼ਾਂ ਦੀ ਕੋਈ ਪ੍ਰਮਾਣਿਕ ਹੋਂਦ ਨਹੀਂ ਹੁੰਦੀ ਪਰ ਵਹਿਮੀ ਵਿਅਕਤੀ ਲਈ ਇਹ ਸਥੂਲ ਹੁੰਦੇ ਹਨ।

ਇਸੇ ਪ੍ਰਕਾਰ ਇਕ ਗੈਬੀ ਸ਼ਕਤੀ ਛਲੇਡਾ ਹੈ। ਇਸ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਆਪਣਾ ਰੂਪ ਬਦਲ ਸਕਦਾ ਹੈ। ਗਾਂ, ਮੱਝ, ਦਾ ਰੂਪ ਵੀ ਧਾਰਨ ਕਰ ਸਕਦਾ ਹੈ। ਇਹ ਮਨੁੱਖ ਦੀ ਸ਼ਕਲ ਵੀ ਲੈ ਸਕਦਾ ਹੈ। ਜਿਸ ਥਾਂ 'ਤੇ ਇਸ ਦੇ ਹੋਣ ਬਾਰੇ ਸ਼ੱਕ ਲਗਦਾ ਹੈ ਉਥੇ ਦੂਸਰੇ ਲੋਕ ਇਸ ਵੱਲੋਂ ਸਾਵਧਾਨੀ ਵਰਤਦੇ ਹਨ। ਇਸੇ ਪ੍ਰਕਾਰ ਪੁੰਨ-ਪਾਪ ਨਾਲ ਸੰਬੰਧਿਤ ਇਕ ਨਰਕ ਸੁਰਗ ਦਾ ਵਹਿਮ ਵੀ ਅਜੋਕਾ ਮਨੁੱਖ ਬਹੁਤ ਜ਼ਿਆਦਾ ਪਾਲਦਾ ਹੈ ਕਿ ਜਿਨ੍ਹਾਂ ਨੇ ਦੁਨੀਆਂ ਵਿਚ ਚੰਗੇ ਕੰਮ ਕੀਤੇ ਹਨ ਉਨ੍ਹਾਂ ਨੂੰ ਸਵਰਗ ਅਤੇ ਜਿਨ੍ਹਾਂ ਨੇ ਮਾੜੇ ਕਰਮ ਕੀਤੇ ਹਨ ਉਨ੍ਹਾਂ ਨੂੰ ਜਮ ਨਰਕ ਵਿਚ ਲੈ ਜਾਣਗੇ ਅਤੇ ਉਸਦੇ ਕੀਤੇ ਕਰਮਾਂ ਅਨੁਸਾਰ ਉਸਨੂੰ ਸਜ਼ਾ ਮਿਲੇਗੀ।

ਪੰਜਾਬੀ ਜੀਵਨ ਵਿਚ ਰੂਹਾਂ ਦੀ ਗਤੀ, ਭਰਮਣ ਅਤੇ ਕਸਰ ਬਾਰੇ ਅਨੇਕ ਭਰਮ ਪ੍ਰਚੱਲਿਤ ਹਨ। ਜੋ ਵਿਅਕਤੀ ਆਤਮ ਹਤਿਆਵਾਂ ਕਰਕੇ ਮਰਦੇ ਹਨ ਭਰਮ ਹੈ ਕਿ ਉਨ੍ਹਾਂ ਦੀ ਗਤੀ ਨਹੀਂ ਹੁੰਦੀ। ਪੰਜਾਬੀ ਦਾ ਹਰ ਦਰਵਾਜ਼ਾ, ਪਿੰਡ ਦਾ ਤਕੀਆ, ਹਰ ਵੱਡਾ ਦਰੱਖਤ, ਟੋਭਾ, ਚੌਰਸਤਾ ਅਤੇ ਹੋਰ ਸਾਂਝੀਆਂ ਥਾਂਵਾਂ ਬਾਰੇ ਵੀ ਕਈ ਭਰਮ ਹੁੰਦੇ ਹਨ। ਇਹ ਭਰਮ ਹੀ ਜ਼ਿਆਦਾਤਰ ਮਾਨਸਿਕ ਬਿਮਾਰੀਆਂ ਦੇ ਆਉਣ ਦਾ ਕਾਰਨ ਬਣਦੇ ਹਨ।

**ਜਾਦੂ-ਟੂਣੇ :** ਪੰਜਾਬ ਇਕ ਸੱਭਿਅਕ ਪ੍ਰਾਂਤ ਹੈ। ਜਿਸ ਵਿਚ ਸਮੇਂ-ਸਮੇਂ ਤੇ ਅਨੇਕ ਗੁਰੂ ਪੀਰਾਂ ਨੇ ਜਨਮ ਲਿਆ ਅਤੇ ਇਥੋਂ ਦੇ ਲੋਕਾਂ ਨੂੰ ਕਰਮ-ਕਾਂਡ ਵਿਚੋਂ ਕੱਢ ਕੇ ਇਸਨੂੰ ਵਿਗਿਆਨਕ ਦ੍ਰਿਸ਼ਟੀਕੋਣ ਦਿੱਤਾ ਪਰੰਤੂ ਇਹ ਲੋਕ ਵਿਸ਼ਵਾਸ ਨਾ ਤਾਂ ਰਾਤੋ-ਰਾਤ ਬਣੇ ਹਨ ਤੇ ਨਾ ਹੀ ਇਹ ਰਾਤੋ-ਰਾਤ ਖਤਮ ਹੋ ਸਕਦੇ ਹਨ। ਪੰਜਾਬੀ ਸਭਿਅਤਾ ਵਿਚ ਜਾਦੂ-ਟੂਣਾ ਪੁਰਾਤਨ ਸਮੇਂ ਤੋਂ ਲੈ ਕੇ ਅੱਜ ਵੀ ਆਪਣੇ ਪੈਰ-ਪਸਾਰੀ ਖੜ੍ਹਾ ਹੈ। ਇਹ ਜਾਦੂ-ਟੂਣੇ ਪੰਜਾਬੀਆਂ ਦੇ ਮਨਾਂ ਵਿਚ ਪੂਰੀ ਤਰ੍ਹਾਂ ਘਰ ਕਰ ਚੁੱਕੇ ਹਨ ਜਿਸਦੇ ਸਿੱਟੇ ਵਜੋ ਇਹ ਇਨ੍ਹਾਂ ਤੋਂ ਆਪਣਾ ਖਹਿੜਾ ਆਸਾਨੀ ਨਾਲ ਨਹੀਂ ਛੁਡਵਾ ਸਕਦੇ। ਅਜਿਹੇ ਕਈ ਪ੍ਰਕਾਰ ਦੇ ਜਾਦੂ-ਟੂਣਿਆਂ ਬਾਰੇ ਵਿਸਥਾਰ ਵਿਚ ਚਰਚਾ ਕਰਨੀ ਬਣਦੀ ਹੈ :

**ੳ. ਨਹਾਉਣਾ :** ਨਹਾਉਣ ਸੰਬੰਧੀ ਵੀ ਪੰਜਾਬੀ ਲੋਕਾਂ ਜਾਦੂ-ਟੂਣੇ ਵਿਚ ਵਿਸ਼ਵਾਸ ਰੱਖਦੇ ਹਨ ਮਿਸਾਲ ਵਜੋਂ ਜਿਸ ਔਰਤ ਨੂੰ ਬੱਚਾ ਨਾ ਹੁੰਦਾ ਹੋਵੇ ਉਸ ਨੂੰ ਕਿਸੇ ਸਿਆਣੇ ਦੇ ਕਹਿਣ ਅਨੁਸਾਰ ਫ਼ਲਦਾਰ ਦਰੱਖਤ ਹੇਠਾਂ ਨੁਹਾਇਆ ਜਾਂਦਾ ਹੈ। ਔਰਤ ਮੱਸਿਆ ਦੀ ਰਾਤ ਨੂੰ ਇਸ਼ਨਾਨ ਕਰਦੀ ਹੈ ਅਤੇ ਆਪਣੇ ਸਾਰੇ ਕੱਪੜੇ ਦਰੱਖਤ ਹੇਠਾਂ ਉਤਾਰ ਕੇ ਸੁੱਟ ਆਉਂਦੀ ਹੈ ਅਤੇ ਨਵੇਂ ਕੱਪੜੇ ਪਹਿਨ ਕੇ ਘਰ ਆਉਂਦੀ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਦਰੱਖਤ ਸੁੱਕ ਜਾਂਦਾ ਹੈ ਅਤੇ ਔਰਤ ਦੀ ਕੁੱਖ ਹਰੀ ਹੋ ਜਾਂਦੀ ਹੈ।

**ਅ. ਹਥੌਲਾ :** ਹਥੌਲਾ ਆਮ ਕਰਕੇ ਡੇਰਿਆਂ ਉੱਤੇ ਸਾਧਾਂ ਜਾਂ ਸੰਤਾਂ ਦੁਆਰਾ ਕਿਸੇ ਭੂਤ ਦੇ ਪ੍ਰਕੋਪ ਨੂੰ ਹਟਾਉਣ ਲਈ ਜਾਂ ਕਿਸੇ ਬਿਮਾਰੀ ਨੂੰ ਹਟਾਉਣ ਲਈ ਕੀਤਾ ਜਾਂਦਾ ਹੈ। ਅਜਿਹਾ ਸਾਧ ਆਪਣੇ ਹੱਥ ਵਿਚ ਮੋਰ ਕੇ ਖੰਭਾਂ ਜਾਂ ਝਾੜੂ ਆਦਿ ਦੀ ਸਹਾਇਤਾ ਨਾਲ ਕਰਦਾ ਹੈ। ਅਜਿਹੀ ਕਿਰਿਆ ਕਰਦੇ ਸਮੇਂ ਸੰਤ ਜਾਂ ਸਾਧੂ ਆਪਣੇ ਮੂੰਹ ਵਿਚ ਲਗਾਤਾਰ ਕੋਈ ਮੰਤਰ ਉਚਾਰਦਾ ਰਹਿੰਦਾ ਹੈ।

**ੲ. ਤਵੀਜ਼ ਅਤੇ ਯੰਤਰ :** ਇਹ ਯੋਗਦਾਨ ਵੀ ਆਮ ਕਰਕੇ ਸਾਧਾਂ ਜਾਂ ਸੰਤਾਂ ਦੇ ਲੇਖੇ ਹੀ ਲੱਗਦਾ ਹੈ। ਤਵੀਜ਼ ਦੀ ਵਰਤੋਂ ਕਈ ਕਿਸਮ ਲਈ ਵਰਤੀ ਜਾਂਦੀ ਹੈ ਮਿਸਾਲ ਵਜੋਂ ਕਿਸੇ ਬੀਮਾਰੀ ਤੋਂ ਬਚਨ ਲਈ ਜਾਂ ਕਿਸੇ ਨਜ਼ਰ ਤੋਂ ਬਚਣ ਲਈ ਵੀ ਕੀਤਾ ਜਾਂਦਾ ਹੈ। ਇਸੇ ਪ੍ਰਕਾਰ ਯੰਤਰ ਵਿਚ ਅੰਕਾਂ ਦੀ ਪ੍ਰਮੁੱਖਤਾ ਹੁੰਦੀ ਹੈ। ਆਮ ਕਰਕੇ ਗਿਆਰਾਂ ਅੰਕ ਨੂੰ ਸ਼ੁਭ ਮੰਨਿਆਂ ਜਾਂਦਾ ਹੈ। ਇਹ ਯੰਤਰ ਕਿਸੇ ਡਾਕਣੀ ਦੀ ਨਜ਼ਰ ਕਾਰਨ ਲੱਗੀ ਬਿਮਾਰੀ ਨੂੰ ਦੂਰ ਕਰਦਾ ਹੈ ਅਤੇ ਇਹ ਗਲ ਵਿਚ ਪਾਇਆ ਜਾਂਦਾ ਹੈ। ਇਸ ਤਰ੍ਹਾਂ ਹੀ ਇਨ੍ਹਾਂ ਅੰਕਾਂ ਅਧੀਨ 13 ਅੰਕ ਨੂੰ ਅਸ਼ੁੱਭ ਮੰਨਿਆ ਜਾਂਦਾ ਹੈ।

**2. ਟੂਣੇ :** ਇਸਦੀ ਵਰਤੋਂ ਵੀ ਬਿਮਾਰੀ ਨੂੰ ਦੂਰ ਕਰਨ ਲਈ ਹੀ ਕੀਤੀ ਜਾਂਦੀ ਹੈ। ਕਿਸੇ ਟੁੱਟੇ ਠੀਕਰੇ ਵਿਚ ਸੁਆਹ ਦੇ ਸੱਤ ਲੱਡੂ ਬਣਾ ਕੇ ਵਿਚ ਸੂਲਾਂ ਗੱਡ ਦਿੱਤੀਆਂ ਜਾਂਦੀਆਂ ਹਨ। ਉਸੇ ਠੀਕਰੇ ਵਿਚ ਸੱਤ ਮਿਰਚਾਂ, ਸਤਨਾਜਾ, ਇਕ ਲੋਹੇ ਦੀ ਕਿੱਲ, ਛੋਟਾ ਜਿਹਾ ਕਾਲਾ ਕੱਪੜਾ, ਬਿਮਾਰ ਦੇ ਸਿਰ ਤੋਂ ਸੱਤ ਵਾਰੀ ਛੁਹਾਕੇ, ਚੌਰਸਤੇ ਵਿਚ ਰੱਖ ਦਿੱਤਾ ਜਾਂਦਾ ਹੈ। ਇਸ ਲਈ ਕਿਆਸ ਕੀਤਾ ਜਾਂਦਾ ਹੈ ਕਿ ਬਿਮਾਰ ਦੀ ਬਿਮਾਰੀ ਦੂਰ ਹੋ ਜਾਵੇਗੀ। ਕਿਸੇ ਵੀ ਟੂਣੇ ਵਿਚ ਮਿੱਠੇ ਦੀ ਵਰਤੋਂ ਨਹੀਂ ਕੀਤੀ ਜਾਵੇਗੀ।

**ੳ. ਉਤਾਰਾ :** ਉਤਾਰਾ ਚੌਰਸਤੇ ਵਿਚ ਨਹੀਂ ਕੀਤਾ ਜਾਂਦਾ। ਇਹ ਚੌਮੁਖਾ ਦੀਵਾ ਬਾਲ ਕੇ ਕਿਸੇ ਟੋਬੇ ਜਾਂ ਦਰਿਆ ਦੇ ਕਿਨਾਰੇ ਰੱਖ ਦਿੱਤਾ ਜਾਂਦਾ ਹੈ। ਉਥੇ ਮਰੀਜ਼ ਦੇ ਕੱਪੜੇ, ਸਤਨਾਜ਼ਾ ਆਦਿ ਵੀ ਸੁੱਟ ਦਿੱਤਾ ਜਾਂਦਾ ਹੈ। ਅਜਿਹਾ ਕਰਨ ਨਾਲ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬਿਮਾਰ ਦੀ ਬਿਮਾਰੀ ਨਵਿਰਤੀ ਹੋ ਜਾਵੇਗੀ। ਉਤਾਰਾ ਮੱਸਿਆ ਦੀ ਰਾਤ ਨੂੰ ਕੀਤਾ ਜਾਂਦਾ ਹੈ।

**ਅ. ਝਾੜਾ :** ਝਾੜਾ ਭੂਤ ਜਾਂ ਕਿਸੇ ਆਤਮਾ ਦੇ ਸਾਏ ਤੋਂ ਪਿੱਛਾ ਛਡਾਉਣ ਲਈ ਕੀਤਾ ਜਾਂਦਾ ਹੈ। ਪੰਜਾਬੀ ਜੀਵਨ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਦੋਂ ਕੋਈ ਔਰਤ ਜਣੇਪੇ ਦੇ ਸਮੇਂ ਦੌਰਾਨ ਮਰ ਜਾਵੇ ਤਾਂ ਚੁੜੇਲ ਬਣਦੀ ਹੈ। ਜੇਕਰ ਕੋਈ ਮਰਦ ਬਿਨਾਂ ਔਲਾਦ ਦੇ ਮਰ ਜਾਵੇ ਤਾਂ ਉਹ ਪ੍ਰੇਤ ਬਣਦਾ ਹੈ। ਕੋਈ ਬੰਦਾ ਇੱਛਾ ਲੈ ਕੇ ਮਰ ਜਾਵੇ ਤਾਂ ਭੂਤ ਬਣ ਜਾਂਦਾ ਹੈ। ਝਾੜਾ ਭੂਤ ਪ੍ਰੇਤ ਦਾ ਛਾਇਆ ਦੂਰ ਕਰਨ ਲਈ ਕੀਤਾ ਜਾਂਦਾ ਹੈ। ਜੇਕਰ ਛਾਇਆ ਪ੍ਰੇਤ ਦਾ ਹੋਵੇ ਤਾਂ ਇਕ ਬੋਤਲ ਸ਼ਰਾਬ, ਇਕ ਕਾਲਾ ਕੁੱਕੜ, ਸੱਤ ਲੱਡੂ, ਇਕ ਆਂਡਾ, ਸਤਨਾਜ਼ਾ ਅਤੇ ਬਸਤਰ ਆਦਿ ਚੁਰਸਤੇ ਵਿਚ ਨਹਾਉਣ ਉਪਰੰਤ ਰੱਖ ਦਿੱਤੇ ਜਾਂਦੇ ਹਨ।

**ੲ. ਠਾਕਾ :** ਠਾਕਾ ਅਜਿਹਾ ਟੂਣਾ ਹੁੰਦਾ ਹੈ ਜੋ ਪਿੰਡ ਨੂੰ ਆਫ਼ਤ ਤੋਂ ਬਚਾਉਣ ਲਈ ਕੀਤਾ ਜਾਂਦਾ ਹੈ। ਜਦੋਂ ਪਿੰਡ ਦੇ ਡੰਗਰਾਂ ਨੂੰ 'ਮੂੰਹ ਖ਼ੁਰ' ਦੀ ਬਿਮਾਰੀ ਪੈ ਜਾਂਦੀ ਹੈ ਤਾਂ ਪਿੰਡ ਦੇ ਲੋਕ ਠਾਕਾ ਕਰਦੇ ਹਨ। ਇਸ ਨੂੰ ਟੂਣਾ ਵੀ ਕਿਹਾ ਜਾਂਦਾ ਹੈ। ਇਸ ਦਿਨ ਪਿੰਡ ਵਿਚ ਅੱਗ ਨਹੀਂ ਬਾਲੀ ਜਾਂਦੀ, ਉਲੰਘਣ ਕਰਨ ਨਾਲ ਠਾਕਾ ਟੁੱਟ ਜਾਂਦਾ ਹੈ। ਸਾਰੇ ਪਿੰਡ ਦੇ ਪਸ਼ੂ ਇਸ ਦਰਵਾਜ਼ੇ ਵਿਚੋਂ ਲੰਘਾਏ ਜਾਂਦੇ ਹਨ। ਇਥੇ ਪਸ਼ੂਆਂ ਤੇ ਮੰਤਰੇ ਹੋਏ ਦੁਧੀਆ ਪਾਣੀ ਨਾਲ ਛਿੱਟਾ ਦਿੱਤਾ ਜਾਂਦਾ ਹੈ।

**ਪੁੰਨ-ਪਾਪ :** ਪੁੰਨ-ਪਾਪ ਦਾ ਸੰਬੰਧ ਕਿਸੇ ਹੱਦ ਤਕ ਧਰਮ ਨਾਲ ਜੁੜ ਜਾਂਦਾ ਹੈ। ਜਿਸ ਤਰ੍ਹਾਂ ਹਿੰਦੂ ਧਰਮ ਵਿਚ ਇਸ ਗੱਲ ਨੂੰ ਮੰਨਿਆ ਜਾਂਦਾ ਹੈ ਕਿ ਗਊ ਹੱਤਿਆ ਪਾਪ ਹੈ। ਇਸੇ ਤਰ੍ਹਾਂ ਹੀ ਮੁਸਲਮਾਨ ਗਊ ਦੇ ਮਾਸ ਦਾ ਸੇਵਨ ਕਰ ਲੈਂਦੇ ਹਨ। ਮੁਸਲਮਾਨ ਧਰਮ ਵਿਚ ਸੂਰ ਦੀ ਹੱਤਿਆ ਪਾਪ ਹੈ ਪਰੰਤੂ ਭਾਰਤੀ ਸਮਾਜ ਵਿਚ ਸੂਰ ਨੂੰ ਆਮ ਕਰਕੇ ਹੀ ਮਾਰਿਆ ਜਾਂਦਾ ਹੈ। ਇਸ ਕਰਕੇ ਪੁੰਨ ਪਾਪ ਦਾ ਇਹ ਸੰਕਲਪ ਭਾਰਤੀ ਅਤੇ ਪੱਛਮੀ ਪੰਜਾਬ ਵਿਚ ਆਪਣੇ ਪੈਰ ਪਸਾਰੀ ਬੈਠਾ ਹੈ। ਇਸੇ ਪ੍ਰਕਾਰ ਸ਼ਾਸਤਰਾਂ ਅਨੁਸਾਰ ਬਿੱਲੀ ਮਾਰਨਾ ਪਾਪ ਹੈ। ਬਿੱਲੀ ਮਾਰਨ ਵਾਲੇ ਨੂੰ ਸੱਤ ਜਨਮਾਂ ਤਕ ਇਸਦੇ ਪਾਪ ਦਾ ਛੁਟਕਾਰਾ ਨਹੀਂ ਹੋ ਪਾਉਂਦਾ। ਇਸੇ ਪ੍ਰਕਾਰ ਬ੍ਰਾਹਮਣ ਨੂੰ ਮਾਰਨਾ ਵੀ ਪਾਪ ਹੈ, ਕਿਸੇ ਦਾ ਬੁਰਾ ਕਰਨਾ, ਚੁਗਲੀ ਨਿੰਦਿਆ ਸੁਣਨੀ, ਬੁਰਾ ਦੇਖਣਾ ਵੀ ਪਾਪ ਮੰਨਿਆ ਜਾਂਦਾ ਹੈ।

ਇਸਦੇ ਉਲਟ ਕਿਸੇ ਗਊ ਗਰੀਬ ਦੀ ਮੱਦਦ ਕਰਨਾ ਪੁੰਨ ਦਾ ਕਾਰਜ ਮੰਨਿਆਂ ਜਾਂਦਾ ਹੈ। ਪੁੰਨ ਤੇ ਪਾਪ ਨੂੰ ਲੋਕ ਵਿਸ਼ਵਾਸ ਵਿਚ ਸ਼ਾਮਿਲ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਨਿਰਾ ਵਿਸ਼ਵਾਸ ਹੀ ਨਹੀਂ ਬਲਕਿ ਇਹ ਤਾਂ ਸਭਿਆਚਾਰ ਦੇ ਨਿਰਧਾਰਿਤ ਕੀਤੇ ਮੁੱਲ ਹਨ। ਅਜੋਕੇ ਜੀਵਨ ਵਿਚ ਹਰ ਵਿਅਕਤੀ ਪਾਪ ਤੋਂ ਬਚਣ ਲਈ ਕੋਈ ਨਾ ਕੋਈ ਉਪਾਅ ਵੀ ਜ਼ਰੂਰ ਕਰਦਾ ਹੈ। ਧਾਰਮਿਕ ਸ਼ਾਸਤਰੀਆਂ ਦੀਆਂ ਪੁੰਨ ਅਤੇ ਪਾਪ ਦੇ ਫ਼ਲ ਪ੍ਰਤੀ ਵੀ ਬੜੀਆਂ ਦ੍ਰਿੜ ਗੱਲਾਂ ਹਨ ਜਿਵੇਂ ਕਿ ਪਾਪ ਕਰਨ ਵਾਲੇ ਨੂੰ ਨਰਕ ਵਿਚ ਭੇਜਿਆ ਜਾਵੇਗਾ ਜਿੱਥੇ ਜਮ ਉਸ ਨਾਲ ਬੁਰਾ ਸਲੂਕ ਕਰਨਗੇ ਅਤੇ ਇਸਦੇ ਉਲਟ ਪੁੰਨ ਕਰਨ ਵਾਲੇ ਨੂੰ ਸਵਰਗ ਵਿਚ ਜਗ੍ਹਾ ਮਿਲੇਗੀ। ਸਵਰਗ ਦੀ ਜ਼ਿੰਦਗੀ ਵਿਚ ਇਨਸਾਨੀ ਖ਼ਾਹਿਸ਼ਾਂ ਦੇ ਅੰਤਰਗਤ ਜੀਵਨਮਮਈ ਸੁਖਾਂ ਦੀ ਪ੍ਰਾਪਤੀ ਹੋਵੇਗੀ। ਇਸ ਪ੍ਰਕਾਰ ਪਾਪ ਪੁੰਨ ਦੇ ਇਸ ਸੰਕਲਪ ਨੇ ਅਜੋਕੇ ਪੰਜਾਬੀ ਸਭਿਆਚਾਰ ਵਿਚ ਆਪਣੀ ਥਾਂ ਪੱਕੀ ਕਰਦੇ ਹਨ।

## ਸੰਸਕਾਰ ਤੇ ਰੀਤੀ ਰਿਵਾਜ (ਜਨਮ, ਵਿਆਹ ਤੇ ਮੌਤ ਨਾਲ ਸੰਬੰਧਿਤ)

ਜਦੋਂ ਕੋਈ ਵਿਅਕਤੀ ਕਿਸੇ ਕੰਮ ਨੂੰ ਬਾਰ-ਬਾਰ ਕਰਦਾ ਹੈ ਤਾਂ ਇਹ ਉਸਦੀ ਆਦਤ ਬਣ ਜਾਂਦੀ ਹੈ, ਪਰੰਤੂ ਜਦ ਸਾਰਾ ਭਾਈਚਾਰਾ ਹੀ ਉਸ ਨੂੰ ਦੁਹਰਾਉਣ ਲੱਗ ਜਾਂਦਾ ਹੈ ਤਾਂ ਉਹ ਰੀਤਾਂ ਸੰਸਕਾਰਾਂ ਦਾ ਸਥੂਲ ਅਥਵਾ ਵਿਵਹਾਰਿਕ ਰੂਪ ਬਣ ਜਾਂਦੀਆਂ ਹਨ। ਧਾਰਮਿਕ ਭਾਵਨਾ ਨਾਲ ਕੀਤੀਆਂ ਗਈਆਂ ਅਜਿਹੀਆਂ ਰਹੁ-ਰੀਤਾਂ ਹੀ ਸਾਡੇ

ਸੰਸਕਾਰਾਂ ਦਾ ਪ੍ਰਗਟਾਅ ਹਨ। ਇਹਨਾਂ ਦੀ ਸੰਖਿਆ ਜਨਮ ਤੋਂ ਲੈ ਕੇ ਮਰਨ ਤਕ ਦਰਜਨਾਂ ਨੂੰ ਪਹੁੰਚ ਜਾਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਸੰਸਕਾਰਾਂ ਨੂੰ ਉੱਤਮ, ਮੱਧਮ, ਅਤੇ ਨਿਖਿੱਧ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ। ਬਹੁਤੀਆਂ ਰਹੁ-ਰੀਤਾਂ ਜਨਮ, ਵਿਆਹ ਅਤੇ ਮ੍ਰਿਤੂ ਆਦਿ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ।

**ਜਨਮ ਸੰਸਕਾਰ :** ਜਨਮ ਸੰਬੰਧੀ ਰਸਮਾਂ ਭਾਵੇਂ ਬੱਚੇ ਦੇ ਪੈਦਾ ਹੋਣ ਤੋਂ ਵੀ ਪਹਿਲਾਂ ਆਰੰਭ ਹੋ ਜਾਂਦੀਆਂ ਹਨ, ਪਰੰਤੂ ਬੱਚੇ ਦੇ ਪ੍ਰਵੇਸ਼ ਨਾਲ ਗੁੜ੍ਹਤੀ, ਕੜੀਆਂ ਦਾ ਗਿਣਨਾ, ਦੁਧੀਆ ਧੁਆਈ, ਬਾਹਰ ਵਧਾਉਣਾ, ਪੰਜੀਰੀ ਵੰਡਣੀ, ਕੱਪੜੇ ਭੇਜਣੇ, ਤੇਰ੍ਹਵਾਂ, ਨਾਮਕਰਣ ਆਦਿ ਰੀਤਾਂ ਦੀ ਲੜੀ ਬੱਝ ਜਾਂਦੀ ਹੈ।

**ਜਨੇਊ :** ਛੋਟੀ ਆਯੂ ਬਾਰੇ ਰੀਤਾਂ ਵਿਚੋਂ ਜਨੇਊ ਦੀ ਰਸਮ ਵਿਸ਼ੇਸ਼ ਵਰਣਨ ਯੋਗ ਹੈ। ਪੁਰਾਤਨ ਸਮਿਆਂ ਵਿਚ ਜਦ ਵਿਦਿਆਰਥੀ ਲੰਗੋਟੀ ਤੋਂ ਛੁੱਟ ਕੋਈ ਕੱਪੜਾ ਨਹੀਂ ਸਨ ਪਹਿਨਦੇ ਤਾਂ ਵੱਖ-ਵੱਖ ਪ੍ਰਕਾਰ ਦੇ ਜਨੇਊ ਧਾਰਣ ਕਰਨ ਤੋਂ ਉਹਨਾਂ ਦੇ ਵਰਣਾਂ ਦਾ ਪਤਾ ਲੱਗ ਜਾਂਦਾ ਸੀ। ਹੋਲੀ-ਹੋਲੀ ਜਨੇਊ ਸੰਸਕਾਰ ਨਾਲ ਅਨੇਕਾਂ ਵਿਸ਼ਵਾਸ ਜੁੜ ਗਏ ਅਤੇ ਇਹ ਨਿਰੋਲ ਦਿਖਾਵੇ ਦੀ ਰਸਮ ਬਣ ਕੇ ਰਹਿ ਗਈ। ਜਨਮਸਾਖੀਆਂ ਵਿਚ ਵੀ ਪਾਂਧੇ ਵੱਲੋਂ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਧਾਰਣ ਕਰਾਉਣ ਸਮੇਂ ਗੁਰੂ ਜੀ ਵੱਲੋਂ ਇਸ ਰੀਤੀ ਦਾ ਖੰਡਨ ਕੀਤਾ ਗਿਆ ਹੈ।

**ਵਿਆਹ ਸੰਸਕਾਰ :** ਵਿਆਹ ਸੰਸਕਾਰ ਨਾਲ ਚੋਖੀਆਂ ਰਸਮਾਂ ਜੁੜੀਆਂ ਹੋਈਆਂ ਹਨ। ਸੂਫ਼ੀ ਤੇ ਕਿੱਸਾ ਕਵੀਆਂ ਨੇ ਸੰਕੇਤਕ ਅਤੇ ਵਿਸਤ੍ਰਿਤ ਰੂਪ ਵਿਚ ਕਈ ਰਸਮਾਂ ਦੇ ਹਵਾਲੇ ਦੇ ਕੇ ਆਪਣੇ ਹਾਵਾਂ-ਭਾਵਾਂ ਦਾ ਨਿਰੂਪਣ ਕੀਤਾ ਹੈ। ਆਪਣੇ ਅਨੁਭਵ ਨੂੰ ਪ੍ਰਗਟਾਉਣ ਲਈ ਮਹਿੰਦੀ ਲਾਉਣੀ, ਖਾਰੇ ਬਿਠਾਉਣਾ, ਤੇਲ ਚੋਣਾ, ਵੱਟਣਾ ਮਲਣਾ, ਚੂੜਾ ਚੜ੍ਹਾਉਣਾ, ਨੱਥ ਪਹਿਨਣੀ, ਹਾਰ-ਸ਼ਿੰਗਾਰ ਕਰਨਾ, ਜੰਞ ਚੜ੍ਹਨੀ, ਸਿੱਠਣੀਆਂ, ਡੋਲੀ, ਦਾਜ, ਖਟ ਆਦਿ ਰਹੁ-ਰੀਤਾਂ ਦਾ ਜ਼ਿਕਰ ਕਰਨਾ ਆਦਿ।

ਸੂਫ਼ੀ ਅਤੇ ਕਿੱਸਾ ਕਵੀਆਂ ਦੀਆਂ ਰਚਨਾਵਾਂ ਵਿਚ ਵਿਆਹ ਸੰਬੰਧੀ ਜਿੰਨ੍ਹਾਂ ਹੋਰ ਰਸਮਾਂ ਦਾ ਉਲੇਖ ਹੈ, ਉਨ੍ਹਾਂ ਵਿਚੋਂ ਸਾਹਾ ਸਿਧਾਉਣਾ, ਮੁਕਲਾਵਾ, ਆਟੇ ਪਾਣੀ ਪਾਉਣਾ, ਘੋੜੀ ਹੇਠੋਂ ਕੱਢਣਾ, ਪਾਣੀ ਵਾਰਨਾ ਆਦਿ ਖ਼ਾਸ ਵਰਣਨਯੋਗ ਹਨ। ਦਮੋਦਰ 'ਆਟੇ ਪਾਣੀ ਪਉਣ' ਬਾਰੇ ਲਿਖਦਾ ਹੈ, ਸ਼ਾਹ ਹੁਸੈਨ ਨੇ ਮੁਕਲਾਵੇ ਨੂੰ ਪ੍ਰਤੀਕ ਵਜੋਂ ਵਰਤਿਆ ਹੈ। ਮੁਕਬਲ ਹੀਰ ਨੂੰ ਘੋੜੀ ਹੇਠੋਂ ਕੱਢਣ ਦਾ ਉਲੇਖ ਕਰਦਾ ਹੈ। ਛੋਟੀ ਉਮਰ ਦੇ ਵਿਆਹ, ਡੂੰਮਾਂ, ਬ੍ਰਾਹਮਣਾਂ ਅਤੇ ਨਾਈਆਂ ਆਦਿ ਕੰਮੀਆਂ ਦੁਆਰਾ ਵਿਚੋਲਗੀ, ਭੰਡਾਂ ਅਤੇ ਮੁਜਾਰਿਆਂ ਆਦਿ ਰਾਹੀਂ ਵਿਆਹ ਸਮੇਂ ਮੰਨੋਰੰਜਨ ਪੈਦਾ ਕੀਤੇ ਜਾਣ ਸੰਬੰਧੀ ਵੀ ਹਵਾਲੇ ਮਿਲਦੇ ਹਨ। ਲੋਕ ਪ੍ਰਚਲਿਤ ਰੀਤਾਂ ਨਾਲ ਭਰਪੂਰ ਵਿਆਹ ਬਹੁਤ ਹੀ ਖ਼ਰਚੀਲੇ ਸਨ ਅਤੇ ਲੋਕ ਲਾਜ ਜਾਂ ਦਿਖਾਵੇ ਦਾ ਵਿਸ਼ਵਾਸ ਇਹਨਾਂ ਦੀ ਪ੍ਰਿਸ਼ਟਭੂਮੀ ਵਿਚ ਕੰਮ ਕਰ ਰਿਹਾ ਹੁੰਦਾ ਸੀ।

'ਆਦਿ ਗ੍ਰੰਥ' ਵਿਚ ਵੀ ਵਿਆਹ ਸੰਬੰਧੀ ਸੰਸਕਾਰਾਂ ਦਾ ਉਲੇਖ ਉਪਲੱਬਧ ਹੈ, ਪਰੰਤੂ ਗੁਰੂ ਸਹਿਬਾਨ ਨੇ ਆਤਮਾ ਨੂੰ ਇਸਤਰੀ ਅਤੇ ਪਰਮਾਤਮਾ ਨੂੰ ਪਤੀ-ਪਰਮੇਸ਼੍ਵਰ

ਦਾ ਪ੍ਰਤੀਕ ਦੱਸ ਕੇ ਇਸ ਦੁਨਿਆਵੀ ਸੰਸਕਾਰ ਨੂੰ ਅਧਿਆਤਮਕ ਅਤੇ ਰਹੱਸਮਈ ਰੂਪ ਵਿਚ ਪੇਸ਼ ਕੀਤਾ ਹੈ।

ਸਤੁ ਸੰਤੋਖ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ।

ਵਿਆਹ ਸੰਸਕਾਰ ਦਾ ਮੁੱਖ ਆਸ਼ਾ ਖ਼ੁਸ਼ੀ ਪ੍ਰਾਪਤ ਕਰਨ ਲਈ ਸ਼੍ਰੀ ਗੁਰੂ ਅਮਰਦਾਸ ਜੀ ਨੇ ਸੁਹਾਗਣ ਇਸਤਰੀ ਦੇ ਲੱਛਣ ਦੱਸੇ ਹਨ।

ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ
ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ॥

**ਮ੍ਰਿਤਕ ਸੰਸਕਾਰ :** ਮ੍ਰਿਤੂ ਨਾਲ ਵੀ ਅਨੇਕਾਂ ਰਸਮਾਂ ਜੁੜੀਆਂ ਹੋਈਆਂ ਹਨ। ਮਰ ਚੁੱਕੇ ਵਿਅਕਤੀ ਨੂੰ ਮੰਜੇ ਤੋਂ ਲਾਹੁਣਾ, ਸ਼ਮਸ਼ਾਨ ਭੂਮੀ ਲਿਜਾ ਕੇ ਕਈ ਰੀਤਾਂ ਕਰਨੀਆਂ, ਘਿਉ ਤੇ ਖ਼ੁਸ਼ਬੂਦਾਰ ਵਸਤਾਂ ਮ੍ਰਿਤਕ ਦੀ ਭੇਟਾ ਕਰਨੀਆਂ, ਚੰਦਨ ਦੀ ਲੱਕੜੀ ਵਿਚ ਜਲਾਉਣਾ, ਫੁੱਲ ਚੁਗਣੇ, ਚੌਥਾ, ਸਤਾਰ੍ਹਵੀਂ, ਉਸ ਦੀ ਮੜ੍ਹੀ ਉਪਰ ਦੀਵਾ ਜਗਾਉਣਾ, ਸਮਾਧੀ ਬਣਾਉਣੀ, ਅਸਥੀਆਂ ਨੂੰ ਕਿਸੇ ਤੀਰਥ 'ਤੇ ਭੇਜਣਾ ਅਤੇ ਹਰ ਸਾਲ ਉਸ ਦੀ ਯਾਦ ਵਿਚ ਸ਼ਰਾਧ ਕਰਨੇ, ਕੁਝ ਇਕ ਵਰਣਨਯੋਗ ਰਹੁ-ਰੀਤਾਂ ਹਨ। ਮ੍ਰਿਤੂ ਸਮੇਂ ਰੋਣ-ਪਿੱਟਣ, ਵੈਣ ਪਾਉਣ ਅਤੇ ਅਲਾਹੁਣੀਆਂ ਸੰਬੰਧੀ ਭਾਈ ਗੁਰਦਾਸ ਲਿਖਦੇ ਹਨ :

ਰੋਵਣ ਪਿਟਣੁ ਮੋਇਆ ਨੋ ਵੈਣੁ ਅਲਾਹਣਿ ਧੁਮ ਮਚਾਈ।
ਸਾਧਸੰਗਤਿ ਸਚੁ ਸੋਹਿਲਾ ਗੁਰਮੁਖਿ ਸਾਧਸੰਗਤਿ ਲਿਵ ਲਾਈ।

**ਦੀਵਾ ਵੱਟੀ :** ਮ੍ਰਿਤਕ ਸੰਬੰਧੀ ਇਹ ਵਿਸ਼ਵਾਸ ਵੀ ਪਾਇਆ ਜਾਂਦਾ ਹੈ ਕਿ ਉਸ ਦੀ ਆਤਮਾ ਪ੍ਰੇਮ ਦੇ ਰੂਪ ਵਿਚ ਯਮ ਮਾਰਗ ਲਈ ਚੱਲਦੀ ਹੈ। ਉਸ ਨੂੰ ਰਾਹ ਦਿਖਾਉਣ ਲਈ ਪ੍ਰਾਣੀ ਦੀ ਮੌਤ ਸਮੇਂ ਅਤੇ ਉਸ ਤੋਂ ਕਈ ਦਿਨ ਪਿੱਛੋਂ ਦੀਵਾ ਜਗਦਾ ਰੱਖਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਹਨ੍ਹੇਰੇ ਵਿਚ ਭਟਕ ਰਹੇ ਅਜਿਹੇ ਲੋਕਾਂ ਨੂੰ ਵਾਹਿਗੁਰੂ ਦੇ ਨਾਮ ਰੂਪੀ ਦੀਵੇ ਦਾ ਉਪਦੇਸ਼ ਦਿੰਦੇ ਹਨ, ਜਿਸ ਵਿਚ ਜਲਾਉਣ ਲਈ ਸਰੀਰਿਕ ਅਤੇ ਮਾਨਸਿਕ ਦੁੱਖ ਤੇਲ ਦੀ ਥਾਂ ਪਾਏ ਜਾਂਦੇ ਹਨ।

**ਪਿੰਡ ਦਾਨ :** ਪਿੱਤਰਾਂ ਸੰਬੰਧੀ ਪਿੰਡ ਦਾਨ ਦੀ ਇਕ ਹੋਰ ਰੀਤੀ ਸੰਬੰਧੀ ਗੁਰੂ ਨਾਨਕ ਦੇਵ ਜੀ ਨੇ ਪ੍ਰਚਲਿਤ ਭਰਮਾਂ-ਵਹਿਮਾਂ ਦਾ ਖੰਡਨ ਕਰ ਕੇ ਵਾਹਿਗੁਰੂ ਦੇ ਸਤਿਨਾਮ ਜਪਣ ਨੂੰ ਸਭ ਤੋਂ ਉੱਤਮ ਦੱਸਿਆ ਹੈ :

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰ ॥
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥
ਇਕ ਲੋਕੀ ਹੋਰ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥

ਪਿਤਰਾਂ ਦੀ ਪੂਜਾ ਸੰਬੰਧੀ ਹੋਰ ਵੀ ਕਈ ਵਿਸ਼ਵਾਸ ਪਾਏ ਜਾਂਦੇ ਹਨ।

**ਸ਼ਰਾਧ :** ਮੋਏ ਪਿਤਰਾਂ ਨੂੰ ਖ਼ੁਸ਼ ਕਰਨ ਲਈ ਇਕ ਮਹੱਤਵਪੂਰਨ ਰਸਮ ਸ਼ਰਾਧ ਹੈ। ਸ਼ਰਾਧ ਦੇ ਅਰਥ ਸ਼ਰਧਾ ਨਾਲ ਕੀਤਾ ਗਿਆ ਕਰਮ ਹੈ। ਮ੍ਰਿਤਕ ਦੇ ਪਰਿਵਾਰ ਵੱਲੋਂ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਜਾਂਦਾ ਹੈ ਅਤੇ ਵਸਤਰਾਂ ਤੇ ਹੋਰ ਕਈ ਰੂਪਾਂ ਵਿਚ ਸਮੱਗਰੀ ਦਾਨ ਵਜੋਂ ਦਿੱਤੀ ਜਾਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਖਿਆਹੀ', 'ਪਾਰਵਣਾ', ਅਤੇ 'ਮਹਲਾਯ' ਸ਼ਰਾਧਾਂ ਦੇ ਤਿੰਨ ਭੇਦ ਦੱਸੇ ਹਨ। ਲੋਕ ਭਰਮਾਂ ਵਿਚ ਉਲਝੇ ਹੋਏ ਹਨ ਅਤੇ ਛਤਰੀ, ਜੋੜਾ, ਵਸਤਰ, ਛਾਪ, ਕਰਮੰਡਲ, ਆਸਨ, ਰਸੋਈ ਦੇ ਭਾਂਡੇ, ਸੋਟੀ ਤਸ਼ਟਾ, ਕੱਚਾ ਅੰਨ, ਪੱਕਾ ਅੰਨ, ਨਕਦੀ ਤੇ ਜਨੇਊ ਆਦਿ ਦਾਨ ਕਰਦੇ ਹਨ।

**ਮੜ੍ਹੀ-ਮਸਾਣ ਦੀ ਪੂਜਾ :** ਮ੍ਰਿਤਕ ਵਿਅਕਤੀਆਂ ਦੀ ਯਾਦ ਵਿਚ ਸਮਾਧਾਂ ਬਨਾਉਣੀਆਂ, ਮੜ੍ਹੀਆਂ ਉਪਰ ਦੀਵੇ ਜਗਾਉਣੇ ਅਤੇ ਮਸਾਣਾਂ ਦਾ ਪੂਜੇ ਜਾਣਾ ਆਦਿ ਹੋਰ ਵੀ ਕਈ ਅਜਿਹੇ ਸੰਸਕਾਰ ਹਨ, ਜਿੰਨ੍ਹਾਂ ਦਾ ਮ੍ਰਿਤੂ ਸੰਸਕਾਰ ਨਾਲ ਸੰਬੰਧ ਹੈ। ਗੁਰੂ ਸਹਿਬਾਨ ਅਤੇ ਭਗਤ ਕਵੀ ਅਜਿਹੀਆਂ ਰੀਤਾਂ ਦਾ ਖੰਡਨ ਕਰਦੇ ਹਨ। ਭਾਈ ਮਨੀ ਸਿੰਘ ਨੇ ਅਜਿਹੀ ਪਿਤਰ-ਪੂਜਾ ਸੰਬੰਧੀ ਇਕ ਡੂੰਘੇ ਰਹੱਸ ਨੂੰ ਸਮਝਾਇਆ ਹੈ।

**ਸਤੀ :** ਆਪਣੇ ਪਤੀ ਦੀ ਮੌਤ ਉਪਰੰਤ ਉਸ ਦੀ ਚਿਖਾ ਵਿਚ ਉਸ ਨਾਲ ਮਰਨ ਦੀ ਲੋਕ ਪ੍ਰਚਲਿਤ ਰੀਤ ਨੂੰ 'ਸਤੀ' ਕਿਹਾ ਗਿਆ ਹੈ। ਇਹ ਰਸਮ ਇਸ ਵਿਸ਼ਵਾਸ 'ਤੇ ਆਧਾਰਿਤ ਹੈ ਕਿ ਆਪਣਾ ਜੀਵਨ ਇਸ ਪ੍ਰਕਾਰ ਸਮਾਪਤ ਕਰ ਕੇ 'ਸਤੀ' ਹੋਈ ਇਸਤਰੀ ਪਰਲੋਕ ਵਿਚ ਆਪਣੇ ਪਤੀ ਨਾਲ ਆਨੰਦ ਭੋਗਦੀ ਹੈ। ਮੱਧਕਾਲ ਦੇ ਕਵੀਆਂ, ਵਿਸ਼ੇਸ਼ ਰੂਪ ਵਿਚ ਗੁਰੂ ਸਾਹਿਬਾਨ ਅਤੇ ਭਾਈ ਗੁਰਦਾਸ ਨੇ ਇਸ ਪ੍ਰਥਾ ਦੀ ਨਿਖੇਧੀ ਕੀਤੀ ਹੈ।

ਲੋਕਯਾਨ ਦੇ ਖੇਤਰ ਵਿਚ ਅਨੁਸ਼ਠਾਨਾਂ ਦਾ ਮਹੱਤਵ ਬਹੁਤ ਜ਼ਿਆਦਾ ਹੈ। ਅਨੁਸ਼ਠਾਨ ਦਾ ਕੋਸ਼ੀ ਅਰਥ ਉਪਕਰਮ ਜਾਂ ਕਿਸੇ ਕਾਰਜ ਦਾ ਆਰੰਭਣਾ ਹੈ। ਨਿਯਮ ਅਨੁਕੂਲ ਕਿਸੇ ਕਾਰਜ ਦੇ ਕਰਨ ਜਾਂ ਕਿਸੇ ਉੱਤਮ ਫਲ ਦੀ ਪ੍ਰਾਪਤੀ ਲਈ ਕਿਸੇ ਦੇਵਤਾ ਦੀ ਅਰਾਧਨਾ ਨੂੰ ਵੀ ਅਨੁਸ਼ਠਾਨ ਕਿਹਾ ਜਾਂਦਾ ਹੈ। ਲੋਕਯਾਨ ਦੀ ਦ੍ਰਿਸ਼ਟੀ ਤੋਂ ਅਨੁਸ਼ਠਾਨ ਪਰੰਪਰਾਗਤ ਰੂਪ ਵਿਚ ਪ੍ਰਚਲਿਤ ਕਰਮ-ਕਾਂਡਾਂ, ਰਹੁ-ਰੀਤਾਂ, ਪੂਜਾ ਵਿਧੀਆਂ, ਪੂਰਬਾਂ, ਵਰਤਾਂ, ਪ੍ਰਥਾਵਾਂ ਅਤੇ ਸੰਸਕਾਰਾਂ ਆਦਿ ਦਾ ਸਮੂਹ ਹੈ, ਜਿਨ੍ਹਾਂ ਨਾਲ ਜਨ-ਸਾਧਾਰਣ ਦੀ ਭਾਵਾ ਜੁੜੀ ਹੋਈ ਹੁੰਦੀ ਹੈ।

**ਵਰਤ ਤੇ ਪੂਜਾ :** ਧਾਰਮਿਕ ਸ਼ਬਦਾਵਲੀ ਵਿਚ ਵਰਤ ਨਿਸ਼ਚਿਤ ਸਮੇਂ ਲਈ ਅੰਨ ਅੰਗੀਕਾਰ ਨਾ ਕਰਨ ਦਾ ਪ੍ਰਣ ਹੈ। ਮੁਸਲਮਾਨਾਂ ਦੇ 30 ਅਤੇ ਯਹੂਦੀਆਂ ਦੇ 40 ਰੋਜ਼ੇ ਬਹੁਤ ਪ੍ਰਸਿੱਧ ਹਨ, ਪਰੰਤੂ ਭਾਰਤ ਵਿਚ ਵਰਤਾਂ ਦੀ ਸੰਖਿਆ ਅਣਗਿਣਤ ਹੈ। ਮੰਗਲਵਾਰ, ਇਕਾਦਸ਼ੀ, ਨਵਰਾਤਰੇ, ਅਤੇ ਕਰਵਾ ਚੌਥ ਦੇ ਵਿਸ਼ੇਸ਼ ਵਰਾਂ ਤੋਂ ਛੁੱਟ ਦੇਵੀ ਦੇਵਤਿਆਂ ਨਾਲ ਕਈ ਵਰਤ ਜੁੜੇ ਹੋਏ ਹਨ। ਭਾਰਤ ਵਿਚ ਆਮ ਕਰਕੇ ਇਹ ਵਰਤ ਹਿੰਦੂ ਇਸਤਰੀਆਂ ਦੁਆਰਾ ਗ੍ਰਹਿਣ ਕੀਤੇ ਜਾਂਦੇ ਹਨ ਅਤੇ ਇਹਨਾਂ ਨਾਲ ਅਨੇਕ ਵਹਿਮ ਅਤੇ ਭਰਮ ਤਥਾ ਰੀਤੀ-ਰਿਵਾਜ ਵੀ ਜੁੜੇ ਹੋਏ ਹਨ। ਗੁਰੂ ਸਾਹਿਬਾਨ ਨੇ

ਵਰਤਾਂ ਸੰਬੰਧੀ ਪ੍ਰਚਲਿਤ ਭੁਲੇਖਿਆਂ ਦਾ ਖੰਡਨ ਕਰ ਕੇ ਇਹਨਾਂ ਦੇ ਅਨੁਯਾਈਆਂ ਨੂੰ ਅੰਧ-ਵਿਸ਼ਵਾਸ ਦੀ ਪਕੜ ਤੋਂ ਬਾਹਰ ਕੱਢਣ ਦਾ ਯਤਨ ਕੀਤਾ ਹੈ :

ੳ) ਅੰਨ ਨ ਖਾਇਆ ਸਾਦੁ ਗੁਆਇਆ ॥

ਸ਼ਹੁ ਦੁਖੁ ਪਾਇਆ ਦੂਜਾ ਭਾਇਆ ॥

'ਪ੍ਰੇਮ ਸੁਮਾਰਗ' ਦੇ ਕਰਤਾ ਨੇ ਵਰਤ ਦੀ ਠੀਕ ਭਾਵਨਾ ਅਭਿਵਿਅਕਤ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਇਕਾਦਸ਼ੀ :** ਚੰਦਰਮਾ ਮਹੀਨੇ ਦੀ ਹਨ੍ਹੇਰੇ ਅਤੇ ਚਾਨਣੇ ਪੱਖ ਦੀ ਯਾਰ੍ਹਵੀਂ ਤਿਥਿ ਨੂੰ ਵਰਤ ਰੱਖਣਾ ਪੁੰਨ ਗਿਣਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਇਕਾਦਸ਼ੀ ਤੇ ਵਰਤ ਸੰਬੰਧੀ ਦੱਸਿਆ ਹੈ ਕਿ ਪ੍ਰਭੂ ਨੂੰ ਆਪਣੇ ਨੇੜੇ ਜਾਣਨਾ, ਇੰਦਰੀਆਂ ਨੂੰ ਕਾਬੂ ਕਰ ਕੇ ਰਾਮ ਦਾ ਨਾਮ ਸੁਣਨਾ, ਮਨ ਵਿਚ ਸੰਤੋਖ ਅਤੇ ਸਾਰੇ ਜੀਵਾਂ ਪ੍ਰਤਿ ਦਇਆ ਭਾਵਨਾ ਪੈਦਾ ਕਰਨਾ ਹੀ ਅਸਲ ਇਕਾਦਸ਼ੀ ਵਰਤ ਹੈ।

**ਅਹੋਈ :** ਭਗਤ ਕਬੀਰ ਨੇ ਅਹੋਈ ਦੇਵੀ ਤਥਾ ਸੀਤਲਾ ਦੇ ਵਰਤ ਬਾਰੇ ਸੰਕੇਤ ਕੀਤਾ ਹੈ। ਵਿਸ਼ੇਸ਼ ਕਰਕੇ ਕੁਆਰੀਆਂ ਇਸਤਰੀਆਂ ਇਹ ਵਰਤ ਕੱਤਕ ਵਦੀ ੮ ਨੂੰ ਰੱਖਦੀਆਂ ਹਨ। ਮਿੱਟੀ ਦੀਆਂ ਮੂਰਤੀਆਂ ਬਣਾ ਕੇ ਹਰ ਰੋਜ਼ ਪੂਜਾ ਕੀਤੀ ਜਾਂਦੀ ਹੈ। ਵਰਤ ਵਾਲੇ ਦਿਨ ਰਾਧਾ ਕੁੰਡ ਵਿਚ ਇਸ਼ਨਾਨ ਕਰ ਕੇ ਸਮੂਹ ਤੀਰਥਾਂ ਦੇ ਇਸ਼ਨਾਨ ਦਾ ਮਹਾਤਮ ਪ੍ਰਾਪਤ ਕੀਤਾ ਜਾਂਦਾ ਹੈ।

**ਚੰਦ੍ਰਇਣ :** ਚੰਦਰਮਾ ਦੀ ਕਲਾ ਦੇ ਵਧਣ-ਘਟਣ ਨਾਲ ਮੋਰ ਦੇ ਅੰਡੇ ਦੇ ਆਕਾਰ ਜਿੰਨਾ ਗ੍ਰਾਸ ਵਧਾਉਣਾ-ਘਟਾਉਣਾ ਚੰਦ੍ਰਾਇਣ ਦਾ ਵਰਤ ਹੈ। ਗੁਰੂ ਅਰਜਨ ਦੇਵ ਜੀ ਨੇ ਅਜਿਹੇ ਵਰਤ ਦਾ ਨਿਸ਼ੇਧ ਕੀਤਾ ਹੈ ਕਿਉਂਜੋ ਇਹ ਵੀ ਪ੍ਰਾਣੀ-ਮਾਤਰ ਨੂੰ ਵਿਅਰਥ ਕਰਮ-ਕਾਂਡ ਵਿਚ ਫਸਾਉਣ ਦਾ ਭਾਗੀ ਬਣਦਾ ਹੈ ਤੇ ਮੂਲ ਤੱਤ ਤਕ ਨਹੀਂ ਪਹੁੰਚਦਾ।

**ਮੌਨ ਵਰਤ :** ਚੁੱਪ ਰਹਿਣ ਦੀ ਕ੍ਰਿਆ ਤੋਂ ਭਾਵ ਮੌਨ ਹੈ। 'ਆਦਿ ਗ੍ਰੰਥ' ਅਤੇ 'ਵਾਰਾਂ ਭਾਈ ਗੁਰਦਾਸ' ਵਿਚ ਇਸ ਧਾਰਣਾ ਦਾ ਖੰਡਨ ਕੀਤਾ ਗਿਆ ਹੈ। ਜੇ ਪਰਮਾਤਮਾ ਮੌਨ ਵਰਤ ਰੱਖਣ ਨਾਲ ਹੀ ਮਿਲਦਾ ਹੁੰਦਾ ਤਾਂ ਪਸ਼ੂ ਸਦਾ ਹੀ ਚੁੱਪ ਰਹਿੰਦੇ ਹਨ। ਅਨੇਕਾਂ ਦ੍ਰਿਸ਼ਟਾਂਤ ਉਪਲਬਧ ਹਨ, ਜਿਨ੍ਹਾਂ ਵਿਚ ਇਸ ਭੇਖ ਦਾ ਵਰਣਨ ਹੈ ।

**ਵੇਸ ਭੂਸ਼ਾ :** ਅਨੁਸ਼ਠਾਨਿਕ ਖੇਤਰ ਦੀ ਬਹੁਤ ਸਾਰੀ ਸਾਮੱਗਰੀ ਅਜਿਹੀ ਹੈ, ਜਿਸ ਨੂੰ ਵੇਸ-ਭੂਸ਼ਾ ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਇਸ ਵਿਚ ਟਿੱਕਾ ਜਾਂ ਤਿਲਕ ਲਗਾਉਣਾ, ਮਾਲਾ ਪਾਉਣੀ, ਨੰਗਿਆਂ ਫਿਰਨਾ, ਭਗਵਾ ਵੇਸ ਧਾਰਣ ਕਰਨਾ, ਜਟਾਂ ਵਧਾਉਣੀਆਂ ਅਤੇ ਭਸਮ ਲਗਾਉਣੀ ਆਦਿ ਕਰਮ ਸ਼ਾਮਲ ਕੀਤੇ ਜਾ ਸਕਦੇ ਹਨ। ਸਾਧਾਰਣ ਰਹਿਣੀ-ਬਹਿਣੀ ਦੇ ਵਿਪਰੀਤ ਦਿਖਾਵੇ ਮਾਤਰ ਕਰਮ ਕਰਨ ਵਾਲੇ ਵਿਅਕਤੀ, ਵਹਿਮਾਂ ਅਤੇ ਭਰਮਾਂ ਵਿਚ ਫਸੇ ਸਾਧਾਰਨ ਲੋਕਾਂ ਨੂੰ ਵੀ ਆਪਣੇ ਪਿੱਛੇ ਲਾ ਲੈਂਦੇ ਹਨ।

**ਤਿਲਕ ਜਾਂ ਟਿੱਕਾ :** ਕੇਸਰ, ਚੰਦਨ ਜਾਂ ਭਸਮ ਆਦਿ ਦੁਆਰਾ ਮੱਥੇ ਜਾਂ ਸਰੀਰ ਦੇ ਕਿਸੇ ਹੋਰ ਅੰਗ ਉਪਰ ਲਗਾਏ ਗਏ ਚਿੰਨ੍ਹ ਨੂੰ ਤਿਲਕ ਜਾਂ ਟਿੱਕਾ ਕਿਹਾ ਜਾਂਦਾ ਹੈ।

**ਮਾਲਾ :** ਟਿੱਕਾ ਧਾਰਣ ਕਰਨ ਵਾਂਗ ਮਾਲਾ ਪਹਿਣਨ ਬਾਰੇ ਵੀ ਗੁਰਬਾਣੀ ਵਿਚ ਕਾਫ਼ੀ ਟੀਕਾ ਟਿੱਪਣੀ ਕੀਤੀ ਹੋਈ ਮਿਲਦੀ ਹੈ। ਭਗਤ ਕਬੀਰ ਜੀ ਮਾਲਾਧਾਰੀ ਨੂੰ ਕਹਿੰਦੇ ਹਨ ਕਿ ਉਹ ਲੱਕੜੀ ਦੀ ਮਾਲਾ ਪਾ ਕੇ ਸਿਮਰਨ ਦਾ ਦਿਖਾਵਾ ਕੀ ਕਰ ਰਿਹਾ ਹੈ, ਜਦ ਕਿ ਉਸਨੇ ਮਨ ਵਿਚ ਪ੍ਰਭੂ ਬਾਰੇ ਖ਼ਿਆਲ ਤਕ ਨਹੀਂ ਹੁੰਦਾ। ਅਜਿਹੀ ਜਪਨੀ ਦਾ ਕੋਈ ਲਾਭ ਨਹੀਂ।

**ਭਗਵਾ ਵੇਸ਼, ਨਾਂਗੇ, ਜਟਾਂ, ਭਸਮ, ਅਗਨੀ, ਤਪ ਆਦਿ :** ਗੁਰੂ ਅਰਜਨ ਦੇਵ ਜੀ ਇਕ ਥਾਂ ਭੇਖਧਾਰੀਆਂ ਦੀਆਂ ਕਰਤੂਤਾਂ ਦਾ ਵਰਣਨ ਕਰਦੇ ਹੋਏ ਦੱਸਦੇ ਹਨ ਕਿ ਕਿਵੇ ਉਹਨਾਂ ਨੇ ਨਾਨਾ ਪ੍ਰਕਾਰ ਦੀਆਂ ਬਨਾਵਟਾਂ ਬਣਾ ਕੇ ਕਿਤੇ ਜਾਦੂ-ਟੂਣੇ ਦੀਆਂ ਖੇਡਾਂ ਰਚਾਈਆਂ ਹਨ ਅਤੇ ਕਿਤੇ ਤੰਤਰ-ਮੰਤਰ ਚਲਾਏ ਹੋਏ ਹਨ।

**ਕਰਮਕਾਂਡ :** ਕਰਮਕਾਂਡ ਵੇਦਾਂ ਅਤੇ ਗ੍ਰੰਥਾਂ ਦਾ ਅਜਿਹਾ ਪ੍ਰਕਰਨ ਹੈ ਜਿਸ ਵਿਚ ਯੱਗ, ਸ਼ਰਾਧ, ਵਰਤ ਆਦਿ ਕਰਨ ਦੀ ਵਿਧੀ ਦੱਸੀ ਗਈ ਹੁੰਦੀ ਹੈ। ਲੋਕ ਜੀਵਨ ਵਿਚ ਵਿਖਾਵੇ ਅਤੇ ਪਾਖੰਡ ਦੇ ਕਰਮਾਂ ਦਾ ਇਕ ਅਜਿਹਾ ਜਾਲ ਵਿਛਿਆ ਹੋਇਆ ਹੈ ਕਿ ਕਰਮਾਂ ਦੀ ਮੂਲ ਭਾਵਨਾ ਲੋਪ ਹੋ ਗਈ ਹੈ। ਯੱਗ ਕਰਨਾ, ਕਰਾਉਣਾ, ਦਾਨ ਦੇਣਾ ਤੇ ਲੈਣਾ, ਵੇਦ ਪੜ੍ਹਨਾ ਤੇ ਪੜ੍ਹਾਉਣਾ ਆਦਿ ਛੇ ਕਰਮਕਾਂਡ ਪ੍ਰਸਿੱਧ ਹਨ। ਗੁਰੂ ਅਮਰਦਾਸ ਜੀ ਦਾ ਮੱਤ ਹੈ ਕਿ ਕਿਸੇ ਵਿਰਲੇ ਪੁਰਸ਼ ਨੂੰ ਹੀ ਕਰਮਕਾਂਡਾਂ ਦੀ ਅਸਲੀਅਤ ਦੀ ਸੋਝੀ ਹੋ ਸਕਦੀ ਹੈ ਅਤੇ ਆਮ ਲੋਕਾਂ ਵਾਂਗ ਬਿਨ੍ਹਾਂ ਸੋਚੇ ਸਮਝੇ ਕਰਮ ਕਾਂਡ ਕਰਨੇ ਜੀਵਨ ਦੇ ਨਿਸ਼ਾਨੇ ਤੋਂ ਲਾਂਭੇ ਜਾਣਾ ਹੈ।

**ਸਾਕਾਦਾਰੀ :** ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਇਸ ਕਰਕੇ ਇਹ ਇਕੱਲਾ ਨਹੀਂ ਰਹਿ ਸਕਦਾ। ਇਸਨੂੰ ਆਪਣੀਆਂ ਮੁੱਢਲੀਆਂ ਲੋੜਾਂ ਅਰਥਾਤ ਰੋਟੀ, ਕੱਪੜਾ ਅਤੇ ਮਕਾਨ ਤੋਂ ਬਿਨ੍ਹਾਂ ਵੀ ਇਕ ਅਜਿਹਾ ਮਾਹੌਲ ਚਾਹੀਦਾ ਹੈ ਜਿਸ ਵਿਚ ਇਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰੇ ਅਤੇ ਆਪਣੇ ਸੁਖ-ਦੁਖ ਵਿਚ ਹੋਰ ਵੀ ਕਿਸੇ ਨੂੰ ਸ਼ਰੀਕ ਬਣਾਵੇ। ਇਸ ਕਰਕੇ ਇਹ ਦੋ ਪ੍ਰਕਾਰ ਦੇ ਅਜਿਹੇ ਰਿਸ਼ਤੇ ਸਿਰਜਦਾ ਹੈ ਜਿੰਨ੍ਹਾਂ ਵਿਚੋਂ ਇਕ ਖ਼ੂਨ ਅਤੇ ਦੂਜਾ ਆਪਣੇ ਆਪ ਦੁਆਰਾ ਬਣਾਏ ਜਾਂਦੇ ਹਨ। ਇਸ ਕਰਕੇ ਜੇਕਰ ਪੰਜਾਬੀ ਸਾਕਾਦਾਰੀ ਪ੍ਰਣਾਲੀ ਦੀ ਗੱਲ ਕੀਤੀ ਜਾਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਲੋਕਾਂ ਵੱਲੋਂ ਖ਼ੂਨ ਦੇ ਰਿਸ਼ਤਿਆਂ ਵਿਚ ਇਕ ਪਿਉ ਦੀ ਧਿਰ ਨਾਲ ਸਾਕਾਦਾਰੀ ਹੁੰਦੀ ਹੈ ਅਤੇ ਦੂਜੀ ਮਾਂ ਦੇ ਪੇਕਿਆਂ ਵੱਲੋਂ ਰਿਸ਼ਤੇਦਾਰੀ ਨਿਭਾਈ ਜਾਂਦੀ ਹੈ। ਇਨ੍ਹਾਂ ਦੋਹਾਂ ਧਿਰਾਂ ਦੇ ਕਰਕੇ ਹੀ ਸਾਕਾਦਾਰੀ ਦੇ ਰਿਸ਼ਤੇ ਮਿਲਦੇ ਹਨ। ਰਿਸ਼ਤੇਦਾਰੀ ਦੇ ਦੋ ਮੁਖ ਆਧਾਰ ਹਨ :

(ੳ) ਨਾਨਕੇ (ਮਾਂ ਦੇ ਪੇਕੇ ਘਰ ਨਾਲ ਸੰਬੰਧਿਤ)

(ਅ) ਦਾਦਕੇ (ਪਿਉ ਦੇ ਘਰ ਨਾਲ ਸੰਬੰਧਿਤ)

**(ੳ) ਨਾਨਕੇ :** ਨਾਨਕੇ ਘਰ ਵਿਚ ਮਾਂ ਦੇ ਪਿਤਾ ਨੂੰ ਨਾਨਾ ਕਿਹਾ ਜਾਂਦਾ ਹੈ ਅਤੇ ਮਾਂ ਦੀ ਮਾਤਾ ਨੂੰ ਨਾਨੀ ਕਿਹਾ ਜਾਂਦਾ ਹੈ। ਨਾਨਕੇ ਘਰ ਵਿਚ ਅਗਲਾ ਮਹੱਤਵਪੂਰਨ ਰਿਸ਼ਤਾ ਮਾਂ ਦੇ ਭਰਾ ਨਾਲ ਜੁੜਦਾ ਹੈ ਜਿਸਨੂੰ ਮਾਮਾ ਕਿਹਾ ਜਾਂਦਾ ਹੈ ਅਤੇ ਮਾਂ ਦੇ ਭਰਾ ਦੀ ਘਰਵਾਲੀ ਨੂੰ ਮਾਮੀ ਕਿਹਾ ਜਾਂਦਾ ਹੈ। ਪਿਉ ਤੋਂ ਪਿੱਛੋਂ ਨਾਨਕੇ ਘਰ ਵਿਚ ਭਰਾ ਹੀ ਪ੍ਰਮੁੱਖ ਹੁੰਦਾ ਹੈ। ਇਸ ਕਰਕੇ ਮਾਮੇ ਅਤੇ ਮਾਮੀ ਕੋਲੋਂ ਨਾਨਕਾ ਛੱਕ ਭਰਵਾਇਆ ਜਾਂਦਾ ਹੈ। ਇਸ ਤੋਂ ਬਾਅਦ ਕੁੜਮਾਂ ਨਾਲ ਮਿਲਣੀ ਵੀ ਮਾਮੇ ਨਾਲ ਹੀ ਕਰਵਾਈ ਜਾਂਦੀ ਹੈ। ਵਿਆਹ ਵਿਚ ਮਾਮੇ ਦੁਆਰਾ ਲਿਆਂਦਾ ਚੂੜਾ, ਨੱਥ, ਸਾਲੂ, ਵਿਆਹ ਵਾਲਾ ਸੂਟ, ਵਿਆਹਦੜ ਕੁੜੀ ਨੂੰ ਪਹਿਨਾਇਆ ਜਾਂਦਾ ਹੈ।

**(ਅ) ਦਾਦਕੇ :** ਇਸ ਪ੍ਰਕਾਰ ਜਿਸ ਤਰ੍ਹਾਂ ਮਾਂ ਦੇ ਪੇਕੇ ਘਰ ਨਾਲ ਸੰਬੰਧਿਤ ਮੈਂਬਰਾਂ ਕਰਕੇ ਮਾਮਾ-ਮਾਮੀ, ਨਾਨਾ-ਨਾਨੀ ਆਦਿ ਦਾ ਰਿਸ਼ਤਾ ਬਣਦਾ ਹੈ ਉਸੇ ਪ੍ਰਕਾਰ ਪਿਉ ਦੇ ਘਰ ਵਾਲਿਆਂ ਨੂੰ ਦਾਦਕੇ ਆਖਿਆ ਜਾਂਦਾ ਹੈ। ਇਸ ਵਿਚ ਪਿਉ ਦਾ ਪਿਤਾ ਦਾਦਾ ਅਤੇ ਪਿਉ ਦੀ ਮਾਂ ਦਾਦੀ ਲਗਦੀ ਹੈ। ਇਸੇ ਤਰ੍ਹਾਂ ਪਿਉ ਦਾ ਭਰਾ ਚਾਚਾ ਅਤੇ ਉਸਦੀ ਘਰਵਾਲੀ ਚਾਚੀ ਅਖਵਾਉਂਦੀ ਹੈ। ਦਾਦਕਾ ਘਰ ਦੇ ਹੋਰ ਰਿਸ਼ਤੇ ਵੀ ਹਨ ਜਿਸ ਤਰ੍ਹਾਂ ਪਿਉ ਦੇ ਚਾਚੇ ਜਾਂ ਤਾਏ ਦੇ ਮੁੰਡੇ ਵੀ ਚਾਚੇ ਜਾਂ ਤਾਏ ਅਖਵਾਉਂਦੇ ਹਨ। ਇਸ ਤਰ੍ਹਾਂ ਪਿਉ ਦੀ ਭੈਣ ਨਾਲ ਭੂਆ ਦਾ ਰਿਸ਼ਤਾ ਅਤੇ ਭੂਆ ਤੇ ਮਾਂ ਦਾ ਰਿਸ਼ਤਾ ਨਨਾਣ ਭਰਜਾਈ ਦਾ ਰਿਸ਼ਤਾ ਬਣਦਾ ਹੈ।

ਇਸ ਤੋਂ ਇਲਾਵਾ ਹੋਰ ਦੂਰ ਦੇ ਰਿਸ਼ਤੇਦਾਰ ਵੀ ਹੁੰਦੇ ਹਨ। ਜਿਵੇਂ ਮਾਂ-ਪਿਉ ਦੇ ਨਾਨਕੇ, ਮਾਮੇ, ਚਾਚੇ, ਤਾਏ ਦੇ ਸਹੁਰੇ, ਮਾਸੜ, ਫੁੱਫੜ ਆਦਿ। ਜਦੋਂ ਘਰ ਵਿਚ ਕੋਈ ਵਿਆਹ ਜਾਂ ਹੋਰ ਪ੍ਰੋਗਰਾਮ ਹੋਵੇ ਤਾਂ ਇਹ ਸਾਰੇ ਵੇਖਣ ਨੂੰ ਮਿਲ ਜਾਂਦੇ ਹਨ।

## ਪੰਜਾਬ ਦੀਆਂ ਲੋਕ ਕਲਾਵਾਂ

ਪੰਜਾਬ ਦਾ ਨਾਮ ਵੀ ਕਲਾਵਾਂ ਦੇ ਅੰਤਰਗਤ ਹੀ ਆਉਂਦਾ ਹੈ ਕਿਉਂਕਿ ਇਸ ਨੂੰ ਪੁਰਾਤਨ ਸਮੇਂ ਪੰਜ ਦਰਿਆਵਾਂ ਨੇ ਮੱਲਿਆ ਹੋਇਆ ਸੀ ਇਸ ਕਰਕੇ ਇਸਦਾ ਨਾਮ ਪੰਜ+ਆਬ ਪਿਆ ਅਰਥਾਤ ਪੰਜ ਦਰਿਆਵਾਂ ਦੀ ਧਰਤੀ। ਇਸ ਕਰਕੇ ਇਸ ਪੰਜ ਦਰਿਆਵਾਂ ਦੀ ਧਰਤੀ ਦੇ ਲੋਕ ਵੱਖ-ਵੱਖ ਵਿਚਾਰਧਾਰਵਾਂ ਦੇ ਹੁੰਦਿਆਂ ਹੋਇਆਂ ਵੀ ਇਕੋ ਛੱਤ ਥੱਲੇ ਜੰਮੇ ਪਲੇ ਤੇ ਵਧੇ ਫੁੱਲੇ। ਆਪਣੇ ਸਭਿਆਚਾਰ ਦੀ ਸਾਂਭ-ਸੰਭਾਲ ਲਈ ਇਨ੍ਹਾਂ ਲੋਕਾਂ ਨੇ ਹਥਿਆਰ ਦੇ ਨਾਲ-ਨਾਲ ਆਪਣੇ ਕਲਾ ਜਾਂ ਹੁਨਰ ਨੂੰ ਵੀ ਵੱਖਰੇ ਰੂਪ ਵਿਚ ਪੇਸ਼ ਕੀਤਾ। ਪੰਜਾਬੀ ਲੋਕ ਕਲਾ ਨੂੰ ਪਰਿਭਾਸ਼ਿਤ ਕਰਨਾ ਇਸ ਦਾ ਸਰੂਪ ਨਿਸ਼ਚਿਤ ਕਰਨਾ ਤੇ ਲੋਕ ਕਲਾ ਦੇ ਵੱਖ-ਵੱਖ ਰੂਪਾਂ ਨੂੰ ਕਿਸੇ ਨਿਸ਼ਚਿਤ ਸ਼੍ਰੇਣੀ ਵਿਚ ਵੰਡਣਾ ਬਹੁਤ ਹੀ ਕਠਿਨ ਕਾਰਜ ਹੈ। ਕਲਾ ਦਾ ਮੁੱਢਲਾ ਲੱਛਣ ਸੁਹਜ ਸੁਆਦ ਪੈਦਾ ਕਰਨਾ ਜਾਂ ਉਸ ਦੀ ਤ੍ਰਿਪਤੀ ਕਰਨਾ ਹੁੰਦਾ ਹੈ। ਮੌਲਿਕਤਾ, ਨਵੀਨਤਾ, ਵਿਲੱਖਣਤਾ, ਸਾਰਥਿਕਤਾ, ਵਸਤੂਪਰਕਤਾ ਅਤੇ ਪੁਨਰ-ਉਤਪਾਦਿਕਤਾ ਕਲਾ ਦੇ ਕੁਝ ਹੋਰ ਵਿਸ਼ੇਸ਼ ਲੱਛਣ ਹੁੰਦੇ ਹਨ। ਵਿਅਕਤੀਪਰਕਤਾ ਵਿਸ਼ਿਸ਼ਟ ਕਲਾ ਦਾ ਲੱਛਣ ਤਾਂ ਹੋ ਸਕਦਾ ਹੈ ਪਰ ਲੋਕ-ਕਲਾ ਲਈ ਇਹ ਵਿਸ਼ੇਸ਼ ਅਹਿਮੀਅਤ ਨਹੀਂ ਹੈ। ਕਿਉਂਕਿ ਵਿਸ਼ਿਸ਼ਟ

ਕਲਾ-ਰੂਪ ਦੀ ਕਿਸੇ ਅਧੂਰੀ ਵੰਨਗੀ ਨੂੰ ਕੋਈ ਦੂਸਰਾ ਵਿਅਕਤੀ ਪੇਸ਼ ਨਹੀਂ ਕਰ ਸਕਦਾ। ਲੋਕ-ਕਲਾ ਮਾਨਵੀ ਜੀਵਨ ਦਾ ਇਕ ਅਨਿੱਖੜ ਅੰਗ ਰਿਹਾ ਹੈ, ਜਿਸ ਵਿਚ ਕੰਧ-ਚਿਤਰ, ਤੀਲਾਂ ਜਾਂ ਕਾਗ਼ਜ਼ ਦੇ ਬੋਹਟੇ, ਬੋਹਟੀਆਂ, ਮੂਹੜੇ, ਗੋਹਲੇ, ਛਿੱਕੂ ਆਦਿ ਸ਼ਾਮਿਲ ਰਹੇ ਹਨ।

ਲੋਕ-ਕਲਾ ਦੇ ਖੇਤਰ ਵਿਚ ਮਿੱਟੀ, ਲੱਕੜੀ ਜਾਂ ਧਾਤ ਦੀਆਂ ਮੂਰਤੀਆਂ ਤੋਂ ਲੈ ਕੇ ਕਾਗ਼ਜ਼ ਦੀਆਂ ਭੰਬੀਰੀਆਂ ਤੇ ਰੰਗ-ਬਰੰਗੇ ਕਾਗ਼ਜ਼ੀ ਫੁੱਲਾਂ ਤੱਕ ਅਨੇਕ ਕਲਾ ਵੰਨਗੀਆਂ ਸਮਾਈਆਂ ਹੋਈਆਂ ਹਨ। ਤਰਖਾਣ ਦਾ ਚਰਖਾ ਲੋਕ-ਧੰਦੇ ਦਾ ਕਾਰਜ ਹੈ ਪਰ ਚਰਖੇ ਉੱਤੇ ਕੀਤੀ ਮੀਨਾਕਾਰੀ ਲੋਕ-ਕਲਾ ਦੇ ਖੇਤਰ ਦੀ ਚੀਜ਼ ਬਣ ਜਾਂਦੀ ਹੈ।

ਡਾ. ਸੋਹਿੰਦਰ ਸਿੰਘ ਬੇਦੀ ਦੇ ਸ਼ਬਦਾਂ ਵਿਚ ਪੰਜਾਬ ਦੀ ਲੋਕ-ਕਲਾ ਲਈ ਰਿਵਾਇਤਾਂ ਤੇ ਮਨੌਤਾਂ ਦੇ ਸੁਮੇਲ ਵਿਚ ਨਿੱਖਰੀ ਹੈ ਅਤੇ ਬਾਹਰੋਂ ਆਈ ਹਰ ਨਵੀਂ ਸੰਸਕ੍ਰਿਤੀ ਨੇ ਆਪਣੀ ਸ਼ੈਲੀ ਦਾ ਇਥੋਂ ਦੇ ਮੂਲ ਪੈਟਰਨ ਉੱਤੇ ਕੁਝ ਪ੍ਰਭਾਵ ਜ਼ਰੂਰ ਪਾਇਆ ਹੈ ਲੋਕ-ਕਲਾ ਨੂੰ ਸੰਵਾਰਨ, ਨਿਖ਼ਾਰਨ ਤੇ ਪ੍ਰਸਾਰਨ ਵਿਚ ਭਾਵੇਂ ਮਰਦਾਂ ਦਾ ਵੀ ਯੋਗਦਾਨ ਰਿਹਾ ਹੈ, ਪਰ ਪੰਜਾਬ ਦੀਆਂ ਸੁਆਣੀਆਂ ਨੇ ਤਾਂ ਲੋਕ-ਕਲਾ ਨੂੰ ਆਪਣੇ ਜੀਵਨ ਦਾ ਇਕ ਲਕਸ਼ ਬਣਾ ਕੇ ਰੱਖਿਆ ਹੈ।

ਪੰਜਾਬੀਆਂ ਦੀਆਂ ਲੋਕ ਕਲਾਵਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ :

**(ੳ) ਕੰਧ ਚਿੱਤਰ :** ਪੰਜਾਬ ਦੇ ਲੋਕਾਂ ਦੇ ਘਰ ਪਹਿਲਾਂ ਪਹਿਲ ਅਤੇ ਅੱਜ ਵੀ ਬਹੁਤ ਥਾਂਈ ਮਿੱਟੀ ਦੇ ਬਣੇ ਹੋਏ ਸਨ। ਜਿਸ ਕਰਕੇ ਇਨ੍ਹਾਂ ਨੂੰ ਆਪਣੇ ਘਰਾਂ ਦੀ ਸਜਾਵਟ ਲਈ ਇਸਦੀਆਂ ਕੰਧਾਂ ਤੇ ਕਈ ਕਿਸਮ ਦੇ ਚਿੱਤਰਾਂ ਦੀ ਜ਼ਰੂਰਤ ਪੈਂਦੀ ਸੀ। ਪੰਜਾਬ ਅੰਦਰ ਮਿਲਦੇ ਕੰਧ ਚਿਤਰਾਂ ਤੋਂ ਸਭ ਤੋਂ ਪੁਰਾਣਾ ਕੰਧ ਚਿੱਤਰ ਅੰਮ੍ਰਿਤਸਰ ਵਿਖੇ ਸ੍ਰੀ ਰਘੂਨਾਥ ਮੰਦਰ ਵਿਖੇ 1750 ਈ. ਦਾ ਬਣਿਆ ਹੋਇਆ ਹੈ। ਇਸੇ ਪ੍ਰਕਾਰ ਇਕ ਹੋਰ ਕੰਧ ਚਿੱਤਰ ਬਾਘਾ ਪੁਰਾਣਾ ਦੇ ਨਜ਼ਦੀਕ ਪਿੰਡ ਮਾੜੀ ਮੁਸਤਫ਼ਾ ਵਿਖੇ 18 ਵੀਂ ਸਦੀ ਦਾ ਹੀ ਦੱਸਿਆ ਜਾਂਦਾ ਹੈ।

**(ਅ) ਕਾਗਜ਼ਾਂ ਤੇ ਪੁਸਤਕਾਂ ਤੇ ਬਣੇ ਚਿੱਤਰ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਚਿੱਤਰ ਮਿਲਦੇ ਹਨ। ਇਸ ਤੋਂ ਇਲਾਵਾ ਪੁਸਤਕਾਂ ਦੇ ਟਾਈਟਲਾਂ ਅਤੇ ਪੰਨਿਆਂ ਤੇ ਵੀ ਅਜਿਹੀ ਦਿਲਕਸ਼ ਚਿੱਤਰਕਾਰੀ ਵੇਖਣ ਨੂੰ ਮਿਲਦੀ ਹੈ।

**(ੲ) ਨੱਕਾਸ਼ੀ** : ਇਸ ਹੁਨਰ ਦਾ ਕਾਰੀਗਰ ਬਰੀਕ ਆਰੀ ਜਾਂ ਪੱਕੇ ਨਸ਼ੱਤਰ ਨਾਲ ਮਰਮਰ ਦੀਆਂ ਸਿੱਲਾਂ ਉੱਤੇ ਵਿਉਂਤੇ ਹੋਏ ਵੇਲ-ਬੂਟਿਆਂ ਤੇ ਫੁੱਲਾਂ ਦੇ ਨਕਸ਼ੇ ਅਨੁਸਾਰ ਚੀਰ ਪਾਉਂਦਾ ਸੀ। ਇਸ ਪਿਛੋਂ ਜਿਸ ਰੰਗ ਦਾ ਪੱਥਰ ਇਨ੍ਹਾਂ ਵਿਚ ਭਰਨਾ ਹੁੰਦਾ ਸੀ, ਉਸ ਨੂੰ ਰਗੜ-ਰਗੜ ਕੇ ਉਨ੍ਹਾਂ ਪਾਏ ਹੋਏ ਚੀਰਿਆਂ ਬੜੀ ਸਫ਼ਾਈ ਨਾਲ ਜੜ ਦਿੰਦਾ ਸੀ। ਫੁੱਲਾਂ ਦੀਆਂ ਡੋਡੀਆਂ ਅਤੇ ਵੇਲਾਂ ਦੀਆਂ ਪੱਤੀਆਂ ਉੱਪਰ ਸਿੱਪ ਅਤੇ ਅਬਰਕ ਦਾ ਕੰਮ ਬਹੁਤ ਮਨਮੋਹਣਾ ਬਣ ਜਾਂਦਾ ਸੀ।

**(ਸ) ਮੂਰਤੀ ਕਲਾ :** ਪੰਜਾਬ ਵਿਚ ਗੰਧਾਰ ਸ਼ੈਲੀ ਦਾ ਨਾਮ ਬਹੁਤ ਪ੍ਰਸਿੱਧ ਹੈ। ਪਿਸ਼ਾਵਰ ਅਤੇ ਤਕਸ਼ਿਲਾ ਇਸਦੇ ਮੁੱਖ ਕੇਂਦਰ ਸਨ। ਇਸ ਸ਼ੈਲੀ ਦੀ ਇਹ ਪ੍ਰਮੁੱਖਤਾ ਹੈ ਕਿ ਇਸ ਵਿਚ ਮੂਰਤੀਆਂ ਦੇ ਨੈਣ-ਨਕਸ਼ਾਂ ਅਤੇ ਹੋਰ ਅੰਗਾਂ ਨੂੰ ਬਹੁਤ ਮਿਹਨਤ ਅਤੇ ਲਗਨ ਨਾਲ ਨਿਖਾਰਿਆ ਜਾਂਦਾ ਹੈ, ਗੰਧਾਰ ਸ਼ੈਲੀ ਦੀਆਂ ਕਈ ਕਲਾ-ਕਿਰਤਾਂ ਜਿੱਥੇ ਲਾਹੌਰ ਅਤੇ ਪੇਸ਼ਾਵਰ ਦੇ ਅਜਾਇਬ ਘਰਾਂ ਵਿਚ ਹਨ, ਉਥੇ ਕੁਝ ਕਲਾ-ਕਿਰਤਾਂ ਚੰਡੀਗੜ੍ਹ ਦੇ ਅਜਾਇਬ-ਘਰ ਅਤੇ ਹੁਸ਼ਿਆਪੁਰ ਦੇ ਸਾਧੂ ਆਸ਼ਰਮ ਵਿਚ ਵੀ ਮੌਜੂਦ ਹਨ।

**(ਹ) ਭਵਨ ਨਿਰਮਾਣ ਕਲਾ :** ਪੰਜਾਬ ਵਿਚ ਭਵਨ ਨਿਰਮਾਣ ਕਲਾ ਦੇ ਸਬੂਤ ਹੜੱਪਾ ਸੱਭਿਅਤਾ ਯੁਗ ਤੋਂ ਹੀ ਮਿਲਦੇ ਹਨ। ਹੜੱਪਾ, ਮੋਹਿੰਜੋਦੜੋ, ਰੋਪੜ ਦੀਆਂ ਖੁਦਾਈਆਂ ਤੋਂ ਪਤਾ ਲਗਦਾ ਹੈ ਕਿ ਉਸ ਕਾਲ ਵਿਚ ਭਵਨ ਨਿਰਮਾਣ ਕਲਾ ਕਿੰਨੀ ਉੱਨਤ ਸੀ। ਮਗਰਲੇ ਕਾਲ ਦੇ ਬਹੁਤ ਸਾਰੇ ਭਵਨ ਹਮਲਿਆਂ, ਭੂਚਾਲਾਂ ਅਤੇ ਲੋਕਾਂ ਦੀਆਂ ਲਾਪਰਵਾਹੀਆਂ ਕਾਰਨ ਢਹਿ-ਢੇਰੀ ਹੋ ਗਏ, ਪਰ ਫੇਰ ਵੀ ਪੰਜਾਬ ਅੰਦਰ ਕੁਝ ਕੁ ਧਰਮਸ਼ਾਲਾਵਾਂ, ਗੁਰਦੁਆਰਿਆਂ ਆਦਿ ਵਿਚ ਇਹ ਸ਼ਾਮਿਲ ਹਨ।

**(ਕ) ਫੁੱਲਕਾਰੀ :** 'ਫੁੱਲਕਾਰੀ' ਸ਼ਬਦ 'ਫੁੱਲ' ਅਤੇ 'ਕਾਰੀ' ਤੋਂ ਬਣਿਆ ਹੈ। ਜਿਸ ਦਾ ਅਰਥ ਹੈ 'ਫੁੱਲਾਂ ਦਾ ਕਸਬ' ਅਰਥਾਤ ਫੁੱਲ ਪਾਉਣਾ, ਕੱਢਣਾ ਜਾਂ ਫੁੱਲਾਂ ਵਾਂਗ ਸਜਾਉਣਾ। ਇਸੇ ਪ੍ਰਕਾਰ ਕੱਢੇ ਹੋਏ ਕੱਪੜੇ ਤੇ ਫੁੱਲਕਾਰੀ ਸ਼ਬਦ ਰੂੜ ਹੋ ਗਿਆ ਹੈ। 'ਫੁੱਲਕਾਰੀ' ਦੀ ਕਢਾਈ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕੱਪੜੇ ਦੇ ਪੁੱਠੇ ਪਾਸਿਓ ਕੱਢੀ ਜਾਂਦੀ ਹੈ। ਫੁੱਲਕਾਰੀ ਤੇ ਕਢਾਈ ਰੇਸ਼ਮ ਦੇ ਧਾਗੇ ਨਾਲ ਕੱਢੀ ਜਾਂਦੀ ਹੈ। ਇਸ ਪ੍ਰਕਾਰ ਫੁੱਲਕਾਰੀ ਦੀਆਂ ਕਈ ਕਿਸਮਾਂ ਹਨ :

**(ੳ) ਬਾਗ :** ਬਾਗ ਦੀ ਕਢਾਈ ਸਮੇਂ ਰਤੀ ਜਿੰਨੀ ਵੀ ਥਾਂ ਅਣਕੱਢੀ ਨਹੀਂ ਰੱਖੀ ਜਾਂਦੀ। ਇਸ ਦੀ ਕਢਾਈ ਅਕਸਰ ਦੋ ਰੰਗਾਂ ਵਿਚ ਕੀਤੀ ਜਾਂਦੀ ਹੈ। ਰੰਗ ਚੋਣ ਅਤੇ ਰੰਗ ਮੇਲ ਵਿਚ ਬਹੁਤ ਸਾਵਧਾਨੀ ਤੋਂ ਕੰਮ ਲਿਆ ਜਾਂਦਾ ਹੈ।

**(ਅ) ਚੋਪ ਅਤੇ ਸੁਬਰ :** ਚੋਪ ਵਿਆਹ ਦੀ ਫੁੱਲਕਾਰੀ ਹੈ। ਇਹ ਸਾਧਾਰਨ ਫੁੱਲਕਾਰੀ ਤੋਂ ਵੱਡੀ ਹੁੰਦੀ ਹੈ। ਇਸ ਦੀ ਕਢਾਈ ਵੀ ਖਾਸ ਤ੍ਰੋਪੇ ਨਾਲ ਕੀਤੀ ਜਾਂਦੀ ਹੈ। ਚੋਪ ਅਤੇ ਸੁਬਰ ਲੜਕੀ ਦੇ ਵਿਆਹ ਸਮੇਂ ਨਾਨਕੇ ਲੜਕੀ ਲਈ ਨਾਨਕੇ ਛੱਕ ਦੇ ਰੂਪ ਵਿਚ ਲੈ ਕੇ ਆਉਂਦੇ ਹਨ।

**(ੲ) ਤਿਲ-ਪੱਤਰਾ :** ਸਭ ਤੋਂ ਸਸਤੀ ਅਤੇ ਘਟੀਆ ਕਢਾਈ ਵਾਲੀ ਫੁੱਲਕਾਰੀ ਨੂੰ ਤਿਲ-ਪੱਤਰਾ ਕਿਹਾ ਜਾਂਦਾ ਹੈ। ਇਸ ਕਿਸਮ ਦੀ ਫੁੱਲਕਾਰੀ ਦੀ ਜ਼ਮੀਨ ਅਤੇ ਪੱਲੇ ਉੱਤੇ ਇਧਰ ਉਧਰ ਤ੍ਰੋਪੇ ਭਰੇ ਹੁੰਦੇ ਹਨ। ਇਸ ਕਿਸਮ ਦੀਆਂ ਫੁੱਲਕਾਰੀਆਂ ਅਕਸਰ ਵੰਗਾਰ 'ਤੇ ਕਢਾਈਆਂ ਜਾਂਦੀਆਂ ਹਨ ਅਤੇ ਸ਼ਰੀਕਾਂ ਜਾਂ ਲਾਗੀਆਂ ਨੂੰ ਦਿੱਤੀਆਂ ਜਾਂਦੀਆਂ ਹਨ।

**(ਸ) ਨੀਲਕ :** ਨੀਲਕ ਵੰਨਗੀ ਦੀ ਫੁੱਲਕਾਰੀ ਕਾਲੇ ਜਾਂ ਨੀਲੇ ਖੱਦਰ ਉੱਤੇ ਪੀਲੇ ਗੂੜ੍ਹੇ ਲਾਲ ਰੇਸ਼ਮ ਦੇ ਧਾਗੇ ਨਾਲ ਕੱਢੀ ਜਾਂਦੀ ਹੈ। ਇਹ ਫੁੱਲਕਾਰੀ ਕਿਸਾਨੇ ਪਰਿਵਾਰ

ਦੀਆਂ ਇਸਤਰੀਆਂ ਵਿਚ ਹਰਮਨ ਪਿਆਰੀ ਰਹੀ ਹੈ। ਨੀਲੇ ਰੰਗ ਕਰਕੇ ਹੀ ਇਸ ਨੂੰ ਨੀਲਕ ਕਿਹਾ ਗਿਆ ਹੈ। ਗੂੜ੍ਹੇ ਨੀਲ ਨੂੰ ਸਿਆਹੀ ਮਾਇਲ ਬਣਾਉਣ ਲਈ ਇਸ ਵਿਚ ਲੋਹਾ ਮਿਲਾ ਕੇ ਇਹ ਰੰਗ ਤਿਆਰ ਕੀਤਾ ਜਾਂਦਾ ਹੈ।

**(ਹ) ਘੁੰਗਟ ਬਾਗ** : ਫੁੱਲਕਾਰੀ ਦਾ ਸਭ ਤੋਂ ਵਿਕਸਿਤ ਰੂਪ ਬਾਗ ਹੁੰਦਾ ਹੈ। ਘੁੰਗਟ ਬਾਗ ਉਸੇ ਦੀ ਹੀ ਇਕ ਵੰਨਗੀ ਹੈ। ਇਹ ਅਕਸਰ ਰਾਵਲਪਿੰਡੀ (ਪਾਕਿਸਤਾਨ) ਦੇ ਇਲਾਕੇ ਵਿਚ ਵਧੇਰੇ ਪ੍ਰਚੱਲਿਤ ਰਿਹਾ ਹੈ। ਇਸ ਦੇ ਉਤਲੇ ਹਿੱਸੇ ਉੱਤੇ ਤਿਕੋਨੀ ਸ਼ਕਲ ਵਿਚ ਕਢਾਈ ਕੀਤੀ ਜਾਂਦੀ ਹੈ। ਇਸ ਤਿਕੋਣ ਦਾ ਆਧਾਰ ਮੱਥੇ ਦੀ ਪੂਰੀ ਗੋਲਾਈ ਉੱਤੇ ਸਿਖ਼ਰ ਗਰਦਨ ਦੇ ਪਿਛਲੇ ਹਿੱਸੇ ਉੱਤੇ ਪੈਂਦਾ ਹੈ।

**(ਕ) ਛਮਾਸ :** ਇਹ ਵੰਨਗੀ ਪੰਜਾਬ ਦੇ ਦੱਖਣੀ ਇਲਾਕੇ ਵਿਚ ਪ੍ਰਚੱਲਿਤ ਰਹੀ ਹੈ। ਇਹ ਅਕਸਰ ਰੋਹਤਕ, ਗੁੜਗਾਵਾਂ, ਹਿੰਸਾਰ ਤੇ ਦਿੱਲੀ ਵਿਚ ਪ੍ਰਚੱਲਿਤ ਰਹੀ ਹੈ। ਇਸ ਫੁੱਲਕਾਰੀ ਵਿਚ ਸ਼ੀਸ਼ੇ ਦਾ ਕੰਮ ਹੋਇਆ ਕਰਦਾ ਸੀ। ਸ਼ੀਸ਼ੇ ਦੇ ਛੋਟੇ-ਛੋਟੇ ਪੀਲੇ ਜਾਂ ਸਲੇਟੀ ਨੀਲੇ ਧਾਗੇ ਨਾਲ ਲਾਲ ਜਾਂ ਸਲੇਟੀ ਕੱਪੜੇ ਉੱਤੇ ਜੜ੍ਹ ਦਿੱਤੇ ਜਾਂਦੇ ਸਨ, ਤਾਂ ਭਾਰੀ ਅਨੋਖੀ ਫੁੱਲਕਾਰੀ ਦੀ ਕਿਸਮ ਤਿਆਰ ਹੋ ਜਾਂਦੀ ਸੀ।

## ਪੰਜਾਬ ਦਾ ਲੋਕ ਸੰਗੀਤ

**ਪੰਜਾਬ ਦਾ ਲੋਕ ਸੰਗੀਤ :** ਪੰਜਾਬ ਦਾ ਸਭਿਆਚਾਰ ਇਕ ਅਮੀਰ ਸਭਿਆਚਾਰ ਹੈ। ਇਥੇ ਘਰ ਵਿਚ ਕੰਮ ਕਰਦੀ ਸੁਆਣੀ ਤੋਂ ਲੈ ਕੇ ਬਲਦਾਂ ਦੀਆਂ ਟੱਲੀਆਂ ਤਕ ਅਮਰ ਲੋਕ ਗੀਤਾਂ ਦੀ ਟੁਣਕਾਰ ਸੁਣਾਈ ਦਿੰਦੀ ਰਹਿੰਦੀ ਹੈ। ਪੰਜਾਬੀ ਲੋਕ ਸੰਗੀਤ ਵਿਚ ਕਵੀਸ਼ਰੀ, ਟੱਪੇ, ਮਾਹੀਆ, ਹੇਅਰਾ, ਸਿੱਠਣੀ ਆਦਿ ਸਾਰੇ ਹੀ ਲੋਕ-ਸੰਗੀਤ ਵਿਚ ਪ੍ਰਵੇਸ਼ ਕਰਦੇ ਹਨ। ਲੋਕ ਸੰਗੀਤ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਲਚਕੀਲਾ ਹੁੰਦਾ ਹੈ ਅਰਥਾਤ ਇਸਨੂੰ ਗਉਣ ਲਈ ਕਿਸੇ ਵਿਸ਼ੇਸ਼ ਨਿਯਮਾਂ ਨੂੰ ਗ੍ਰਹਿਣ ਨਹੀਂ ਕਰਨਾ ਪੈਂਦਾ। ਆਪਣਾ ਘਰੇਲੂ ਕੰਮ ਕਰਦਿਆਂ-ਕਰਦਿਆਂ ਵੀ ਪੰਜਾਬੀ ਲੋਕ ਕੋਈ ਨਾ ਕੋਈ ਸੰਗੀਤਕ ਧੁਨੀ ਅਲਾਪਦੇ ਰਹਿੰਦੇ ਹਨ। ਭਾਵੇਂ ਕਿ ਲੋਕ ਸੰਗੀਤ ਲਚਕੀਲਾ ਹੁੰਦਾ ਹੈ ਪਰੰਤੂ ਜਦੋਂ ਇਹੀ ਸੰਗੀਤ ਭਾਸ਼ਾ ਅਤੇ ਕੰਮ ਦਾ ਸਹਾਇਕ ਨਾ ਰਹਿ ਕੇ ਭਾਸ਼ਾ ਤੇ ਕੰਮ ਨੂੰ ਨਿਰਧਾਰਤ ਕਰਨ ਲਗ ਲਏ ਤਾਂ ਇਹ ਲੋਕ ਸੰਗੀਤ ਨਹੀਂ ਰਹਿਦਾ, ਕਲਾਸੀਕਲ ਸੰਗੀਤ ਬਣ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਮਿਰਜ਼ੇ ਦੀਆਂ ਸੱਦਾਂ ਨੂੰ ਗਾਉਣ ਲਈ ਸੰਗੀਤ ਦਾ ਸਹਾਰਾ ਲਿਆ ਜਾਵੇ ਤਾਂ ਇਹ ਲੋਕ ਸੰਗੀਤ ਨਹੀਂ ਰਹਿੰਦਾ, ਕਲਾਸੀਕਲ ਸੰਗੀਤ ਬਣ ਜਾਂਦਾ ਹੈ। ਪਰ ਜੇਕਰ ਇਕੱਲੇ ਇਕੱਲੀਆਂ ਸੱਦਾਂ ਹੀ ਸਾਜ਼ ਤੇ ਵਜਾਈਆਂ ਜਾਣ ਤਦ ਇਹ ਉਨ੍ਹਾ ਲੋਕਾਂ ਲਈ ਕੋਈ ਅਹਿਮੀਅਤ, ਆਨੰਦ ਅਤੇ ਸੰਦੇਸ਼ ਅਤੇ ਸੰਦੇਸ਼ ਦਾ ਸਰੋਤ ਨਹੀਂ ਬਣਨਗੀਆਂ, ਜਿਹੜੇ ਇਨ੍ਹਾਂ ਦੀ ਭਾਸ਼ਾ ਤੋਂ ਵਾਕਿਫ਼ ਨਹੀਂ ਹਨ। ਪਰੰਪਰਾ ਲੋਕ ਸੰਗੀਤ ਦੀ ਇਕ ਹੋਰ ਵਿਸ਼ੇਸ਼ਤਾ ਮੰਨੀ ਜਾਂਦੀ ਹੈ। ਲੋਕ ਸੰਗੀਤ ਪੀੜ੍ਹੀ ਦਰ ਪੀੜ੍ਹੀ ਆਪਣਾ ਰੂਪ ਹੰਢਾਉਂਦਾ ਹੋਇਆ ਅਤੇ ਲੋਕ ਸਮੂਹ ਦਾ ਹਿੱਸਾ ਬਣਦਾ ਆਪਣਾ ਆਪਾ ਨਿਖ਼ਾਰਦਾ ਰਹਿੰਦਾ ਹੈ। ਇਸ ਦੀ ਰਚਨਾ ਹਰ ਕੋਈ ਨਹੀਂ ਕਰ ਸਕਦਾ ਬਲਕਿ ਕੋਈ ਪ੍ਰਤਿਭਾਵਾਨ ਵਿਅਕਤੀ ਹੀ ਲੋਕਾਂ

ਦੀਆਂ ਭਾਵਨਾਵਾਂ ਨੂੰ ਸਮਝਣ ਵਾਲਾ ਇਸ ਦੀ ਰਚਨਾ ਕਰ ਸਕਦਾ ਹੈ। ਲੋਕ ਸੰਗੀਤ ਵਿਚ ਇਕ ਹੋਰ ਗੱਲ ਵੀ ਵਿਚਾਰਨਯੋਗ ਬਣਦੀ ਹੈ ਕਿ ਲੋਕ ਸੰਗੀਤ ਨੂੰ ਵਿਅਕਤੀਗਤ ਤੌਰ 'ਤੇ ਨਹੀਂ ਬਲਕਿ ਸਮੂਹਿਕ ਤੌਰ 'ਤੇ ਵੀ ਹੁੰਗਾਰਾ ਮਿਲਣਾ ਚਾਹੀਦਾ ਹੈ। ਲੋਕ ਸੰਗੀਤ ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਇਹ ਲੋਕਾਂ ਦੇ ਕੰਮਾਂ ਵਿਚੋਂ ਆਪਣੀ ਹੋਂਦ ਦਾ ਪ੍ਰਗਟਾਵਾ ਕਰਦੇ ਹਨ ਜਿਵੇਂ ਕਿ ਇਹ ਚਰਖੇ ਦੀ ਘੂਕਰ, ਮਧਾਣੀ ਦੀ ਗੜਗੜਾਹਟ, ਚੱਕੀ ਦੀ ਕੜ-ਕੜ ਅਤੇ ਹਲਟ ਦੀ ਰੀਂ-ਰੀਂ ਜਾਂ ਹਲ ਦੀ ਧੀਮੀ ਚਾਲ ਜਾਂ ਸੂਏ ਦੇ ਖੁੱਭਣ ਜਾਂ ਰੋਟੀ ਦੇ ਫੁੱਲਣ, ਬਲਦਾਂ ਦੀਆਂ ਟੱਲੀਆਂ ਦੀ ਟਨ-ਟਨ, ਖੂਹ ਦੀਆਂ ਟਿੰਡਾਂ ਦੀ ਆਵਾਜ਼ ਇਸੇ ਕਰਕੇ ਪੰਜਾਬੀ ਲੋਕ ਸੰਗੀਤ ਪੰਜਾਬੀਆਂ ਦੇ ਸੁਭਾਅ ਵਾਂਗ ਖੁੱਲ੍ਹੇ-ਡੁੱਲ੍ਹੇ ਸੁਭਾਅ ਤਹਿਤ ਕੰਮ ਕਰਦਿਆਂ ਦੀ ਮਨਮੌਜੀ ਵਿਚੋਂ ਜਨਮਿਆ ਹੈ।

ਆਰ ਟਾਂਗਾ ਪਾਰ ਟਾਗਾ ਵਿਚ ਟੱਲਮ ਟੱਲੀਆਂ
ਆਉਣ ਕੂੰਜਾਂ ਦੇਣ ਬੱਚੇ ਨਦੀ ਨਾਵਣ ਚੱਲੀਆਂ

ਲੋਕ ਗੀਤਾਂ ਬਾਰੇ ਇਕ ਹੋਰ ਗੱਲ ਵੀ ਮੰਨੀ ਜਾਂਦੀ ਹੈ ਕਿ ਇਹ ਪਰਿਵਰਤਨਸ਼ੀਲ ਹੁੰਦੇ ਰਹਿੰਦਾ ਹੈ। ਇਹ ਪੁਰਾਣੇ ਦਾ ਤਿਆਗ ਕਰਦਾ ਹੋਇਆ ਨਵੇਂ ਨੂੰ ਅਪਣਾਉਂਦਾ ਰਹਿੰਦੇ ਹਨ। ਇਸੇ ਕਾਰਨ ਇਨ੍ਹਾਂ ਵਿਚ ਤਾਜ਼ਗੀ ਤੇ ਨਵੇ ਨਰੋਏ ਦੀ ਖ਼ੁਸ਼ਬੂ ਆਉਂਦੀ ਰਹਿੰਦੀ ਹੈ। ਪਰੰਤੂ ਇਹ ਪਰਿਵਰਤਨਸ਼ੀਲ ਹੁੰਦੇ ਹੋਏ ਵੀ ਆਪਣੇ ਆਪ ਵਿਚ ਪੂਰੇ ਰਹਿੰਦੇ ਹਨ। ਇਨ੍ਹਾਂ ਵਿਚਲੀ ਵਿਸ਼ੇਸ਼ ਸ਼ਬਦ ਜੜ੍ਹਤ ਵਿਚਾਰਾਂ ਦੇ ਪਰਵਾਹ ਵੱਲ ਰਚਨਹਾਰੇ ਨੇ ਵਿਸ਼ੇਸ਼ ਧਿਆਨ ਰੱਖਿਆ ਹੁੰਦਾ ਹੈ।

## ਪੰਜਾਬ ਦਾ ਲੋਕ ਨਾਟ

**ਪੰਜਾਬ ਦਾ ਲੋਕ ਨਾਟ :** ਲੋਕ ਨਾਟ ਵੀ ਲੋਕਧਾਰਾ ਦੀ ਇਕ ਪ੍ਰਮੁੱਖ ਵੰਨਗੀ ਹੈ। ਭਾਰਤ ਵਿਚ ਇਹ ਪਰੰਪਰਾ ਸੰਸਕ੍ਰਿਤ ਨਾਟਕਾਂ ਅਧੀਨ ਪੈਦਾ ਹੋਈ ਅਤੇ ਵਧੀ ਫੁੱਲੀ ਪਰੰਤੂ ਬਾਅਦ ਵਿਚ ਪੰਜਾਬ ਉੱਪਰ ਮੁਸਲਮਾਨਾਂ ਦਾ ਰਾਜ ਆਰੰਭ ਹੋਇਆ ਜਿਸ ਕਰਕੇ ਇਸ ਰਾਜ ਵਿਚ ਨਾਟਕ ਕਰਨੇ ਵਿਵਰਜਿਤ ਸਨ। ਪਰੰਤੂ ਫਿਰ ਵੀ ਲੋਕ ਨਾਟਕ ਆਪਣੇ ਕਿਸੇ ਨਾ ਕਿਸੇ ਰੂਪ ਵਿਚ ਸਿਰਜਿਤ ਰਿਹਾ ਕਿਉਂਕਿ ਲੋਕ ਸਾਹਿਤ ਲੋਕ ਪ੍ਰਵਾਨਗੀ ਕਰਕੇ ਪੈਦਾ ਹੁੰਦਾ ਹੈ। ਇਸ ਕਰਕੇ ਇਹ ਰਾਮ ਲੀਲਾ, ਰਾਸ, ਨਕਲਾਂ, ਸਾਂਗ ਤੇ ਝਾਕੀਆਂ ਆਦਿ ਵਿਚ ਜਿਉਂਦਾ ਅਤੇ ਆਪਣੇ ਰੰਗ ਵਿਚ ਰੰਗਦਾ ਰਿਹਾ। ਲੋਕ ਨਾਟਕ ਵਿਚ ਕੋਈ ਸੰਦੇਸ਼ ਅਤੇ ਸਿੱਖਿਆ ਛੁਪੀ ਹੁੰਦੀ ਸੀ। ਇਸ ਵਿਚ ਅਭਿਨੈ ਅਤੇ ਮੁਦਰਾਵਾਂ ਜਨ ਸਾਧਾਰਨ ਦੇ ਸਮਝ ਆਉਣ ਵਾਲੀਆਂ ਹੁੰਦੀਆਂ ਹਨ। ਲੋਕ ਨਾਟਕਾਂ ਵਿਚ ਪੰਡਤਾਊ ਭਾਸ਼ਾ ਤੋਂ ਸੰਕੋਚ ਕੀਤਾ ਜਾਂਦਾ ਸੀ। ਲੋਕ ਨਾਟਕਾਂ ਨੂੰ ਪੇਸ਼ ਕਰਨ ਵਿਚ ਅਕਸਰ ਭੰਡ, ਮਰਾਸੀ, ਭੁਗਤੀਏ, ਰਾਸਧਾਰੀਏ ਹੁੰਦੇ ਹਨ। ਪ੍ਰਸਿੱਧ ਲੋਕ ਨਾਟਕ ਇਸ ਪ੍ਰਕਾਰ ਹਨ :

1. ਲੀਲਾ ਨਾਟਕ
2. ਸਾਂਗ ਨਾਟਕ

3. ਨਕਲਾਂ

4. ਗਿੱਧਾ ਨਾਟਕ

**1. ਲੀਲਾ ਨਾਟਕ :** ਜਿਵੇਂ ਕਿ ਨਾਮ ਤੋਂ ਹੀ ਸਪਸ਼ਟ ਹੈ ਕਿ ਲੀਲਾ, ਇਹ ਲੀਲਾ ਕਿਸੇ ਮਹਾਨ ਪੁਰਸ਼ ਜਾਂ ਦੇਵੀ ਦੇਵਤੇ ਦੀ ਹੁੰਦੀ ਸੀ। ਇਸ ਕਰਕੇ ਲੋਕ ਆਪਣੇ ਇਸ਼ਟ ਨੂੰ ਰਿਝਾਉਣ ਲਈ ਲੀਲਾ ਨਾਟਕਾਂ ਨੂੰ ਖੇਡਦੇ ਹੁੰਦੇ ਸਨ। ਇਸ ਵਿਚ ਰਾਮ ਲੀਲਾ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਅੱਸੂ ਦੇ ਨਰਾਤਿਆਂ ਵਿਚ ਪੰਜਾਬ ਦੇ ਹਰ ਛੋਟੇ ਵੱਡੇ ਕਸਬੇ ਵਿਚ ਰਮਾਇਣ ਦੀ ਕਥਾ ਤੇ ਆਧਾਰਤ, ਭਗਵਾਨ ਰਾਮ ਦਾ ਜੀਵਨ ਸਟੇਜ ’ਤੇ ਦਰਸਾਇਆ ਜਾਂਦਾ ਹੈ। ਇਸ ਨਾਟ ਦੇ ਪਾਤਰ ਜਨ ਸਾਧਾਰਨ ਵਿਚੋਂ ਹੁੰਦੇ ਹਨ। ਇਸ ਨੂੰ ਦੇਖਣ ਵਾਲਿਆਂ ਵਿਚ ਵੀ ਜਨ ਸਾਧਾਰਨ ਦੇ ਲੋਕ ਹੀ ਆਉਂਦੇ ਹਨ। ਪੰਜਾਬ ਵਿਚ ਇਹ ਬਹੁਤ ਘੱਟ ਪੱਧਰ ਤੇ ਖੇਡੀ ਜਾਂਦੀ ਹੈ। ਕ੍ਰਿਸ਼ਨ ਲੀਲਾ ਜ਼ਿਆਦਾਤਰ ਨਾਚ ਪਰੰਪਰਾ ਨਾਲ ਸੰਬੰਧਿਤ ਹੈ।

**2. ਸਾਂਗ ਨਾਟਕ :** ਸਾਂਗ ਨਾਟਕ ਨੂੰ ਵੀ ਲੋਕ ਨਾਟਕ ਦੀ ਵੰਨਗੀ ਵਿਚ ਰੱਖਿਆ ਜਾਂਦਾ ਹੈ। ਇਹ ਆਮ ਕਰਕੇ ਅੱਗੋਂ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ :

(ੳ) ਸਵਾਂਗ

(ਅ) ਨੌਟੰਕੀ

**ਸਵਾਂਗ :** ਸਵਾਂਗ ਇਕ ਤਰ੍ਹਾਂ ਦਾ ਨਾਟਕ ਹੁੰਦਾ ਹੈ, ਜੋ ਪਿੰਡ ਦੀ ਸੱਥ ਜਾਂ ਖੁੱਲ੍ਹੇ ਮੈਦਾਨ ਵਿਚ ਖੇਡਿਆ ਜਾਂਦਾ ਹੈ। ਇਸ ਵਿਚ ਲੋਕ ਨਾਇਕ ਦੀ ਝਾਕੀ ਪੇਸ਼ ਕੀਤੀ ਜਾਂਦੀ ਹੈ। ਗੀਤ ਲੋਕ ਧੁਨਾਂ ਤੇ ਗਾਏ ਜਾਂਦੇ ਹਨ।

**ਨੌਟੰਕੀ :** ਇਸ ਨਾਟਕ ਦਾ ਸੰਬੰਧ ਕਿਸੇ ਸ਼ਹਿਜ਼ਾਦੀ ਨਾਲ ਜੋੜਿਆ ਜਾਂਦਾ ਹੈ। ਪਾਤਰਾਂ ਦੇ ਵਾਰਤਾਲਾਪ ਸੁੰਦਰ ਸੰਗੀਤਕ ਧੁਨਾਂ ’ਤੇ ਗਾਏ ਜਾਂਦੇ ਹਨ। ਸਵਾਂਗ ਦਾ ਵਾਤਾਵਰਨ ਗੰਭੀਰ ਹੁੰਦਾ ਹੈ ਪਰ ਨੌਟੰਕੀ ਵਿਚ ਹਾਸਾ ਮਜ਼ਾਕ ਵਧੇਰੇ ਹੁੰਦਾ ਹੈ। ਇਸ ਵਿਚ ਦੋ ਪਾਤਰ ਗੰਗਾ ਅਤੇ ਬਿਗਲਾ ਹੁੰਦੇ ਹਨ। ਬਿਗਲਾ ਬਿਨ ਬੁਲਾਇਆ ਪਾਤਰ ਹੈ ਜੋ ਕਿ ਹਾਸ-ਰਸ ਦਾ ਮਾਸਟਰ ਹੁੰਦਾ ਹੈ ਅਤੇ ਗੰਗਾ ਨਾਟਕ ਦਾ ਡਾਇਰੈਕਟਰ ਹੁੰਦਾ ਹੈ।

**3. ਨਕਲਾਂ :** ਨਕਲ ਤੋਂ ਭਾਵ ਹੈ ਕਿ ਕਿਸੇ ਪਾਤਰ ਜਾਂ ਹੋਰ ਵਸਤੂ ਦੀ ਨਕਲ ਕਰਕੇ ਇਸਦੀ ਜਨ ਸਮੂਹ ਸਾਹਮਣੇ ਪੇਸ਼ਕਾਰੀ ਕਰਨਾ। ਨਕਲਾਂ ਮਰਾਸੀਆਂ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਹਨ। ਇਹ ਦੋ ਪਾਤਰ ਬਣ ਜਾਂਦੇ ਹਨ ਅਤੇ ਇਕ ਦੂਜੇ ਨੂੰ ਟਿੱਚਰਾਂ ਕਰਦੇ ਹਨ। ਇਸ ਵਿਚ ਕਿਸੇ ਵੱਡੇ ਵਿਅਕਤੀ ਜਾਂ ਸਮਾਜਕ ਪਰੰਪਰਾ ’ਤੇ ਵਿਅੰਗ ਕਸਿਆ ਜਾਂਦਾ ਹੈ। ਇਹ ਟਿੱਚਰਾਂ ਅਤੇ ਪਟੜੀਆਂ ਦੋ ਕਿਸਮਾਂ ਵਿਚ ਪੇਸ਼ ਹੁੰਦੀਆਂ ਹਨ। ‘ਮੱਝ ਦਾ ਪੁੜਾ’, ‘ਰੱਬ ਤੈਨੂੰ ਵੀ ਚੱਕੇ’ ਪ੍ਰਸਿੱਧ ਟਿੱਚਰਾਂ ਹਨ। ਝਾਕੀਆਂ ਰਾਹੀਂ ਪੇਸ਼ ਕੀਤੀਆਂ ਨਕਲਾਂ ਪਟੜੀਆਂ ਅਖਵਾਉਂਦੀਆਂ ਹਨ।

**4. ਗਿੱਧਾ ਨਾਟਕ :** ਗਿੱਧੇ ਦੇ ਪਿੜ ਵਿਚ ਰਚੇ ਜਾਂਦੇ ਸਵਾਂਗ, ਨਕਲਾਂ ਜਾਂ ਤਮਾਸ਼ੇ ਨੂੰ ਗਿੱਧਾ ਨਾਟਕ ਕਿਹਾ ਜਾਂਦਾ ਹੈ। ਇਹ ਗਿੱਧੇ ਦੀ ਤਾਲ ਨਾਲ ਆਪਣੇ ਪਲਾਟ

ਵਿਚ ਮੋੜ ਲੈ ਆਉਂਦੇ ਹਨ। ਇਹ ਔਰਤਾਂ ਦਾ ਨਾਚ ਹੈ ਇਸ ਲਈ ਗਿੱਧਾ ਨਾਟਕ ਔਰਤਾਂ ਦੁਆਰਾ ਪੇਸ਼ ਕੀਤੇ ਜਾਂਦੇ ਹਨ।

## ਪੰਜਾਬ ਦਾ ਲੋਕ ਨਾਚ

**ਪੰਜਾਬ ਦਾ ਲੋਕ ਨਾਚ :** ਪੰਜਾਬੀਆਂ ਨੇ ਆਪਣੇ ਅਨੋਖੇ ਵਿਰਸੇ ਕਾਰਨ ਅੱਜ ਵੀ ਸੰਸਾਰ ਉੱਤੇ ਆਪਣਾ ਦਬਦਬਾ ਬਣਾਇਆ ਹੋਇਆ ਹੈ। ਲੋਕ ਨਾਚ ਦੀ ਪਰੰਪਰਾ ਵੀ ਇਕ ਅਨੋਖੀ ਪਰੰਪਰਾ ਹੈ। ਪੰਜਾਬੀਆਂ ਵਿਚ ਲੋਕ ਕਲਾਵਾਂ ਅਤੇ ਲੋਕ ਸੰਗੀਤ ਦੀ ਤਰ੍ਹਾਂ ਲੋਕ ਨਾਟ ਵੀ ਸਹਿਜ ਸੁਭਾਅ ਹੀ ਉਤਪੰਨ ਹੋਇਆ ਹੈ। ਇਹ ਲੋਕ ਨਾਟ ਵੀ ਪੰਜਾਬੀਆਂ ਦੀ ਪਰੰਪਰਾ ਨਾਲ ਸੰਬੰਧਿਤ ਹੋ ਜਾਂਦਾ ਹੈ। ਪੰਜਾਬ ਦਾ ਲੋਕ ਨਾਚ ਪੰਜਾਬੀਆਂ ਦੇ ਮਨ ਦੀ ਤਰਜ਼ਮਾਨੀ ਕਰਦਾ ਪ੍ਰਤੀਤ ਹੁੰਦਾ ਹੈ। ਪੰਜਾਬੀ ਮਨ ਜਦੋਂ ਖ਼ੁਸ਼ ਹੁੰਦਾ ਹੈ ਤਾਂ ਉਸ ਦਾ ਸਰੀਰ ਆਪ ਮੁਹਾਰੇ ਹੀ ਅਜਿਹੀਆਂ ਸਰੀਰਿਕ ਹਰਕਤਾਂ ਕਰਦਾ ਹੈ ਕਿ ਇਹ ਵੀ ਲੋਕ ਸੰਗੀਤ ਦੀ ਤਰ੍ਹਾਂ ਆਮ ਸੰਗੀਤ ਤੋਂ ਕਲਾਸੀਕਲ ਬਣ ਜਾਂਦਾ ਹੈ। ਇਹ ਸਭ ਹਰਕਤਾਂ ਕਿਸੇ ਵਿਸ਼ੇਸ਼ ਨਿਯਮ ਵਿਚ ਨਾ ਹੋ ਕੇ ਸਹਿਜ ਭਾਅ ਹੀ ਨਿਕਲਦੀਆਂ ਹਨ। ਪੰਜਾਬੀ ਲੋਕ ਨਾਚ ਬਾਰੇ ਵਿਸ਼ੇਸ਼ ਕਰਕੇ ਵੱਖਰੇ-ਵੱਖਰੇ ਰੂਪ ਮਿਲਦੇ ਹਨ। ਪੰਜਾਬੀਆਂ ਵਿਚ ਨਾਚ ਵੀ ਔਰਤਾਂ ਅਤੇ ਮਰਦਾਂ ਦੇ ਅਲੱਗ ਅਲੱਗ ਨਾਚ ਰੂਪ ਵਿਕਸਿਤ ਹਨ ਜਿਵੇਂ ਕਿ ਭੰਗੜਾ, ਗਿੱਧਾ, ਸੰਮੀ, ਝੁੰਮਰ, ਲੁੱਡੀ, ਕਿੱਕਲੀ ਆਦਿ ਹੋਰ ਵੀ ਬਹੁਤ ਸਾਰੇ ਨਾਚ ਦੇ ਰੂਪ ਵਿਕਸਿਤ ਹਨ। ਪਰੰਤੂ ਅਜੋਕੇ ਜੀਵਨ ਵਿਚ ਮਰਦ ਵੀ ਗਿੱਧਾ ਪਾ ਲੈਂਦੇ ਹਨ ਅਤੇ ਔਰਤਾਂ ਵੀ ਭੰਗੜੇ ਵੱਲ ਆਕਰਸ਼ਿਤ ਹੋ ਰਹੀਆਂ ਹਨ।

**(ੳ) ਗਿੱਧਾ :** ਗਿੱਧਾ ਪੰਜਾਬ ਦਾ ਵਿਸ਼ੇਸ਼ ਲੋਕ ਨਾਚ ਹੈ। ਇਹ ਵਧੇਰੇ ਕਰਕੇ ਮਾਲਵੇ ਵਿਚ ਜ਼ਿਆਦਾ ਪ੍ਰਫੁੱਲਤ ਹੋਇਆ ਅਤੇ ਹੌਲੀ-ਹੌਲੀ ਸਾਰੀ ਦੁਨੀਆਂ ਵਿਚ ਇਸਨੇ ਆਪਣੀ ਵੱਖਰੀ ਪਹਿਚਾਣ ਬਣਾ ਲਈ ਹੈ। ਮੁੱਖ ਤੌਰ 'ਤੇ ਗਿੱਧਾ ਔਰਤਾਂ ਦਾ ਨਾਚ ਹੈ। ਪਰੰਤੂ ਛਪਾਰ ਦੇ ਮੇਲੇ ਤੇ ਮਰਦਾਂ ਦੁਆਰਾ ਵੀ ਗਿੱਧਾ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਇਹ ਵਿਸ਼ੇਸ਼ ਰੂਪ ਵਿਚ ਵਿਆਹ ਦੇ ਮੌਕੇ ਸਾਰੇ ਰਿਸ਼ਤੇਦਾਰਾਂ ਵਿਚ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਤੀਆਂ ਦਾ ਗਿੱਧਾ ਵਿਸ਼ੇਸ਼ ਤੌਰ 'ਤੇ ਇਕ ਤਿਉਹਾਰ ਵਜੋਂ ਵੀ ਪਾਇਆ ਜਾਂਦਾ ਹੈ। ਉਦੋਂ ਤਾਂ ਕੁੜੀਆਂ ਲੰਘ ਜਾਂਦੇ ਗਿੱਧੇ ਨੂੰ ਆਵਾਜ਼ਾਂ ਮਾਰਦੀਆਂ ਹਨ :

ਸਾਉਣ ਮਹੀਨੇ ਘਾਹ ਹੋ ਚਲਿਆ
ਰੱਜਣ ਮੱਝੀਆਂ ਗਾਈਂ
ਗਿੱਧਿਆ ਪਿੰਡ ਵੜ ਵੇ
ਲਾਮ ਲਾਮ ਨਾ ਜਾਈਂ

ਗਿੱਧੇ ਦੀ ਕਿਰਿਆ ਕਰਨ ਲਈ ਕੁੜੀਆਂ ਘੇਰਾ ਬਣਾ ਲੈਂਦੀਆਂ ਹਨ। ਇਹ ਜ਼ਿਆਦਾਤਰ ਹੱਥਾਂ ਦੀਆਂ ਤਾੜੀਆਂ ਨਾਲ ਹੀ ਪਾਇਆ ਜਾਂਦਾ ਹੈ ਪਰੰਤੂ ਢੋਲਕੀ ਅਤੇ ਜਾਂ ਘੜੇ ਦੀ ਸਹਾਇਤਾ ਨਾਲ ਵੀ ਪਾ ਲਿਆ ਜਾਂਦਾ ਹੈ।

**(ਅ) ਭੰਗੜਾ :** ਜਿਸ ਤਰ੍ਹਾਂ ਕੁੜੀਆਂ ਲਈ ਵਿਸ਼ੇਸ਼ ਕਰਕੇ ਗਿੱਧੇ ਦੀ ਮਹੱਤਤਾ ਹੈ। ਪੰਜਾਬੀ ਲੋਕ ਨਾਚ ਵਿਚ ਭੰਗੜਾ ਪੰਜਾਬੀ ਗੱਭਰੂਆਂ ਦੁਆਰਾ ਪਾਇਆ ਜਾਂਦਾ ਹੈ। ਭੰਗੜਾ ਪਹਿਲਾਂ ਪੰਜਾਬ ਦੇ ਸ਼ੇਖ਼ਪੁਰੇ, ਗੁਜਰਾਤ ਅਤੇ ਸਿਆਲਕੋਟ ਵਿਚ ਪ੍ਰਚਲਿਤ ਸੀ। ਇਸ ਨਾਚ ਦਾ ਸੰਬੰਧ ਵਿਸਾਖੀ ਨਾਲ ਹੈ। ਜਦੋਂ ਜੱਟ ਆਪਣੀ ਫ਼ਸਲ ਕੱਟ ਕੇ ਮੰਡੀ ਵੇਚਦਾ ਤੇ ਪੈਸੇ ਵੱਟਦਾ ਹੈ ਤਾਂ ਉਸਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਖ਼ੁਸ਼ੀ ਵਿਚ ਖੀਵਾ ਹੋਇਆ ਉਹ ਭੰਗੜੇ ਪਾਉਂਦਾ ਹੈ। ਭੰਗੜਾ ਪਾਉਣ ਲਈ ਢੋਲ ਦਾ ਸਹਾਰਾ ਲਿਆ ਜਾਂਦਾ ਹੈ। ਇਸ ਤੋਂ ਬਿਨ੍ਹਾਂ ਬੁਗਤੂ, ਅਲਗੋਜ਼ੇ, ਕਾਟੋ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਕਿਸਾਨ ਵਿਸਾਖੀ ਤੇ ਭੰਗੜਾ ਪਾਉਂਦਾ ਹੈ :

ਕਣਕਾਂ ਦੇ ਮੂੰਹ ਤੇ ਆ ਗਈ ਲਾਲੀ
ਖ਼ੁਸ਼ੀਆਂ ਭਰੇ ਕਿਨਾਰੇ
ਜਿਉਂ ਗਿੱਧੇ ਵਿਚ ਨੱਚਣ ਕੁੜੀਆਂ
ਫ਼ਸਲਾਂ ਲੈਣ ਹੁਲਾਰੇ
ਭੰਗੜਾ ਪਾ ਮੁੰਡਿਆ
ਤੈਨੂੰ ਕਣਕਾਂ ਸੈਨਤਾਂ ਮਾਰੇ।

ਭੰਗੜਾ ਹੌਲੀ-ਹੌਲੀ ਸ਼ੁਰੂ ਹੁੰਦਾ ਹੈ ਅਤੇ ਆਪਣੇ ਅੰਤਲੇ ਪੜਾਅ 'ਤੇ ਪੁੱਜ ਕੇ ਤੇਜ਼ ਹੋ ਜਾਂਦਾ ਹੈ। ਇਸ ਵਿਚ ਪੰਜਾਬੀ ਗੱਭਰੂਆਂ ਦੁਆਰਾ ਆਪਣੀ ਜਿਸਮਾਨੀ ਤਾਕਤ ਦਾ ਜ਼ਲਵਾ ਵਿਖਾਇਆ ਜਾਂਦਾ ਹੈ। ਮੰਚ ਦੇ ਪਿੱਛੇ ਇਕ ਜਾਣਾ ਇਹ ਬੋਲੀਆਂ ਜਾਂ ਗੀਤ ਗਾਉਂਦਾ ਹੈ। ਭੰਗੜਾ ਪਾਉਣ ਵਾਲੇ ਗੱਭਰੂਆਂ ਦੀ ਪੁਸ਼ਾਕ ਬਹੁਤ ਹੀ ਆਕਰਸ਼ਕ ਹੁੰਦੀ ਹੈ।

**(ੲ) ਝੁੰਮਰ :** ਝੁੰਮਰ ਪੱਛਮੀ ਪੰਜਾਬ ਦੇ ਸਾਂਦਲਬਾਰ ਦੇ ਮਰਦਾਂ ਦਾ ਲੋਕ ਨਾਚ ਹੈ। ਇਸ ਵਿਚ ਸ਼ੇਖ਼ੂਪੁਰ, ਲਾਇਲਪੁਰ, ਮਿੰਟਗੁਮਰੀ ਤੇ ਝੰਗ ਸਿਆਲ ਦੇ ਇਲਾਕੇ ਸ਼ਾਮਲ ਹਨ। ਇਸ ਨਾਚ ਦੀਆਂ ਹਰਕਤਾਂ ਭੰਗੜੇ ਵਰਗੀਆਂ ਨਹੀਂ ਪਰੰਤੂ ਭੰਗੜੇ ਵਾਂਗ ਹੀ ਢੋਲ ਦੀ ਜ਼ਰੂਰਤ ਪੈਂਦੀ ਹੈ। ਪਹਿਲੀ ਧੀਮੀ, ਦੂਸਰੀ ਧੀਮੀ, ਤੀਸਰੀ ਤੇਜ਼ ਇਨ੍ਹਾਂ ਨੂੰ ਕ੍ਰਮਵਾਰ ਝੁੰਮਰ ਦੀ ਤਾਲ, ਛੀਣਾ ਤੜਨਾ ਤੇ ਧਮਾਲ ਆਖਦੇ ਹਨ। ਝੁੰਮਰ ਦੀ ਤਾਲ ਇਉਂ ਹੈ :

ਧਿਨ ਧਿਨਾਂ-ਤਿਨਾਕੇ ਤਾ ਕਿ ਤਨਾਕੇ

ਇਸ ਵਿਚ ਪਹਿਲਾਂ ਨੱਚਣ ਵਾਲੇ ਬਾਹਾਂ ਉੱਪਰ ਕਰਕੇ ਖੜ੍ਹ ਜਾਂਦੇ ਹਨ, ਫਿਰ ਖੱਬਾ ਪੈਰ ਅੱਗੇ ਰੱਖ ਬਾਹਾਂ ਨੂੰ ਹੁਲਾਰਾ ਦੇ ਕੇ ਹੱਥ ਤੇ ਪੈਰਾਂ ਨੂੰ ਤਾਲਬੱਧ ਕਰਦੇ ਹਨ। ਫਿਰ ਸਾਰੇ ਸਰੀਰ ਨੂੰ ਹੁਲਾਰਾ ਮਾਰਦੇ ਹੋਏ ਛਾਤੀ ਕੋਲ ਤਾੜੀ ਮਾਰਦੇ ਹਨ। ਫਿਰ ਛੀਣਾ-ਛਣਨਾ ਸ਼ੁਰੂ ਹੋ ਜਾਂਦਾ ਹੈ। ਜਿਸਦੀ ਚਾਲ ਹੈ :

ਤਾ ਕਿ ਤਾ ਧਿਨ ਤਾ ਕਿਤਾ

ਇਸ ਤਾਲ ਤੇ ਨੱਚਣ ਵਾਲੇ ਮੁੱਠੀਆਂ ਮੀਚ ਕੇ ਛਾਤੀ ਅੱਗੇ ਹੇਠਾਂ ਝਟਕਾ ਮਾਰਦੇ ਹਨ ਇਸ ਤੋਂ ਬਾਅਦ ਧਮਾਲ ਪੈਣਾ ਸ਼ੁਰੂ ਹੋ ਜਾਂਦਾ ਹੈ। ਫਿਰ ਢੋਲੀ ਜਾਣੇ ਜਾਂ ਨੱਚਣ ਵਾਲੇ। ਇਸ ਨੂੰ ਭੰਗੜੇ ਨੇ ਕਾਫ਼ੀ ਹੱਦ ਤਕ ਅਪਣਾ ਲਿਆ ਹੈ।

**(ਸ) ਸੰਮੀ :** ਇਹ ਨਾਚ ਵੀ ਪੱਛਮੀ ਪੰਜਾਬ ਦੀ ਦੇਣ ਹੈ। ਇਸ ਨਾਚ ਦਾ ਨਾਮ ਕੁੜੀ 'ਸੰਮੀ' ਦੇ ਨਾਮ 'ਤੇ ਪਿਆ। ਇਸ ਬਾਰੇ ਵਿਸ਼ਵਾਸ ਹੈ ਕਿ ਜਦੋਂ ਉਸਦਾ ਮਾਹੀ ਉਸਨੂੰ ਦੂਰ ਛੱਡ ਕੇ ਚਲਾ ਗਿਆ ਤਾਂ ਉਹ ਮਾਹੀ ਦੀ ਯਾਦ ਵਿਚ ਨੱਚਿਆ ਗਾਇਆ ਕਰਦੀ ਸੀ। ਬਾਅਦ ਵਿਚ ਇਹ ਲੋਕ ਨਾਚ ਲੋਕ-ਕਲਾ ਦੇ ਖੇਤਰ ਵਿਚ ਸ਼ਾਮਿਲ ਹੋ ਗਿਆ। ਇਸ ਨਾਚ ਵਿਚ ਕੁੜੀਆਂ ਘੇਰਾ ਬਣਾ ਕੇ ਖੜ੍ਹ ਜਾਂਦੀਆਂ ਹਨ, ਬਾਹਾਂ ਵਿਚ ਬਾਹਾਂ ਪਾ ਕੇ ਇਕ ਪੈਰ ਦੀ ਧਮਕ ਨਾਲ ਤਾਲ ਦਿੰਦੀਆ ਹਨ। ਗਾਣਾ ਗਾਉਂਦੀਆਂ ਹੋਈਆਂ ਇਕ ਚੱਕਰ ਵਿਚ ਘੁੰਮਦੀਆਂ ਹਨ। ਇਸ ਨਾਚ ਵਿਚ ਵੀ ਢੋਲਕ ਵਰਤ ਲਈ ਜਾਂਦੀ ਹੈ। ਇਸ ਨਾਚ ਵਿਚ ਕਈ ਝੁੰਮਰ ਵਾਲੀਆਂ ਮੁਦਰਾਵਾਂ ਵੀ ਦੁਹਰਾਈਆਂ ਜਾਂਦੀਆਂ ਹਨ। ਇਸ ਨਾਚ ਵਿਚ ਬ੍ਰਿਹੋਂ ਦੀ ਭਾਵਨਾ ਦੀ ਝਲਕ ਵਧੇਰੇ ਪੈਂਦੀ ਹੈ। ਇਸ ਨਾਚ ਤੇ ਗਾਏ ਜਾਣ ਵਾਲੇ ਗੀਤ ਦੇ ਬੋਲ ਹੁੰਦੇ ਹਨ :

ਸੰਮੀ ਮੇਰੀ ਬਣ
ਉਠ ਲੱਦੇ ਕਚੂਰ ਦੇ ਸੰਮੀਆ
ਸੰਮੀ ਮੇਰੀ ਬਣ
ਗਿਣ ਗਿਣ ਲਾਵਾਂ ਰੋਟੀਆਂ
ਬਣ ਸੰਮੀਆ
ਸੰਮੀ ਮੇਰੀ ਬਣ
ਖਾਵਣ ਵਾਲਾ ਦੂਰ
ਬਣ ਸੰਮੀਆ
ਸੰਮੀ ਮੇਰੀ ਬਣ

**(ਹ) ਲੁੱਡੀ :** ਲੁੱਡੀ ਪੰਜਾਬ ਦਾ ਖੁਸ਼ੀ ਭਰਿਆ ਨਾਚ ਹੈ। ਇਸ ਵਿਚ ਮਸਤ ਹੋਏ ਲੋਕ ਢੋਲੀ ਦੁਆਲੇ ਨੱਚਦੇ ਹਨ। ਬਹੁਤ ਵੱਡੀ ਪ੍ਰਾਪਤੀ ਦੀ ਖੁਸ਼ੀ ਲੁੱਡੀ ਪਾ ਕੇ ਹੀ ਪ੍ਰਗਟ ਕੀਤੀ ਜਾਂਦੀ ਹੈ। ਢੋਲੀ ਦੇ ਇਸ਼ਾਰੇ ਤੇ ਸੱਜੀ ਬਾਂਹ ਚੁੱਕ ਕੇ ਘੁੰਮਦੇ ਹਨ। ਲੁੱਡੀ ਦਾ ਤਾਲ ਵੱਖਰਾ ਹੁੰਦਾ ਹੈ। ਤਾੜੀ ਮਾਰਨਾ, ਮੋਢੇ ਹਿਲਾਉਣੇ, ਅੱਖਾਂ ਮਟਕਾਉਣੀਆਂ, ਇਸਦੇ ਵੱਖਰੀ ਕਿਸਮ ਦੇ ਅੰਦਾਜ਼ ਹਨ। ਲੁੱਡੀ ਤੀਵੀਂ-ਮਰਦ ਦੋਵਾਂ ਵਿਚ ਪ੍ਰਚਲਿਤ ਹੈ। ਕਈ ਵਾਰੀ ਮੂੰਹ ਵਿਚ ਬੱਲੇ-ਬੱਲੇ ਊਈ ਦੀਆਂ ਆਵਾਜ਼ਾਂ ਵੀ ਕੱਢਦੇ ਹਨ। ਲੁੱਢੀ ਦਾ ਤਾਲ ਬੜਾ ਸਾਧਾਰਨ ਹੈ :

ਤਣ ਧਿੰਗਣ ਤਣਣ

**(ਕ) ਕਿੱਕਲੀ :** ਕਿੱਕਲੀ ਵਿਚ ਆਮ ਕਰਕੇ ਛੋਟੀਆਂ ਕੁੜੀਆਂ ਨੱਚੀਆਂ ਅਤੇ ਗੀਤ ਗਾਉਂਦੀਆਂ ਹਨ। ਸਾਉਣ ਮਹੀਨੇ ਤੀਆਂ ਗਿੱਧੇ ਵਿਚ ਮੁਟਿਆਰਾਂ ਵੀ ਕਿੱਕਲੀ ਪਾਉਂਦੀਆਂ ਹਨ। ਇਸ ਨਾਚ ਤੇ ਮੁਟਿਆਰਾਂ ਦੀ ਜੋੜੀ ਨੱਚਦੀ ਹੈ। ਦੋ ਮੁਟਿਆਰਾਂ ਇਕ ਦੂਜੇ ਦੀਆਂ ਬਾਹਾਂ ਸਿੱਧੇ ਰੁਖ ਫੜਦੀਆਂ ਹਨ, ਭਾਵ ਸੱਜੀ ਬਾਂਹ ਦੀ ਸੱਜੀ ਬਾਂਹ, ਖੱਬੀ ਬਾਂਹ ਨਾਲ ਦੂਸਰੇ ਦੀ ਖੱਬੀ ਬਾਂਹ। ਇਸ ਤਰ੍ਹਾਂ ਬਾਂਹ ਦਾ ਕੋਰਸ ਬਣ ਜਾਂਦਾ ਹੈ। ਕਿੱਕਲੀ ਇਕ ਅਦਾ ਹੈ ਜਿਹੜੀ ਕਿਸੇ ਵੀ ਬੋਲੀ ਦੇ ਤੋੜੇ 'ਤੇ ਪਾਈ ਜਾ ਸਕਦੀ ਹੈ

ਪਰ ਜਦੋਂ ਕੁੜੀਆਂ ਨਿਰੋਲ ਕਿੱਕਲੀ ਪਾਉਂਦੀਆਂ ਹਨ ਤਾਂ ਇਸਦੇ ਆਪਣੇ ਵੱਖਰੇ ਗੀਤ ਹੁੰਦੇ ਹਨ। ਇਨ੍ਹਾਂ ਗੀਤਾਂ ਵਿਚ ਵੀਰ ਪਿਆਰ ਦੀ ਝਲਕ ਮਿਲਦੀ ਹੈ। ਕਈ ਗੀਤ ਬਿਲਕੁਲ ਹੀ ਸਿੱਧ ਪੱਧਰੇ ਹੁੰਦੇ ਹਨ :

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ
ਫਿੱਟੇ ਮੂੰਹ ਜਵਾਈ ਦਾ

# ਪੰਜਾਬ ਦੀਆਂ ਲੋਕ ਕਲਾਕ੍ਰਿਤਾਂ

## ਕਸੀਦਾ

**ਕਸੀਦਾ :** ਕਸੀਦਾਕਾਰੀ ਪੰਜਾਬੀ ਜਨ-ਜੀਵਨ ਦਾ ਅਨਿੱਖੜਵਾਂ ਅੰਗ ਰਹੀ ਹੈ। ਪੰਜਾਬ ਦੀਆਂ ਮਾਣ ਮੱਤੀਆਂ ਔਰਤਾਂ ਦੁਆਰਾ ਚਾਦਰਾਂ, ਰੁਮਾਲਾਂ, ਝੋਲਿਆਂ, ਸਿਰਹਾਣਿਆਂ ਅਤੇ ਫੁਲਕਾਰੀ ਉੱਤੇ ਕੱਢੇ ਗਏ ਫੁੱਲ ਬੂਟਿਆਂ ਨੂੰ ਕਸੀਦਾਕਾਰੀ ਕਰਨੀ ਕਿਹਾ ਜਾਂਦਾ ਹੈ। ਪੰਜਾਬੀ ਮੁਟਿਆਰ ਦੀ ਸੁਹਜ ਦਾ ਪ੍ਰਤੀਕ ਕਸੀਦਾਕਾਰੀ ਮੰਨੀ ਜਾਂਦੀ ਹੈ। ਪਹਿਲੇ ਸਮਿਆਂ ਵਿਚ ਪੰਜਾਬੀ ਔਰਤਾਂ ਅੰਦਰ ਇਹ ਕਲਾ ਠਾਠਾਂ ਮਾਰਦੀ ਸੀ। ਕਸੀਦਾਕਾਰੀ ਕਰਨ ਦਾ ਉਨ੍ਹਾਂ ਅੰਦਰ ਸ਼ੌਕ ਤੇ ਜਜ਼ਬਾ ਵੀ ਹੁੰਦਾ ਸੀ। ਕਸੀਦਾਕਾਰੀ ਕਰਨ ਲਈ ਉਹ ਕਿਸੇ ਇਕ ਸਥਾਨ, ਘਰ ਵਿਚ ਵਿਹਲੇ ਸਮੇਂ ਗਰਮੀਆਂ ਦੀ ਦੁਪਹਿਰ ਤੇ ਚਾਨਣੀਆਂ ਰਾਤਾਂ ਵਿਚ ਕਸੀਦਾ ਕੱਢਣ ਵਾਲੀ ਆਪੋ-ਆਪਣੀ ਵੰਨਗੀ ਲੈ ਕੇ ਇਕੱਠੀਆਂ ਹੁੰਦੀਆਂ ਤੇ ਆਪਣੀ ਮਨ ਭਾਉਂਦੀ ਕਸੀਦਾਕਾਰੀ ਕਰਦੀਆਂ। ਉਹ ਘਰ ਵਿਚ ਵਰਤੀਆਂ ਜਾਣ ਵਾਲੀਆਂ ਚਾਦਰਾਂ, ਰੁਮਾਲਾਂ, ਸਿਰਹਾਣਿਆਂ ਤੇ ਆਉਣ-ਜਾਣ ਲਈ ਵਰਤੇ ਜਾਣ ਵਾਲੇ ਝੋਲਿਆਂ ਉੱਤੇ ਆਪਣੀ ਇਸ ਕਲਾ ਦਾ ਜ਼ੌਹਰ ਇਸ ਤਰ੍ਹਾਂ ਵਿਖਾਉਂਦੀਆਂ ਕਿ ਉਨ੍ਹਾਂ ਦੀ ਰੰਗ ਭਰੀ ਇਹ ਕਲਾ ਵੇਖ ਕੇ ਹਰ ਕੋਈ ਹੈਰਾਨ ਹੋ ਉੱਠਦਾ...। ਸੱਚ-ਮੁੱਚ ਪੰਜਾਬੀ ਮੁਟਿਆਰਾਂ ਦੀ ਕਲਾ ਦਾ ਇਹ ਹੁਨਰ ਕਿੰਨਾ ਪਿਆਰਾ ਤੇ ਮਨਮੋਹਣਾ ਹੈ। ਪੁਰਾਣੇ ਸਮਿਆਂ ਵਿੱਚ ਮੁਟਿਆਰਾਂ ਦਾਜ ਵਿੱਚ ਫੁਲਕਾਰੀ ਲੈ ਜਾਣ ਲਈ ਇਸ ਉੱਤੇ ਕਸੀਦਾਕਾਰੀ ਬੜੀ ਰੀਝ ਨਾਲ ਕਰਦੀਆਂ ਸਨ। ਉਹ ਫੁਲਕਾਰੀ ਦੇ ਰੂਪ 'ਬਾਗ਼' ਵਿੱਚ ਸੰਘਣੀ ਕਸੀਦਾਕਾਰੀ ਕਰਦੀਆਂ ਸਨ। 'ਚੋਪ' ਵੰਨਗੀ ਵਿੱਚ ਸਿਰਫ਼ ਫੁਲਕਾਰੀ ਦੇ ਸਿਰਿਆਂ ਉੱਤੇ ਹੀ ਫੁੱਲ ਬੂਟੇ ਪਾਏ ਜਾਂਦੇ ਸਨ ਤੇ ਸੁੱਭਰ ਵਿੱਚ ਵਿਚਲੀ ਕਢਾਈ ਕੀਤੀ ਜਾਂਦੀ ਸੀ।

### ਪੰਜਾਬ ਦੇ ਲੋਕ ਧੰਦੇ

ਪੰਜਾਬ ਦੇ ਲੋਕ ਧੰਦਿਆਂ ਵਿਚ ਲੱਕੜੀ, ਲੋਹਾ, ਪੱਥਰ, ਮਿੱਟੀ, ਕਾਂਸੀ, ਪਿੱਤਲ, ਤਾਂਬਾ, ਸੋਨਾ, ਤੇਲੇ ਸ਼ੋਰਾ, ਸਿਕਲ, ਜੁੱਤੀਆਂ ਅਥਵਾ ਚਮੜੇ ਦਾ ਕੰਮ, ਕਪੜਾ ਬੁਣਨਾ, ਸਿਲਾਈ, ਤਰਖਾਣ, ਜੁਲਾਹੇ, ਮੋਚੀ, ਨਾਈ, ਧੋਬੀ, ਦਰਜੀ, ਰਾਜ, ਸੁਨਿਆਰ, ਸ਼ਿਕਲੀਗਰ, ਘੁਮਿਆਰ, ਚੂੜੀਗਰ, ਠਠੇਰੇ, ਪੇਂਜੇ, ਤੇਲੀ, ਲਲਾਰੀ, ਫੁਲੇਰੇ, ਰੰਗਸਾਜ਼, ਬਾਜ਼ੀਗਰ, ਓਡ, ਮਾਹੀਗੀਰ, ਆਜੜੀ, ਟੱਪਰੀਵਾਸ, ਸਾਂਸੀ ਆਦਿ।

### ਲੋਕ ਗਹਿਣੇ

**ਸਿਰ ਦੇ ਗਹਿਣੇ :** ਸੱਗੀ ਫੁੱਲ, ਚੌਂਕ, ਚੰਦ, ਬੋਰਲਾ, ਬਘਿਆੜੀ, ਟਿੱਕਾ, ਕਲਿਪ, ਝੂੰਮਰ, ਸ਼ਿੰਗਾਰ ਪੱਟੀ, ਗੁੱਤ ਨਾਲ ਛੱਬਾ ਬੰਨ੍ਹਣਾ, (ਜ਼ੰਜ਼ੀਰਾਂ, ਮਣਕਿਆਂ ਤੇ ਮੋਤੀਆਂ ਨਾਲ ਜੁੜਿਆ ਗਹਿਣਾ) ਆਦਿ।

**ਕੰਨਾ ਦੇ ਗਹਿਣੇ :** ਕਾਂਟੇ, ਬੁੰਦੇ, ਲੋਟਣ, ਪਿੱਪਲ ਪੱਤੀਆਂ, ਤੁੰਗਲ, ਸੋਨ ਚਿੜੀਆਂ, ਬੂਜਲੀਆਂ,

ਟੌਪਸ, ਕੰਢੀ, ਕੋਕਰੂ, ਝੁਮਕੇ, ਡੰਡੀਆਂ, ਰੇਲਾਂ, ਬਹਾਦਰਨੀਆਂ, ਮਾਮੇ ਮੁਰਕੀਆਂ, ਲੋਟਣ ਆਦਿ।

**ਨੱਕ ਦੇ ਗਹਿਣੇ :** ਤੀਲੀ, ਲੌਂਗ, ਕੋਕਾ, ਰੇਖ, ਮੇਖ, ਨੱਥ, ਮਛਲੀ, ਨੁੱਕਰਾ ਆਦਿ।

**ਗਰਦਨ ਦੇ ਗਹਿਣੇ :** ਤੰਦੀਰਾ, ਹਸ, ਹੱਸ ਕੰਢੀ, ਗੁਲੂਬੰਦ, ਮਟਰਮਾਲਾ ਜਾਂ ਮੂੰਗਿਆਂ ਵਾਲੀ ਮਾਲਾ, ਗਾਨੀ, ਹਾਰ, ਕੁਝ ਗਹਿਣੇ ਧੌਣ ਨਾਲ ਲਟਕ ਕੇ ਰੇਸ਼ਮੀ ਡੋਰੇ ਜਾਂ ਸੋਨੇ ਚਾਂਦੀ ਦੀ ਜ਼ੰਜ਼ੀਰੀ ਦੀ ਸਹਾਇਤਾ ਨਾਲ ਹਿੱਕ ਤਕ ਆ ਜਾਂਦੇ ਹਨ : ਸਿੰਗ ਤਵੀਤ, ਇਨਾਮ, ਬੁਘਤੀਆਂ, ਰਾਣੀ ਹਾਰ, ਹੋਲ ਦਿਲ, ਲੌਕਟ, ਪੈਂਡਲ, ਢੋਲਣੇ, ਤਵੀਤ, ਜ਼ੰਜ਼ੀਰੀ, ਤੱਗਾ, ਹਮੇਲ, ਚੰਪਾਕਲੀ, ਚੌਂਕੀ, ਚਟਾਲਾ, ਨੌਰਤਨਾ ਸੈੱਟ, ਚੰਦਨ ਸੈਨੀ ਹਾਰ, ਟਿਉਂਟਾ। (ਯਾਦ ਰਹੇ ਡੋਰੀ ਵਿਚ ਪੌਂਡ ਪਰੋਏ ਹੋਣ ਤਾਂ ਉਹ ਤੱਗਾ ਹੈ, ਰੁਪਏ ਹੋਣ ਤਾਂ ਹਮੇਲ, ਸੋਨੇ ਪੈਸੇ ਹੋਣ ਤਾਂ ਬੁਘਤੀਆਂ, ਤਿਕੋਣੇ, ਤਵੀਤ ਹੋਣ ਤਾਂ ਇਨਾਮ ਬਣ ਜਾਂਦਾ ਹੈ।)

**ਹੱਥਾਂ ਤੇ ਗੁੱਟ ਦੇ**

**ਗਹਿਣੇ :** ਗੋਖੜੂ, ਸਿੰਘਾੜੇ, ਲੱਛੇ, ਘੜੀ, ਚੂੜੀ, ਬਾਂਕਾਂ, ਕੰਗਣ, ਚੂੜੀਆਂ, ਪੱਟੀ-ਬਾਜੂਬੰਦ, ਪਰੀਬੰਦ, ਪਹੁੰਚੀ, ਗਜਰੇ।

**ਹੱਥਾਂ ਦੀਆਂ ਉਂਗਲਾਂ**

**ਦੇ ਗਹਿਣੇ :** ਮੁੰਦਰੀਆਂ, ਚਾਂਦੀ ਦੇ ਛੱਲੇ, ਅੰਗੂਠੇ ਦੀ ਅਰਸੀ, ਪੰਜ-ਠੰਗਲਾ, ਰਤਨ ਚੌਂਕ, ਹੱਥ ਫੁੱਲ, ਛਾਪਾਂ, ਛੱਲੇ, ਅੰਗੂਠੀਆਂ, ਕਲੀਚੜੀਆਂ ਆਦਿ।

**ਪੈਰਾਂ ਦੇ ਗਹਿਣੇ :** ਜ਼ੰਜ਼ੀਰੀਆਂ ਵਾਲੇ ਛੱਲੇ, ਪਟੜੀਆਂ, ਸ਼ਕੁੰਤਲਾ ਚੈਨ, ਪੰਜੇਬਾਂ, ਬਾਂਕਾ, ਝਾਂਜਰਾਂ, ਕੁੰਡਲੀਦਾਰ ਤੋੜੇ ਆਦਿ।

**ਪੈਰਾਂ ਦੀਆਂ ਉਗਲੀਆਂ ਨਾਲ**

**ਸੰਬੰਧਿਤ ਗਹਿਣੇ** : ਗੂਠੜੇ, ਬਿਛੂਏ ਤੇ ਛੱਲੇ, ਛੱਲੀਆਂ ਆਦਿ।

**ਬੱਚਿਆਂ ਲਈ** : ਪੌਂਟੇ, ਸਗਲੇ, ਕੜੇ, ਕੰਗਣ ਆਦਿ।

**ਮਰਦਾਂ ਦੇ ਗਹਿਣੇ** : ਗਲ 'ਚ ਕੈਂਠਾ, ਮਾਲਾ, ਤਵੀਤੜੀਆਂ, ਬਾਹਾਂ 'ਚ ਕੰਗਣ, ਕੜੇ, ਕੰਨਾਂ 'ਚ ਵਾਲੇ, ਨੱਤੀਆਂ, ਮੁੰਦਰਾਂ, ਜ਼ੰਜ਼ੀਰੀ, ਛਾਪਾਂ ਆਦਿ।

## ਲੋਕ ਪਹਿਰਾਵਾ

**ਲੋਕ ਪਹਿਰਾਵਾ :** ਆਦਿ ਕਾਲ ਤੋਂ ਹੀ ਮਨੁੱਖ ਦੀਆਂ ਤਿੰਨ ਮੁਢਲੀਆਂ ਲੋੜਾਂ ਰਹੀਆਂ ਹਨ ਰੋਟੀ ਕੱਪੜਾ ਅਤੇ ਮਕਾਨ। ਜਿਸ ਵਿਚ ਅਸਭਿਅਕ ਤੋਂ ਸਭਿਅਕ ਬਣੇ ਮਨੁੱਖ ਨੇ ਆਪਣੇ ਤਨ ਨੂੰ ਢਕਣ ਦੇ ਨਾਲ ਨਾਲ ਇਸਦੀ ਕਢਾਈ ਅਤੇ ਸੁੰਦਰਤਾ ਵੱਲ ਆਪਣਾ ਵਿਸ਼ੇਸ਼ ਧਿਆਨ ਦਿੱਤਾ ਹੈ। ਪੰਜਾਬੀ ਆਪਣੇ ਸਭਿਆਚਾਰ ਕਰਕੇ ਵਿਸ਼ੇਸ਼

ਕਰਕੇ ਖਾਣ-ਪੀਣ ਤੇ ਪਹਿਨਣ ਦੇ ਸ਼ੋਕੀਨ ਹੋਣ ਕਾਰਨ ਆਪਣੇ ਪਹਿਰਾਵੇ ਵੱਲ ਵੀ ਖ਼ਾਸ ਧਿਆਨ ਦਿੰਦੇ ਹਨ।

ਪੰਜਾਬੀ ਪਹਿਰਾਵੇ ਸੁੰਬੰਧੀ ਹੇਠ ਲਿਖੀਆਂ ਗੱਲਾਂ ਸਮਝੀਆਂ ਜਾ ਸਕਦੀਆਂ ਹਨ :

**(ੳ) ਸ਼ੁਰੂਆਤੀ ਪੰਜਾਬੀ ਪਹਿਰਾਵਾ :** ਸ਼ੁਰੂ ਵਿਚ ਲੋਕ ਉਣੇ ਤੇ ਜੁਲਾਹੇ ਤੋਂ ਆਪਣੇ ਕੱਪੜੇ ਬਣਵਾਉਂਦੇ ਸਨ। ਸੂਸੀ ਤੇ ਲੂੰਗੀ ਦੇ ਕੱਪੜੇ ਨੂੰ ਸਿਰ 'ਤੇ ਲੈਣ ਨੂੰ ਸਲਾਰੀਆ, ਤੇੜ ਪਹਿਨਣ ਲਈ ਖੱਦਰ ਦੇ ਚਾਦਰੇ ਜਾਂ ਚਾਦਰਾਂ ਅਤੇ ਤੇੜ ਪਹਿਨਣ ਲਈ ਖੱਦਰ ਦੇ ਚਾਦਰੇ ਜਾਂ ਚਾਦਰਾਂ ਅਤੇ ਖੇਸ ਲਿਆ ਜਾਂਦਾ ਸੀ। ਹਾਲਤਾਂ ਦੇ ਅਨੁਸਾਰ ਮੁਸਾਫ਼ਰ ਆਪਣੇ ਮੋਢੇ ਪਰਨਾ ਜ਼ਰੂਰ ਰੱਖਦਾ ਸੀ।

**(ਅ) ਮੁਸਲਿਮ ਪ੍ਰਭਾਵ ਅਧੀਨ ਪਹਿਰਾਵਾ :** ਕਮੀਜ਼, ਅਚਕਨ, ਰੁਮਾਲ, ਬੁਰਕਾ, ਜੁਰਾਬਾਂ ਆਦਿ ਪਹਿਰਾਵਾ ਸਾਨੂੰ ਮੁਸਲਮਾਨਾਂ ਦੀ ਦੇਣ ਹੈ। ਇਹ ਪਹਿਰਾਵਾ ਉਨ੍ਹਾਂ ਦੇ ਵਾਤਾਵਰਨ ਅਨੁਸਾਰ ਸੀ ਪਰੰਤੂ ਅਸੀਂ ਇਸਨੂੰ ਆਪਣਾ ਆਪ ਸੁਹਣਾ ਲੱਗਣ ਲਈ ਅਪਣਾ ਲਿਆ।

**(ੲ) ਅੰਗਰੇਜ਼ੀ ਸਭਿਆਚਾਰ ਦੀ ਦੇਣ :** ਪੰਜਾਬੀਆਂ ਨੇ ਮੁਸਲਮਾਨਾਂ ਤੋਂ ਬਾਅਦ ਅੰਗਰੇਜ਼ ਅਤੇ ਅੰਗਰੇਜ਼ੀ ਭਾਸ਼ਾ ਦਾ ਅਸਰ ਵੱਧ ਕਬੂਲਿਆ ਹੈ। ਇਸ ਕਰਕੇ ਅੰਗਰੇਜ਼ ਆਪਣੇ ਨਾਲ ਆਪਣਾ ਪਹਿਰਾਵਾ ਅਰਥਾਤ ਪੈਂਟ-ਕੋਟ, ਪਤਲੂਨ-ਕਮੀਜ਼, ਨਿੱਕਰ, ਹੈਟ, ਨੈਕਟਾਈ ਆਦਿ ਲੈ ਕੇ ਆਏ ਅਤੇ ਪੰਜਾਬੀਆਂ ਨੇ ਆਪਣੀ ਫ਼ਿਤਰਤ ਸਦਕਾ ਇਸ ਨੂੰ ਅਪਣਾ ਲਿਆ।

**(ਸ) ਪੰਜਾਬੀਆਂ ਦੇ ਸਿਰ ਲਈ ਕੱਪੜੇ :** ਪੰਜਾਬੀਆਂ ਦੀ ਸਾਰੇ ਸੰਸਾਰ ਵਿਚ ਵਿਸ਼ੇਸ਼ਤਾ ਆਪਣੀ ਪੱਗ ਕਰਕੇ ਜਾਣੀ ਜਾਂਦੀ ਹੈ। ਇਸ ਤੋਂ ਇਲਾਵਾ ਪੰਜਾਬੀ ਮਰਦ ਸਾਫ਼ਾ ਔਰਤਾਂ ਸਿਰ ਢੱਕਣ ਲਈ ਚੁੰਨੀ, ਛੌਲ, ਸਕਾਪ ਆਦਿ ਦਾ ਇਸਤੇਮਾਲ ਕਰਦੀਆਂ ਹਨ।

## ਲੋਕ ਖੇਡਾਂ ਅਤੇ ਤਮਾਸ਼ੇ

**ਲੋਕ ਖੇਡਾਂ ਅਤੇ ਤਮਾਸ਼ੇ :** ਕਬੱਡੀ, ਘੋਲ ਜਾਂ ਕੁਸ਼ਤੀ, ਸੌਂਚੀ-ਪੱਕੀ, ਰੱਸਾ-ਕਸ਼ੀ, ਮੂੰਗਲੀਆ ਫੇਰਨਾ, ਦਾਈਆਂ ਦੂਹਕੜੇ, ਪੀਲ੍ਹ-ਪਲਾਂਗੜਾ (ਡੰਡਾ ਚੁੱਕ), ਗੁਟਾਰਫਸਗੀ, ਲੁਕਣਮੀਟੀ, ਬਿੱਲ-ਬੱਚਿਆਂ ਦੀ ਮਾਂ, ਡੂੰਮਣਾ ਮਖਿਆਲ, ਪਿੱਠੂ, ਕੂਕਾ-ਕਾਂਗੜੇ, ਚੋਰ ਸਿਪਾਹੀ, ਅਖਰੋਟ, ਬੰਟੇ, ਸ਼ੇਰ-ਬੱਕਰੀ, ਕੋਟਲਾ ਛਪਾਕੀ, ਸ਼ਟਾਪੂ, ਥਾਲ, ਅੰਨ੍ਹਾ ਝੋਟਾ, ਭੰਡਾ-ਭੰਡਾਰੀਆ, ਊਚ-ਨੀਚ, ਸਮੁੰਦਰ ਮੱਛੀ, ਬੁੱਢੀ ਮਾਈ, ਬਾਰਾਂ ਬੀਕਰੀ, ਸ਼ਤਰੰਜ, ਪਾਸਾ ਚੌਪੜ, ਚੀਚੋ ਚੀਚ ਘਚੋਲੀਆਂ, ਚਉਪੜ ਤੇ ਛਿਕੜੀ, ਜੱਟ-ਬ੍ਰਾਹਮਣ, ਬਾਰਾਂ ਟਹਣੂੰ, ਗੁੱਲੀ ਡੰਡਾ, ਖਿੱਦੋ ਖੂੰਡੀ, ਰੱਸਾਕਸ਼ੀ, ਕਾਵਾਂ ਘੋੜੀ, ਗਤਕੇਬਾਜ਼ੀ ਤੋਂ ਇਲਾਵਾ ਪਸ਼ੂ ਪੰਛੀਆਂ ਦੀਆਂ ਲੜਾਈਆਂ, ਘੋੜ ਦੌੜ, ਤਿੱਤਰਾਂ, ਕੁੱਕੜਾਂ ਤੇ ਬਲਦਾਂ ਦੀਆਂ ਲੜਾਈਆਂ।

# ਯੂਨਿਟ 3
# ਪੰਜਾਬੀ ਸੂਫੀ ਕਾਵਿ

ਸੂਫ਼ੀਵਾਦ ਰਹੱਸਵਾਦ ਦਾ ਇਕ ਰੂਪ ਹੈ। ਰਹੱਸਵਾਦ ਦੀ ਈਰਾਨੀ ਸ਼ਕਲ ਨੂੰ ਸੂਫ਼ੀ ਮਤ ਕਹਿੰਦੇ ਹਨ। ਸੂਫ਼ੀ ਸ਼ਬਦ ਦੇ ਨਿਕਾਸ ਬਾਰੇ ਕਈ ਰਾਵਾਂ ਹਨ। ਕਈਆਂ ਦੇ ਵਿਚਾਰ ਵਿਚ ਇਹ ਅਰਬੀ ਸ਼ਬਦ 'ਸਫ਼ਾ' ਤੋਂ ਨਿਕਲਿਆ ਹੈ। ਕਈ ਇਸ ਨੂੰ 'ਫੈਲਸੂਫ਼' (ਫ਼ਿਲਾਸਫ਼ਰ) ਵਿਚੋਂ ਨਿਕਲਿਆ ਮੰਨਦੇ ਹਨ। ਇਸਲਾਮ ਦੇ ਮੁੱਢਲੇ ਦਿਨਾਂ ਵਿਚ ਕੁਝ ਲੋਕ ਬਾਹਰ ਮੋਮਨਾ ਤੋਂ ਭਿੱਖਿਆ ਮੰਗਣ ਲਈ ਬਹਿ ਜਾਇਆ ਕਰਦੇ ਸਨ। ਇਨ੍ਹਾਂ ਨੂੰ 'ਅਦਹਲ ਸੁੱਫਾ' ਕਿਹਾ ਜਾਂਦਾ ਸੀ। ਕਈਆਂ ਦਾ ਖ਼ਿਆਲ ਹੈ ਕਿ ਸੂਫ਼ੀ ਸ਼ਬਦ ਦਾ ਨਿਕਾਸ 'ਸੁੱਫਾ' ਸ਼ਬਦ ਵਿਚੋਂ ਹੋਇਆ ਹੈ। ਪਰ ਹੁਣ ਇਹ ਵਿਚਾਰ ਪੱਕਾ ਹੋ ਚੁੱਕਾ ਹੈ ਕਿ ਸੂਫ਼ੀ ਸ਼ਬਦ ਦਾ ਨਿਕਾਸ਼ ਅਰਬੀ ਦੇ ਸ਼ਬਦ ਸੂਫ਼ (ਉੱਨ) ਵਿਚੋਂ ਹੋਇਆ ਹੈ। ਇਸ ਦਾ ਕਰਨ ਇਹ ਹੈ ਕਿ ਉੱਨ ਨੂੰ ਪਵਿੱਤਰਤਾ ਤੇ ਸਾਦਗੀ ਦਾ ਚਿੰਨ੍ਹ ਸਮਝਿਆ ਜਾਂਦਾ ਸੀ ਅਤੇ ਨਾ ਕੇਵਲ ਮੁੱਢਲੇ ਸੂਫ਼ੀ ਸਗੋਂ ਕਈ ਮੁਢਲੇ ਮੋਮਨ ਵੀ ਸੂਫ਼ ਦੇ ਕਪੜੇ ਪਹਿਨਿਆ ਕਰਦੇ ਸਨ। ਸੂਫ਼ੀ ਮਤ ਨੇ ਪੰਜਾਬੀ ਜੀਵਨ ਤੇ ਸਾਹਿਤ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਪਰ ਪੰਜਾਬੀ ਜੀਵਨ, ਏਥੋਂ ਦੇ ਮਹਾਨ ਮੱਤਾਂ, ਵਿਸ਼ੇਸ਼ ਕਰਕੇ ਵੇਦਾਂਤ ਤੇ ਭਗਵਤ-ਵਾਦ ਨੇ ਵੀ ਸੂਫ਼ੀ ਮਤ ਉੱਤੇ ਤਕੜਾ ਪ੍ਰਭਾਵ ਪਾਇਆ ਹੈ। ਇਹੋ ਕਾਰਨ ਹੈ ਕਿ ਚਾਰ ਪੰਜ ਸਦੀਆਂ ਦੇ ਪਰਸਪਰ ਪ੍ਰਭਾਵਾਂ ਅਤੇ ਰੂਪਕ ਤੇ ਵਿਚਾਰਕ ਅਦਾਨ ਪ੍ਰਦਾਨ ਸੂਫ਼ੀ ਮਤ ਵਿਚ ਕਾਫ਼ੀ ਪਰਿਵਰਤਨ ਆ ਗਿਆ ਅਤੇ ਫ਼ਰੀਦ ਦੇ ਤਪੱਸਿਆ ਤੇ ਮੌਤ ਦੇ ਭੈ ਵਾਲੇ ਸੂਫ਼ੀ ਮਤ, ਸ਼ਾਹ ਹੁਸੈਨ ਦੇ ਮਲਾਮਤੀ ਤੇ ਕਲੰਦਰੀ ਰੰਗਣ ਵਾਲੇ ਸੂਫ਼ੀ ਮਤ, ਸ਼ਾਹ ਹੁਸੈਨ ਦੇ ਮਲਾਮਤੀ ਤੇ ਕਲੰਦਰੀ ਰੰਗਣ ਵਾਲੇ ਸੂਫ਼ੀ ਮਤ ਅਤੇ ਪਿਛੋਂ ਜਾ ਕੇ ਬੁੱਲ੍ਹੇਸ਼ਾਹ ਦੇ ਅਦਵੈਤਵਾਦੀ ਤੇ ਭਗਵਤ-ਵਾਦੀ ਸੂਫ਼ੀ ਮਤ ਵਿਚਲਾ ਅੰਤਰ ਸਪਸ਼ਟ ਹੋ ਕੇ ਸਾਹਮਣੇ ਆਉਂਦਾ ਹੈ। ਇਸੇ ਪ੍ਰਕਾਰ ਪੰਜਾਬ ਵਿਚ ਸੂਫ਼ੀ ਕਵੀਆਂ ਨੇ ਈਰਾਨੀ ਜਾਂ ਉਰਦੂ ਕਵੀਆਂ ਦੇ ਉਲਟ ਪੰਜਾਬ ਦੀਆਂ ਦੇਸੀ ਭਾਸ਼ਾਵਾਂ ਨੂੰ ਆਪਣੇ ਵਿਚਾਰ ਦੇਣ ਦਾ ਸਾਧਨ ਬਣਾਇਆ। ਇਸੇ ਕਰਕੇ ਪੰਜਾਬ ਦੀਆਂ ਦੇਸੀ ਭਾਸ਼ਾਵਾਂ ਵਿਚ ਆਪਣੇ ਵਿਚਾਰ ਪੇਸ਼ ਕਰਨ ਦੀ ਪਹਿਲ ਪਹਿਲੋਂ ਬਾਬਾ ਫ਼ਰੀਦ ਜੀ ਤੇ ਉਸ ਤੋਂ ਬਾਅਦ ਬੁੱਲ੍ਹੇਸ਼ਾਹ ਅਤੇ ਸ਼ਾਹ ਹੁਸੈਨ ਨੇ ਆਪਣੀਆਂ ਕਾਫ਼ੀਆਂ, ਸੁਲਤਾਨ ਬਾਹੂ ਅਤੇ ਹਾਸ਼ਮ ਨੇ ਦੋਹੜੇ ਪੇਸ਼ ਕੀਤੇ ਹਨ ਇਸੇ ਪਰੰਪਰਾ ਅਧੀਨ ਅਲੀ ਹੈਦਰ ਅਤੇ ਹਦਾਇਤਉੱਲਾ ਨੇ ਸੀਹਰਫ਼ੀ ਆਦਿ ਕਾਵਿ ਰੂਪਾਂ ਰਾਹੀਂ ਆਪਣੀ ਰਚਨਾ ਨੂੰ ਪੇਸ਼ ਕੀਤਾ। ਸੂਫ਼ੀਵਾਦ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸੁਲਤਾਨ ਬਾਹੂ, ਬੁਲ੍ਹੇਸ਼ਾਹ, ਨਜਾਬਤ, ਵਾਰਿਸ ਸ਼ਾਹ ਅਤੇ ਸ਼ਾਹ ਮੁਹੰਮਦ ਆਦਿ ਕਵੀਆਂ ਨੇ ਕਿੱਸਾਕਾਰਾਂ ਦੀਆਂ ਰਚਨਾਵਾਂ ਸਮਕਾਲੀ ਸਮੱਸਿਆਵਾਂ ਨਾਲ ਸੰਵਾਦ ਰਚਾਉਣ ਦੀ ਪਰੰਪਰਾ ਵਿਕਸਿਤ ਹੁੰਦੀ ਜਾਂਦੀ ਹੈ।

## ਨਿਕਾਸ ਅਤੇ ਵਿਕਾਸ-ਪੜਾ

ਸੂਫ਼ੀਵਾਦ ਦੇ ਨਿਕਾਸ ਸੰਬੰਧੀ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਅਭਿਵਿਅਕਤ ਕੀਤੇ ਹਨ। ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਲਹਿਰ ਇਸਲਾਮ ਉੱਪਰ ਬਾਹਰੀ ਧਾਰਮਿਕ ਪ੍ਰਭਾਵਾਂ ਕਾਰਨ ਹੋਂਦ ਵਿੱਚ ਆਈ, ਜਿੰਨ੍ਹਾਂ ਵਿੱਚ ਨਵ-ਅਫਲਾਤੂਨੀ, ਈਸਾਈ, ਬੁੱਧਮੱਤ, ਅਤੇ ਭਾਰਤੀ ਵੇਦਾਂਤ ਵਿਸ਼ੇਸ਼ ਹਨ। ਕੁੱਝ ਵਿਦਵਾਨਾਂ ਨੇ ਸੂਫ਼ੀਵਾਦ ਨੂੰ ਇਸਲਾਮ ਦੇ ਡਰ ਅਤੇ ਅਤਿਆਚਾਰਾਂ ਦੇ ਦਬਾਵਾਂ ਤੋਂ ਪੈਦਾ ਹੋਇਆ ਮੰਨਿਆ ਹੈ। ਖ਼ਲੀਕ ਅਹਿਮਦ ਨਿਜ਼ਾਮੀ ਅਨੁਸਾਰ, "ਇਸਲਾਮ ਵਿਚ ਸੂਫ਼ੀ ਰਹੱਸਵਾਦ ਵਾਸਤੇ ਵਿਅਕਤੀਗਤ ਅਤੇ ਸਿੱਧਾ ਸੰਪਰਕ ਸਥਾਪਿਤ ਕਰਨ ਦੀ ਇੱਛਾ ਕਾਰਨ ਅਤੇ ਇਸਲਾਮ ਦੇ ਅਤੀ ਬੌਧਿਕਵਾਦ, ਰਸਮ-ਰੀਤਾਂ ਅਤੇ ਉਸ ਸਮੇਂ ਦੇ ਸਮਾਜਿਕ ਅਨਿਆਂ ਵਿਰੁੱਧ ਇੱਕ ਪ੍ਰਤਕਰਮ ਵਜੋਂ।" ਡਾ. ਸਾਧੂ ਰਾਮ ਸ਼ਾਰਧਾ ਅਨੁਸਾਰ, 'ਸੂਫ਼ੀ ਅੰਦੋਲਨ ਪੂਰਵ ਇਸਲਾਮੀ ਸੰਨਿਆਸਵਾਦ ਹੀ ਹੈ ਅਤੇ ਉਹਨਾਂ ਅੱਗੇ ਲਿਖਿਆ ਹੈ ਕਿ ਮੁਸਲਮਾਨ ਅਰਬਾਂ ਦੁਆਰਾ ਈਰਾਕ, ਸੀਰੀਆ, ਮਿਸਰ ਅਤੇ ਈਰਾਨ ਆਦਿ ਦੇਸ਼ਾਂ ਨੂੰ ਜਿੱਤ ਲੈਣ ਮਗਰੋਂ ਉੱਥੇ ਦੇ ਲੋਕਾਂ ਨੂੰ ਇੱਕ ਮੌਕਾ ਦਿੱਤਾ ਜਾਂਦਾ ਸੀ ਕਿ ਉਹ ਇਸਲਾਮ ਜਾਂ ਮੌਤ ਵਿਚੋਂ ਕਿਸੇ ਇੱਕ ਨੂੰ ਚੁਣ ਲੈਣ। ਬਹੁਤ ਸਾਰੇ ਲੋਕਾਂ ਨੇ ਆਪਣੀਆਂ ਜਾਨਾਂ ਬਚਾਉਣ ਲਈ ਇਸਲਾਮ ਕਬੂਲਿਆ, ਜਿੰਨ੍ਹਾਂ ਲੋਕਾਂ ਨੇ ਇਸਲਾਮ ਕਬੂਲ ਵੀਕ ਕਰ ਲਿਆ ਉਹਨਾਂ ਨੂੰ ਵੀ ਬਰਾਬਰੀ ਦਾ ਦਰਜਾ ਨਾ ਮਿਲਿਆ ਤਾਂ ਨਿਰਾਸ਼ਾ ਅਜਿਹੀ ਅਵਸਥਾ ਵਿਚ ਸੰਨਿਆਸੀ ਵਿਰਤੀ ਅਪਣਾਉਣ ਤੋ ਬਿਨ੍ਹਾਂ ਕੋਈ ਰਾਹ ਨਹੀਂ ਸੀ। ਇਹਨਾਂ ਵਿਚਾਰਾਂ ਦੇ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਮੁਸਲਮਾਨ ਜੇਤੂ ਹਾਕਮਾਂ ਨੇ ਭਾਵੇਂ ਆਪਣੇ ਆਸ-ਪਾਸ ਦੇ ਜਿੱਤੇ ਹੋਏ ਦੇਸ਼ਾਂ ਨੂੰ ਤਲਵਾਰ ਦੇ ਜ਼ੋਰ ਉੱਤੇ ਇਸਲਾਮ ਦੇ ਘੇਰੇ ਵਿਚ ਲਿਆਂਦਾ ਸੀ ਜਾਂ ਇਹਨਾਂ ਲੋਕਾਂ ਨੇ ਭਾਵੇਂ ਵਕਤੀ ਤੌਰ 'ਤੇ ਆਪਣੀਆਂ ਪਦਾਰਥਕ ਲੋੜਾਂ ਅਤੇ ਜਾਨਾਂ ਨੂੰ ਮੁੱਖ ਰੱਖ ਕੇ ਇਸਲਾਮ ਧਰਮ ਨੂੰ ਗ੍ਰਹਿਣ ਤਾਂ ਕਰ ਲਿਆ ਸੀ ਪਰੰਤੂ ਦਿਲੋਂ ਉਹ ਇਸਲਾਮ ਦੀ ਕੱਟੜਤਾ ਨੂੰ ਅਪਣਾਉਣ ਤੋਂ ਅਸਮਰੱਥ ਸਨ। ਇਸ ਲਈ ਉਹ ਕੋਈ ਅਜਿਹਾ ਸਾਧਨ ਜਾਂ ਢੰਗ ਲੱਭਣ ਦੇ ਆਹਾਰ ਵਿਚ ਸਨ, ਜਿੰਨ੍ਹਾਂ ਨਾਲ ਉਹ ਇਸਲਾਮ ਅਤੇ ਸ਼ਰੀਅਤ ਵਿਚ ਰਹਿੰਦਿਆਂ ਹੋਇਆਂ ਵੀ ਇਸ ਦੀ ਕੱਟੜਤਾ ਤੋਂ ਇਨਕਾਰੀ ਹੋ ਸਕਣ। ਇਹ ਸਾਧਨਾ ਵਿਸ਼ੇਸ਼ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਸੂਫ਼ੀ ਲਹਿਰ ਲਹਿਰ ਦੇ ਰੂਪ ਵਿਚ ਪ੍ਰਤੱਖ ਹੋਈ। ਇਹ ਸਾਧਨਾ ਵਿਸ਼ੇਸ਼ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਸੂਫ਼ੀ ਲਹਿਰ ਦੇ ਰੂਪ ਵਿਚ ਪ੍ਰਤੱਖ ਹੋਈ। ਡਾ. ਲਾਜਵੰਤੀ ਰਾਮਾਕ੍ਰਿਸ਼ਨ ਸੂਫ਼ੀਮਤ ਨੂੰ ਇਸਲਾਮ ਦੀ ਸ਼ਾਂਤਮਈ, ਭਗਤ੍ਰੀਅਤਾ ਅਤੇ ਸਹਿਨਸ਼ੀਲਤਾ ਵਾਲੀ ਇਸਲਾਮੀ ਸ਼੍ਰੇਣੀ ਮੰਨਦੀ ਹੈ। ਆਰ. ਪੀ. ਮੈਸਾਨੀ ਅਨੁਸਾਰ, "ਕੁਰਾਨ ਵਿੱਚ ਬਹੁਤ ਸਾਰੀਆਂ ਤਿਆਗੀ ਅਤੇ ਬੰਦਗੀ ਦੀਆਂ ਆਇਤਾਂ ਸੂਫ਼ੀ ਸਿਧਾਂਤਾਂ ਦਾ ਮੂਲ ਹਨ।" ਇਸੇ ਕਥਨ ਦੀ ਪ੍ਰੋੜਤਾ ਅਨੁਸਾਰ, ਕੁਰਾਨ ਨੂੰ ਸੂਫ਼ੀ ਸਿਧਾਤਾਂ ਦਾ ਪਹਿਲਾ ਅਤੇ ਆਖਰੀ ਗ੍ਰੰਥ ਸਵੀਕਾਰਦੇ ਹਨ।

ਉਪਰੋਕਤ ਵਿਚਾਰਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਸੂਫ਼ੀਮਤ ਇਸਲਾਮ ਨਾਲੋਂ ਵੱਖਰਾ ਮਜ੍ਹਬ ਨਹੀਂ ਹੈ। ਇਸ ਦੀਆਂ ਜੜ੍ਹਾਂ ਇਸਲਾਮ ਵਿੱਚ ਹੀ ਹਨ ਕਿਉਂਜੋ ਇਸ ਦੀ ਬੁਨਿਆਦ ਕੁਰਾਨ ਅਤੇ ਹਦੀਸਾਂ ਉੱਪਰ ਹੀ ਆਧਾਰਿਤ ਹੈ। ਡਾ. ਦੀਵਾਨ ਸਿੰਘ ਅਨੁਸਾਰ, "ਸੂਫ਼ੀਵਾਦ ਸੰਸਾਰ ਦੇ ਵਿਸ਼ੇਸ਼ ਧਰਮਾਂ ਵਾਂਗ ਕੋਈ ਸਿਧਾਂਤਕ, ਸਮਾਜਿਕ, ਸਦਾਚਾਰਕ ਜਾਂ ਕਰਮਕਾਂਡ (ਸ਼ਰੀਅਤ) ਦਾ ਲਖਾਇਕ ਧਰਮ ਨਹੀਂ, ਸਗੋਂ ਇਸਲਾਮ ਦੀ ਧਾਰਮਿਕ ਵਲਗਣ ਦੇ ਅੰਦਰ ਹੀ ਇੱਕ ਮਹਾਨ ਰਹੱਸਵਾਦੀ ਸੰਸਥਾ ਦੀ ਪਦਵੀ ਰੱਖਦਾ ਹੈ ਜੋ ਇਸਲਾਮੀ ਸ਼ਰੀਅਤ ਨੂੰ ਆਧਾਰ ਬਣਾ ਕੇ, ਜਦ ਆਪਣਾ ਅਸਲੀ ਅਧਿਆਤਮਿਕ ਵਿਕਾਸ ਪ੍ਰਾਪਤ ਕਰ ਲੈਂਦਾ ਹੈ ਤਾਂ ਸ਼ਰੀਅਤ ਤੋਂ ਉੱਕਾ ਮੁਨਕਰ ਹੋ ਜਾਂਦਾ ਹੈ।

ਸੂਫ਼ੀਵਾਦ ਦੇ ਅਧਿਐਨ ਤੋਂ ਗਿਆਨ ਹੁੰਦਾ ਹੈ ਕਿ ਸੂਫ਼ੀਵਾਦ ਇਸਲਾਮ ਵਿਚੋਂ ਪੈਦਾ ਹੋਈ ਅਜਿਹੀ ਅਧਿਆਤਮਕ ਲਹਿਰ ਹੈ ਜੋ ਬਾਹਰੀ ਕਰਮਕਾਂਡ ਦਾ ਤਿਆਗ ਕਰਕੇ ਆਪਣਾ ਇੱਕ ਅਲੱਗ ਸਰੂਪ ਧਾਰਨ ਕਰਦੀ ਹੈ। ਦੂਜੇ ਸ਼ਬਦਾਂ ਵਿਚ ਇਸਲਾਮ ਵਿਚ ਆਈਆਂ ਕੁਰੀਤੀਆਂ ਦੇ ਵਿਰੋਧ ਵਜੋਂ ਹੀ ਸੂਫ਼ੀਵਾਦ ਹੋਂਦ ਵਿਚ ਆਇਆ। ਇਸਲਾਮ ਦੇ ਪਹਿਲੇ ਖ਼ਲੀਫ਼ਾ ਹਜ਼ਰਤ ਅਬੂ ਬਕਰ ਸਿਦਕੀ ਸਨ ਅਤੇ ਹੋਰ ਮੁੱਢਲੇ ਸੂਫ਼ੀਆਂ ਵਿਚ ਫੁਜ਼ੈਲ ਬਿਨ ਇਯਾਜ਼, ਰਾਬੀਆ ਬਸਰੀ, ਜ਼ੁੱਨੂਨ, ਜੁਨੈਦ ਬਗ਼ਦਾਦੀ, ਉਵੇਸ ਕਰਨੀ, ਅਬੂ ਹਾਸ਼ਿਮ, ਸੱਰੀ ਸ਼ਕਤੀ, ਅਲ ਫ਼ਜ਼ੈਲ ਬਿਨ ਕੈਦ, ਗੱਜਾਲੀ, ਸ਼ਕੀਕ ਬਲਬੀ, ਹਬੀਬ ਆਜ਼ਮੀ, ਅਬੂ ਸਈਦ ਖ਼ਿਜ਼ਾਰ, ਅਬੂ ਬਸਰੀ, ਇਬਰਾਹੀਮ ਅਦਹਮ ਸਿਥਲੀ, ਮਨਸੂਰ ਅਬਦੁੱਲ ਹਸਨ ਨੂਰੀ, ਸ਼ੇਖ਼ ਅਬਦੁੱਲ ਕਾਦਰ ਜੀਲਾਨੀ ਆਦਿ ਵਿਸ਼ੇਸ਼ ਰੂਪ ਵਿਚ ਜ਼ਿਕਰਯੋਗ ਹਨ।

ਇਸਲਾਮ ਧਰਮ ਅਰਬ ਦੀਆਂ ਹੱਦਾਂ ਲੰਘ ਕੇ ਜਿਉਂ-ਜਿਉਂ ਵਿਸ਼ਵ ਦੇ ਹੋਰ ਦੇਸ਼ਾਂ ਵਿਚ ਫੈਲਦਾ ਗਿਆ ਤਿਉਂ-ਤਿਉਂ ਇਸ ਦੇ ਪੈਰੋਕਾਰਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ। ਇਸ ਦੇ ਅੰਤਰਗਤ ਹੀ ਸੂਫ਼ੀਵਾਦ ਨੇ ਵਿਸ਼ੇਸ਼ ਵਿਕਾਸ ਅਤੇ ਵਿਸਥਾਰ ਗ੍ਰਹਿਣ ਕੀਤਾ ਹੈ। ਅੱਠਵੀਂ ਸਦੀ ਦੇ ਅੰਤ ਅਤੇ ਨੌਵੀਂ ਸਦੀ ਦੇ ਮੁੱਢ ਤਕ ਸੂਫ਼ੀਵਾਦ ਤਿਆਗਵਾਦੀ ਲਹਿਰ ਦੇ ਰੂਪ ਵਿਚ ਚਲਦਾ ਰਿਹਾ। ਨੌਵੀਂ ਸਦੀ ਦੇ ਮੁੱਢ ਵਿਚ ਇਹ ਨਵੇਂ ਮਾਰਗ ਸੂਫ਼ੀ ਰਹੱਸਵਾਦ ਵਿਚ ਪ੍ਰਵੇਸ਼ ਕਰਦਾ ਹੈ। ਇਸ ਸਮੇਂ ਸ਼ਾਂਤਮਈ ਅਤੇ ਸੰਜਮੀ, ਜੀਵਨ ਦੀ ਧਾਰਾ ਚਿੰਤਨ ਅਤੇ ਅਦ੍ਵੈਤ ਦੀ ਭਾਵਨਾ ਨਾਲ ਓਤਪੋਤ ਹੋ ਜਾਂਦੀ ਹੈ ਅਤੇ ਇਸ ਦਾ ਤਿਆਗਵਾਦੀ ਸਰੂਪ ਸੂਫ਼ੀ ਰਹੱਸਵਾਦ ਵਿਚ ਬਦਲ ਜਾਂਦਾ ਹੈ। ਸੂਫ਼ੀ ਰਹੱਸਵਾਦੀ ਵਿਕਾਸ ਵਿਚ ਜਿਹੜੇ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦੇ ਹਨ, ਉਹਨਾਂ ਵਿਚ ਨਵ-ਅਫ਼ਲਾਤੂਨੀ ਪ੍ਰਭਾਵ, ਈਸਾਈ ਪ੍ਰਭਾਵ, ਬੁੱਧਮਤ ਪ੍ਰਭਾਵ ਅਤੇ ਭਾਰਤੀ ਵੇਦਾਂਤ ਦਾ ਪ੍ਰਭਾਵ ਪ੍ਰਮੁੱਖ ਹਨ।

**ਈਸਾਈ ਪ੍ਰਭਾਵ :** ਸੂਫ਼ੀ ਵਿਚਾਰ ਦਰਸ਼ਨ ਉੱਤੇ ਸਭ ਤੋਂ ਪਹਿਲਾ ਪ੍ਰਭਾਵ ਈਸਾਈ ਮਤ ਦਾ ਪਿਆ ਮੰਨਿਆ ਜਾਂਦਾ ਹੈ। ਅਰਬ ਦੇਸ਼ਾਂ ਵਿਚ ਪਹਿਲਾਂ-ਪਹਿਲ ਯਹੂਦੀ ਲੋਕ ਰਹਿੰਦੇ ਸਨ। ਇਹਨਾਂ ਵਿਚੋਂ ਹੀ ਈਸਾ ਮਸੀਹ ਨੇ ਈਸਾਈ ਮਤ ਅਤੇ

ਹਜ਼ਰਤ ਮੁਹੰਮਦ ਸਾਹਿਬ ਨੇ ਇਸਲਾਮ ਨੂੰ ਜਨਮ ਦਿੱਤਾ। ਮੁੱਢਲੇ ਸੂਫ਼ੀ ਸਾਧਕਾਂ ਨੇ ਕੁਰਾਨ ਸ਼ਰੀਫ਼ ਦੀ ਤਰ੍ਹਾਂ ਹੀ ਈਸਾਈ ਮਤ ਦੇ ਗੁਣਾਂ ਨੂੰ ਧਾਰਨ ਕੀਤਾ। ਇੱਕ ਕਥਨ ਅਨੁਸਾਰ ਸੂਫ਼ੀਮਤ ਦਾ ਮੁੱਢ ਅੱਠਵੀਂ-ਨੌਵੀਂ ਸਦੀ ਵਿੱਚ ਬਗਦਾਦ ਨਗਰ ਵਿਚ ਬੱਝਦਾ ਹੈ। ਪ੍ਰਾਚੀਨ ਸੂਫ਼ੀਆਂ ਨੇ ਇਹ ਸਿੱਧ ਕੀਤਾ ਹੈ ਕਿ ਈਸਾਈ ਮਤ ਦੇ ਤਪੀ-ਤਿਆਗੀ ਸਾਧੂਆਂ ਦੀ ਵਿਚਾਰਧਾਰਾ ਜਿਸ ਉੱਤੇ ਸੂਫ਼ੀਮਤ ਦੇ ਵਿਚਾਰਾਂ ਦੀ ਪਾਨ ਚੜ੍ਹੀ ਹੋਈ ਹੈ, ਸੂਫ਼ੀਮਤ ਦਾ ਹੀ ਸੋਮਾ ਸੀ।

**ਨਵ-ਅਫਲਾਤੂਨੀ ਪ੍ਰਭਾਵ :** ਨਵ-ਅਫ਼ਲਾਤੂਨ ਦਾ ਇਸਲਾਮੀ ਜਗਤ ਉੱਪਰ ਪ੍ਰਭਾਵ ਬੜੇ ਤੀਬਰ ਰੂਪ ਵਿਚ ਪਿਆ। ਸੀਰੀਆ, ਮਿਸਰ, ਮੈਸੋਪੈਟੀਆ (ਈਰਾਕ) ਆਦਿ ਦੇ ਕਈ ਸ਼ਹਿਰ ਜਿਹੜੇ ਨਵ- ਅਫ਼ਲਾਤੂਨ ਦੇ ਕੇਂਦਰ ਸਨ, ਉੱਥੋਂ ਦੇ ਵਾਸੀਆਂ ਲਈ ਇਸਲਾਮ ਦੇ ਰਾਜਸੀ ਪ੍ਰਭਾਵ ਹੇਠ ਆਫ਼ਗਾਨਿਸਤਾਨ ਅਤੇ ਤੁਰਕਿਸਤਾਨ ਵਿਚ ਬੋਧੀਆਂ ਦੇ ਕੇਂਦਰ ਸਨ। ਇਸ ਕਰਕੇ ਸੂਫ਼ੀਆਂ ਵਿਚ ਤਿਆਗ, ਮੱਠਵਾਦ, ਬ੍ਰਹਮਚਰਯ ਦੇ ਪ੍ਰਭਾਵ ਜੋ ਇਸਾਈ ਮਤ ਨਾਲ ਮਿਲਦੇ ਹਨ, ਬੁੱਧਮਤ ਵਿਚੋਂ ਆਏ ਹਨ। ਮੂਲ ਰੂਪ ਵਿਚ ਸੂਫ਼ੀ ਵਿਚਾਰ ਚਿੰਤਨ ਨੂੰ ਬੁੱਧਮਤ ਨੇ ਜਿੰਨ੍ਹਾਂ ਪੱਖਾਂ ਤੋਂ ਪ੍ਰਭਾਵਿਤ ਕੀਤਾ, ਉਹਨਾਂ ਵਿਚ ਸੰਨਿਆਸ, ਬ੍ਰਹਮਚਾਰਯ, ਮੱਠਵਾਦ, ਮਾਲਾ ਫੇਰਨੀ, ਫ਼ਨਾਹ ਦਾ ਸਿਧਾਂਤ ਅਤੇ ਫ਼ਕੀਰਾਂ ਦੀ ਪੂਜਾ ਆਦਿ ਵਰਣਨਯੋਗ ਹਨ। ਇਹ ਸਭ ਪ੍ਰਭਾਵਾਂ ਨੂੰ ਬੋਧੀਆਂ ਨੇ ਹੌਲੀ-ਹੌਲੀ ਇਸਲਾਮੀ ਦੁਨੀਆਂ ਵਿਚ ਫੈਲਾਅ ਦਿੱਤਾ।

**ਭਾਰਤੀ ਵੇਦਾਂਤ ਦਾ ਪ੍ਰਭਾਵ :** ਸੂਫ਼ੀ ਚਿੰਤਨਧਾਰਾ ਉੱਤੇ ਹਿੰਦੂ ਵਿਚਾਰਧਾਰਾ ਵਿਸ਼ੇਸ਼ ਕਰਕੇ ਵੇਦਾਂਤ ਦਾ ਪ੍ਰਭਾਵ ਪਿਆ। ਮੁਹੰਮਦ ਬਿਨ ਕਾਸਿਮ ਦੁਆਰਾ 712 ਈ. ਵਿਚ ਸਿੰਧ ਉੱਤੇ ਹਮਲਾ ਕਰਨ ਉਪਰੰਤ ਹੀ ਇਸਲਾਮੀ ਅਤੇ ਭਾਰਤੀ ਚਿੰਤਕ ਇਕ-ਦੂਜੇ ਦੇ ਸੰਪਰਕ ਵਿਚ ਆਏ। ਇਨ੍ਹਾਂ ਦਾ ਇੱਕ-ਦੂਜੇ ਤੋਂ ਪ੍ਰਭਾਵਿਤ ਹੋਣਾ ਕੁਦਰਤੀ ਸੀ। ਸੂਫ਼ੀ ਵਿਚਾਰ ਚਿੰਤਨ ਵਿਚ ਮੁਰਸ਼ਦ ਸੰਕਲਪ ਜਾਂ ਗੁਰੂ ਉੱਤੇ ਜ਼ੋਰ ਭਾਰਤੀ ਵੇਦਾਂਤ ਦਾ ਹੀ ਨਤੀਜਾ ਸੀ। ਇਸੇ ਤਰ੍ਹਾਂ ਸੰਗੀਤ ਅਤੇ ਨਾਚ ਜਿਸ ਨੂੰ ਸੂਫ਼ੀ ਲੋਕ 'ਸਮਾਅ' ਕਹਿੰਦੇ ਹਨ, ਵੀ ਵੇਦਾਂਤਿਕ ਵਿਚਾਰਧਾਰਾ ਵਿਚੋਂ ਆਇਆ। ਰੱਬ ਦੀ ਇੱਜ਼ਤ ਅਤੇ ਰੱਬ ਦੇ ਭੈਅ ਨੂੰ ਛੱਡ ਕੇ ਰੱਬ ਦੀ ਭਗਤੀ ਅਤੇ ਰੱਬ ਦੇ ਇਸ਼ਕ 'ਤੇ ਜ਼ੋਰ ਦੇਣਾ ਵੀ ਭਾਰਤੀਆਂ ਦੇ ਪਰਮਾਤਮਾ ਨਾਲ ਪ੍ਰੇਮ ਮਾਰਗ ਦਾ ਹੀ ਅਸਰ ਹੈ। ਭਾਰਤੀ ਵੇਦਾਂਤ ਦਾ ਸੂਫ਼ੀ ਵਿਚਾਰਧਾਰਾ ਉੱਪਰ ਇੰਨਾ ਗਹਿਰਾ ਪ੍ਰਭਾਵ ਹੈ ਕਿ ਹਰ ਵਿਕਸਿਤ ਅਤੇ ਸੰਪੂਰਨ ਸੱਤ ਅੰਤ ਵਿਚ ਵੇਦਾਂਤਿਕ ਹੋ ਨਿਬੜਦਾ ਹੈ।

## ਸੂਫ਼ੀ ਸੰਪਰਦਾਵਾਂ

ਵਿਅਕਤੀਗਤ ਸਾਧਨਾ 'ਤੇ ਆਧਾਰਿਤ ਹੋਣ ਕਰਕੇ ਸੂਫ਼ੀਵਾਦ ਦੇ ਵਿਕਾਸ ਵਿਚ ਹੋਂਦ ਵਿਚ ਆਉਣ ਸੰਬੰਧੀ ਵਿਭਿੰਨ ਧਾਰਨਾਵਾਂ ਪ੍ਰਚੱਲਿਤ ਹਨ। ਸੂਫ਼ੀ ਸਾਧਕਾਂ ਦਾ ਮੁੱਖ ਉਦੇਸ਼ ਕਿਉਂਕਿ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਸੀ, ਇਸ ਲਈ ਆਰੰਭ ਤੋਂ ਹੀ ਇਸ ਨੂੰ ਅਧਿਆਤਮਕ ਮਾਰਗ 'ਤੇ ਚਲਾਉਣ ਲਈ ਕਿਸੇ ਸ੍ਰੇਸ਼ਟ ਵਿਅਕਤੀ ਦੀ ਅਗਵਾਈ ਦੀ ਜ਼ਰੂਰਤ ਮਹਿਸੂਸ ਹੋਣ ਲੱਗ ਪਈ। ਇਸ ਦੇ ਅੰਤਰਗਤ ਸੰਪਰਦਾਇ ਨੇ

ਕਿਸੇ ਨਾ ਕਿਸੇ ਮਹਾਨ ਵਿਅਕਤੀਤਵ ਦੇ ਮਾਲਕ ਨੂੰ ਆਪਣਾ ਮੋਢੀ ਥਾਪ ਲਿਆ, ਜਿਹੜਾ ਕਿ ਸੂਫ਼ੀ ਸਾਧਕਾਂ ਲਈ ਪੱਥ-ਪ੍ਰਦਰਸ਼ਕ ਦਾ ਕੰਮ ਕਰਦਾ ਸੀ। ਇਹ ਅਧਿਆਤਮਿਕ ਪੱਥ-ਪ੍ਰਦਰਸ਼ਕ, ਜਿੰਨ੍ਹਾਂ ਨੂੰ ਪੀਰ, ਮੁਰਸ਼ਦ, ਗੁਰੂ, ਖ਼ਲੀਫ਼ਾ ਜਾਂ ਸ਼ੇਖ਼ ਆਦਿ ਨਾਵਾਂ ਨਾਲ ਸਤਿਕਾਰਿਆ ਜਾਂਦਾ ਸੀ, ਦੇ ਪ੍ਰਚਾਰ ਸਦਕਾ ਸੂਫ਼ੀ ਸੰਪਰਦਾਵਾਂ ਹੋਂਦ ਵਿਚ ਅਈਆਂ ਪਰੰਤੂ ਕੁਝ ਵਿਦਵਾਨਾਂ ਅਨੁਸਾਰ ਇਸਲਾਮੀ ਲੋਕ ਬਹੁਤ ਪ੍ਰਭਾਵਿਤ ਹੋਏ। ਇਨ੍ਹਾਂ ਲੋਕਾਂ ਦੇ ਦਿਲਾਂ ਵਿੱਚ ਕੱਟੜਵਾਦੀ ਸ਼੍ਰੇਣੀ ਦਾ ਡਰ ਬੈਠ ਗਿਆ ਅਤੇ ਉਹ ਸ਼ਾਂਤੀ ਦੀ ਭਾਲ ਵਿਚ ਏਕਾਂਤ ਵਿਚ ਜਾ ਕੇ ਭਗਤੀ ਕਰਨ ਲੱਗ ਪਏ ਜਿਸ ਦੇ ਪ੍ਰਤਿਕਰਮ ਵਜੋਂ ਸੂਫ਼ੀ ਸੰਪਰਦਾਵਾਂ ਹੋਂਦ ਵਿਚ ਆਈਆਂ ਅਤੇ ਇਹ ਬਹੁਤ ਜਲਦੀ ਹੀ ਇਸਲਾਮੀ ਦੇਸ਼ਾਂ ਵਿਚ ਫੈਲ ਗਈਆਂ।

## ਚਿਸ਼ਤੀ ਸੰਪਰਦਾਇ

ਭਾਰਤ ਵਿਚ ਚਿਸ਼ਤੀ ਸੰਪਰਦਾਇ ਦਾ ਮਹੱਤਵ ਅਤੇ ਗੌਰਵ ਸਭ ਤੋਂ ਵਧੇਰੇ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਸੰਪਰਦਾਇ ਦੇ ਮੋਢੀ ਸੰਬੰਧੀ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਵਿਅਕਤ ਕੀਤੇ ਹਨ। ਡਾ. ਵਿਮਲ ਕੁਮਾਰ ਜੈਨ ਇਸ ਸੰਪਰਦਾਇ ਦਾ ਮੋਢੀ ਅਬੂ ਅਬਦੁਲ ਚਿਸ਼ਤੀ ਨੂੰ ਮੰਦੇ ਹਨ। ਡਾ. ਲਾਜਵੰਤੀ ਰਾਮਾਕ੍ਰਿਸ਼ਨਾ ਵੀ 'ਆਇਨੇ-ਅਕਬਰੀ' ਦਾ ਹਵਾਲਾ ਦਿੰਦਿਆਂ ਇਸਹਾਕ ਸਾਮੀ ਨੂੰ ਹੀ ਇਸ ਸੰਪਰਦਾਇ ਦਾ ਮੋਢੀ ਸਵੀਕਾਰ ਕਰਦੇ ਹਨ।" ਉਪਰੋਕਤ ਵਿਚਾਰ ਚਰਚਾ ਤੋਂ ਇਹ ਸਿੱਧ ਕਰ ਸਕਦੇ ਹਾਂ ਕਿ ਚਿਸ਼ਤੀ ਸੰਪਰਦਾਇ ਦੇ ਮੋਢੀ ਮਿਸਾਦ ਅਲੀ ਦਿਨਵਰੀ ਦੇ ਮੁਰੀਦ ਖ਼ਵਾਜਾ ਇਸਹਾਕ ਸਾਮੀ ਹਨ ਜਿਹੜੇ ਏਸ਼ੀਆ ਮਾਈਲਰ ਤੋਂ ਆ ਕੇ ਚਿਸ਼ਤ ਵਿਚ ਵਸ ਗਏ ਸਨ। ਇਸ ਕਰਕੇ ਉਨ੍ਹਾਂ ਦਾ ਪ੍ਰਵਕਤਾ ਖ਼ਵਾਜਾ ਮੁਈਨ-ਉਲ-ਦੀਨ ਸਨ। ਉਹ 1192 ਈ. ਵਿਚ ਖ਼ਵਾਜਾ ਮੁਈਨ-ਉਲ-ਦੀਨ, ਸਹਾ-ਬਹੁ-ਦੀਨ ਗੌਰੀ ਦੀਆਂ ਫੌਜਾਂ ਨਾਲ ਭਾਰਤ ਆਏ। ਉਨ੍ਹਾਂ ਦਾ ਆਪਣਾ ਨਿਵਾਸ ਸਥਾਨ ਅਜਮੇਰ ਵਿਖੇ ਸਥਾਪਿਤ ਸੀ। ਖ਼ਵਾਜਾ ਮਈਨ-ਉਲ-ਦੀਨ ਅਨੁਸਾਰ ਹਰ ਸੱਚੇ ਸਾਧਕ ਦਾ ਫ਼ਰਜ਼ ਹੈ ਕਿ ਉਹ ਉੱਤਮ ਅਖਲਾਕੀ ਖ਼ੂਬੀਆਂ ਹਾਸਲ ਕਰੇ ਕਿਉਂਕਿ ਸੂਫ਼ੀਵਾਦ ਨਾ ਕਿਤਾਬੀ ਇਲਮ ਹੈ ਤੇ ਨਾ ਹੀ ਧਾਰਮਿਕ ਰਸਮ ਜੋ ਦੂਜਿਆਂ ਤੋਂ ਸਿੱਖੀ ਜਾਵੇ ਇਹ ਤਾਂ ਇੱਕ ਅਜਿਹਾ ਇਖਲਾਕੀ ਵਿਧਾਨ ਹੈ ਜੋ ਸਿਰਫ਼ ਕਮਾਇਆ ਜਾਂਦਾ ਹੈ।

ਖ਼ਵਾਜਾ ਮੁਈਨ-ਉਲ-ਦੀਨ ਚਿਸ਼ਤੀ ਦਾ ਉਤਰਾਧਿਕਾਰੀ ਇਸਕਹਾਨ ਦਾ ਖ਼ਵਾਜਾ ਬਖਤਿਆਰ ਕਾਕੀ ਸੀ ਜਿਹੜਾ ਆਪਣੇ ਗੁਰੂ/ਮੁਰਸ਼ਦ ਦੀ ਮੌਤ ਉਪਰੰਤ ਗੱਦੀ 'ਤੇ ਬੈਠਿਆ। ਉਸ ਨੇ ਇਸ ਸੰਪਰਦਾਇ ਨੂੰ ਵਿਕਸਿਤ ਕਰਨ ਵਿਚ ਬੜਾ ਯੋਗਦਾਨ ਪਾਇਆ। ਖ਼ਵਾਜਾ ਬਖਤਿਆਰ ਕਾਕੀ ਤੋਂ ਬਾਅਦ ਇਸ ਸੰਪਰਦਾਇ ਦਾ ਮੁਖੀ ਸ਼ੇਖ਼-ਫ਼ਰੀਦ-ਉਦੀਨ ਮਸਊਦ ਸ਼ਕਰਗੰਜ ਬਣਿਆ। ਇਸ ਤੋਂ ਬਾਅਦ ਇਹ ਸੇਵਾ ਨਿਜ਼ਾਮ ਉਲ-ਔਲੀਆ ਨੇ ਕੀਤੀ। ਚਿਸ਼ਤੀ ਸੰਪਰਦਾਇ ਵਿਚ ਸੰਗੀਤ ਨੂੰ ਅਹਿਮ ਸਥਾਨ ਪ੍ਰਾਪਤ ਹੈ।

## ਸੁਹਰਾਵਾਦੀ ਸੰਪਰਾਇ

ਇਸ ਸੰਪਰਦਾਇ ਦੇ ਮੋਢੀ ਬਾਰੇ ਵੀ ਵਿਦਵਾਨਾਂ ਦੇ ਵਿਚ ਕਾਫ਼ੀ ਮੱਤਭੇਦ ਪਾਏ ਜਾਂਦੇ ਹਨ। ਖ਼ਲੀਕ ਅਹਿਮਦ ਨਿਜਾਮੀ ਸ਼ੇਖ਼-ਅਬੂ-ਨਜ਼ੀਬ ਅਬਦੁਲ ਕਾਦਿਰ ਸੁਹਰਾਵਾਦੀ ਨੂੰ ਇਸ ਸੰਪਰਦਾਇ ਦਾ ਸੰਸਥਾਪਕ ਮੰਨਦੇ ਹਨ। ਬਗਦਾਦ ਵਿਚ ਦੁਜਲਾ ਦੇ ਕਿਨਾਰੇ ਇਹਨਾਂ ਦੀ ਖ਼ਾਨਗਾਹ ਸੀ। ਇਹਨਾਂ ਨੇ ਖ਼ਲੀਫ਼ਾ ਸ਼ੇਖ਼ ਸਹਾ-ਬਹੁ-ਦੀਨ ਸੁਹਰਾਵਾਦੀ ਨੇ ਇਸ ਸੰਪਰਦਾਇ ਨੂੰ ਫੈਲਾਉਣ ਵਿਚ ਬੜੀ ਮਿਹਨਤ ਕੀਤੀ। ਉਹਨਾਂ ਨੇ ਭਾਰਤ ਵਿਚ ਵੀ ਆਪਣੇ ਖ਼ਲੀਫ਼ੇ ਭੇਜੇ। ਭਾਰਤ ਵਿਚ ਸੁਹਰਾਵਾਦੀ ਸਿਲਸਿਲੇ ਦੇ ਸੰਸਥਾਪਕ ਬਹਾ-ਉਦ-ਦੀਨ ਜਕਰੀਆ ਸੀ ਜਿਸ ਦਾ ਜਨਮ 1182 ਈ. ਮੁਲਤਾਨ ਵਿੱਚ ਹੋਇਆ। ਇਸ ਸਿਲਸਿਲੇ ਵਿਚ ਪ੍ਰਵੇਸ਼ ਕਰਨ ਵਾਲੇ ਸਾਧਕ ਨੂੰ ਆਪਣੇ ਪਾਪਾਂ ਤੋਂ ਪ੍ਰਾਸ਼ਚਿਤ ਕਰਨਾ ਪੈਂਦਾ ਹੈ। ਫਿਰ ਪੰਜ ਵਾਰ ਕਲਮਾ ਪੜ੍ਹਨਾ ਅਤੇ ਧਰਮ ਉੱਤੇ ਪੂਰਾ ਈਮਾਨ ਲਿਆਉਣ ਲਈ ਕਿਹਾ ਜਾਂਦਾ ਹੈ। ਨਮਾਜ਼ ਅਤੇ ਰੋਜ਼ੇ ਰੱਖਣ 'ਤੇ ਪੂਰਾ ਜ਼ੋਰ ਦਿੱਤਾ ਜਾਂਦਾ ਹੈ।

## ਕਾਦਰੀ ਸੰਪਰਦਾਇ

ਕਾਦਰੀ ਸੰਪਰਦਾਇ ਦੇ ਬਾਨੀ ਅਬਦੁਲ ਕਾਰਿ ਜੀਲਾਨੀ (1078-1166 ਈ.) ਸਨ ਜਿਹੜੇ ਬਗਦਾਦ ਵਿਚ ਅਬੂ ਹਨੀਫ਼ਾ ਨਾਗ਼ਮਾਨ ਬਿਨ ਸਾਬਤ ਦੇ ਮਕਬਰੇ ਦੇ ਮਜਾਵਰ ਸਨ। ਉਹ ਸੂਫ਼ੀ ਨਾਲੋਂ ਧਰਮ ਸ਼ਾਸ਼ਤਰੀ ਵਧੇਰੇ ਸਨ। ਉਨ੍ਹਾਂ ਨੇ ਸੂਫ਼ੀ ਪਰਿਭਾਸ਼ਕ ਸ਼ਬਦਾਵਲੀ ਦੀ ਵਰਤੋਂ ਕਰਨ ਦਾ ਸੰਕੇਤ ਕੀਤਾ। ਅਬਦੁਲ ਕਾਦਿਰ ਜੀਲਾਨੀ ਦੀ ਮੌਤ ਤੋਂ ਤਿੰਨ ਸੌ ਸਾਲ ਬਾਅਦ ਕਾਦਰੀ ਸੰਪਰਦਾਇ ਦਾ ਪ੍ਰਵੇਸ਼ ਭਾਰਤ ਵਰਸ਼ ਵਿਚ ਹੋਇਆ। ਭਾਰਤ ਵਿਚ ਇਸ ਸਿਲਸਿਲੇ ਦੇ ਮੁੱਢਲੇ ਪੀਰ ਸ਼ਾਹ ਨਿਆਮਤ ਉਲ ਅਤੇ ਨਸੀਰ-ਉਦ-ਦੀਨ ਮੁਹੰਮਦ ਜਿਲਾਨੀ ਸੀ। ਇਹ ਪਰ ਉਦ-ਦੀਨ ਮੁਹੰਮਦ ਸੱਯਦ ਮੁਹੰਮਦ ਗੋਸਾ ਦੇ ਨਾਂ ਨਾਲ ਪ੍ਰਸਿੱਧ ਸੀ। ਇਸ ਸੰਪਰਦਾਇ ਦਾ ਪ੍ਰਚਾਰ ਏਨੀ ਤੇਜ਼ੀ ਨਾਲ ਹੋਇਆ ਕਿ ਕਾਦਰੀ ਸੂਫ਼ੀਆਂ ਦੀ ਗਿਣਤੀ ਚਿਸ਼ਤੀ ਅਤੇ ਸੁਹਰਾਵਰਦੀ ਸਿਲਸਿਲਿਆਂ ਦੇ ਸੂਫ਼ੀਆਂ ਨਾਲੋਂ ਕਿਤੇ ਵਧ ਗਈ। ਇਸ ਸੰਪਰਦਾਇ ਦੇ ਉੱਘੇ ਅਨੁਯਾਈ ਸ਼ਾਹ ਹੁਸੈਨ। ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ ਆਦਿ ਸੂਫ਼ੀ ਕਵੀ ਸਨ। ਇਸ ਸੰਪਰਦਾਇ ਦੇ ਅਨੁਯਾਈ ਮਸਤ ਮਲੰਗ ਸਨ ਜੋ ਆਪਣੇ ਮੁਰਸ਼ਦ ਦੀ ਭਗਤੀ ਵਿਚ ਮਸਤ ਹੋ ਕੇ ਫ਼ਕੀਰ ਵੈਸ਼ਨਵ ਭਗਤਾਂ ਵਾਂਗ ਨੱਚਿਆ ਅਤੇ ਗਾਇਆ ਕਰਦੇ ਸਨ। ਇਹ ਨੱਚਦੇ-ਨੱਚਦੇ ਮਸਤੀ ਵਿਚ ਬੇਸੁਧ ਹੋ ਜਾਂਦੇ ਸਨ। ਨਿਮਰਤਾ ਅਤੇ ਸਹਿਣਸ਼ੀਲਤਾ ਇਹਨਾਂ ਦੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣ ਸਨ।

## ਨਕਸ਼ਬੰਦੀ ਸੰਪਰਦਾਇ

ਸੂਫ਼ੀਆਂ ਦਾ ਨਕਸ਼ਬੰਦੀ ਸਿਲਸਿਲਾ ਵੀ ਚਿਸ਼ਤੀ ਅਤੇ ਸੁਹਰਾਵਰਦੀ ਸੰਪਰਦਾਇ ਵਾਂਗ ਦੂਰ-ਦੁਰਾਡੇ ਦੇਸ਼ਾਂ ਵਿੱਚ ਫੈਲਿਆ ਹੋਇਆ ਹੈ। ਨਕਸ਼ਬੰਦੀ ਸੰਪਰਦਾਇ ਜਿਹੜੀ ਬਹਾਉੱਦੀਨ-ਨਕਸ਼ਬੰਦੀ (1318-188 ਈ) ਦੇ ਨਾਮ ਨਾਲ ਸੰਬੰਧਿਤ ਹੈ। ਅਸਲ ਵਿੱਚ ਪਹਿਲਾਂ ਇਹ 'ਸਿਲਸਿਲਾ-ਏ-ਖਾਜਗਾਨ' ਸੰਪਰਦਾਇ ਦੇ ਰੂਪ ਵਿਚ ਪ੍ਰਚੱਲਿਤ ਸੀ

ਜਿਸ ਦਾ ਸੰਚਲਕ ਅਬੂ ਯਾਕੂਬ ਯੂਸਫ਼-ਅਲ-ਹਮਦਾਨੀ (ਮੌਤ 1140 ਈ.) ਸੀ। ਉਸ ਤੋਂ ਬਾਅਦ ਉਸ ਦਾ ਖ਼ਲੀਫ਼ਾ ਅਬਦੁਲ ਖ਼ਲੀਕ ਅਲ ਗੁਜਦਵਨੀ (ਮੌਤ 1220 ਈ.) ਸੀ। ਇਸ ਸੰਪਰਦਾਇ ਦੀਆਂ ਵਿਸ਼ੇਸ਼ ਰੁਚੀਆਂ ਨੂੰ ਸੰਗਠਨ ਕਰਨ ਵਾਲਾ ਸੀ। ਸ਼ਰੀਅਤ ਦੇ ਨਿਯਮਾਂ ਦੀ ਸੰਪੂਰਨ ਪਾਲਣਾ 'ਤੇ ਅਤਿ ਅਧਿਕ ਬਲ ਦੇਣਾ ਇਸ ਸੰਪਰਦਾਇ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਹਜ਼ਰਤ ਮੁਜਦਿਦ ਅਲਿਫ਼ਸਾਨੀ ਅਨੁਸਾਰ ਜੋ ਕੁਝ ਅਸਾਨੂੰ ਬਖ਼ਸ਼ਿਸ਼ ਹੋਈ ਹੈ ਉਹ ਮਹਿਜ ਅੱਲਾਹ ਫਜ਼ਲ ਅਤੇ ਕਰਮ ਹੈ। ਜੇਕਰ ਇਸ ਮਿਹਰਬਾਨੀ ਦੇ ਲਈ ਕੋਈ ਸਾਧਨ ਬਣਿਆ ਹੈ ਤਾਂ ਉਹ ਹਜ਼ਰਤ ਮੁਹੰਮਦ ਦੀ ਪੈਰਵੀ ਅਤੇ ਗੁਲਾਮੀ ਹੈ ਅਤੇ ਜੋ ਕੁੱਝ ਅਸਾਨੂੰ ਨਹੀਂ ਦਿੱਤਾ ਗਿਆ, ਉਸਦੀ ਵਜ੍ਹਾ ਇਹ ਹੈ ਕਿ ਸ਼ਰੀਅਤ ਦੇ ਹੁਕਮਾਂ ਦੀ ਪਾਲਣਾ ਵਿਚ ਕੋਈ ਕਮੀ ਰਹਿ ਗਈ ਹੋਵੇਗੀ। ਨਕਸ਼ਬੰਦੀ ਸੰਪਰਦਾਇ ਦੇ ਹੋਰ ਪ੍ਰਮੁੱਖ ਦਰਵੇਸ਼ਾਂ ਵਿਚ ਖ਼ਵਾਜਾ ਯਾਕੂਬ ਚਰਖੀ, ਖ਼ਵਾਜਾ ਨਸੀਰ-ਉਦ-ਦੀਨ ਅਹਿਗਰ, ਫਯਾਜ਼ੀ ਬਖ਼ਾਰੀ, ਆਦਿ ਦਾ ਉਲੇਖ ਕੀਤਾ ਜਾ ਸਕਦਾ ਹੈ।

**ਮਲਾਮਤੀ ਸੰਪਰਦਾਇ**

ਰਾਮ ਪੂਜਦ ਤਿਵਾੜੀ ਅਨੁਸਾਰ ਇਸ ਸੰਪਰਦਾਇ ਦੇ ਮੋਢੀ ਹਮਦੁੱਨਯ ਕੱਸਾਰ ਸੀ ਜਿਹੜਾ ਮਿਸਰ ਦੇ ਪ੍ਰਸਿੱਧ ਚਿੰਤਕ ਜੂ ਜੁਨਜੁਨ ਦਾ ਮੁਰੀਦ ਸੀ। ਸ਼ਾਹ ਹੁਸੈਨ ਕਾਦਰੀ ਸੰਪਰਦਾਇ ਦੇ ਨਾਲ-ਨਾਲ ਇਸ ਸੰਪਰਦਾਇ ਦਾ ਵੀ ਸੂਫ਼ੀ ਕਵੀ ਮੰਨਿਆ ਜਾਂਦਾ ਸੀ। ਇਸ ਸੰਪਰਦਾਇ ਦੇ ਅਨੁਯਾਈ ਸ਼ਰ੍ਹਾਂ ਦਾ ਤ੍ਰਿਸਕਾਰ ਕੀਤਾ ਜਾਵੇ ਅਤੇ ਲੋਕ ਉਹਨਾਂ ਦੀ ਨਿੰਦਿਆ ਕਰਨ, ਮਲਾਮਤ ਦਾ ਭਾਵ ਇਹ ਹੈ ਕਿ ਪ੍ਰਭੂ ਪਿਆਰੇ ਦੇ ਰਾਹ 'ਤੇ ਤੁਰਨਾ ਅਤੇ ਉਸ ਰਾਹ 'ਤੇ ਚਲਦਿਆਂ ਮਨ ਵਿੱਚ ਭੈਅ ਨਾ ਰੱਖਣਾ। ਮਲਾਮਤੀ ਸ਼ਬਦ 'ਮਲਾਮਤ' ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਨਿੰਦਿਆ' ਅਤੇ ਇਹ ਉਸ ਵਿਅਕਤੀ ਵੱਲ ਸੰਕੇਤ ਕਰਦਾ ਹੈ ਜੋ ਨਿੰਦਣਯੋਗ ਹੈ। ਇਸ ਸੰਪਰਦਾਇ ਦੇ ਅਨੁਯਾਈ ਇਸਲਾਮੀ ਕਰਮਕਾਂਡ ਅਤੇ ਦਿਖਾਵੇ ਦੀਆਂ ਰਸਮਾਂ-ਰੀਤਾਂ ਦਾ ਤਿਆਗ ਕਰਦੇ ਹਨ। ਮਲਾਮਤੀ ਸਾਧਕ ਦੁਨਿਆਵੀ ਝੰਜਟਾਂ ਤੋਂ ਮੁਕਤ ਹੋ ਕੇ ਪਰਮਾਤਮਾ ਨਾਲ ਲਿਵ ਜੋੜੀ ਰੱਖਦੇ ਹਨ। ਉਹ ਨਾ ਅੰਤਰਾਤਮਾ ਦਾ ਵਿਖਾਵਾ ਕਰਦੇ ਹਨ ਅਤੇ ਨਾ ਹੀ ਲੋਕਾਂ ਵਿਚ ਬੈਠ ਕੇ ਪ੍ਰਭੂ ਸਿਮਰਨ ਕਰਦੇ ਹਨ।

**ਭਾਰਤ ਵਿਚ ਪ੍ਰਵੇਸ਼**

ਸੂਫ਼ੀਵਾਦ ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾ ਅਰਬ, ਈਰਾਨ ਅਤੇ ਈਰਾਕ ਆਦਿ ਦੇਸ਼ਾਂ ਵਿੱਚ ਪੂਰੀ ਤਰ੍ਹਾਂ ਵਿਕਸਤ ਹੋ ਚੁੱਕਾ ਸੀ। 712 ਈ. ਵਿੱਚ ਜਦੋਂ ਮੁਹੰਮਦ-ਬਿਨ-ਕਾਸਿਮ ਨੇ ਸਿੰਧ 'ਤੇ ਕਬਜਾ ਕੀਤਾ ਤਾਂ ਇਸਲਾਮ ਧਰਮ ਪਹਿਲੀ ਵਾਰ ਪੰਜਾਬ ਦੇ ਸੰਪਰਕ ਵਿਚ ਆਇਆ। ਹੌਲੀ-ਹੌਲੀ ਇਸ ਨੇ ਭਾਰਤ ਦੀ ਧਰਤੀ ਉੱਤੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਭਾਰਤ ਅਤੇ ਪੰਜਾਬ ਅੰਦਰ ਸੂਫ਼ੀ ਵਿਚਾਰਾਂ ਦਾ ਪ੍ਰਚਾਰ ਗਿਆਰਵੀਂ ਸਦੀ ਦੇ ਆਰੰਭ ਵਿਚ ਹੋਣ ਲੱਗ ਪਿਆ ਸੀ। ਭਾਰਤ ਵਿਚ ਪ੍ਰਵੇਸ਼ ਕਰਨ ਵਾਲਾ ਸਭ ਤੋਂ ਪਹਿਲਾ ਇਸਲਾਮੀ ਪ੍ਰਚਾਰਕ ਸ਼ੇਖ਼ ਇਸਮਾਇਲ ਸੀ ਜਿਹੜਾ 1005

ਈ. ਵਿਚ ਲਾਹੌਰ ਆਇਆ। ਜਦੋਂ ਮਹਿਮੂਦ ਗਜ਼ਨਵੀ ਦੇ ਪੁੱਤਰ ਸਮਊਦੀਨ ਨੇ 1039 ਈ. ਵਿੱਚ ਪੰਜਾਬ 'ਤੇ ਹਮਲਾ ਕੀਤਾ ਤਾਂ ਉਸ ਦੀ ਸੈਨਾ ਨਾਲ ਇੱਕ ਪ੍ਰਸਿੱਧ ਸੂਫ਼ੀ ਦਰਵੇਸ਼ ਲਾਹੌਰ ਆਇਆ ਜਿਸ ਦਾ ਨਾਂ ਸ਼ੇਖ਼ ਅਲੀ-ਉਲ-ਹੁਜਵੀਰੀ ਸੀ ਜੋ ਦਾਤਾ ਗੰਜ ਬਖ਼ਸ਼ ਦੇ ਨਾਂ ਨਾਲ ਪ੍ਰਸਿੱਧ ਹੋਇਆ। ਉਸ ਦੀ 1071 ਈ. ਵਿੱਚ ਲਾਹੌਰ ਵਿਖੇ ਮੌਤ ਹੋ ਗਈ। ਇਸ ਨੇ ਸੂਫ਼ੀਵਾਦ ਦੀ ਵਿਆਖਿਆ ਕਰਨ ਵਾਲੀ ਇੱਕ ਫ਼ਾਰਸੀ ਵਿੱਚ 'ਕੁਸ਼ਫੁਲ ਮਹਿਜੂਬ' ਪੁਸਤਕ ਲਿਖੀ ਜੋ ਤਸਵੁੱਫ਼ ਉੱਪਰ ਸਭ ਤੋਂ ਪਹਿਲੀ ਪੁਸਤਕ ਹੈ। ਇਸ ਤੋਂ ਲਗਭਗ ਇਕ ਸੌ ਸਾਲ ਉਪਰੰਤ ਪੰਜਾਬ ਵਿਚ ਇੱਕ ਹੋਰ ਸੂਫ਼ੀ ਦਰਵੇਸ਼ ਦਾ ਜਨਮ ਹੋਇਆ ਜਿਸ ਦਾ ਨਾਂ ਫ਼ਰੀਦ-ਉਦ-ਦੀਨ ਮਸਊਦ ਸ਼ਕਰਗੰਜ ਜੋ ਬਾਬਾ ਸ਼ੇਖ਼ ਫ਼ਰੀਦ ਜੀ ਦੇ ਨਾਮ ਨਾਲ ਪ੍ਰਸਿੱਧ ਹੋਇਆ।

**ਸ਼ੇਖ਼ ਫ਼ਰੀਦ ਮਸੂਦਉਦੀਨ ਸ਼ਕਰਗੰਜ (1173-1266 ਈ.)** ਪੰਜਾਬੀ ਸੂਫ਼ੀ ਕਾਵਿ-ਧਾਰਾ ਦੇ ਮੋਢੀ ਕਵੀ ਸਨ। ਆਪ ਚਿਸ਼ਤੀ ਸੰਪਰਦਾਇ ਦੇ ਅਨਿਆਈ ਅਤੇ ਖ਼ਵਾਜਾ ਬਖਤਿਆਰ ਕਾਕੀ ਦੇ ਮੁਰੀਦ ਸਨ। ਆਪ ਦਾ ਡੇਰਾ ਪਾਕਪਟਨ ਜ਼ਿਲ੍ਹਾ ਮੁਲਤਾਨ ਪੱਛਮੀ ਪੰਜਾਬ (ਪਾਕਿਸਤਾਨ) ਵਿੱਚ ਸੀ। ਬਾਬਾ ਫ਼ਰੀਦ ਜੀ ਦੀ ਬਾਣੀ ਭਾਸ਼ਾ ਮੁਲਤਾਨੀ ਵਿਚ ਹੈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਦੇ 4 ਸ਼ਬਦ ਅਤੇ 112 ਸਲੋਕ ਸ਼ਾਮਿਲ ਹਨ। ਆਪ ਸ਼ਰੀਅਤ ਦੇ ਪਾਬੰਦ ਸਨ ਅਤੇ ਆਪ ਦੀ ਬਾਣੀ ਵਿਚੋਂ ਮਨੁੱਖਤਾ ਨੂੰ ਚੰਗੇ ਕੰਮ ਕਰਨ ਦੀ ਸਲਾਹ ਦਿੰਦਾ ਹੈ।

**ਸ਼ਾਹ ਹੁਸੈਨ (1539-1599 ਈ.) :** ਸ਼ੇਖ਼ ਫ਼ਰੀਦ ਤੋਂ ਉਪਰੰਤ ਪੰਜਾਬੀ ਸੂਫ਼ੀ ਕਾਵਿ ਵਿੱਚ ਸਭ ਤੋਂ ਵੱਧ ਪ੍ਰਸਿੱਧਤਾ ਹਾਸਿਲ ਕਰਨ ਵਾਲੇ ਦੂਜੇ ਮਹਾਨ ਸੂਫ਼ੀ ਕਵੀ ਹਨ। ਜਿੱਥੇ ਸ਼ੇਖ਼ ਫ਼ਰੀਦ ਜੀ ਦੀ ਰਚਨਾ ਨਾਲ ਪੰਜਾਬੀ ਸੂਫ਼ੀ ਕਾਵਿ ਦਾ ਮੁੱਢ ਬੱਝਦਾ ਹੈ ਉੱਥੇ ਸ਼ਾਹ ਹੁਸੈਨ ਦੀ ਕਵਿਤਾ ਨਾਲ ਇਹ ਜੋਬਨ 'ਤੇ ਪਹੁੰਚਦੀ ਹੈ। ਮਲਾਮਤੀ ਸੰਪਰਦਾਇ ਨਾਲ ਸੰਬੰਧਿਤ ਸ਼ਾਹ ਹੁਸੈਨ ਨੇ ਆਪਣੇ ਸੂਫ਼ੀਆਨਾ ਵਿਚਾਰਾਂ ਦੀ ਅਭਿਵਿਅਕਤੀ ਲਈ 'ਕਾਫ਼ੀ' ਕਾਵਿ-ਰੂਪ ਦੀ ਵਰਤੋਂ ਕੀਤੀ ਹੈ। ਆਪ ਨੇ 165 ਕਾਫ਼ੀਆਂ ਲਿਖੀਆਂ। ਆਪ ਦੀ ਰਚਨਾ ਵਿੱਚ ਪਾਕ ਮੁਹੱਬਤ ਅਤੇ ਨਿਮਰਤਾ ਦੇ ਸੰਕੇਤ ਮਿਲਦੇ ਹਨ। ਆਪ ਦੀ ਸਾਰੀ ਰਚਨਾ ਪੰਜਾਬੀਅਤ ਦੇ ਰੰਗ ਵਿਚ ਰੰਗੀ ਹੋਈ ਹੈ।

**ਸੁਲਤਾਨ ਬਾਹੂ (1631-1691 ਈ.) :** ਸ਼ਾਹ ਹੁਸੈਨ ਉਪਰੰਤ ਪੰਜਾਬੀ ਸੂਫ਼ੀ ਕਾਵਿ ਨੂੰ ਅਮੀਰ ਕਰਨ ਵਿੱਚ ਸੁਲਤਾਨ ਬਾਹੂ ਦਾ ਨਾਂ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਆਪ ਅਰਬੀ-ਫ਼ਾਰਸੀ ਦੇ ਉੱਘੇ ਵਿਦਵਾਨ ਸਨ। ਡਾ. ਲਾਜਵੰਤੀ ਰਾਮਾਕ੍ਰਿਸ਼ਨਾ ਨੇ 'ਤਵਾਰੀਖ-ਏ-ਸੁਲਤਾਨ ਬਾਹੂ' ਦੇ ਹਵਾਲੇ ਨਾਲ ਸੁਲਤਾਨ ਬਾਹੂ ਰਚਿਤ ਅਰਬੀ-ਫ਼ਾਰਸੀ ਪੁਸਤਕਾਂ ਦੀ ਗਿਣਤੀ 140 ਦੱਸੀ ਹੈ। ਕਾਦਰੀ ਸੰਪਰਦਾਇ ਨਾਲ ਸੰਬੰਧਿਤ ਸੁਲਤਾਨ ਬਾਹੂ ਨੇ ਆਪਣੇ ਅਧਿਆਤਮਕ ਚਿੰਤਨ ਦੇ ਪ੍ਰਗਟਾਵੇ ਲਈ 'ਸੀਹਰਫ਼ੀ' ਕਾਵਿ-ਰੂਪ ਦੀ ਵਰਤੋਂ ਕੀਤੀ ਹੈ। ਹਰ ਤੁਕ ਦੇ ਅੰਤ ਵਿੱਚ ਆਉਂਦਾ 'ਹੂ' ਸ਼ਬਦ ਰਚਨਾ ਵਿਚ ਵਿਲੱਖਣਤਾ ਪੈਦਾ ਕਰਦਾ ਹੈ। ਬਾਹੂ ਦੀ ਰਚਨਾ ਇਸ਼ਕ ਅਤੇ ਤਰੀਕਤ ਦੇ ਰੰਗ ਵਿੱਚ ਰੰਗੀ ਹੋਈ ਹੈ। ਆਪ ਨੇ ਸ਼ਰ੍ਹਾ ਦੀ ਪਾਬੰਦੀ ਅੰਦਰ

ਰਹਿੰਦਿਆਂ ਵੀ ਇਸ਼ਕ ਹਕੀਕੀ ਦੇ ਮਾਰਫ਼ਤ ਵਾਲੇ ਰੰਗ ਨੂੰ ਗ੍ਰਹਿਣ ਕੀਤਾ। ਆਪ ਦੀਆਂ ਰਚਨਾਵਾਂ ਦਾ ਕੇਂਦਰੀ ਵਿਸ਼ਾ ਇਲਾਹੀ-ਇਸ਼ਕ ਹੈ ਅਥਵਾ ਅਦਿੱਖ ਰੱਬੀ ਪ੍ਰੇਮ ਹੈ। ਇਹ ਰੱਬੀ ਪ੍ਰੇਮ ਮੁਰਸ਼ਦ ਦੇ ਲੜ ਲੱਗਣ ਨਾਲ ਹੀ ਮਿਲ ਸਕਦਾ ਹੈ ਅਰਥਾਤ ਮਨੁੱਖ ਨੂੰ ਮੁਰਸ਼ਦ ਦੀ ਅਗਵਾਈ ਵਿਚ ਅੱਲਾਹ ਨਾਲ ਇਸ਼ਕ ਕਰਨ 'ਤੇ ਜ਼ੋਰ ਦਿੱਤਾ।

**ਸ਼ਾਹ ਸ਼ਰਫ਼ ਬਟਾਲਵੀ (1640-1724 ਈ.) :** ਪੰਜਾਬੀ ਸੂਫ਼ੀ ਕਾਵਿ ਇਤਿਹਾਸਕ ਵਿਕਾਸ ਕ੍ਰਮ ਵਿੱਚ ਸ਼ਾਹ ਸ਼ਰਫ਼ ਬਟਾਲਵੀ ਦਾ ਨਾ ਇੱਕ ਵਿਸ਼ੇਸ਼ ਆਭਾ ਵਾਲਾ ਹੈ। ਸਲੁਤਾਨ ਬਾਹੂ ਦੇ ਸਮਕਾਲੀ ਸੂਫ਼ੀ ਕਵੀ ਅਤੇ ਮੁਹੰਮਦ ਫਾਜਿਲ ਕਾਦਰੀ ਦੇ ਮੁਰੀਦ ਸਨ। ਇਹਨਾਂ ਨੇ ਆਪਣੇ ਜੀਵਨ ਦਾ ਵਧੇਰੇ ਸਮਾਂ ਦਰਵੇਸ਼ੀ ਲਿਬਾਸ ਧਾਰ ਕੇ ਆਪਣੇ ਮੁਰਸ਼ਦ ਨਾਲ ਲਾਹੌਰ ਵਿੱਚ ਹੀ ਗੁਜ਼ਾਰਿਆ। ਆਪ ਦੀਆਂ ਰਚਨਾਵਾਂ ਸੁਤਰਨਾਮਾ, ਦੋਹੜੇ, ਕਾਫ਼ੀਆਂ ਆਦਿ ਕਾਵਿ ਰੂਪ ਵਿੱਚ ਉਪਲਬਧ ਹੁੰਦੀਆਂ ਹਨ। ਇਹਨਾਂ ਵਿੱਚ ਇਸ਼ਕ ਦੇ ਬਿਖੜੇ ਪੰਧ ਅਤੇ ਮੁਰਸ਼ਦ ਦੀ ਅਗਵਾਈ ਵਿੱਚ ਜਾਨ ਤਲੀ 'ਤੇ ਰੱਖ ਕੇ ਚੱਲਣ ਦਾ ਉਪਦੇਸ਼ ਮਿਲਦਾ ਹੈ। ਆਪ ਨੇ ਰੱਬੀ ਮਿਲਾਪ, ਵਿਛੋੜਾ, ਪਰਮਾਤਮਾ ਦੀ ਇਬਾਦਤ, ਪਰਮਾਤਮਾ ਦੀ ਪ੍ਰਾਪਤੀ ਭਾਵ ਇਸ਼ਕ ਹਕੀਕੀ ਨੂੰ ਪ੍ਰਾਪਤ ਕਰਨ ਲਈ ਸੰਸਾਰਿਕ ਦੁੱਖਾਂ ਨੂੰ ਸਹਿਣ ਕਰਨ ਆਦਿ ਵਿਸ਼ਿਆਂ 'ਤੇ ਜ਼ੋਰ ਦਿੱਤਾ ਹੈ। ਆਪ ਦੀ ਰਚਨਾ ਵਿੱਚ ਵਿਖਾਵੇ ਤੇ ਪਾਖੰਡ ਦਾ ਵਿਰੋਧ ਮਿਲਦਾ ਹੈ।

**ਵਜੀਦ (1650-1716 ਈ. ) :** ਪੰਜਾਬੀ ਸੂਫ਼ੀ ਕਾਵਿ ਦੇ ਵਿਕਾਸ ਦਾ ਅਗਲਾ ਸੂਫ਼ੀ ਕਵੀ ਵਜੀਦ ਹੈ। ਵਜੀਦ ਦੀਆਂ ਰਚਨਾਵਾਂ ਵਿੱਚ ਸਲੋਕ, ਕਾਫ਼ੀਆਂ, ਮਾਝ, ਤੁਤੀਏ, ਅੜਿੱਲ ਵਜੀਦ ਕੇ, ਚੋਪਈਆ ਆਦਿ ਸ਼ਾਮਿਲ ਹਨ। ਆਪ ਦੀਆਂ ਰਚਨਾਵਾਂ ਦਾ ਕੇਂਦਰੀ ਵਿਸ਼ਾ ਰੱਬੀ ਭਾਣਾ ਹੈ। ਆਪ ਅਨੁਸਾਰ ਰੱਬ ਬੇਪਰਵਾਹ ਹੈ, ਉਸ ਦੇ ਭਾਣੇ ਨੂੰ ਟਾਲਿਆ ਨਹੀਂ ਜਾ ਸਕਦਾ। ਜਿਵੇਂ ਉਸ ਪਰਮਾਤਮਾ ਨੂੰ ਭਾਉਂਦਾ ਹੈ, ਉਸ ਤਰ੍ਹਾਂ ਹੀ ਹੁੰਦਾ ਹੈ। ਆਪ ਦੀਆਂ ਰਚਨਾਵਾਂ ਵਿੱਚ ਰੱਬੀ ਹੂਕ, ਸਾਧ ਸੰਗਤ, ਗੁਰੂ ਦੀ ਮਹੱਤਤਾ, ਨਾਮ ਸਿਮਰਨ, ਨੇਕ ਅਮਲ, ਦੁਨੀਆਂ ਦੀ ਨਾਸ਼ਮਾਨਤਾ ਆਦਿ ਵਿਸ਼ੇ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ।

**ਬੁੱਲ੍ਹੇ ਸ਼ਾਹ (1680-1758 ਈ.) :** ਪੰਜਾਬੀ ਸੂਫ਼ੀ ਕਾਵਿ ਨੂੰ ਸਿਖ਼ਰ 'ਤੇ ਪਹੁੰਚਾਉਣ ਵਾਲਾ ਸੂਫ਼ੀ ਕਵੀ ਹੈ ਜਿਸ ਨੂੰ ਸੂਫ਼ੀ ਕਵਿਤਾ ਦਾ ਸਿਰਤਾਜ ਅਤੇ ਪੰਜਾਬੀ ਸੂਫ਼ੀ ਕਾਵਿ ਖੇਤਰ ਦਾ ਸਰਵੋਤਮ ਕਵੀ ਮੰਨਿਆ ਜਾਂਦਾ ਹੈ। ਡਾ. ਲਾਜਵੰਤੀ ਰਾਮਾਕ੍ਰਿਸ਼ਨਾ ਨੇ ਬੁੱਲ੍ਹੇ ਸ਼ਾਹ ਦੀ ਤੁਲਨਾ ਸੰਸਾਰ ਪ੍ਰਸਿੱਧ ਸ਼ਖ਼ਸੀਅਤਾਂ ਸ਼ਮਸੀ ਤਬਰੀਜ਼ ਅਤੇ ਮੌਲਾਨਾ-ਜਲਾਲ-ਓਦ-ਦੀਨ ਰੂਮੀ ਨਾਲ ਕੀਤੀ ਹੈ। ਕਾਦਰੀ ਸੰਪਰਦਾਇ ਨਾਲ ਸੰਬੰਧਿਤ ਬੁੱਲ੍ਹੇ ਸ਼ਾਹ ਦੀਆਂ ਰਚਨਾਵਾ 156 ਕਾਫ਼ੀਆਂ, 49 ਦੋਹੜੇ, 40 ਗੰਢਾਂ, 3 ਸੀਹਰਫ਼ੀਆਂ, 1 ਬਾਰਾਂਮਾਹ, 1 ਸਤਵਾਰਾ ਆਦਿ ਕਾਵਿ-ਰੂਪਾਂ ਵਿੱਚ ਉਪਲਬਧ ਹਨ। ਬੁੱਲ੍ਹੇ ਸ਼ਾਹ ਰਚਿਤ ਰਚਨਾਵਾਂ ਦਾ ਕੇਂਦਰੀ ਵਿਸ਼ਾ ਇਸ਼ਕ-ਏ-ਹਕੀਕੀ ਹੈ। ਸ਼ਰੀਅਤ ਦੀ ਪਾਖੰਡ ਭਰੀ ਪੈਰਵੀ ਦੀ ਪੁਰਜ਼ੋਰ ਨਿੰਦਿਆ ਕਰਦਿਆਂ ਬੁੱਲ੍ਹੇ ਸ਼ਾਹ ਨੇ ਮਨੁੱਖ ਨੂੰ ਕਿਸੇ ਕਾਲਿ ਮੁਰਸ਼ਦ ਦੇ ਲੜ ਲੱਗ ਕੇ ਅਧਿਆਤਮਿਕ ਉੱਤਮਤਾ ਗ੍ਰਹਿਣ ਕਰਨ ਦੀ ਪ੍ਰੇਰਨਾ

ਦਿੱਤੀ ਹੈ। ਪ੍ਰਭੂ-ਪਰਮਾਤਮਾ ਦੇ ਮਿਲਾਪ ਲਈ ਸਭ ਤੋਂ ਪਹਿਲੀ ਲੋੜ ਮੁਰਸ਼ਦ ਧਾਰਨ ਕਰਨ ਦੀ ਹੈ।

**ਅਲੀ ਹੈਦਰ (1690-1785 ਈ.) :** ਬੁੱਲ੍ਹੇ ਸ਼ਾਹ ਉਪਰੰਤ ਪੰਜਾਬੀ ਸੂਫ਼ੀ ਕਾਵਿ ਵਿੱਚ ਅਲੀ ਹੈਦਰ ਦਾ ਨਾਂ ਵੀ ਵਰਣਨਯੋਗ ਹੈ। ਕਾਦਰੀ ਸੰਪਰਦਾਇ ਨਾਲ ਸੰਬੰਧਿਤ ਅਲੀ ਹੈਦਰ ਦੀਆਂ ਰਚਨਾਵਾਂ ਵਿੱਚ ਸੀਹਰਫ਼ੀਆਂ, ਨਜ਼ਮ, ਦੀਵਾਨ, ਫੁਟਕਲ, ਸ਼ਿਅਰ, ਕਾਫ਼ੀਆਂ, ਵਾਰਤਾਲਾਪ (ਗੁਫ਼ਤਗੂ) ਆਦਿ ਸ਼ਾਮਿਲ ਹਨ। ਅਲੀ ਹੈਦਰ ਇੱਕ ਦਰਵੇਸ਼ ਸੂਫ਼ੀ ਕਵੀ ਸੀ। ਆਪ ਦੀਆਂ ਰਚਨਾਵਾਂ ਵਿੱਚ ਸੂਫ਼ੀਵਾਦ ਦੇ ਸਾਰੇ ਪੱਖਾਂ ਦਾ ਪ੍ਰਗਟਾਵਾ ਮਿਲਦਾ ਹੈ। ਆਪ ਨੇ ਸ਼ਰੀਅਤ ਦੀ ਪਾਲਣਾ ਕਰਦਿਆਂ ਤਸਵੁੱਫ਼ ਦੀਆਂ ਰਹੱਸਵਾਦੀ ਰਮਜ਼ਾਂ ਨੂੰ ਕਲਾਤਮਿਕ ਨਿਪੁੰਨਤਾ ਸਹਿਤ ਪੇਸ਼ ਕੀਤਾ ਹੈ।

**ਖ਼ਵਾਜਾ ਫ਼ਰਦ ਫ਼ਕੀਰ (1720-1790 ਈ.) :** ਪੰਜਾਬੀ ਸੂਫ਼ੀ ਕਾਵਿ ਦਾ ਅਗਲਾ ਸੂਫ਼ੀ ਕਵੀ ਖ਼ਵਾਜਾ ਫ਼ਰਦ ਫ਼ਕੀਰ ਹੈ। ਆਪ ਦੀਆਂ ਰਚਨਾਵਾਂ ਵਿੱਚ ਰੋਸ਼ਨ ਦਿਲ, ਸੀਹਰਫ਼ੀ, ਬਾਰਾਂਮਾਹ, ਕਸਬਨਾਮਾ, ਬਾਫ਼ਿੰਦਗਾ, ਕਸਬਨਾਮਾ ਹਜਾਮਾ ਆਦਿ ਕਾਵਿ-ਰੂਪਾਂ ਵਿੱਚ ਉਪਲਬਧ ਹੁੰਦੀ ਹੈ। ਆਪ ਇੱਕ ਸੱਚੇ-ਸੁੱਚੇ ਸ਼ਰ੍ਹਾ ਸੂਫ਼ੀ ਦਰਵੇਸ਼ ਸਨ। ਆਪ ਦੀ ਵਿਚਾਰਧਾਰਾ ਵਿੱਚ ਧਾਰਮਿਕ ਕੱਟੜਤਾ ਦਿਖਾਈ ਦਿੰਦੀ ਹੈ।

**ਗੁਲਾਮ ਜੀਲਾਨੀ ਰੋਹਤਕੀ (1749-1819 ਈ.) :** ਗੁਲਾਮ ਜੀਲਾਨੀ ਰੋਹਤਕੀ ਵੀ ਸੂਫ਼ੀ ਕਾਵਿ ਧਾਰਾ ਦਾ ਇੱਕ ਹੋਰ ਸੂਫ਼ੀ ਕਵੀ ਹੈ। ਆਪ ਸ਼ਰ੍ਹਾ ਦੇ ਪਾਬੰਦ ਸੂਫ਼ੀ ਦਰਵੇਸ਼ ਸਨ। ਆਪ ਦੀਆਂ ਰਚਨਾਵਾਂ ਵਿੱਚ ਜੋਗ ਸਾਗਰ, ਚੋਪਾਈਆ, ਪ੍ਰੇਮ ਪਿਆਲਾ, ਪ੍ਰੇਮ ਲਹਿਰਾਂ, ਸੀਰ ਤੁੱਲ, ਆਰਫੀਨ, ਸਲਵਾਤ-ਏ-ਕਯਮੀ, ਖਤੂਤ-ਅਲ-ਸਾਲਦੀਨ, ਹਾਜੀਮ ਮੁਰਸ਼ਦ, ਹੀਰ ਗੁਲਾਮ ਰੀਲਾਨੀ ਸ਼ਾਹ ਆਦਿ ਦੀਆਂ ਰਚਨਾਵਾਂ ਵਰਨਣਯੋਗ ਹਨ।

**ਹਾਸ਼ਮ ਸ਼ਾਹ (1753-182 ਈ.) :** ਹਾਸ਼ਮ ਸ਼ਾਹ ਕਾਦਰੀ ਸੰਪਰਦਾਇ ਨਾਲ ਸੰਬੰਧਿਤ ਇੱਕ ਉੱਚਕੋਟੀ ਦਾ ਸੂਫ਼ੀ ਫ਼ਕੀਰ ਸੀ। ਸੱਸੀ-ਪੁੰਨੂੰ, ਹੀਰ-ਰਾਂਝਾ, ਸੋਹਣੀ-ਮਹੀਵਾਲ, ਸ਼ੀਰੀ-ਫ਼ਰਿਹਾਦ, 208 ਦੋਹੜੇ, 7 ਡਿਊਢਾਂ, ਸੀਹਰਫ਼ੀਆਂ ਅਤੇ ਮੁਨਾਜਾਤਾਂ ਆਦਿ ਹਾਸ਼ਮ ਸ਼ਾਹ ਦੀਆਂ ਰਚਨਾਵਾਂ ਉਪਲਬਧ ਹੁੰਦੀਆਂ ਹਨ। ਆਪ ਦੀਆਂ ਰਚਨਾਵਾਂ ਦਾ ਕੇਂਦਰੀ ਵਿਸ਼ਾ ਇਸ਼ਕ-ਹਕੀਕੀ ਹੈ। ਜਿੱਥੇ ਹਾਸ਼ਮ ਸ਼ਾਹ ਦੁਨਿਆਵੀ ਪ੍ਰੀਤ-ਕਥਾਵਾਂ ਨੂੰ ਕਾਵਿ-ਬੱਧ ਕਰਕੇ ਆਪਣੇ ਆਪ ਨੂੰ ਇੱਕ ਉੱਚ-ਕੋਟੀ ਦਾ ਕਿੱਸਾਕਾਰ ਸਥਾਪਿਤ ਕੀਤਾ ਹੈ ਉੱਥੇ ਉਸਨੇ ਦੋਹੜੇ, ਡਿਊਢਾਂ, ਸੀਹਰਫ਼ੀਆਂ ਵਿੱਚ ਰਹੱਸਮਈ ਵਿਚਾਰਾਂ ਦਾ ਪ੍ਰਗਟਾਵਾ ਕਰਕੇ ਸੂਫ਼ੀ ਕਾਵਿ ਵਿੱਚ ਵਿਸ਼ੇਸ਼ ਸਥਾਨ ਹਾਸਿਲ ਕੀਤਾ ਹੈ।

**ਖ਼ਵਾਜਾ ਗੁਲਾਮ ਫ਼ਰੀਦ ਚਾਚੜਾ (1845-1901) :** ਖ਼ਵਾਜਾ ਗੁਲਾਮ ਫ਼ਰੀਦ ਚਾਚੜਾ ਇਸ ਕਾਵਿ ਧਾਰਾ ਦਾ ਇਕ ਹੋਰ ਅਹਿਮ ਸੂਫ਼ੀ ਕਵੀ ਹੈ। ਚਿਸ਼ਤੀ ਸੰਪਰਦਾਇ ਨਾਲ ਸੰਬੰਧਿਤ ਆਪ ਅਰਬੀ-ਫ਼ਾਰਸੀ ਦੇ ਮਹਾਨ ਵਿਦਵਾਨ ਸਨ। ਮੁਲਤਾਨੀ ਭਾਸ਼ਾ ਵਿੱਚ ਆਪ ਦੀਆਂ 272 ਕਾਫ਼ੀਆਂ ਅਤੇ 72 ਦੋਹੜੇ ਮਿਲਦੇ ਹਨ।

ਆਪ ਦੀਆਂ ਰਚਨਾਵਾਂ ਵਿੱਚ ਸੂਫ਼ੀ ਵਿਚਾਰਾਂ ਦੀ ਅਭਿਵਿਅਕਤੀ ਮਿਲਦੀ ਹੈ। ਜਿਨ੍ਹਾਂ ਵਿੱਚ ਸਰਵ-ਈਸ਼ਵਰਵਾਦ, ਰੱਬੀ ਇਸ਼ਕ 'ਤੇ ਬਲ, ਮੁਰਸ਼ਦ ਦਾ ਮਹੱਤਵ, ਸੰਸਾਰ ਦੀ ਨਾਸ਼ਮਾਣਤਾ, ਫ਼ਕੀਰੀ, ਫ਼ਨਾਅ ਅਤੇ ਬਕਾਅ ਆਦਿ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ।

**ਚਿਸ਼ਤੀ ਸੰਪਰਦਾਇ ਨਾਲ ਸੰਬੰਧਿਤ ਮੀਰਾਂ ਸ਼ਾਹ ਜਲੰਧਰੀ (1840-1914 ਈ.) :** ਆਪ ਇੱਕ ਉੱਚ ਕੋਟੀ ਦਾ ਸੂਫ਼ੀ ਦਰਵੇਸ਼ ਕਵੀ ਸਨ। ਆਪ ਦੀਆਂ ਰਚਨਾਵਾਂ ਵਿੱਚ ਹੀਰ-ਰਾਂਝਾ, ਮਿਰਜ਼ਾ-ਸਾਹਿਬਾ, ਸੋਹਣੀ-ਮਹੀਵਾਲ, ਗੁਲਦਸਤਾ ਮੀਰਾਂ ਸ਼ਾਹ ਜਲੰਧਰੀ, ਕੁਲਿਬਾਤੇ ਮੀਰਾਂ ਸ਼ਾਹ ਵਿਸ਼ੇਸ਼ ਹਨ। ਇਸ ਤੋਂ ਇਲਾਵਾ ਆਪ ਨੇ ਕਾਫ਼ੀਆਂ, ਸੀਹਰਫ਼ੀਆਂ, ਗ਼ਜ਼ਲਾਂ, ਬਾਰਾਂਮਾਹ, ਸਤਵਾਰਾ, ਡਿਊਢਾਂ ਆਦਿ ਦੀ ਰਚਨਾ ਵੀ ਕੀਤੀ।

ਉਕਤ ਸੂਫ਼ੀ ਕਵੀਆਂ ਤੋਂ ਇਲਾਵਾ ਪੰਜਾਬੀ ਸੂਫ਼ੀ ਕਾਵਿ ਦੇ ਦੀਪ ਨੂੰ ਪ੍ਰਜਵਲਿਤ ਕਰਨ ਵਿੱਚ ਸੱਯਦ ਕਰਮ ਅਲੀ, ਸ਼ਾਹ ਮੁਰਾਦ, ਅਕਬਰ ਸ਼ਾਹ, ਕਰੀਮ ਬਖ਼ਸ਼, ਗੁਲਾਮ ਮੁਸਤਫ਼ਾ, ਮੁਹੰਮਦ ਦੀਨ, ਬਹਾਦਰ, ਮੁਹੰਮਦ ਅਬਦੁੱਲ ਅਬੱਦੀ, ਉਮਰ ਬਖ਼ਸ਼, ਦਰਵੇਸ਼ ਭਗਵਾਨ ਸਿੰਘ ਆਦਿ ਸੂਫ਼ੀ ਕਵੀਆਂ ਨੇ ਆਪਣਾ-ਆਪਣਾ ਯੋਗਦਾਨ ਪਾਇਆ।

# ਸੂਫੀਮਤ : ਸਿੱਧਾਂਤ ਅਤੇ ਵਿਕਾਸ

ਸੂਫ਼ੀਮਤ ਜਾਂ ਸੂਫ਼ੀਵਾਦ ਦਾ ਆਧਾਰ ਇਸਲਾਮ ਧਰਮ ਹੈ। ਸੂਫ਼ੀ ਮੁਸਲਮਾਨ ਸਨ ਅਤੇ ਇਸਲਾਮ ਧਰਮ ਦੇ ਮੁੱਢਲੇ ਅਸੂਲਾਂ ਵਿਚ ਯਕੀਨ ਰੱਖਦੇ ਸਨ। ਕਈ ਵਿਦਵਾਨ ਇਸ ਮਤ ਦੇ ਧਾਰਨੀ ਹਨ ਕਿ ਸੂਫ਼ੀ ਇਸਲਾਮ ਦੇ ਵਿਰੋਧ ਵਜੋਂ ਹੋਂਦ ਵਿੱਚ ਆਏ ਅਤੇ ਉਹ ਇਸਲਾਮ ਦੇ ਬੁਨਿਆਦੀ ਸਿਧਾਂਤਾਂ ਅਤੇ ਵਿਸ਼ੇਸ਼ ਕਰਕੇ ਸ਼ਰ੍ਹਾ ਦੀ ਪਾਬੰਦੀ ਨੂੰ ਸਵੀਕਾਰ ਨਹੀਂ ਕਰਦੇ ਸਨ ਪਰੰਤੂ ਸੂਫ਼ੀਆਂ ਦੇ ਜੀਵਨ ਚਰਿਤਰ ਦੇ ਗੰਭੀਰ ਅਧਿਐਨ ਤੋਂ ਇਹ ਧਾਰਣਾ ਨਿਰਾਧਾਰ ਪ੍ਰਮਾਣਿਤ ਹੁੰਦੀ ਹੈ ਕਿ ਭਾਵੇਂ ਸੂਫ਼ੀਆਂ ਦੀਆਂ ਰਚਨਾਵਾਂ ਵਿਚ ਕਿਧਰੇ-ਕਿਧਰੇ ਸ਼ਰ੍ਹਾ ਦੀਆਂ ਪਾਬੰਦੀਆਂ ਦੇ ਵਿਰੋਧ ਵਿਚ ਆਵਾਜ਼ ਉਠਾਈ ਗਈ ਹੈ ਪਰੰਤੂ ਇਹ ਗੱਲ ਮੰਨ ਕੇ ਚਲਣਾ ਚਾਹੀਦਾ ਹੈ ਕਿ ਅਜਿਹਾ ਕੇਵਲ ਉਹੀ ਸੂਫ਼ੀ ਸਾਧਕ ਹੀ ਆਖਦੇ ਹਨ ਜੋ ਆਪਣੇ ਚਰਮ ਲਕਸ਼ ਅਰਥਾਤ ਪਰਮਾਤਮਾ ਦੀ ਪ੍ਰਾਪਤੀ ਦੀ ਮੰਜ਼ਿਲ ਤਕ ਪੁੱਜ ਜਾਂਦੇ ਹਨ। ਅਜਿਹੀ ਅਵਸਥਾ ਤੇ ਪੁੱਜ ਕੇ ਯਾਤਰਾ ਦੇ ਮੁੱਢਲੇ ਪੜਾਵਾਂ ਦੀ ਖਿੱਚ ਦੀ ਜਕੜਨ ਬਹੁਤੀ ਕਾਰਗਰ ਨਹੀਂ ਰਹਿੰਦੀ। ਇਸ ਲਈ ਇਹ ਆਖਿਆ ਜਾ ਸਕਦਾ ਹੈ ਕਿ ਸੂਫ਼ੀਮਤ ਜਾਂ ਵਾਦ ਇਸਲਾਮੀ ਚਿੰਤਨ ਦਾ ਰਹੱਸਾਤਮਕ ਪ੍ਰਗਟਾਵਾ ਹੈ। ਇਸ ਤਰ੍ਹਾਂ ਸੂਫ਼ੀਮਤ ਇਸਲਾਮ ਦਾ ਹੀ ਇਕ ਪਰਿਵਰਤਿਤ ਰੂਪ ਹੈ ਜਾਂ ਇਸਨੂੰ ਇਸਲਾਮ ਦੀ ਇਕ ਸ਼ਾਖਾ ਆਖਿਆ ਜਾ ਸਕਦਾ ਹੈ।

ਸੂਫ਼ੀਮਤ ਕਦੋਂ ਹੋਂਦ ਵਿਚ ਆਇਆ, ਇਸ ਬਾਰੇ ਵਿਭਿੰਨ ਮਤ ਪ੍ਰਚਲਿਤ ਹਨ। ਕਈ ਵਿਦਵਾਨ ਤਾਂ ਇਸ ਦਾ ਜਨਮ ਇਸਲਾਮ ਨਾਲ ਹੋਇਆ ਹੀ ਮੰਨਦੇ ਹਨ ਕਿਉਂਕਿ ਇਸਦੇ ਸਿਧਾਂਤਾਂ ਦਾ ਪ੍ਰਮੁੱਖ ਆਧਾਰ ਕੁਰਾਨ ਸ਼ਰੀਫ਼ ਹੀ ਹੈ। ਇਸ ਗੱਲ ਦੇ ਹਵਾਲੇ ਮਿਲਦੇ ਹਨ ਕਿ ਸੂਫ਼ੀ ਸ਼ਬਦ ਦਾ ਪ੍ਰਯੋਗ ਪਹਿਲੀ ਸਦੀ ਹਿਜਰੀ ਵਿਚ ਹੀ ਹੋਣ ਲੱਗ ਪਿਆ ਸੀ। ਇਹ ਸ਼ਬਦ ਕਿਸ ਪ੍ਰਥਾਇ ਵਰਤਿਆ ਗਿਆ ਇਹ ਜਾਣਨ ਲਈ ਸਾਨੂੰ 'ਸੂਫ਼ੀ' ਸ਼ਬਦ ਦੇ ਨਿਕਾਸ ਬਾਰੇ ਵਿਚਾਰ ਕਰਨਾ ਪਵੇਗਾ।

ਵਿਭਿੰਨ ਵਿਦਵਾਨਾਂ ਨੇ ਸੂਫ਼ੀ ਸ਼ਬਦ ਦਾ ਮੂਲ ਅਰਥ ਅਲੱਗ-ਅਲੱਗ ਧਾਤੂਆਂ ਅਤੇ ਸਥਿਤੀਆਂ ਤੋਂ ਮੰਨਿਆ ਹੈ। ਸੂਫ਼ੀਮੱਤ ਜਾਂ ਤਸੱਵੁਫ਼ ਨਾਲ ਸੰਬੰਧਿਤ ਵਿਭਿੰਨ ਪੁਸਤਕਾਂ ਵਿਚ ਇਸ ਸ਼ਬਦ ਦੇ ਅਸਲ ਬਾਰੇ ਜੋ ਵਿਭਿੰਨ ਵਿਚਾਰ ਪ੍ਰਗਟਾਏ ਗਏ ਉਹਨਾਂ ਵਿਚੋਂ ਕੁਝ ਨਿਮਨ ਲਿਖਤ ਅਨੁਸਾਰ ਹਨ :

1. ਸੂਫ਼ੀ ਸ਼ਬਦ ਦਾ ਮੂਲ 'ਸਫ਼ਾ' ਹੈ। ਸਫ਼ਾ ਦਾ ਭਾਵ ਸਫ਼ਾਈ ਤੋਂ ਹੈ। ਕਿਉਂਕਿ ਸੂਫ਼ੀ ਫ਼ਕੀਰ ਪਵਿੱਤਰਤਾ ਅਤੇ ਆਤਮਿਕ ਸਫ਼ਾਈ ਉੱਤੇ ਜ਼ੋਰ ਦਿੰਦੇ ਸਨ ਇਸ ਲਈ ਅਜਿਹੇ ਵਿਅਕਤੀਆਂ ਨੂੰ ਸੂਫ਼ੀ ਕਿਹਾ ਜਾਣ ਲੱਗ ਪਿਆ।

2. 'ਸਫ਼' ਤੋਂ ਵੀ ਸੂਫ਼ੀ ਸ਼ਬਦ ਦੀ ਉਤਪਤੀ ਕਈ ਵਿਦਵਾਨਾਂ ਨੇ ਸਵੀਕਾਰ ਕੀਤੀ ਹੈ। ਸਫ਼ ਦਾ ਅਰਥ ਕਤਾਰ ਜਾਂ ਪੰਕਤੀ ਹੈ। ਨਮਾਜ਼ ਪੜ੍ਹਨ ਲੱਗਿਆਂ ਜੋ ਲੋਕ ਸਫ਼ੇ-ਅੱਵਲ (ਮੂਹਰਲੀ ਪੰਕਤੀ) ਵਿਚ ਬੈਠਦੇ ਸਨ, ਉਹ ਆਮ ਤੌਰ 'ਤੇ

ਅਧਿਆਤਮਕ ਜੀਵਨ ਵਿਚ ਉੱਚਤਾ ਪ੍ਰਾਪਤ ਕਰ ਚੁੱਕੇ ਹੁੰਦੇ ਸਨ ਅਤੇ ਹੋਰ ਵਿਅਕਤੀ ਉਹਨਾਂ ਤੋਂ ਸਿੱਖਿਆ ਗ੍ਰਹਿਣ ਕਰਦੇ ਸਨ। ਇਸ ਲਈ ਉਹਨਾਂ ਨੂੰ ਸੂਫ਼ੀ ਆਖਿਆ ਜਾਣ ਲੱਗਾ।

3. 'ਸੁਫ਼ਾ' ਤੋਂ ਸੂਫ਼ੀ ਸ਼ਬਦ ਦੇ ਪ੍ਰਚਲਨ ਬਾਰੇ ਵੀ ਕੁਝ ਵਿਦਵਾਨ ਸੰਕੇਤ ਕਰਦੇ ਸਨ। ਸੁਫ਼ਾ ਕਿਸੇ ਘਰ ਦਾ ਇਕ ਮਹੱਤਵਪੂਰਨ ਹਿੱਸਾ ਹੁੰਦਾ ਹੈ। ਇਸ ਤਰ੍ਹਾਂ ਜਿਹੜੇ ਵਿਅਕਤੀ ਹਜ਼ਰਤ ਮੁਹੰਮਦ ਸਾਹਿਬ ਦੇ ਨਾਲ ਵਿਚਰਣ ਅਤੇ ਬੈਠਣ ਵਾਲੇ ਸਨ ਅਤੇ ਜਿਨ੍ਹਾਂ ਦੀ ਰੁਸਾਈ ਸੁਫ਼ਾ ਤਕ ਸੀ ਉਹ ਸੂਫ਼ੀ ਅਖਵਾਏ, ਕਿਉਂਕਿ ਉਹਨਾਂ ਨੂੰ ਹਜ਼ਰਤ ਮੁਹੰਮਦ ਸਾਹਿਬ ਦੀ ਨਿਕਟਤਾ ਪ੍ਰਾਪਤ ਸੀ।

4. ਇਕ ਹੋਰ ਵਿਚਾਰ ਅਨੁਸਾਰ ਸੂਫ਼ੀ ਸ਼ਬਦ ਦੀ ਉਤਪਤੀ 'ਸੂਫ਼' ਸ਼ਬਦ ਤੋਂ ਹੁੰਦੀ ਹੈ। ਸੂਫ਼ ਅਣਕੱਤੀ ਹੋਈ ਉੱਨ ਨੂੰ ਕਹਿੰਦੇ ਹਨ। ਸੂਫ਼ੀ ਫ਼ਕੀਰ ਆਪਣੀ ਨਿਰਮਾਣਤਾ ਅਤੇ ਤਿਆਗ਼ ਦੀ ਭਾਵਨਾ ਦਾ ਪ੍ਰਗਟਾਵਾ ਕਰਨ ਲਈ ਅਣਕੱਤੀ ਉੱਨ ਤੋਂ ਬਣੇ ਹੋਏ ਇਕ ਤਿਆਗ਼ ਦੀ ਭਾਵਨਾ ਦਾ ਪ੍ਰਗਟਾਵਾ ਕਰਨ ਲਈ ਅਣਕੱਤੀ ਉੱਨ ਤੋਂ ਬਣੇ ਹੋਏ ਇਕ ਲੰਬੇ ਚੋਲੇ ਨੂੰ ਧਾਰਣ ਕਰਦੇ ਸਨ ਅਤੇ ਇਹ ਆਮ ਤੌਰ 'ਤੇ ਕਾਲੇ ਰੰਗ ਦਾ ਹੁੰਦਾ ਸੀ।

ਉਪਰੋਕਤ ਤੋਂ ਇਲਾਵਾ ਸੂਫ਼ੀ ਸ਼ਬਦ ਦਾ ਨਿਕਾਸ ਕੁਝ ਹੋਰ ਸ਼ਬਦਾਂ ਤੋਂ ਵੀ ਹੋਇਆ ਮੰਨਿਆ ਜਾਂਦਾ ਹੈ ਪਰੰਤੂ ਜਦੋਂ ਅਸੀਂ ਇਹਨਾਂ ਸਾਰਿਆਂ ਬਾਰੇ ਭਾਸ਼ਾ ਵਿਗਿਆਨ ਅਤੇ ਵਿਆਕਰਣ ਦੀ ਦ੍ਰਿਸ਼ਟੀ ਤੋਂ ਵਿਚਾਰ ਕਰਦੇ ਹਾਂ ਤਾਂ ਇਹ ਸਪਸ਼ਟ ਹੁੰਦਾ ਹੈ ਕਿ ਸੂਫ਼ੀ ਸ਼ਬਦ ਦਾ ਮੂਲ ਇਹ ਸ਼ਬਦ ਨਹੀਂ ਹੋ ਸਕਦੇ ਕਿ ਭਾਸ਼ਾਈ ਸੰਰਚਨਾ ਦੇ ਪੱਖੋਂ ਇਹਨਾਂ ਦੀ ਉਤਪਤੀ ਸਹੀ ਸਾਬਤ ਨਹੀਂ ਹੁੰਦੀ। ਇਸ ਤਰ੍ਹਾਂ ਨਿਸ਼ਚੇ ਨਾਲ ਨਹੀਂ ਆਖਿਆ ਜਾ ਸਕਦਾ ਕਿ ਸੂਫ਼ੀ ਸ਼ਬਦ ਦਾ ਨਿਕਾਸ ਕਿਹੜੇ ਸ਼ਬਦ ਤੋਂ ਹੋਇਆ ਪਰੰਤੂ ਇਸ ਗੱਲ ਨੂੰ ਸਵੀਕਾਰ ਕਰਨ ਵਿਚ ਸਾਨੂੰ ਕੋਈ ਝਿਜਕ ਨਹੀਂ ਕਿ ਸੂਫ਼ੀਮਤ ਇਕ ਉੱਚ ਪਾਏ ਦਾ ਅਧਿਆਤਮਕ ਚਿੰਤਨ ਅਤੇ ਰਹੱਸਾਤਮਕ ਅਨੁਭਵ ਹੈ, ਜੋ ਕੁਰਾਨ ਮਜੀਦ ਅਤੇ ਇਸਲਾਮ ਦੀਆਂ ਸਿੱਖਿਆਵਾਂ ਨੂੰ ਆਧਾਰ ਬਣਾਕੇ, ਇਕ ਰੱਬ ਵਿਚ ਵਿਸ਼ਵਾਸ ਹੀ ਨਹੀਂ ਰੱਖਦਾ ਬਲਕਿ ਉਸਦੀ ਪ੍ਰਾਪਤੀ ਲਈ ਅਤੇ ਉਸ ਨਾਲ ਇਕਮਿਕਤਾ ਨੂੰ ਹੀ ਮਨੁੱਖੀ ਜੀਵਨ ਦਾ ਪਰਮ ਮਨੋਰਥ ਸਵੀਕਾਰ ਕਰਦਾ ਹੈ। ਸੂਫ਼ੀ ਦਾ ਕਾਰਜ ਅਸਲ ਵਿਚ ਅਧਿਆਤਮਕ ਯਾਤਰਾ ਦਾ ਕਾਰਜ ਹੈ। ਮਨੁੱਖੀ ਰੂਹ ਦੀ ਆਪਣੇ ਅਸਲੇ ਨਾਲ ਮਿਲਣ ਦੀ ਪਰਵਾਜ਼ ਹੈ। ਇਹ ਯਾਤਰਾ ਆਮ ਤੌਰ 'ਤੇ ਹੇਠ ਲਿਖੀਆਂ ਅਵਸਥਾਵਾਂ ਰਾਹੀਂ ਸੰਪੰਨ ਹੁੰਦੀ ਹੈ :

(ੳ) ਸ਼ਰੀਅਤ

(ਅ) ਤਰੀਕਤ

(ੲ) ਮਾਅਰਫ਼ਤ

(ਸ) ਹਕੀਕਤ

ਇਹਨਾਂ ਬਾਰੇ ਸੰਖੇਪ ਜਾਣਕਾਰੀ ਹਾਸਿਲ ਕਰਨਾ ਪ੍ਰਾਸੰਗਿਕ ਹੋਵੇਗਾ

**(ੳ) ਸ਼ਰ੍ਹੀਅਤ :** ਸ਼ਰ੍ਹੀਅਤ ਤੋਂ ਭਾਵ ਸ਼ਰਾ ਜਾਂ ਨਿਯਮਾਂ ਦੀ ਪਾਬੰਦੀ ਹੈ। ਜੀਵਨ ਵਿਚ ਵਿਚਰਣ ਦੇ ਅਸੂਲ ਹਨ। ਸੂਫ਼ੀਆਂ ਦਾ ਸੰਬੰਧ ਇਸਲਾਮ ਨਾਲ ਹੈ। ਸੂਫ਼ੀਮਤ ਦਰਅਸਲ ਇਸਲਾਮ ਦਾ ਹੀ ਇਕ ਰੂਪ ਹੈ। ਇਸ ਲਈ ਸ਼ਰ੍ਹੀਅਤ ਜਾਂ ਸੂਫ਼ੀ ਜਾਂਚ ਤੋਂ ਭਾਵ ਇਥੇ ਇਸਲਾਮਿਕ ਸ਼ਰ੍ਹਾ ਦੀ ਪਾਬੰਦੀ ਹੀ ਹੈ। ਮੁਸਲਮਾਨੀ ਸ਼ਰ੍ਹਾ ਦੇ ਬੁਨਿਆਦੀ ਤੌਰ ਤੇ ਪੰਜ ਨੁਕਤੇ ਹਨ :

1. ਕਲਮਾ ਉੱਤੇ ਯਕੀਨ
2. ਨਮਾਜ਼
3. ਰੋਜ਼ਾ
4. ਜ਼ਕਾਤ
5. ਹੱਜ

ਇਹਨਾਂ ਵਿਚ ਸਭ ਤੋਂ ਮਹੱਤਵਪੂਰਨ ਕਲਮਾ ਹੈ। ਕਲਮਾ ਅਸਲ ਵਿਚ ਇਸਲਾਮ ਦਾ ਮੂਲ ਮੰਤਰ ਹੈ। ਕਲਮੇ ਦੇ ਬੋਲ ਹਨ : **ਲਾਇੱਲਾਹ ਇਲਿੱਲਾਹ ਮੁਹੰਮਦ ਰਸੂਲ ਅੱਲਾਹ**। ਇਸਦੇ ਅਰਥ ਹਨ, ਕੋਈ ਰੱਬ ਨਹੀਂ ਸਿਵਾਇ ਇਕ ਰੱਬ ਦੇ, ਜਿਸਦੇ ਰਸੂਲ ਮੁਹੰਮਦ ਹਨ। ਇਸ ਤਰ੍ਹਾਂ ਕਲਮਾ ਮੁਸਲਮਾਨ ਨੂੰ ਇੱਕ ਰੱਬ ਉੱਤੇ ਵਿਸ਼ਵਾਸ਼ ਕਰਨ ਲਈ ਆਖਦਾ ਹੈ। ਰੱਬ ਇਕ ਅਤੇ ਕੇਵਲ ਇਕ ਹੀ ਹੈ। ਇਸ ਤਰ੍ਹਾਂ ਵਹਿਦਤ-ਉਲ-ਵਜੂਦ ਭਾਵ ਇਕ ਈਸ਼ਵਰਵਾਦੀ ਧਰਮ ਹੈ। ਸੂਫ਼ੀ ਵੀ ਖੁਦਾ ਦੇ ਇਕ ਹੋਣ ਵਿਚ ਪੂਰੀ ਤਰ੍ਹਾਂ ਯਕੀਨ ਰੱਖਦਾ ਹੈ ਅਤੇ ਨਾਲ ਹੀ ਕਲਮੇ ਦੇ ਦੂਸਰੇ ਹਿੱਸੇ ਅਰਥਾਤ ਮੁਹੰਮਦ ਸਾਹਿਬ ਦੀ ਰਸੂਲੀਅਤ ਵੀ ਸਵੀਕਾਰ ਕਰਦਾ ਹੈ।

**ਨਮਾਜ਼ :** 'ਨਮਾਜ਼' ਖ਼ੁਦਾ ਦੇ ਨਾਮ ਦੀ ਇਬਾਦਤ ਹੈ। ਇਹ ਦਿਨ-ਰਾਤ ਦੇ ਚੌਵੀ ਘੰਟਿਆਂ ਵਿਚ ਪੰਜ ਵਾਰੀ ਕਰਨੀ ਲਾਜ਼ਮੀ ਹੈ। ਜੇਕਰ ਕੋਈ ਵਿਅਕਤੀ ਚਾਹੇ ਤਾਂ ਉਹ ਪੰਜ ਤੋਂ ਜ਼ਿਆਦਾ ਵਾਰ ਵੀ ਨਮਾਜ਼ ਪੜ੍ਹ ਸਕਦਾ ਹੈ। ਨਮਾਜ਼ ਪੜ੍ਹਨ ਦੇ ਕੁਝ ਅਸੂਲ ਹਨ ਜਿੰਨ੍ਹਾਂ ਦੇ ਵਿਸਤਾਰ ਵਿੱਚ ਜਾਣਾ ਅਸੰਗਤ ਹੋਵੇਗਾ ਪਰੰਤੂ ਵੁਜ਼ੂ ਕਰਨਾ (ਪਾਣੀ ਨਾਲ ਸਫ਼ਾਈ ਕਰਨੀ) ਜਾਂ ਪਵਿੱਤਰ ਹੋਣਾ, ਕੱਪੜਿਆਂ ਨਾਲ ਸਿਰ ਢੱਕਣਾ, ਮੱਕਾ ਸ਼ਰੀਫ਼ ਵੱਲ ਮੂੰਹ ਕਰਨਾ, ਸਮੇਂ ਦਾ ਪਾਬੰਦ ਹੋਣਾ ਆਦਿ ਪ੍ਰਮੁੱਖ ਆਖੇ ਜਾ ਸਕਦੇ ਹਨ।

ਸ਼ਰ੍ਹਾ ਦਾ ਤੀਜਾ ਪਹਿਲੂ 'ਰੋਜ਼ਾ' ਹੈ। ਰੋਜ਼ਾ ਪਵਿੱਤਰ ਰਮਜ਼ਾਨ ਦੇ ਮਹੀਨੇ ਵਿਚ ਰੱਖਿਆ ਜਾਣ ਵਾਲਾ ਅਜਿਹਾ ਵਰਤ ਹੈ ਜਿਸ ਵਿਚ ਰੋਜ਼ਦਾਰ ਖਾਣ-ਪੀਣ ਤੋਂ ਗੁਰੇਜ਼ ਕਰਦਾ ਹੈ। ਇਸ ਤਰ੍ਹਾਂ ਉਹ ਆਪਣੀਆਂ ਇੱਛਾਵਾਂ ਤੇ ਕਾਬੂ ਪਾਉਂਦਾ ਹੈ ਅਤੇ ਆਪਣੇ ਆਪ ਨੂੰ ਪ੍ਰਭੂ ਨਾਲ ਇਕਮਿਕਤਾ ਦਾ ਪਾਤਰ ਬਣਾਉਂਦਾ ਹੈ।

ਸ਼ਰ੍ਹਾ ਦਾ ਅਗਲੇਰਾ ਰੁਕਨ 'ਜ਼ਕਾਤ' ਹੈ। ਜ਼ਕਾਤ ਦਾ ਜ਼ਿਕਰ ਕੁਰਾਨ ਸ਼ਰੀਫ਼ ਵਿਚ ਨਮਾਜ਼ ਦੇ ਨਾਲ-ਨਾਲ ਕਈ ਥਾਵਾਂ 'ਤੇ ਹੋਇਆ ਹੈ। ਜ਼ਕਾਤ ਆਪਣੀ ਨੇਕ ਕਮਾਈ ਵਿਚੋਂ ਲੋੜਵੰਦਾਂ ਲਈ ਕੁਝ ਹਿੱਸਾ ਕੱਢਣਾ ਜਾਂ ਦਾਨ ਕਰਨਾ ਹੈ। ਜ਼ਕਾਤ ਸਮਾਜਕ ਸਹਿਚਾਰ ਦਾ ਆਧਾਰ ਹੈ। ਇਹ ਮਨੁੱਖ ਦੇ ਮਨ ਵਿਚੋਂ ਦੁਨਿਆਵੀ ਵਸਤੂਆਂ ਅਤੇ ਧਨ ਦੌਲਤ ਨੂੰ ਸੰਚਿਤ ਕਰਨ ਦੀ ਲਾਲਸਾ ਨੂੰ ਖਤਮ ਕਰਨ ਲਈ ਪ੍ਰੇਰਿਤ ਕਰਦੀ ਹੈ।

ਸ਼ਰ੍ਹੀਅਤ ਦਾ ਆਖਰੀ ਅੰਗ 'ਹੱਜ' ਹੈ। ਹੱਜ ਪਵਿੱਤਰ ਮੱਕਾ ਸ਼ਰੀਫ਼ ਦੀ ਯਾਤਰਾ ਹੈ। ਆਰਥਿਕ ਸਮਰਥਾ ਰੱਖਣ ਵਾਲੇ ਹਰ ਮੁਸਲਮਾਨ ਮਰਦ ਔਰਤ ਲਈ ਆਪਣੇ ਜੀਵਨ ਕਾਲ ਦੌਰਾਨ ਇਕ ਵਾਰੀ ਮੱਕੇ ਦੀ ਯਾਤਰਾ ਕਰਨਾ ਫ਼ਰਜ਼ ਹੈ।

ਸ਼ਰਾ ਦੇ ਉਪਰੋਕਤ ਰੁਕਨਾਂ ਦੀ ਪਾਲਣਾ ਕਰਨਾ ਹਰ ਮੁਸਲਮਾਨ ਲਈ ਜ਼ਰੂਰੀ ਹੈ। ਸੂਫ਼ੀ ਵੀ ਮੂਲ ਰੂਪ ਵਿਚ ਇਸਲਾਮਿਕ ਸ਼ਰ੍ਹਾ ਦੀ ਪਾਬੰਦੀ ਨੂੰ ਸਵੀਕਾਰ ਕਰਦਾ ਹੈ। ਇਹ ਗੱਲ ਵੱਖਰੀ ਹੈ ਕਿ ਜਿਉਂ-ਜਿਉਂ ਉਹ ਪ੍ਰਭੂ-ਪ੍ਰਾਪਤੀ ਦੀਆਂ ਮੰਜ਼ਿਲਾਂ 'ਤੇ ਅੱਗੇ ਵਧਦਾ ਜਾਂਦਾ ਹੈ ਉਹ ਸ਼ਰ੍ਹਾ ਦੀਆਂ ਬੰਦਸ਼ਾਂ ਤੋਂ ਆਜ਼ਾਦ ਹੋਈ ਜਾਂਦਾ ਹੈ ਪਰੰਤੂ ਪ੍ਰਭੂ ਨਾਲ ਇਕਮਿਕਤਾ ਦੀ ਯਾਤਰਾ 'ਤੇ ਤੁਰਨ ਲੱਗਿਆਂ ਉਸਦਾ ਸ਼ਰ੍ਹੀਅਤ ਦੀ ਪਾਲਣਾ ਕਰਨਾ ਲਾਜ਼ਮੀ ਹੈ।

**(ਅ) ਤਰੀਕਤ :** ਤਰੀਕਤ ਦਾ ਸਾਧਾਰਨ ਸ਼ਬਦਾਂ ਵਿਚ ਅਰਥ ਤਰੀਕਾ ਹੋ ਸਕਦਾ ਹੈ। ਸ਼ਰ੍ਹਾ ਦੀ ਪਾਬੰਦੀ ਨੂੰ ਸਵੀਕਾਰ ਕਰਦਾ ਹੋਇਆ ਸਾਧਕ ਆਪਣੇ ਆਪ ਨੂੰ ਪੂਰੀ ਤਰ੍ਹਾਂ ਖੁਦਾ ਅਤੇ ਉਸਦੀ ਰਜ਼ਾ ਦੇ ਹਵਾਲੇ ਕਰ ਦਿੰਦਾ ਹੈ। ਇਸ ਸਪੁਰਦਗੀ ਵਿਚੋਂ ਹੀ ਉਸ ਦੀ ਪਰਮਾਤਮਾ ਨਾਲ ਇਕਮਿਕਤਾ ਦੀ ਤਾਂਘ ਨੂੰ ਪੁਸ਼ਟੀ ਮਿਲਦੀ ਹੈ ਅਤੇ ਉਹ ਪ੍ਰਭੂ ਪ੍ਰਾਪਤੀ ਦੇ ਮਾਰਗ 'ਤੇ ਨਿਕਲ ਤੁਰਦਾ ਹੈ। ਇਹ ਮਾਰਗ ਅਤਿਅੰਤ ਦੁਸ਼ਵਾਰ ਹੈ। ਇਸ ਲਈ ਉਸਨੂੰ ਕਿਸੇ ਮਾਰਗ-ਦਰਸ਼ਕ ਜਾਂ ਰਹਿਬਰ ਦੀ ਲੋੜ ਮਹਿਸੂਸ ਹੁੰਦੀ ਹੈ। ਉਹ ਕਿਸੇ ਮੁਰਸ਼ਦ ਜਾਂ ਗੁਰੂ ਦੀ ਸ਼ਰਨ ਵਿਚ ਜਾਂਦਾ ਹੈ। ਗੁਰੂ ਜਾਂ ਮੁਰਸ਼ਦ ਉਸਨੂੰ ਪ੍ਰਭੂ-ਪ੍ਰਾਪਤੀ ਦੇ ਮਾਰਗ ਤੋਂ ਵਾਕਿਫ਼ ਕਰਵਾਉਂਦਾ ਹੈ। ਮੁਰਸ਼ਦ ਪ੍ਰਭੂ-ਪ੍ਰਾਪਤੀ ਦਾ ਸਾਧਨ ਦੱਸਦਾ ਹੈ ਅਤੇ ਸੂਫ਼ੀ ਸਾਧਕ ਲਈ ਇਹ ਸਾਧਨ ਪ੍ਰਭੂ ਦਾ ਪਿਆਰ ਜਾਂ ਇਸ਼ਕ ਹੈ। ਸਾਧਕ ਇਸ਼ਕ ਹਕੀਕੀ ਦੀ ਵਿਧੀ ਨੂੰ ਅਪਨਾ ਕੇ ਆਪਣੀ ਮੰਜ਼ਿਲੇ ਮਕਸੂਦ ਵਲ ਅਗਰਸਰ ਹੁੰਦਾ ਹੈ।

**(ੲ) ਮਾਰਫ਼ਤ :** ਮਾਰਫ਼ਤ ਗਿਆਨ ਦੀ ਇਕ ਵਿਸ਼ਿਸ਼ਟ ਅਵਸਥਾ ਹੈ। ਜਿਸ ਸੂਫ਼ੀ ਸਾਧਕ ਦੇ ਦਿਲ ਵਿਚ ਰੱਬੀ ਪਿਆਰ ਦਾ ਨਿਵਾਸ ਹੈ ਉਸ ਦੇ ਦਿਲ ਵਿਚ ਫਿਰ ਹੋਰ ਕਿਸੇ ਵੀ ਚਾਜ਼ ਦੀ ਥਾਂ ਨਹੀਂ ਰਹਿੰਦੀ। ਉਹ ਵੈਰ-ਵਿਰੋਧ, ਕੀਨਾ ਸਾੜਾ ਤੋਂ ਉਪਰ ਉੱਠ ਜਾਂਦਾ ਹੈ ਅਤੇ ਦੁਨਿਆਵੀ ਝਗੜਿਆਂ ਆਦਿ ਨੂੰ ਛੱਡ ਦਿੰਦਾ ਹੈ। ਉਹ ਖੁਦਾ ਨੂੰ ਹੀ ਆਪਣਾ ਦੋਸਤ ਅਤੇ ਸਭ ਕੁਝ ਸਮਝਦਾ ਹੈ। ਉਹ ਸੰਸਾਰ ਦੀਆਂ ਸਾਰੀਆਂ ਵਸਤੂਆਂ ਅਤੇ ਸਾਰੇ ਰਿਸ਼ਤਿਆਂ ਦੀ ਜਕੜ ਤੋਂ ਉਪਰ ਉੱਠ ਕੇ ਕੇਵਲ ਖੁਦਾ ਦੀ ਯਾਦ ਅਤੇ ਜ਼ਿਕਰ ਨੂੰ ਹੀ ਆਪਣੇ ਜੀਵਨ ਦਾ ਮੂਲ ਬਣਾ ਲੈਂਦਾ ਹੈ। ਉਹ ਰੱਬ ਤੋਂ ਭੈਅ ਖਾਂਦਾ ਹੈ। ਉਸ ਤੋਂ ਸ਼ਰਮ ਕਰਦਾ ਹੈ ਅਤੇ ਉਸ ਵਿਚ ਆਪਣੀ ਸ਼ਾਂਤੀ ਮਹਿਸੂਸ ਕਰਦਾ ਹੈ।

**(ਸ) ਹਕੀਕਤ :** ਹਕੀਕਤ ਰੱਬੀ ਸਚਾਈ ਹੈ। ਇਹ ਸੂਫ਼ੀ ਸਾਧਨਾ ਦੀ ਅੰਤਿਮ ਮੰਜ਼ਿਲ ਹੈ। ਇਸ ਅਵਸਥਾ ਉੱਤੇ ਪੁੱਜਕੇ ਸੂਫ਼ੀ ਸਾਧਕ ਆਪਣੇ ਜੀਵਨ ਦੇ ਅਸਲ ਮਕਸਦ ਨੂੰ ਪ੍ਰਾਪਤ ਕਰ ਲੈਂਦਾ ਹੈ। ਇਹ ਮੁਕਾਮ ਫ਼ਨਾ-ਫ਼ੀ-ਅੱਲਾ (ਆਪਣੇ ਆਪ ਨੂੰ ਮਿਟਾ ਕੇ ਅੱਲਾਹ ਵਿਚ ਅਭੇਦ ਹੋ ਜਾਣ ਦਾ ਅਮਲ) ਦਾ ਹੈ ਜਾਂ ਬਕਾ (ਅੱਲਾਹ ਨਾਲ

ਮਿਲਕੇ ਉਸੇ ਦਾ ਹੀ ਰੂਪ ਹੋ ਕੇ ਸਦੀਵਤਾ ਗ੍ਰਹਿਣ ਕਰਨਾ) ਦਾ ਹੈ। ਇਸ ਅਵਸਥਾ ਤੋਂ ਆ ਕੇ ਆਪਾ ਅਤੇ ਪਰ ਮਿਟ ਜਾਂਦਾ ਹੈ।

ਸੂਫ਼ੀਆਂ ਦੀ ਇਸ ਅਧਿਆਤਮਕ ਯਾਤਰਾ ਨੂੰ ਕੁਝ ਵਿਦਵਾਨਾਂ ਨੇ ਵਿਭਿੰਨ ਅੱਠ ਮੁਕਾਮਾਂ (ਅਵਸਥਾਵਾਂ) ਦੇ ਅੰਤਰਗਤ ਵੀ ਬਿਆਨਿਆ ਹੈ। ਇਹ ਅੱਠ ਮੁਕਾਮ ਨਿਮਨ ਲਿਖਤ ਹਨ :

| | |
|---|---|
| 1. ਅਬੂਦੀਅਤ | ਰੱਬ ਦਾ ਸੇਵਕ ਬਣਨਾ |
| 2. ਇਸ਼ਕ | ਪ੍ਰੇਮ ਪਿਆਰ |
| 3. ਜ਼ੁਹਦ | ਤਪ ਅਤੇ ਬੰਦਗੀ |
| 4. ਮਾਰਫ਼ਤ | ਅਧਿਆਤਮਕ ਗਿਆਨ ਦੀ ਪ੍ਰਾਪਤੀ ਦੀ ਅਵਸਥਾ |
| 5. ਵਜਦ | ਮਸਤੀ ਜਾਂ ਹਾਲ ਦੀ ਅਵਸਥਾ |
| 6. ਹਕੀਕਤ | ਪਰਮਾਤਮਾ ਦੀ ਹਕੀਕਤ ਅਤੇ ਸਦੀਵਤਾ ਨੂੰ ਜਾਣਨ ਦੀ ਅਵਸਥਾ |
| 7. ਵਸਲ | ਪਰਮਾਤਮਾ ਨਾਲ ਮਿਲਣ ਦੀ ਅਵਸਥਾ |
| 8. ਫ਼ਨਾ | ਆਪਣੀ ਹਸਤੀ ਨੂੰ ਪਰਮਾਤਮਾ ਦੇ ਮੁਕਾਬਲੇ ਨਕਾਰਨ ਦੀ ਅਵਸਥਾ |

ਇਸ ਤੋਂ ਇਲਾਵਾ ਕੁਝ ਹੋਰ ਵਿਦਵਾਨਾਂ ਨੇ ਹੇਠ ਲਿਖੇ ਅਨੁਸਾਰ ਵੀ ਸੂਫ਼ੀ ਸਾਧਨਾ ਦੇ ਵਿਭਿੰਨ ਮੁਕਾਮਾਂ ਦੀ ਨਿਸ਼ਾਨਦੇਹੀ ਕੀਤੀ ਹੈ :

**1. ਤੌਬਾ :** ਆਪਣੇ ਕੀਤੇ ਤੇ ਸ਼ਰਮਿੰਦਾ ਜਾਂ ਪਸ਼ੇਮਾਣ ਹੋਣਾ, ਅੱਗੇ ਤੋਂ ਗੁਨਾਹਾਂ ਤੋਂ ਬਾਜ ਆਉਣਾ ਅਤੇ ਹੱਬ ਨਾਲ ਜੁੜਨਾ।

**2. ਪਰਹੇਜ਼ :** ਮਾੜੇ ਕੰਮਾਂ ਤੋਂ ਗੁਰੇਜ਼ ਕਰਨਾ। ਪਰਹੇਜ਼ਗਾਰੀ ਵਿਚ ਤਿੰਨ ਪੱਖ ਆਵੱਸ਼ਕ ਹਨ : (ੳ) ਕਿਸੇ ਵਸਤੂ ਦੇ ਨਾ ਮਿਲਣ ਉੱਤੇ ਅੱਲਾਹ 'ਤੇ ਵਿਸ਼ਵਾਸ ਰੱਖਣਾ ਕਿ ਉਹ ਅਵੱਸ਼ ਦਵੇਗਾ (ਅ) ਜੋ ਕੁਝ ਅੱਲਾਹ ਨੇ ਦਿੱਤਾ ਹੋਇਆ ਹੈ ਉਸ ਨਾਲ ਰਾਜ਼ੀ ਰਹਿਣਾ ਅਤੇ (ੲ) ਜੋ ਮਿਲ ਕੇ ਵੀ ਕੋਲ ਨਾ ਰਹੇ ਉਸ ਉੱਤੇ ਸਬਰ ਕਰਨਾ।

**3. ਫ਼ਕਰ :** ਫ਼ਕੀਰੀ ਜਾਂ ਗਰੀਬੀ ਜਾਂ ਦਰਵੇਸ਼ੀ ਜੀਵਨ ਬਤੀਤ ਕਰਨਾ।

**4. ਸਬਰ :** ਹਰ ਹਾਲ ਵਿਚ ਸੰਤੁਸ਼ਟ ਰਹਿਣਾ।

**5. ਯਕੀਨ :** ਰੱਬ ਦੀ ਜਾਤ ਅਤੇ ਉਸਦੀ ਰਹਿਮਤ ਵਿਚ ਯਕੀਨ ਰੱਖਣਾ।

**6. ਰਜ਼ਾ :** ਪਰਮਾਤਮਾ ਦੇ ਭਾਣੇ ਨੂੰ ਸਵੀਕਾਰ ਕਰਨਾ।

**7. ਸ਼ੌਕ :** ਦਿਲ ਵਿਚ ਪਰਮਾਤਮਾ ਦੀ ਪ੍ਰਾਪਤੀ ਅਤੇ ਉਸ ਨਾਲ ਇਕਮਿਕਤਾ ਦੀ

**ਇੱਛਾ, ਖਾਹਿਸ਼ ਜਾਂ ਤਮੰਨਾ ਉਤਪੰਨ ਹੋਣਾ।**

ਸਮੁੱਚੇ ਤੌਰ 'ਤੇ ਆਖਿਆ ਜਾ ਸਕਦਾ ਹੈ ਕਿ ਤਸਵੁੱਫ਼ ਜਾਂ ਸੂਫ਼ੀਮਤ ਇਕ ਅਜਿਹਾ ਅਮਲੀ ਦਰਸ਼ਨ ਹੈ ਜੋ ਸਾਨੂੰ ਹਕੀਕਤ ਦੀ ਸੋਝੀ ਕਰਾਉਂਦਾ ਹੈ, ਉਸਨੂੰ ਪ੍ਰਾਪਤ ਕਰਨ ਦਾ ਮਾਰਗ ਦੱਸਦਾ ਹੈ ਅਤੇ ਇਸ ਮਾਰਗ ਉੱਤੇ ਚਲਦਿਆਂ ਹੋਇਆਂ

ਪ੍ਰਭੂ-ਪਰਮਾਤਮਾ ਨਾਲ ਇਕਮਿਕ ਹੋਣ ਲਈ ਪ੍ਰੇਰਿਤ ਅਤੇ ਉਤਸ਼ਾਹਤ ਕਰਦਾ ਹੈ। ਇਸ ਮਾਰਗ ਉੱਤੇ ਚਲਦਿਆਂ ਹੋਇਆਂ ਸੂਫ਼ੀ ਸਾਧਕ ਮੁਰਸ਼ਦ ਦੀ ਸ਼ਰਨ ਵਿਚ ਆ ਕੇ ਇਸ਼ਕ ਹਕੀਕੀ (ਰੱਬ ਦਾ ਪਿਆਰ) ਦੇ ਰੰਗ ਵਿਚ ਅਜਿਹਾ ਰੰਗਿਆ ਜਾਂਦਾ ਹੈ ਕਿ ਉਸ ਵਿਚ ਹੰਕਾਰ, ਵੈਰ-ਵਿਰੋਧ, ਕੀਨਾ, ਸਾੜਾ, ਦਵੈਤ ਆਦਿ ਖ਼ਤਮ ਹੋ ਜਾਂਦੇ ਹਨ ਅਤੇ ਇਹਨਾਂ ਦੀ ਥਾਂ ਨਿਮਰਤਾ, ਹਿਰਦੇ ਦੀ ਸ਼ੁਧਤਾ ਅਤੇ ਸਾਰਿਆਂ ਲਈ ਪਿਆਰ ਦੇ ਭਾਵ ਉਤਪਨ ਹੁੰਦੇ ਹਨ। ਇਕ ਸੂਫ਼ੀ ਸਾਧਕ ਉੱਚ ਸਦਾਚਾਰੀ ਕੀਮਤਾਂ ਦਾ ਧਾਰਣੀ ਹੁੰਦਾ ਹੈ। ਸੂਫ਼ੀ ਸਾਧਕ ਸਦਾ ਰੱਬ ਨੂੰ ਆਪਣੇ ਅੰਗ-ਸੰਗ ਸਮਝਦਾ ਹੈ ਅਤੇ ਉਸ ਪ੍ਰਭੂ ਦੀ ਵਾਸਤਵਿਕਤਾ ਨੂੰ ਜਾਣਨ ਲਈ ਤਿਆਰ ਰਹਿੰਦਾ ਹੈ। ਹਿਰਦੇ ਨੂੰ ਪਾਕ ਅਤੇ ਪਵਿੱਤਰ ਕਰਕੇ, ਚੰਗੇ ਅਮਲਾਂ ਨੂੰ ਆਪਣੀ ਜੀਵਨ ਜਾਂਚ ਬਣਾ ਕੇ, ਪ੍ਰਭੂ ਪ੍ਰੇਮ ਦੇ ਰੰਗ ਵਿਚ ਰੰਗੇ ਜਾ ਕੇ, ਪ੍ਰੇਮ ਪਿਆਰ ਦੇ ਸਰਮਾਏ ਨਾਲ ਮਾਲੋਮਾਲ ਹੋ ਕੇ, ਬਕਾ ਦੀ ਅਵਸਥਾ ਤਕ ਪੁੱਜਣਾ ਹੀ ਸੂਫ਼ੀ ਸਾਧਕ ਦਾ ਪਰਮ ਲਕਸ਼ ਹੈ।

ਸੂਫ਼ੀਮਤ ਦੇ ਆਰੰਭ ਬਾਰੇ ਅਜੇ ਤਕ ਪ੍ਰਮਾਣਿਕ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਇਸ ਦੇ ਉਦਗਮ ਬਾਰੇ ਕਈ ਮਤ ਪ੍ਰਚਲਿਤ ਹਨ, ਜਿਵੇਂ ਕਿ :

1. ਇਸਲਾਮ ਇਕ ਕੱਟੜ ਧਰਮ ਹੈ ਜਿਸ ਦੇ ਆਰੀਆਈ ਜਾਂ ਵੇਦਾਂਤੀ ਪ੍ਰਤਿਕਰਮ ਵਜੋਂ ਸੂਫ਼ੀ ਮਤ ਦਾ ਜਨਮ ਹੋਇਆ।

2. ਇਸਲਾਮ ਉੱਤੇ ਈਸਾਈ ਵਿਚਾਰਧਾਰਾ ਦੇ ਪ੍ਰਭਾਵ ਵਿਚ ਸੂਫ਼ੀਮਤ ਦਾ ਜਨਮ ਹੋਇਆ।

3. ਸੂਫ਼ੀਵਾਦ ਦਾ ਉਦਗਮ ਨਵ-ਅਫ਼ਲਾਤੂਨੀ ਦਰਸ਼ਨ ਵਿਚੋਂ ਹੋਇਆ।

4. ਸੂਫ਼ੀਵਾਦ ਆਪਣੇ ਆਪ ਵਿਚ ਸੁਤੰਤਰ ਇਕ ਅਨੁਭਵੀ ਦਰਸ਼ਨ ਹੈ ਜੋ ਇਸਲਾਮ ਦੇ ਨਾਲ-ਨਾਲ ਹੀ ਹੋਂਦ ਵਿਚ ਆਇਆ।

5. ਸੂਫ਼ੀਵਾਦ ਪੂਰਣ ਤੌਰ 'ਤੇ ਇਕ ਇਸਲਾਮਕ ਦਰਸ਼ਨ ਹੈ ਜਾਂ ਇਸਲਾਮੀ ਜੀਵਨ ਜਾਂਚ ਜੋ ਬੁਨਿਆਦੀ ਤੌਰ 'ਤੇ ਕੁਰਾਨ ਸ਼ਰੀਫ਼ ਉੱਤੇ ਆਧਾਰਿਤ ਹੈ ਅਤੇ ਇਸ ਦੇ ਵਿਭਿੰਨ ਪਹਿਲੂਆਂ ਨੂੰ ਕੁਰਾਨ ਸ਼ਰੀਫ਼ ਤੋਂ ਹੀ ਪੁਸ਼ਟੀ ਮਿਲਦੀ ਹੈ।

ਭਾਵੇਂ ਇਹਨਾਂ ਵਿਭਿੰਨ ਵਿਚਾਰਾਂ ਵਿਚੋਂ ਕਿਸੇ ਇਕ ਨਾਲ ਪੂਰੀ ਸਹਿਮਤੀ ਵਿਦਵਾਨਾਂ ਨੇ ਨਹੀਂ ਪ੍ਰਗਟਾਈ ਪਰੰਤੂ ਸੂਫ਼ੀਆਂ ਦਾ ਮੂਲ ਧਰਮ ਇਸਲਾਮ ਹੋਣ ਕਰਕੇ ਇਸ ਮਤ ਨੂੰ ਵਧੇਰੇ ਪੁਸ਼ਟੀ ਮਿਲਦੀ ਹੈ ਕਿ ਸੂਫ਼ੀ ਮਤ ਇਸਲਾਮਕ ਜੀਵਨ ਦਾ ਹੀ ਪ੍ਰਤੀਬਿੰਬ ਹੈ ਅਤੇ ਇਸ ਦਾ ਜਨਮ ਇਸਲਾਮ ਵਿਚੋਂ ਹੀ ਹੋਇਆ। ਸੂਫ਼ੀਵਾਦ ਇਸਲਾਮ ਨਾਲ ਇਕ ਸੁਰ ਹੈ। ਫਿਰ ਵੀ ਇਸ ਦਾ ਵੱਖਰਾ ਸਰੂਪ ਹੋਂਦ ਵਿਚ ਆਉਣ ਦਾ ਸਮਾਂ ਅੱਠਵੀਂ ਨੌਵੀਂ ਸਦੀ ਦੇ ਨੇੜੇ ਤੇੜੇ ਮੰਨਿਆ ਜਾਂਦਾ ਹੈ। ਇਸਦਾ ਨਿਕਾਸ ਈਰਾਨ, ਇਰਾਕ, ਸੀਰੀਆ ਆਦਿ ਦੇਸ਼ਾਂ ਵਿਚ ਹੋਇਆ।

# ਪ੍ਰਮੁੱਖ ਪੰਜਾਬੀ ਸੂਫੀ ਕਵੀ : ਬਾਬਾ ਫ਼ਰੀਦ

ਬਾਬਾ ਫ਼ਰੀਦ ਜੀ ਨੂੰ ਪੰਜਾਬੀ ਸਾਹਿਤ ਦੇ ਪਹਿਲੇ ਕਵੀ ਹੋਣ ਦਾ ਮਾਣ ਪ੍ਰਾਪਤ ਹੈ। ਬਾਬਾ ਫ਼ਰੀਦ ਜੀ ਆਪਣੀ ਬੋਲੀ ਵਿਚ ਅਧਿਕ ਕਰਕੇ ਲਹਿੰਦੀ ਭਾਸ਼ਾ ਦਾ ਪ੍ਰਯੋਗ ਕਰਦੇ ਹਨ ਕਿਉਂਕਿ ਇਸ ਭਾਸ਼ਾ ਨੂੰ ਉਸ ਵੇਲੇ ਸਾਹਿਤਕ ਭਾਸ਼ਾ ਹੋਣ ਦਾ ਦਰਜਾ ਪ੍ਰਾਪਤ ਸੀ। ਉਨ੍ਹਾਂ ਦੀ ਬਾਣੀ ਅਰਬੀ ਅਤੇ ਫ਼ਾਰਸੀ ਸ਼ਬਦਾਵਲੀ ਦਾ ਮਿਲਭੋਗਾ ਹੈ। ਜਿਸਨੂੰ ਕਵੀ ਨੇ ਤਤਸਮ ਅਤੇ ਤਦਭਵ ਦੋਹਾਂ ਰੂਪਾਂ ਵਿਚ ਪ੍ਰਯੁਕਤ ਕੀਤਾ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਸੰਜਮਤਾ ਅਤੇ ਪ੍ਰਬੀਨਤਾ ਉਨ੍ਹਾਂ ਦੇ ਹਰ ਸਲੋਕ ਵਿਚੋਂ ਸਪਸ਼ਟ ਦੇਖੀ ਜਾ ਸਕਦੀ ਹੈ। ਉਨ੍ਹਾਂ ਦੀ ਬਾਣੀ ਵਿਚ ਸਰਲਤਾ ਸਪਸ਼ਟਤਾ ਇਸ ਦਰਜੇ ਦੀ ਹੈ ਕਿ ਹਰ ਆਦਮੀ ਇਸਨੂੰ ਆਸਾਨੀ ਨਾਲ ਸਮਝ ਸਕਦਾ ਹੈ। ਫ਼ਰੀਦ ਬਾਣੀ ਦੀ ਸੰਖੇਪਤਾ ਦਾ ਇਕ ਕਾਰਨ ਲਹਿੰਦੀ ਬੋਲੀ ਦੀ ਭਾਸ਼ਾਤਮਕ ਸੰਖੇਪਤਾ ਹੈ। ਖਾਸ ਕਰਕੇ ਕਿਰਿਆ ਰੂਪ ਬਹੁਤ ਭਾਵ ਪੂਰਨ ਅਤੇ ਸੰਯੁਕਤ ਹਨ ਅਤੇ ਸ਼ਬਦਾਂ ਦੀ ਸੁਚੱਜੀ ਅਤੇ ਢੁਕਵਾਂਪਨ ਫ਼ਰੀਦ ਜੀ ਦੀ ਸ਼ੈਲੀ ਦੇ ਸਭ ਤੋਂ ਵੱਡੇ ਗੁਣ ਹਨ। ਆਪ ਦੇ 112 ਸਲੋਕ ਅਤੇ 4 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ। ਸ਼ੇਖ਼ ਫ਼ਰੀਦ ਜੀ ਇਸਲਾਮ ਧਰਮ ਅਤੇ ਚਿੰਤਨ ਦੇ ਪੈਰੋਕਾਰ ਸਨ। ਆਪ ਦੀ ਬਾਣੀ ਸੂਫ਼ੀਵਾਦ ਅਤੇ ਇਸਲਾਮੀ ਚਿੰਤਨ ਦੇ ਬੁਨਿਆਦੀ ਸਿਧਾਤਾਂ (ਸ਼ਰੀਅਤ, ਤਰੀਕਤ) ਨਾਲ ਇਕਸੁਰਤਾ ਦੀ ਧਾਰਨੀ ਹੈ। ਮੂਲ ਰੂਪ ਵਿਚ ਆਪ ਸ਼ਰੀਅਤ (ਹੱਜ, ਰੋਜ਼ਾ, ਨਮਾਜ਼ ਜ਼ਕਾਤ) ਦੇ ਪਾਬੰਦ ਸੂਫ਼ੀ ਵੀ ਸਨ। ਵਿਸ਼ੇ ਅਤੇ ਰੂਪ ਦੇ ਪੱਖ ਤੋਂ ਆਪ ਜੀ ਦੀ ਬਾਣੀ ਵਿਲੱਖਣਤਾ ਦੀ ਧਾਰਨੀ ਹੈ। ਆਪ ਨੇ ਆਪਣੀ ਬਾਣੀ ਵਿਚ ਸੰਸਾਰ ਦੀ ਨਾਸ਼ਮਾਣਤਾ ਨੂੰ ਦਰਸਾਉਂਦਿਆਂ ਮਨੁੱਖ ਨੂੰ ਸ਼ੁਭ ਕਰਮ ਕਰਨ ਦੀ ਪ੍ਰੇਰਨਾ ਦਿੱਤੀ ਹੈ। ਆਪ ਦੀ ਬਾਣੀ ਦੀ ਮੂਲ ਸੁਰ ਅਧਿਆਤਮਕ ਅਤੇ ਨੈਤਿਕ ਹੈ। ਫ਼ਰੀਦ ਜੀ ਬਿਰਹਾ ਨੂੰ ਪ੍ਰਭੂ ਪ੍ਰੇਮ ਦਾ ਮੁੱਖ ਜਜ਼ਬਾ ਮੰਨਦੇ ਹਨ ਅਤੇ ਬਿਰਹਾ ਨੂੰ ਸੁਲਤਾਨ ਕਹਿ ਕੇ ਸਤਿਕਾਰਦੇ ਹਨ।

**ਸ਼ੇਖ ਫ਼ਰੀਦ ਜੀ ਬਾਰੇ ਕੁਝ ਅਹਿਮ ਗੱਲਾਂ**

1. ਜਨਮ ਪਿੰਡ ਖੋਤਵਾਲ (ਮੁਲਤਾਨ) 1173 ਈ. ,ਪਿਤਾ ਸ਼ੇਖ ਜਮਾਲੁਦੀਨ ਸੁਲੇਮਾਨ, ਪਿੰਡ ਮੁਲਤਾਨ ਵਿਚ 'ਮਹਾਰਾਨ' ਤੇ 'ਅਜਧਨ' ਦੇ ਵਿਚਕਾਰ ਹੈ, ਜਿਸ ਨੂੰ 'ਸਸ਼ਾਇਖ-ਕੀ-ਚਾਵਲੀ' ਕਹਿੰਦੇ ਹਨ।

2. ਦੇਸ਼ ਦੀ ਲੋਕ ਭਾਖਾ ਪੁਰਾਤਨ ਪੰਜਾਬੀ ਅਥਵਾ ਲਹਿੰਦੀ ਵਿਚ ਪਹਿਲੀ ਵਾਰ ਸ਼ੇਖ ਫ਼ਰੀਦ ਨੇ ਉੱਚ ਪੱਧਰ ਦੀ ਕਵਿਤਾ ਰਚੀ।

3. ਸੂਫ਼ੀ ਮਤ ਦੇ ਕੇਂਦਰ - ਮੁਲਤਾਨ, ਲਾਹੌਰ, ਤੇ ਦਿੱਲੀ (12 ਵੀਂ ਸਦੀ ਵਿਚ)

4. ਡਾ. ਮੋਹਨ ਸਿੰਘ ਸ਼ੇਖ ਫ਼ਰੀਦ ਨੂੰ ਹੀ ਇਕ ਇਤਿਹਾਸਕ ਵਿਅਕਤੀ ਮੰਨਦੇ ਹਨ।

5. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਬਾਬਾ ਫ਼ਰੀਦ ਜੀ ਦੀ ਨਹੀਂ ਹੈ ਇਸ ਗੱਲ ਦਾ ਭੁਲੇਖਾ ਸਭ ਤੋਂ ਪਹਿਲਾਂ ਸ਼੍ਰੀਮਤੀ ਰਾਮਾ ਕ੍ਰਿਸ਼ਨ (ਪੰਜਾਬੀ ਸੂਫ਼ੀ ਪੁਇਟਸ) ਨੇ ਹੀ ਕੀਤਾ।

6. ਸ਼ੇਖ ਫ਼ਰੀਦ ਜੀ ਦੇ 112 ਸਲੋਕ ਅਤੇ 4 ਸ਼ਬਦ (ਦੋ ਰਾਗ ਆਸਾ ਅਤੇ ਦੋ ਰਾਗ ਸੂਹੀ) ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ।

7. ਭਾਸ਼ਾ ਲਹਿੰਦੀ ਜਾਂ ਮੁਲਤਾਨੀ ਹੈ।

8. ਡਾ. ਮੋਹਨ ਸਿੰਘ ਜੀ ਨੇ ਬਾਬਾ ਫ਼ਰੀਦ ਜੀ ਦੇ 39 ਦੋਹੇ ਜਾਂ ਸਾਖੀਆਂ ਕਲਮੀ ਨੁਸਖਿਆਂ ਵਿਚ ਬੜੀ ਮਿਹਨਤ ਨਾਲ ਨਕਲ ਕਰਵਾਏ ਸਨ।

9. ਸ਼ੇਖ ਫ਼ਰੀਦ ਜੀ 90 ਸਾਲ ਦੀ ਆਯੂ ਭੋਗ ਕੇ ਅੰਤ ਮੁਹੱਰਮ ਦੇ ਮਹੀਨੇ ਦੀ ਪੰਜਵੀਂ ਤਾਰੀਖ 664 ਹਿਜਰੀ (1265 ਈ:) ਨੂੰ ਰਾਤ ਦੀ ਨਮਾਜ਼ ਅਦਾ ਕਰਨ ਪਿਛੋਂ ਰੱਬ ਨੂੰ ਪਿਆਰੇ ਹੋ ਗਏ।

10. ਸ਼ੇਖ ਫ਼ਰੀਦ ਜੀ ਦੀ ਬਾਣੀ ਦਾ ਪਹਿਲਾ ਗੁਰੂ ਨਾਨਕ ਦੇਵ ਜੀ ਨੇ ਤੇ ਫੇਰ ਗੁਰੂ ਅਮਰਦਾਸ ਜੀ ਨੇ ਅਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਅਧਿਐਨ ਕੀਤਾ ਤੇ ਟਿੱਪਣੀਆਂ ਦਿੱਤੀਆਂ।

11. ਬਾਬਾ ਫ਼ਰੀਦ ਜੀ ਦੇ ਸੂਫ਼ੀ ਸਿਧਾਂਤ - ਫ਼ਕਰ, ਜ਼ੁਹਦ, ਫ਼ਿਕਰ, ਜ਼ਿਕਰ।

12. ਫ਼ਰੀਦ ਸ਼ਕਰਗੰਜ ਪਹਿਲਾ ਭਾਰਤੀ ਸੂਫ਼ੀ ਕਵੀ ਹੈ ਜਿਸਨੇ ਸਲੋਕ, ਸ਼ਬਦਾਂ ਰਾਹੀਂ ਉੱਚ ਅਧਿਆਤਮਕ ਭਾਵ ਪ੍ਰਗਟਾਏ।

### ਸ਼ਾਹ ਹੁਸੈਨ

**ਸ਼ਾਹ ਹੁਸੈਨ (1538/39 – 1699/1600) :** ਸ਼ਾਹ ਹੁਸੈਨ ਸ਼ੇਖ ਉਸਮਾਨ ਢੱਡਾ ਦੇ ਘਰ ਲਾਹੌਰ ਵਿਖੇ 945 ਹਿਜਰੀ ਮੁਤਾਬਕ 1538–39 ਈ. ਵਿਚ ਜਨਮਿਆ। ਹੁਸੈਨ ਦਾ ਪਿਤਾ ਸ਼ੇਖ ਉਸਮਾਨ ਔਲੀਆ, ਕਾਸਬੀਆਂ ਜਾਂ ਜੁਲਾਹਿਆਂ ਦਾ ਕੰਮ ਕਰਦਾ ਸੀ। ਸ਼ਾਹ ਹੁਸੈਨ ਆਪ ਇਸ ਬਾਰੇ ਸੰਕੇਤ ਕਰਦਾ ਹੈ :

'ਨਾਉ ਹੁਸੈਨ' ਤੇ ਜਾਤ ਜੁਲਾਹਾ
ਗਾਲੀਆਂ ਦੇਂਦੀਆਂ ਤਾਣੀਆਂ ਵਾਲੀਆਂ।

ਲਾਜਵੰਤੀ ਰਾਮਾ ਕ੍ਰਿਸ਼ਨਾ ਦੇ ਕਥਨ ਅਨੁਸਾਰ ਸ਼ਾਹ ਹੁਸੈਨ ਚਿਨਿਓਟ ਦੇ ਪ੍ਰਸਿੱਧ ਪੀਰ ਸ਼ੇਖ ਬਹਿਲੋਲ ਦਾ ਮੁਰੀਦ ਬਣ ਗਿਆ ਤੇ ਉਸੇ ਦੀ ਆਗਿਆ ਨਾਲ ਦਾਤਾ ਗੰਜ ਬਖ਼ਸ਼ (ਅਲੀ ਹੁਜਵੇਰੀ) ਦੀ ਦਰਗਾਹ 'ਤੇ ਤਪ ਕੀਤਾ ਤੇ ਇਲਮ ਹਾਸਲ ਕੀਤਾ। ਸ਼ਾਹ ਹੁਸੈਨ ਦਾ ਨਾਮ ਹੁਸੈਨ ਜਾਂ ਸ਼ਾਹ ਹੁਸੈਨ ਸੀ, ਨਾ ਕਿ ਮਾਧੋ ਲਾਲ ਹੁਸੈਨ। ਉਹ ਜਾਤ ਦਾ ਜੁਲਾਹਾ ਸੀ। ਉਸ ਦਾ ਜਨਮ ਲਾਹੌਰ ਵਿਖੇ 1538–39 ਈ. ਵਿਚ ਅਤੇ ਮੌਤ ਦਰਿਆ ਰਾਵੀ ਦੇ ਕੰਢੇ ਸ਼ਾਹਦਰੇ ਦੇ ਕੋਲ 1599-1600 ਈ. ਵਿਚ ਹੋਈ। ਉਸ ਦੇ ਫੁੱਲਾਂ ਨੂੰ ਸ਼ਾਹਦਰੇ ਦੀ ਕਬਰ ਵਿਚੋ ਕੱਢ ਕੇ ਪਿਛੋਂ ਬਾਗ਼ਬਾਨਪੁਰੇ ਲਿਆ ਕੇ ਸ਼ਾਲਾਮਾਰ ਬਾਗ਼ ਦੇ ਨੇੜੇ ਪੁਨਰ ਦਫ਼ਨਾਇਆ ਗਿਆ। ਮਾਧੋ ਲਾਲ, ਸ਼ਾਹ ਹੁਸੈਨ ਦਾ ਸ਼ਰਧਾਲੂ, ਚੇਲਾ ਸੀ, ਜੋ ਮੁਸਲਮਾਨ ਹੋ ਕੇ ਸ਼ਾਹ ਹੁਸੈਨ ਦੀ ਮੌਤ ਪਿਛੋਂ ਉਸ ਦਾ ਖ਼ਲੀਫ਼ਾ ਅਤੇ

ਗੱਦੀ-ਨਸ਼ੀਨ ਬਣਿਆ। ਸ਼ਾਹ ਹੁਸੈਨ ਮਲਾਮਤੀਆ ਫ਼ਿਰਕੇ ਦਾ ਇਮਾਮ ਸੀ। ਸ਼ਾਹ ਹੁਸੈਨ ਨੇ ਸਿਰਫ਼ ਪੰਜਾਬੀ ਵਿਚ ਰਚਨਾ ਕੀਤੀ, ਜਿਹੜੀ ਵਧੇਰੇ ਕਾਫ਼ੀਆਂ ਦੇ ਰੂਪ ਵਿਚ ਹੈ, ਉਸ ਦੀ ਫ਼ਾਰਸੀ ਰਚਨਾ ਕੋਈ ਨਹੀਂ ਮਿਲਦੀ। ਸ਼ਾਹ ਹੁਸੈਨ ਦੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਨਾਲ ਮਿਲਣ ਦੀ ਮਿਤੀ 1599 ਈ. ਤੋਂ ਪਹਿਲਾਂ ਦੀ ਹੈ। ਸ਼ਾਹ ਹੁਸੈਨ ਦਾ ਪਹਿਲਾ ਜੀਵਨ ਬਾਬਾ ਫ਼ਰੀਦ ਵਾਂਗ ਤਪ, ਤਿਆਗ ਤੇ ਬੰਦਗੀ ਵਾਲਾ ਹੈ ਤੇ ਪਿਛਲਾ ਜੀਵਨ ਬੁੱਲ੍ਹੇ ਵਾਂਗ ਖੁੱਲ੍ਹਾ-ਡੁੱਲ੍ਹਾ ਤੇ ਨੇਮਾਂ-ਬੰਦਸ਼ਾਂ ਤੋਂ ਮੁਕਤ ਹੈ।

ਪਿਆਰਾ ਸਿੰਘ ਪਦਮ ਦੀ ਪੁਸਤਕ 'ਹੁਸੈਨ ਰਚਨਾਵਲੀ' ਵਿਚ ਸ਼ਾਹ ਹੁਸੈਨ ਦੇ ਕੋਈ 150 ਕਾਫ਼ੀਆਂ, ਇਕ ਝੂਲਣਾ ਅਤੇ ਦੋ ਸਲੋਕ ਦਰਜ ਹਨ। ਸ਼ਾਹ ਹੁਸੈਨ ਨੇ ਭਿੰਨ ਭਿੰਨ ਰਾਗਾਂ ਧਨਾਸਰੀ, ਗਉੜੀ, ਸਿਰੀ ਰਾਗ, ਰਾਮਕਲੀ, ਕਲਿਆਣ, ਗੂਜਰੀ, ਆਸਾ, ਜੈਜੈਵੰਤੀ, ਵਡਹੰਸ, ਮਾਝ, ਤੁਖਾਰੀ, ਸੋਰਠਿ, ਬਸੰਤੁ, ਲਲਿਤ, ਕਾਨੜਾ, ਭੈਰਵੀ, ਕੇਦਾਰਾ, ਦੇਵਗੰਧਾਰੀ ਜਿਹੇ ਕਿੰਨੇ ਹੀ ਰਾਗਾਂ ਵਿਚ ਕਾਫ਼ੀਆਂ ਕਹੀਆਂ। ਸ਼ਾਹ ਹੁਸੈਨ ਦੀ ਰਚਨਾ ਦਾ ਮੁੱਖ ਵਿਸ਼ਾ ਆਪਣੇ ਆਪ ਨੂੰ ਔਗਣਹਾਰੀ, ਨਿਮਾਣੀ, ਕਰੂਪ, ਉਸ ਦੇ ਦਰ ਦੀ ਗੁਲਾਮ, ਦਰਬਾਰ ਦੀ ਚੂਹੇਟੀ ਦੱਸਣਾ ਹੈ। ਉਹ ਆਪਣੇ ਰੱਬ ਅੱਗੇ ਤਾਰਨ ਤੇ ਪਾਰ ਲਾਉਣ ਲਈ ਅਰਜ਼ੋਈਆਂ ਕਰਦਾ ਹੈ :

ਤਾਰੀ ਵੇ ਰੱਬਾ ਮੈਂ ਔਗਣਹਾਰੀ।

ਸ਼ਾਹ ਹੁਸੈਨ ਦੀਆਂ ਲਿਖੀਆਂ ਕਾਫ਼ੀਆਂ ਦਾ ਪਹਿਲਾ ਸੰਗ੍ਰਹਿ ਡਾ. ਮੋਹਨ ਸਿੰਘ ਦੀਵਾਨਾ ਨੇ ਸੰਪਾਦਕ ਕਰਕੇ ਛਾਪਿਆ ਸੀ। ਸ਼ਾਹ ਹੁਸੈਨ ਦੀ ਕਵਿਤਾ ਵਿਚ ਸੂਫ਼ੀ ਮਤ ਦੇ ਤਿੰਨ ਪ੍ਰਮੁੱਖ ਸਿਧਾਂਤ (ੳ) ਆਤਮਾ ਦਾ ਪਰਮਾਤਮਾ ਤੋਂ ਵਿਛੜੀ ਹੋਣਾ ਮੰਨਿਆ ਜਾਣਾ (ਅ) ਪਰਮਾਤਮਾ ਨੂੰ ਪ੍ਰੇਮ ਭਾਵ ਨਾਲ ਪ੍ਰਾਪਤ ਕਰਨਾ ਤੇ (ੲ) ਰੱਬ ਨਾਲ ਅਭੇਦ ਹੋਣ ਦੀ ਇੱਛਾ ਪ੍ਰਗਟਾਉਣਾ ਆਦਿ ਮਿਲਦੇ ਹਨ। ਉਸ ਨੇ ਆਪਣੇ ਸੂਫ਼ੀ ਵਿਚਾਰਾਂ ਨੂੰ ਵੈਰਾਗਮਈ ਕਾਵਿ ਵਿਚ ਪ੍ਰਗਟਾਇਆ। ਰੱਬੀ ਪਿਆਰ ਦੇ ਭਉ, ਸੰਸਾਰਕ ਨਾਸ਼ਮਾਨਤਾ, ਨਿਮਰਤਾ ਅਤੇ ਬਿਰਹੋਂ ਆਦਿ ਵਿਸ਼ਿਆਂ ਬਾਰੇ ਉਸ ਨੇ ਸਰਲ, ਸਾਦਾ ਤੇ ਮਿਠਾਸ ਭਰੀ ਬੋਲੀ ਵਿਚ ਸੁੰਦਰ ਵਿਚਾਰ ਵਿਅਕਤ ਕੀਤੇ ਹਨ। ਉਸ ਦਾ ਅਨੁਭਵ ਅਧਿਆਤਮਕ ਸੂਫ਼ੀ ਰਹੱਸ ਵਾਲਾ ਹੈ ਤੇ ਉਸ ਦਾ ਜੀਵਨ ਮਨੋਰਥ ਪ੍ਰਭੂ-ਪ੍ਰਾਪਤੀ ਹੈ। ਸੂਫ਼ੀ ਚਿੰਤਨ ਵਿਚ ਤੌਹੀਦ (ਵਹਦਤ) ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਇਸ ਮੁਤਾਬਕ ਇਕ ਖੁਦਾ ਤੋਂ ਬਿਨ੍ਹਾਂ ਨਾ ਕੁਝ ਵੇਖਣਾ ਹੈ ਅਤੇ ਨਾ ਜਾਣਨਾ ਹੈ। ਹੁਸੈਨ ਆਪਣੇ ਕਲਾਮ ਵਿਚ ਇਕ ਸੱਚੇ ਤੇ ਸ੍ਰੇਸ਼ਟ ਸੂਫ਼ੀ ਵਾਂਗ ਕੇਵਲ ਇਕ ਖ਼ੁਦਾ ਉੱਤੇ ਈਮਾਨ ਲਿਆਉਂਦਾ ਹੈ।

ਸ਼ਾਹ ਹੁਸੈਨ ਵਿਚ ਅਤਿ ਦਰਜੇ ਦੀ ਹਲੀਮੀ, ਨਿਮਰਤਾ ਅਤੇ ਦਾਸ ਭਾਵ ਦਾ ਅਹਿਸਾਸ ਹੈ। ਭਾਰਤੀ ਨਵਧਾ ਭਗਤੀ ਵਿਚ ਇਸ ਸਥਿਤੀ ਨੂੰ 'ਆਤਮ ਨਿਵੇਦਨ' ਕਹਿੰਦੇ ਹਨ ਜਿਸ ਅਨੁਸਾਰ ਸਾਧਕ ਆਪਣਾ ਆਪਾ, ਚੰਗੇ ਮੰਦੇ ਸਭ ਕੁਝ ਆਪਣੇ ਪ੍ਰਭੂ ਦਰਬਾਰ ਵਿਚ ਢੇਰੀ ਕਰ ਦਿੰਦਾ ਹੈ ਅਤੇ ਆਪਣੇ ਗੁਨਾਹਾਂ ਦੀ ਤਲਾਫ਼ੀ ਲਈ ਉਸ ਦੇ ਦਰ 'ਤੇ ਮੱਥੇ ਰਗੜਦਾ, ਗਿੜਗੜਾਉਂਦਾ ਅਤੇ ਰੋ-ਰੋ ਕੇ ਆਪਣੇ ਗੁਨਾਹਾਂ ਦਾ ਪਛਤਾਵਾ

ਕਰਦਾ ਹੈ। ਇਸੇ ਕਾਰਨ ਸ਼ਾਹ ਹੁਸੈਨ ਉਸ ਵੇਲੇ ਦੇ ਪ੍ਰਸਿੱਧ ਭਗਤੀ ਕਵੀ ਮਹਾਤਮਾ ਸੂਰਦਾਸ ਦੀ ਸੁਰ ਵਿਚ ਪੁਕਾਰ ਉੱਠਦਾ ਹੈ :

ਰੱਬਾ ਮੇਰੇ ਅਉਗੁਣ ਚਿਤਿ ਨਾ ਧਰੀਂ।। ਰਹਾਉ।
ਅਉਗੁਣਿਆਰੀ ਨੂੰ ਕੋ ਗੁਣ ਨਾਹੀਂ, ਲੂੰ ਲੂੰ ਐਬ ਭਰੀ।।

ਸ਼ਾਹ ਹੁਸੈਨ ਦੇ ਸਲੋਕ ਦੋਹਰੇ ਵਾਲੇ ਹਨ। ਪੰਜਾਬੀ ਵਿਚ ਸ਼ਾਹ ਹੁਸੈਨ ਪਹਿਲਾ ਕਵੀ ਹੈ ਜਿਸ ਨੇ ਕਾਫ਼ੀ ਨੂੰ ਆਪਣੇ ਖ਼ਿਆਲਾਂ ਵਿਚ ਪ੍ਰਗਟਾਉਣ ਦਾ ਮਾਧਿਅਮ ਬਣਾਇਆ ਹੈ। ਸ਼ਾਹ ਹੁਸੈਨ ਦੀ ਬੋਲੀ ਸਰਲ, ਠੇਠ ਅਤੇ ਲੋਕ ਮੁਹਾਵਰੇ ਵਾਲੀ ਕੇਂਦਰੀ ਹੈ। ਉਸ ਦੀ ਬੋਲੀ ਉਪਰ ਲਹਿੰਦੀ ਪੰਜਾਬੀ ਦਾ ਬਹੁਤ ਪ੍ਰਭਾਵ ਹੈ। ਉਸ ਨੇ ਸਿੱਖ ਫ਼ਲਸਫ਼ੇ ਦੇ ਬਹੁਤ ਸਾਰੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਉਸ ਦੀ ਕਵਿਤਾ ਵਿਚ ਅਰਬੀ ਫ਼ਾਰਸੀ ਦੇ ਤਤਸਮ ਅਤੇ ਤਦਭਵ ਸ਼ਬਦਾਂ ਦੀ ਵਰਤੋਂ ਵਿਸ਼ੇਸ਼ ਤੌਰ 'ਤੇ ਵਿਖਾਈ ਦਿੰਦੀ ਹੈ। ਇਸ ਤੋਂ ਇਲਾਵਾ ਸ਼ਾਹ ਹੁਸੈਨ ਨੇ ਆਪਣੀਆਂ ਕਾਫ਼ੀਆਂ ਵਿਚ ਬਿੰਬਾਵਲੀ ਤ੍ਰਿੰਝਣ, ਚਰਖਾ, ਸਖੀ-ਸਹੇਲੀ, ਸਹੁਰਾ-ਪੇਕਾ, ਬਾਗ਼-ਬੁਲਬੁਲ, ਸਰਾਂ-ਮੁਸਾਫ਼ਰ, ਖੂਹ-ਹਰਟ, ਸੂਈ ਧਾਗਾ, ਗੁੜ-ਮੱਖੀ, ਪਾਣੀ ਆਦਿ ਦੀ ਵਰਤੋਂ ਬੜੇ ਸੁਚੇਤ ਰੂਪ ਵਿਚ ਕੀਤੀ ਹੈ।

**ਬੁੱਲ੍ਹੇ ਸ਼ਾਹ**

**ਬੁੱਲ੍ਹੇ ਸ਼ਾਹ :** ਜਨਮ : 1680 ਈ.

**ਮ੍ਰਿਤੂ :** 1171 ਹਿਜੀ ਮੁਤਾਬਿਕ, 1757-58 ਈ.

ਬੁਲ੍ਹੇ ਸ਼ਾਹ ਦਾ ਵਸਨੁ ਕਸੂਰ
ਓਥੇ ਲਗੀ ਲੰਮੀ ਖਜੂਰ

ਬੁੱਲ੍ਹੇ ਸ਼ਾਹ ਦਾ ਅਸਲ ਨਾਂ ਅਬਦੁੱਲਾ ਸੀ। ਬੁੱਲ੍ਹੇ ਦੇ ਪਿਤਾ ਦਾ ਨਾਂ ਸਖੀ ਮੁਹੰਮਦ ਦਰਵੇਸ਼ ਸੀ। ਰਾਜਸੀ ਚੇਤਨਾ ਤੋਂ ਪ੍ਰਭਾਵਿਤ ਹੋ ਕੇ ਲਿਖਣ ਵਾਲਾ ਸਭ ਤੋਂ ਮਕਬੂਲ ਸ਼ਾਇਰ ਬੁਲ੍ਹੇ ਸ਼ਾਹ ਹੈ। ਬੁੱਲ੍ਹੇ ਸ਼ਾਹ ਦੀ ਰਚਨਾ ਦਾ ਸਮਾਂ ਮੁਗਲ ਰਾਜ ਦੇ ਪਤਨ ਅਤੇ ਸਿੱਖ ਲਹਿਰ ਦੀ ਚੜ੍ਹਤ ਦਾ ਸਮਾਂ ਸੀ। ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਮੁਗਲ ਰਾਜ ਤੋਂ ਬਾਅਦ ਪੈਦਾ ਹੋਈ ਬਦਅਮਨੀ ਦੀ ਸਥਿਤੀ ਕਾਰਣ ਕਾਫ਼ੀ ਦੁੱਖ ਝਲਕਦਾ ਹੈ। ਉਹ ਪੰਜਾਬ ਨਾਲ ਜੁੜਿਆ ਹੋਇਆ ਹੈ, ਇਸ ਲਈ ਇਸ ਸਭ ਕਾਸੇ ਦਾ ਪੰਜਾਬ ਉੱਪਰ ਜੋ ਪ੍ਰਭਾਵ ਪੈਂਦਾ ਹੈ ਉਹ ਉਸ ਹਾਲਤ ਤੋਂ ਵਧੇਰੇ ਚਿੰਤਤ ਹੈ :

ਦਰ ਖੁਲ੍ਹਾ ਹਸ਼ਰ ਪੰਜਾਬ ਦਾ
ਬੁਰਾ ਹਾਲ ਹੋਇਆ ਪੰਜਾਬ ਦਾ।

**ਬੁੱਲ੍ਹੇ ਦੇ ਸਮਕਾਲੀ**

| | | |
|---|---|---|
| ਸੁਲਤਾਨ ਬਾਹੂ | : | ਮ੍ਰਿਤੂ 1690 ਈ. |
| ਵਾਰਿਸ ਸ਼ਾਹ | : | ਹੀਰ ਰਚੀ 1180 ਹਿ. (1768 ਈ.) |
| ਸ਼ਾਹ ਸ਼ਰਫ਼ | : | ਮ੍ਰਿਤੂ 1724 ਈ. |
| ਹਾਮਦ ਸ਼ਾਹ | : | ਮ੍ਰਿਤੂ 1724 ਈ. |

ਅਲੀ ਹੈਦਰ : ਮ੍ਰਿਤੂ 1784 ਈ.

**ਬੁੱਲ੍ਹੇ ਸ਼ਾਹ ਦੀ ਰਚਨਾ**

| | |
|---|---|
| ਕਾਫ਼ੀਆਂ | 156 |
| ਸੀਹਰਫ਼ੀਆਂ | 3 |
| ਗੰਢਾਂ | 40 |
| ਬਾਰਾਮਾਹ | 1 |
| ਅਠਵਾਰਾ | 1 |
| ਦੋਹੜੇ | 49 |

ਵਿਸ਼ੇ ਵਸਤੂ ਅਨੁਸਾਰ ਕਾਫ਼ੀਆਂ ਸੂਫ਼ੀ ਭਾਵਾਂ ਲਈ, ਸੀਹਰਫ਼ੀਆਂ, ਗੰਢਾਂ, ਬਾਰਾਮਾਹ, ਅਠਵਾਰਾ ਆਦਿ ਸ਼ਿੰਗਾਰ ਰਸ ਦੇ ਬਿਰਹਾ-ਸੋਜ਼ ਦੇ ਭਾਵ ਨੂੰ ਪ੍ਰਗਟਾਉਣ ਲਈ ਵਰਤੇ ਗਏ। ਬੁੱਲ੍ਹੇ ਸ਼ਾਹ ਦੀ ਰਚਨਾ ਛੰਦ ਦੇ ਲਿਹਾਜ਼ ਨਾਲ ਕਾਫ਼ੀ, ਬੈਂਤ, ਦੋਹੜੇ ਤੇ ਗੀਤ ਵਿਚ ਹੈ।

ਬੁੱਲ੍ਹੇ ਸ਼ਾਹ ਦਾ ਅਠਵਾਰਾ ਛਪੇ ਹੋਏ ਮਜ਼ਮੂਇਆਂ ਵਿਚ ਮਿਲਦਾ ਹੈ ਇਹ ਛਨਿਛਰਵਾਰ ਨਾਲ ਸ਼ੁਰੂ ਹੁੰਦਾ ਹੈ ਅਤੇ ਜੁਮੇ (ਸ਼ੁੱਕਰਵਾਰ) 'ਤੇ ਮੁਕਦਾ ਹੈ ਅਤੇ ਬਾਰਾਮਾਹ ਅੱਸੂ ਮਹੀਨੇ ਤੋਂ ਸ਼ੁਰੂ ਹੁੰਦਾ ਹੈ ਜੋ ਕਿ ਡਿਉਢ ਵਿਚ ਹੈ। ਬੁਲ੍ਹੇ ਸ਼ਾਹ ਦੇ ਦੋਹੜਿਆਂ ਵਿਚ ਫੁਟਕਲ ਵਿਚਾਰ ਹਨ ਅਤੇ ਕਈ ਇਕ ਸਮਾਜਿਕ ਕੁਰੀਤੀਆਂ, ਰਾਜਸੀ ਘਟਨਾਵਾਂ ਅਤੇ ਮਜ਼ਹਬੀ ਪਾਖੰਡਾਂ ਵੱਲ ਸੰਕੇਤ ਕੀਤੇ ਹਨ, ਜਿਵੇਂ

ਬੁਲ੍ਹਿਆ ਧਰਮਸ਼ਾਲਾ ਧੜਵਾਈ ਰਹਿੰਦੇ, ਠਾਕੁਰ ਦੁਆਰੇ ਠੱਗ।
ਵਿਚ ਮਸੀਤਾਂ ਕੁਸੱਤੀਏ ਰਹਿੰਦੇ, ਆਸ਼ਕ ਰਹਿਣ ਅਲੱਗ।

ਇਸ ਤੋਂ ਛੁੱਟ ਬੁੱਲ੍ਹੇ ਨੇ ਗੰਢਾਂ ਵੀ ਰਚੀਆਂ ਹਨ ਇਹ ਚਾਰ ਚਾਰ ਤੁਕਾਂ ਦਾ ਇਕ ਬੰਦ ਹੈ। ਪਹਿਲੀ ਤੇ ਅਖ਼ੀਰਲੀ ਗੰਢ ਅੱਠ ਤੁਕਾਂ ਦੀ ਹੈ। ਪਹਿਲੀ ਗੰਢ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ :

ਕਹੋ ਸੁਰਤੀ ਗਲ ਕਾਜ ਦੀ, ਮੈਂ ਗੰਢਾਂ ਕੀਤੀਆਂ ਪਾਊਂ।
ਸਾਹੇ ਤੇ ਜੰਜ ਆਵਸੀ, ਹੁਣ ਚਾਹਲੀ ਗੰਢ ਘਤਾਊਂ।

40 ਵੀਂ ਗੰਢ ਵਿਚ ਬੁੱਲ੍ਹੇ ਨੇ ਆਪਣਾ ਅਸਲ ਨਾਂ ਵੀ ਦਿੱਤਾ ਹੈ :

ਹੁਣ ਇੰਨਅੱਲਾਹ ਆਖਕੇ ਤੁਮ ਕਰੋ ਦੁਆਈਂ।
ਪੀਆ ਹੀ ਸਭ ਹੋ ਗਿਆ ਅਬਦੁਲਾ ਨਾਹੀਂ।

**ਸੁਲਤਾਨ ਬਾਹੂ**

**ਸੁਲਤਾਨ ਬਾਹੂ (1631-1691) :** ਸੁਲਤਾਨ ਬਾਹੂ ਦਾ ਜਨਮ ਪਿੰਡ ਅਵਾਣ ਤਹਿਸੀਲ ਸ਼ੋਰਕੋਟ (ਝੰਗ) ਵਿਖੇ ਪਿਤਾ ਬਾਜੀਦ ਮੁਹੰਮਦ ਦੇ ਘਰ ਬੀਬੀ ਰਾਸਤੀ-ਕੁਦਸ-ਸਰਾ ਦੀ ਕੁੱਖੋਂ ਸੰਨ 1631 ਈ. ਨੂੰ ਹੋਇਆ। ਆਪ 'ਅੰਵਾਣ' ਜਾਤੀ ਦੇ ਮੁਸਲਮਾਨ ਸਨ। ਆਪ ਦੇ ਪੁਰਖੇ ਅਰਬ ਦੇਸ ਵਾਸੀ ਸਨ। 'ਸੂਫੀਆਂ ਦਾ ਕਲਾਮ' ਪੁਸਤਕ ਦੇ ਸਫ਼ਾ 160 ਉੱਤੇ ਡਾ. ਮੋਹਨ ਸਿੰਘ ਦੀਵਾਨਾ ਜੀ ਨੇ ਬਾਹੂ ਜੀ ਦੀ

ਸ਼ਖਸੀਅਤ ਸੰਬੰਧੀ ਇਕ 'ਮਾਂਹਗਾ' ਦਾ ਜ਼ਿਕਰ ਕੀਤਾ ਹੈ। ਮਾਂਹਗਾ ਇਕ ਐਸਾ ਲੋਕ ਗੀਤ ਨੁਮਾ ਸ਼ਖਸੀਅਤ ਨਾਮਾ ਅਤੇ ਉਸਤਤਨਾਮਾ ਹੁੰਦਾ ਹੈ ਜਿਸ ਨੂੰ ਆਮ ਲੋਕ ਆਪ ਮੁਹਾਰਤਾ ਨਾਲ ਗਾਇਆ ਕਰਦੇ ਸਨ। ਇਹ ਮਾਂਹਗਾ ਬਾਹੂ ਜੀ ਦਾ ਹਰਮਨ ਪਿਆਰਤਾ ਦਾ ਗਾਨ ਅਤੇ ਮਾਪਦੰਡ ਹੈ। ਪਿੰਡ ਕਹਰਜਾਨਾ ਵਿਖੇ ਸੁਲਤਾਨ ਬਾਹੂ ਜੀ ਦੇ ਮਕਬਰੇ ਉੱਤੇ ਹਰ ਸਾਲ ਮੁਹੱਰਮ ਦੀ ਪਹਿਲੀ ਤਾਰੀਖ ਤੋਂ 10 ਤਾਰੀਖ ਤੱਕ ਲਾਮਿਸਾਲ ਜੋੜ ਮੇਲਾ ਲੱਗਦਾ ਹੈ। ਸੁਲਤਾਨ ਬਾਹੂ ਸੂਫ਼ੀ ਵਿਚਾਰਧਾਰਾ ਦਾ ਪਰਪੱਕ ਕਵੀ ਹੈ। ਉਹ ਮੁਸਲਮਾਨਾਂ ਦੇ ਪ੍ਰਸਿੱਧ ਕਾਦਰੀ ਫਿਰਕੇ ਨਾਲ ਸੰਬੰਧਿਤ ਸੀ। ਸੁਲਤਾਨ ਬਾਹੂ ਇਸਲਾਮਿਕ ਇਬਾਦਤ ਵਿਚਲੀਆਂ ਪ੍ਰਪੰਚਕ ਰਸਮਾਂ ਨੂੰ ਜਿਸ ਸ਼ਿੱਦਤ ਨਾਲ ਨਿੰਦਦਾ ਅਤੇ ਰੱਦ ਕਰਦਾ ਹੈ ਉਹ ਹੋਰ ਕਿਸੇ ਵੀ ਸੂਫ਼ੀ ਸੰਤ ਦੇ ਹਿੱਸੇ ਨਹੀਂ ਆਇਆ। ਸੁਲਤਾਨ ਬਾਹੂ ਦੀ ਵਿਚਾਰਧਾਰਾ ਭਗਤ ਕਬੀਰ, ਬਾਬਾ ਫਰੀਦ, ਸ੍ਰੀ ਗੁਰੂ ਨਾਨਕ ਦੇਵ ਅਤੇ ਗੁਰਬਾਣੀ ਦੇ ਅਨੁਸਾਰੀ ਨਜ਼ਰ ਆਉਂਦੀ ਹੈ। ਸਿੱਖ ਧਰਮ ਵਿਚਲੀਆਂ ਬਹੁਤ ਸਾਰੀਆਂ ਮਾਨਤਾਵਾਂ ਬਾਹੂ ਜੀ ਨੇ ਵੀ ਬਹਾਲ ਰੱਖੀਆਂ ਹਨ। ਫ਼ਾਰਸੀ ਵਿਚ ਉਹਨਾਂ ਨੇ 140 ਪੁਸਤਕਾਂ ਲਿਖੀਆਂ। ਉਨ੍ਹਾਂ ਦੀਆਂ ਬਹੁਤ ਸਾਰੀਆਂ ਪੁਸਤਕਾਂ ਦਾ ਹੁਣ ਤੱਕ ਉਰਦੂ, ਹਿੰਦੀ ਅਤੇ ਅੰਗ੍ਰੇਜ਼ੀ ਆਦਿ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਦੀਵਾਨੇ ਬਾਹੂ ਪੁਸਤਕ ਦਾ ਅਨੁਵਾਦ ਪੰਜਾਬੀ ਵਿਚ ਵੀ ਹੋ ਚੁੱਕਾ ਹੈ। ਭਾਵੇਂ ਸੁਲਤਾਨ ਬਾਹੂ ਜੀ ਨੇ ਆਪਣੀ ਬਹੁਤੀ ਰਚਨਾ ਫ਼ਾਰਸੀ ਵਿਚ ਕੀਤੀ ਪ੍ਰੰਤੂ ਉਹਨਾਂ ਜੋ ਪੰਜਾਬੀ ਵਿਚ ਸੀਹਰਫ਼ੀਆਂ ਲਿਖੀਆਂ ਉਨ੍ਹਾਂ ਕਰਕੇ ਹੀ ਉਨ੍ਹਾਂ ਦੀ ਪਛਾਣ ਪੰਜਾਬ ਵਿਚ ਹੋਈ। ਉਨ੍ਹਾਂ ਦੀਆਂ ਬੈਂਤ ਜਾਂ ਸੀਹਰਫ਼ੀਆਂ ਬੇ-ਹੱਦ ਮਾਰਮਿਕ ਅਤੇ ਦਿਲ ਛੂਹਣ ਵਾਲੀਆਂ ਹਨ।

ਸੁਲਤਾਨ ਬਾਹੂ ਜੋ ਕਿ ਅਰਬੀ ਅਤੇ ਫ਼ਾਰਸੀ ਦਾ ਵਿਦਵਾਨ ਸੀ, ਉਸ ਦੇ ਪੰਜਾਬੀ ਵਿਚ ਰਚੇ ਕੁਝ ਦੋਹੇ ਜਾਂ ਦੋਹੜੇ ਵੀ ਮਿਲਦੇ ਹਨ। ਉਸਦੀ ਰਚਨਾ ਵਿਚ ਧਾਰਮਿਕ ਮੂਲਵਾਦ ਤੇ ਪਾਖੰਡ ਦੇ ਮਾਹੌਲ ਦਾ ਵਿਰੋਧ ਨਜ਼ਰ ਆਉਂਦਾ ਹੈ। ਸੂਫ਼ੀ ਕਵੀਆਂ ਵਿਚੋਂ ਸੁਲਤਾਨ ਬਾਹੂ ਤਤਕਾਲੀ ਸਮਾਜਿਕ ਤਨਾਓ ਵੱਲ ਸੰਕੇਤ ਕਰਨ ਵਾਲਾ ਪਹਿਲਾ ਕਵੀ ਹੈ। ਬਾਹੂ ਜੀ ਦੀ ਕਵਿਤਾ ਦੇ ਅਮਰ ਅਤੇ ਸਰਵਭੌਤਿਕ (ਯੂਨੀਵਰਸਲ) ਤਿੰਨੇ ਗੁਣ ਯਾਨਿ ਸਤਿਅਮ, ਸ਼ਿਵਮ ਅਤੇ ਸੁੰਦਰਮ ਵਿਦਮਾਨ ਹਨ।

## ਗੁਲਾਮ ਫ਼ਰੀਦ

**ਗੁਲਾਮ ਫ਼ਰੀਦ :** ਗ਼ੁਲਾਮ ਫ਼ਰੀਦ ਦਾ ਜਨਮ 1841 ਈ. ਵਿਚ ਚਾਚੜਾ (ਬਹਾਵਲਪੁਰ) ਦੇ ਮੁਕਾਮ 'ਤੇ ਹੋਇਆ। ਗ਼ੁਲਾਮ ਫ਼ਰੀਦ ਪ੍ਰਸਿੱਧ ਸੂਫ਼ੀ ਸੰਤ ਅਤੇ ਪੀਰ ਹੋਏ ਹਨ। ਆਪ ਪੰਜਾਬੀ ਸੂਫ਼ੀ ਕਾਵਿ ਪਰੰਪਰਾ ਦੇ ਅੰਤਲੇ ਉਚ ਕੋਟੀ ਦੇ ਵਿਦਵਾਨ ਸਨ। ਉਹ ਪੰਜਾਬੀ ਸੂਫ਼ੀ ਕਵਿਤਾ ਵਿਚ ਆਪਣਾ ਵਿਸ਼ੇਸ਼ ਮੁਕਾਮ ਰੱਖਦੇ ਹਨ। ਗ਼ੁਲਾਮ ਫ਼ਰੀਦ ਦੀ ਸਥਿਤੀ ਪੰਜਾਬੀ ਸੂਫ਼ੀ ਕਾਵਿ ਪਰੰਪਰਾ ਵਿਚ ਅੰਤਲੇ ਕਵੀ ਵਜੋਂ ਸਵੀਕਾਰੀ ਜਾ ਚੁੱਕੀ ਹੈ। ਉਸ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਤੋਂ ਪਹਿਲਾਂ ਹੋ ਚੁੱਕੇ ਸੂਫ਼ੀ ਕਵੀਆਂ ਤੋਂ ਪ੍ਰਭਾਵਿਤ ਹੁੰਦਾ ਹੋਇਆ ਵੀ ਮੌਲਿਕਤਾ ਦਾ

ਸਵਾਮੀ ਹੈ। ਨਿਰਸੰਦੇਹ ਉਸਦਾ ਪੰਜਾਬੀ ਸੂਫ਼ੀ ਕਾਵਿ ਪਰੰਪਰਾ ਵਿਚ ਵਿਸ਼ੇਸ਼ ਸਥਾਨ ਹੈ। ਗ਼ੁਲਾਮ ਫ਼ਰੀਦ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਨਾਲ ਸੰਬੰਧਿਤ ਸਨ। ਮੁਲਤਾਨੀ ਭਾਸ਼ਾ ਵਿਚ ਰਚੀਆਂ ਉਨ੍ਹਾਂ ਦੀਆਂ ਕਾਫ਼ੀਆਂ ਗੰਭੀਰ, ਸੂਖ਼ਮ ਦੇ ਸੁਹਜ ਭਰਪੂਰ ਹਨ। ਗ਼ੁਲਾਮ ਫ਼ਰੀਦ ਨੇ ਅਰਬੀ, ਫ਼ਾਰਸੀ ਤੋਂ ਇਲਾਵਾ ਉਰਦੂ, ਸਿੰਧੀ, ਮੁਲਤਾਨੀ, ਹਿੰਦੀ ਆਦਿ ਜ਼ੁਬਾਨਾਂ ਦੀ ਸਿੱਖਿਆ ਵੀ ਹਾਸਲ ਕੀਤੀ। ਮੁਲਤਾਨੀ, ਉਰਦੂ ਅਤੇ ਫ਼ਾਰਸੀ ਵਿਚ ਦੀਵਾਨ ਲਿਖੇ।

**ਕੁਦਰਤ ਦਾ ਮਾਨਵੀਕਰਣ :** ਗ਼ੁਲਾਮ ਫ਼ਰੀਦ ਦੇ ਕਾਵਿ ਜਗਤ ਦਾ ਸਭ ਤੋਂ ਪਹਿਲਾ ਤੇ ਬੁਨਿਆਦੀ ਨੁਕਤਾ ਜੋ ਦ੍ਰਿਸ਼ਟਮਾਨ ਹੁੰਦਾ ਹੈ, ਉਹ ਇਹ ਹੈ ਕਿ ਉਸ ਨੇ ਆਪਣੇ ਤੋਂ ਪਹਿਲੇ ਸੂਫ਼ੀ ਕਵੀਆਂ ਨੂੰ ਆਪਣੀ ਕਾਵਿ-ਰਚਨਾ ਵਿਚ ਸਮੋਇਆ ਹੋਇਆ ਹੈ। ਗ਼ੁਲਾਮ ਫ਼ਰੀਦ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਕੁਦਰਤ ਦੇ ਕਾਵਿ-ਬਿੰਬਾਂ ਨੂੰ ਪਰੰਪਰਾਗਤ ਚੌਖਟੇ ਨੂੰ ਤੋੜ ਕੇ ਆਪਣੇ ਮੌਲਿਕ ਅਨੁਭਵਾਂ ਦੇ ਆਧਾਰ 'ਤੇ ਨਵੀਨ ਕਾਵਿ-ਬਿੰਬਾਂ ਦਾ ਨਿਰਮਾਣ ਕੀਤਾ। ਉਦਾਹਰਣ ਵਜੋਂ ਉਸ ਦੇ ਕਾਵਿ ਵਿਚਲੇ ਕੁਦਰਤ ਨਾਲ ਸੰਬੰਧਿਤ ਵਧੇਰੇ ਕਾਵਿ-ਬਿੰਬ ਰੋਹੀ ਭਾਵ ਮਾਰੂਥਲ ਦੇ ਭੂਗੋਲਿਕ ਚੌਗਿਰਦੇ ਵਿਚੋਂ ਜਨਮ ਧਾਰਦੇ ਹਨ। ਗ਼ੁਲਾਮ ਫ਼ਰੀਦ ਕੁਦਰਤ ਨਾਲ ਸੰਬੰਧਿਤ ਇਕ ਅਜਿਹਾ ਕੇਂਦਰੀ ਮਹੱਤਵ ਵਾਲਾ ਕਾਵਿ-ਬਿੰਬ ਹੈ, ਜਿਸ ਤੋਂ ਉਸ ਦੇ ਸੂਫ਼ੀ ਅਨੁਭਵ ਦੀ ਬਿਰਹਾ ਦਾ ਬੋਧ ਹੁੰਦਾ ਹੈ। ਗ਼ੁਲਾਮ ਫ਼ਰੀਦ ਅਜਿਹਾ ਕਵੀ ਸੀ ਜਿਸ ਦੀ ਕਵਿਤਾ ਵਿਚ ਫੁੱਲ, ਚੰਦ, ਸਿਤਾਰੇ, ਰੁੱਖ, ਬਿਜਲੀ, ਬੱਦਲ, ਪਾਣੀ, ਧਰਤੀ, ਹਨੇਰੀ, ਝੱਖੜ, ਧੁੱਪ, ਬਾਰਿਸ਼ ਆਦਿ ਕੁਦਰਤੀ ਉਪਰਕਣ ਮਾਨਵੀਕਰਣ ਦਾ ਰੂਪ ਧਾਰ ਕਰ ਲੈਂਦੇ ਹਨ।

**ਬਹੁ ਭਾਸ਼ਾਈ ਯੋਗਤਾ :** ਗ਼ੁਲਾਮ ਫ਼ਰੀਦ ਬਹੁ-ਭਾਸ਼ਾਵਾਂ ਦਾ ਵਿਦਵਾਨ ਸੀ, ਇਸ ਲਈ ਉਸ ਦੀਆਂ ਕਾਵਿ-ਕਿਰਤਾਂ ਵਿਚ ਮੱਧਕਾਲ ਦੀਆਂ ਕਈ ਭਾਸ਼ਕ ਵੰਨਗੀਆਂ ਮਿਲਦੀਆਂ ਹਨ। ਗ਼ੁਲਾਮ ਫ਼ਰੀਦ ਨੇ ਇਸ ਪੱਖੋਂ ਭਾਸ਼ਕ ਕ੍ਰਾਂਤੀ ਕੀਤੀ। ਕਵੀਆਂ ਦੇ ਕਾਵਿ ਅਨੁਭਵ ਦੀ ਗਹਿਰਾਈ ਉੱਤੇ ਵੀ ਨਿਰਭਰ ਕਰਦੀ ਹੈ। ਗ਼ੁਲਾਮ ਫ਼ਰੀਦ ਦੀ ਮੁਖ ਬੋਲੀ ਪੰਜਾਬੀ, ਇਸ ਦੀਆਂ ਉਪ-ਬੋਲੀਆਂ ਲਹਿੰਦੀ, ਮੁਲਤਾਨੀ ਨਾਲ ਜੁੜੀ ਹੋਈ ਹੈ। ਮੁਲਤਾਨੀ ਭਾਸ਼ਾ ਨੂੰ ਗ਼ੁਲਾਮ ਫ਼ਰੀਦ ਨੇ ਆਪਣੇ ਕਲਾਮ ਵਿਚ ਸਿਖ਼ਰ ਤਕ ਪਹੁੰਚਾ ਦਿੱਤਾ। ਗ਼ੁਲਾਮ ਫ਼ਰੀਦ ਨੇ ਸਥਾਨਕ ਬੋਲੀਆਂ ਵਿਚ ਕਾਫ਼ੀਆਂ, ਦੋਹੜੇ, ਗ਼ਜ਼ਲਾਂ ਰਚ ਕੇ ਇਨ੍ਹਾਂ ਨੂੰ ਮਿਆਰੀ ਜ਼ੁਬਾਨ ਬਣਾ ਦਿੱਤਾ।

**ਇਤਿਹਾਸ ਮਿਥਿਹਾਸ ਦਾ ਉਲੇਖ :** ਗ਼ੁਲਾਮ ਫ਼ਰੀਦ ਦੇ ਕਾਵਿ ਦਾ ਅਰਥ ਖੇਤਰ ਆਪਣੇ ਕਾਲ ਤਕ ਹੀ ਸੀਮਿਤ ਨਹੀਂ, ਸਗੋਂ ਉਹ ਦੇਸ਼ ਕਾਲ ਦੀਆਂ ਹੱਦਾਂ ਤੋਂ ਬਾਹਰ ਫੈਲਣ ਦੀ ਸਮਰੱਥਾ ਰੱਖਦਾ ਹੈ। ਇਸ ਦਾ ਪ੍ਰਮੁੱਖ ਕਾਰਨ ਉਸ ਦੇ ਕਾਵਿ-ਜਗਤ ਦੀ ਰੂਪ-ਰਚਨਾ ਵਿਚ ਨਿਹਿਤ ਹੈ। ਉਹ ਇਸਲਾਮੀ ਸੰਸਕ੍ਰਿਤੀ ਨੂੰ ਉਸ ਦੇ ਸਮੱਗਰ ਰੂਪ ਵਿਚ ਗ੍ਰਹਿਣ ਕਰਦਾ ਹੈ। ਇਸ ਵਿਚ ਉਹ ਇਕੋ ਵੇਲੇ ਇਸਲਾਮੀ ਧਾਰਮਿਕ ਰੀਤਾਂ, ਸੂਫ਼ੀ ਸੰਤਾਂ, ਆਸ਼ਕਾਂ ਤੇ ਭਗਤੀ ਲਹਿਰ ਦੇ ਭਗਤਾਂ ਦਾ ਉਲੇਖ ਕਰ ਜਾਂਦਾ ਹੈ। ਉਸ ਦੇ ਕਲਾਮ ਵਿਚ ਇਕੋ ਵੇਲੇ ਇਤਿਹਾਸ ਮਿਥਿਹਾਸ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਗਿਆ ਹੈ।

**ਵਿਚਾਰਧਾਰਾ :** ਸੂਫ਼ੀ ਕਵੀਆਂ ਵਿਚ 'ਹਮਾਓਸਤ' ਦਾ ਸੰਕਲਪ ਬੜਾ ਹਰਮਨ ਪਿਆਰਾ ਹੈ। ਇਸ ਸੰਕਲਪ ਅਨੁਸਾਰ ਰੱਬ ਸਰਬ-ਵਿਆਪਕ ਹੈ, ਉਹ ਸਭ ਵਿਚ ਅਤੇ ਹਰ ਥਾਂ ਹਾਜ਼ਰ-ਨਾਜ਼ਰ ਹੈ। ਰੱਬ ਨੂੰ ਹਰ ਥਾਂ ਵੇਖਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ।

ਰੱਬਾ ਮੇਰੇ ਹਾਲ ਦਾ ਮਹਿਰਮ ਤੂੰ।
ਅੰਦਰ ਤੂੰ ਹੈਂ ਬਾਹਰਿ ਤੂੰ ਹੈਂ, ਰੋਮਿ ਰੋਮਿ ਵਿਚ ਤੂੰ।
ਤੂੰ ਹੈ ਤਾਣਾ ਤੂੰ ਹੈ ਬਾਣਾ, ਸਭ ਕਿਛੁ ਮੇਰਾ ਤੂੰ।
ਕਹੇ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀ ਸਭ ਤੂੰ।

**ਮੁਰਸ਼ਿਦ ਦਾ ਮਹੱਤਵ** ਗ਼ੁਲਾਮ ਫ਼ਰੀਦ ਇਸ ਧਾਰਨਾ ਵਿਚ ਵਿਸ਼ਵਾਸ ਪ੍ਰਗਟ ਕਰਦਾ ਹੈ। ਉਸ ਅਨੁਸਾਰ ਸੂਫ਼ੀਮਤ ਦੇ ਵੱਖ-ਵੱਖ ਪੜਾਵਾਂ ਨੂੰ ਸਮਝਣ ਵਾਸਤੇ ਗੁਰੂ ਦੀਆਂ ਹਦਾਇਤਾਂ ਉਪਰ ਅਮਲ ਕਰਨਾ ਪਰਮ ਆਵੱਸ਼ਕ ਹੈ :

ਅਨਹਦ ਮੁਰਲੀ ਸ਼ੋਰ ਮਚਾਇਆ।
ਗੁਰ ਨੇ ਪੂਰੇ ਬੇਦ (ਭੇਤ) ਬਤਾਏ।
ਅਕਲ ਫਿਕਰ ਸਬ ਫਹਿਮ ਗਮਾਏ।
ਸਾਰਾ ਸਫ਼ਰ ਅਰੂਜ ਸੁਝਾਇਆ।

ਗੁਰੂ ਦੇ ਮਹੱਤਵ ਨੂੰ ਦ੍ਰਿੜ ਕਰਵਾਉਂਦਾ ਹੋਇਆ ਗ਼ੁਲਾਮ ਫ਼ਰੀਦ ਅਧਿਆਤਮਕ ਮੰਜ਼ਿਲ ਦੇ ਮੁਸਾਫ਼ਰਾਂ ਨੂੰ ਸੰਦੇਸ਼ ਦਿੰਦਾ ਹੈ ਕਿ ਉਹ ਆਪਣੇ ਗੁਰੂ ਦੇ ਸਨਮੁਖ ਅਧੀਨਗੀ ਸਹਿਤ ਪੇਸ਼ ਹੋਣ ਅਤੇ ਉਸ ਦੇ ਹਰ ਕਥਨ ਉੱਤੇ ਫੁੱਲ ਚੜ੍ਹਾਉਣ। ਰੱਬ ਦੀ ਪ੍ਰਾਪਤੀ ਲਈ ਵਿਅਕਤੀ ਨੂੰ ਆਪਣੇ ਗੁਰੂ ਦਾ ਸੱਚਾ ਮੁਰੀਦ ਬਣਨਾ ਪੈਂਦਾ ਹੈ, ਉਥੇ ਕਚਿਆਰਾਂ ਨੂੰ ਕੋਈ ਢੋਈ ਨਹੀਂ ਮਿਲਦੀ।

**ਇਸ਼ਕ :** ਗ਼ੁਲਾਮ ਫ਼ਰੀਦ ਦੇ ਮਿਜ਼ਾਜੀ ਇਸ਼ਕ ਦਾ ਕੇਂਦਰੀ ਪਾਤਰ ਖ਼ੁਆਜ਼ਾ ਨੂਰ ਮੁਹੰਮਦ ਹੈ। ਉਸ ਪ੍ਰਤੀ ਆਪਣੇ ਇਸ਼ਕ ਦਾ ਇਜ਼ਹਾਰ ਕਰਦਾ ਹੋਇਆ ਉਹ ਲਿਖਦਾ ਹੈ :

ਸਾਡਾ ਦੋਸਤ ਦਿਲੀਂ ਦਾ ਨੂਰ ਮੁਹੰਮਦ ਖ਼੍ਵਾਜਾ।
ਢੋਲਾ ਯਾਰ ਚਾਹੇਂਦਾ ਨੂਰ ਮੁਹੰਮਦ ਖ਼੍ਵਾਜਾ।
ਸਾਰੀ ਸਾਡੀ ਸ਼ਰਮ ਭਰਮ ਦਾ।
ਤੈਂਡੇ ਗਲ ਵਿਚ ਲਾਜਾ।

# ਯੂਨਿਟ 4
# ਗੁਰਮਤਿ ਕਾਵਿ ਧਾਰਾ

ਗੁਰਮਤਿ ਕਾਵਿ ਧਾਰਾ ਜਿਵੇਂ ਕਿ ਨਾਮ ਤੋਂ ਹੀ ਸਪਸ਼ਟ ਹੈ ਕਿ ਜੋ ਕਾਵਿ ਗੁਰੂ ਕਾਲ ਜਾਂ ਗੁਰੂਆਂ ਦੁਆਰਾ ਰਚਿਆ ਗਿਆ ਹੈ। ਇਸ ਕਾਵਿ ਦੀ ਸਿਰਜਣਾ ਦਾ ਖੇਤਰ ਬਾਰ੍ਹਵੀਂ ਸਦੀ ਤੋਂ ਲੈ ਕੇ 18ਵੀਂ ਸਦੀ ਤਕ ਫੈਲਿਆ ਹੋਇਆ ਹੈ। ਗੁਰਮਤਿ ਕਾਵਿ ਧਾਰਾ ਦਾ ਆਰੰਭ ਬਾਬਾ ਫ਼ਰੀਦ ਜੀ ਦੀ ਬਾਣੀ ਤੋਂ ਮੰਨਿਆਂ ਜਾਂਦਾ ਹੈ। ਇਸ ਤੋਂ ਬਾਅਦ ਦੇ ਅਤੇ 18ਵੀਂ ਸਦੀ ਤਕ ਦੇ ਸਮੇਂ ਵਿਚ ਹੋਏ ਵੱਖ-ਵੱਖ ਬਾਣੀਕਾਰਾਂ ਦੀ ਬਾਣੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤਾ ਗਿਆ ਹੈ ਜਿਸ ਤੋਂ ਇਸ ਕਾਵਿ ਦੀ ਮਹੱਤਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਸਮੇਂ ਇਨ੍ਹਾਂ ਮਹਾਨ ਭਗਤਾਂ ਦੀ ਬਾਣੀ ਨੂੰ ਜਗ੍ਹਾ ਦਿੱਤੀ ਹੈ। ਗੁਰਮਤਿ ਕਾਵਿ ਧਾਰਾ ਦੇ ਸਮੂਹ ਬਾਣੀਕਾਰ ਇਸ ਬਾਣੀ ਰਾਹੀਂ ਆਪਣੇ ਮਤ ਦਾ ਪ੍ਰਚਾਰ ਲੋਕ ਹਿਤ ਵਿਚ ਕਰਦੇ ਹਨ ਜਿਸ ਕਰਕੇ ਗੁਰਮਤਿ ਕਾਵਿ ਜਨ ਕਲਿਆਣ ਦਾ ਸਾਹਿਤ ਹੋ ਜਾਂਦਾ ਹੈ।

**ਆਰੰਭ, ਵਿਕਾਸ ਅਤੇ ਵਿਸ਼ੇਸ਼ਤਾਵਾਂ**

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਹੋਣ ਦੇ ਨਾਲ ਨਾਲ ਗੁਰਮਤਿ ਕਾਵਿ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਕਾਵਿ ਦੀ ਰਚਨਾ ਲਈ ਆਪਣੇ ਤੋਂ ਪੂਰਵਲੇ ਵਿਦਵਾਨਾਂ ਦੀਆਂ ਰਚਨਾਵਾਂ ਤੇ ਇਕ ਪਾਰਖੂ ਦੀ ਤਰ੍ਹਾਂ ਕੰਮ ਕੀਤਾ ਅਤੇ ਆਪਣੀ ਸੋਝੀ ਰਾਹੀਂ ਗੁਰਮਤਿ ਕਾਵਿ ਧਾਰਾ ਦਾ ਨੀਂਹ ਪੱਥਰ ਧਰਿਆ। ਉਨ੍ਹਾਂ ਨੇ ਆਪਣੇ ਸਮਕਾਲੀ ਅਤੇ ਪੂਰਵਲੇ ਕਵੀਆਂ ਦੀ ਬਾਣੀ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ।

ਸਿੱਧ, ਬੁੱਧ ਧਰਮ ਦੀ ਸ਼ਾਖਾ ਨਾਲ ਸੰਬੰਧਿਤ ਸਨ। ਇਹ ਬ੍ਰਾਹਮਣਵਾਦ ਦੇ ਵਿਰੋਧ ਵਜੋਂ ਉਪਜਿਆ ਸੀ। ਪਰੰਤੂ ਸਮੇਂ ਦੇ ਨਾਲ-ਨਾਲ ਇਸ ਧਰਮ ਦੇ ਅਨੁਯਾਈਆਂ ਨੇ ਮਹਾਤਮਾ ਬੁੱਧ ਦੀ ਵੀ ਬੁੱਤ ਪ੍ਰਸਤੀ ਕਰਨੀ ਸ਼ੁਰੂ ਕਰ ਦਿੱਤੀ। ਇਸ ਕਰਕੇ ਬਾਅਦ ਵਿਚ ਇਨ੍ਹਾਂ ਅਨੁਯਾਈਆਂ ਨੇ ਬ੍ਰਾਹਮਣਵਾਦ ਦੇ ਪ੍ਰਭਾਵ ਨੂੰ ਆਪਣੇ ਉਪਰ ਹਾਵੀ ਕਰ ਲਿਆ। ਸਿੱਧ ਇਸ ਸੰਸਾਰ ਨੂੰ 'ਦੁਤਰ ਸਾਗਰ' ਸਮਝਦੇ ਸਨ। ਇਨ੍ਹਾਂ ਦਾ ਨਾਅਰਾ ਆਮ ਕਰਕੇ ਜੰਗਲ ਵਾਸ ਅਤੇ ਕਰਮ-ਕਾਂਡ ਦੁਆਰਾ ਆਪਣੇ ਇਸ਼ਟ ਦੀ ਪ੍ਰਾਪਤੀ ਮੰਨਿਆਂ ਜਾਂਦਾ ਹੈ। ਇਹ ਲੋਕ ਨਾਲੋਂ ਪਰਲੋਕ ਨੂੰ ਜ਼ਿਆਦਾ ਤਰਜੀਹ ਦਿੰਦੇ ਸਨ। ਇਸ ਕਰਕੇ ਸਿੱਧਾਂ ਵਿਚ ਹੰਕਾਰ ਆਉਣਾ ਲਾਜ਼ਮੀ ਸੀ। ਇਸ ਕਰਕੇ ਗੁਰੂ ਨਾਨਕ ਦੇਵ ਜੀ ਨੇ ਇਸ ਹੰਕਾਰ ਨੂੰ ਤੋੜਨ ਲਈ ਹੀ ਆਪਣੀ ਰਚਨਾ 'ਸਿੱਧ ਗੋਸ਼ਟਿ' ਵਿਚ ਇਸਦਾ ਉਲੇਖ ਕੀਤਾ ਹੈ। ਜੋ ਗੁਰਮਤਿ ਕਾਵਿ ਦੇ ਨਜ਼ਰੀਏ ਤੋਂ ਇਕ ਉੱਤਮ ਕਾਵਿ ਰਚਨਾ ਮੰਨੀ ਜਾਂਦੀ ਹੈ।

ਇਸੇ ਪ੍ਰਕਾਰ ਸਿੱਧ ਨਾਥ ਧਰਮ ਪਰੰਪਰਾ ਵਾਂਗ ਬ੍ਰਾਹਮਣਵਾਦ ਵੀ ਉਸ ਸਮੇਂ ਵਿਚ ਆਪਣੇ ਪੈਰ ਪੱਕੇ ਕਰ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣਵਾਦੀ ਕਰਮ ਕਾਂਡ ਅਤੇ ਜਾਤ ਪ੍ਰਥਾ, ਜੈਨੇਊ ਪਹਿਣਨ, ਤੀਰਥ ਨਹਾਉਣ, ਆਰਤੀ ਆਦਿ ਧਾਰਮਿਕ ਭੇਖ ਭਖੰਡਾਂ ਨੂੰ ਨਕਾਰਿਆ ਅਤੇ ਇਨ੍ਹਾਂ ਦਾ ਡਟ ਕੇ ਵਿਰੋਧ ਕੀਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਵਾਰਾਂ ਵਿਚ ਸ਼ਾਮਿਲ ਕੀਤੇ ਗਏ ਸ਼ਲੋਕਾਂ ਰਾਹੀਂ ਬ੍ਰਾਹਮਣਵਾਦ ਦੇ ਖੋਖਲ੍ਹੇਪਨ ਨੂੰ ਨੰਗਿਆਂ ਕੀਤਾ ਹੈ।

ਇਸ ਤੋਂ ਉਪਰੰਤ ਭਗਤੀ ਮਾਰਗ ਆਉਂਦਾ ਹੈ ਜਿਸ ਨਾਲ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੰਵਾਦ ਰਚਾਏ। ਗੁਰੂ ਨਾਨਕ ਦਾ ਧਰਮ ਚਿੰਤਨ ਇਸੇ ਮਾਰਗ ਵਿਚੋਂ ਹੀ ਨਿਕਲਿਆ ਹੈ। ਇਸ ਮਾਰਗ ਦੀ ਮੂਲ ਧਾਰਨਾ ਇਹ ਹੈ ਕਿ ਜੀਵਨ ਮੁਕਤੀ ਦਾ ਇਕੋ ਇਕ ਸਾਧਨ ਭਗਤੀ ਮਾਰਗ ਹੀ ਹੈ। ਅੱਗੋਂ ਭਗਤੀ ਮਾਰਗ ਵਿਚ ਦੋ ਸਰਗੁਣ ਭਗਤੀ ਅਤੇ ਨਿਰਗੁਣ ਭਗਤੀ ਹੈ। ਗੁਰੂ ਨਾਨਕ ਦੇਵ ਜੀ ਨੇ ਸਰਗੁਣ ਭਗਤੀ ਦੇ ਮਾਰਗ ਨੂੰ ਜਿਸ ਵਿਚ ਅਵਤਾਰਵਾਦ ਨੂੰ ਪੇਸ਼ ਕੀਤਾ ਗਿਆ ਹੈ ਨਕਾਰ ਕੇ ਨਿਰਗੁਣ ਭਗਤੀ ਨੂੰ ਆਪਣੀ ਕਾਵਿ ਦਾ ਮਾਧਿਅਮ ਬਣਾਇਆ ਹੈ।

ਇਸਲਾਮ ਧਰਮ ਦਾ ਮਾਰਗ ਗੁਰੂ ਨਾਨਕ ਦੇਵ ਜੀ ਦੇ ਸਮੇਂ ਬੜੇ ਉੱਤਮ ਅਤੇ ਦ੍ਰਿੜ ਸੰਕਲਪ ਦਾ ਧਾਰਨੀ ਸੀ। ਇਸ ਧਰਮ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਆਪ ਵੀ ਪ੍ਰਭਾਵਿਤ ਹੋਇਆ। ਇਸ ਧਰਮ ਕਰਕੇ ਸਾਮੀ ਸੱਭਿਆਚਾਰ ਦਾ ਪ੍ਰਵੇਸ਼ ਹੋਇਆ ਜਿਸ ਕਰਕੇ ਇਸ ਧਰਮ ਦੇ ਅਨੁਯਾਈ ਬੁੱਤ ਪ੍ਰਸਤੀ ਨੂੰ ਨਕਾਰ ਕੇ ਇਕੋ ਪਰਮਾਤਮਾ ਨੂੰ ਮੰਨਦੇ ਸਨ। ਇਸ ਧਾਰਨਾ ਦਾ ਮੱਤ ਨਿਰਗੁਣ ਭਗਤੀ ਨਾਲ ਮੇਲ ਖਾਂਦਾ ਹੈ ਪਰੰਤੂ ਬ੍ਰਹਮ ਦੇ ਸੰਕਲਪ ਅਧੀਨ ਇਸਲਾਮ ਦਾ ਵਿਸ਼ਵਾਸ ਜਿੱਥੇ ਬ੍ਰਹਮ ਨੂੰ ਸੱਤਵੇਂ ਆਸਮਾਨ ਤੇ ਬਿਰਾਜਮਾਨ ਕਰ ਦਿੰਦਾ ਹੈ ਉਥੇ ਗੁਰੂ ਨਾਨਕ ਦੇਵ ਜੀ ਬ੍ਰਹਮ ਨੂੰ ਘਟ-ਘਟ ਵਿਚ ਵਸਿਆ ਹੋਇਆ ਮੰਨਦੇ ਹਨ।

ਅੰਤ ਵਿਚ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦਾ ਗੁਰਮਤਿ ਕਾਵਿ ਦੀ ਸਥਾਪਨਾ ਵਿਚ ਅਹਿਮ ਯੋਗਦਾਨ ਹੈ ਜੋ ਨਿਰਗੁਣ ਧਾਰਾ ਦਾ ਲਖਾਇਕ ਹੈ ਅਤੇ ਘਟ-ਘਟ ਵਿਚ ਬ੍ਰਹਮ ਨੂੰ ਰਮਿਆ ਹੋਇਆ ਮੰਨਦਾ ਹੈ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੂਜੇ ਗੁਰੂ ਸਹਿਬਾਨਾਂ ਨੇ ਗੁਰਮਤਿ ਕਾਵਿ ਨੂੰ ਵਿਕਾਸ ਦੀ ਲੀਹ ਤੇ ਤੋਰਿਆ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ ਨੂੰ ਸਰਬ ਸਥਾਈ ਰੂਪ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਰਿਵਰਤਿਤ ਕਰ ਦਿੱਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕਾਵਿ ਨੂੰ ਸਿੱਖਾਂ ਲਈ ਗੁਰੂ ਦੇ ਰੂਪ ਵਿਚ ਮੰਨਣ ਲਈ ਆਦੇਸ਼ ਦਿੱਤਾ।

ਗੁਰਮਤਿ ਕਾਵਿ ਧਾਰਾ ਦੇ ਕਵੀਆਂ ਦੀ ਬ੍ਰਹਮ, ਸ਼੍ਰਿਸਟੀ, ਜੀਵ ਸੰਬੰਧੀ ਸਮਾਨ ਦ੍ਰਿਸ਼ਟੀ ਹੈ। ਜੇਕਰ ਗੁਰਮਤਿ ਸਾਹਿਤ ਦੀ ਖੋਜ ਕੀਤੀ ਜਾਵੇ ਤਾਂ ਇਹ ਸਹਿਜੇ ਹੀ ਸਪਸ਼ਟ ਹੋ ਜਾਵੇਗਾ ਕਿ ਇਹ ਆਪਣੇ ਸਮਕਾਲੀ ਚਿੰਤਨ ਅਤੇ ਵਿਚਾਰਧਾਰਾਵਾਂ ਤੋਂ

ਆਪਣੇ ਆਪ ਨੂੰ ਵਖਰਿਆਉਂਦੀ ਹੋਈ ਆਪਣਾ ਵੱਖਰਾ ਮਤ ਪੇਸ਼ ਕਰਦੀ ਹੈ। ਇਸ ਪ੍ਰਕਾਰ ਗੁਰਮਤਿ ਕਾਵਿ ਦੀਆਂ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ :

1. ਗੁਰਮਤਿ ਕਾਵਿ ਧਾਰਾ ਦੇ ਬ੍ਰਹਮ ਸੰਬੰਧੀ ਅਵਤਾਰਵਾਦ ਦੀ ਧਾਰਨਾ ਨੂੰ ਰੱਦ ਕਰਦੀ ਹੋਈ ਉਸਨੂੰ ਨਿਰਗੁਣ ਮੰਨਦੀ ਹੈ।
2. ਗੁਰਮਤਿ ਕਾਵਿ ਸਿਰਫ਼ ਸ਼ੁੱਧ ਕਵਿਤਾ ਦਾ ਰੂਪ ਨਾ ਹੋ ਕੇ ਅਧਿਆਤਮਵਾਦ ਦੀ ਕਵਿਤਾ ਹੈ।
3. ਇਹ ਕਾਵਿ ਧਾਰਾ ਆਪਣੇ ਪੂਰਵਲੇ ਸਿੱਧ ਨਾਥ ਅਤੇ ਬ੍ਰਹਾਮਣਵਾਦ ਨੂੰ ਨਕਾਰ ਕੇ ਪ੍ਰਗੀਤ ਅਤੇ ਉਪਦੇਸ਼ਾਤਕ ਕਾਵਿ ਰੂਪਾਂ ਨੂੰ ਸਿਰਜਦੀ ਹੈ।
4. ਗੁਰਮਤਿ ਕਾਵਿ ਧਾਰਾ ਨਿੱਜਵਾਚੀ ਨਾ ਹੋ ਕੇ ਸਮੂਹਵਾਚੀ ਹੈ। ਇਸ ਕਾਵਿ ਦਾ ਮੂਲ ਮੰਤਵ ਪ੍ਰਭੂ ਭਗਤੀ ਅਤੇ ਜੀਵਨ ਨੂੰ ਨੈਤਿਕ ਰੂਪ ਵਿਚ ਉੱਤਮ ਚੁੱਕਣਾ ਹੈ।
5. ਗੁਰਮਤਿ ਕਾਵਿ ਲੋਕ ਕਾਵਿ ਜਾਂ ਸਥਾਨਕੀ ਕਾਵਿ ਰੂਪਾਂ ਵਿਚ ਆਪਣੀ ਵਿਚਾਰਧਾਰਾ ਨੂੰ ਪੇਸ਼ ਕਰਦੀ ਹੈ ਜਿਵੇਂ ਕਿ ਵਾਰਾਂ, ਬਾਰਾਂਮਾਹ, ਅਲਾਹੁਣੀਆਂ ਆਦਿ।
6. ਇਸ ਕਾਵਿ ਵਿਚ ਗੁਰਮਤਿ ਕਾਵਿ ਦੀ ਵਿਚਾਰਧਾਰਾ ਦੇ ਉਲਟ ਵਿਚਾਰਧਾਰਾ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਜਿਵੇਂ ਕਿ ਸ਼ਾਹ ਹੁਸੈਨ, ਪੀਲੂ, ਛੱਜੂ ਆਦਿ।
7. ਇਸ ਕਾਵਿ ਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਵਿਚ ਦਰਜ ਕੀਤਾ ਇਸ ਕਰਕੇ ਇਸ ਕਾਵਿ ਦੇ ਮਹਾਨ ਹੋਣ ਬਾਰੇ ਕੋਈ ਵੀ ਗੁੰਜਾਇਸ਼ ਨਹੀਂ ਰਹਿ ਜਾਂਦੀ।
8. ਗੁਰਮਤਿ ਕਾਵਿ ਵਿਚ ਇਕੋ ਕਾਵਿ-ਰੂਪ ਦੇ ਵੰਨ-ਸੁਵੰਨੇ ਪਾਠ ਦੇਖਣ ਨੂੰ ਮਿਲਦੇ ਹਨ। ਭਗਤ ਕਬੀਰ ਅਤੇ ਬਾਬਾ ਫ਼ਰੀਦ ਜੀ ਤੋਂ ਇਲਾਵਾ ਗੁਰੂ ਸਹਿਬਾਨਾਂ ਦੇ ਸਲੋਕਾਂ ਦੀ ਭਾਸ਼ਾਈ ਸੁਵੰਨਤਾ ਕਾਬਿਲੇ-ਤਾਰੀਫ਼ ਹੈ।
9. ਗੁਰਮਤਿ ਕਾਵਿ ਧਾਰਾ ਵਿਚ ਆਪਣੇ ਇਸ਼ਟ ਨੂੰ ਪ੍ਰਾਪਤ ਕਰਨ ਲਈ ਨਾਮ ਦੇ ਸਿਮਰਨ ਤੇ ਜ਼ੋਰ ਦੇਣ ਲਈ ਕਿਹਾ ਹੈ।
10. ਗੁਰਮਤਿ ਕਾਵਿ ਧਾਰਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਕਾਵਿ ਧਾਰਾ ਨੂੰ ਸਿੱਖਾਂ ਦੇ ਦਸਵੇਂ ਗੁਰੂ ਸਹਿਬਾਨ ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਇਸਦੀ ਮਹਾਨਤਾ ਨੂੰ ਸਵੀਕਾਰਦਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਦਾ ਗੁਰੂ ਮੰਨਣ ਲਈ ਕਿਹਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ : ਸੰਪਾਦਨਾ ਅਤੇ ਸਾਹਿਤਕ ਵਿਸ਼ੇਸ਼ਤਾਵਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰੀ ਮਾਨਵ ਜਾਤੀ ਲਈ ਇਕ ਵਿਸ਼ੇਸ਼ ਗ੍ਰੰਥ ਹੈ ਜੋ ਬਿਨ੍ਹਾਂ ਕਿਸੇ ਭੇਦ ਭਾਵ ਦੇ ਸਭ ਲੋਕਾਂ ਲਈ ਮਾਰਗ ਦਰਸ਼ਕ ਦਾ ਕੰਮ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਲਈ ਵਿਸ਼ੇਸ਼ ਹਾਲਾਤ ਉੱਭਰਕੇ ਸਾਹਮਣੇ ਆਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਜੀ ਹਨ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਸਿੱਖ ਧਰਮ ਬਹੁਤ ਜ਼ਿਆਦਾ ਵਿਸ਼ਾਲ ਹੋ ਚੁੱਕਾ ਸੀ ਇਸ ਕਰਕੇ ਇਸ ਮਹਾਨ ਬਾਣੀ ਨੂੰ ਕਿਸੇ ਸਮਾਉਣ ਲਈ ਕਿਸੇ ਮਹਾਨ ਗ੍ਰੰਥ ਦੀ ਜ਼ਰੂਰਤ ਸੀ ਇਸ ਲਈ ਗੁਰੂ ਅਰਜਨ ਦੇਵ ਜੀ ਨੇ ਆਪਣੀ ਅਤੇ ਆਪਣੇ ਤੋਂ ਪੂਰਬਲੇ ਗੁਰੂਆਂ ਦੀ ਬਾਣੀ ਨੂੰ ਸੰਕਲਿਤ ਕਰਨਾ ਸ਼ੁਰੂ ਕੀਤਾ। ਭਿੰਨ-ਭਿੰਨ ਭਗਤਾਂ ਅਤੇ ਗੁਰੂਆਂ ਦੀ ਬਾਣੀ ਜੋ ਵੱਖੋ ਵੱਖਰੀਆਂ ਥਾਵਾਂ ਤੇ ਪਈ ਸੀ ਇਸ ਦੀ ਸੰਭਾਲ ਲਈ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ ਕੀਤਾ। ਇਨ੍ਹਾਂ ਸਭ ਤੋਂ ਇਕ ਹੋਰ ਵੀ ਕਾਰਨ ਇਹ ਸੀ ਕਿ ਗੁਰੂ ਜੀ ਦੇ ਵੱਡੇ ਭਰਾ ਦੇ ਲੜਕੇ ਮਿਹਰਵਾਨ ਨੇ ਆਪਣੇ ਨਾਮ ਹੇਠ ਬਣੀ ਰਚਨੀ ਸ਼ੁਰੂ ਕਰ ਦਿੱਤੀ ਜਿਸ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਨੂੰ 'ਕੱਚੀ ਬਾਣੀ' ਦਾ ਨਾਮ ਦਿੱਤਾ ਇਸ ਕੱਚੀ ਬਾਣੀ ਤੋਂ ਨਿਖੇੜਨ ਲਈ ਇਸ ਮਹਾਨ ਗ੍ਰੰਥ ਦੀ ਸੰਪਾਦਨਾ ਕਰਨੀ ਜ਼ਰੂਰੀ ਸੀ। ਪਰੰਤੂ ਇਸ ਗ੍ਰੰਥ ਦੀ ਸੰਪਾਦਨਾ ਕਰਨਾ ਏਨਾ ਆਸਾਨ ਨਹੀਂ ਸੀ। ਇਸ ਦੇ ਕਈ ਕਾਰਨ ਸਨ ਪਹਿਲਾ ਇਹ ਕਿ ਬਾਣੀ ਕਿਸੇ ਇਕ ਨਿਸ਼ਚਿਤ ਜਗ੍ਹਾ 'ਤੇ ਨਹੀਂ ਸੀ ਇਸ ਕਰਕੇ ਵੱਖ-ਵੱਖ ਥਾਵਾਂ ਤੇ ਜਾ ਕੇ ਇਸਦਾ ਸੰਕਲਨ ਕੀਤਾ ਗਿਆ। ਦੂਜਾ ਉਸ ਸਮੇਂ ਦੇ ਰਾਜਨੀਤਿਕ ਹਾਲਾਤ ਗੁਰੂ ਅਰਜਨ ਦੇਵ ਜੀ ਦੇ ਨਾਲ ਨਹੀਂ ਸਨ ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀਚੰਦ ਨੇ ਗੁਰੂ ਅਰਜਨ ਦੇਵ ਜੀ ਦੁਆਰਾ ਰਚੀ ਬਾਣੀ ਨੂੰ ਦੂਜੇ ਧਰਮਾਂ ਦੇ ਬਾਰੇ ਗਲਤ ਵਿਚਾਰ ਲਿਖਣ ਦੇ ਝੂਠੇ ਇਲਜ਼ਾਮ ਵਿਚ ਫਸਾਉਣ ਦਾ ਯਤਨ ਕੀਤਾ ਗਿਆ ਜਿਸ ਦਾ ਬਾਅਦ ਵਿਚ ਗੁਰੂ ਜੀ ਦੁਆਰਾ ਸਪਸ਼ਟੀਕਰਨ ਕੀਤਾ ਗਿਆ। ਤੀਜਾ ਆਪ ਇਸ ਗ੍ਰੰਥ ਦੇ ਨਾਲ-ਨਾਲ ਆਪਣੀ ਬਾਣੀ ਨੂੰ ਵੀ ਰਚਦੇ ਰਹੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ ਕਲਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੀ ਸੰਪਾਦਨਾ ਇਕ ਅਦੁੱਤੀ ਰਚਨਾ ਹੈ ਜਿਸ ਵਿਚ ਸਮੇਂ ਸਮੇਂ ਤੇ ਅਨੇਕਾਂ ਭਗਤਾਂ ਅਤੇ ਗੁਰੂਆਂ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਕੀਤਾ ਗਿਆ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰਮਤਿ ਆਸ਼ੇ ਅਨੁਸਾਰ ਸਹੀ ਅਤੇ ਗਲਤ ਅਰਥਾਤ ਕੱਚੀ ਅਤੇ ਸੱਚੀ ਬਾਣੀ ਦਾ ਨਿਰਣਾ ਕਰਨਾ ਬਹੁਤ ਜ਼ਰੂਰੀ ਸੀ ਇਸ ਕਰਕੇ ਸ੍ਰੀ ਗੁਰ ਗ੍ਰੰਥ ਸਾਹਿਬ

ਜੀ ਵਿਚ ਗੁਰੂ ਸਹਿਬਾਨ, 15 ਭਗਤ, 4 ਗੁਰਸਿੱਖਾਂ ਅਤੇ 11 ਭੱਟਾਂ ਦੀ ਬਾਣੀ ਦਰਜ ਕੀਤੀ ਗਈ ਹੈ। ਜਿਸ ਕਰਕੇ ਇਸ ਦੇ ਦੂਸਰੇ ਪਾਸੇ ਕਈ ਮਹਾਨ ਵਿਦਵਾਨਾਂ ਦੀਆਂ ਰਚਨਾਵਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਆਸ਼ੇ ਅਨੁਸਾਰ ਨਾ ਸਮਝਦੇ ਹੋਏ ਉਨ੍ਹਾਂ ਦੀ ਬਾਣੀ ਨੂੰ ਵਿਚ ਦਰਜ ਨਹੀਂ ਕੀਤਾ ਗਿਆ। ਇਨ੍ਹਾਂ ਵਿਚ ਸ਼ਾਹ ਹੁਸੈਨ, ਪੀਲੂ, ਜੱਲਣ, ਕਾਨ੍ਹਾ, ਸਾਧੂ ਜਨ ਆਦਿ ਆਉਂਦੇ ਹਨ। ਇਸ ਪ੍ਰਕਾਰ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਾ ਕੀਤਾ ਗਿਆ ਪਰੰਤੂ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਗੁਰਬਾਣੀ ਦੇ ਵਿਆਖਿਆਕਾਰ ਦਸਦੇ ਹੋਏ ਉਨ੍ਹਾਂ ਦੀ ਬਾਣੀ ਨੂੰ 'ਗੁਰਬਾਣੀ ਦੀ ਕੁੰਜੀ' ਨਾਲ ਨਿਵਾਜਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵਿਚ ਗੁਰੂ ਜੀ ਨੇ ਅਲੱਗ ਅਲੱਗ ਬਾਣੀਕਾਰਾਂ ਦੀ ਬਾਣੀ ਨੂੰ ਵਿਵਸਥਿਤ ਕਰਨਾ ਸੀ। ਆਦਿ ਗ੍ਰੰਥ ਸਾਹਿਬ ਵਿਚ ਬਾਣੀ ਦੀ ਤਰਤੀਬ ਸੰਬੰਧੀ ਡਾ. ਸਾਹਿਬ ਸਿੰਘ ਨੇ ਆਪਣੀ ਪੁਸਤਕ 'ਆਦਿ ਬੀੜਾਂ ਬਾਰੇ' ਵਿਚ ਦਿੱਤੀ ਹੈ। ਉਨ੍ਹਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ '੧ੳ ਤੋਂ ਲੈ ਕੇ ਗੁਰਪ੍ਰਸਾਦਿ' ਤਕ ਮੂਲ ਮੰਤਰ ਹੈ। ਇਸ ਤੋਂ ਅੱਗੇ ਸਭ ਤੋਂ ਪਹਿਲੀ ਬਾਣੀ 'ਜਪੁ' ਹੈ। ਇਸ ਵਿਚ 38 ਸ਼ਲੋਕ ( ਮੁੱਢ ਅਤੇ ਅਖੀਰ ਵਿਚ) ਸ਼ਾਮਿਲ ਹਨ। ਇਸ ਤੋਂ ਅਗਲੀ ਬਾਣੀ 'ਸੋ ਦਰੁ' ਅਤੇ 'ਸੋ ਪੁਰਖ'। ਇਸ ਨੂੰ ਰਹਿਰਾਸ ਵੀ ਆਖਿਆ ਜਾਂਦਾ ਹੈ। ਇਸ ਤੋਂ ਅੱਗੇ ਬਾਣੀ ਰਾਗਾਂ ਵਿਚ ਦਰਜ ਹੈ। ਇਨ੍ਹਾਂ ਰਾਗਾਂ ਦੀ ਗਿਣਤੀ 30 (ਗੁਰੂ ਗ੍ਰੰਥ ਸਾਹਿਬ ਵਿਚ 31) ਹੈ। ਇਨ੍ਹਾਂ ਰਾਗਾਂ ਦੀ ਤਰਤੀਬ ਇਉਂ ਹੈ :

ਸਿਰੀ ਰਾਗ, ਮਾਝ, ਗਉੜੀ, ਆਸਾ, ਗੁਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ-ਨਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰੋ, ਬਸੰਤ ਸਾਰੰਗ, ਮਲ੍ਹਾਰ, ਕਾਨੜਾ, ਕਲਿਆਣ ਅਤੇ ਪ੍ਰਭਾਤੀ (ਜੈਜਾਵੰਤੀ ਗੁਰੂ ਗ੍ਰੰਥ ਵਿਚ)।

ਇਨ੍ਹਾਂ ਰਾਗਾਂ ਵਿਚ ਬਾਣੀ ਦੀ ਤਰਤੀਬ ਇਉਂ ਹੈ : ਸ਼ਬਦ, ਅਸਟਪਦੀਆਂ, ਛੰਤ, ਵਾਰ ਅਤੇ ਭਗਤਾਂ ਦੀ ਬਾਣੀ। ਇਹ ਸ਼ਬਦ ਅਸਟਪਦੀਆਂ ਆਦਿ ਵੀ ਖ਼ਾਸ ਤਰਤੀਬ ਅਨੁਸਾਰ ਦਰਜ ਹਨ : ਪਹਿਲਾਂ ਗੁਰੂ ਨਾਨਕ ਦੇਵ ਜੀ ਦੇ, ਫਿਰ ਗੁਰੂ ਅਮਰਦਾਸ ਜੀ ਦੇ, ਫਿਰ ਗੁਰੂ ਰਾਮਦਾਸ ਜੀ ਅਤੇ ਅਖ਼ੀਰ ਵਿਚ ਗੁਰੂ ਅਰਜਨ ਦੇਵ ਜੀ ਦੇ। ਗੁਰੂ ਅੰਗਦ ਦੇਵ ਜੀ ਨੇ ਸ਼ਬਦ ਨਹੀਂ ਸਲੋਕ ਹੀ ਲਿਖੇ ਹਨ। ਇਹ ਸ਼ਲੋਕ ਵਾਰਾਂ ਦੀਆਂ ਪਉੜੀਆਂ ਨਾਲ ਜੋੜੇ ਗਏ ਹਨ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੇ ਸ਼ਬਦਾਂ ਨੂੰ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਤੋਂ ਬਾਅਦ ਰੱਖਿਆ ਗਿਆ ਹੈ। ਵਾਰਾਂ ਨੂੰ ਗੁਰੂ ਕ੍ਰਮ ਅਨੁਸਾਰ ਹੀ ਤਰਤੀਬ ਦਿੱਤੀ ਗਈ ਹੈ। 30 ਰਾਗਾਂ ਵਿਚੋਂ 22 ਰਾਗਾਂ ਵਿਚ 15 ਭਗਤਾਂ ਦੀ ਬਾਣੀ ਦਰਜ ਹੈ। ਇਨ੍ਹਾਂ ਭਗਤਾਂ ਵਿਚ ਭਗਤ ਕਬੀਰ ਦੇ 224 ਸ਼ਬਦ, ਭਗਤ ਨਾਮਦੇਵ ਦੇ 61, ਰਵਿਦਾਸ ਦੇ 40, ਤ੍ਰਿਲੋਚਨ ਦੇ 4,

ਫ਼ਰੀਦ ਜੀ ਦੇ 4 (112 ਵੱਖਰੇ ਸ਼ਲੋਕ), ਬੈਣੀ ਜੀ ਦੇ 3, ਧੰਨਾ ਭਗਤ ਦੇ 3, ਜੈਦੇਵ ਦੇ 2, ਭੀਖਨ ਭਗਤ ਦੇ 2, ਸੂਰਦਾਸ ਦਾ 1 ਸ਼ਬਦ ਸ਼ਾਮਿਲ ਹੈ।

ਭਗਤਾਂ ਤੋਂ ਇਲਾਵਾ ਆਦਿ ਗ੍ਰੰਥ ਵਿਚ 11 ਭੱਟਾਂ ਦੀ ਬਾਣੀ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਭੱਟਾਂ ਵਿਚ ਕਲ੍ਹਸਹਾਰ, ਜਾਪਲ, ਕੀਰਤ, ਭਿਖਾ, ਸਲ੍ਹ, ਭਲ੍ਹ, ਨਲ੍ਹ ਗਯੰਦ, ਮਥੁਰਾ, ਬਲ੍ਹ ਅਤੇ ਹਰਬੰਸ ਸ਼ਾਮਲ ਹਨ। ਇਨ੍ਹਾਂ ਸਭ ਦੀ ਰਚਨਾ ਨੂੰ ਸਵੱਯੇ ਨਾਮ ਦਿੱਤਾ ਗਿਆ ਹੈ। ਇਹ ਸਵੱਯੇ ਗਿਣਤੀ ਵਿਚ 123 ਹਨ। ਗੁਰੂ ਅਰਜਨ ਦੇਵ ਜੀ ਵੱਲੋਂ ਆਦਿ ਗ੍ਰੰਥ ਦੀ ਕੀਤੀ ਗਈ ਸੰਪਾਦਨਾ ਦੀ ਕਲਾ ਨੂੰ ਬਹੁਤ ਸਾਰੇ ਵਿਦਵਾਨਾਂ ਨੇ ਸਮਝਣ ਅਤੇ ਵਖਿਆਉਣ ਦਾ ਯਤਨ ਕੀਤਾ ਹੈ। ਇਨ੍ਹਾਂ ਵਿਦਵਾਨਾਂ ਵਿਚ ਡਾ. ਮਹਿੰਦਰ ਕੌਰ ਗਿੱਲ ਦਾ ਨਾਮ ਵੀ ਵਰਣਨ ਯੋਗ ਹੈ। ਉਸ ਨੇ ਆਪਣੀ ਪੁਸਤਕ 'ਬਾਣੀ ਵਿਵੇਚਨ' ਵਿਚ ਆਦਿ ਗ੍ਰੰਥ ਦੀ ਸੰਪਾਦਨਾ ਨੂੰ ਪ੍ਰਬੰਧ-ਵਿਵਸਥਾ ਦੇ ਮਾਡਲ ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਮੰਤਵ ਲਈ ਉਸਨੇ ਮਹਿਲਾ ਸੰਕੇਤ, ਮੰਗਲ ਪ੍ਰਬੰਧ, ਰਾਗ-ਪ੍ਰਬੰਧ, ਅੰਕ-ਅੰਕਣ ਪ੍ਰਬੰਧ, ਸਿਰਲੇਖ-ਪ੍ਰਬੰਧ, ਰਹਾਉ ਪ੍ਰਬੰਧ ਦਾ ਵਰਣਨ ਕੀਤਾ ਹੈ। ਇਨ੍ਹਾਂ ਸਾਰੇ ਸੰਪਾਦਕੀ-ਪੱਖਾਂ ਦਾ ਸੰਖੇਪ ਵਰਣਨ ਹੇਠ ਲਿਖੇ ਅਨੁਸਾਰ ਹੈ :

**(ੳ)ਮਹਲਾ ਸੰਕੇਤ :** ਸਾਰੇ ਗੁਰੂ ਸਹਿਬਾਨਾਂ ਨੇ ਆਪਣਾ ਨਿੱਜੀ ਨਾਮ ਅੰਗਦ, ਰਾਮਦਾਸ ਜਾਂ ਅਮਰਦਾਸ ਆਦਿ ਵਰਤਣ ਦੀ ਥਾਂ ਆਪਣੀ ਰਚਨਾ ਨੂੰ 'ਨਾਨਕ ਨਾਮ' ਅਧੀਨ ਰਚਿਆ ਹੈ। ਇਸ ਪ੍ਰਕਾਰ ਆਦਿ ਗ੍ਰੰਥ ਦੇ ਸੰਪਾਦਨ ਸਮੇਂ ਇਨ੍ਹਾਂ ਗੁਰੂ ਸਹਿਬਾਨਾਂ ਦੀ ਬਾਣੀ ਨੂੰ ਅਲੱਗ-ਅਲੱਗ ਕਰਨਾ ਕਠਿਨ ਕੰਮ ਸੀ। ਇਸ ਲਈ ਗੁਰੂ ਅਰਜਨ ਸਾਹਿਬ ਜੀ ਨੇ 'ਮਹਲਾ' ਸੰਕੇਤ ਦੀ ਵਿਵਸਥਾ ਕੀਤੀ।

**(ਅ) ਮੰਗਲ-ਪ੍ਰਬੰਧ :** ਮੰਗਲ-ਪ੍ਰਬੰਧ ਇਕ ਕਾਵਿ-ਰੂੜ੍ਹੀ ਹੈ ਜਿਸ ਦੀ ਵਰਤੋਂ ਸਾਰੇ ਵਿਦਵਾਨਾਂ ਨੇ ਕੀਤੀ ਹੈ। ਗੁਰੂ ਸਹਿਬਾਨਾਂ ਨੇ ਵੀ ਇਸ ਕਾਵਿ-ਰੂੜ੍ਹੀ ਦੀ ਵਰਤੋਂ ਕੀਤੀ ਹੈ। ਆਦਿ ਗ੍ਰੰਥ ਦੇ ਬਾਣੀਕਾਰਾਂ ਨੇ ਇਸ ਕਾਵਿ-ਰੂੜ੍ਹੀ ਨੂੰ ਮੂਲ-ਮੰਤਰ ਦੇ ਦੁਹਰਾਅ ਦੇ ਮਾਧਿਅਮ ਰਾਹੀਂ ਨਿਭਾਇਆ ਹੈ।

**(ੲ) ਰਾਗ-ਪ੍ਰਬੰਧ :** ਆਦਿ ਗ੍ਰੰਥ ਦੀ ਸਾਰੀ ਦੀ ਸਾਰੀ ਬਾਣੀ ਰਾਗ ਬੱਧ ਹੈ। ਆਦਿ ਗ੍ਰੰਥ ਨੂੰ ਰਾਗਣੀਆਂ ਵਿਚ ਵਿਭਾਜਿਤ ਕੀਤਾ ਗਿਆ ਹੈ। ਰਾਗ-ਬੱਧ ਹੋਣ ਨਾਲ ਸਾਰੀ ਬਾਣੀ ਮਨੁੱਖੀ ਹਿਰਦੇ ਦੇ ਧੁਰ-ਅੰਦਰ ਤਕ ਲਹਿੰਦੀ ਅਤੇ ਅਰਥਾਂ ਨੂੰ ਗਹਿਰਾਈ ਪ੍ਰਾਪਤ ਹੁੰਦੀ ਹੈ।

**(ਸ) ਅੰਕ-ਅੰਕਣ ਪ੍ਰਬੰਧ :** ਆਦਿ ਗ੍ਰੰਥ ਵਿਚ ਸ਼ਾਮਿਲ ਸਮੂਹ ਰਚਨਾਵਾਂ ਨੂੰ ਅੰਕਾਂ ਨੂੰ ਇਕ ਨਿਸ਼ਚਿਤ ਵਿਉਂਤਬੰਦੀ ਅਧੀਨ ਪੇਸ਼ ਕੀਤਾ ਗਿਆ ਹੈ। ਮਿਸਾਲ ਵਜੋਂ ਜੇਕਰ ਕਿਸੇ ਗੁਰੂ-ਕਵੀ ਨੇ ਇਕ ਰਾਗ ਵਿਚ ਇਕ ਤੋਂ ਵਧੀਕ ਰਚਨਾਵਾਂ ਲਿਖੀਆਂ ਹਨ ਤਾਂ ਉਨ੍ਹਾਂ ਦਾ ਨਿਖੇੜ ਅੰਕ-ਅੰਕਣ ਵਿਧੀ ਰਾਹੀਂ ਹੀ ਕੀਤਾ ਗਿਆ ਹੈ।

**(ਹ) ਰਹਾਉ-ਪ੍ਰਬੰਧ :** ਆਦਿ ਗ੍ਰੰਥ ਸਾਹਿਬ ਵਿਚ ਸੰਪਾਦਕ ਵਲੋਂ ਵਿਵਸਥਿਤ ਕੀਤਾ ਗਿਆ ਰਹਾਉ-ਪ੍ਰਬੰਧ ਵੀ ਸਾਡਾ ਧਿਆਨ ਖਿੱਚਦਾ ਹੈ। ਹਰੇਕ ਬਾਣੀ ਵਿਚ

ਕੇਂਦਰੀ ਭਾਵ ਨੂੰ ਦਰਸਾਉਣ ਵਾਲੀ ਸਤਰ ਦੇ ਅੱਗੇ 'ਰਹਾਉ' ਲਿਖ ਦਿੱਤਾ ਗਿਆ ਹੈ। ਜਿਸ ਦਾ ਅਰਥ ਇਹ ਹੈ ਕਿ ਇਸ ਸਤਰ ਵਿਚਲੇ ਭਾਵ ਨੂੰ ਦੂਸਰੀ ਵਾਰ ਪੜ੍ਹ ਕੇ ਸਾਰੀ ਰਚਨਾ ਦੇ ਅਰਥਾਂ ਨੂੰ ਮਨ ਵਿਚ ਵਸਾਇਆ ਜਾਵੇ।

**(ਕ) ਸਿਰਲੇਖ-ਪ੍ਰਬੰਧ :** ਆਦਿ ਗ੍ਰੰਥ ਦੀ ਹਰੇਕ ਬਾਣੀ ਨੂੰ ਕੋਈ ਨਾ ਕੋਈ ਸਿਰਲੇਖ ਸੰਪਾਦਕ-ਗੁਰੂ ਵੱਲੋਂ ਦਿੱਤਾ ਗਿਆ ਹੈ। ਇਸ ਨਾਲ ਉਸ ਬਾਣੀ ਦਾ ਆਪਣਾ ਸੁਤੰਤਰ ਅਸਤਿੱਤਵ ਤਾਂ ਉਜਾਗਰ ਹੋਇਆ ਹੀ ਹੈ : ਉਸ ਨੂੰ ਆਦਿ ਗ੍ਰੰਥ ਵਿਚੋਂ ਤਲਾਸ਼ ਕਰਨ ਵਿਚ ਵੀ ਸਹਾਇਤਾ ਮਿਲੀ ਹੈ। ਸਿਰਲੇਖਾਂ ਵਾਲੀਆਂ ਬਾਣੀਆਂ ਦੇ ਕੁਝ ਨਮੂਨੇ ਵੇਖੋ :

(1) ਜਾਪੁ (ਇਸ ਬਾਣੀ ਨਾਲ ਰਾਗ ਅੰਕਿਤ ਨਹੀਂ ਹੈ)।

(2) ਗਉੜੀ ਸੁਖਮਨੀ ਮਹਲਾ 5

(3) ਬਾਰਾਮਾਹ ਮਾਝ ਮਹਲਾ 5

(4) ਰਾਮਕਲੀ ਮਹਲਾ 3 ਅਨੰਦੁ

ਇਥੋਂ ਤਕ ਕਿ ਭੱਟਾਂ ਦੇ ਸਵੱਯੇ, ਜੋ ਗਿਣਤੀ ਵਿਚ 123 ਹਨ, ਨੂੰ ਵੱਖੋ-ਵੱਖ ਸਿਰਲੇਖਾਂ ਅਧੀਨ ਰੱਖਿਆ ਗਿਆ। ਇਸ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਸਦਾ ਸੰਕਲਨ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਦਰਜ ਕਰਕੇ ਇਸ ਨੂੰ ਸਿੱਖਾਂ ਦਾ ਗੁਰੂ ਹੋਣ ਦਾ ਮਾਣ ਪ੍ਰਦਾਨ ਕੀਤਾ ਪਰੰਤੂ ਇਥੇ ਯਾਦ ਰੱਖਣ ਯੋਗ ਗਲ ਇਹ ਹੈ ਕਿ ਆਦਿ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਖੇੜਾ ਹੈ। ਅਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਾ ਕੀਤਾ।

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਮਹੱਤਤਾ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੇ ਬ੍ਰਹਿਮੰਡ ਦੀ ਇਕ ਅਨੋਖੀ ਅਤੇ ਅਲੌਕਿਕ ਬਹੁਮੁੱਲੀ ਰਚਨਾ ਹੈ। ਇਸ ਕਰਕੇ ਇਸ ਮਹਾਨ ਗ੍ਰੰਥ ਦੀ ਬਹੁਤ ਜ਼ਿਆਦਾ ਮਹਾਨਤਾ ਹੈ। ਗੁਰੂ ਨਾਨਕ ਕਾਲ ਨੂੰ ਸਿੱਖ ਧਰਮ ਦਾ 'ਸੁਨਿਹਰੀ ਕਾਲ' ਕਿਹਾ ਜਾਂਦਾ ਹੈ। ਇਸ ਕਾਲ ਵਿਚ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੋਈ ਇਸ ਕਰਕੇ ਇਸ ਕਾਲ ਦੀ ਮਹੱਤਤਾ ਹੋਰ ਵੀ ਜ਼ਿਆਦਾ ਵਧ ਜਾਂਦੀ ਹੈ। ਇਸ ਗ੍ਰੰਥ ਦੀ ਸੰਪਾਦਨ ਗੁਰੂ ਅਰਜਨ ਦੇ ਜੀ ਨੇ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ 1601 ਈ. ਤੋਂ 1604 ਈ. ਤਕ ਪੂਰੀ ਕੀਤੀ। ਇਸ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਇਸ ਵਿਚ ਦਰਜ ਕਰਕੇ ਇਸ ਨੂੰ ਸਿੱਖਾਂ ਲਈ ਗੁਰੂ ਦਾ ਦਰਜਾ ਦਿੱਤਾ। ਇਸ ਗ੍ਰੰਥ ਦੀ ਸਾਹਿਤਕ ਮਹਾਨਤਾ ਦੇ ਕਈ ਕਾਰਨ ਹਨ ਜਿਵੇਂ ਕਿ :

1. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ 12 ਵੀਂ ਸਦੀ ਤੋਂ ਲੈ ਕੇ 18 ਵੀਂ ਸਦੀ ਤਕ ਦੇ ਇਤਿਹਾਸ ਨੂੰ ਸੰਭਾਲਿਆ ਹੋਇਆ ਹੈ ਜਿਸ ਕਰਕੇ ਇਤਿਹਾਸਕ ਦ੍ਰਿਸ਼ਟੀ ਤੋਂ ਇਸ ਗ੍ਰੰਥ ਦੀ ਮਹਾਨਤਾ ਵਧ ਜਾਂਦੀ ਹੈ।

2. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ 5 ਗੁਰੂਆਂ, ਨੌਵੇਂ ਗੁਰੂ ਸਹਿਬਾਨ ਦੀ ਬਾਣੀ ਦਰਜ ਹੈ। ਇਸ ਤੋਂ ਇਲਾਵਾ ਇਸ ਵਿਚ 15 ਭਗਤਾਂ, 4 ਗੁਰਸਿੱਖਾਂ ਅਤੇ 11 ਭੱਟਾਂ ਦੀ ਬਾਣੀ ਤੋਂ ਇਲਾਵਾ ਦੱਖਣੀ ਭਾਰਤ ਦੇ ਭਗਤਾਂ ਅਤੇ ਸੰਤਾਂ ਦੀ ਬਾਣੀ ਦਰਜ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਲ 36 ਬਾਣੀਕਾਰਾਂ ਦੀ ਬਾਣੀ ਦਰਜ ਹੈ।

3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਕਾਰ ਪੱਖੋਂ ਵੀ ਇਸ ਦੀ ਖ਼ਾਸ ਮਹਾਨਤਾ ਹੈ। ਇਸ ਦੇ 1430 ਪੰਨੇ ਹਨ ਅਤੇ ਇਸ ਵਿਚ 6000 ਦੇ ਲਗਭਗ ਸ਼ਬਦ ਦਰਜ ਹਨ। ਇਹ ਆਕਾਰ ਵਿਚ ਰਿਗਵੇਦ ਨਾਲੋਂ ਤਿੰਨ ਗੁਣਾਂ ਵੱਡਾ ਹੈ।

4. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਮਹਾਨ ਗ੍ਰੰਥ ਦੀ ਸੰਪਾਦਨਾ ਕੀਤੀ ਅਤੇ ਸੰਪਾਦਨਾ ਕਰਨ ਸਮੇਂ ਖ਼ਾਸ ਨਿਯਮਾਂ ਦਾ ਖ਼ਿਆਲ ਰੱਖਿਆ। ਸਾਰੇ ਗੁਰੂਆਂ ਦੀ ਬਾਣੀ ਨੂੰ ਇਕੱਠਿਆਂ ਕੀਤਾ ਅਤੇ ਆਪਸ ਵਿਚ ਰਲਣ ਦੇ ਖ਼ਿਆਲ ਨਾਲ 'ਮਹਲਾ' ਦੀ ਵਿਧੀ ਅਪਣਾਈ।

5. ਗੁਰੂ ਗ੍ਰੰਥ ਸਾਹਿਬ ਜੀ ਵਿਚ ਉਸ ਸਮੇਂ ਦੇ ਧਾਰਮਿਕ, ਆਰਥਿਕ, ਰਾਜਨੀਤਿਕ ਹਾਲਾਤਾਂ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ। ਸਿੱਖਾਂ ਦੇ ਪੰਜਵੇਂ ਗੁਰੂ ਸਹਿਬਾਨ ਦੁਆਰਾ ਇਸ ਦੀ ਸੰਪਾਦਨਾ ਕਰਨ ਕਰਕੇ ਇਸ ਦੀ ਪ੍ਰਮਾਣਿਕਤਾ ਤੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ।

6. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੌਰਾਣਿਕ ਹਵਾਲੇ ਵੀ ਮਿਲਦੇ ਹਨ ਜਿਸ ਵਿਚ ਹਿੰਦੂ, ਮੁਸਲਮਾਨ ਧਰਮਾਂ ਦੇ ਮਿਥਿਹਾਸਿਕ ਦਰਸ਼ਨ ਵੀ ਹੁੰਦੇ ਹਨ। ਇਨ੍ਹਾਂ ਹਵਾਲਿਆਂ ਵਿਚੋਂ ਭਾਰਤੀ ਅਤੇ ਸਾਮੀ ਸੰਸਕ੍ਰਿਤੀ ਦੇ ਕਈ ਰੂਪ ਤੇ ਪ੍ਰਮਾਣ ਸਾਹਮਣੇ ਆਉਂਦੇ ਹਨ। ਇਸ ਤੋਂ ਇਲਾਵਾ ਵੱਖ ਵੱਖ ਸੰਪਰਦਾਵਾਂ ਜਿਵੇਂ ਸਿੱਧਾਂ, ਨਾਥਾਂ, ਬੋਧਾਂ, ਮੁਸਲਮਾਨਾਂ, ਬ੍ਰਾਹਮਣਾਂ, ਵੈਸ਼ਨਵਾਂ ਨਾਲ ਸੰਬਾਦ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

7. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਇਦ ਹੀ ਕੋਈ ਅਜਿਹਾ ਕਾਵਿ ਰੂਪ ਹੋਵੇਗਾ ਜਿਸਦਾ ਪ੍ਰਯੋਗ ਬਾਣੀਕਾਰਾਂ ਨੇ ਨਾ ਕੀਤਾ ਹੋਵੇ ਜਿਵੇਂ ਸਹਿਜ ਸੰਚਾਰ ਲਈ ਇਸ ਵਿਚ ਸ਼ਬਦ, ਸਲੋਕ, ਕਾਫ਼ੀ ਵਰਗੇ ਲੋਕ ਕਾਵਿ ਰੂਪਾਂ ਦੇ ਨਾਲ ਨਾਲ ਵਾਰ, ਬਾਰਾਮਾਹ, ਘੋੜੀਆਂ, ਅਲਾਹੁਣੀਆਂ, ਸੋਹਿਲੇ, ਪੈਂਤੀ, ਬਾਵਨ ਅੱਖਰੀ, ਸਤਵਾਰੇ, ਅਠਵਾਰੇ, ਰੁੱਤਾਂ, ਪਹਿਰੇ, ਥਿੱਤਾਂ, ਛੰਤ, ਆਰਤੀ ਅਤੇ ਵਣਜਾਰੇ, ਜਿਹੇ ਲੋਕ-ਕਾਵਿ ਰੂਪਾਂ ਦੀ ਵਰਤੋਂ ਕੀਤੀ ਮਿਲਦੀ ਹੈ।

8. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਮੁੱਖ ਬੋਲੀ ਪੰਜਾਬੀ ਹੈ। ਪੰਜਾਬੀ ਤੋਂ ਇਲਾਵਾ ਇਸ ਵਿਚ ਹਿੰਦਵੀ, ਅਰਬੀ, ਫ਼ਾਰਸੀ, ਬ੍ਰਿਜ, ਰਾਜਸਥਾਨੀ, ਬੰਗਾਲੀ ਆਦਿ ਦੇ ਬਹੁਤ ਸਾਰੇ ਸ਼ਬਦ ਤਤਸਮ ਅਤੇ ਤਦਭਵ ਦੋਹਾਂ ਰੂਪਾਂ ਵਿਚ ਮਿਲਦੇ ਹਨ।

9. ਇਸ ਗ੍ਰੰਥ ਵਿਚ ਕੋਰੜਾ, ਕਬਿੱਤ, ਵਰਗੇ ਅਤੇ ਦੋਹਰਾ, ਸੋਰਠਾ, ਚੌਪਈ, ਸਿਰਖੰਡੀ, ਝੂਲਣਾ, ਦਵੱਈਆ, ਸ਼ਲੋਕ, ਚਿਤਰਕਲਾ ਵਰਗੇ ਛੰਦਾਂ ਦੀ ਵਰਤੋਂ ਹੋਈ ਹੈ।

10. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਲੰਕਾਰ ਵੀ ਭਰਪੂਰ ਮਾਤਰਾ ਵਿਚ ਮਿਲਦੇ ਹਨ। ਇਨ੍ਹਾਂ ਅਲੰਕਾਰਾਂ ਵਿਚ ਉਪਮਾ, ਰੂਪਕ, ਦ੍ਰਿਸ਼ਟਾਂਤ, ਅਨੁਪ੍ਰਾਸ, ਯਮਕ, ਅਲੰਕਾਰ ਵਰਣਨ ਯੋਗ ਹਨ।

11. ਇਸ ਗ੍ਰੰਥ ਵਿਚ ਨੌਂ ਦੇ ਨੌਂ ਰਸਾਂ ਦੀ ਵਰਤੋਂ ਕੀਤੀ ਗਈ ਹੈ ਪਰ ਇਸ ਦਾ ਪ੍ਰਧਾਨ ਰਸ ਸ਼ਾਂਤ ਰਸ ਹੈ। ਸ਼ਾਂਤ ਰਸ ਤੋਂ ਇਲਾਵਾ ਇਸ ਗ੍ਰੰਥ ਵਿਚ ਕਰੁਣਾ, ਵੀਭਤਸ, ਭਿਆਨਕ ਤੇ ਰੌਦਰ ਰਸਾਂ ਦੀ ਵੀ ਵਰਤੋਂ ਹੋਈ ਮਿਲਦੀ ਹੈ।

12. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿੰਬ ਵਿਧਾਨ ਦੀ ਬੜੀ ਖ਼ੂਬਸੂਰਤੀ ਨਾਲ ਪੇਸ਼ਕਾਰੀ ਹੋਈ ਮਿਲਦੀ ਹੈ। ਬਾਬਾ ਫ਼ਰੀਦ ਜੀ ਬਾਣੀ ਵਿਚੋਂ ਇਸ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ :

ਫ਼ਰੀਦਾ ਦਰਿਆਵੈ ਕੰਨੈ ਬਗਲਾ, ਬੈਠਾ ਕੇਲਿ ਕਰੇ ॥
ਕੇਲ ਕਰੇਂਦੇ ਹੰਝ ਨੋ, ਅਚਿੰਤੇ ਬਾਜ ਪਏ ॥

13. ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀਕਾਰਾਂ ਦੀ ਕਲਪਨਾ ਸ਼ਕਤੀ ਕਮਾਲ ਦੀ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਰਚਿਤ 'ਆਰਤੀ' ਇਸ ਦੀ ਬਹੁਤ ਵਧੀਆ ਮਿਸਾਲ ਹੈ:

ਗਗਨ ਮੈ ਥਾਲਿ ਰਵਿ ਚੰਦ ਦੀਪਕ ਬਨੈ
ਤਾਰਿਕਾ ਮੰਡਲ ਜਨਕ ਮੋਤੀ ॥
ਧੂਪ ਮਲਿਆਨਲੋ ਪਵਨ ਚਵਰੋ ਕਰੈ
ਸਗਲ ਬਨਰਾਇ ਫੁਲੰਤ ਜੋਤੀ ॥

14. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਹਿੰਦੀ, ਜਰਮਨ, ਰੂਸੀ, ਉਰਦੂ, ਸਿੰਧੀ, ਜਾਪਾਨੀ, ਚੀਨੀ ਅਤੇ ਅੰਗਰੇਜ਼ੀ ਆਦਿ ਪ੍ਰਮੁੱਖ ਭਾਸ਼ਾਵਾਂ ਵਿਚ ਹੋਇਆ ਹੈ। ਏਨੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਣਾ ਇਸ ਗ੍ਰੰਥ ਦੀ ਸਾਹਿਤਕ ਮਹੱਤਤਾ ਦੀ ਗਵਾਹੀ ਭਰਦਾ ਹੈ।

15. ਗੁਰੂ ਗ੍ਰੰਥ ਸਾਹਿਬ ਜੀ ਦੀ ਸਭ ਤੋਂ ਵੱਡੀ ਸਾਹਿਤਕ ਮਹੱਤਤਾ ਇਸ ਗੱਲ ਵਿਚ ਹੈ ਕਿ ਇਹ ਪਵਿੱਤਰ ਗ੍ਰੰਥ ਸਾਡੇ ਸਾਹਮਣੇ ਸ਼ੁੱਧ ਰੂਪ ਵਿਚ ਆਇਆ ਹੈ। ਸਿੱਖ ਗੁਰੂਆਂ ਦੀ ਬਾਣੀ ਬਿਨਾਂ ਕਿਸੇ ਮਿਲਾਵਟ ਦੇ ਸਾਡੇ ਤਕ ਸ਼ੁੱਧ ਸਰੂਪ ਵਿਚ ਆਈ ਹੈ। ਜਦਕਿ ਹੋਰ ਕਿਸੇ ਵੀ ਧਰਮ ਵਿਚ ਗੁਰੂ ਦੁਆਰਾ ਆਪਣੀ ਬਾਣੀ ਆਪ ਨਾ ਰਚੀ ਹੋਣ ਕਰਕੇ ਉਨ੍ਹਾਂ ਦੇ ਬਾਅਦ ਉਨ੍ਹਾਂ ਦੇ ਅਨੁਯਾਈਆਂ ਦੁਆਰਾ ਸ਼ਰਧਾ ਅਧੀਨ ਰਚੀ ਗਈ ਮਿਲਦੀ ਹੈ ਜਿਸ ਦੇ ਪ੍ਰਮਾਣਿਕ ਹੋਣ ਉੱਪਰ ਸ਼ੱਕ ਦੇ ਘੇਰੇ ਵਿਚ ਆ ਜਾਂਦੀ ਹੈ।

# ਪ੍ਰਮੁੱਖ ਬਾਣੀਕਾਰ

# ਗੁਰ ਨਾਨਕ ਦੇਵ ਜੀ (1469–1539 ਈ.)

## ਪਟੀ

1. ਪਟੀ ਪ੍ਰਥਮ ਤੇ ਸਭ ਤੋਂ ਛੋਟੀ ਰਚਨਾ ਹੈ।

2. ਬਾਰਾ ਮਾਹਾ ਤੁਖਾਰੀ ਛੰਤ ਮਹਲਾ 1 ਆਪ ਦਾ ਉੱਤਮ ਹੰਸਣੀ-ਗੀਤ ਹੈ।

3. ਪਟੀ 'ਸ' ਅੱਖਰ ਨਾਲ ਸ਼ੁਰੂ ਹੁੰਦੀ ਹੈ ਤੇ ਪਹਿਲੀ ਸਤਰ ਵਿਚ 'ਸ, ੲ, ੳ, ङ' ਹਨ।

4. ਗੁਰੂ ਨਾਨਕ ਦੀ ਪਟੀ ਪਹਿਲੀ ਪੈਂਤੀ ਅੱਖਰੀ ਹੈ।

5. ਗੁਰਮੁਖੀ ਲਿਪੀ ਦਾ ਪੁਰਾਤਨ ਨਾਮ 'ਓਨਮ: ਸਿੱਧਮ', ਸਿਧ ਮਾਤ੍ਰਿਕਾ, 'ਸਿਧਮ' ਸਨ ਤੇ ਜਿਸ ਦਾ ਉਚਾਰਣ ਦੋਹਰਾ ਅਰਥਾਤ 'ਕੱਕਾ', 'ਖੱਖਾ' ਹੈ।

'ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ,<br>
ਤਿਸ ਸਿਰ ਲੇਖ ਨ ਹੋਈ।' (ਪਟੀ)

6. ਇਸ ਦੇ ਕੁਲ 35 ਪਦ ਅਤੇ 70 ਤੁਕਾਂ ਹਨ।

7. ਵਿਸ਼ਾ ਸ੍ਰਿਸ਼ਟੀ ਰਚਨਾ ਤੇ ਪ੍ਰਭੂ ਉਪਮਾ ਹੈ।

## ਓਅੰਕਾਰ

1. ਰਾਗ ਰਾਮਕਲੀ ਦੱਖਣੀ ਵਿਚ ਹੈ।

2. ਦੱਖਣੀ ਇਕ ਰਾਗਣੀ ਹੈ, ਜਿਵੇਂ ਵਡਹੰਸ ਮਹਲਾ 1 ਦਖਣੀ ਵਿਚ ਹੈ।

3. ਪੁਰਾਤਨ ਜਨਮ ਸਾਖੀ ਅਨੁਸਾਰ ਇਹ ਬਨਾਰਸ ਵਿਖੇ ਪਹਿਲੀ ਉਦਾਸੀ ਸਮੇਂ ਪੰਡਿਤ ਚਤੁਰ ਦਾਸ ਦੀ ਬੇਨਤੀ ਪੁਰ ਉਚਾਰੀ ਗਈ।

4. ਓਅੰਕਾਰ ਪੈਂਤਾ ਜਾਂ ਵਰਣ ਮਾਲਾ ਅਨੁਸਾਰ ਰਚੀ ਗਈ। ਕ੍ਰਮ ਇਸ ਪ੍ਰਕਾਰ ਹੈ: – ੳ, ਸ, ਧ, ਙ ਤੋਂ 12 ਅੱਖਰ ਹਨ।

5. ਓਅੰਕਾਰ ਦੇ 54 ਪਦ ਹਨ।

6. ਵਿਸ਼ਾ ਉਸ ਪ੍ਰਭੂ ਨੂੰ ਓਅੰਕਾਰ ਦੱਸਿਆ ਗਿਆ ਹੈ ਜਿਸ 'ਚੋਂ ਸਭ ਕੁਝ ਉਤਪੰਨ ਹੋਇਆ ਹੈ।

'ਨਾਨਕ ਸੋ ਪੜਿਆ ਸੋ ਪੰਡਤ ਬੀਨਾ,<br>
ਜਿਸ ਰਾਮ ਨਾਮੁ ਗਲਿ ਹਾਰੁ।' (54)

7. ਭਾਸ਼ਾ ਕੇਂਦਰੀ ਜਾਂ ਟਕਸਾਲੀ ਪੰਜਾਬੀ ਦੇ ਨੇੜੇ ਹੈ।

### ਸਿਧ ਗੋਸਟਿ

1. ਸਿਧ ਗੋਸਟਿ ਗੁਰੂ ਨਾਨਕ ਦੇਵ ਜੀ ਦੀ ਗੋਰਖ ਦੇ ਚੇਲਿਆਂ ਨਾਲ ਅਚਲਵਟਾਲੇ ਹੋਈ ਗੋਸਟਿ ਦਾ ਸਾਰ ਹੈ।

2. ਪੁਰਾਤਨ ਜਨਮ ਸਾਖੀ ਅਨੁਸਾਰ ਇਹ ਗੋਸਟਿ 'ਗੋਰਖ ਹਟੜੀ' ਵਿਖੇ ਹੋਈ।

3. ਸਿਧ ਗੋਸਟਿ ਰਾਮਕਲੀ ਰਾਗ ਵਿਚ ਹੈ। ਇਸ ਦੀਆਂ ਕੁਲ 73 ਪਉੜੀਆਂ ਹਨ। ਇਹ ਪ੍ਰਸ਼ਨੋਤਰੀ ਢੰਗ ਵਿਚ ਰਚੀ ਗਈ ਹੈ।

4. ਡਾ. ਮਿਸਰ ਅਨੁਸਾਰ 'ਓਅੰਕਾਰ ਤੇ ਸਿਧ ਗੋਸਟਿ' ਦੋਹਾਂ ਬਾਣੀਆਂ ਵਿਚ ਇਹ ਇਕ ਪ੍ਰਕਾਰ ਦੀ ਰਹਰਾਸਿ ਹੈ-

'ਇਸ ਦਾ ਕਰਿ ਆਸਣਿ ਬੈਠੇ, ਸੰਤ ਸਭਾ ਜੈਕਾਰੋ,<br>
ਤਿਸ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ।'

5. ਅਲੰਕਾਰ, ਰੂਪਕ, ਉਪਮਾ, ਦ੍ਰਿਸ਼ਟਾਂਤ ਵਰਤੇ ਹਨ। ਜੋਗ ਦੇ ਸਿਧਾਤਾਂ ਦਾ ਵਿਸ਼ਲੇਸ਼ਣ ਤੇ ਵਿਸਤਾਰ ਹੈ, ਅੰਤ ਉੱਤੇ ਰੱਬੀ ਏਕਤਾ ਦਰਸਾਈ ਗਈ ਹੈ।

'ਨਾਨਕ ਸਭ ਜਗ ਆਪੈ ਵਰਤੈ<br>
ਦੂਜਾ ਅਵਰੁ ਨ ਕੋਈ।

## ਕੁਚੱਜੀ-ਸੁਚੱਜੀ

1. ਰਾਗ ਸੂਹੀ ਵਿਚ ਰਚੀ ਦੋ ਪਦਾਂ ਦੀ ਬਾਣੀ ਹੈ। ਭਾਸ਼ਾ ਮੁਲਤਾਨੀ ਹੈ।

2. ਸੁਚੱਜੀ ਵਿਚ ਲਹਿੰਦੀ ਅੰਸ਼ ਕੁਚੱਜੀ ਨਾਲੋਂ ਘੱਟ ਹੈ।

3. 'ਕੁਚੱਜੀ ਸੁਚੱਜੀ' ਮਨਮੁਖ ਤੇ ਗੁਰਮੁਖ ਦੇ ਚਿਤ੍ਰ ਤੇ ਪ੍ਰਤੀਕ ਹਨ।

## ਪਹਿਰੇ

1. ਸਿਰੀ ਰਾਗ ਪਹਰੇ ਮਹਲਾ 1 ਘਰ 1 ਵਿਚ ਹਨ।

2. ਆਰੰਭ ਇਸ ਪ੍ਰਕਾਰ ਹੈ-

'ਪਹਿਲੈ ਪਹਰੈ ਰੈਣਿਕੈ ਵਣਜਾਰਿਆ ਮਿਤ੍ਰਾ<br>
ਹੁਕਮ ਪਇਆ ਗਰਭਾਸਿ।'

3. ਭਾਸ਼ਾ ਕੇਂਦਰੀ ਹੈ। ਠੇਠ-ਮੁਹਾਵਰੇ ਵਰਤੇ ਹਨ।

4. ਪਹਿਰੇ, ਥਿਤੀ, ਦਿਨ ਰੈਣਿ, ਸਤਵਾਰ, ਰੁਤੀ ਤੇ ਬਾਰਾਮਾਹ ਸਭ ਲੋਕ ਕਾਵਿ ਹਨ ਜਿਨ੍ਹਾਂ ਦਾ ਸੰਬੰਧ ਸਮੇਂ ਨਾਲ ਹੈ। ਇਹਨਾਂ ਨੂੰ ਕਾਲ-ਕਾਵਿ ਵੀ ਕਹਿ ਸਕਦੇ ਹਾਂ।

## ਥਿਤੀ

1. ਗੁਰੂ ਨਾਨਕ ਦੀ ਥਿਤੀ ਬਿਲਾਵਲ ਰਾਗ ਵਿਚ ਹੈ।

2. ਇਸ ਵਿਚ ਮੂਲ ਮੰਤਰ ਦੀ ਵਿਆਖਿਆ ਹੈ। ਇਸ ਦੇ 20 ਪਦ ਹਨ।

3. ਥਿਤਾਂ ਇਸ ਪ੍ਰਕਾਰ ਹਨ- ਏਕਮ, ਦੂਜ, ਤ੍ਰਿਤੀਆ, ਚਉਥ, ਪੰਚਮੀ, ਖਸਟੀ, ਸਪਤਮੀ, ਅਸਟਮੀ, ਨਉਮੀ, ਦਸਮੀ, ਏਕਾਦਸੀ, ਦੁਆਦਸਿ, ਤੇਰਸਿ, ਚਉਦਸਿ ਅਤੇ ਅੰਤ ਅਮਾਵਸਿ।

## ਬਾਰਾਮਾਹ

1. ਕਾਲ-ਕਾਵਿ ਦਾ ਬਾਰਾਮਾਹ ਰੂਪ ਤੁਖਾਰੀ ਛੰਤ ਵਿਚ ਮਿਲਦਾ ਹੈ। ਇਹ ਗੁਰੂ ਨਾਨਕ ਦੇਵ ਜੀ ਦਾ ਅੰਤਮ ਬ੍ਰਿਹਾ ਗੀਤ ਹੈ।

2. ਬਾਰਾਮਾਹ ਕਾਵਿ ਰੂਪ ਭਾਰਤੀ ਪਰੰਪਰਾ ਵਿਚ ਬ੍ਰਿਹਾ ਵਰਣਨ ਦਾ ਇਕ ਵਸੀਲਾ ਹੈ।

3. ਸਭ ਤੋਂ ਪੁਰਾਣਾ ਬਾਰਾਮਾਹ 'ਧਰਮ ਸੂਰੀ ਸਤਤੀ' ਹੈ। ਮੱਧ ਕਾਲ ਵਿਚ ਗੁਰੂ ਨਾਨਕ ਦੇਵ ਜੀ ਦਾ 'ਬਾਰਾਮਾਹ' ਸਭ ਤੋਂ ਪੁਰਾਣਾ ਹੈ।

4. ਸੂਫ਼ੀਆਂ ਵਿਚੋਂ ਅਲੀ ਹੈਦਰ, ਫਰਦ ਫ਼ਕੀਰ, ਬੁੱਲ੍ਹੇਸ਼ਾਹ ਆਦਿ ਨੇ ਬਾਰਾਮਾਹ ਰਚੇ।

5. ਪ੍ਰਾਣ ਸੰਗਲੀ ਵਿਚ ਬਾਰਾਮਾਹ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਛੰਤ ਅਤੇ ਬਾਰਾਮਾਹ ਨੂੰ ਇਕੱਠਾ ਕੀਤਾ।

6. ਛੰਤ ਕਾਵਿ ਰੂਪ ਵਿਚ ਮਿਲਾਪ ਦਾ ਚਿਤਰ ਹੁੰਦਾ ਹੈ ਅਤੇ ਬਾਰਾਮਾਹ ਵਿਯੋਗ ਦੀ ਕਵਿਤਾ ਹੁੰਦੀ ਹੈ।

7. ਚੇਤ ਤੋਂ ਸ਼ੁਰੂ ਹੁੰਦਾ ਹੈ :

ਚੇਤ ਬਸੰਤ ਭਲਾ ਭਵਰ ਸੁਹਾਵੜੇ
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ

**ਗੁਰੂ ਨਾਨਕ ਵਾਰ-ਕਾਰ**

1. ਆਸਾ ਦੀ ਵਾਰ, ਮਲ੍ਹਾਰ ਦੀ ਵਾਰ ਤੇ ਮਾਝ ਦੀ ਵਾਰ।

2. ਇਹ ਵਾਰਾਂ ਪਉੜੀ ਰੂਪ ਵਿਚ ਰਚੀਆਂ ਗਈਆਂ। ਇਹਨਾਂ ਵਿਚ ਸਮਾਜ-ਚਿਤ੍ਰਣ, ਬ੍ਰਹਮ, ਸ੍ਰਿਸ਼ਟੀ ਤੇ ਜੀਵ ਸੰਬੰਧੀ ਵਿਆਖਿਆ ਹੈ।

3. ਆਸਾ ਦੀ ਵਾਰ ਦੀਆਂ 24 ਪੰਜ-ਤੁਕੀ ਪਉੜੀਆਂ ਹਨ। 88 ਸਲੋਕ ਗੁਰੂ ਨਾਨਕ ਜੀ ਦੇ ਹਨ ਅਤੇ 15 ਗੁਰੂ ਅੰਗਦ ਸਾਹਿਬ ਦੇ।

4. ਵਾਰ ਮਲ੍ਹਾਰ ਕੀ ਦੀਆਂ 28 ਪਉੜੀਆਂ ਹਨ। ਹਰ ਪਉੜੀ ਅੱਠ ਤੁਕਾਂ ਦੀ ਹੈ।

5. ਮਾਝ ਦੀ ਵਾਰ ਦੀਆਂ ਕੁਲ 27 ਪਉੜੀਆਂ ਹਨ। ਹਰ ਪਉੜੀ ਅੱਠ ਤੁਕਾਂ ਦੀ ਹੈ। ਕੁਲ ਸਲੋਕ 63 ਹਨ, ਗੁਰੂ ਨਾਨਕ ਦੇਵ ਜੀ ਦੇ 46, ਗੁਰੂ ਅੰਗਦ ਜੀ ਦੇ 12, ਗੁਰੂ ਅਮਰਦਾਸ ਜੀ ਦੇ 3 ਤੇ ਰਾਮਦਾਸ ਜੀ ਦੇ 2 ਹਨ।

**ਆਰਤੀ**

1. ਰਾਗ ਧਨਾਸਰੀ ਵਿਚ ਹੈ।

2. ਇਸ ਵਿਚ ਪ੍ਰਭੂ ਦੇ ਨਿਰਗੁਣ ਤੇ ਸਰਗੁਣ ਦੋਹਾਂ ਰੂਪਾਂ ਦੇ ਦਰਸ਼ਨ ਕਰਵਾਏ ਗਏ ਹਨ।

- ਅਲਾਹੁਣੀਆਂ ਵੀ ਲੋਕ-ਕਾਵਿ ਰੂਪ ਹੈ, ਜਿਸ ਵਿਚ ਮਰਨ ਪਿਛੋਂ ਰੋਣ ਦੀ ਥਾਂ ਪ੍ਰਭੂ ਜਸ ਵਲ ਮਨੁੱਖੀ ਰੁਚੀ ਨੂੰ ਮੋੜਿਆ ਹੈ।

**ਜਪੁ ਜੀ ਸਾਹਿਬ**

1. 38 ਪਉੜੀਆਂ ਤੇ ਦੋ ਸਲੋਕ

2. ਜਪੁਜੀ ਵਿਚ ਛੰਦ ਵਿਧਾਨ, ਅਨੁਪ੍ਰਾਸ ਯੋਜਨਾ ਤੇ ਭਾਵ ਪ੍ਰਵਾਹ ਦਾ ਤ੍ਰੈਮੁਖੀ ਸੁਮੇਲ ਹੈ।

3.ਇਨ੍ਹਾਂ ਬਾਣੀਆਂ ਤੋਂ ਇਲਾਵਾ ਨਸੀਹਤ ਨਾਮਾ, ਸਹੰਸਰ ਨਾਮਾ, ਜੁਗਾਵਲਾ, ਕਰਨੀ ਨਾਮਾ, ਪ੍ਰਾਨ ਸੰਗਲੀ ਰਚਨਾਵਾਂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੋੜੀਆਂ ਜਾਂਦੀਆਂ ਹਨ।

## ਗੁਰੂ ਅੰਗਦ ਦੇਵ (1504–1552 ਈ.)

**ਜਨਮ :** ਵੈਸਾਖ ਵਦੀ 1(5 ਵੈਸਾਖ) 1561 ਬਿ. ਮੁਤਾਬਕ 31 ਮਾਰਚ 1504 ਈ.। ਆਪ ਨੇ ਮੱਤੇ ਦੀ ਸਰ੍ਹਾਂ, ਤਹਿਸੀਲ ਤੇ ਜ਼ਿਲ੍ਹਾ ਮੁਕਤਸਰ ਵਿਖੇ ਜਨਮ ਲਿਆ।

1. ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਭਾਈ ਲਹਿਣਾ ਜੀ ਸੀ। ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ ਆ ਕੇ ਲਹਿਣਾ ਜੀ ਤੋਂ ਅੰਗਦ ਦੇਵ ਜੀ ਹੋ ਗਏ।

2. ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੱਖਰਾ ਸਥਾਨ ਨਹੀਂ ਦਿੱਤਾ ਗਿਆ ਬਲਕਿ ਵੱਖ-ਵੱਖ ਗੁਰੂ ਸਹਿਬਾਨਾਂ ਦੀਆਂ ਵਾਰਾਂ ਵਿਚ ਦਰਜ ਕਰ ਦਿੱਤਾ ਗਿਆ ਹੈ।

3. ਆਪ ਜੀ ਦੇ 62 ਸਲੋਕ ਪ੍ਰਾਪਤ ਹਨ।

4. ਜਪੁ ਦਾ ਅੰਤਲਾ ਸਲੋਕ ਆਪ ਜੀ ਦਾ ਹੀ ਹੈ :

ਪਉਣ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ।।
ਦਿਵਸ ਰਾਤਿ ਦੁਇ ਦਾਈ ਦਾਇਆ, ਖੇਲੈ ਸਗਲ ਜਗਤੁ ।।

ਅਤੇ ਹੋਰ ਵੀ ਆਪ ਜੀ ਦੀ ਬਾਣੀ ਵਿਚੋਂ ਸਲੋਕ ਇੰਝ ਹਨ-

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜ਼ਾਰ ।।
ਏਤੇ ਚਾਨਣ ਹੋਂਦਿਆਂ, ਗੁਰ ਬਿਨ ਘੋਰ ਅੰਧਾਰ

5. ਆਪ ਨੂੰ ਸ੍ਰੀ ਕਰਤਾਰਪੁਰ, ਹਾੜ ਵਦੀ 13 (17 ਹਾੜ) 1539 ਬਿ., ਮੁਤਾਬਕ 14 ਜੂਨ 539 ਈ. ਨੂੰ ਗੁਰਿਆਈ ਮਿਲੀ।

6. ਆਸਾ ਦੀ ਵਾਰ ਵਿਚ ਉਨ੍ਹਾਂ ਦੇ 14 ਸ਼ਲੋਕ, ਮਾਝ ਦੀ ਵਾਰ ਵਿਚ 12 ਅਤੇ ਮਲਾਰ ਦੀ ਵਾਰ ਵਿਚ 5 ਸ਼ਲੋਕ ਹਨ। ਗੁਰੂ ਅਮਰਦਾਸ ਜੀ ਦੀਆਂ ਵੱਖੋ-ਵੱਖ ਵਾਰਾਂ ਵਿਚ ਉਨ੍ਹਾਂ ਦੇ 19 ਸ਼ਲੋਕ ਹਨ। ਇਸ ਤੋਂ ਇਲਾਵਾ ਗੁਰੂ ਰਾਮਦਾਸ ਜੀ ਦੀਆਂ ਵਾਰਾਂ ਵਿਚ ਉਨ੍ਹਾਂ ਦੇ 4 ਅਤੇ ਗੁਰੂ ਅਰਜਨ ਦੇਵ ਜੀ ਦੀ ਮਾਰੂ ਰਾਗ ਵਿਚ ਲਿਖੀ ਵਾਰ ਉਨ੍ਹਾਂ ਦਾ 1 ਸ਼ਲੋਕ ਸ਼ਾਮਿਲ ਹੈ।

7. ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਦੀ ਸੋਧ ਸੁਧਾਈ ਕਰਵਾਈ ਅਤੇ ਇਸ ਦੀ ਵਰਣਮਾਲਾ ਨੂੰ ਸਹੀ ਤਰਤੀਬ ਦਿੱਤੀ।

8. ਆਪ ਜੀ ਦੀ ਬਾਣੀ ਅਖਾਣਾਂ ਦਾ ਭੰਡਾਰ ਹੈ ਜਿਵੇਂ

(ੳ) ਹਉਮੈ ਦੀਰਘ ਰੋਗ ਹੈ, ਦਾਰੂ ਭੀ ਇਸ ਮਾਹਿ॥
(ਅ) ਨਾਲਿ ਇਆਣੇ ਦੋਸਤੀ ਕਦੇ ਨਾ ਆਵੈ ਰਾਸਿ॥

9. ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਰਾਹੀਂ 'ਨਾਨਕ' ਨਾਮ ਦੀ ਵਰਤੋਂ ਕਰਕੇ ਇਸ ਲੜੀ ਦੀ ਸ਼ੁਰੂਆਤ ਕੀਤੀ ਜੋ ਨੌਵੇਂ ਗੁਰੂ ਤੇਗ ਬਹਾਦਰ ਜੀ ਦੁਆਰਾ ਵੀ ਜਾਰੀ ਰੱਖੀ ਗਈ ਹੈ।

10. ਗੁਰੂ ਅੰਗਦ ਦੇਵ ਜੀ ਤੇ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦਾ ਬਹੁਤ ਜ਼ਿਆਦਾ ਪ੍ਰਭਾਵ ਸੀ ਇਸ ਅਸਰ ਕਰਕੇ ਹੀ ਉਨ੍ਹਾਂ ਨੇ ਗੁਰੂ ਕੇਂਦਰਿਤ ਸ਼ਲੋਕਾਂ ਦੀ ਰਚਨਾ ਕੀਤੀ। ਉਨ੍ਹਾਂ ਨੇ ਗੁਰੂ ਦੀ ਮਹੱਤਤਾ ਨੂੰ ਪ੍ਰਗਟਾਉਣ ਵਾਲੇ ਸਾਰੇ ਸ਼ਲੋਕਾਂ ਨੂੰ ਵਾਰ-ਵਾਰ ਲਿਖਿਆ। ਉਨ੍ਹਾਂ ਅਨੁਸਾਰ ਗੁਰੂ ਪ੍ਰਕਾਸ਼ ਦੇ ਸਾਰੇ ਸੋਮਿਆਂ ਤੋਂ ਵੀ ਵਧੇਰੇ ਗਿਆਨ ਦਾ ਚਾਨਣ ਮਨੁੱਖ ਅੰਦਰ ਕਰਦਾ ਹੈ। ਗੁਰੂ ਬਿਨ੍ਹਾਂ ਮਨੁੱਖ ਮੁਕਤੀ ਨਹੀਂ ਪਾ ਸਕਦਾ :

ਜੇ ਸਉ ਚੰਦਾ ਉਗਵਹਿ ਸੂਰਜ ਚੜੇ ਹਜ਼ਾਰ॥
ਏਤੈ ਚਾਨਣੁ ਹੋਇਆ ਗੁਰ ਬਿਨ ਘੋਰ ਅੰਧਾਰ॥

## ਗੁਰੂ ਅਮਰਦਾਸ ਜੀ (1479-1574 ਈ.)

1. ਵੈਸਾਖ ਸੁਦੀ 14 (8 ਜੇਠ) 1536 ਬਿ. ਮੁਤਾਬਕ 5 ਮਈ 1479 ਈ. ਬਾਸਰਕੇ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ।

2. ਆਪ ਜੀ ਨੇ 22 ਸਾਲ ਗੁਰਿਆਈ ਕੀਤੀ। ਸਤੀ ਪ੍ਰਥਾ, ਵਿਧਵਾ ਵਿਆਹ ਜਿਹੇ ਸਮਾਜਿਕ ਸੁਧਾਰ ਵੀ ਕੀਤੇ।

3. 2522 ਤੁਕਾਂ ਤੇ 896 ਬੰਦ ਹਨ,ਰਾਗ ਰਾਮਕਲੀ ਵਿਚ ਆਨੰਦ ਸਾਹਿਬ, ਪੱਟੀ (ਅ) ਰਾਗ ਗੁਜਰੀ (ੲ) ਰਾਗ ਸੂਹੀ (ਸ) ਰਾਗ ਰਾਮਕਲੀ ਤੇ ਮਾਰੂ ਵਿਚ ਚਾਰ ਵਾਰਾਂ (ਕ) ਸ਼ਬਦ, ਅਸਟਪਦੀਆਂ ਤੇ ਸਲੋਕ, ਵਡਹੰਸ ਰਾਗ ਵਿਚ ਅਲਾਹੁਣੀਆਂ, ਬਿਲਾਵਲ ਰਾਗ ਆਦਿ।

4. ਆਪ ਦੀ ਬਾਣੀ 17 ਰਾਗਾਂ ਵਿਚ ਹੈ।

5. ਆਪ ਨੇ ਗੋਇੰਦਵਾਲ ਨੂੰ ਸਿੱਖ ਧਰਮ ਦਾ ਕੇਂਦਰ ਬਣਾਇਆ।

6. ਆਪ ਨੇ ਸਿੱਖਾਂ ਦੇ ਪਾਣੀ ਦੀ ਪਵਿੱਤਰਤਾ ਅਤੇ ਲੋੜ ਲਈ ਸ਼੍ਰੀ ਬਾਉਲੀ ਸਾਹਿਬ ਦਾ ਨਿਰਮਾਣ ਕਰਵਾਇਆ।

7. ਆਨੰਦ ਸਾਹਿਬ, ਗੁਰੂ ਅਮਰਦਾਸ ਜੀ ਦੀ ਸ਼ਾਹਕਾਰ ਰਚਨਾ ਹੈ। ਇਹ ਬਾਣੀ ਉਨ੍ਹਾਂ ਦੀ ਹੀ ਨਹੀਂ ਬਲਕਿ ਸਮੁੱਚੇ ਅਕਾਲ ਪੁਰਖ ਦੀ ਵਡਿਆਈ ਅਤੇ ਗੁਰੂ ਦੀ ਸਹਾਇਤਾ ਨਾਲ ਪਰਮਾਤਮਾ ਦੀ ਪ੍ਰਾਪਤੀ ਤੋਂ ਬਾਅਦ ਮਿਲੀ ਖ਼ੁਸ਼ੀ ਦਾ ਵਰਣਨ ਹੈ :

ਆਨੰਦ ਭਇਆ ਮੇਰੀ ਮਾਇ
ਸਤਿਗੁਰੂ ਮੈ ਪਾਇਆ॥
ਸਤਿਗੁਰੂ ਤਾ ਪਾਇਆ ਸਹਿਜ ਸੇਤੀ
ਮਨ ਵਜੀਆ ਵਧਾਈਆਂ॥

ਗੁਰੂ ਅਮਰਦਾਸ ਜੀ ਇਹ ਰਚਨਾ ਸੰਬੋਧਨੀ ਸੁਰ ਵਿਚ ਲਿਖੀ ਗਈ ਹੈ।

8. ਗੁਰੂ ਅਮਰਦਾਸ ਜੀ ਦੀ ਸ਼ੈਲੀ ਦਾ ਇਕ ਵਿਸ਼ੇਸ਼ ਗੁਣ ਦੁਹਰਾਅ ਹੈ। ਕਵਿਤਾ ਵਿਚ ਲੰਮੇ ਬਹਿਰ ਅਤੇ ਤੋਲ ਦੀ ਪਾਬੰਦੀ ਨੂੰ ਛੱਡ ਕੇ ਬੋਲਚਾਲ ਦੀ ਕਾਢ ਵੀ ਆਪ ਨੇ ਹੀ ਕੱਢੀ।

9. ਆਪ ਜੀ ਨੇ ਦੂਸਰੇ ਭਗਤਾਂ ਦੀ ਬਾਣੀ 'ਤੇ ਟਿੱਪਣੀਆਂ ਵੀ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਦਾ ਮੰਤਵ ਭਗਤਾਂ ਦੇ ਵਿਚਾਰਾਂ ਦਾ ਖੰਡਨ ਕਰਨਾ ਨਹੀਂ ਸਗੋਂ ਉਨ੍ਹਾਂ ਦੇ ਵਿਚਾਰਾਂ ਦੀ ਸਪਸ਼ਟਤਾ ਕਰਨਾ ਹੈ।

10. ਗੁਰੂ ਜੀ ਦੀ ਰਚਨਾ ਆਨੰਦ ਸਾਹਿਬ ਵਿਚ ਮਨੁੱਖੀ ਸਰੀਰ ਦੇ ਸਭ ਅੰਗਾਂ ਦੁਆਰਾ ਪਰਮਾਤਮਾ ਨੂੰ ਮਿਲਣ ਦੀ ਅਵਸਥਾ ਬਿਆਨ ਕੀਤਾ ਗਿਆ ਹੈ।

**ਗੁਰੂ ਰਾਮਦਾਸ ਜੀ (1534 ਈ. - 1581 ਈ.)**

1. ਕੱਤਕ ਵਦੀ 2 (25 ਅੱਸੂ) 1591 ਬਿ., 24 ਸਤੰਬਰ 1534 ਈ. ਚੂਨਾ ਮੰਡੀ ਲਾਹੌਰ (ਪਾਕਿਸਤਾਨ) ਵਿਖੇ ਆਪ ਦਾ ਜਨਮ ਹੋਇਆ।

2. ਆਪ ਜੀ ਦਾ ਪਹਿਲਾ ਨਾਮ ਭਾਈ ਜੇਠਾ ਜੀ ਸੀ। ਆਪ ਜੀ ਦੀ ਬਾਣੀ 30 ਰਾਗਾਂ ਵਿਚ ਹੈ, ਜਿਸ ਵਿਚ 246 ਪਦੇ, 31 ਅਸ਼ਟਪਦੀਆਂ, 32 ਛੰਤ, 138 ਸਲੋਕ ਤੇ 6 ਫੁਟਕਲ ਰਚਨਾਵਾਂ ਪ੍ਰਾਪਤ ਹਨ।

3. ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ 22 ਵਾਰਾਂ ਵਿਚੋਂ ਸਭ ਤੋਂ ਵੱਧ ਅਰਥਾਤ 8 ਵਾਰਾਂ ਆਪ ਜੀ ਦੀਆਂ ਹਨ। ਜਿਨ੍ਹਾਂ ਦੀਆਂ 138 ਪਉੜੀਆਂ ਹਨ।

4. ਆਪ ਦੀਆਂ ਫੁਟਕਲ ਰਚਨਾਵਾਂ ਵਿਚ ਵਣਜਾਰਾ (1) ਪਹਰੇ, (1) ਕਰਹਲੇ (2) ਤੇ ਘੋੜੀਆਂ ਸ਼ਾਮਲ ਹਨ।

5. ਆਪ ਨੇ ਸੰਤੋਖਸਰ ਦੀ ਖੁਦਾਈ ਆਰੰਭੀ 1627 ਬਿ., ਗੁਰੂ ਕੇ ਚੱਕ (ਅੰਮ੍ਰਿਤਸਰ ਸਰੋਵਰ ਦੀ ਤਿਆਰੀ ਆਰੰਭੀ 1634 ਬਿ.।

6. ਗੁਰੂ ਰਾਮਦਾਸ ਜੀ ਦੀ ਬਾਣੀ ਨੂੰ ਇਹ ਸਨਮਾਨ ਪ੍ਰਾਪਤ ਹੈ ਕਿ ਉਨ੍ਹਾਂ ਦੀ ਬਾਣੀ ਦੇ ਕਈ ਅੰਸ਼ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਅਭਿੰਨ ਅੰਗ ਹਨ। ਇਨ੍ਹਾਂ ਦੀ ਬਾਣੀ ਕਈ ਖ਼ਾਸ ਮੌਕਿਆਂ ਤੇ ਉਚਾਰੀ ਜਾਂਦੀ ਹੈ।

7. ਅਧਿਆਤਮਕ ਭਾਵਾਂ ਤੋਂ ਇਲਾਵਾ ਆਪ ਨੇ ਸਮਕਾਲੀ, ਸਮਾਜਿਕ, ਯਥਾਰਥਕ ਵਿਚ ਪ੍ਰਚੱਲਿਤ ਕਰਮ ਕਾਂਡਾਂ ਅਤੇ ਪਾਖੰਡਾਂ ਦੀ ਬਾਣੀ ਦੀ ਵੀ ਨਿੰਦਾ ਕੀਤੀ ਹੈ। ਆਪ ਨੇ ਆਪਣੀ ਬਾਣੀ ਵਿਚ ਪੰਜਾਬੀ ਸਭਿਆਚਾਰ ਦੀ ਮੂੰਹੋਂ ਬੋਲਦੀ ਤਸਵੀਰ ਪੇਸ਼ ਕੀਤੀ ਹੈ। ਹੇਠ ਲਿਖੀਆਂ ਬਾਣੀ-ਤੁਕਾਂ ਇਸ ਦੀ ਸੁੰਦਰ ਉਦਾਹਰਨ ਹਨ :

ਦਿਨਸੁ ਚੜੈ ਫਿਰਿ ਰੈਣਿ ਸਬਾਈ ਜਾਇ॥
ਆਵ ਘਟੈ ਨਰੁ ਨ ਬੁਝੈ ਨਿਤਿ ਮੂਸਾ ਲਾਜੁ ਟੁਕਾਇ॥
ਮਨ ਹਠਿ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰੀਆ॥
ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ॥

8. ਗੁਰੂ ਰਾਮਦਾਸ ਜੀ ਨੇ ਵਿਆਹ ਵਰਗੇ ਮੌਕੇ ਲਾਵਾਂ ਦੀ ਰਚਨਾ ਹੀ ਕੀਤੀ।

9. ਗੁਰੂ ਨਾਨਕ, ਗੁਰੂ ਅੰਗਦ ਅਤੇ ਬਾਕੀ ਗੁਰੂ ਸਹਿਬਾਨਾਂ ਵਾਂਗ ਗੁਰੂ ਰਾਮਦਾਸ ਜੀ ਨੇ ਗੁਰੂ ਜੀ ਦੀ ਵਡਿਆਈ ਕੀਤੀ ਹੈ :

ਜੇ ਗੁਰ ਝਿੜਕੈ ਤਾ ਮੀਠਾ ਲਾਗੈ
ਜੇ ਬਖਸੈ ਤਾ ਗੁਰ ਵਡਿਆਈ

10. ਗੁਰੂ ਰਾਮਦਾਸ ਜੀ ਦੀ ਸ਼ੈਲੀ ਗੁਰੂ ਅਮਰਦਾਸ ਜੀ ਤੋਂ ਪ੍ਰਭਾਵਿਤ ਹੈ। ਜਿਵੇਂ ਕਿ ਉਹ ਕਵਿਤਾ ਦੀ ਪੰਗਤੀ ਛੋਟੀ ਵੱਡੀ ਕਰ ਲੈਂਦੇ ਹਨ।

## ਗੁਰੂ ਅਰਜਨ ਦੇਵ ਜੀ (1563 ਈ.–1606 ਈ.)

1. ਆਪ ਦਾ ਜਨਮ ਵੈਸਖ 7, (19 ਵੈਸਾਖ) 1620 ਬਿ., 15 ਅਪ੍ਰੈਲ 1563 ਈ. ਗੋਇੰਦਵਾਲ, ਤਹਿਸੀਲ ਤਰਨ ਤਾਰਨ (ਅੰਮ੍ਰਿਤਸਰ) ਵਿਖੇ ਹੋਇਆ।

2. ਡਾ. ਗੋਪਾਲ ਸਿੰਘ ਅਨੁਸਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੇ 2312 ਸ਼ਬਦ ਹਨ। ਬਾਵਾ ਬੁਧ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਦੇ 2106 ਸ਼ਬਦਾਂ ਵਿਚ 1406 ਆਪਦੇ ਹਨ, 319 ਅਸ਼ਟਪਦੀਆਂ ਵਿਚ 82 ਆਪ ਦੀਆਂ ਹਨ, 207 ਛੰਦਾਂ ਵਿਚ 72 ਛੰਦ, 92 ਸੋਹਲਿਆਂ ਵਿਚ 24 ਸੋਹਿਲੇ, 464 ਪਉੜੀਆਂ ਵਿਚ 107 ਪਉੜੀਆਂ ਅਤੇ 1734 ਸਲੋਕਾਂ ਵਿਚ 239 ਸਲੋਕ ਆਪ ਦੇ ਹਨ।

3. (ੳ) ਪ੍ਰਬੰਧ-ਕਾਵਿ, ਜਿਸ ਵਿਚ ਸੁਖਮਨੀ ਅਤੇ ਬਾਵਨ ਅੱਖਰੀ ਹੈ (ਅ) ਰਾਗ ਮਾਝ ਦਾ ਬਾਰਾਮਾਹ (ੲ) ਗਾਥਾ (ਸ) ਸਹਿਸਕ੍ਰਿਤੀ (ਹ) 6 ਵਾਰਾਂ- ਗਾਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ ਤੇ ਬਸੰਤ (ਕ) ਫੁਟਕਲ ਰਚਨਾਵਾਂ ਵਿਚ ਫੁਨਹੇ, ਪਹਿਰੇ, ਸ਼ਬਦ, ਅਸ਼ਟਪਦੀਆਂ, ਤੇ ਸਲੋਕ ਆਦਿ ਸ਼ਾਮਲ ਹਨ।

4. ਗੁਰੂ ਜੀ ਨੇ ਹੇਠ ਲਿਖੇ ਛੰਦਾਂ ਵਿਚ ਆਪਣੀ ਬਾਣੀ ਰਚੀ- ਸਲੋਕ, ਅਸ਼ਟਪਦੀ, ਚੌਪਈ, ਸਵੱਯਾ, ਸੋਰਠਾ, ਕਜਲ, ਛੰਦ, ਦੋਹਿਰਾ, ਤਾਟੰਕ, ਤੋਮਰ, ਸਿਰਖੰਡੀ। ਇਨ੍ਹਾਂ ਤੋਂ ਬਿਨ੍ਹਾਂ ਗਾਥਾ (24), ਫੁਨਹੇ (23), ਚਉਬੋਲੇ (11), ਤੇ ਮੁੰਦਾਵਣੀ (2) ਵੀ ਆਪ ਦੀ ਕਲਾ ਕ੍ਰਿਤ ਦੇ ਭਾਗ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿਚਲੇ 31 ਰਾਗਾਂ ਵਿਚੋਂ 30 ਰਾਗਾਂ ਵਿਚ ਗੁਰੂ ਜੀ ਨੇ ਬਾਣੀ ਰਚੀ।

5. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਤਰਤੀਬ ਪਹਿਲਾਂ ਸ਼ਬਦ, ਫਿਰ ਅਸ਼ਟਪਦੀਆਂ, ਛੰਤ, ਲੰਮੀਆਂ ਕਵਿਤਾਵਾਂ ਤੇ ਅੰਤ ਵਿਚ ਭਗਤਾਂ ਦੀ ਬਾਣੀ। ਇਕ ਇਕ ਰਾਗ ਅੱਗੋਂ ਘਰਾਂ ਵਿਚ ਅੱਗੋਂ ਘਰਾਂ ਤੇ ਧੁਨੀਆਂ ਦੀ ਵੰਡ ਹੈ।

6. ਆਪ ਦੇ ਵਰਤੇ ਰਾਗਾਂ ਵਿਚੋਂ ਸੂਹੀ ਰਾਗ ਖੁਸ਼ੀ ਤੇ ਖੇੜੇ ਦਾ ਰਾਗ ਹੈ, ਮਾਰੂ ਰਾਗ ਯੁੱਧ ਦਾ ਰਾਗ ਹੈ।

7. **ਬਾਰਾਮਾਹ :** ਬਿਕ੍ਰਮੀ ਸੰਮਤ ਦੇ ਬਾਰ੍ਹਾਂ ਮਹੀਨਿਆਂ ਦੇ ਆਧਾਰ 'ਤੇ ਕਵੀ ਆਪਣੇ ਮਨੋਭਾਵ ਪ੍ਰਗਟਾਉਂਦਾ ਹੈ। ਰਾਮਕਲੀ ਰਾਮ ਵਿਚ ਛੇ ਰੁੱਤਾਂ ਨੂੰ ਆਧਾਰ ਬਣਾ ਕੇ ਰਚੀ ਬਾਣੀ 'ਰੁੱਤੀ' ਨੂੰ ਮੰਗਲ ਰੂਪ ਵਿਚ ਲੋਕਯਾਨਿਕ ਕਾਵਿ-ਰੂਪ ਦਿੱਤਾ ਹੈ-

"ਕਿਰਤ ਕਰਮ ਕੇ ਵੀਛੜੇ, ਕਰਿ ਕਿਰਪਾ ਮੇਲਹੁ ਰਾਮ।
ਚਾਰ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।"

8. **ਅੰਜਲੀ :** ਕਾਵਿ ਰੂਪ ਦੇਵਤਿਆਂ ਤੇ ਪਿਤਰਾਂ ਨੂੰ ਪਾਣੀ ਦੀ ਚੁਲੀ ਅਰਪਨ ਕਰਨ ਦੀ ਰੀਤ ਨਾਲ ਸੰਬੰਧਿਤ ਕਾਵਿ ਰੂਪ ਹੈ। ਗੁਰੂ ਅਰਜਨ ਦੇਵ ਜੀ ਦੀਆਂ ਦੋ ਅੰਜੁਲੀ ਰਚਨਾਵਾਂ ਮਾਰੂ ਰਾਗ ਵਿਚ ਮਿਲਦੀਆਂ ਹਨ ਜਿੰਨ੍ਹਾਂ ਵਿਚ ਸੰਸਾਰ ਦੀ ਨਾਸ਼ਮਾਨਤਾ ਦਾ ਸੰਕੇਤ ਹੈ।

"ਬਿਰਖੈ ਹੇਠ ਸਭਿ ਜੰਤ ਇਕਠੇ। ਇਕ ਤਤੇ ਇਕ ਬੋਲਨਿ ਮਿਠੇ।
ਅਸਤੁ ਉਦੋਤੁ ਭਇਆ ਉਠ ਚਲੇ ਜਿਉ ਜਿਉ ਅਉਧ ਵਿਹਾਣੀਆਂ।"

9. **ਮੁੰਦਾਵਣੀ :** ਇਹ ਪੋਠੋਹਾਰੀ ਸੰਸਕਾਰਕ ਰੀਤ ਹੈ ਜੋ ਜੰਞ ਦੀ ਰੋਟੀ ਖਾਣ ਸਮੇਂ ਥਾਲੀ ਬੰਨ੍ਹ ਕੇ ਕੀਤੀ ਜਾਂਦੀ ਹੈ। 'ਜੰਞ ਬੰਨਣ੍ਹ' ਦੀ ਰੀਤ ਸਮੇਂ ਗਾਏ ਜਾਂਦੇ ਗੀਤ ਅਤੇ ਬੁਝਾਰਤਾਂ ਨੂੰ ਮੁੰਦਾਵਣੀ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਮੁੰਦਾਵਣੀ ਦੁਆਰਾ ਅਧਿਆਤਮਕ ਸੰਦੇਸ਼ ਇਉਂ ਸੰਚਾਰਿਤ ਕਰਦੇ ਹਨ :-

ਥਾਲ ਵਿਚ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ
... ... ... ... ... ...
ਤਮ ਸੰਸਾਰ ਚਰਨ ਲਗ ਤਰੀਐ ਸਭ ਨਾਨਕ ਬ੍ਰਹਮ ਪਸਾਰੋ

10. **ਦਿਨ ਰੈਣਿ** : ਕਾਵਿ ਰੂਪ ਨੂੰ ਸਿਰਫ਼ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਵਰਤਿਆ ਹੈ। ਮਾਝ ਰਾਗ ਵਿਚ ਲਿਖੀ ਗਈ ਇਸ ਬਾਣੀ ਵਿਚ ਦਿਨ ਰਾਤ ਦੇ ਕਰਨ ਯੋਗ ਕਰਮ ਦੱਸੇ ਹਨ ਅਤੇ ਨਾਮ ਸਿਮਰਨ ਅਤੇ ਸੇਵਾ ਨੂੰ ਜੀਵਨ ਦਾ ਸ੍ਰੇਸ਼ਠ ਕਰਮ ਦੱਸਿਆ ਹੈ,

ਦਿਨ ਰੈਣਿ ਜਿ ਪ੍ਰਭ ਕੰਉ ਸੇਵਦੇ
ਤਿਨ ਕੈ ਸਦ ਬਲਿਹਾਰ।

11. **ਗੁਣਵੰਤੀ :** ਗੁਰੂ ਨਾਨਕ ਦੇਵ ਜੀ ਦੁਆਰਾ ਸੂਹੀ ਰਾਗ ਵਿਚ ਸੁਚੱਜੀ, ਕੁਚੱਜੀ ਦੇ ਸਿਰਲੇਖ ਹੇਠ ਬਾਣੀ ਦਰਜ ਹੈ। ਗੁਣਵੰਤੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ ਜਿਸ ਨੂੰ ਸੂਹੀ ਰਾਗ ਵਿਚ ਲਿਖਿਆ ਹੈ। ਇਹ ਪੰਜਾਬੀ ਲੋਕ-ਮੁਹਾਵਰੇ ਵਾਲੀ ਰੰਗਤ ਰੱਖਦਾ ਕਾਵਿ-ਰੂਪ ਵਰਤ ਕੇ ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਸ਼ੁੱਭ ਗੁਣਾਂ ਦਾ ਉਪਦੇਸ਼ ਦੇ ਕੇ ਹੁਕਮ ਵਿਚ ਰਹਿਣ ਦੀ ਪ੍ਰੇਰਣਾ ਦਿੰਦੇ ਹਨ :-

ਜੋ ਦੀਸੈ ਗੁਰਸਿੱਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜਾਉ।
ਆਖਾਂ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜਾਉ।

## ਗੁਰੂ ਤੇਗ ਬਹਾਦਰ ਜੀ (1595-1675 ਈ.)

1. ਆਪ ਦਾ ਜਨਮ ਹਾੜ ਵਦੀ (21 ਹਾੜ), 1652 ਬਿ. ਮੁਤਾਬਕ 19 ਜੂਨ 1595 ਈ. ਗੁਰੂ ਕੀ ਵਡਾਲੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ।

2. ਆਪ ਨੂੰ ਸ੍ਰੀ ਅੰਮ੍ਰਿਤਸਰ ਜੇਠ ਵਦੀ 14 (28 ਜੇਠ) 1663 ਬਿ., ਮੁਤਾਬਕ 25 ਮਈ 1606 ਈ. ਨੂੰ ਗੁਰਿਆਈ ਮਿਲੀ।

3. ਕੇਵਲ 59 ਪਦੇ ਅਤੇ 57 ਸਲੋਕ ਹਨ। ਇਨ੍ਹਾਂ ਦੀ ਬਾਣੀ 15 ਰਾਗਾਂ ਵਿਚ ਹੈ। ਰਾਗ ਸੋਰਠਿ ਵਿਚ 12 ਸ਼ਬਦ, ਰਾਗ ਗਉੜੀ ਵਿਚ 9 ਸ਼ਬਦ, ਰਾਗ ਧਨਾਸਰੀ

ਵਿਚ 4 ਸ਼ਬਦ, ਰਾਗ ਜੈਜਾਵਤੀ ਵਿਚ 4 ਸ਼ਬਦ, ਰਾਗ ਦੇਵਗੰਧਾਰੀ ਵਿਚ 3 ਸ਼ਬਦ, ਰਾਗ ਆਸਾ ਵਿਚ 1 ਸ਼ਬਦ, ਰਾਗ ਬਿਹਾਗੜਾ ਵਿਚ 1 ਸ਼ਬਦ, ਰਾਗ ਟੋਡੀ ਵਿਚ 1 ਸ਼ਬਦ, ਰਾਗ ਤਿਲੰਗ (ਕਾਫ਼ੀ) ਵਿਚ 3, ਰਾਗ ਬਿਲਾਵਲ ਵਿਚ 3 ਸ਼ਬਦ, ਰਾਗ ਰਾਮਕਲੀ ਵਿਚ 3 ਸ਼ਬਦ ਅਤੇ ਰਾਗ ਮਾਰੂ 3 ਸ਼ਬਦ।

4. ਇਹ ਬਾਣੀ ਪੰਜਾਬੀ ਵਿਚ ਨਹੀਂ, ਸਗੋਂ ਸ਼ੁੱਧ ਹਿੰਦੀ ਵਿਚ ਹੈ।

ਸਾਧੋ ਮਨ ਕਾ ਤਿਆਗਉ।
ਕਾਮਿ ਕ੍ਰੋਧ ਸੰਗਤਿ ਦੁਰਜਨ ਕੀ, ਤਾ ਤੇ ਅਹਿਨਿਸ ਭਾਗਉ।

5. ਆਪ ਨੇ 1. ਲੋਹਗੜ੍ਹ, 2. ਸ੍ਰੀ ਅਕਾਲ ਤਖ਼ਤ, 3. ਡੇਰਾ ਸਾਹਿਬ (ਲਾਹੌਰ), 4. ਕੀਰਤਪੁਰ, 5. ਮਹਿਰਾਜ (ਮਰਾੜ), 6. ਕੌਲਸਰ, 7. ਬਿਬੇਕਸਰ, 8. ਸ੍ਰੀ ਹਰਗੋਬਿੰਦ ਪੁਰ, 9. ਗੁਰੂਸਰ ਆਦਿ ਨਗਰ ਵਸਾਏ।

6. ਆਪ ਨੇ ਅੰਮ੍ਰਿਤਸਰ, ਸ੍ਰੀ ਹਰਿਗੋਬਿੰਦਪੁਰ, 3. ਗੁਰੂਸਰ ਮਹਿਰਾਜ (ਮਰਾੜ), ਕਰਤਾਰਪੁਰ ਦੇ ਜੰਗ ਲੜੇ।

7.ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਪਛਾਣ ਚਿੰਨ੍ਹ ਇਸ ਵਿਚ ਆਉਣ ਵਾਲਾ 'ਕਹੁ ਨਾਨਕ ਸੁਨ ਰੇ ਮਨਾ' ਅਤੇ 'ਕਹੁ ਨਾਨਕ ਹਰ ਭਜ ਮਨਾ' ਦਾ ਦੁਹਰਾਅ ਹੈ।

8. ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੀ ਵਿਸ਼ੇਸ਼ ਮੌਕਿਆਂ ਉੱਤੇ ਵਿਸ਼ੇਸ਼ ਸਨਮਾਨ ਪ੍ਰਾਪਤ ਹੁੰਦਾ ਹੈ। ਮਿਸਾਲ ਵਜੋਂ ਅਖੰਡ ਪਾਠ ਦਾ ਤੋਂ ਪਹਿਲਾਂ ਉਨ੍ਹਾਂ ਦੇ ਸ਼ਲੋਕ ਲੈਅ-ਬੱਧ ਢੰਗ ਨਾਲ ਉਚਾਰੇ ਜਾਂਦੇ ਹਨ :

ਚਿੰਤਾ ਤਾ ਕੀ ਕੀਜੀਐ ਜੋ ਅਨਹੋਣੀ ਹੋਇ॥
ਇਹ ਮਾਰਗ ਸੰਸਾਰ ਕਉ ਨਾਨਕ ਥਿਰ ਨਹੀਂ ਕੋਇ॥

9. ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਪਛਾਣ ਚਿੰਨ੍ਹ ਇਸ ਦਾ ਵੈਰਾਗਮਈ ਹੋਣਾ ਹੈ। ਇਸ ਸੰਸਾਰ ਦੀ ਨਾਸ਼ਮਾਨਤਾ ਅਤੇ ਅਸਥਿਰਤਾ ਦਾ ਜ਼ਿਕਰ ਬਾਰ-ਬਾਰ ਕੀਤਾ ਗਿਆ ਹੈ।

10. ਗੁਰੂ ਜੀ ਨੇ ਸਿਰਫ਼ ਗੁਰਮਤਿ ਦੇ ਬਾਣੀ ਰਚਨਾ-ਵਿਧਾਨ ਦੀ ਹੀ ਪਾਲਣਾ ਨਹੀਂ ਕੀਤੀ ਬਲਕਿ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੀ ਉਸ ਭਾਵਨਾ ਨੂੰ ਵੀ ਕਾਇਮ ਰੱਖਿਆ ਜਿਸ ਤਹਿਤ ਹੱਸ ਕੇ ਆਪਣੀ ਜਾਨ ਕੁਰਬਾਨ ਕਰਨ ਦੀ ਪਿਰਤ ਪਾਈ ਗਈ।

## ਭਗਤ ਕਵੀ ਭਗਤ ਰਵਿਦਾਸ (1442-1541 ਈ.)

1. ਰਵਿਦਾਸ ਜੀ ਬਨਾਰਸ ਦੇ ਜੰਮਪਲ ਸਨ।
2. ਉਹ ਰਾਮਾਨੰਦ ਦੇ ਚੇਲੇ ਅਤੇ ਕਬੀਰ ਦੇ ਗੁਰਭਾਈ ਸਨ।
3. ਉਹ ਜਾਤ ਦੇ ਚਮਾਰ ਸਨ।
4. ਰਵਿਦਾਸ ਜੀ ਦੇ 40 ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਿਲਦੇ ਹਨ ਅਤੇ ਇਹ 16 ਰਾਗਾਂ ਵਿਚ ਹਨ। ਜਿਨ੍ਹਾਂ ਦੇ ਨਾਂ ਹਨ : 1. ਸਿਰੀ ਰਾਗ 2. ਗਉੜੀ ਰਾਗ 3. ਆਸਾ 4. ਗੁਜਰੀ 5. ਸੋਰਠਿ 6. ਧਨਾਸਰੀ 7. ਜੈਤਸਰੀ 8. ਸੂਹੀ 9.

ਬਿਲਾਵਲੁ 10. ਗੋਂਡ 11. ਰਾਮਕਲੀ 12. ਮਾਰੂ 13. ਕੇਦਾਰਾ 14. ਭੈਰਉ 15. ਬਸੰਤ 16 ਮਲ੍ਹਾਰ ਆਦਿ।

5. ਰਵਿਦਾਸ ਜੀ ਨੇ ਆਪਣੇ ਜੀਵਨ ਵਿਚ ਵਿਤਕਰੇ ਅਤੇ ਸਮਾਜਿਕ ਅਨਿਆਂ ਨੂੰ ਹੰਢਾਇਆ ਸੀ ਇਸ ਲਈ ਉਹ ਇਕ ਅਜਿਹੇ ਸਮਾਜ ਦੀ ਕਲਪਨਾ ਕਰਦੇ ਹਨ ਜਿਸ ਵਿਚ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਹੋਵੇਗਾ। ਅਜਿਹੇ ਸਮਾਜਵਾਦੀ ਰਾਜ ਦਾ ਨਾਮ ਉਨ੍ਹਾਂ ਨੇ 'ਬੇਗਮਪੁਰਾ' ਰੱਖਿਆ ਹੈ :

ਬੇਗਮਪੁਰਾ ਸਹਰ(ਰਾਗੁ ਗਉੜੀ)
ਦੂਖ ਅੰਦੋਹ ਨਹੀਂ ਤਿਹਿ ਠਾਉ (ਗਾਉੜੀ ਰਾਗ)

6. ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਬ੍ਰਹਮ ਅਤੇ ਮਨੁੱਖ ਦੀ ਏਕਤਾ ਤੇ ਜ਼ੋਰ ਦਿੱਤਾ ਹੈ :

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ॥
ਕਨਕ ਕਟਿਕ ਜਲ ਤਰਘਗ ਜੈਸਾ॥
ਜਉ ਪੈ ਹਮ ਨ ਪਾਪ ਕਰੰਤਾ ਅਤੇ ਅਨੰਤਾ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ॥

7. ਭਗਤ ਰਵਿਦਾਸ ਦੀ ਬਾਣੀ ਅਜੋਕੇ ਯੁੱਗ ਵਿਚ ਮਨੁੱਖ ਨੂੰ ਗੁਰੂ ਧਾਰਨ ਕਰਨ, ਸ਼ੁਭ ਕਰਮ ਕਰਨ, ਮੌਤ ਨੂੰ ਚੇਤੇ ਰੱਖਣ, ਹੰਕਾਰ ਛੱਡਣ ਤੇ ਨਾਮ ਸਿਮਰਨ ਕਰਨ ਦਾ ਸੁਨੇਹਾ ਦਿੰਦੀ ਹੈ।

8. ਰਵਿਦਾਸ ਜੀ ਦੇ ਪ੍ਰਮੁੱਖ ਚੇਲਿਆਂ ਵਿਚੋਂ ਮਹਾਰਾਣਾ ਸਾਂਗਾ ਉਨ੍ਹਾਂ ਦੀ ਪਤਨੀ ਰਾਣੀ ਝਾਲੀ ਅਤੇ ਉਨ੍ਹਾਂ ਦੀ ਨੂੰਹ ਮੀਰਾਂ ਨੂੰ ਪ੍ਰਮੁੱਖ ਮੰਨਿਆ ਗਿਆ ਹੈ।

9. ਰਵਿਦਾਸ ਜੀ ਦੀ ਰੂਹਾਨੀ ਤਾਕਤ ਦਰਸਾਉਣ ਲਈ ਅਨੇਕ ਸਾਖੀਆਂ ਪ੍ਰਚਲਿਤ ਹਨ। ਉੱਤਰ ਭਾਰਤ ਵਿਚ ਉਨ੍ਹਾਂ ਦੇ ਅਨੇਕ ਸਮਾਰਕ ਮਿਲਦੇ ਹਨ।

10. ਸ਼੍ਰੀ ਰਵਿਦਾਸ ਭਗਤੀ ਰਾਹੀਂ ਉੱਚੇ ਜਾਣ ਵਾਲੇ ਪੁਰਸ਼ਾਂ ਵਿਚੋਂ ਇਕ ਸਨ। ਆਪ ਲਿਖਦੇ ਹਨ :

ਜਾਤੀ ਉਛਾ ਪਾਤੀ ਹੋਛਾ, ਓਛਾ ਜਨਮ ਹਮਾਰਾ॥
ਰਾਜਾ ਰਾਮ ਕੀ ਸੇਵ ਨਾ ਕੀਨੀ, ਕਹਿ ਰਵਿਦਾਸ ਚਮਾਰਾ॥

## ਨਾਮਦੇਵ (1270-1350 ਈ.)

1. **ਜਨਮ :** ਮਹਾਂਰਾਸ਼ਟਰ ਦੇ ਪਿੰਡ ਨਰਸੀ ਬਾਹਮਣੀ ਵਿਚ ਇਕ ਛੀਂਬੇ ਦੇ ਘਰ ਹੋਇਆ, 'ਭਗਤ ਮਾਲ ਰਚਿਤ ਨਾਭਾ ਜੀ' ਵਿਚ ਨਾਮਦੇਵ ਦਾ ਜਨਮ ਇਕ ਕੰਵਾਰੀ ਕੰਨਿਆ ਦੀ ਕੁੱਖੋਂ ਪਰਮਾਤਮਾ ਦੇ ਸੰਜੋਗ ਨਾਲ ਹੋਇਆ ਦੱਸਿਆ ਜਾਂਦਾ ਹੈ।

2. ਭਗਤੀ ਮਾਰਗ ਵਿਚ ਨਾਮਦੇਵ ਜੀ ਨੂੰ ਸ਼੍ਰੋਮਣੀ ਭਗਤ ਦੇ ਤੌਰ 'ਤੇ ਜਾਣਿਆ ਜਾਂਦਾ ਹੈ।

3. ਆਰੰਭ ਵਿਚ ਆਪ ਪੰਡਰਪੁਰ ਤੇ ਬੀਠਲ ਤੇ ਦੇਵ ਦੇ ਪੁਜਾਰੀ ਰਹੇ।

4. ਸੰਤ ਗਿਆਨੇਸ਼ਵਰ ਨਾਲ ਸਾਰੇ ਦੱਖਣੀ ਤੇ ਉੱਤਰੀ ਭਾਰਤ ਵਿਚ ਭਰਮਣ ਕਰਦੇ ਰਹੇ।

5. ਦਿੱਲੀ ਵਿਖੇ ਤੁਗਲਕ ਦੀ ਮਰੀ ਗਾਂ ਨੂੰ ਜਿਉਂਦਾ ਕਰ ਦਿਖਾਇਆ। ਪੰਜਾਬ ਦੇ ਪਿੰਡ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਵਿਚ ਕਾਫ਼ੀ ਚਿਰ ਰਹੇ। ਆਪ ਦਾ ਦੇਹਾਂਤ 1350 ਈ. ਵਿਚ ਹੋਇਆ।

6. ਆਪ ਦੀ ਬਾਣੀ ਮਰਾਠੀ ਵਿਚ ਜ਼ਿਆਦਾ ਮਿਲਦੀ ਹੈ। ਅਭੰਗ ਬਹੁਤ ਜ਼ਿਆਦਾ ਪ੍ਰਸਿੱਧ ਹਨ।

7. ਆਪ ਦੀ ਰਚਨਾ 'ਨਾਮਦੇਵ ਗਾਥਾ' ਵਿਚ ਸੁਰੱਖਿਅਤ ਹੈ।

8. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੇ 60 ਸ਼ਬਦ 21 ਰਾਗਾਂ ਵਿਚ ਹਨ।

9. ਮੈਕਾਲਿਫ਼ (ਸਿੱਖ ਰਿਲੀਜ਼ਨ) ਨਾਮਦੇਵ ਦੀ ਰਚਨਾ ਦੇ ਤਿੰਨ ਕਾਲ ਮੰਨਦੇ ਹਨ, ਇਕ ਪਹਿਲੀ-ਉਮਰ ਦਾ, ਇਕ ਦੂਜਾ ਮੱਧ-ਉਮਰ ਦਾ ਤੇ ਤੀਜਾ ਪਿਛਲੇਰੇ ਅਤੇ ਅੰਤਲੇ-ਸਮੇਂ ਦਾ। ਤੀਜਾ ਸਮਾਂ ਨਿਰਗੁਣ ਧਾਰਾ ਪ੍ਰਧਾਨ ਹੈ ਤੇ ਇਹੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ।

ਹਿੰਦੂ ਅੰਨ੍ਹਾ ਤੁਰਕ ਕਾਣਾ
ਦੁਹਾਂ ਤੇ ਗਿਆਨੀ ਸਿਆਣਾ, (ਰਾਗ ਗੋਂਡ)
ਜੇ ਰਾਜ ਦੇਹਿ, ਤੂ ਕਵਨ ਬਡਾਈ
ਜੇ ਭੀਖ ਮੰਗਾਵਹਿ, ਤੂ ਕਿਆ ਘਟ ਜਾਈ (ਰਾਗ ਗੁਜਰੀ)
'ਸੁਇਨੇ ਕੀ ਸੂਈ, ਰੁਪੈ ਥਾ ਧਾਗਾ
ਨਾਮੇ ਕਾ ਚਿਤ ਹਰਿ ਸਿਉ ਲਾਗਾ। (ਰਾਗ ਆਸਾ)

10. ਆਪ ਦੀ ਰਚਨਾ ਵਿਚ ਮਰਾਠੀ, ਰਾਜਸਥਾਨੀ, ਪੱਛਮੀਂ ਹਿੰਦੀ, ਪੂਰਬੀ ਪੰਜਾਬੀ ਦੇ ਨਾਲ ਫ਼ਾਰਸੀ ਸ਼ਬਦਾਵਲੀ ਅਤੇ ਕੁਝ ਹੱਦ ਤਕ ਰੇਖਤਾ ਸ਼ੈਲੀ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ, ਯਥਾ: 'ਹਲੇ ਯਾਰਾ ਹਲੇ ਯਾਰਾ ਖ਼ੁਸ਼ਖਬਰੀ', ਤੇ 'ਮੈਂ ਅੰਧਲੇ ਕੀ ਟੇਕ'।

11. ਵਿਸ਼ਾ ਵਸਤੂ - ਵਿਸ਼ਾਲ ਤੇ ਉਚੇਰੇ ਅਨੁਭਵ ਮਾਨਵਵਾਦੀ ਦ੍ਰਿਸ਼ਟੀਕੋਣ, ਸਮਾਜਿਕ ਬੰਧਨਾਂ ਤੇ ਕੁਰੀਤੀਆਂ 'ਤੇ ਕ੍ਰਾਂਤੀਕਾਰੀ ਵਿਰੋਧ ਅਤੇ ਰੂਪਕ ਸੁੰਦਰਤਾ।

12. ਆਪ ਦਾ ਪ੍ਰਭਾਵ - ਤ੍ਰਿਲੋਚਨ, ਕਬੀਰ ਅਤੇ ਰਵਿਦਾਸ ਤੇ ਵੇਖਿਆ ਜਾ ਸਕਦਾ ਹੈ।

13. ਨਾਮਦੇਵ ਜੀ ਦੀ ਪਵਿਤਰ ਯਾਦ ਅੱਜ ਵੀ ਪਿੰਡ ਘੁਮਾਰ (ਗੁਰਦਾਸਪੁਰ) ਵਿਚ ਕਾਇਮ ਹੈ।

**ਕਬੀਰ (1398-1405 ਈ:)**

1. **ਜਨਮ :** ਜੇਠ ਸੁਦੀ 15 ਸੰਮਤ 1455 ਨੂੰ ਬਨਾਰਸ ਦੇ ਨੇੜੇ ਹੋਇਆ। ਕਬੀਰ ਜੀ ਨੇ ਰਾਮਾਨੰਦ ਤੋਂ ਨਾਮ ਦਾ ਉਪਦੇਸ਼ ਲਿਆ ਅਤੇ ਵੈਸ਼ਨਵ ਮਤ ਤੇ ਨਿਰਗੁਣ ਧਾਰਾ ਦਾ ਪ੍ਰਚਾਰ ਕੀਤਾ।

2. ਕਬੀਰ ਭਾਰਤੀ ਰਹੱਸਵਾਦ ਜਾਂ ਛਾਯਾਵਾਦ ਦਾ ਮੁਖ ਵੇਤਾ ਮੰਨਿਆ ਜਾਂਦਾ ਹੈ।

3. ਉਨ੍ਹਾਂ ਦੀ ਕਵਿਤਾ 'ਬੀਜਕ' ਤੇ 'ਆਦਿ ਗ੍ਰੰਥ' ਵਿਚ ਮਿਲਦੀ ਹੈ।

4. ਕਬੀਰ ਜੀ ਉੱਤੇ ਸੂਫ਼ੀਵਾਦ ਦਾ ਪ੍ਰਭਾਵ ਪ੍ਰਤੱਖ ਦਿਖਾਈ ਪੈਂਦਾ ਹੈ।

5. ਉਨ੍ਹਾਂ ਦੀ ਕਵਿਤਾ ਰਾਗਾਂ ਵਿਚ ਵੰਡੀ ਹੋਈ ਮਿਲਦੀ ਹੈ। ਸ਼ਬਦ, ਚੌਪਈ, ਜਾਂ ਦਵੱਈਆ ਛੰਦ ਵਿਚ ਅਤੇ ਸਲੋਕ ਦੋਹਰਿਆਂ ਵਿਚ ਹਨ।

6. ਕਬੀਰ ਜੀ ਦੀ ਕਵਿਤਾ ਦੇ ਮੁਖ ਵਿਸ਼ੇ ਗਿਆਨ ਤੇ ਭਗਤੀ ਹਨ।

7. ਉਹ ਨਿਰਗੁਣ ਧਾਰਾ ਦਾ ਅਨੁਯਾਈ ਤੇ 'ਸਤਿਪੁਰਖ' ਦੇ ਬੰਦੇ ਹਨ।

8. ਕਬੀਰ ਜੀ ਮਘੇਰ ਵਿਖੇ ਸਵਰਗਵਾਸ ਹੋਏ, ਬਿਜਲੀ ਖਾਂ ਨੇ 1450 ਈ. ਵਿਚ ਉਨ੍ਹਾਂ ਦੀ ਸਮਾਧ ਬਣਵਾਈ।

9. ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਦੇ 23 ਸਲੋਕ, ਇਕ 45 ਪਦਾਂ ਦੀ ਬਾਵਨ ਅੱਖਰੀ, 16 ਪਦਾਂ ਦੀ ਥਿਤੀ, 8 ਪਦਾਂ ਦੀ ਵਾਰ ਤੇ ਤਿੰਨ ਅਸ਼ਟਪਦੀਆਂ ਹਨ।

10. ਬਾਵਨ ਅੱਖਰੀ ਦੇ ਅੱਖਰਾਂ ਦਾ ਉਚਾਰਨ ਪੰਜਾਬੀ ਪੈਂਤੀ ਵਰਗਾ 'ਕੱਕਾ', 'ਖੱਖਾ', 'ਚੱਚਾ' ਆਦਿ ਹੀ ਹੈ। ਉਨ੍ਹਾਂ ਦੀ ਬਾਣੀ ਸੰਤ ਭਾਖਾ ਹੋਣ ਕਾਰਨ ਪੰਜਾਬੀ ਭਾਸ਼ਾ ਦੇ ਨੇੜੇ ਹੈ।

11. ਕਬੀਰ ਜੀ ਉੱਤੇ ਢੋਲਾ ਮਾਰੂ ਰਾਗ ਵਿਚ ਰਾਜਸਥਾਨੀ ਦਾ ਪ੍ਰਤੱਖ ਅਸਰ ਦਿਸਦਾ ਹੈ।

12. ਕਬੀਰ ਰਾਮਾਨੰਦ ਦਾ ਚੇਲਾ ਅਤੇ ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਸੀ। ਡਾ. ਮੋਹਨ ਸਿੰਘ ਕਬੀਰ ਜੀ ਦਾ ਜਨਮ ਰਾਮਾਨੰਦ ਤੋਂ 40 ਸਾਲ ਪਿਛੋਂ ਦੀ ਅਤੇ ਮੌਤ 1439 ਈ. ਦਿੰਦੇ ਹਨ।

13. ਕਾਸ਼ੀ ਵਿਚ ਆਪ ਦਾ ਅਸਥਾਨ 'ਕਬੀਰ ਚਰ' ਨਾਮ ਨਾਲ ਪ੍ਰਸਿੱਧ ਹੈ।

14. ਕਬੀਰ ਦੀ ਬਾਣੀ ਦਾ ਸੰਗ੍ਰਿਹ ਆਪ ਦੇ ਚੇਲਿਆਂ ਧਰਮ ਦਾਸ ਅਤੇ ਸੂਰਤ ਗੋਪਾਲ ਨੇ ਕੀਤਾ, ਜਿਸ ਦਾ ਨਾਮ 'ਕਬੀਰ ਬੀਜਕ' ਹੈ।

15. ਕਬੀਰ ਜੀ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਲੋਕ ਅਤੇ ਸ਼ਬਦਾਂ ਦੇ ਰੂਪ ਵਿਚ ਮਿਲਦੀ ਹੈ।

16. ਪੈਂਤੀਸ ਅੱਖਰੀ ਜਾਂ ਬਾਵਨ ਅੱਖਰੀ ਕਾਵਿ ਰੂਪ ਇਹਨਾਂ ਦੀ ਵਿਸ਼ੇਸ਼ ਦੇਣ ਹੈ। ਇਸ ਦਾ ਉਚਾਰਣ 'ਕ', 'ਖ', 'ਗ' ਹੈ।

17. ਭਗਤ ਕਬੀਰ ਜੀ ਉਹ ਪਹਿਲੇ ਕਵੀ ਹਨ ਜਿਨ੍ਹਾਂ ਨੇ ਪੈਂਤੀ ਅੱਖਰੀ ਕਾਵਿ-ਰੂਪ ਦਾ ਪ੍ਰਯੋਗ ਕੀਤਾ।

18. ਕਬੀਰ ਜੀ ਪਹਿਲੇ ਮੁਸਲਮਾਨ ਬਾਵਨ ਅੱਖਰੀ ਲਿਖਣ ਵਾਲੇ ਹੈ।

# ਗੁਰਬਾਣੀ ਦਾ ਕਾਵਿ ਸ਼ਾਸਤਰ ਅਤੇ ਪ੍ਰਭਾਵ

ਗੁਰਬਾਣੀ ਦਾ ਸ਼ਬਦੀ ਅਰਥ ਜੋ ਬਾਣੀ ਗੁਰੂਆਂ ਦੇ ਆਸ਼ੇ ਮੁਤਾਬਕ ਰਚੀ ਗਈ ਹੈ। ਗੁਰਬਾਣੀ ਦੀ ਰਚਨਾ ਵਿਸ਼ੇਸ਼ ਪਰਿਸਥਿਤੀਆਂ ਵਿਚ ਹੋਈ ਹੈ। ਇਹ ਬਾਣੀ ਸੰਸਾਰਿਕ ਦੀ ਥਾਂ ਅਧਿਆਤਮਕ ਮਾਰਗ ਬਾਰੇ ਜ਼ਿਆਦਾ ਚਾਣਨਾ ਪਾਉਂਦੀ ਹੈ। ਇਸਦੀ ਰਚਨਾ ਵੱਖ-ਵੱਖ ਸਮੇਂ ਵਿਚ ਹੋਈ ਪਰੰਤੂ ਸਾਰੇ ਬਾਣੀਕਾਰਾਂ ਦਾ ਦ੍ਰਿਸ਼ਟੀਕੋਣ ਸਮਾਜ ਭਲਾਈ ਅਤੇ ਹਸਦਿਆਂ ਖੇਡਦਿਆਂ ਪੇਨੰਦਿਆਂ ਤਹਿਤ ਗ੍ਰਿਹਿਸਥੀ ਜੀਵਨ ਜਿਉਣ ਦਾ ਉਪਦੇਸ਼ ਦਿੰਦੀ ਹੋਈ ਮੁਕਤੀ ਦਾ ਮਾਰਗ ਦਿਖਾਉਂਦੀ ਹੈ।

1. ਗੁਰਬਾਣੀ ਦੁਨੀਆਦਾਰੀ ਅਤੇ ਕਵਿਤਾ ਦੇ ਵਿਚ ਹੁੰਦੀ ਹੋਈ ਆਪਣੇ ਗੁਣਾਂ ਦਾ ਪ੍ਰਗਟਾਵਾ ਕਰਦੀ ਹੈ।

2. ਗੁਰਬਾਣੀ ਵਿਚਲੀ ਬਾਣੀ ਨੂੰ ਸੱਚੀ ਬਾਣੀ, ਧੁਰ ਕੀ ਬਾਣੀ ਇਲਾਹੀ ਬਾਣੀ ਆਦਿ ਨਾਵਾਂ ਨਾਲ ਨਿਵਾਜਿਆ ਗਿਆ ਹੈ।

3. ਗੁਰਬਾਣੀ ਦੀ ਮੌਲਿਕ ਪ੍ਰਕਿਰਤੀ ਸਾਹਿਤ ਜਾਂ ਕਵਿਤਾ ਨਾਲੋਂ ਬਿਲਕੁਲ ਵੱਖਰੀ ਹੈ। ਗੁਰਬਾਣੀ ਨੂੰ ਬਾਣੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਕਵਿਤਾ ਦੇ ਗੁਣ ਹੂ-ਬ-ਹੂ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਇਹ ਕਾਵਿ ਹੁੰਦੇ ਹੋਏ ਵੀ ਆਪਣੇ ਅਧਿਆਤਮਕ ਵਿਚਾਰਾਂ ਕਰਕੇ ਕਾਵਿ ਦੇ ਤੱਤਾਂ ਦਾ ਨਿਭਾਅ ਕਰਦੇ ਹੋਏ ਵੀ ਉਸ ਤੋਂ ਆਪਣਾ ਵਖਰਾ ਰਸਤਾ ਅਖ਼ਤਿਆਰ ਕਰਦੀ ਹੈ।

4. ਗੁਰਬਾਣੀ ਨੂੰ ਕਾਵਿ ਮੰਨਣ ਤੋਂ ਇਨਕਾਰ ਕੀਤਾ ਗਿਆ ਹੈ ਜਦਕਿ ਗੁਰਬਾਣੀ ਦੇ ਬਾਣੀਕਾਰਾਂ ਨੇ ਆਪਣੇ ਆਪ ਨੂੰ ਸ਼ਾਇਰ ਕਿਹਾ ਹੈ ਜਿਵੇਂ :

ਨਾਨਕੁ ਸ਼ਾਇਰ ਏਵ ਕਹਿਤ ਹੈ
ਸਚੈ ਪਰਵਦਗਾਰਾ ॥

5. ਗੁਰਬਾਣੀ ਕਵਿਤਾ ਨੂੰ ਇਕ ਸੰਚਾਰ ਜੁਗਤ ਵਰਤਦੀ ਹੈ। ਗੁਰਬਾਣੀ ਦੇ ਰਚਨਾਕਾਰਾਂ ਨੇ ਆਪਣੀ ਅਧਿਆਤਮਕ ਵਿਚਾਰਧਾਰਾ ਦੇ ਪ੍ਰਗਟਾਵੇ ਲਈ ਕਵਿਤਾ ਦੇ ਕਈ ਕਾਵਿ ਰੂਪਾਂ ਨੂੰ ਅਪਣਾਇਆ ਹੈ ਜਿਵੇਂ : ਆਦਿ ਗ੍ਰੰਥ ਵਿਚ ਵਾਰਾਂ, ਬਾਰਾਮਾਂਹੇ, ਪਹਿਰੇ, ਅਲਾਹੁਣੀਆਂ, ਘੋੜੀਆਂ, ਪੱਟੀ, ਬਾਵਨ ਅੱਖਰੀ, ਥਿੱਤੀ, ਸਤਵਾਰੇ, ਰੁੱਤਾਂ ਆਦਿ ਕਾਵਿ ਰੂਪਾਂ ਦੀ ਵਰਤੋਂ ਹੋਈ ਮਿਲਦੀ ਹੈ। ਪਰੰਤੂ ਗੁਰਬਾਣੀ ਦੇ ਰਚਨਾਹਾਰਿਆਂ ਨੇ ਇਨ੍ਹਾਂ ਕਾਵਿ ਰੂਪਾਂ ਦੀ ਵਰਤੋਂ ਬਾਹਰੀ ਆਕਾਰ ਵਜੋਂ ਹੀ ਕੀਤੀ ਹੈ।

6. ਗੁਰਬਾਣੀ ਦੀ ਉਪਜ ਮੱਧਕਾਲੀ ਚੇਤਨਾ ਵਿਚੋਂ ਹੋਈ। ਉਸ ਸਮੇਂ ਬ੍ਰਹਮ ਹੀ ਅਧਿਆਤਮਕ ਕਵਿਤਾ ਦਾ ਕੇਂਦਰੀ ਧੁਰਾ ਸੀ। ਗੁਰਬਾਣੀ ਮਨੁੱਖੀ ਯਥਾਰਥ ਘਟਨਾਵਾਂ ਨੂੰ ਵੀ ਪਰਮਾਰਥ ਦੀ ਦ੍ਰਿਸ਼ਟੀ ਤੋਂ ਸਮਝਣ ਦਾ ਯਤਨ ਕਰਦੀ ਹੈ।

7. ਗੁਰਬਾਣੀ ਦੀ ਸਿਰਜਣਾਤਮਕਤਾ ਇਕ ਹੋਰ ਪੱਖ ਇਹ ਹੈ ਕਿ ਇਹ ਸਮਾਜਿਕ ਰਿਸ਼ਤਿਆਂ, ਸੰਸਥਾਵਾਂ, ਸਭਿਆਚਾਰਕ ਵਰਤਾਰਿਆਂ ਅਤੇ ਪ੍ਰਕਿਰਤਕ ਮਾਹੌਲ ਰੁੱਤਾਂ, ਵਾਰਾਂ, ਤਿੱਥਾਂ ਨਾਲ ਸੰਬੰਧਿਤ ਚਿਹਨ ਪ੍ਰਬੰਧ ਵਿਚ ਢਲਣ ਦੀ ਕੋਸ਼ਿਸ਼ ਕਰਦੀ ਹੈ। ਇਸ ਵਿਚ ਕੁਆਰੇ ਹੋਣ, ਵਿਆਹ ਹੋਣ, ਸਹੁਰਾ ਘਰ, ਪੇਕਾ ਘਰ, ਸੁਹਾਗਣ, ਕੰਤ, ਖਸਮ ਆਦਿ ਚਿਹਨ ਵਿਭਿੰਨ ਕਾਵਿ-ਰੂਪਾਂ ਵਿਚ ਢਾਲੇ ਗਏ ਹਨ।

8. ਇਸ ਗ੍ਰੰਥ ਵਿਚ ਬਹੁਤ ਸਾਰੇ ਧਰਮਾਂ ਦਾ ਜ਼ਿਕਰ ਹੈ ਇਸ ਕਰਕੇ ਇਨ੍ਹਾਂ ਧਰਮਾਂ ਦੀ ਸ਼ਬਦਾਵਲੀ ਗੁਰਮਤਿ ਕਾਵਿ ਦਾ ਅੰਗ ਹੈ। ਇਸ ਲਈ ਗੁਰਮਤਿ ਕਾਵਿ ਦੀ ਭਾਸ਼ਾ ਨੂੰ ਸਮਝਣ ਲਈ ਬਹੁਪੱਖੀ ਭਾਸ਼ਾਈ ਤੇ ਧਾਰਮਿਕ ਸੂਝ ਦੀ ਲੋੜ ਹੈ।

9. ਅਧਿਆਤਮਕ ਮੰਡਲ ਦੀ ਭਾਸ਼ਾ ਹੋਣ ਕਰਕੇ ਬੋਲਚਾਲ ਦੀ ਭਾਸ਼ਾ ਨਾਲੋਂ ਵੱਖਰੀ ਹੈ।

10. ਅਧਿਆਤਮਕ ਵਿਸ਼ੇ ਨਾਲ ਸੰਬੰਧਿਤ ਹੁੰਦੀ ਹੋਈ ਵੀ ਇਹ ਭਾਸ਼ਾ ਜਨ-ਸਾਧਾਰਨ ਦੀ ਸਮਝ ਤੋਂ ਬਾਹਰ ਨਹੀਂ ਹੈ।

## ਭਾਈ ਗੁਰਦਾਸ ਜੀ (1543-1637 ਈ.)

ਭਾਈ ਗੁਰਦਾਸ ਦੀ ਸਮੁੱਚੀ ਰਚਨਾ ਗੁਰਬਾਣੀ, ਗੁਰ ਇਤਿਹਾਸ ਅਤੇ ਗੁਰਮਤਿ ਦਰਸ਼ਨ ਦੀ ਵਿਆਖਿਆ ਹੈ। ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਹਰਗੋਬਿੰਦ ਸਾਹਿਬ ਤਕ ਗੁਰੂ ਘਰ ਦੇ ਨਿਕਟਵਰਤੀ ਕ੍ਰਿਪਾ ਪਾਤਰ ਤੇ ਮੁੱਖ ਪ੍ਰਬੰਧਕ ਰਹੇ ਹੋਣ ਕਾਰਨ ਗੁਰਮਤਿ ਅਤੇ ਗੁਰਬਾਣੀ ਦੇ ਸਿਧਾਤਾਂ ਦੀ ਆਪ ਨੂੰ ਪੂਰਨ ਪਕੜ ਸੀ। ਗੁਰਬਾਣੀ ਨੂੰ ਸਮਝਣ ਵਾਸਤੇ ਆਪ ਦੀ ਬਾਣੀ ਬਹੁਤ ਸਹਾਈ ਹੁੰਦੀ ਹੈ। ਇਸ ਕਰਕੇ ਵੀ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ। ਆਪ ਸੰਬੰਧੀ ਇਹ ਗੱਲਾਂ ਵਿਸ਼ੇਸ਼ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੀਆਂ ਹਨ :

1. ਡਾ. ਮੋਹਨ ਸਿੰਘ ਜੀ ਆਪ ਨੂੰ ਪੰਜਾਬੀ ਦਾ 'ਸੈਂਟ ਪਾਲ' ਕਹਿੰਦੇ ਹਨ।

2. ਆਪ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ। ਇਸ ਕਰਕੇ ਆਪ ਜੀ ਨੂੰ ਗੁਰੂ ਘਰ ਦੀ ਜ਼ਿਆਦਾ ਜਾਣਕਾਰੀ ਸੀ।

3. ਸ੍ਰੀ ਗੁਰੂ ਗੰਥ ਸਾਹਿਬ ਜੀ ਨੂੰ ਲਿਖਣ ਦੀ ਜਿੰਮੇਵਾਰੀ ਵੀ ਗੁਰੂ ਅਰਜਨ ਦੇਵ ਜੀ ਨੇ ਆਪ ਜੀ ਨੂੰ ਹੀ ਸੌਂਪੀ।

4. ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਰਚਨਾ, ਅੰਤਰ-ਮੁਖੀ, ਅਧਿਆਤਮਕ ਤੇ ਸਰੋਦੀ ਹੈ ਪਰ ਭਾਈ ਸਾਹਿਬ ਜੀ ਦੀ ਬਾਣੀ ਬਾਹਰ-ਮੁਖੀ ਤੇ ਵਰਣਾਤਮਕ ਹੈ।

5. ਪ੍ਰੋ. ਸੰਤ ਸਿੰਘ ਸੇਖੋਂ ਅਨੁਸਾਰ ਸਿੱਖ ਸੰਸਥਾ ਦੀ ਧਾਰਮਿਕ ਵਿਸ਼ੇ ਵਾਲੀ ਰਚਨਾ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਇਕ ਵੱਖਰੀ ਜਿਹੀ ਰਚਨਾ ਹੈ।

6. ਭਾਈ ਗੁਰਦਾਸ ਜੀ ਨੇ ਦੋ ਪ੍ਰਕਾਰ ਦੀ ਰਚਨਾ ਕੀਤੀ ਹੈ : (ੳ) 39 ਵਾਰਾਂ (ਅ) ਛੇ ਸੌ ਤੋਂ ਉਪਰ ਕਬਿਤ ਤੇ ਸਵੱਯੇ। ਪਹਿਲੀ ਰਚਨਾ ਠੇਠ ਪੰਜਾਬੀ ਵਿਚ ਹੈ ਅਤੇ ਦੂਜੀ ਬ੍ਰਿਜ ਭਾਸ਼ਾ ਵਿਚ।

7. ਪ੍ਰੀਤ ਦਾ ਬਿਰਹਾ ਅਤੇ ਮਿਲਾਪ ਦੀ ਅਵਸਥਾ ਦਾ ਬੜਾ ਰੋਚਕ ਬਿਆਨ ਹੈ।

8. ਵਾਰ 1 ਵਿਚ ਸ੍ਰਿਸ਼ਟੀ ਦੇ ਆਰੰਭ ਬਾਰੇ ਅਤੇ ਗੁਰੂ ਨਾਨਕ ਦਾ ਜੀਵਨ ਵੇਰਵਾ ਦਿੱਤਾ ਗਿਆ ਹੈ, ਵਾਰ 28 ਵੀ. ਵਿਚ ਸਿੱਖੀ ਦੀ ਉਸਤਤ ਹੈ।

9. ਵਾਰ 10 ਵੀਂ ਵਿਚ ਅੱਡ-ਅੱਡ ਥਾਵਾਂ ਤੇ ਹੋ ਚੁੱਕੇ ਪ੍ਰਸਿੱਧ ਭਗਤਾਂ ਦੇ ਜੀਵਨ ਬਿਰਤਾਂਤ ਦਾ ਵੇਰਵਾ ਦਿੱਤਾ ਹੈ, ਵਾਰ 15 ਵੀਂ ਵਿਚ ਨੀਵੀਂ ਕੁਲ ਦੇ ਭਗਤਾਂ ਨਾਮਦੇਵ, ਕਬੀਰ ਤੇ ਰਵਿਦਾਸ ਆਦਿ ਦਾ ਜ਼ਿਕਰ ਹੈ। ਵਾਰ 16 ਵੀਂ ਵਿਚ ਮੀਣਿਆਂ ਦਾ ਜ਼ਿਕਰ ਹੈ।

10. ਵਾਰ ਦਾ ਸਭ ਤੋਂ ਪ੍ਰਮਾਣਿਕ ਛੰਦ ਨਿਸ਼ਾਨੀ ਹੈ ਅਤੇ ਇਸੇ ਦਾ ਹੀ ਭਾਈ ਸਾਹਿਬ ਨੇ ਜ਼ਿਕਰ ਕੀਤਾ ਹੈ।

11. ਸਭ ਤੋਂ ਪ੍ਰਧਾਨ ਬਹਿਰ 13+10 23 ਵਾਲਾ ਹੈ। ਇਸੇ ਛੰਦ ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤੀ ਵਿਚ ਭਾਈ ਗੁਰਦਾਸ ਦੂਜੇ ਦੁਆਰਾ ਰਚੀ ਗਈ ਵਾਰ, 'ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ' ਵੀ ਮਿਲਦੀ ਹੈ।

12. ਪ੍ਰੋ. ਸੰਤ ਸਿੰਘ ਸੇਖੋਂ ਲਿਖਦੇ ਹਨ ਭਾਈ ਗੁਰਦਾਸ ਵਿਚ ਸਭ ਤੋਂ ਵੱਡਾ ਗੁਣ ਹੈ, ਉਹ ਇਸ ਦਾ ਅਲੰਕਾਰ ਹੈ, ਜਿਸ ਨੂੰ ਮੈਂ ਪਰਾਸਰੀਰਿਕ ਆਖਿਆ ਹੈ। ਪਰਾਸਰੀਰਿਕ ਅਲੰਕਾਰ ਤੋਂ ਭਾਵ ਉਹ ਅਲੰਕਾਰ ਹੈ, ਜਿਸ ਦੁਆਰਾ ਜੜ੍ਹ ਵਸਤੂ ਨੂੰ ਚੇਤਨ ਗੁਣ ਦਿਤੇ ਜਾਣ।

13. ਭਾਈ ਗੁਰਦਾਸ ਜੀ ਨੇ ਗੁਰਮਤਿ ਵਿਸ਼ੇ ਅਨੁਸਾਰ ਅਤੇ ਪ੍ਰਸੰਗ ਅਨੁਸਾਰ ਢੁੱਕਵੀਂ ਵਰਤੋਂ ਕੀਤੀ ਹੈ।

14. ਭਾਈ ਗੁਰਦਾਸ ਨੇ ਠੇਠ ਅਤੇ ਟਕਸਾਲੀ ਪੰਜਾਬੀ ਵਰਤੀ ਹੈ।

15. ਇਹ ਅਜੋਕੀ ਬੋਲੀ ਦੇ ਨੇੜੇ ਵਧੇਰੇ ਹੈ ਅਤੇ ਇਸ ਵਿਚ ਸਾਂਝੀ ਬੋਲੀ ਦਾ ਮੁਹਾਵਰਾ ਪ੍ਰਧਾਨ ਰੂਪ ਵਿਚ ਮਿਲਦਾ ਹੈ।

# ਯੂਨਿਟ 5
# ਪੰਜਾਬੀ ਕਿੱਸਾ ਅਤੇ ਬੀਰ ਕਾਵਿ

'ਕਿੱਸਾ' ਅਰਬੀ ਭਾਸ਼ਾ ਦਾ ਸ਼ਬਦ ਹੈ ਤੇ ਇਸ ਤੇ ਅਰਥ ਹਨ : ਕਿਸੇ ਵਿਅਕਤੀ ਦੀ ਕਹਾਣੀ, ਕਥਾ ਜਾਂ ਬਿਰਤਾਂਤ। ਅਰਬ ਵਿਚ ਗਦਾਤਮਕ ਕਹਾਣੀਆਂ ਲਈ ਇਹ ਸ਼ਬਦ ਪ੍ਰਾਚੀਨ ਕਾਲ ਤੋਂ ਵਰਤਿਆ ਜਾਂਦਾ ਹੈ। ਪੰਜਾਬੀ ਵਿਚ ਕਿੱਸਾ ਫ਼ਾਰਸੀ ਦੇ ਪ੍ਰਭਾਵ ਹੇਠ ਉਪਜਿਆ। ਫ਼ਾਰਸੀ ਕਵਿਤਾ ਵਿਚ ਕਿੱਸੇ ਲਈ ਕਿੱਸਾ ਸ਼ਬਦ ਨਹੀਂ ਵਰਤਿਆ ਜਾਂਦਾ ਸਗੋਂ 'ਮਸਨਵੀ' ਵਰਤਿਆ ਜਾਂਦਾ ਹੈ। ਫ਼ਾਰਸੀ ਵਿਚ ਹੁਣ ਤੱਕ ਲੱਭੇ ਕਿਸਿੱਆਂ ਵਿਚ ਸਭ ਤੋਂ ਪੁਰਾਣਾ ਕਿੱਸਾ 'ਹਯਾਤ ਜਾਨ ਬਾਕੀ' ਦਾ ਹੈ। 'ਕਿੱਸਾ' ਸ਼ਬਦ ਅਰਬੀ ਭਾਸ਼ਾ ਵਿਚੋਂ ਆਇਆ ਹੈ, ਪਰ ਪੰਜਾਬੀ ਦਾ ਕਿੱਸਾ ਫ਼ਾਰਸੀ ਕਵਿਤਾ ਦੇ ਪ੍ਰਸਿੱਧ ਰੂਪ "ਮਸਨਵੀ" ਦੇ ਆਧਾਰ ਉੱਤੇ ਢਲਿਆ ਹੈ।

ਪੁਰਾਣੀ ਕਵਿਤਾ ਦੋ ਰੂਪਾਂ ਵਿਚ ਲਿਖੀ ਜਾਂਦੀ ਸੀ : ਇਕ ਛੋਟੀ ਭਾਵਾਤਮਕ ਕਵਿਤਾ ਜਿਵੇਂ ਮੁਕਤਕ ਸ਼ਬਦ, ਸ਼ਲੋਕ, ਕਾਫ਼ੀ, ਗ਼ਜ਼ਲ, ਸੌਨਿਟ, ਲਿਰਿਕ ਤੇ ਓਡ ਅਤੇ ਦੂਜੀ ਲੰਬੀ ਬਿਆਨੀਆ ਕਵਿਤਾ ਜਿਵੇਂ ਸੰਸਕ੍ਰਿਤ ਦਾ ਪ੍ਰਬੰਧ ਕਾਵਿ (ਜਿਸਦੇ ਅੱਗੋਂ ਦੋ ਭੇਦ ਹੋਏ : ਮਹਾਂ ਕਾਵਿ ਤੇ ਖੰਡ ਕਾਵਿ), ਪੱਛਮ ਦਾ ਐਪਿਕ ਬੈਲੱਡ, ਪੰਜਾਬੀ ਦੇ ਕਿੱਸੇ ਤੇ ਵਾਰਾਂ। "ਮਸਨਵੀ" ਵਿਚ ਰਜ਼ਮ ਤੇ ਬਜ਼ਮ (ਯੁੱਧ ਤੇ ਪ੍ਰੇਮ ਆਦਿ ਦੀਆਂ ਕਹਾਣੀਆਂ) ਇਕੱਠੀਆਂ ਹੁੰਦੀਆਂ ਸਨ ਪਰ ਪੰਜਾਬੀ ਵਿਚ 'ਕਿੱਸਾ' ਤੇ 'ਵਾਰ' ਦੋ ਅਲੱਗ-ਅਲੱਗ ਰੂਪ ਬਣ ਗਏ।

ਉਂਵ ਕੁਝ ਪੰਜਾਬੀ ਰਚਨਾਵਾਂ ਵਿਚ 'ਵਾਰ ਤੇ ਕਿੱਸੇ' ਦੇ ਅੰਸ਼ ਰਲ-ਗੱਡ ਹਨ, ਜਿਵੇਂ ਹੀਰ ਦਮੋਦਰ, ਮਿਰਜ਼ਾ ਸਾਹਿਬਾਂ ਪੀਲੂ ਅਤੇ ਸ਼ਾਹ ਮੁਹੰਮਦ ਦੇ ਕਿੱਸੇ ਵਿੱਚ। ਇਉਂ ਪੰਜਾਬੀ ਦੀ ਕਿੱਸਾ ਕਵਿਤਾ ਇਸਲਾਮੀ ਸੰਸਕ੍ਰਿਤੀ ਦਾ ਪ੍ਰਭਾਵ ਸਾਡੇ ਦੇਸ਼ ਵਿਚ ਆ ਜਾਣ ਤੋਂ ਬਾਅਦ ਪ੍ਰਚੱਲਿਤ ਹੋਇਆ ਰੂਪ ਹੈ। ਨਾਮ ਅਰਬੀ ਵਿਚੋਂ ਆਇਆ ਹੈ, ਤੇ ਸਾਂਚਾ ਜਾਂ ਢਾਂਚਾ ਫ਼ਾਰਸੀ ਵਿਚੋਂ।

ਪੰਜਾਬੀ ਦੇ ਪਹਿਲੇ ਦੋ ਕਿੱਸਾਕਾਰਾਂ ਦਮੋਦਰ ਅਤੇ ਪੀਲੂ ਨੇ ਆਪਣੇ ਕਿੱਸਿਆਂ ਵਿਚ ਮਸਨਵੀ ਵਾਲੀ ਪਰੰਪਰਾ ਨਹੀਂ ਅਪਣਾਈ ਤੇ ਕਹਾਣੀ ਦਾ ਬਿਆਨ ਸਿੱਧਾ ਸ਼ੁਰੂ ਕੀਤਾ ਹੈ। ਸੰਸਾਰ ਸਾਹਿਤ ਵਿਚ ਪ੍ਰੀਤ ਕਥਾ ਪਰੰਪਰਾ ਦਾ ਸਭ ਤੋਂ ਪੁਰਾਤਨ ਨਮੂਨਾ ਰਿਗਵੇਦ ਵਿਚ ਮਿਲਦਾ ਹੈ। ਇਸ ਗ੍ਰੰਥ ਵਿਚ 'ਯਮਯਮੀ ਦਾ ਸੰਬਾਦ' ਪ੍ਰੇਮਾਖਿਆਨ ਦੇ ਅੰਸ਼ ਦਾ ਪ੍ਰਮਾਣ ਹੈ। ਇਸ ਤੋਂ ਬਿਨਾਂ 'ਉਰਵਸ਼ੀ ਪਰੂਰਵਾ' ਪਿਆਰ ਦੀ ਪ੍ਰਸਿੱਧ ਪ੍ਰੀਤ ਕਥਾ ਵੀ ਇਸੇ ਗ੍ਰੰਥ ਵਿਚ ਵਿਦਮਾਨ ਹੈ ਜਿਸ ਨੂੰ ਜਗਤ ਦੀ ਸਭ ਤੋਂ ਪ੍ਰਾਚੀਨ ਪ੍ਰੇਮ

ਕਥਾ ਮੰਨਿਆ ਜਾਂਦਾ ਹੈ। ਪੰਜਾਬੀ ਕਿੱਸੇ ਨੂੰ ਛੰਦ-ਬੱਧ ਕਰਨ ਦੀ ਪ੍ਰਿਤ ਪੇਸ਼ਾਵਰ ਗਾਇਕ ਸ਼੍ਰੇਣੀ ਨੇ ਪਾਈ।

ਕਿੱਸਾ ਕਾਵਿ ਨੇ ਪੰਜਾਬੀ ਕਵਿਤਾ ਨੂੰ ਅਧਿਆਤਮਕ ਵਾਯੂ-ਮੰਡਲ ਵਿਚੋਂ ਕੱਢ ਕੇ ਦੁਨਿਆਵੀ ਹੁਸਨ, ਇਸ਼ਕ ਅਤੇ ਜੀਵਨ ਨੂੰ ਮੂਰਤੀਮਾਨ ਕਰਨ ਵੱਲ ਰੁਚਿਤ ਕੀਤਾ। ਸੂਫ਼ੀ ਕਾਵਿ ਅਤੇ ਗੁਰਮਤਿ ਕਾਵਿ ਨੂੰ ਅਸੀਂ ਪ੍ਰਗੀਤਕ ਕਾਵਿ ਦੀ ਸ਼੍ਰੇਣੀ ਵਿਚ ਰੱਖ ਸਕਦੇ ਹਾਂ ਜਦੋਂਕਿ ਕਿੱਸੇ, ਵਾਰਾਂ ਅਤੇ ਜੰਗਨਾਮੇ ਆਦਿਕ ਕਾਵਿ ਰੂਪ ਬਿਰਤਾਂਤ ਕਾਵਿ ਦੀ ਸ਼੍ਰੇਣੀ ਵਿਚ ਆਉਂਦੇ ਹਨ।

ਭਾਰਤੀ ਬਿਰਤਾਂਤ ਕਾਵਿ ਦੇ ਅੰਤਰਗਤ ਕਿੱਸਾ ਕਾਵਿ, ਵਾਰ ਕਾਵਿ, ਜੰਗਨਾਮੇ ਆਦਿ ਕਾਵਿਧਾਰਾਵਾਂ ਕਾਰਜਸ਼ੀਲ ਰਹੀਆਂ ਹਨ। ਕਿੱਸਿਆਂ ਵਿਚ ਸਿਮੇਟਿਕ ਅਤੇ ਡਾਇਜੈਟਿਕ ਵਰਣਨ : ਸਿਮੇਟਿਕ ਵਰਣਨ ਵਿਚ ਕਵੀ ਕਿਸੇ ਘਟਨਾ ਨੂੰ ਆਪਣੇ ਪਾਠਕਾਂ/ਸਰੋਤਿਆਂ ਦੇ ਸਾਹਮਣੇ ਵਾਪਰਦੀ ਦਿਖਾਉਂਦਾ ਹੈ। ਜਿਵੇਂ

ਜੰਗ ਮੁਸਾਫਾ ਰੱਜਿਆ ਰਣ ਘੁਰੇ ਨਗਾਰੇ ਚਾਵਲੇ ॥
ਝੂਲਣ ਨੇਜੇ ਬੈਰਕਾਂ ਨੀਸਾਣ ਲਸਨਿ ਲਸਾਵਲੇ॥

ਡਾਇਜੈਟਿਕ ਵਰਣਨ ਵਿਚ ਕਵੀ ਕਿਸੇ ਘਟਨਾ ਨੂੰ ਵਾਪਰਦੀ ਨਹੀਂ ਦਿਖਾਉਂਦਾ ਬਲਕਿ ਸੁਣਾਉਂਦਾ ਹੈ। ਬਿਰਤਾਂਤਕਾਰ ਆਮ ਤੌਰ ’ਤੇ ਇਹਨਾਂ ਦੋਹਾਂ ਵਿਧੀਆਂ ਦਾ ਹੀ ਸਮੇਂ-ਸਮੇਂ ਪ੍ਰਯੋਗ ਕਰਦੇ ਰਹਿੰਦੇ ਹਨ। ਡਾਇਜੈਟਿਕ ਵਰਣਨ ਦੀ ਇਕ ਮਿਸਾਲ ਦੇਖੋ:

ਚੂਚਕ ਆਖਿਆ ਜਾਹ ਮਨਾਇ ਉਸ ਨੂੰ, ਵਿਆਹ ਤੀਕ ਤਾਂ ਮਹੀਂ ਚਰਾਇ ਲਈਏ।
ਜਦੋਂ ਹੀਰ ਡੋਲੀ ਪਾਇ ਤੋਰ ਦਿੱਤੀ, ਰੁੱਸ ਪਏ ਜਵਾਬ ਤਾਂ ਚਾਇ ਦਈਏ।

ਇਸ਼ਕ ਦੇ ਅਨੁਭਵ ਨੂੰ ਬਿਰਤਾਂਤ ਦਾ ਰੂਪ ਦੇਣ ਵਿਚ ਫ਼ਾਰਸੀ ਮਸਨਵੀ ਅਤੇ ਭਾਰਤੀ ਕਥਾ ਪਰੰਪਰਾ ਦਾ ਇਕ ਸੁੰਦਰ ਸੁਮੇਲ ਪੰਜਾਬੀ ਕਿੱਸੇ ਬਣਦੇ ਹਨ। ਆਮ ਤੌਰ ’ਤੇ ਇਹ ਕਿੱਸੇ ਸਥਾਨ, ਪੰਜਾਬੀ ਤੇ ਸਾਮੀ ਕਥਾਵਾਂ ਦੀ ਪੇਸ਼ਕਾਰੀ ਕਰਦੇ ਹਨ ਪਰ ਇੰਨ੍ਹਾਂ ਵਿਚੋਂ ਪੰਜਾਬੀ ਲੋਕ-ਗਥਾਵਾਂ ਉੱਤੇ ਰਚੇ ਗਏ ਕਿੱਸੇ ਵਧੇਰੇ ਮਕਬੂਲ ਹੋਏ ਹਨ। ਪੰਜਾਬੀ ਕਿੱਸਾ ਵੱਖ-ਵੱਖ ਕਿੱਸਾਕਾਰਾਂ ਦੇ ਹੱਥਾਂ ਵਿਚੋਂ ਲੰਘਦਾ ਹੋਇਆ ਕੁਝ ਖਾਸ ਲੱਛਣਾ ਦਾ ਧਾਰਨੀ ਹੋ ਗਿਆ ਹੈ।

## ਕਿੱਸਾ ਕਾਵਿ ਦੀ ਸ਼੍ਰੇਣੀ ਵੰਡ

ਪੰਜਾਬੀ ਕਿੱਸਿਆਂ ਦੀਆਂ ਕਹਾਣੀਆਂ ਕੁਝ ਸੀਮਿਤ ਜਿਹੇ ਵਿਸ਼ਿਆਂ ਵਿਚੋਂ ਹੀ ਉਪਜਦੀਆਂ ਹਨ ਜਿਵੇਂ ਇਸ਼ਕ, ਤਿਆਗ, ਕੁਰਬਾਨੀ ਤੇ ਸੂਰਮਗਤੀ। ਇਨ੍ਹਾਂ ਵਿਚੋਂ ਇਸ਼ਕ ਦਾ ਥੀਮ ਵਧੇਰੇ ਪ੍ਰਚਲਿਤ ਹੋਇਆ ਹੈ। ਸੰਖੇਪ ਵਿਚ, ਹੁਣ ਤੱਕ ਲਿਖੇ ਗਏ ਕਿੱਸਿਆਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :

1. ਇਸ਼ਕ ਦੇ ਕਿੱਸੇ
2. ਰੁਮਾਂਸ ਕਿੱਸੇ
3. ਸੂਰਮਗਤੀ/ਬੀਰ ਰਸੀ/ਇਤਿਹਾਸਕ ਕਿੱਸੇ
4. ਸਦਾਚਾਰ/ਤਿਆਗ ਭਗਤੀ/ ਸੁਧਾਰ ਦੇ ਕਿੱਸੇ

**1. ਇਸ਼ਕ ਦੇ ਕਿੱਸੇ :** ਕਵਿਤਾ ਵਿਚ ਅੰਕਿਤ ਪ੍ਰੇਮ ਕਥਾਵਾਂ ਨੂੰ ਇਸ਼ਕ ਦੇ ਕਿੱਸਿਆਂ ਦਾ ਨਾਮ ਦਿੱਤਾ ਗਿਆ ਹੈ। ਇਸ਼ਕ ਦੇ ਕਿੱਸਿਆਂ ਵਿਚ ਸ਼ਿੰਗਾਰ ਰਸ ਤੇ ਕਰੁਣਾ ਰਸ ਪ੍ਰਧਾਨ ਹੁੰਦਾ ਹੈ। ਸਤਾਰਵੀਂ ਤੇ ਅਠਾਰਵੀਂ ਸਦੀ ਵਿਚ ਇਸ਼ਕ ਦੇ ਕਿੱਸੇ ਹੀ ਪ੍ਰਧਾਨ ਰਹੇ। ਦਮੋਦਰ, ਪੀਲੂ, ਹਾਫ਼ਿਜ਼ ਬਰਖੁਦਾਰ, ਮੁਕਬਲ ਤੇ ਵਾਰਿਸ ਇਸ ਸਮੇਂ ਦੇ ਪ੍ਰਧਾਨ ਕਿੱਸਾਕਾਰ ਹਨ। 1850 ਤੋਂ ਪਿਛੋਂ ਛਾਪੇਖਾਨੇ ਦੇ ਆਉਣ ਨਾਲ ਕਿੱਸੇ ਵੱਡੀ ਗਿਣਤੀ ਵਿਚ ਛਪਣ ਲੱਗੇ। ਇਸ ਸਮੇਂ ਇਸ਼ਕ ਦੀਆਂ ਸਨਸਨੀਖੇਜ਼ ਸਮਕਾਲੀ ਘਟਨਾਵਾਂ ਨੂੰ ਵੀ ਕਿੱਸਿਆਂ ਦਾ ਵਿਸ਼ਾ ਬਣਾਇਆ ਗਿਆ। ਇਸ ਪ੍ਰਕਾਰ ਦੇ ਕਿੱਸਿਆਂ ਵਿਚ ਬੇਗੋਨਾਰ, ਸ਼ਾਮੋਨਾਰ, ਰਤਨੀਂ ਸੁਨਿਆਰੀ ਤੇ ਕਾਕਾ ਪ੍ਰਤਾਪੀ ਆਦਿ ਕਿੱਸੇ ਕਾਫ਼ੀ ਪ੍ਰਚਲਿਤ ਹੋਏ।

**2. ਰੁਮਾਂਸ ਕਿੱਸੇ :** ਇਸ ਸਮੇਂ ਦੇ ਰੁਮਾਂਸ ਕਿੱਸਿਆਂ ਵਿਚੋਂ ਭਾਰਤੀ ਅਸਲੇ ਨਾਲ ਸੰਬੰਧਿਤ ਪੂਰਨ ਭਗਤ, ਸ਼ਾਹਣੀ ਕੌਲਾਂ, ਰੂਪ ਬਸੰਤ, ਰਾਜਾ ਰਸਾਲੂ, ਕਾਮ ਰੂਪ ਤੇ ਚੰਦਰ ਬਦਨ ਅਤੇ ਇਸਲਾਮੀ ਪਿਛੋਕੜ ਵਾਲੇ ਤਾਲੀਮ ਅਨਸਾਰੀ, ਦਿਲ ਖੁਰਸ਼ੈਦ, ਗੁਲ ਬਕਾਓਲੀ, ਬਦੀਹ ਜਮਾਲ, ਸ਼ਾਹ ਬਹਿਰਾਮ ਤੇ ਸੈਫੁਲ ਮਲੂਕ, ਆਦਿ ਕਿੱਸੇ ਕਾਫ਼ੀ ਮਕਬੂਲ ਹੋਏ।

**3. ਸੂਰਮਗਤੀ/ਬੀਰਰਸੀ/ਇਤਿਹਾਸਕ ਕਿੱਸੇ :** ਦੁੱਲਾ ਭੱਟੀ, ਜੈਮਲ ਫੱਤਾ, ਜਿਉਣਾ ਮੌੜ, ਸੁੱਚਾ ਸਿੰਘ ਸੂਰਮਾ, ਬਿਧੀ ਚੰਦ ਆਦਿ ਸੂਰਮਗਤੀ ਦੇ ਕਿੱਸੇ ਹਨ ਤੇ ਇਨ੍ਹਾਂ ਵਿਚ ਬੀਰ ਰਸ ਪ੍ਰਧਾਨ ਹੈ। ਸੂਰਮਗਤੀ ਦੇ ਇਨ੍ਹਾਂ ਕਿੱਸਿਆਂ ਵਿਚ ਨਾਇਕ ਕੋਈ ਇਕ ਵਿਅਕਤੀ ਜਾਂ ਪੂਰੀ ਦੀ ਪੂਰੀ ਟੋਲੀ ਹੋ ਸਕਦੀ ਹੈ। ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ, ਭਾਈ ਬੋਤਾ ਸਿੰਘ, ਬਾਬਾ ਦੀਪ ਸਿੰਘ ਆਦਿ ਦੇ ਪ੍ਰਸੰਗ ਇਕ ਨਾਇਕੀ ਪ੍ਰਸੰਗ ਹਨ। ਇਸੇ ਤਰ੍ਹਾਂ ਛੋਟਾ ਘੱਲੂਕਾਰਾ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਗੁਰੂ ਕੇ ਬਾਗ਼ ਦਾ ਮੋਰਚਾ, ਜੈਤੋ ਦਾ ਮੋਰਚਾ ਆਦਿ, ਬਹੁਨਾਇਕੀ ਜਾਂ ਸਮੂਹ ਨਾਇਕੀ ਪ੍ਰਸੰਗ ਹਨ। ਸ਼ਾਹ ਮੁਹੰਮਦ ਦਾ ਕਿੱਸਾ ਜੰਗ ਸਿੰਘਾਂ ਤੇ ਫ਼ਰੰਗੀਆਂ ਨੂੰ ਵੀ ਇਸ ਕੋਟੀ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ।

**4. ਸਦਾਚਾਰ/ਤਿਆਗ ਭਗਤੀ/ਸੁਧਾਰ ਦੇ ਕਿੱਸੇ :** ਅਜਿਹੇ ਕਿੱਸੇ ਉਨੀਵੀਂ ਸਦੀ ਦੇ ਦੂਸਰੇ ਅੱਧ ਵਿਚ ਵਧੇਰੇ ਲਿਖੇ ਜਾਣੇ ਆਰੰਭ ਹੋਏ। ਇਨ੍ਹਾਂ ਕਿੱਸਿਆਂ ਦਾ ਮੁੱਖ ਉਦੇਸ਼ ਉਚੇਰੀਆਂ ਨੈਤਿਕ ਕਦਰਾਂ ਕੀਮਤਾਂ ਦਾ ਪ੍ਰਚਾਰ ਕਰਨਾ ਤੇ ਲੋਕਾਂ ਵਿਚ ਸੁਧਾਰ ਲਿਆਉਣਾ ਹੁੰਦਾ ਹੈ। ਇਹਨਾਂ ਕਿੱਸਿਆਂ ਦੇ ਬਹੁਤੇ ਕਥਾਨਕ ਭਾਰਤੀ ਇਹਿਾਸਕ, ਮਿਥਿਹਾਸਕ ਤੇ ਤਤਕਾਲੀ ਜੀਵਨ ਵਿਚੋਂ ਲਏ ਗਏ ਹਨ। ਪੂਰਨ ਭਗਤ, ਰਾਜਾ ਰਸਾਲੂ, ਰਾਜਾ ਭਰਥਰੀ, ਰਾਜਾ ਗੋਪੀ ਚੰਦ, ਰਾਜਾ ਹਰੀ ਚੰਦ, ਪ੍ਰਹਿਲਾਦ ਭਗਤ, ਸਤੀ ਸਲੋਚਨਾ, ਸ਼ਾਹਣੀ ਕੌਲਾਂ, ਸ਼ਾਮੋ ਨਾਰ, ਕਿਹਰ ਸਿੰਘ ਦੀ ਮੌਤ ਆਦਿ ਪ੍ਰਸਿੱਧ ਸਦਾਚਾਰਕ ਕਿੱਸੇ ਹਨ।

# ਨਿਕਾਸ, ਵਿਕਾਸ ਅਤੇ ਵਿਸ਼ੇਸ਼ਤਾਵਾਂ

ਪੰਜਾਬੀ ਕਿੱਸਾ-ਕਾਵਿ ਦੀ ਟੋਹ ਸਾਨੂੰ ਪੰਜਾਬ ਦੀ ਲੋਕਧਾਰਾ, ਸੰਸਕ੍ਰਿਤ ਸਾਹਿਤ ਪਰੰਪਰਾ ਅਤੇ ਯੂਨਾਨੀ-ਈਰਾਨੀ ਮਿਥਿਹਾਸ ਵਿਚੋਂ ਮਿਲਦੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਯੂਨਾਨ ਅਤੇ ਈਰਾਨ ਵਿਚ ਵੀ ਉਹੀ ਆਰੀਆ ਸਭਿਆਚਾਰ ਵਿਕਸਿਤ ਹੋਇਆ, ਜਿਸ ਦੀ ਇਕ ਸ਼ਾਖਾ ਨੇ ਬਾਅਦ ਵਿਚ ਭਾਰਤ ਵਿਚ ਪ੍ਰਵੇਸ਼ ਕੀਤਾ। ਪੰਜਾਬ ਦੀਆਂ ਪ੍ਰਸਿੱਧ ਪ੍ਰੇਮ-ਕਹਾਣੀਆਂ ਪਹਿਲਾਂ ਦੰਦ-ਕਥਾਵਾਂ ਦੇ ਰੂਪ ਵਿਚ ਪ੍ਰਚਲਿਤ ਹੋਈਆਂ ਅਤੇ ਪਿੱਛੋਂ ਜਾ ਕੇ ਪੰਜਾਬੀ ਕਿੱਸਾਕਾਰਾਂ ਨੇ ਇੰਨ੍ਹਾਂ ਨੂੰ ਆਪਣੀ ਰਚਨਾ ਦੀ ਕਥਾ-ਸਮੱਗਰੀ ਦਾ ਭਾਗ ਬਣਾਇਆ। ਪੰਜਾਬ ਦੇ ਲੋਕਧਾਰਾ ਸ਼ਾਸਤਰੀ ਵਣਜਾਰਾ ਬੇਦੀ ਦੀ ਵੀ ਇਹੋ ਧਾਰਨਾ ਹੈ ਕਿ ਪੰਜਾਬੀ ਕਿੱਸਾ-ਕਾਵਿ ਸਾਡੀ ਦੇਸੀ ਪਰੰਪਰਾ ਦੀ ਉਪਜ ਹੈ। ਇਸ ਦਾ ਵਿਕਾਸ ਪੰਜਾਬ ਵਿਚ ਪ੍ਰਚਲਿਤ ਸਵਾਂਗਾ ਤੋਂ ਹੋਇਆ। ਵਣਜਾਰਾ ਬੇਦੀ ਅਨੁਸਾਰ ਸੱਸੀ ਪੁੰਨੂੰ ਦੀ ਕਥਾ ਬੁਨਿਆਦੀ ਤੌਰ 'ਤੇ ਚੰਨ ਦੀ ਇਕ ਮਿਥ ਤੇ ਆਧਾਰਿਤ ਹੈ। ਸੱਸੀ-ਪੁੰਨੂੰ, ਪੂਰਨ ਅਤੇ ਰਸਾਲੂ ਦੀਆਂ ਦੰਦ-ਕਥਾਵਾਂ ਵਿਚ ਪੰਜਾਬੀ ਕਿੱਸਾ-ਕਾਵਿ ਤਿੰਨ ਪ੍ਰਮੁੱਖ ਥੀਮਕ ਪੈਟਰਨ ਗ੍ਰਹਿਣ ਕਰਦਾ ਹੈ। ਸੱਸੀ ਪੁੰਨੂੰ ਦੀ ਕਥਾ ਦਾ ਆਧਾਰ ਕੁਦਰਤੀ ਕਸ਼ਿਸ਼ ਹੈ, ਜਿਸ ਨੇ ਪਿਆਰ-ਪ੍ਰਧਾਨ ਕਿੱਸਿਆਂ ਦੀ ਉਸਾਰੀ ਦਾ ਰਾਹ ਬਣਾਇਆ।

ਪੰਜਾਬੀ ਕਿੱਸਾ ਕਾਵਿ ਦਾ ਸਿਲਸਿਲਾ ਲੋਕਧਾਰਾ ਤੋਂ ਸ਼ੁਰੂ ਹੋ ਕੇ ਆਰੀਅਨ-ਅਦਬ ਨਾਲ ਜਾ ਜੁੜਦਾ ਹੈ, ਜਿਸ ਉੱਤੇ ਪਿੱਛੋਂ ਬੋਧ ਅਤੇ ਜੈਨ-ਕਥਾਵਾਂ ਦਾ ਪ੍ਰਭਾਵ ਵੀ ਪਿਆ। ਭਾਰਤ ਦੀ ਸੰਸਕ੍ਰਿਤ ਸਾਹਿਤ ਪਰੰਪਰਾ ਵਿਚ ਵੀ ਪ੍ਰੇਮਾਖਿਆਨ ਦਾ ਰੂਪਾਕਾਰ ਮਿਲਦਾ ਹੈ। ਰਤਨਾਵਲੀ, ਪਦਮਾਵਤੀ ਅਤੇ ਲੀਲਾਵਤੀ ਆਦਿ ਪ੍ਰੇਮਾਖਿਆਨ ਪੁਰਾਣੇ ਸਮਿਆਂ ਵਿਚ ਰਚੇ ਗਏ ਸਨ। ਪੰਜਾਬੀ ਕਿੱਸਾ ਕਾਵਿ ਦਾ ਇਕ ਹੋਰ ਪਹਿਲੂ ਇਸ ਦਾ ਸਮਕਾਲੀ ਯਥਾਰਥ ਨੂੰ ਆਪਣੇ ਸੁਭਾਅ ਅਤੇ ਸਰੂਪ ਦਾ ਮੂਲ ਆਧਾਰ ਬਣਾ ਸਕਣ ਦੀ ਸਮਰੱਥਾ ਹੈ। ਉਸ ਵੇਲੇ ਪੰਜਾਬ ਉੱਤੇ ਮੁਸਲਮਾਨ ਹਾਕਮਾਂ ਦਾ ਰਾਜ ਸੀ ਅਤੇ ਜਾਗੀਰਦਾਰੀ ਸਮਾਰਿਕ-ਆਰਥਿਕ ਪ੍ਰਬੰਧ ਸੀ। ਇਸ ਪ੍ਰਬੰਧ ਵਿਚ ਔਰਤ ਨੂੰ ਵੀ ਇਕ ਵਸਤੂ ਹੀ ਸਮਝਿਆ ਜਾਂਦਾ ਸੀ। ਇਉਂ ਜਰ, ਜੋਰੂ, ਜ਼ਮੀਨ ਸਮਾਨਾਰਥਕ ਹੀ ਸਨ। ਅਜਿਹੀ ਸੋਚ ਦੇ ਦੌਰ ਵਿਚ ਪਿਆਰ-ਭਾਵਨਾ ਜੋ ਕਿ ਬਰਾਬਰੀ ਦੇ ਅਹਿਸਾਸ ਵਿਚੋਂ ਪੈਦਾ ਹੁੰਦੀ ਹੈ, ਦੀ ਕੋਈ ਸਾਰਥਿਕਤਾ ਨਹੀਂ ਸੀ। ਪਿਆਰ-ਸੰਬੰਧਾਂ ਨੂੰ ਤਾਂ ਯਾਰੀ ਦੇ ਰੂਪ ਵਿਚ ਚੋਰੀ ਦੇ ਬਰਾਬਰ ਹੀ ਸਮਝਿਆ ਜਾਂਦਾ ਸੀ। ਸਮਾਜਕ ਪ੍ਰਬੰਧ ਦੇ ਹੀ ਨਾਬਰੀ ਦਾ ਇਕ ਅਹਿਮ ਪਹਿਲੂ ਪੰਜਾਬੀ ਕਿੱਸਾ-ਕਾਵਿ ਦੀ ਹੋਂਦ-ਵਿਧੀ ਦਾ ਆਧਾਰ ਬਣਦੇ ਹਨ। ਇਕ ਸਾਹਿਤਕ ਰੂਪ ਵਜੋਂ ਕਿੱਸਾ ਫ਼ਾਰਸੀ ਅਦਬ ਦੇ ਮਸਨਵੀ ਕਾਵਿ-ਰੂਪ ਵਰਗਾ ਹੈ। ਫ਼ਾਰਸੀ ਅਦਬ ਵਿਚ ਮਸਨਵੀ ਕਾਵਿਕ ਬਿਰਤਾਂਤ ਹੈ ਪਰ

ਮਸਨਵੀ ਦੀ ਵਿਧਾ ਵਿਚ ਪਿਆਰ ਅਤੇ ਯੁੱਧ ਦੋਹਾਂ ਦਾ ਬਿਆਨ ਕਰਨ ਦੀ ਪਰੰਪਰਾ ਸੀ।

## ਕਿੱਸਿਆਂ ਦੀਆਂ ਵਿਸ਼ੇਸ਼ਤਾਵਾਂ

ਪੰਜਾਬੀ ਕਿੱਸੇ ਵਿਚ ਇਸ਼ਕ ਦੇ ਅਨੁਭਵ ਨੂੰ ਬਿਰਤਾਂਤ ਦਾ ਰੂਪ ਦੇਣ ਵਿਚ ਫ਼ਾਰਸੀ ਮਸਨਵੀ ਅਤੇ ਭਾਰਤੀ ਕਥਾ ਪਰੰਪਰਾ ਦਾ ਇਕ ਸੁੰਦਰ ਸੁਮੇਲ ਹੋਇਆ ਹੈ। ਆਮ ਤੌਰ 'ਤੇ ਇਹ ਕਿੱਸੇ ਸਥਾਨਕ, ਪੰਜਾਬੀ, ਤੇ ਸਾਮੀ ਕਥਾਵਾਂ ਦੀ ਪੇਸ਼ਕਾਰੀ ਕਰਦੇ ਹਨ ਪਰ ਇੰਨ੍ਹਾਂ ਵਿਚੋਂ ਪੰਜਾਬੀ ਲੋਕ-ਕਥਾਵਾਂ ਉੱਤੇ ਰਚੇ ਗਏ ਕਿੱਸੇ ਵਧੇਰੇ ਮਕਬੂਲ ਹੋਏ ਹਨ। ਪੰਜਾਬੀ ਕਿੱਸਾ ਵੱਖ-ਵੱਖ ਕਿੱਸਾਕਾਰਾਂ ਦੇ ਹੱਥ ਵਿਚੋਂ ਦੀ ਲੰਘਦਾ ਹੋਇਆ ਕੁਝ ਖਾਸ ਲੱਛਣਾਂ ਦਾ ਧਾਰਨੀ ਹੋ ਗਿਆ ਹੈ। ਲਗਭਗ ਸਭ ਕਿੱਸਿਆਂ ਵਿਚ ਥੋੜ੍ਹੇ ਬਹੁਤ ਅੰਤਰ ਨਾਲ ਇਹ ਵਿਸ਼ੇਸ਼ਤਾਵਾਂ ਮਿਲਦੀਆਂ ਹਨ। ਕਿੱਸੇ ਦਾ ਆਰੰਭ ਮੰਗਲਾਚਰਨ ਨਾਲ ਕੀਤਾ ਜਾਂਦਾ ਹੈ ਜਿਸ ਵਿਚ ਕਵੀ ਅੱਲਾਹ, ਉਸ ਦੇ ਪੈਗੰਬਰਾਂ ਤੇ ਗੁਰੂ ਪੀਰਾਂ ਦੀ ਅਰਾਧਨਾ ਕਰਦਾ ਹੈ।

'ਰੁਮਾਸ ਕਿੱਸਿਆਂ' ਵਿਚ ਤਰਕ ਵਿਤਰਕ ਤੇ ਸੰਗਤੀ ਅਸੰਗਤੀ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ ਸਗੋਂ ਸ਼ਿੰਗਾਰ ਤੇ ਅਦਭੁੱਤਤਾ ਦਾ ਪ੍ਰਭਾਵ ਪੈਦਾ ਕਰਕੇ ਰੌਚਿਕਤਾ ਪੈਦਾ ਕੀਤੀ ਜਾਂਦੀ ਹੈ। ਅਤਿਕਥਨੀ ਅਲੰਕਾਰ ਦੀ ਵਰਤੋਂ ਵੀ ਖੁੱਲ੍ਹੇ ਰੂਪ ਵਿਚ ਕੀਤੀ ਜਾਂਦੀ ਹੈ। ਧਾਗੇ, ਤਵੀਤ, ਜੋਤਿਸ਼, ਉਡਨ ਖਟੋਲੇ, ਸੁਲੇਮਾਨੀ ਟੋਪੀ, ਜਾਦੂ ਦਾ ਡੰਡਾ, ਜੰਤਰ, ਮੰਤਰ, ਦਿਓ, ਪਰੀਆਂ, ਪੰਜ ਪੀਰ ਖੁੱਲ੍ਹੇ ਰੂਪ ਵਿਚ ਵਿਚਰਦੇ ਹਨ। ਇਸ਼ਕ ਦੇ ਕਿੱਸਿਆਂ ਵਿਚ ਵੀ ਕੁਝ ਹੱਦ ਤਕ ਰੁਮਾਂਸ ਤੱਤਾਂ ਦਾ ਪ੍ਰਯੋਗ ਕੀਤਾ ਮਿਲਦਾ ਹੈ। ਇਸ਼ਕ ਦੇ ਕਿੱਸਿਆਂ ਵਿਚ 'ਦੁਖਾਂਤ ਤੱਤ' ਭਾਰੂ ਰਹਿੰਦਾ ਹੈ ਪਰ ਰੁਮਾਂਸ ਕਿੱਸੇ ਅਕਸਰ ਸੁਖਾਂਤ ਵਿਚ ਸਮੇਟੇ ਜਾਂਦੇ ਹਨ। ਇਸ਼ਕ ਦੀ ਕਾਮਯਾਬੀ ਨਾਇਕ/ਨਾਇਕਾ ਦੀ ਅੰਤ ਮੌਤ ਨਾਲ ਜੁੜੀ ਰਹਿੰਦੀ ਹੈ। ਕਿੱਸਿਆਂ ਵਿਚ ਬਿਰਤਾਂਤ ਨਾਲੋਂ ਵਾਰਤਾਲਾਪ ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਕਿੱਸਾਕਾਰ ਵਾਰਤਾਲਾਪ ਦੀ ਵਰਤੋਂ ਆਮ ਤੌਰ 'ਤੇ ਪਾਤਰ ਉਸਾਰੀ ਲਈ, ਕਹਾਣੀ ਨੂੰ ਅੱਗੇ ਤੋਰਨ ਲਈ ਤੇ ਨਾਟਕੀ ਟੱਕਰ ਦੇ ਪ੍ਰਗਟਾ ਲਈ ਕਰਦੇ ਹਨ। ਕਿੱਸਾ 'ਬਿਰਤਾਂਤ ਰਚਨਾ' ਹੁੰਦੇ ਹਨ ਇਸ ਕਰਕੇ ਕਿੱਸੇ ਦੀ ਕਾਮਯਾਬੀ ਕਵੀ ਦੀ ਬਿਰਤਾਂਤ ਕਲਾ ਉੱਤੇ ਨਿਰਭਰ ਕਰਦੀ ਹੈ।

# ਪ੍ਰਮੁੱਖ ਕਿੱਸਾਕਾਰ– ਦਮੋਦਰ, ਪੀਲੂ, ਵਾਰਿਸ ਸ਼ਾਹ, ਹਾਸ਼ਮ, ਕਾਦਰਯਾਰ

## ਦਮੋਦਰ

ਦਮੋਦਰ ਦੇ ਕਿੱਸੇ 'ਹੀਰ ਰਾਂਝਾ' ਦਾ ਦਵੱਈਆ ਅਤੇ ਪੀਲੂ ਦੇ ਕਿੱਸੇ ਮਿਰਜ਼ਾ ਸਹਿਬਾਂ ਦਾ ਦੋਹਰਾ ਛੰਦ ਮਸਨਵੀ ਦੇ ਦੋ ਤੁਕੇ ਨਾਲ ਮੇਲ ਖਾਂਦੇ ਹਨ। ਦਮੋਦਰ ਦੀ ਭਾਸ਼ਾ ਲਹਿੰਦੇ ਪੰਜਾਬ ਦੀ ਮੁਲਤਾਨੀ ਹੈ। ਦਮੋਦਰ, ਹੀਰ ਦੇ ਹੁਸਨ ਦੀ ਉਨੀ ਉਸਤਤ ਨਹੀਂ ਕਰਦਾ ਜਿੰਨੀ ਉਸ ਦੀ ਸੂਰਮਗਤੀ ਤੇ ਸ਼ਾਸਤਰ ਵਾਹੁਣ ਦੀ ਯੋਗਤਾ ਦਾ ਪ੍ਰਭਾਵ ਪਾਉਣ ਉੱਤੇ ਬਲ ਦੇਂਦਾ ਹੈ। ਦਮੋਦਰ ਦੇ ਕਿੱਸੇ ਵਿਚ 'ਨਲ ਦਮਯੰਤੀ', 'ਸੱਸੀ ਪੁੰਨੂ', 'ਮਾਧਵਾਨਲ ਕਾਮ ਕੰਦਲਾ', 'ਰਾਧਾ ਕ੍ਰਿਸ਼ਨ', 'ਢੋਲ ਸ਼ਮਸ' ਆਦਿ ਭਾਰਤੀ ਸੋਮੇ ਦੀਆਂ ਪ੍ਰੀਤ ਕਥਾਵਾਂ ਵੱਲ ਕਈ ਸੰਕੇਤ ਮਿਲਦੇ ਹਨ।

### ਹੀਰ ਮੁਕਬਲ ਜਾਂ ਹੀਰ ਦਮੋਦਰ ਦਾ ਟਾਕਰਾ

1. ਹੀਰ ਮੁਕਬਲ ਹੀਰ ਵਾਰਿਸ ਸ਼ਾਹ ਤੋਂ ਕੁਝ ਵਰ੍ਹੇ ਪਹਿਲਾਂ ਲਿਖੀ ਗਈ। ਮੁਕਬਲ ਤੋਂ ਪਹਿਲਾਂ ਦਮੋਦਰ, ਅਹਿਮਦ ਗੁੱਜਰ, ਗੁਰਦਾਸ ਗੁਣੀਂ ਤੇ ਹੋਰ ਕਈ ਅਗਿਆਤ ਕਵੀ ਇਹ ਕਿੱਸਾ ਲਿਖ ਚੁੱਕੇ ਸਨ।

2. ਹੀਰ ਦਮੋਦਰ ਤੇ ਹੀਰ ਮੁਕਬਲ ਦੀ ਕਹਾਣੀ ਮੂਲ-ਰੂਪ ਵਿਚ ਇਕ ਹੀ ਹੈ, ਪਰ ਵੇਰਵੇ ਵਿਚ ਬਹੁਤ ਫ਼ਰਕ ਹੈ।

3. ਦਮੋਦਰ ਵਿਚ ਹੀਰ ਦਾ ਪਾਤਰ ਜਿੱਥੇ ਇਕ ਆਦਰਸ਼ਵਾਦੀ ਪ੍ਰੇਮਿਕਾ ਦਾ ਹੈ, ਉਥੇ ਉਹ ਤਲਵਾਰ ਚੁੱਕਣ ਵਾਲੀ ਵੀਰਾਂਗਣਾ ਵੀ ਹੈ, ਮੁਕਬਲ ਵਿਚ ਹੀਰ ਦਾ ਰੂਪ ਇਹ ਨਹੀਂ ਹੈ।

4. ਦਮੋਦਰ ਤੇ ਮੁਕਬਲ ਹੀਰ ਦਾ ਅੰਤ ਸੁਖਾਂਤ ਕਰਦੇ ਹਨ (ਭਾਵੇਂ ਹੀਰ ਮੁਕਬਲ ਦੇ ਕੁਝ ਖਰੜਿਆਂ ਵਿਚ ਅੰਤ ਦੁਖਾਂਤ ਵੀ ਦਿਖਾਇਆ ਗਿਆ ਹੈ।)

5. ਦਮੋਦਰ ਸਮਕਾਲੀ ਸਮਾਜ ਦੀ ਸਭਿਆਚਾਰਕ ਜ਼ਿੰਦਗੀ ਜਿੰਨੇ ਵੇਰਵੇ ਨਾਲ ਦਿੰਦਾ ਹੈ, ਮੁਕਬਲ ਨਹੀਂ ਦਿੰਦਾ।

ਵੱਡਾ ਫ਼ਰਕ ਕਵਿਤਾ ਦੇ ਗੁਣਾਂ ਦਾ ਹੈ, ਹੀਰ ਦਮੋਦਰ ਦਾ ਲੇਖਕ ਲਗਭਗ ਮਹਾਂ-ਕਵੀ ਹੈ ਜਦ ਕਿ ਮੁਕਬਲ ਕੁਝ ਗੁਣਾਂ ਦੇ ਬਾਵਜੂਦ ਵੀ ਸਾਦ-ਮੁਰਾਦਾ ਕਵੀ ਹੈ। ਹੀਰ ਦਮੋਦਰ ਵਿਚ ਪੰਜ ਪੀਰਾਂ ਦਾ ਅਹਿਮ ਰੋਲ ਹੈ। ਦਮੋਦਰ ਕਹਾਣੀ ਨੂੰ ਅੱਗੇ ਤੋਰਨ ਲਈ ਜਿਥੇ ਵੀ ਕਾਰਜ/ਕਾਰਨ ਨਹੀਂ ਸੁਝਦਾ ਜਾਂ ਦੂਜੇ ਸ਼ਬਦਾਂ ਵਿਚ ਉਸ ਦੀ ਚੇਤੰਨਤਾ/ਸੂਝ ਕੰਮ ਨਹੀਂ ਕਰਦੀ ਉਹ ਪੰਜ ਪੀਰਾਂ ਦੀ ਸਹਾਇਤਾ ਲੈ ਲੈਂਦਾ ਹੈ।

ਹੀਰ ਦਮੋਦਰ ਵਰਗੇ ਕੁਝ ਕਿੱਸਿਆਂ ਵਿਚ ਨਾਇਕ/ਨਾਇਕਾ ਪੂਰਾ ਜੀਵਨ ਘੋਰ ਸੰਕਟ ਵਿਚ ਗੁਜ਼ਾਰਦੇ ਹਨ ਪਰ ਭਾਰਤੀ ਫ਼ਲਸਫ਼ੇ 'ਅੰਤ ਭਲੇ ਦਾ ਭਲਾ' ਦੇ ਪ੍ਰਭਾਵ ਅਧੀਨ ਕਹਾਣੀ ਦੇ ਅਖ਼ੀਰ ਉੱਤੇ ਅਸੁਭਾਵਿਕ ਮੇਲ ਕਰਵਾ ਕੇ ਕਹਾਣੀ ਦਾ ਅੰਤ

ਸੁਖਾਂਤ ਵਿਚ ਕਰ ਦਿੱਤਾ ਜਾਂਦਾ ਹੈ। ਦਮੋਦਰ ਦੀ ਵੱਡੀ ਖ਼ੂਬੀ ਇਹ ਹੈ ਕਿ ਉਸ ਨੇ ਹੀਰ ਰਾਂਝੇ ਦਾ ਕਿੱਸਾ ਲਿਖਕੇ ਕਾਵਿ ਨੂੰ ਧਾਰਮਿਕ ਵਾਯੂਮੰਡਲ ਵਿਚੋਂ ਕੱਢ ਕੇ ਯਥਾਰਥਕ ਜਗਤ ਵਿਚ ਲਿਆਂਦਾ। ਦਮੋਦਰ ਕੁਝ ਹੋਰ ਹਿੰਦੂ ਅਤੇ ਮੁਸਲਮਾਨ ਕਿੱਸਾਕਾਰਾਂ ਵਾਂਗ ਵਿਦਵਤਾ ਭਰਪੂਰ ਲੰਮੇ ਚੌੜੇ ਭਾਸ਼ਣਾਂ, ਧਾਰਮਿਕ ਗ੍ਰੰਥਾਂ ਅਤੇ ਇਤਿਹਾਸ ਮਿਥਿਹਾਸ ਦੇ ਬਹੁਤੇ ਹਵਾਲਿਆਂ ਤੋਂ ਮੁਕਤ ਕਵੀ ਹੈ। ਹੀਰ ਦਮੋਦਰ ਵਿਚ ਕਵੀ ਨੇ ਪਰਾਸਰੀਰਕ ਅੰਸ਼ਾਂ ਦੀ ਵੀ ਵਰਤੋਂ ਕੀਤੀ ਹੈ। ਹੀਰ ਦਮੋਦਰ ਦੀ ਬਹੁਤ ਵੱਡੀ ਵਿਸ਼ੇਸ਼ਤਾ ਵਾਰਤਾਲਾਪ ਅਤੇ ਨਾਟਕੀ ਮੌਕੇ ਹਨ। ਰਚਨਾ ਵਿਚ ਥਾਂ-ਥਾਂ ਦਿਲਚਸਪ ਵਾਰਤਾਲਾਪਾਂ ਦੇ ਦਰਸ਼ਨ ਹੁੰਦੇ ਹਨ।

**ਪੀਲੂ**

ਪੀਲੂ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੀ। ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਆਪਣੀ ਬਾਣੀ ਦਰਜ ਕਰਵਾਉਣ ਗਿਆ ਸੀ। ਪੀਲੂ ਦੇ ਜਨਮ-ਸਥਾਨ ਬਾਰੇ ਕੋਈ ਪੱਕੀ ਗੱਲ ਸਾਹਮਣੇ ਨਹੀਂ ਆਉਂਦੀ। ਡਾ. ਮੋਹਨ ਸਿੰਘ ਦੀਵਾਨਾ ਆਪਣੀ ਪੁਸਤਕ 'ਪੰਜਾਬੀ ਸਾਹਿਤ ਦਾ ਇਤਿਹਾਸ-ਰੇਖਾ' ਵਿਚ ਉਸ ਦਾ ਜਨਮ ਅਟਾਰੀ ਦੇ ਨੇੜੇ ਕਿਸੇ ਥਾਂ ਮੰਨਦਾ ਹੈ। 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' ਵਿਚ ਮੌਲਾ ਬਖ਼ਸ਼ ਕੁਸ਼ਤਾ ਉਹ ਵੈਰੋਵਾਲ (ਤਹਿਸੀਲ ਤਰਨਤਾਰਨ) ਦਾ ਜੰਮ-ਪਲ ਇਕ ਮੁਸਲਮਾਨ ਜੱਟ ਦਸਦਾ ਹੈ। ਪੀਲੂ ਦੇ ਕਿੱਸੇ 'ਮਿਰਜ਼ਾ-ਸਾਹਿਬਾਂ' ਦਾ ਕੋਈ ਹੱਥ-ਲਿਖਤ ਪੁਰਾਤਨ ਖਰੜਾ ਹੁਣ ਉਪਲਬਧ ਨਹੀਂ। ਇਹ ਵੀ ਕਹਿ ਸਕਣਾ ਸਰਲ ਨਹੀਂ ਕਿ ਇਸ ਕਿੱਸੇ ਨੇ ਕਦੇ ਲਿਖਤ ਰੂਪ ਵੀ ਧਾਰਿਆ ਸੀ। ਪੀਲੂ ਦਾ ਕਿੱਸਾ 'ਸਰ ਰਿਚਰਡ ਟੈਂਪਲ' ਨੇ 19ਵੀਂ ਸਦੀ ਦੇ ਅੰਤ ਵਿਚ ਕੀਤਾ। ਉਸ ਨੇ ਇਹ ਕਿੱਸਾ ਜਲੰਧਰ ਦੇ ਕਿਸੇ ਮੁਸਲਮਾਨ ਮਰਾਸੀ/ਜੱਟ ਪਾਸੋਂ ਸੁਣ ਕੇ ਪੁਸਤਕ 'ਦਾ ਲੈਜ਼ੇਂਡ ਆਫ਼ ਪੰਜਾਬ' ਵਿਚ ਰੋਮਨ ਅੱਖਰਾਂ ਵਿਚ ਸੰਕਲਿਤ ਕੀਤਾ। ਇਸ ਪਾਠ ਵਿਚ ਕੁਝ ਤਰੁੱਟੀਆਂ ਹਨ। ਇਕ ਇਹ ਕਿ ਇਸ ਕਿੱਸੇ ਦਾ ਕੇਵਲ ਉਤਨਾ ਭਾਗ ਹੀ ਸੰਕਲਿਤ ਕੀਤਾ ਗਿਆ ਜੋ ਉਸ ਵਕਤ ਦੇ ਮੀਰਾਸੀਆਂ, ਭੱਟਾਂ ਜਾਂ ਗਮੰਤ੍ਰੀਆਂ ਨੂੰ ਯਾਦ ਸੀ। ਪੀਲੂ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ।

ਉਪਲਬਧ ਕਿੱਸੇ ਵਿਚ ਕੁਲ 279 ਤੁਕਾਂ ਹਨ। ਬਾਵਾ ਬੁੱਧ ਸਿੰਘ ਨੇ ਇਸ ਪਾਠ ਨੂੰ 67 ਬੰਦਾਂ ਵਿਚ ਵੰਡਿਆ ਹੈ ਅਤੇ ਡਾ. ਪਿਆਰ ਸਿੰਘ ਤੇ ਡਾ. ਮਾਨ ਸਿੰਘ ਅੰਮ੍ਰਿਤ ਨੇ ਇਸ ਪਾਠ ਦਾ ਸੰਪਾਦਨ ਕਰਨ ਸਮੇ ਇਸ ਦੀਆਂ ਤੁਕਾਂ ਦੀ ਗਿਣਤੀ 280 ਦਿੱਤੀ ਹੈ। ਸ਼ਾਇਦ ਅਖੀਰਲੀ ਤੁਕ ਨੂੰ ਇਕ ਦੀ ਥਾਂ ਦੋ ਗਿਣ ਕੇ ਇਹ ਗਿਣਤੀ 279 ਦੀ ਥਾਂ 280 ਕਰ ਦਿੱਤੀ ਗਈ ਹੈ।

ਪੀਲੂ ਦੇ ਕਾਵਿ ਦੀ ਪ੍ਰਥਮ ਵਿਸ਼ੇਸ਼ਤਾ ਇਹ ਹੈ ਕਿ ਇਹ ਪਹਿਲਾ ਕਵੀ ਹੈ ਜਿਸ ਨੇ ਪੰਜਾਬੀ ਜਵਾਨੀ ਦੀ ਨਬਜ਼ ਨੂੰ ਸਹੀ ਢੰਗ ਨਾਲ ਸਮਝਿਆ ਅਤੇ ਉਸ ਦੀ ਉਚਿਤ ਤਸ਼ਪੀਸ਼ ਕੀਤੀ ਹੈ। ਪੀਲੂ ਤੋਂ ਬਾਅਦ ਅਜਿਹੀ ਗਭਰੂ ਦਾ ਉਤਸਾਹ, ਜੱਟ ਦੀ ਅਣਖ

ਅਤੇ ਹੈਂਕੜ ਨੂੰ ਸਹੀ ਢੰਗ ਨਾਲ ਚਿਤਰਿਆ ਗਿਆ ਹੈ। ਸਾਹਿਬਾ ਵੱਲੋਂ ਰੋਕਣ ਤੇ ਮਿਰਜਾ ਮਾਂ ਨੂੰ ਆਪਣੀ ਅਣਖ ਦਾ ਪਰਿਚਯ ਦਿੰਦਾ ਹੋਇਆ ਕਹਿੰਦਾ ਹੈ :

ਵਿਆਹ ਹੋਵੇ ਛੱਡ ਦੇਵਾਂ, ਮੰਗ ਨ ਛੱਡੀ ਜਾ।
ਜੇਕਰ ਮੰਗ ਮੈਂ ਛੱਡ ਦੇਵਾਂ, ਲਗੇ ਖਰਲਾ ਨੂੰ ਲਾਜ।

ਇਨ੍ਹਾਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਕਵੀ ਮਸਨਵੀ ਕਾਵਿ-ਰੂਪ ਅਤੇ ਬੈਂਤ ਛੰਦ ਦੀ ਵਰਤੋਂ ਦੀ ਥਾਂ ਪੰਜਾਬੀ ਕਾਵਿ-ਰੂਪ ਵਾਰ ਵਿਚ 'ਸਦ' ਨੂੰ ਵਰਤਦਾ ਹੈ। ਮਿਰਜ਼ਾ-ਸਹਿਬਾਂ ਦੇ ਚਰਿਤਰਾਂ ਅਤੇ ਮਿਰਜ਼ੇ ਦੇ ਆਤਮ-ਗੌਰਵ ਨਾਲ ਭਰਪੂਰ ਕਥਾ ਨੂੰ ਵਰਣਿਤ ਕਰਨ ਲਈ ਇਹੀ ਕਾਵਿ-ਰੂਪ ਉਚਿਤ ਸੀ ਅਤੇ ਪੀਲੂ ਨੇ ਇਸ ਦੀ ਵਰਤੋਂ ਕਰਕੇ ਪੇਂਡੂ ਕਿਸਾਨੀ ਦਾ ਮਨ ਜਿੱਤ ਲਿਆ ਅਤੇ ਉਸ ਦੀ ਇਹ ਰਚਨਾ ਸਰਵ-ਪ੍ਰਿਯ ਹੋਈ। ਪੀਲੂ ਨੇ ਪੰਜਾਬੀ ਬਿਰਤਾਂਤਕ ਕਾਵਿ ਵਿਚ ਪਹਿਲੀ ਵਾਰ ਦੁਖਾਂਤ ਦੀ ਭਾਵਨਾ ਦਾ ਆਰੰਭ ਕੀਤਾ ਹੈ। ਇਸ ਦਾ ਕਾਰਨ ਭਾਵੇਂ ਸਾਹਿਬਾ ਦੀ ਦੁਬਿਧਾ-ਗ੍ਰਸਤ ਮਾਨਸਿਕ ਸਥਿਤੀ ਸੀ ਪਰ ਕਵੀ ਨੇ ਇਸ ਨੂੰ ਮੰਨ ਕੇ ਮਨੁੱਖ ਦੀਆਂ ਕਮਜ਼ੋਰੀਆਂ ਨੂੰ 'ਹੋਣੀ' ਅਧੀਨ ਕਰ ਦਿੱਤਾ ਹੈ। ਪੀਲੂ ਨੇ ਇਸ ਕਿੱਸੇ ਵਿਚ ਵੀਰ-ਰਸ ਅਤੇ ਸ਼ਿੰਗਾਰ ਰਸ ਦਾ ਸਮਨਵੈ ਕੀਤਾ ਹੈ। ਪੀਲੂ ਨੇ ਨਾਇਕ-ਨਾਇਕਾ ਦੇ ਹੁਸਨ ਨੂੰ ਚਿਤ੍ਰਿਤ ਕਰਨ ਵੇਲੇ ਮਸਨਵੀ ਕਾਵਿ-ਪਰੰਪਰਾ ਨਖ-ਸ਼ਿਖ਼ ਨੂੰ ਨਹੀਂ ਅਪਣਾਇਆ ਅਤੇ ਪੇਂਡੂ ਜੀਵਨ ਅਨੁਰੂਪ ਸਿੱਧੀ ਗੱਲ ਕਰਦਿਆਂ ਵਾਤਾਵਰਣ 'ਤੇ ਪਏ ਉਨ੍ਹਾਂ ਦੀ ਸੁੰਦਰਤਾ ਦੇ ਪ੍ਰਭਾਵ ਨੂੰ ਬਿਆਨ ਕੀਤਾ ਹੈ। ਇਹ ਵਿਧੀ ਕਲਾਤਮਕ ਅਧਿਕ ਹੈ ਅਤੇ ਸੁਭਾਵਿਕ ਵੀ। ਪੀਲੂ ਨੇ ਅਲੰਕਾਰਾਂ ਦੀ ਵਰਤੋਂ ਬਹੁਤ ਘੱਟ ਕੀਤੀ ਹੈ, ਕਿਉਂਕਿ ਇਸ ਸੰਖੇਪਿਤ ਬਿਰਤਾਂਤ ਵਿਚ ਅਲੰਕਾਰਾਂ ਦੇ ਗੁਲਦਸਤੇ ਸਜਾਉਣ ਦਾ ਅਵਸਰ ਹੀ ਨਹੀਂ ਸੀ। ਫਿਰ ਵੀ ਜਿਥੇ-ਕਿਤੇ ਉਸ ਨੇ ਅਲੰਕਾਰ ਵਰਤੇ ਹਨ, ਉਹ ਅਧਿਕਤਰ ਸਦ੍ਰਿਸ਼ਤਾ-ਮੂਲਕ ਹਨ। ਪੀਲੂ ਦੇ ਉਪਮਾਨ ਨਵੇਂ ਅਤੇ ਆਮ ਲੋਕਾਂ ਦੀ ਸਮਝ ਦੇ ਬਹੁਤ ਨੇੜੇ ਹਨ, ਜਿਵੇਂ ਮਿਰਜ਼ਾ ਸ਼ੇਰ ਜਵਾਨ, ਮਿਰਜ਼ਾ ਫੁੱਲ ਗੁਲਾਬ ਦਾ, ਧਰਤੀ ਤਾਂਬਾ ਹੋ ਗਈ, ਜਿਉਂ ਪੇਂਜਾ ਪਿੰਜਦਾ ਰੂੰ, ਜਿਉਂ ਖੇਤੀ ਨੂੰ ਪੈਣ ਗੜੇ ਆਦਿ। ਇਸਦੇ ਨਾਲ ਹੀ ਨਾਇਕਾ ਦੀ ਸੁੰਦਰਤਾ ਅਤੇ ਮਿਰਜ਼ੇ ਦੀ ਬਹਾਦਰੀ ਲਈ ਅਲੰਕਾਰ ਵਰਤਿਆ ਗਿਆ ਹੈ। ਅਧਿਕਤਰ ਉਪਮਾਨ ਪ੍ਰਕਿਰਤੀ ਵਿਚੋਂ ਲਏ ਗਏ ਹਨ ਕਿਉਂਕਿ ਇਕ ਤਾਂ ਕਥਾ ਪੇਂਡੂ ਜੀਵਨ ਨਾਲ ਸੰਬੰਧਿਤ ਹੈ ਅਤੇ ਦੂਜੇ ਸਰੋਤੇ ਵੀ ਪੇਂਡੂ ਵਰਗ ਨਾਲ ਸੰਬੰਧਿਤ ਹਨ।

ਪੀਲੂ ਨੇ ਕੇਂਦਰੀ ਪੰਜਾਬੀ ਵਿਚ ਇਸ ਕਿੱਸੇ ਦੀ ਰਚਨਾ ਕੀਤੀ ਹੈ, ਪਰ ਕਿਉਂਕਿ ਰਿਚਰਡ ਟੈਂਪਲ ਨੇ ਇਸ ਦਾ ਪਾਠ ਦੁਆਬੇ ਦੇ ਕਿਸੇ ਮਰਾਸੀ ਪਾਸੋਂ ਸੁਣ ਕੇ ਰੋਮਨ ਵਿਚ ਲਿਖਿਆ ਹੈ, ਇਸ ਲਈ ਇਸ ਵਿਚ ਉਚਾਰਨ ਸੰਬੰਧੀ ਕਈ ਤਰੁੱਟੀਆਂ ਪ੍ਰਵੇਸ਼ ਕਰ ਗਈਆਂ ਹਨ। ਕਿਤੇ-ਕਿਤੇ ਲਹਿੰਦੀ ਦੀ ਸ਼ਬਦਾਵਲੀ ਵੀ ਮਿਲ ਜਾਂਦੀ ਹੈ। ਅਰਬੀ ਫ਼ਾਰਸੀ ਦੀ ਕੁਝ ਸ਼ਬਦਾਵਲੀ ਵੀ ਵਰਤੀ ਮਿਲਦੀ ਹੈ। ਭਾਸ਼ਾ-ਗਤ ਦੂਜੀ ਵਿਸ਼ੇਸ਼ਤਾ ਇਹ ਹੈ ਕਿ ਪੀਲੂ ਨੇ ਪ੍ਰਸੰਗ, ਪਾਤਰ ਅਤੇ ਭਾਵ ਅਨੁਕੂਲ ਸ਼ਬਦਾਵਲੀ ਵਰਤੀ ਹੈ। ਮਿਰਜੇ ਦੇ ਬੋਲਾਂ ਵਿਚ ਓਜਸਵਤਾ ਹੈ, ਮਾਂ ਅਤੇ ਵੰਝਲ ਦੀ ਭਾਸ਼ਾ ਤਰਕ

ਪੂਰਨ ਹੈ। ਭਾਸ਼ਾ ਸ਼ੈਲੀ ਦੀ ਨਿਪੁੰਨਤਾ ਅਤੇ ਸਤਿਕਥਨਾਂ ਦੀ ਭਰਮਾਰ ਨੇ ਪੀਲੂ ਦੇ ਕਿੱਸੇ ਨੂੰ ਅਨੁਕਰਣ-ਯੋਗ ਬਣਾਇਆ ਹੈ।

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਪੀਲੂ ਨੇ ਪਹਿਲੀ ਵਾਰ ਮਿਰਜ਼ਾ-ਸਹਿਬਾਂ ਦੇ ਰੋਮਾਂਸ ਤੋਂ ਪੰਜਾਬੀ ਪਾਠਕਾਂ/ਸਰੋਤਿਆਂ ਨੂੰ ਪਰਿਚਿਤ ਕੀਤਾ ਹੈ। ਭਾਵੇਂ ਇਸ ਦਾ ਮੁਕੰਮਲ ਪਾਠ ਉਪਲਬਧ ਨਹੀਂ, ਪਰ ਫਿਰ ਵੀ ਇਸ ਦੇ ਇਤਿਹਾਸਕ ਮਹੱਤਵ ਦਾ ਅਹਿਸਾਸ ਹੋ ਜਾਂਦਾ ਹੈ। ਕਵੀ ਨੇ ਮਸਨਵੀ ਕਾਵਿ-ਵਿਧਾ ਤੋਂ ਹਟ ਕੇ 'ਵਾਰ' ਦੇ ਪੈਟਰਨ ਤੇ ਇਸ ਨੂੰ 'ਸਦ' ਵਿਚ ਬਿਆਨ ਕੀਤਾ ਹੈ। ਇਸ ਵਿਚ ਪਹਿਲੀ ਵਾਰ ਪੰਜਾਬ ਦੇ ਪੇਂਡੂ ਸਭਿਆਚਾਰ, ਮਾਨਸਿਕਤਾ ਅਤੇ ਅਣਖ ਨੂੰ ਜ਼ੁਬਾਨ ਮਿਲੀ ਹੈ। ਇਸ ਸਾਦੇ ਢੰਗ ਨਾਲ ਸਿੱਧੀ ਗੱਲ ਕਹੀ ਗਈ ਹੈ। ਪ੍ਰੇਮ ਦੇ ਰਾਹ ਵਿਚ ਆਤਮ-ਉਤਸਰਗ ਕਰਨਾ ਇਸ ਕਿੱਸੇ ਦੀ ਅੰਤਰ-ਰੇਖਾ ਹੈ ਜਿਸ ਨਾਲ ਪੰਜਾਬੀ ਵਿਚ ਦੁਖਾਂਤ ਪਰੰਪਰਾ ਦਾ ਉਦਘਾਟਨ ਹੁੰਦਾ ਹੈ।

**ਵਾਰਿਸ ਸ਼ਾਹ**

ਵਰਿਸ ਸ਼ਾਹ ਦੀ ਕਿੱਸਾਕਾਰੀ ਤੋਂ ਹਰ ਇਕ ਦੀ ਵਾਕਫੀਅਤ ਹੈ। ਉਹ ਪੰਜਾਬੀ ਸਾਹਿਤ ਦਾ ਸਿਰਮੌਰ ਕਿੱਸਾਕਾਰ ਹੈ। ਪੰਜਾਬੀ ਕਿੱਸਾਕਾਰੀ ਨੂੰ ਸਾਡੀ ਜ਼ਿਹਨੀਅਤ ਦਾ ਹਿੱਸਾ ਬਣਾਉਣ ਵਾਲਾ ਵਾਰਿਸ ਸ਼ਾਹ ਹੀ ਹੈ। ਉਸ ਦੀ ਹੀਰ ਇਕ ਪ੍ਰੌੜ੍ਹ ਰਚਨਾ ਹੈ, ਜੋ ਕਿੱਸਾਕਾਰੀ ਦੇ ਵਿਧਾਨ ਉੱਤੇ ਖਰੀ ਉਤਰਦੀ ਹੈ। ਹੀਰ ਵਾਰਿਸ ਪੰਜਾਬੀ ਸਾਹਿਤ ਦੀ ਇਕ ਅਮਰ ਤੇ ਅਮੁੱਲ ਰਚਨਾ ਹੈ। ਵਾਰਿਸ ਸ਼ਾਹ ਦਾ ਜਨਮ 1735 ਈ. ਵਿਚ ਜੰਡਿਆਲਾ ਸ਼ੇਖ ਵਿਖੇ ਹੋਇਆ ਅਤੇ ਉਸ ਦਾ ਦੇਹਾਂਤ 1798 ਈ. ਵਿਚ ਹੋਇਆ। ਉਸ ਦੇ ਆਪਣੇ ਬੈਂਤ ਅਨੁਸਾਰ :

ਵਾਰਿਸ ਸ਼ਾਹ ਵਸਨੀਕ ਜਡਿਆਲੜੇ ਦਾ<br>
ਤੇ ਸ਼ਾਗਿਰਦ ਮਖਦੂਮ ਕਸੂਰ ਦਾ ਏ।

ਵਾਰਿਸ ਸ਼ਾਹ ਨੇ ਆਪਣੀ ਰਚਨਾ 'ਹੀਰ' ਵਿਚ ਵਿਸ਼ੇ ਦਾ ਨਿਭਾਅ ਬਹੁਤ ਖ਼ੂਬਸੂਰਤੀ ਨਾਲ ਕੀਤਾ ਹੈ। ਜਿਵੇਂ ਉਸ ਨੇ ਹੀਰ ਦਾ ਆਰੰਭ ਹੀਰ ਦੇ ਆਰੰਭ ਤੋਂ ਕੀਤਾ ਹੈ ਤੇ ਬਾਅਦ ਵਿਚ ਮਸੀਤ ਵਿਚ ਮੌਲਵੀ ਨਾਲ ਰਾਂਝੇ ਦੇ ਤਕਰਾਰ ਤੋਂ ਬਾਅਦ ਝਨਾਂ ਦਾ ਦ੍ਰਿਸ਼, ਝੰਗ ਸਿਆਲ, ਬੇਲਾ, ਹੀਰ ਦਾ ਵਿਆਹ, ਉਸਦੇ ਸਹੁਰੇ ਰੰਗਪੁਰ ਖੇੜੇ ਅਤੇ ਅਖ਼ੀਰ ਰਾਜੇ ਦੇ ਦਰਬਾਰ ਵਿਚ ਇਸ ਕਥਾ ਨੂੰ ਬਹੁਤ ਖ਼ੂਬਸੂਰਤ ਰੰਗ ਵਿਚ ਉਘਾੜਿਆ ਹੈ। ਵਾਰਿਸ ਸ਼ਾਹ ਆਪਣੀ ਰਚਨਾ ਦੀ ਖ਼ੂਬਸੂਰਤ ਪੇਸ਼ਕਾਰੀ ਲਈ ਘਟਨਾਵਾਂ ਨੂੰ ਬੜੇ ਵਿਸਥਾਰ ਨਾਲ ਪੇਸ਼ ਕਰਦਾ ਹੈ। ਇਸ ਕਰਕੇ ਵਾਰਿਸ ਦੀ ਇਸ ਖ਼ੂਬਸੂਰਤੀ ਨੂੰ ਬਰਕਰਾਰ ਰੱਖਣ ਲਈ ਇਸ ਵਿਚ ਰੁਮਾਂਸ ਤੱਤ ਦੀ ਵੀ ਵਰਤੋਂ ਕੀਤੀ ਹੈ। ਵਾਰਿਸ ਸ਼ਾਹ ਵਿਚ ਹੀਰ ਦੀ ਸੁੰਦਰਤਾ ਦਾ ਫ਼ਾਰਸੀ ਤਸ਼ਬੀਹਾਂ ਦੇ ਕੇ ਅਦਭੁਤ ਢੰਗ ਨਾਲ ਵਰਣਨ ਕੀਤਾ ਗਿਆ ਹੈ :

ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ, ਦਾਣੇ ਨਿਕਲੇ ਹੁਸਨ ਅਨਾਰ ਵਿਚੋਂ।<br>
ਸੁਰਖੀ ਹੋਠਾਂ ਦੀ ਲੋਹੜ ਦੰਦਾਸੜੇ ਦਾ, ਖੋਜੇ ਖ਼ੱਤਰੀ ਕਤਲ ਬਾਜ਼ਾਰ ਵਿਚੋਂ।

ਵਾਰਿਸ ਫ਼ਾਰਸੀ ਮਸਨਵੀ ਦੇ ਲੰਮੇ ਚੌੜੇ ਮੰਗਲਾਚਰਨ ਦੀ ਪਰੰਪਰਾ ਦਾ ਗਿਆਤਾ ਹੈ। ਇਸ ਲਈ ਉਸਨੇ ਆਪਣੇ ਕਿੱਸੇ ਵਿਚ ਇਸਦੀ ਵਰਤੋਂ ਕੀਤੀ ਹੈ :

ਅੱਵਲ ਹਮਦ ਖ਼ੁਦਾਇ ਦਾ ਵਿਰਦ ਕੀਚੈ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।
ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ, ਮਾਸ਼ੂਕ ਹੈ ਨਬੀ ਰਸੂਲ ਮੀਆਂ।

ਜੇਕਰ ਵਿਸ਼ੇ ਪੱਖੋਂ ਵਾਰਿਸ ਸ਼ਾਹ ਦੇ ਕਿੱਸੇ ਦੀ ਗੱਲ ਕੀਤੀ ਜਾਵੇ ਤਾਂ ਇਹ ਆਖਿਆ ਜਾ ਸਕਦਾ ਹੈ ਕਿ ਵਾਰਿਸ ਸ਼ਾਹ ਦੇ ਕਿੱਸੇ ਵਿਚ ਮੂਲ ਵਿਸ਼ਾ ਇਸ਼ਕ ਹੈ। ਇਸ ਕਿੱਸੇ ਵਿਚ ਵਾਰਿਸ ਸ਼ਾਹ ਨੇ ਦੁਨਿਆਵੀ ਰੰਗਤ ਦੀ ਛੋਹ ਦੇ ਨਾਲ-ਨਾਲ ਸੂਫ਼ੀਆਂ ਵਾਲੀ ਧਾਰਨਾ ਸਹਿਤ ਕਰਾਮਾਤੀ ਅੰਸ਼ਾਂ ਦੀ ਵੀ ਵਰਤੋਂ ਕੀਤੀ ਹੈ ਕਿਉਂਕਿ ਅਜਿਹਾ ਉਸਦੇ ਪੂਰਬਕਾਲੀ ਸੂਫ਼ੀਆਂ ਦੁਆਰਾ ਵੀ ਕੀਤਾ ਗਿਆ ਹੈ। ਪਰੰਤੂ ਵਾਰਿਸ ਸ਼ਾਹ ਦੇ ਕਿੱਸੇ ਵਿਚ ਇਸ ਇਸ਼ਕ ਦਾ ਅਨੁਭਵ ਆਪਣੇ ਅਖ਼ੀਰ ਤਕ ਦੁਨਿਆਵੀ ਹੀ ਰਹਿੰਦਾ ਹੈ ਇਸਦਾ ਆਕਾਸ਼ੀ ਜੀਵਨ ਨਾਲ ਕੋਈ ਸੰਬੰਧ ਨਹੀਂ। ਇਸ ਤੋਂ ਉਪਰੰਤ ਅਗਲਾ ਮਹੱਤਵਪੂਰਨ ਵਿਸ਼ਾ ਇਸ਼ਕ ਅਤੇ ਸਮਾਜ ਦਾ ਆਪਸੀ ਵਿਰੋਧ ਹੈ। ਇਸ ਤੋਂ ਅੱਗੇ ਵੀ ਵਾਰਿਸ ਸ਼ਾਹ ਨੇ ਆਪਣੇ ਕਿੱਸੇ ਵਿਚ ਪੰਜਾਬ ਦੇ ਮਹਾਨ ਸਭਿਆਚਾਰ ਨੂੰ ਪੇਸ਼ ਕੀਤਾ ਹੈ।

ਵਾਰਿਸ ਦੀ ਹੀਰ ਦੇ ਕੁਲ 611 ਬੰਦ ਹਨ ਜਿਨ੍ਹਾਂ ਨੂੰ ਵਧਾ-ਚੜ੍ਹਾ ਕੇ ਸੰਪਾਦਕਾਂ ਅਤੇ ਪ੍ਰਕਾਸ਼ਕਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚਾ ਦਿੱਤਾ। ਵਾਰਿਸ ਸ਼ਾਹ ਦੇ ਬੰਦਾਂ ਵਿਚ ਰਵਾਇਤ ਦੇ ਉਲਟ, ਪੰਕਤੀਆਂ ਦੀ ਗਿਣਤੀ ਚਾਰ ਤੋਂ ਵੱਧ ਹੈ। ਉਹ ਨਾਟਕੀ ਮੌਕਿਆਂ ਨੂੰ ਬੜੇ ਕਲਾਤਮਕ ਢੰਗ ਨਾਲ ਉਸਾਰਦਾ ਹੈ। ਉਹ ਸੰਬਾਦ-ਕਲਾ ਦਾ ਉਸਤਾਦ ਹੈ। ਵਾਰਿਸ ਸ਼ਾਹ ਦੀਆਂ ਅਨੇਕ ਤੁਕਾਂ ਲੋਕੋਕਤੀਆਂ ਬਣ ਗਈਆਂ ਹਨ। ਇਨ੍ਹਾਂ ਵਿਚ ਉਸਦੀ ਜ਼ਿੰਦਗੀ ਦਾ ਤਜ਼ਰਬਾ ਸਾਫ਼ ਦਿਖਾਈ ਪੈਂਦਾ ਹੈ।

ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।
ਵਾਰਿਸ ਸ਼ਾਹ ਛੁਪਾਈਏ ਖ਼ਲਕ ਕੋਲੋਂ, ਭਾਵੇਂ ਆਪਣਾ ਹੀ ਗੁੜ ਖਾਈਏ ਜੀ।

ਵਾਰਿਸ ਦੀ ਪ੍ਰਸਿੱਧੀ ਦਾ ਇਕ ਕਾਰਨ ਉਸਦੀ ਬੋਲੀ ਵੀ ਹੈ। ਉਸ ਕੋਲ ਆਪਣੇ ਭਾਵਾਂ ਦੇ ਪ੍ਰਗਟਾਵੇ ਲਈ ਅਤੇ ਕਥਾ-ਬਿਆਨਣ ਲਈ ਸ਼ਬਦਾਂ ਦੀ ਘਾਟ ਨਹੀਂ ਹੈ। ਉਹ ਇਕ ਤੁਕ ਵਿਚ ਬਹੁਤ ਸਾਰਾ ਅਰਥ ਵਿਸਥਾਰ ਸਿਰਜਣ ਦੀ ਸਮਰੱਥਾ ਰੱਖਦਾ ਹੈ। ਉਸ ਨੇ ਲੋੜ ਅਨੁਸਾਰ ਅਰਬੀ ਫ਼ਾਰਸੀ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਸ ਤੋਂ ਇਲਾਵਾ ਉਸ ਦੀ ਵਡਿਆਈ ਇਸ ਕਰਕੇ ਵੀ ਹੈ ਕਿ ਉਸਨੇ ਇਕੋ-ਇਕ ਕਿੱਸਾ ਹੀਰ ਲਿਖਿਆ। ਇਸ ਤੋਂ ਇਹ ਪਤਾ ਚਲਦਾ ਹੈ ਕਿ ਉਸਦੀ ਕਲਮ ਸਿਰਫ਼ ਸ਼ਾਹਕਾਰ ਰਚਨਾਵਾਂ ਹੀ ਰਚਦੀ ਹੈ।

**ਹਾਸ਼ਮ**

ਹਾਸ਼ਮ ਦਾ ਜਨਮ ਕਾਲ ਕਈ ਵਿਦਵਾਨਾਂ ਨੇ 1735 ਈ. ਮੰਨਿਆ ਹੈ। ਉਨ੍ਹਾਂ ਅਨੁਸਾਰ ਹਾਸ਼ਮ ਦਾ ਜਨਮ 1735 ਈ. ਪਿੰਡ ਸਰੀਫ਼ ਜਗਦੇਉਂ ਕਲਾਂ (ਅੰਮ੍ਰਿਤਸਰ) ਵਿਖੇ ਹੋਇਆ ਦੱਸਿਆ ਜਾਂਦਾ ਹੈ ਪਰ ਬਾਵਾ ਬੁੱਧ ਸਿੰਘ, ਡਾ. ਲਾਜਵੰਤੀ ਰਾਮਾਕ੍ਰਿਸ਼ਨ,

ਡਾ. ਐਸ. ਐਸ. ਕੋਹਲੀ ਅਤੇ 'ਸੰਪਾਦਕ ਪੰਜਾਬੀ ਸਾਹਿਤ ਦਾ ਇਤਿਹਾਸ ਭਾਗ-1' ਨੇ ਹਾਸ਼ਮ ਦੇ ਜਨਮ ਦੀ ਮਿਤੀ 1752-53 ਈ. ਦੱਸੀ ਹੈ। ਕਈ ਹੋਰ ਵਿਦਵਾਨਾਂ ਨੇ ਵੀ ਇਸੇ ਸੰਨ ਨੂੰ ਹੀ ਹਾਸ਼ਮ ਦਾ ਜਨਮ ਹੋਇਆ ਦੱਸਿਆ ਹੈ। ਹਾਸ਼ਮ ਦੇ ਪਿਤਾ ਜੀ ਦਾ ਨਾਂ ਹਾਜੀ ਮੁਹੰਮਦ ਸ਼ਰੀਫ ਅਤੇ ਮਾਤਾ ਦਾ ਨਾਂ ਹਾਜਮਣ ਮਾਈ ਸੀ। ਸਮੁੱਚੇ ਪੰਜਾਬੀ ਕਿੱਸਾ-ਕਾਵਿ ਵਿਚ ਹਾਸ਼ਮ ਅਹਿਸਾਸ ਦੀ ਤੀਖਣਤਾ ਵਾਲਾ ਇੱਕ ਅਨੋਖਾ ਸ਼ਾਇਰ ਮੰਨਿਆ ਜਾਂਦਾ ਹੈ। ਹਾਸ਼ਮ ਨੂੰ ਅਰਬੀ, ਫ਼ਾਰਸੀ, ਹਿੰਦੀ ਤੇ ਪੰਜਾਬੀ ਦਾ ਚੰਗਾ ਗਿਆਨ ਸੀ। ਕੁਸ਼ਤਾ, ਮੋਹਨ ਸਿੰਘ, ਮੁਹੰਮਦ ਸਰਵਰ, ਸ਼ਾਨ ਆਦਿ ਵਿਦਵਾਨਾਂ ਦੀ ਸੰਮਤੀ ਨਾਲ ਹੇਠ ਲਿਖੀਆਂ ਰਚਨਾਵਾਂ ਹਾਸ਼ਮ ਦੀਆਂ ਆਪਣੀਆਂ ਲਿਖੀਆਂ ਸਿੱਧ ਹੁੰਦੀਆਂ ਹਨ :

**ਪੰਜਾਬੀ :**

1. ਹੀਰ ਰਾਂਝੇ ਦੀ ਬਿਰਤੀ
2. ਕਿੱਸਾ ਸੋਹਣੀ ਮਹੀਵਾਲ
3. ਕਿੱਸਾ ਸੱਸੀ ਪੁੰਨੂੰ
4. ਸ਼ੀਰੀ ਫ਼ਰਹਾਦ ਦੀ ਬਾਰਤਾ
5. ਕਿੱਸਾ ਮਹਿਮੂਦ ਸ਼ਾਹ ਗਜ਼ਨਵੀ
6. ਦੋਹੜੇ
7. ਡਿਉਢਾਂ
8. ਗੰਜੇ ਅਸਰਾਰ
9. ਸੀਹਰਫ਼ੀ ਵ-ਮਦਹ ਪੀਰਾਨ ਪੀਰ ਅਬਦੁਲ ਕਾਦਰ ਜੀਲਾਨੀ
10. ਮਾਅਦਨੇ ਫੈਜ਼ (ਸ਼ੇਖ ਅਬਦੁਲ ਕਾਦਰ ਜੀਲਾਨੀ ਸੰਬੰਧੀ ਕੁਝ ਮਦਹਜਾਤ ਤੇ ਮੁਨਾਜਾਤ)

**ਹਿੰਦੀ :**

1. ਗਿਆਨ ਪ੍ਰਕਾਸ਼
2. ਸਲੋਕ
3. ਚਿੰਤਾਹਾਰ
4. ਰਾਜਨੀਤੀ
5. ਪੋਥੀ ਹਿਕਮਤ ਵ-ਰਮਲ (ਇਹ ਹਿੰਦੀ ਪੰਜਾਬੀ ਮਿਸ਼ਰਤ ਹਨ)
6. ਟੀਕਾ ਪੰਜ ਗ੍ਰੰਥੀ (ਗੁਰਬਾਣੀ)

**ਫ਼ਾਰਸੀ**

1. ਦੀਵਾਨ ਹਾਸ਼ਮ
2. ਮਸਨਵੀ ਹਾਸ਼ਮ
3. ਚਹਾਰ ਬਹਾਰ ਹਾਸ਼ਮ
4. ਗੰਜੇ ਮੁਆਨੀ (ਫ਼ਕਰਨਾਮਾ)

ਇੰਨਾਂ ਤੋਂ ਬਿਨ੍ਹਾਂ ਕੁਝ ਅਪ੍ਰਾਪਤ ਰਚਨਾਵਾਂ ਦੀ ਸੂਚੀ ਵੀ ਦਰਜ ਕੀਤੀ ਗਈ ਹੈ। ਜੋ ਹੇਠ ਲਿਖੀਆਂ ਹਨ :

1. ਕਾਫ਼ੀਆਂ
2. ਬਾਰਾਂਮਾਹ
3. ਸ. ਮਹਾਂ ਸਿੰਘ ਬਾਰੇ ਵਾਰ ਜਾਂ ਮਰਸੀਆ
4. ਕਿੱਸਾ ਲੈਲਾ ਮਜਨੂੰ

ਪਰ ਇਹਨਾਂ ਰਚਨਾਵਾਂ ਦੀ ਪ੍ਰਮਾਣਿਕਤਾ ਬਾਰੇ ਕੋਈ ਨਿਰਣਾ ਨਹੀਂ ਹੋ ਸਕਿਆ। ਕੁਝ ਵਿਦਵਾਨਾਂ/ਸਾਹਿਤਕਾਰਾਂ ਨੇ ਉਰਦੂ ਰਚਨਾ ਵੀ ਦੱਸੀ ਹੈ :

1. ਮੱਦਹੱਯਾਦ
2. ਗਜ਼ਲਾਂ ਆਦਿ

1. ਬਿਰਤਾਂਤ
2. ਟੱਕਰ ਦੀ ਅਣਹੋਂਦ

**ਕਾਦਰਯਾਰ**

ਕਾਦਰ ਬਖ਼ਸ਼ ਕਲਮ ਦਾ ਘੋੜਾ, ਇਸ ਮੈਦਾਨ ਹੈਲਾਇਆ।
ਛੋਟੇ ਜੁਮਲੇ ਛਾਂ ਨਾ ਦਿਸੇ, ਚਾਲ ਸਫ਼ਾ, ਚਲਾਇਆ।
ਸਾਦ ਮੁਰਾਦੇ ਬੈਂਤ ਵਲੇਕਨ, ਯੁਮਨੀ ਬਰਕਤ ਵਾਲ਼ੇ।
ਮਿੱਠਾ ਹਵਲਾ ਕੀਤਾ ਸੁ, ਇਸ ਵਿਚ ਪਾਂਦਾ ਕੌਣ ਮਸਾਲੇ।

(ਸੇਫੁਲ ਮਲੂਕ–659)

ਜਿਵੇਂ ਕਿ ਮੁਹੰਮਦ ਬਖ਼ਸ਼ ਕਰਤਾ 'ਸੈਫੁਲ ਮਲੂਕ' (ਪੰਨਾ 659) ਲਿਖਦਾ ਹੈ, ਕਾਦਰ-ਯਾਰ ਦਾ ਅਸਲ ਨਾਮ ਕਾਦਰ ਬਖ਼ਸ਼ ਸੀ। ਉਹ ਜਾਤ ਦਾ ਸੰਧੂ ਜੱਟ ਸੀ ਅਤੇ ਪਿੰਡ ਮਾਛੀਕੇ ਨੇੜੇ ਐਮਨਾਬਾਦ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿਖੇ 1217 ਹਿਜਰੀ ਮੁਤਾਬਿਕ 1802 ਈ. ਵਿਚ ਜਨਮਿਆ। ਪੰਜਾਬੀ ਸਾਹਿਤ ਦਾ ਇਤਿਹਾਸ ਅਤੇ ਪ੍ਰੋ. ਸੰਤ ਸਿੰਘ ਸੇਖੋਂ ਕਾਦਰਯਾਰ ਦੀ ਜਨਮ ਮਿਤੀ 1805 ਈ. ਦਿੰਦੇ ਹਨ।

'ਮਿਆਰਾਜ ਨਾਮਾ' ਕਾਦਰਯਾਰ ਦੀ ਸਭ ਤੋਂ ਲੰਮੀ ਰਚਨਾ ਹੈ। ਇਸ ਦੇ 1014 ਬੰਦ ਹਨ ਤੇ ਇਹ ਦਵੱਯਾ ਛੰਦ ਵਿਚ ਹੈ। ਇਸ ਵਿਚ ਰੱਬ ਵੱਲੋਂ ਸ੍ਰਿਸ਼ਟੀ ਦੀ ਰਚਨਾ ਤੇ ਨਬੀ ਰਸੂਲ ਦੀ ਪਾਕ ਜਾਤ ਦੇ ਨੂਰ ਤੋਂ ਕੁਲ ਜ਼ਹੂਰ (ਪ੍ਰਗਾਟਾਉ) ਕਰਨ ਦੀ ਰਚਨਾ ਅਤੇ ਹਜ਼ਰਤ ਰਸੂਲ ਨੂੰ ਆਪਣੀ ਦਰਗਾਹ ਸ਼ਰੀਫ਼ ਵਿਚੋਂ ਬੁੱਕਾਰ ਉਪਰ ਸਵਾਰ ਕਰਕੇ ਸਤਵੇਂ ਅਸਮਾਨ ਲੈ ਕੇ ਜਾਣ ਦੀ ਵਸਤਾਰ ਪੂਰਬਕ ਵਾਰਤਾ ਹੈ।

ਕਾਦਰਯਾਰ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਮਿਆਰਾਜ ਨਾਮਾ
2. ਰੋਜ਼ਾ ਨਾਮਾ
3. ਪੂਰਨ ਭਗਤ (ਪੰਜ ਸੀਹਰਫ਼ੀਆਂ)
4. ਵਾਰ ਪੂਰਨ ਭਗਤ ਦੀ

5. ਰਾਜਾ ਰਸਾਲੂ (ਰਾਣੀ ਕੋਕਲਾਂ ਦੀ ਵਾਰ)

6. ਸੋਹਣੀ ਮਹੀਂਵਾਲ

7. ਸਹੀਰਫ਼ੀ ਸਰਦਾਰ ਹਰੀ ਸਿੰਘ ਨਲੂਆ

ਇਨ੍ਹਾਂ ਵਿਚੋਂ 'ਕਿੱਸਾ ਪੂਰਨ ਭਗਤ' ਸਭ ਤੋਂ ਵੱਧ ਸੁਪ੍ਰਸਿੱਧ ਤੇ ਲੋਕ-ਪ੍ਰਿਯ ਹੋਇਆ। ਕਲਾ ਦੇ ਪੱਖ ਤੋਂ 'ਸੋਹਣੀ ਮਹੀਂਵਾਲ' ਸਰਬੋਤਮ ਹੈ। ਇਸ ਤੋਂ ਪਹਿਲਾਂ ਹਾਸ਼ਮ ਦੇ ਕਹੇ ਹੋਏ ਕਿੱਸੇ 'ਸੋਹਣੀ ਮਹੀਂਵਾਲ' ਤੋਂ ਕਿਧਰੇ ਉਚੇਰੇ ਤੇ ਵਧੇਰੇ ਕਲਾਮਈ ਸੀ।

## ਰਚਨਾ ਵੰਡ

ਕਾਦਰਯਾਰ ਦੀਆਂ ਰਚਨਾਵਾਂ ਦੀ ਕਈ-ਪ੍ਰਕਾਰ ਦੀ ਵੰਡ ਹੋ ਸਕਦੀ ਹੈ। ਇਹ ਉਹ ਜਿਹੜੀਆਂ ਉਸ ਪਹਿਲੀ ਵਾਰੀ ਪੰਜਾਬੀ-ਕਾਵਿ ਨੂੰ ਦਿੱਤੀਆਂ, ਜਿਵੇਂ ਕਿ 'ਪੂਰਨ ਭਗਤ', 'ਰਾਜਾ ਰਸਾਲੂ' ਆਦਿ। ਦੂਜੀਆਂ ਉਹ ਜਿਹੜੀਆਂ ਉਸ ਪਹਿਲੀਆਂ ਲਿਖੀਆਂ ਦੀ ਲੀਹ ਉਪਰ ਰਚੀਆਂ, ਜਿਵੇਂ ਕਿ 'ਸੋਹਣੀ ਮਹੀਂਵਾਲ', ਜਿਸ ਨੂੰ ਅਹਿਮਦ ਯਾਰ ਤੇ ਹਾਸ਼ਮ ਜਿਹੇ ਮਹਾਨ ਕਵੀ ਪਹਿਲਾਂ ਆਪਣਾ ਵਿਸ਼ਾ ਬਣਾ ਚੁੱਕੇ ਸਨ।

ਇਕ ਵੰਡ ਵਿਸ਼ੇ ਦੇ ਆਧਾਰ 'ਤੇ ਕੀਤੀ ਜਾ ਸਕਦੀ ਹੈ, ਜਿਵੇਂ ਕਿ :

(ੳ) ਸ਼ਿੰਗਾਰ ਰਸ ਦੀਆਂ ਰਚਨਾਵਾਂ ਜਾਂ ਰੋਮਾਂਚਿਕ (ਪ੍ਰੀਤ ਕਹਾਣੀਆਂ)

(ਅ) ਬੀਰ-ਰਸ ਦੀਆਂ ਰਚਨਾਵਾਂ, ਜਿਵੇਂ 'ਹਰੀ ਸਿੰਘ ਨਲੂਆ' ਤੇ 'ਰਾਜਾ ਰਸਾਲੂ'।

(ੲ) ਨਿਰੋਲ ਧਾਰਮਿਕ ਜਾਂ ਇਸਲਾਮੀ ਰੰਗਤ ਵਾਲੀਆਂ, ਜਿਵੇਂ 'ਮਿਆਰਾਜ ਨਾਮਾ' ਤੇ 'ਰੋਜ਼ਾ ਨਾਮਾ'।

## ਰਚਨਾ ਵੇਰਵਾ

**1. ਮਿਆਰਾਜਨਾਮਾ :** ਕਾਦਰਯਾਰ ਦੀ ਸਭ ਤੋਂ ਪਹਿਲੀ ਰਚਨਾ 1247 ਹਿਜਰੀ ਵਿਚ ਸੰਪੂਰਨ ਹੋਈ ਕੁਲ 1014 ਬੰਦ, ਛੰਦ ਦਵੱਯਾ। ਇਸ ਰਚਨਾ ਵਿਚੋਂ ਕਵੀ ਦੇ ਜਨਮ ਬਾਰੇ ਅਨੁਮਾਨ ਲਾਇਆ ਜਾ ਸਕਦਾ ਹੈ। 'ਮਿਆਰਾਜ ਨਾਮਾ' ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਰੱਬ ਨਾਲ ਮਿਲਾਪ ਤੇ ਉਸ ਦੀ ਦਰਗਾਹ ਵਿਚ ਪਹੁੰਚਣ ਤਕ ਦੇ ਸਫ਼ਰ ਦੀ ਕਹਾਣੀ ਹੈ। ਇਸਲਾਮੀ ਇਤਿਹਾਸ ਵਿਚ ਇਸ ਘਟਨਾ ਦੀ ਬੜੀ ਮਹੱਤਤਾ ਤੇ ਮਹਾਨਤਾ ਹੈ।

**2. ਰੋਜ਼ਾ ਨਾਮਾ :** 'ਮਿਆਰਾਜ ਨਾਮਾ' ਇਹ ਵੀ ਕਵੀ ਦੀ ਧਾਰਮਿਕ ਰਚਨਾ ਹੈ। ਇਸ ਵਿਚ ਰੋਜ਼ਿਆਂ ਦੀ ਸਖ਼ਤੀ ਤੇ ਰਿਆਲਤ ਬਾਰੇ ਚਾਣਨਾ ਪਾਇਆ ਹੈ। ਰੋਜ਼ੇ ਰਖਣਾ ਇਕ ਭਾਰੀ ਤਪੱਸਿਆ ਹੈ। ਇਹ ਮਨ ਦੀ ਸਾਧਨਾ ਹੈ ਤੇ ਔਕੜਾਂ ਦਾ ਸਾਹਮਣਾ ਕਰਨ ਸਮਾਨ ਹੈ :

ਅੱਗੋਂ ਰੋਜ਼ਾ ਆਇਆ ਤੇਰ੍ਹਵਾਂ, ਮੇਰੇ ਪਿਆ ਕਲੇਜੇ ਖੇਰਵਾ।<br>
ਮੇਰੇ ਜੁੱਸੇ ਕੁਵੱਤ ਨਾ ਰਹੀ, ਮੇਰੀ ਜਾਨ ਲਬਾਂ ਪਰ ਅੜ ਰਹੀ।<br>
ਮੈਂ ਬਹੁਤ ਬੀਮਾਰ ਹਾਂ ਕਾਦਰਾ, ਇਸ ਜ਼ਾਲਮ ਘੜੀ ਦੁਪਹਿਰ ਦੀ।

**3. ਪੂਰਨ ਭਗਤ :** ਇਸ ਕਿੱਸੇ ਦੀ ਰਚਨਾ ਕਰਨ ਵਿਚ ਕਾਦਰਯਾਰ ਨੇ ਪਹਿਲ ਕੀਤੀ। ਇਸ ਤੋਂ ਪਹਿਲਾਂ ਕਿੱਸਾਕਾਰਾਂ ਨੇ ਸਾਮੀ, ਈਰਾਨੀ ਤੇ ਭਾਰਤੀ ਕਿੱਸੇ ਤਾਂ ਬਥੇਰੇ ਲਿਖੇ ਅਤੇ ਪੰਜਾਬ ਦੀਆਂ ਪ੍ਰੀਤ-ਕਹਾਣੀਆਂ ਨੂੰ ਵੀ ਕਵਿਤਾ ਤੇ ਛੰਦ ਦੇ ਗਹਿਣੇ ਪਹਿਨਾਏ ਹਨ ਪਰ ਜਾਂ ਭਾਰਤ ਦੀ ਪੁਰਾਤਨ ਸੰਸਕ੍ਰਿਤੀ ਨਾਲ ਸੰਬੰਧਿਤ ਵਾਰਤਾਵਾਂ ਵੱਲ ਧਿਆਨ ਘੱਟ ਵੱਧ ਹੀ ਦਿੱਤਾ ਸੀ। ਇਸ ਕਿੱਸੇ ਨੇ ਜਿੱਥੇ ਪੂਰਨ ਭਗਤ ਦੀ ਪੁਰਾਤਨ ਵਾਰਤਾ ਨੂੰ ਨਵਾਂ ਜਨਮ ਦਿੱਤਾ, ਉਥੇ ਕਾਦਰਯਾਰ ਨੂੰ ਵੀ ਜਗਤ ਵਿਚ ਸੁਪ੍ਰਸਿੱਧ ਕਰ ਦਿੱਤਾ। ਕਿੱਸਾ 'ਪੂਰਨ ਭਗਤ' ਤੇ 'ਰਾਜਾ ਰਸਾਲੂ' ਲਿਖਣ ਵਿਚ ਵੀ ਕਾਦਰਯਾਰ ਨੇ ਪਹਿਲ ਕੀਤੀ ਤੇ ਪੰਜਾਬ ਦੀ ਧਰਤੀ ਦੇ ਦੋਹਾਂ ਭਰਾਵਾਂ ਤੇ ਨਾਇਕਾਂ ਦਾ ਚਰਿਤਰ ਪੇਸ਼ ਕਰਨ ਵਿਚ ਵੱਡਾ ਕਮਾਲ ਵਿਖਾਇਆ। 'ਪੂਰਨ ਭਗਤ' ਕ੍ਰਿਤ ਕਾਦਰਯਾਰ ਪੰਜਾਬ ਵਿਚ 'ਹੀਰ ਵਾਰਿਸ' ਵਾਂਗ ਹੀ ਗਾਵਿਆ ਸੁਣਿਆ ਜਾਂਦਾ ਹੈ। ਕਾਦਰਯਾਰ ਤੋਂ ਲੈ ਕੇ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਅਤੇ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਦੌਲਤ ਰਾਮ ਤੇ ਕਾਲੀ ਦਾਸ ਨੇ 'ਪੂਰਨ ਭਗਤ' ਤੇ 'ਰੂਪ ਬਸੰਤ' ਆਦਿ ਕਿੱਸੇ ਲਿਖੇ।

**4. ਵਾਰ ਪੂਰਨ ਭਗਤ ਦੀ :** ਬਾਵਾ ਬੁੱਧ ਸਿੰਘ ਨੇ ਕਿੱਸਾ ਪੂਰਨ ਭਗਤ (ਸੀਹਰਫ਼ੀਆਂ ਵਿਚ) ਤੋਂ ਛੁੱਟ ਕਾਦਰਯਾਰ ਦੀ 'ਵਾਰ ਪੂਰਨ ਭਗਤ ਦੀ' ਨੂੰ ਕਵੀ ਦੀ ਸਦੀ ਤੇ ਸੋਹਣੀ ਕਵਿਤਾ ਕਿਹਾ ਹੈ। ਜਿੱਥੇ ਕਿੱਸਾ 'ਪੂਰਨ ਭਗਤ' ਬੈਤਾਂ ਵਿਚ ਹੈ ਉਥੇ 'ਵਾਰ ਪੂਰਨ ਭਗਤ ਦੀ' ਕਲੀਆਂ ਵਿਚ ਲਿਖੀ ਹੈ। ਕਿੱਸਾ 'ਪੂਰਨ ਭਗਤ' ਪੰਜ ਸੀਹਰਫ਼ੀਆਂ ਵਿਚ ਹੈ। ਹਰ ਸੀਹਰਫ਼ੀਆਂ ਦੇ ਲਗਭਗ 30 ਬੰਦ ਹਨ ਤੇ ਹਰ ਬੰਦ ਵਿਚ ਚਾਰ-ਚਾਰ ਬੈਂਤ ਹਨ। 'ਵਾਰ ਪੂਰਨ ਭਗਤ ਦੀ' 970 ਕਲੀਆਂ ਵਿਚ ਹੈ। ਇਸ ਵਿਚ 'ਵਾਰ' ਦੇ ਸ਼ਿਲਪ-ਵਿਧਾਨ ਨੂੰ ਨਹੀਂ ਅਪਣਾਇਆ ਗਿਆ। ਨਾ ਹੀ ਨਿਸ਼ਾਨੀ ਛੰਦ ਵਰਤਿਆ ਗਿਆ ਹੈ।

**5. ਰਾਜਾ ਰਸਾਲੂ :** 'ਰਾਜਾ ਰਸਾਲੂ' ਛੋਟਾ ਜਿਹਾ ਕਿੱਸਾ ਹੈ, ਜਿਸ ਨੂੰ 'ਰਾਣੀ ਕੋਕਿਲਾਂ ਦਾ ਵਾਰ' ਵੀ ਕਿਹਾ ਜਾਂਦਾ ਹੈ। ਪੰਜਾਬ ਵਿਚ 'ਰਾਜਾ ਰਸਾਲੂ' ਦੇ ਗਾਉਣ ਵੀ ਆਮ ਪ੍ਰਚੱਲਿਤ ਹਨ ਤੇ ਘਰਾਂ ਵਿਚ ਗਾਏ ਜਾਂਦੇ ਹਨ। ਇਹ ਬਹੁਤ ਹੱਦ ਤਕ 'ਕੋਕਿਲਾਂ ਦੀ ਵਾਰ' ਨਾਲ ਮਿਲਦੇ ਹਨ। ਬਾਵਾ ਬੁੱਧ ਸਿੰਘ ਦੇ ਖ਼ਿਆਲ ਵਿਚ ਇਹ ਵੀ ਸ਼ਾਇਦ ਕਾਦਰਯਾਰ ਦੇ ਹੀ ਬਣਾਏ ਹੋਏ ਹੋਣ। ਵਾਰ ਸਿੱਧੀ ਸਾਦੀ ਅਧੂਰੀ ਹੈ। ਇਹ 'ਵਾਰ' ਤੇ 'ਗਾਉਣ' ਸਰ ਰਿਚਰਡ ਟੈਂਪਲ (ਲੈਜੰਡਜ਼ ਆਫ਼ ਪੰਜਾਬ ਜਿਲਦ 11) ਵਿਚ ਵੀ ਦਿੱਤੇ ਹੋਏ ਮਿਲਦੇ ਹਨ। ਵਾਰ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ : ਤਕਨੀਕ ਬਹੁਤ ਹੱਦ ਤਕ ਪੀਲੂ ਦੀ ਸਦ ਮਿਰਜ਼ਾ ਸਹਿਬਾਂ ਨਾਲ ਮਿਲਦੀ ਹੈ :

ਜਿਸ ਦਿਨ ਕੋਕਿਲਾਂ ਜੰਮੀ, ਹੋਰ ਨਾ ਜੰਮਿਆ ਕੋ,
ਵਿਚ ਦਰਪਨ ਦੇ ਮੁਖ ਵੇਖਦੀ, ਵੇਹੜੇ ਵਿਚ ਖਲੋ।

ਸੋਹਣੀ ਮਹੀਂਵਾਲ ਕਾਦਰਯਾਰ ਨੇ ਕਿੱਸਾ ਸੋਹਣੀ ਮਹੀਂਵਾਲ ਲਿਖਣ ਵਿਚ ਈਰਾਨੀ ਕਿੱਸਾ ਪਰੰਪਰਾ ਨੂੰ ਹੀ ਅਪਣਾਇਆ ਹੈ। ਕਾਦਰਯਾਰ ਨੇ ਕਹਾਣੀ ਦੀ ਗੋਂਦ ਅਤੇ ਪਾਤਰ ਉਸਾਰੀ ਤਕਰੀਬਨ ਹਾਸ਼ਮ ਵਾਲੀ ਹੀ ਰੱਖੀ। ਕਿੱਸਾ 'ਸੋਹਣੀ ਮਹੀਂਵਾਲ' ਦਾ

ਕਾਦਰਯਾਰ ਪਿਛੋਂ ਸੱਯਦ ਫ਼ਜ਼ਲ ਸ਼ਾਹ ਨੇ ਬੈਂਤਾਂ ਵਿਚ ਲਿਖਿਆ। ਈਰਾਨੀ ਜਾਂ ਫ਼ਾਰਸੀ ਪਰੰਪਰਾ ਨੂੰ ਅਪਣਾਉਂਦਿਆਂ ਕਾਦਰਯਾਰ ਨੇ 'ਯਾਰਾਂ ਸੀ ਫਰਮਾਇਆ', ਸੋਹਣੀ ਮਹੀਂਵਾਲ ਦੇ ਕਿੱਸੇ ਦੇ ਅੰਤ ਵਿਚ ਦਿੱਤਾ ਹੈ, ਜਿਹੜਾ ਉਸ ਨੇ ਦੋਸਤਾਂ ਦੀ ਮਜਲਸ ਵਿਚ ਲਿਖਿਆ :

ਯਾਰਾਂ ਸੀ ਫ਼ਰਮਾਇਆ, ਕੀਤਾ ਮੈਂ ਮਸ਼ਹੂਰ,
ਸੋਹਣੀ ਮਹੀਂਵਾਲ ਦਾ ਕਿੱਸਾ ਨਾਲ ਸ਼ਊਰ।
ਵਿਚ ਮਜਲਸ ਮੈਂ ਦੋਸਤਾਂ, ਕੀਤਾ ਇਹ ਮਜ਼ਕੂਰ,
ਮਤ ਕੋਈ ਸਾਨੂੰ ਕਾਦਰਾ, ਕਰਸ ਯਾਦ ਜ਼ਰੂਰ।

**7. ਸੀਹਰਫ਼ੀ ਸਰਦਾਰ ਹਰੀ ਸਿੰਘ ਨਲੂਆ :** ਇਹ ਸੀਹਰਫ਼ੀ ਬੈਂਤਾਂ ਵਿਚ ਹੈ। ਬਾਵਾ ਬੁੱਧ ਸਿੰਘ (ਬੰਬੀਹਾ ਬੋਲ) ਇਸ ਨੂੰ 'ਬੈਂਤ ਹਰੀ ਸਿੰਘ ਨਲੂਆ' ਲਿਖਦੇ ਹਨ। ਇਸ ਸੀਹਰਫ਼ੀ ਵਿਚ ਸਰਦਾਰ ਹਰੀ ਸਿੰਘ ਨਲੂਆ ਸ਼ਹੀਦ ਹੋ ਗਿਆ ਸੀ। ਸੀਹਰਫ਼ੀ ਦੁਆਰਾ ਕਾਦਰਯਾਰ ਪਹਿਲੇ ਪੰਜਾਬੀ ਕੌਮੀ ਕਵੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਸ਼ਾਹ ਮੁਹੰਮਦ ਇਸ ਤੋਂ ਪਿਛੋਂ ਆਉਂਦਾ ਹੈ। ਕਾਦਰਯਾਰ ਨੇ ਇਸ ਸੀਹਰਫ਼ੀ ਵਿਚ ਹਰੀ ਸਿੰਘ ਨੂੰ ਪੰਜਾਬ ਦੀ ਸੂਰਮਤਾਈ ਤੇ ਸਰਦਾਰੀ ਦਾ ਪ੍ਰਤੀਕ ਦੱਸਿਆ ਹੈ ਤੇ ਉਸ ਨੂੰ ਪੰਜਾਬ ਦੇ ਨਾਇਕ ਦੇ ਰੂਪ ਵਿਚ ਚਿਤਰਿਆ ਹੈ। ਕਾਦਰਯਾਰ ਆਪਣੇ ਸਰਦਾਰ ਨਾਇਕ ਨੂੰ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕਰਦਾ ਹੈ :

ਅਲਫ਼-ਆਫ਼ਰੀ ਜੰਮਣਾ ਕਹਿਣ ਸਾਰੇ,
ਜਮਾਦਾਰ ਬੇਲੀ ਰਾਜੇ ਸਾਹਿਬ ਕੋਲੋਂ,
ਕਦ ਉਚਾ ਬੁਲੰਦ ਸਰਦਾਰ ਤਾਈ।
ਧਨੀ ਤੇਗ਼ ਦਾ ਮਰਦ ਨਸੀਬ ਵਾਲਾ,
ਸਾਇਆ ਉਸ ਦਾ ਕੁਲ ਸੰਸਾਰ ਤਾਈਂ।
ਕਾਦਰਯਾਰ ਪਹਾੜਾਂ ਨੂੰ ਸੋਧਿਓ ਸੂ,
ਕਾਬਲ ਕੰਬਿਆ ਖ਼ੌਫ਼ ਕੰਧਾਰ ਤਾਈਂ।

ਕਾਦਰਯਾਰ ਨੇ ਇਸ ਨਾਇਕ ਦੀ ਤੁਲਨਾ ਬਾਦਸ਼ਾਹਾਂ ਨਾਲ ਕੀਤੀ ਹੈ ਤੇ ਉਸ ਨੂੰ ਰਾਜਾ ਕਰਣ, ਬਿਕਰਮਾਜੀਤ ਤੇ ਹਾਤਮ ਨਾਲ ਮਿਲਾਇਆ ਹੈ। ਕਵੀ ਨੇ ਇਸ ਨੂੰ ਭਾਵੇਂ ਸੀਹਰਫ਼ੀ ਦੇ ਰੂਪ ਵਿਚ ਪੇਸ਼ ਕੀਤਾ ਹੈ ਪ੍ਰੰਤੂ ਵਿਸ਼ੇ ਤੇ ਸਿਧਾਂਤ ਦੇ ਪੱਖ ਤੋਂ ਇਕ ਪ੍ਰਕਾਰ ਦੀ 'ਹਰੀ ਸਿੰਘ ਦੀ ਵਾਰ' ਹੈ, ਜਿਸ ਦੇ ਅੰਤ ਵਿਚ ਕਵੀ ਇਸ ਮਹਾਨ ਯੋਧੇ ਸ਼ਹੀਦ ਦੇ ਗੁਣ ਗਾਂਵਦਾ ਹੈ :

ਕਾਦਰਯਾਰ ਮੀਆਂ ਹਰੀ ਸਿੰਘ ਸੰਦਾ,
ਸਾਰੀ ਖ਼ਲਕ ਪਈ ਗੁਣ ਗਾਂਵਦੀ ਏ।

ਇਸ ਸੀਹਰਫ਼ੀ ਦੇ ਕੁਲ 30 ਬੰਦ ਹਨ। ਹਰ ਬੰਦ ਵਿਚ ਚਾਰ ਬੈਂਤ ਹਨ। ਇਸ ਤਰ੍ਹਾਂ ਇਹ ਕੁਲ 120 ਬੈਂਤਾਂ ਦੀ ਪੂਰਨ ਸੀਹਰਫ਼ੀ ਹੈ। ਨਿਰਸੰਦੇਹ ਕਾਦਰਯਾਰ ਨੂੰ ਪੰਜਾਬ ਦਾ ਲੋਕ-ਕਵੀ ਜਾਂ ਕੌਮੀ ਕਵੀ ਕਿਹਾ ਜਾ ਸਕਦਾ ਹੈ। ਇਹ ਮਾਣ ਕੋਈ ਘੱਟ

ਨਹੀਂ ਜਿਸ ਦਾ ਪਾਤਰ ਕਾਦਰਯਾਰ ਹੀ ਹੋ ਸਕਦਾ ਹੈ। ਇਸੇ ਆਧਾਰ 'ਤੇ ਅਸੀਂ ਕਾਦਰਯਾਰ ਨੂੰ ਲੋਕ-ਕਵੀ ਦਾ ਸ਼ਿਰੋਮਣੀ ਕਲਾਕਾਰ ਕਹਿ ਸਕਦੇ ਹਾਂ।

ਉਹ ਵਸਤਲ-ਪਿਆਰ ਪਾਉਣ ਵਾਲਾ (ਪੂਰਨ ਭਗਤ), ਹਕੀਕੀ ਤੇ ਸੱਚੀ ਮੁਹੱਬਤ ਦਾ ਤਰਜਮਾਨ (ਸੋਹਣੀ ਮਹੀਂਵਾਲ), ਦੇਸ਼ ਪਿਆਰ ਦੇ ਸੋਹਲੇ ਗਾਉਣ ਵਾਲਾ ਕਵੀ ਸੀ। ਇਸ ਤਰ੍ਹਾਂ ਸਿੱਧ ਹੋਇਆ ਕਿ ਕਾਦਰਯਾਰ ਪੰਜਾਬ ਦਾ ਲੋਕ ਕਵੀ, ਦੇਸ਼ ਦਾ ਕੌਮੀ ਸੀ, ਭਾਰਤ ਦੀ ਪ੍ਰਾਚੀਨ ਸੱਭਿਅਤਾ ਦਾ ਸਦਾਚਾਰਕ ਕਵੀ ਅਤੇ ਸੱਚੀ-ਸੁੱਚੀ ਪ੍ਰੀਤ ਤੇ ਪਿਆਰ ਦਾ ਰੋਮਾਂਚਿਕ ਕਵੀ ਸੀ, ਜਿਸਨੇ ਜਨ-ਸਮੂਹ ਦੇ ਹਾਵ-ਭਾਵ ਜਨਤਾ ਦੇ ਬੋਲ ਤੇ ਨਿਤਾਪ੍ਰਤਿ ਦੀ ਬੋਲੀ ਵਿਚ ਕਲਾਮਈ ਤੇ ਉਨਰਕ ਸ਼ੈਲੀ ਵਿਚ ਅਲੰਕਾਰਾਂ, ਤੇ ਅਖਾਣਾਂ ਜਿਹੇ ਹੀਰਿਆਂ ਨਾਲ ਜੜਤ ਸ਼ਬਦਾਂ ਨਾਲ ਲੋਕ ਨਾਇਕਾਂ ਦੀਆਂ ਕਥਾਵਾਂ ਸੀ-ਹਰਫ਼ੀਆਂ (ਬੈਤਾਂ), ਵਾਰਾਂ, ਦੋਹਰਿਆ ਦਵੱਈਆ ਛੰਦ ਵਿਚ ਅਤੇ ਲੋਕ ਛੰਦਾਂ ਵਿਚ ਪੇਸ਼ ਕੀਤੀਆਂ। ਇਸ ਪ੍ਰਕਾਰ ਕਾਦਰਯਾਰ ਦਾ ਪੰਜਾਬੀ ਸਾਹਿਤ ਵਿਚ ਵਡਮੁੱਲਾ ਯੋਗਦਾਨ ਰਹੇਗਾ

# ਪ੍ਰਮੁੱਖ ਵਾਰਕਾਰ

ਪੰਜਾਬੀ ਵਿਚ ਵੀਰਤਾ ਦੇ ਪ੍ਰਗਟਾਵੇ ਲਈ 'ਵਾਰ' ਕਾਵਿ-ਰੂਪ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਪੰਜਾਬੀ ਦਾ ਸੁਤੰਤਰ ਅਤੇ ਨਿਵੇਕਲਾ ਕਾਵਿ-ਰੂਪ ਹੈ। ਇਸ ਦੀ ਦੂਜੀਆਂ ਭਾਸ਼ਾਵਾਂ ਦੇ ਵੀਰ-ਰਸੀ ਕਾਵਿ-ਰੂਪਾਂ ਨਾਲੋਂ ਭਿੰਨਤਾ ਇਸ ਤਰ੍ਹਾ ਦੀ ਹੈ ਜਿਸ ਤਰ੍ਹਾਂ ਦੀ ਪੰਜਾਬੀ ਜੀਵਨ ਦੀ ਦੂਜਿਆ ਦੇਸ਼ਾਂ ਦੇ ਜੀਵਨ ਨਾਲੋਂ ਹੈ। ਇਹ ਪੰਜਾਬੀ ਜੀਵਨ ਦੀ ਸਾਦਗੀ ਤੇ ਨਿਰਛੱਲਤਾ ਨੂੰ ਜ਼ੁਬਾਨ ਦੇਣ ਲਈ ਸਾਦ-ਮੁਰਾਦਾ ਕਾਵਿ-ਰੂਪ ਹੈ।

'ਵਾਰ' ਸ਼ਬਦ ਦਾ ਅਰਥ ਹੈ-ਸਾਹਮਣਾ ਕਰਨਾ, ਪਿੱਛੇ ਧੱਕਣਾ, ਪਰੇ ਹਟਾਉਣਾ, ਰੋਕਣਾ। ਇਹ ਸੰਸਕ੍ਰਿਤ ਦੇ 'ਵਾਰਣ' ਸ਼ਬਦ ਦਾ ਪੰਜਾਬੀ ਤਦ-ਭਵ ਰੂਪ ਹੈ। ਵਾਰ ਨੂੰ ਕਈ ਵਿਦਵਾਨ 'ਦੋਹਰਾਉ' ਦੇ ਅਰਥਾਂ ਵਿਚ ਵੀ ਲੈਂਦੇ ਹਨ, ਕਿਉਂਕਿ ਇਸ ਵਿਚ ਵਰਣਿਤ ਵਿਸ਼ੇ ਦਾ ਪ੍ਰਭਾਵ ਪਾਉਣ ਲਈ ਕਈਆਂ ਘਟਨਾਵਾਂ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ। ਕਈਆਂ ਦਾ ਮਤ ਹੈ ਕਿ ਢਾਡੀ ਆਪਣੇ ਆਸਰਾ-ਦਾਤਿਆਂ ਦੇ ਬਾਰਾਂ (ਦਰਵਾਜ਼ਿਆਂ) ਤੇ ਜਾ ਕੇ ਉਨ੍ਹਾਂ ਦੀ ਸਿਫ਼ਤ ਕਰਦੇ ਸਨ, ਇਸ ਲਈ ਅਜਿਹਾ ਕਾਵਿ-ਰੂਪ ਜਿਹੜਾ ਆਪਣੇ ਵਿਚ ਕਿਸੇ ਦੀ ਸਿਫ਼ਤ ਰੱਖੇ ਅਤੇ ਉਹ ਸਿਫ਼ਤ ਅਧਿਕਤਰ ਜੰਗ ਸੰਬੰਧੀ ਹੋਵੇ, 'ਵਾਰ' ਅਖਵਾਉਣ ਲੱਗ ਪਿਆ। 'ਵਾਰ' ਦਾ ਅਰਥ ਇਹ ਹੀ ਕੱਢਿਆ ਜਾ ਸਕਦਾ ਹੈ ਕਿ ਉਹ ਕਾਵਿ-ਰਚਨਾ ਜਿਸ ਵਿਚ ਹੱਲੇ ਜਾਂ ਟੱਕਰ ਦੇ ਸੰਦਰਭ ਵਿਚ ਕਿਸੇ ਲੋਕ-ਪ੍ਰਿਯ ਵੀਰ ਨਾਇਕ ਦੀ ਸੂਰਬੀਰਤਾ ਦਾ ਬਿਰਤਾਂਤ ਲਿਖਿਆ ਹੋਵੇ ਅਤੇ ਜੋ ਪਾਠਕਾਂ ਜਾਂ ਸਰੋਤਿਆਂ ਨੂੰ ਉਤਸਾਹਿਤ ਕਰੇ, ਪੰਜਾਬੀ ਕਾਵਿ-ਰੂਪ 'ਵਾਰ' ਅਖਵਾਉਂਦਾ ਹੈ। ਵੀਰ-ਨਾਇਕ, ਲੋਕ-ਜੀਵਨ ਦੇ ਕਲਿਆਣ ਵਿਚ ਉਸ ਦਾ ਯੋਗਦਾਨ ਆਦਿ ਕਿਸੇ ਵਾਰ ਦੇ ਜ਼ਰੂਰੀ ਤੱਤ ਹਨ। ਟੱਕਰ ਸੂਖ਼ਮ ਅਤੇ ਸਥੂਲ ਦੋਹਾਂ ਤਰ੍ਹਾਂ ਦੀ ਹੀ ਹੋ ਸਕਦੀ ਹੈ।

ਟੱਕਰ ਜਾਂ ਸੰਘਰਸ਼ ਦੀ ਪ੍ਰਬਲਤਾ 'ਵਾਰ' ਦਾ ਮਹੱਤਵਪੂਰਨ ਅੰਗ ਹੈ। 'ਵਾਰ' ਦਾ ਮਨੋਰਥ ਹੁੰਦਾ ਹੈ ਪ੍ਰਭਾਵ ਪਾਉਣਾ। ਜਿਤਨਾ ਕਾਰਜ ਮਹਾਨ ਅਤੇ ਟੱਕਰ ਤਕੜੀ ਹੋਵੇਗੀ ਉਤਨਾ ਹੀ ਪ੍ਰਭਾਵ ਬੱਝਵਾਂ ਤੇ ਭਰਪੂਰ ਹੋਵੇਗਾ। ਇਸਦੇ ਨਾਲ ਹੀ 'ਵਾਰ' ਵਿਚ ਨਾਇਕ ਦੀ ਮਹਿਮਾ ਜਾਂ ਉਸਤਤ ਹੋਣੀ ਜ਼ਰੂਰੀ ਹੈ ਤਾਂ ਜੋ ਪਾਠਕ ਜਾਂ ਸਰੋਤੇ ਨਾਇਕ ਦੀ ਪਾਈ ਲੀਹ ਦੇ ਅਨੁਸਾਰ ਚੱਲ ਸਕਣ। ਪਰੰਤੂ ਜਸ ਗਾਇਣ ਦੇ ਨਾਲ-ਨਾਲ ਕਾਵਿ ਨਿਆਂ ਨੂੰ ਵੀ ਮੁੱਖ ਰੱਖਣਾ ਜ਼ਰੂਰੀ ਹੈ। ਜਸ ਦਾ ਚਿਤਰਣ ਤੁਲਣਾਤਮਕ ਹੋਣਾ ਜ਼ਰੂਰੀ ਹੈ। ਨਾਇਕ ਦੀ ਮਹਾਨਤਾ ਇਸ ਗੱਲ ਤੋਂ ਹੀ ਸਿੱਧ ਹੋਵੇਗੀ ਕਿ ਪ੍ਰਤੀਨਾਇਕ ਵੀ ਆਪਣੀ ਬਹਾਦਰੀ ਦਾ ਨਮੂਨਾ ਪੇਸ਼ ਕਰੇ। ਇਸ ਕਰਕੇ 'ਵਾਰ' ਵਿਚ ਨਾਇਕ ਦੀ ਬਹਾਦਰੀ ਦੇ ਨਾਲ-ਨਾਲ ਪ੍ਰਤੀਨਾਇਕ ਦੀ ਬਹਾਦਰੀ ਵੀ ਪੇਸ਼ ਕੀਤੀ ਜਾ ਸਕੇ। ਇਸ

ਵਿਚ ਫ਼ਰਕ ਇਤਨਾ ਹੋਵੇ ਕਿ ਨਾਇਕ ਦਾ ਮੰਤਵ ਉਸਾਰੂ ਹੋਵੇ ਅਤੇ ਪ੍ਰਤਿਨਾਇਕ ਦਾ ਮੰਤਵ ਆਪਣੀ ਤਾਕਤ ਨੂੰ ਸਮਾਜ ਦੇ ਅਪਕਰਸ਼ ਜਾਂ ਵਿਨਾਸ਼ ਲਈ ਵਰਤਣਾ ਹੋਵੇ।

ਵਿਸ਼ੇ ਅਤੇ ਰੂਪ ਦੇ ਪੱਖ ਤੋਂ 'ਵਾਰ' ਵਿਚ ਇਕਾਗਰਤਾ ਹੁੰਦੀ ਹੈ ਅਤੇ ਵਰਣਨ ਵਿਚ ਪ੍ਰਵਾਹ ਅਥਵਾ ਰਵਾਨੀ। ਕਿਤੇ ਵੀ ਕੋਈ ਇਹੋ-ਜਿਹਾ ਵਿਚਾਰ ਨਹੀਂ ਆਉਦਾ, ਜਿਹੜਾ ਨਾਇਕ ਦੀ ਪ੍ਰਤਿਪਾਦਿਤ ਸ਼ਖ਼ਸੀਅਤ ਦਾ ਵਿਰੋਧ ਕਰੇ ਜਾਂ ਉਸ ਬਾਰੇ ਪ੍ਰਗਟਾਏ ਵਿਚਾਰਾਂ ਸੰਬੰਧੀ ਉਲਝੇਵਾਂ ਪੈਦਾ ਕਰੇ ਨਾਇਕ ਦੇ ਜੀਵਨ ਵਿਚ ਕਈ ਪ੍ਰਕਾਰ ਦੀਆਂ ਘਟਨਾਵਾਂ ਵਾਪਰਦੀਆਂ ਹਨ, ਪਰ 'ਵਾਰ' ਵਿਚ ਸਾਰਾ ਜੀਵਨ ਵਿਚ ਕਈ ਪ੍ਰਕਾਰ ਦੀਆਂ ਘਟਨਾਵਾਂ ਵਾਪਰਦੀਆਂ ਹਨ, ਪਰ 'ਵਾਰ' ਵਿਚ ਸਾਰਾ ਜੀਵਨ ਨਾ ਲੈ ਕੇ ਕੇਵਲ ਉਹ ਘਟਨਾ ਜਾਂ ਪੱਖ ਹੀ ਉਲੀਕਿਆ ਜਾਂਦਾ ਹੈ ਜਿਸ ਦਾ ਵੀਰਤਾ ਤੋਂ ਅਨੁਪ੍ਰਾਣਿਤ ਸਮਾਜਿਕ ਮਹੱਤਵ ਹੋਵੇ ਅਤੇ ਜਿਸ ਤੋਂ ਢੁਕਵਾਂ ਪ੍ਰਭਾਵ ਉਪਜਾਇਆ ਜਾ ਸਕੇ।

'ਵਾਰ' ਵਿਚ ਪੁਰਾਤਨਤਾ ਦਾ ਅੰਸ਼ ਖ਼ਾਸ ਕਰਕੇ ਆਉਂਦਾ ਹੈ। ਸਮਾਜ ਦੀਆਂ ਬੀਤ ਚੁਕੀਆਂ ਉਸਾਰੂ ਘਟਨਾਵਾਂ ਦੀ ਵੀਰ-ਰਸੀ ਢੰਗ ਨਾਲ ਕੀਤੀ ਗਈ ਵਿਆਖਿਆ ਹੀ 'ਵਾਰ' ਦਾ ਵਿਸ਼ਾ ਰਿਹਾ ਹੈ। ਵਾਰਾਂ ਦੁਆਰਾ ਮਹਾਨ ਪੁਰਖਾਂ ਦਾ ਹਵਾਲਾ ਦੇ ਕੇ ਸਮਾਜ ਵਿਚ ਜਾਗ੍ਰਿਤੀ ਪੈਦਾ ਕੀਤੀ ਜਾਂਦੀ ਹੈ। 'ਵਾਰ' ਵਿਚ ਕਦੀ ਵੀ ਅਜਿਹੀ ਗੱਲ ਦਾ ਜ਼ਿਕਰ ਨਹੀਂ ਕੀਤਾ ਜਾਂਦਾ ਜੋ ਅਜੇ ਤਕ ਹੋਈ ਨਾ ਹੋਵੇ। ਵਾਪਰੀ ਘਟਨਾ ਦਾ ਵਰਣਨ ਕਰਕੇ ਅਨੁਕੂਲ ਜਾਂ ਪ੍ਰਤਿਕੂਲ ਨਵੀਂ ਘਟਨਾ ਘਟਾਉਣ ਲਈ ਯਤਨ ਕਰਨਾ ਹੀ 'ਵਾਰ' ਦਾ ਆਸ਼ਾ ਹੈ। ਪ੍ਰਭਾਵ ਲਈ 'ਵਾਰ' ਵਿਚ ਨਾਟਕੀ ਛੋਹਾਂ ਵੀ ਭਰ ਦਿੱਤੀਆਂ ਜਾਂਦੀਆਂ ਹਨ ਅਤੇ ਕਲ ਅਤੇ ਨਾਰਦ ਦਾ ਉਲੇਖ ਵੀ ਆਮ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸੰਬੋਧਨੀ ਢੰਗ ਵੀ 'ਵਾਰ' ਨੂੰ ਜ਼ਿਆਦਾ ਪ੍ਰਭਾਵਸ਼ਾਲੀ ਬਣਾਉਂਦਾ ਹੈ।

ਛੰਦ ਦੀ ਦ੍ਰਿਸ਼ਟੀ ਤੋਂ ਵਾਰ ਪਉੜੀਆਂ ਵਿਚ ਲਿਖੀ ਜਾਂਦੀ ਹੈ। ਇਨ੍ਹਾਂ ਦੋਹਾਂ ਦਾ ਹੁਣ ਪਰਸਪਰ ਪਰੰਪਰਾਗਤ ਸੰਬੰਧ ਕਾਇਮ ਹੋ ਚੁੱਕਿਆ ਹੈ। ਯੁੱਧ ਸੰਬੰਧੀ ਹੋਣ ਤੇ ਵੀ ਕੋਈ ਕਾਵਿ ਤਦ ਤਕ 'ਵਾਰ' ਨਹੀਂ ਬਣ ਸਕਦਾ ਜਦ ਤਕ ਉਸ ਦੀ ਰਚਨਾ ਪਉੜੀਆਂ ਵਿਚ ਨਾ ਹੋਈ ਹੋਵੇ। ਉਦਾਹਰਣ ਲਈ 'ਨਾਦਰਸ਼ਾਹ ਦੀ ਵਾਰ' ਨੂੰ 'ਨਾਦਰਸ਼ਾਹ ਦੀ ਪਉੜੀ' ਕਰਕੇ ਲਿਖਿਆ ਜਾਂਦਾ ਰਿਹਾ ਹੈ।

'ਪਉੜੀ' ਵਾਰ ਦਾ ਅਨਿੱਖੜ ਅੰਗ ਹੈ ਅਤੇ ਦੋਵੇਂ ਇਕ ਦੂਜੇ 'ਤੇ ਪਰਸਪਰ ਆਧਾਰਿਤ ਹਨ। 'ਪਉੜੀ' ਵੀ ਅੱਗੋਂ ਦੋ ਭੇਦਾਂ ਵਿਚ ਲਿਖੀ ਜਾਂਦੀ ਹੈ- 'ਸਿਰਖੰਡੀ' ਤੇ 'ਨਿਸ਼ਾਨੀ'। ਇਨ੍ਹਾਂ ਦੇ ਵੀ ਮਾਤ੍ਰਾ ਦੀ ਗਿਣਤੀ ਵਜੋਂ ਅੱਗੋਂ ਕਈ ਭੇਦ ਹਨ, ਪਰ ਵਿਸ਼ੇਸ਼ ਕਰਕੇ ਤਿੰਨ ਹੀ ਪ੍ਰਧਾਨ ਰਹੇ ਹਨ- 21, 22 ਅਤੇ 23 ਮਾਤ੍ਰਾਵਾਂ ਵਾਲੇ, ਜਿਨ੍ਹਾਂ ਵਿਚ ਕ੍ਰਮਵਾਰ 12, 9, 12, 10, 14, 9 ਤੇ ਬਿਸਰਾਮ ਆਉਂਦਾ ਹੈ ਪਰ ਕਈ ਵਾਰ ਪ੍ਰਭਾਵ ਨੂੰ ਜ਼ਿਆਦਾ ਉਘਾੜਨ ਲਈ ਪਉੜੀ ਦਾ ਅੰਤਲਾ ਚਰਣ ਛੋਟਾ ਕਰ ਦਿੱਤਾ ਜਾਂਦਾ ਹੈ ਜਿਵੇਂ 'ਭਾਈ ਗੁਰਦਾਸ ਜੀ ਦੀਆਂ ਵਾਰਾਂ' ਜਾਂ 'ਚੰਡੀ ਦੀ ਵਾਰ' ਵਿਚ। ਸਿਰਖੰਡੀ ਛੰਦ ਦੀ ਵਰਤੋਂ ਯੁੱਧ ਦੀ ਤੇਜ਼ੀ ਨੂੰ ਪ੍ਰਗਟਾਉਣ ਲਈ ਕੀਤੀ ਜਾਂਦੀ ਹੈ,

ਕਿਉਂਕਿ ਇਸ ਵਿਚ ਮੱਧ-ਅਨੁਪ੍ਰਾਸ ਦੀ ਵਰਤੋਂ ਨਾਲ ਅੰਤਲਾ ਤੁਕਾਂਤ ਬੇ-ਮੇਲ ਹੋ ਜਾਂਦਾ ਹੈ ਅਤੇ ਜਜ਼ਬਾ ਜ਼ਿਆਦਾ ਉਘੜਦਾ ਹੈ। ਇਸ ਨਾਲ 'ਵਾਰ' ਵਿਚ ਸਫ਼ੁਰਤੀ ਆਉਂਦੀ ਹੈ। ਵੀਰ-ਰਸੀ ਅਤੇ ਪ੍ਰਸ਼ੰਸਾਤਮਕ ਕਾਵਿ-ਰੂਪ ਕਾਰਣ ਵਾਰ ਵਿਚ ਅਤਿਕਥਨੀ ਅਲੰਕਾਰ ਜ਼ਿਆਦਾ ਵਰਤਿਆ ਜਾਂਦਾ ਹੈ। ਅੱਜ ਦੇ ਯਥਾਰਥਵਾਦੀ ਯੁਗ ਵਿਚ ਇਸ ਅਲੰਕਾਰ ਦੀ ਵਰਤੋਂ ਭਾਵੇਂ ਘੱਟ ਹੁੰਦੀ ਹੈ, ਪਰ ਪੁਰਾਤਨ ਰਚਨਾਵਾਂ ਵਿਚ ਅਲੰਕਾਰ ਦਾ ਵਿਸ਼ੇਸ਼ ਮਹੱਤਵ ਸੀ। 'ਚੰਡੀ ਦੀ ਵਾਰ' ਵਿਚ ਇਸ ਅਲੰਕਾਰ ਨੂੰ ਬੜੇ ਸੁੰਦਰ ਢੰਗ ਨਾਲ ਨਿਭਾਇਆ ਗਿਆ ਹੈ। 'ਵਾਰ' ਵਿਚ ਆਮ ਕਰਕੇ ਵੀਰ-ਰਸ ਹੀ ਪ੍ਰਧਾਨ ਅਥਵਾ ਅੰਗੀ ਰਸ ਹੁੰਦਾ ਹੈ। ਜਦੋਂ ਵਾਰ ਦੁਨਿਆਵੀ ਯੁੱਧ ਬਾਰੇ ਹੋਵੇ ਤਾਂ ਰੌਦਰ-ਰਸ, ਹਾਸ-ਰਸ ਤੇ ਵੀਭਤਸ-ਰਸ ਵੀ ਨਾਲ-ਨਾਲ ਚਲਦੇ ਹਨ, ਪਰ ਗੌਣ ਰੂਪ ਵਿਚ। ਅਧਿਆਤਮਕ ਵਾਰਾਂ ਵਿਚ ਸ਼ਾਂਤ-ਰਸ ਅੰਗੀ ਹੁੰਦਾ ਹੈ। ਨਜਾਬਤ ਨੇ 'ਨਾਦਾਰਸ਼ਾਹ ਦੀ ਵਾਰ' ਵਿਚ ਹਾਸ-ਰਸੀ ਛੋਹਾਂ ਕਮਾਲ ਦੀਆਂ ਪੇਸ਼ ਕੀਤੀਆਂ ਹਨ। 'ਵਾਰ' ਯੁੱਧ ਕਾਵਿ ਨੂੰ ਕਿਹਾ ਜਾਂਦਾ ਹੈ। ਪੌੜੀ ਛੰਦ ਇਸਦਾ ਰੂਪ ਹੈ। ਇਸ ਕਾਵਿ-ਰੂਪ ਨੇ ਪੰਜਾਬ ਤੇ ਰਾਜਸਥਾਨ ਵਿਚ ਜਨਮ ਲਿਆ। ਵਾਰ ਸੰਬੰਧੀ ਕੁਝ ਮਹੱਤਵਪੂਰਨ ਗੱਲਾਂ ਇਸ ਪ੍ਰਕਾਰ ਹਨ :

1. 'ਵਾਰ' ਸ਼ਬਦ, ਹੱਲਾ ਕਰਨ, ਸੱਟ ਮਾਰਨ, ਬਦਲਾ ਲੈਣ, ਵਾਰੀ ਲਾਹੁਣ, ਕੁਰਬਾਨ ਜਾਂ ਸਦਕੇ ਜਾਣ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਡਿਊਢ, ਕੁੰਡਲੀਆਂ ਛੰਦ ਵੀ ਵਰਤੇ ਹਨ। ਮੁਸਲਮਾਨ ਕਵੀਆਂ ਨੇ ਇਸ ਦੀ ਸੀਹਰਫ਼ੀਆਂ ਵਿਚ ਵੀ ਰਚਨਾ ਕੀਤੀ ਹੈ।

2. ਇਹ ਬ੍ਰਜ ਭਾਸ਼ਾ ਦੇ ਨਰਾਜ਼ ਤੇ ਭੁਯੰਗ ਪਰਿਆਤ ਛੰਦ ਵਾਂਗ ਪੰਜਾਬੀ ਨੂੰ ਚਮਕਾਉਂਦਾ ਹੈ। ਇਹਨਾਂ ਵਿਚ ਮਾਤ੍ਰਾ 8 ਤੋਂ 42 ਤਕ ਹੁੰਦੀ ਹੈ।

3. ਵਾਰ 4 ਪੌੜੀਆਂ ਦੀ ਵੀ ਹੋ ਸਕਦੀ ਹੈ ਅਤੇ 40 ਪੌੜੀਆਂ ਦੀ ਵੀ।

4. ਪਾਉੜੀ ਜਾਂ ਛੰਦ ਰੂਪ ਦੇ ਆਧਾਰ 'ਤੇ ਹੀ ਵਾਰ ਅਤੇ ਜੰਗਨਾਮੇ ਨੂੰ ਨਿਖੇੜਿਆ ਜਾ ਸਕਦਾ ਹੈ।

5. ਢਾਢੀ ਦਾਸ ਵਖਾਣੀ ਪਡੀ ਰਾਮ ਦੀ
ਥੀਰਤਿ ਦਾਸ ਸੁਣਾਈ ਪੜਿ ਪੜਿ ਪੜੀਆਂ
ਦਾਸ ਗੁਲਾਮ ਸੁਣਾਈ ਪੜੀ ਜਸ ਦੀ,
ਦਾਸ ਥੀਆ ਕੁਰਬਾਣੇ ਪੜੀ ਆਖ ਆਖ

(ਜਸੋਧਾ ਨੰਦਨ 'ਲਵ ਕੁਸ਼ ਦੀ ਵਾਰ')

6. ਇਸ ਤਰ੍ਹਾਂ ਪੌੜੀ ਜਾਂ ਪਉੜੀ ਦਾ ਬਾਰ-ਬਾਰ 'ਪੜ੍ਹਨਾ' ਤੇ ਆਖਣਾ ਅਥਵਾ ਗਾਉਣਾ ਜ਼ਰੂਰੀ ਹੈ।

7. ਪਉੜੀ ਵਿਚਲੇ ਤੁਕਾਂਤ ਦੇ ਦੋ ਰੂਪ ਪ੍ਰਚਲਿਤ ਹਨ, ਅਰਥਾਤ ਅੰਤ ਤੁਕਾਂਤ ਤੇ ਮਧ-ਤੁਕਾਂਤ। ਨਜਾਬਤ ਨੇ ਦੋਵੇਂ ਤੁਕਾਂਤ ਰੂਪ ਵਰਤੇ ਹਨ।

8. ਆਦਿ ਗ੍ਰੰਥ ਵਾਲੀਆਂ 22 ਵਾਰਾਂ ਪਾਉੜੀਆਂ ਵਿਚ ਹਨ। ਪਾਉੜੀ ਦੇ ਨਾਲ ਦਿੱਤੇ ਸ਼ਲੋਕ 'ਵਾਰ' ਦੇ ਵਿਚਾਰਾਂ ਵਿਚ ਕਈ ਵਾਧਾ ਨਹੀਂ ਕਰਦੇ, ਕੇਵਲ ਪਾਉੜੀ ਦੇ ਭਾਵਾਂ ਦੀ ਪ੍ਰੋੜਤਾ ਕਰਦੇ ਹਨ।

9. ਪਾਉੜੀ ਵਿਚ ਕਲੂ ਤੇ ਨਾਰਦ ਦਾ ਸੰਬਾਦ ਹੁੰਦਾ ਹੈ, ਜਿਸ ਤੋਂ ਯੁਧ ਦਾ ਕਾਰਨ ਤੇ ਮੂਲ ਬੱਝਦਾ ਹੈ ਤੇ ਜੰਗ ਦੀ ਪ੍ਰੇਰਨਾ ਹੁੰਦੀ ਹੈ।

10. ਵਾਰ ਵਿਚ ਵਿਅਕਤੀ ਨਾਲੋਂ ਜਾਤੀ ਨੂੰ ਵਧੇਰੇ ਮਹੱਤਤਾ ਹੁੰਦੀ ਹੈ।

11. ਵਾਰਾਂ ਵਿਚ ਧੁਨੀਆਂ ਨਿਸ਼ਚਿਤ ਹੁੰਦੀਆਂ ਹਨ। ਢੱਡ, ਰਬਾਬ ਤੇ ਸਾਰਗਾ, ਵਾਰ ਗਾਉਣ ਦੇ ਸਾਜ਼ ਹਨ।

12. ਮੁਗਲਈ ਜਾਂ ਨਾਨਕ ਕਾਲ ਤੋਂ ਪਹਿਲਾਂ ਦੀਆਂ ਛੇ ਵਾਰਾਂ ਪ੍ਰਸਿੱਧ ਹਨ, ਜਿੰਨ੍ਹਾਂ ਬਾਰੇ ਡਾ: ਗੋਪਾਲ ਸਿੰਘ ਦਰਦੀ ਲਿਖਦੇ ਹਨ– ਕੁਝ ਇਕ ਵਾਰਾਂ ਉਨ੍ਹਾਂ ਵਿਚ ਮੁਗਲਈ ਸਮੇਂ ਤੋਂ ਪਹਿਲਾਂ ਦੀਆਂ ਹਨ : ਰਾਏ ਕਮਾਲ ਦੀ ਮੌਜਦੀ ਕੀ ਵਾਰ, ਟੁੰਡੇ ਅਸਰਾਜੇ ਦੀ ਵਾਰ, ਸਿਕੰਦਰ ਇਬਰਾਹੀਮ ਦੀ ਵਾਰ, ਲਲਾ ਬਹਿਲੀਮਾ ਦੀ ਵਾਰ, ਹਸਨੇ ਮਹਿਮੇ ਦੀ ਵਾਰ। ਇਨ੍ਹਾਂ ਵਾਰਾਂ ਬਾਰੇ ਪੂਰਾ ਵੇਰਵਾ ਡਾ. ਚਰਨ ਸਿੰਘ ਕ੍ਰਿਤ 'ਬਾਣੀ ਬਿਉਰਾ' ਵਿਚ ਮਿਲਦਾ ਹੈ।

13. ਭਾਈ ਕਾਨ੍ਹ ਸਿੰਘ ਜੀ ਨੇ ਇਨ੍ਹਾਂ ਛੇ ਪ੍ਰਾਚੀਨ ਵਾਰਾਂ ਦੀਆਂ ਧੁਨੀਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ।

14. ਰਾਏ ਕਮਾਲ ਦੀ ਮੌਜਦੀ ਕੀ ਵਾਰ : ਇਹ ਪੰਜ ਤੁਕੀ ਪਾਉੜੀਆਂ ਦੀ ਵਾਰ ਹੈ ਇਸ ਨੂੰ ਗੁਰੂ ਅਰਜਨ ਸਾਹਿਬ ਨੇ 'ਗਾਉੜੀ ਕੀ ਵਾਰ ਮਹਲਾ 5' ਤੇ ਚੜ੍ਹਾਇਆ ਹੈ ਜੋ ਇਸ ਪ੍ਰਕਾਰ ਹੈ :

ਜੋ ਤੁਧ ਭਾਵੈ ਸੋ ਭਲਾ
ਸਚੁ ਤੇਰਾ ਭਾਣਾ।

15. ਟੁੰਡੇ ਅਸੁਰਾਜੇ ਕੀ ਧੁਨੀ : ਇਸ ਵਾਰ ਦੀ ਹਰ ਪਉੜੀ ਪੰਜ ਤੁਕੀ ਹੈ। ਇਸ ਨੂੰ 'ਆਸਾ ਦੀ ਵਾਰ' ਮਹਲਾ 1 ਦੀ ਪੰਜ ਤੁਕੀ ਪਉੜੀ ਦੀ ਧੁਨੀ ਨਾਲ ਮਿਲਾਇਆ ਜੋ ਇਸ ਪ੍ਰਕਾਰ ਆਰੰਭ ਹੁੰਦੀ ਹੈ :

'ਆਪਣੇ ਆਪ ਸਾਜਿਓ
ਆਪੀਨੈ ਰਚਿਓ ਨਾਓ'

16. ਸਿਕੰਦਰ ਇਬਰਾਹੀਮ ਦੀ ਵਾਰ : ਇਸ ਧੁਨੀ ਨੂੰ ਗੁਜਰੀ ਕੀ ਵਾਰ ਮਹਲਾ 3 ਤੇ ਚੜ੍ਹਾਇਆ ਗਿਆ। ਇਹ ਪੰਜ ਤੁਕੀ ਪਉੜੀ ਦੀ ਵਾਰ ਹੈ, ਜੋ ਇਸ ਪ੍ਰਕਾਰ ਆਰੰਭ ਹੁੰਦੀ ਹੈ :

'ਆਪਣਾ ਆਪ ਉਪਾਇਓਨੁ
ਤਦਹੁ ਹੋਰ ਨ ਕੋਈ।'

17. ਲਲਾ ਬਹਿਲੀਮਾ ਕੀ ਵਾਰ : ਇਹ ਛੇ ਤੁਕੀ ਪਉੜੀ ਦੀ ਵਾਰ ਹੈ। ਆਦਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਡਹੰਸ ਕੀ ਵਾਰ ਮ: 3 ਦੀ ਧੁਨੀ ਇਸੇ ਛੇ ਤੁਕੀ ਵਾਰ ਦੀ ਧੁਨੀ ਨਾਲ ਮਿਲਾਈ ਗਈ ਗਈ, ਜਿਸ ਦੀ ਪਉੜੀ ਇਉਂ ਆਰੰਭ ਹੁੰਦੀ ਹੈ :

'ਤੂੰ ਆਪੇ ਹੀ ਆਪ ਆਪਿ ਹੈ
ਆਪਿ ਕਾਰਣ ਕੀਆ'

18. ਹਸਨੇ ਮਹਿਮੇ ਦੀ ਵਾਰ : ਇਹ ਵੀ ਪੰਜ ਤੁਕੀ ਪਉੜੀ ਦੀ ਵਾਰ ਹੈ। ਇਸ ਦੀ ਧੁਨੀ ਨੂੰ ਸਾਰੰਗ ਕੀ ਵਾਰ ਮ:4 ਨਾਲ ਮਿਲਾਇਆ ਗਿਆ, ਜਿਸ ਦੀ ਪਉੜੀ ਇਸ ਪ੍ਰਕਾਰ ਸ਼ੁਰੂ ਹੁੰਦੀ ਹੈ :

'ਆਪੇ ਆਪਿ ਨਿਰੰਜਨਾ,
ਜਿਨਿ ਆਪੁ ਉਪਾਇਆ।'

19. ਮੂਸੇ ਕੀ ਵਾਰ : ਇਹ ਪੰਜ-ਤੁਕੀ ਪਉੜੀ ਦੀ ਵਾਰ ਹੈ। ਇਸ ਦੀ ਧੁਨੀ ਨਾਲ 'ਕਾਨੜਾ ਵਾਰ ਮ: 4' ਦੀ ਪੰਜ ਤੁਕੀ ਪਉੜੀ ਦੀ ਧੁਨੀ ਮਿਲਾਕੇ ਸਤਿਗੁਰਾਂ ਨੇ ਗਾਉਣ ਦੀ ਧਾਰਣਾ ਥਾਪੀ ਵਾਰ ਇਸ ਪ੍ਰਕਾਰ ਸ਼ੁਰੂ ਹੁੰਦੀ ਹੈ :

'ਤੂ ਆਪੇ ਹੀ ਸਿਧ ਸਾਧਕ,
ਤੂ ਆਪੇ ਹੀ ਜੁਗ ਜਗੀਆ।'

20. ਇਹ ਛੇ ਵਾਰਾਂ ਦੀ ਵਾਰਤਾ 'ਮਹਾਨ ਕੋਸ਼' ਵਿਚ ਲਈ ਗਈ ਹੈ। ਇਹ ਛੇ ਵਾਰਾਂ ਪੂਰਵ-ਨਾਨਕ ਕਾਲ ਦੀਆਂ ਰਚਨਾਵਾਂ ਮੰਨੀਆਂ ਗਈਆਂ ਹਨ।

21. ਇਨ੍ਹਾਂ ਵਾਰਾਂ ਵਿਚ ਅਰਬੀ ਫ਼ਾਰਸੀ ਦੇ ਸ਼ਬਦ ਮਿਲਦੇ ਹਨ, ਇਨ੍ਹਾਂ ਵਾਰਾਂ ਦੀ ਬੋਲੀ ਨੂੰ 'ਲਾਹੌਰੀ ਜਾਂ ਮੁਲਤਾਨੀ ਵੀ ਕਿਹਾ ਜਾਂਦਾ ਹੈ।

22. ਅਕਬਰ ਰਾਜ ਸਮੇਂ ਦੀਆਂ ਤਿੰਨ ਵਾਰਾਂ ਹੋਰ ਵੀ ਮਿਲਦੀਆਂ ਹਨ, ਜਿੰਨ੍ਹਾਂ ਦਾ ਜ਼ਿਕਰ 'ਬਾਣੀ ਬਿਉਰਾ' ਤੇ 'ਮਹਾਨ ਕੋਸ਼' ਵਿਚ ਵੀ ਆਉਂਦਾ ਹੈ :-

(1) ਮਲਕ ਮੁਰੀਦ ਚੰਦਰਹੜਾ ਦੀ ਵਾਰ (ਅਕਬਰ ਦੇ ਦੋ ਸਰਦਾਰਾਂ ਵਿਚ ਜੰਗ ਦਾ ਵਰਣਨ)

(2) ਜੋਧੇ ਪੂਰਬਾਣੀ ਦੀ ਵਾਰ (ਰਾਜਪੂਤਾਂ ਤੇ ਅਕਬਰ ਵਿਚਕਾਰ)

(3) ਰਾਣਾ ਕੈਲਾਸ਼ ਦੇਵ ਮਾਲਦੇ ਦੀ ਵਾਰ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਕਵੀ ਸਨ। ਇਸ ਲਈ ਕਵੀਆਂ ਦੀ ਮਹਾਨਤਾ ਨੂੰ ਸਮਝਦੇ ਹੋਏ ਆਪ ਜੀ ਦੇ ਦਰਬਾਰ ਵਿਚ 52 ਕਵੀ ਸਨ। ਆਪ ਨੇ ਉਨ੍ਹਾਂ ਕਵੀਆਂ ਤੋਂ ਰਾਮਾਇਣ, ਮਹਾਭਾਰਤ ਅਤੇ ਪੌਰਾਣਿਕ ਕਥਾਵਾਂ ਨੂੰ ਭਾਖਾ ਵਿਚ ਲਿਖਵਾਇਆ, ਤਾਂ ਜੋ ਪੰਜਾਬ-ਵਾਸੀ ਭੂਤਕਾਲ ਦੇ ਭਾਰਤੀ ਵੀਰਾਂ ਦੇ ਜੀਵਨ-ਚਰਿਤਰਾਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਸਕਣ। ਯੁੱਧ ਭੂਮੀ ਨੂੰ ਜਾਣ ਵੇਲੇ ਯੁੱਧ-ਵੀਰ ਸਿੱਖਾਂ ਦੇ ਮਨ ਵਿਚ ਮਚਦੀ ਅੱਗ ਨੂੰ ਭੜਕਾਉਣ ਲਈ ਅਤੇ ਉਨ੍ਹਾਂ ਦੇ ਦਿਲਾਂ ਵਿਚ ਵੀਰ ਭਾਵਨਾ ਦਾ ਸੰਚਾਰ ਕਰਨ ਲਈ ਦਸਮ ਗ੍ਰੰਥ ਗੁਰੂ ਜੀ ਦੀ ਆਪਣੀ ਅਤੇ ਕਵੀਆਂ ਦੀ

ਵੀਰ-ਰਸਮਈ ਬਾਣੀ ਨਾਲ ਆਕਾਸ਼-ਮੰਡਲ ਗੂੰਜ ਉਠਿਆ। ਸਾਧਾਰਣ ਤੋਂ ਸਾਧਾਰਣ ਵਿਅਕਤੀ ਉਤੇ ਇਸ ਬਾਣੀ ਦਾ ਕੀ ਪ੍ਰਭਾਵ ਪਿਆ, ਇਸ ਦੀ ਕੁਝ ਜਾਣਕਾਰੀ ਭੰਗਾਣੀ ਤੋਂ ਹੀ ਮਿਲ ਸਕਦੀ ਹੈ। ਇਸ ਪ੍ਰਕਾਰ 'ਚੰਡੀ ਦੀ ਵਾਰ' ਗੁਰੂ ਗੋਬਿੰਦ ਸਿੰਘ ਜੀ ਦੀ ਇਕ ਉੱਤਮ ਵਾਰ ਹੈ ਜਿਸ ਦਾ ਉਦੇਸ਼ ਸਿੱਖਾਂ ਵਿਚ ਇਕ ਨਵਾਂ ਜੋਸ਼ ਤੇ ਉਮਾਹ ਭਰਨਾ ਸੀ।

## ਚੰਡੀ ਦੀ ਵਾਰ

ਇਹ ਮਾਰਕੰਡੇ ਪੁਰਾਣ (ਅਧਿਆਇ 81-94) ਦੀ 'ਦੁਰਗਾ ਸਪਤਸ਼ਤੀ' 'ਤੇ ਆਧਾਰਿਤ ਹੈ। ਇਸ ਬਾਰੇ ਕਵੀ ਨੇ ਖ਼ੁਦ ਅੰਤ ਉੱਤੇ ਸੰਕੇਤ ਕਰ ਦਿੱਤਾ ਹੈ- 'ਦੁਰਗਾ ਪਾਠ ਬਣਾਇਆ ਸਭੇ ਪਉੜੀਆਂ'। 'ਚੰਡੀ ਦੀ ਵਾਰ' ਵਿਚ ਮਾਰਕੰਡੇ-ਪੁਰਾਣ ਤੋਂ ਕੇਵਲ ਕਥਾ-ਸੂਤਰ ਲਏ ਗਏ ਹਨ। ਚੰਡੀ ਦਾ ਚਰਿਤਰ ਸਾਡੇ ਨਿੱਤ ਦੇ ਜੀਵਨ-ਆਦਰਸ਼ ਅਤੇ ਵੀਰ ਭਾਵਨਾ ਦਾ ਪ੍ਰਤੀਕ ਹੈ ਕਿਉਂਕਿ ਇਹ ਕਹਾਣੀ ਸਾਡੇ ਵਿਚਲੀ ਭੀਰੂ ਭਾਵਨਾ ਜਾਂ ਸ਼ਿਥਲਤਾ ਦੇ ਸਮਾਧਾਨ ਲਈ ਪਤਾ ਨਹੀਂ ਕਦੋਂ ਤੋਂ ਚਲੀ ਆ ਰਹੀ ਹੈ ਅਤੇ ਅਨੇਕ ਕਵੀਆਂ ਨੇ ਆਦਿ-ਸ਼ਕਤੀ ਦੁਰਗਾ ਦੇ ਵਿਵਰਣ ਅਧਿਆਤਮਕ, ਸ਼ਰਧਾਤਮਕ ਅਤੇ ਵੀਰ-ਪਰਕ ਭਾਵਨਾਵਾਂ ਨਾਲ ਵਿਭਿੰਨ ਰੂਪਾਂ ਵਿਚ ਪੇਸ਼ ਕੀਤੇ ਹਨ। ਸਤਾਰ੍ਹਵੀਂ ਸਦੀ ਵਿਚ ਪਹੁੰਚਣ 'ਤੇ ਇਸ ਚਰਿਤ-ਕਥਾ ਨੂੰ ਸਮਕਾਲੀ ਆਵੱਸ਼ਕਤਾਵਾਂ ਦੀਆਂ ਸੀਮਾਵਾਂ ਅਤੇ ਨਵੇਂ ਯੁਗ ਦੇ ਵਾਤਾਵਰਣ ਅਨੁਰੂਪ ਆਕਾਰ-ਪ੍ਰਕਾਰ ਕੀਤਾ ਗਿਆ ਹੈ। ਇਸੇ ਸੰਦਰਭ ਵਿਚ ਕਈ ਨਵੀਨ ਉਦਭਾਵਨਾਵਾਂ ਵੀ ਕੀਤੀਆਂ ਗਈਆਂ ਹਨ। ਇਥੇ ਦੇਵੀ ਦੇਵਤਿਆਂ ਦੇ ਸੁਆਸਾਂ ਅਥਵਾ ਅਗਨੀ-ਲਾਟਾਂ ਤੋਂ ਨਿਰਮਿਤ ਹੋਈ ਕੋਈ ਕਾਲਪਨਿਕ ਸ਼ਖ਼ਸੀਅਤ ਨਹੀਂ ਹੈ, ਸਗੋਂ ਹੱਡ-ਮਾਸ ਦੀ ਜੀਵੰਤ ਨਾਰੀ ਹੈ ਜਿਸ ਨੇ ਸਮਾਜ ਦੀਆਂ ਹਾਰੀਆਂ ਹੋਈਆਂ ਸ਼ਕਤੀਆਂ ਵਿਚ ਨਵੀਂ ਪ੍ਰੇਰਣਾਂ, ਉਤਸਾਹ ਅਤੇ ਸਫ਼ੂਰਤੀ ਭਰੀ ਹੈ।

'ਚੰਡੀ ਦੀ ਵਾਰ' ਦਾ ਵਸਤੂ-ਵਿਧਾਨ 'ਦੁਰਗਾ ਸਪਤਸ਼ਤੀ' ਤੋਂ ਸੁਤੰਤਰ ਅਤੇ ਨਵੀਨ ਹੈ। 'ਦਸਮ-ਗ੍ਰੰਥ' (ਸਿਵਾਏ ਸ਼ਬਦਾਰਥ ਦਸਮ ਗ੍ਰੰਥ ਸਾਹਿਬ') ਦੀਆਂ ਪ੍ਰਕਾਸ਼ਿਤ ਅਤੇ ਬਹੁਤੀਆਂ ਹੱਥ ਲਿਖਤ ਬੀੜਾਂ ਵਿਚ ਇਹ ਇਕ ਇਕਾਈ ਦੇ ਰੂਪ ਵਿਚ ਦਰਜ ਹੈ, ਕਿਸੇ ਪ੍ਰਕਾਰ ਦੀ ਕੋਈ ਅਧਿਆਇ-ਵੰਡ ਨਹੀਂ ਕੀਤੀ ਗਈ। ਪਰ ਪਟਨਾ ਸਾਹਿਬ ਦੇ ਸ਼੍ਰੀ ਹਰਿਮੰਦਿਰ ਦੇ ਤੋਸ਼ਾਖਾਨਾ ਵਿਚ ਪਈ ਇਕ ਬੀੜ (ਤਥਾਕਥਿਤ 'ਖ਼ਾਸ-ਬੀੜ) ਵਿਚ ਇਸ ਦੀ ਛੇ ਅਧਿਆਵਾਂ ਵਿਚ ਵੰਡ ਕੀਤੀ ਹੋਈ ਹੈ।

ਇਸ ਰਚਨਾ ਵਿਚ ਕਥਾ-ਅੰਸ਼ ਗੌਣ ਹੈ, ਸੰਘਰਸ਼ ਪੱਖ ਦੀ ਪ੍ਰਧਾਨਤਾ ਹੈ। ਦੇਵੀ ਦੈਂਤ-ਸਮੂਹ ਨਾਲ ਵੀ ਲੜਦੀ ਹੈ ਅਤੇ ਇਕੱਲੇ ਦੈਂਤ-ਨਾਇਕ ਨਾਲ ਵੀ ਜੋ ਸੁੰਦਰ ਦੁਅੰਦ-ਯੁੱਧ ਦਾ ਸਜੀਵ ਦ੍ਰਿਸ਼ ਬਣ ਜਾਂਦਾ ਹੈ। ਇਸ ਵਿਚ ਦੇਵੀ ਦੀ ਸ਼ਾਸਤਰਾਂ/ਅਸ਼ਤਰਾਂ ਦੇ ਪ੍ਰਯੋਗ ਵਿਚ ਨਿਪੁੰਨਤਾ ਵੇਖਦਿਆਂ ਬਣਦੀ ਹੈ। 'ਚੰਡੀ ਦੀ ਵਾਰ' ਵੀਰ ਰਸ ਦੀ ਖਾਣ ਹੈ। ਇਸ ਵਿਚ ਯੁੱਧ ਪ੍ਰਤਿ ਮੋਹ ਦੀ ਭਾਵਨਾ ਪੈਦਾ ਕੀਤੀ ਗਈ ਹੈ। ਯੁੱਧ ਤਿਆਗਣ ਦੀ ਨਹੀਂ ਸਵੀਕਾਰਨ ਦੀ ਚੀਜ਼ ਹੈ। ਇਸ ਉਦੇਸ਼ ਦੀ

ਸਿੱਧੀ ਲਈ ਕਵੀ ਨੇ ਅਲੰਕਾਰਾਂ ਦੀ ਸਹਾਇਤਾ ਲਈ ਹੈ। ਇਸ ਵਾਰ ਵਿਚ ਅਲੰਕਾਰਾਂ ਦੀ ਭਰਮਾਰ ਹੈ। ਅਨੁਪ੍ਰਾਸ ਅਲੰਕਾਰ ਦੇ ਮਹਾਂ ਕਵੀ ਨੇ ਸਾਰੇ ਭੇਦਾਂ ਨੂੰ ਵਰਤਿਆ ਹੈ। ਇਸ ਤੋਂ ਇਲਾਵਾ ਯਮਕ, ਵੀਪਸਾ ਅਤੇ ਪੁਨਰੁਕਤੀ ਅਲੰਕਾਰਾਂ ਦੀ ਵਰਤੋਂ ਵੀ ਕੀਤੀ ਗਈ ਹੈ।

'ਚੰਡੀ ਦੀ ਵਾਰ' ਵਿਚ ਕੁਲ 54 ਪਉੜੀਆਂ ਅਤੇ ਇਕ ਦੋਹਰਾ (ਛੰਦਾਂਕ6) ਹੈ। ਇਹ ਦੋਵੇਂ ਮਾਤ੍ਰਿਕ ਛੰਦ ਹਨ। ਪਉੜੀ ਦੇ ਵੀ ਦੋ ਭੇਦ ਵਰਤੇ ਗਏ ਹਨ-ਸਿਰਖੰਡੀ ਅਤੇ ਨਿਸ਼ਾਨੀ। ਇਸ ਭੇਦ ਦੀ ਮੂਲ ਪਛਾਣ ਮੱਧ-ਅਨੁਪ੍ਰਾਸ ਦਾ ਮੇਲ ਅਤੇ ਤੁਕਾਂਤ ਬੇਮੇਲ ਹੁੰਦਾ ਹੈ। ਇਸ ਦੇ ਵੀ ਅੱਗੋਂ ਚਾਰ ਉਪਭੇਦ ਇਸ ਵਾਰ ਵਿਚ ਮਿਲਦੇ ਹਨ। ਇਸੇ ਪ੍ਰਕਾਰ ਵਿਦਵਾਨਾਂ ਦੀ ਧਾਰਨਾ ਹੈ ਕਿ ਪੰਜਾਬੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਉੜੀ ਦੇ ਇਸ ਭੇਦ ਦੀ ਵਰਤੋਂ ਦਾ ਆਰੰਭ ਕੀਤਾ ਸੀ।

ਸਮੁੱਚੇ ਤੌਰ 'ਤੇ 'ਚੰਡੀ ਦੀ ਵਾਰ' ਪੰਜਾਬੀ ਭਾਸ਼ਾ ਅਤੇ ਵੀਰ-ਕਾਵਿ ਪਰੰਪਰਾ ਦੀ ਗੌਰਵਮਈ ਰਚਨਾ ਹੈ। ਇਹ ਪਰਵਰਤੀ ਸਾਹਿਤਕਾਰਾਂ ਲਈ ਇਕ ਮਾਡਲ ਦਾ ਕੰਮ ਕਰਦੀ ਹੈ। ਇਸ ਦੀ ਉਦੇਸ਼-ਸਿੱਧੀ ਪੰਜਾਬੀ ਸਭਿਆਚਾਰ ਵਿਚ ਆਈ ਨਵੀਂ ਸਫ਼ਲਤਾਪੂਰਵਕ ਰੂਪਾਂਤਰਣ ਕਰਕੇ ਉਸ ਨੂੰ ਸਮੇਂ ਦਾ ਹਾਣੀ ਬਣਾਇਆ ਹੈ ਅਤੇ ਸਮਕਾਲੀ ਸਮੱਸਿਆਵਾਂ ਦਾ ਸਮਾਧਾਨ ਕਰਵਾਇਆ ਹੈ। ਇਸ ਨਾਲ ਪੰਜਾਬੀ ਸਾਹਿਤ ਵਿਚ ਆਤਮ-ਰੱਖਿਆ ਅਤੇ ਸੁਤੰਤਰਤਾ ਦੀ ਭਾਵਨਾ ਨੂੰ ਜਗਾਈ ਰੱਖਣ ਦੀ ਪ੍ਰਵਿਰਤੀ ਦਾ ਵਿਕਾਸ ਹੋਇਆ ਹੈ ਅਤੇ ਆਪਣੇ ਸਭਿਆਚਾਰ ਪ੍ਰਤਿ ਜਾਗਰੂਕਤਾ ਪੈਦਾ ਹੁੰਦੀ ਹੈ।

**ਨਜਾਬਤ**

ਮੁਗਲਾਂ ਦੇ ਦਿੱਲੀ ਦੇ ਤਖ਼ਤ ਕਮਜ਼ੋਰ ਪੈ ਜਾਣ ਕਰਕੇ ਪੂਰੇ ਹਿੰਦੋਸਤਾਨ ਵਿਚ ਅਸਥਿਰਤਾ ਵਾਲਾ ਮਾਹੌਲ ਪੈਦਾ ਹੋ ਗਿਆ ਸੀ। ਇਸੇ ਦੌਰ ਵਿਚ ਇਕ ਘਟਨਾ ਨਾਦਰ ਸ਼ਾਹ ਦਾ ਦਿੱਲੀ ਉੱਪਰ ਹਮਲਾ ਹੈ। ਨਾਦਰਸ਼ਾਹ ਦੇ ਹਮਲੇ ਦਾ ਬਿਆਨ ਨਜਾਬਤ ਦੀ ਲਿਖੀ ਹੋਈ ਵਾਰ ਵਿਚੋਂ ਮਿਲਦਾ ਹੈ। ਨਜਾਬਤ ਦੀ ਵਾਰ ਅਰਥਾਤ 'ਨਜਾਬਤ ਰਚਿਤ ਵਾਰ ਨਾਦਰ ਸ਼ਾਹ' ਵਿਚ ਸਮਕਾਲੀ ਰਾਜਨੀਤੀ ਅਤੇ ਰਾਜਨੀਤਕ ਜੀਵਨ ਸੰਬੰਧੀ ਕਈ ਪ੍ਰਕਾਰ ਦੇ ਸੰਕੇਤ ਮਿਲਦੇ ਹਨ। ਇਸ ਵਾਰ ਦੀਆਂ ਆਰੰਭਿਕ ਤੁਕਾਂ ਤੋਂ ਹੀ ਸਮਕਾਲੀ ਸਥਿਤੀ ਦਾ ਪਤਾ ਲੱਗ ਜਾਂਦਾ ਹੈ :

> ਜ਼ੁਲਮ ਜ਼ਿਮੀ ਤੇ ਵਰਤਿਆ, ਕੂੜ ਮਕਰ ਬਹਾਨਾ।
> ਭਾਜੀ ਦਗੇ ਫ਼ਰੇਬ ਦੀ, ਵਿਚ ਫਿਰੀ ਜਹਾਨਾਂ।

ਨਾਦਰ ਸ਼ਾਹ ਦੁਆਰਾ ਲਿਖੀ ਇਹ ਵਾਰ ਪੰਜਾਬੀ ਸਾਹਿਤ ਦੀਆਂ ਉਨ੍ਹਾਂ ਲਿਖਤਾਂ ਵਿਚੋਂ ਇਕ ਹੈ ਜਿਹੜੀਆਂ ਪੂਰੀਆਂ ਨਹੀਂ ਅਤੇ ਜਿੰਨ੍ਹਾਂ ਦਾ ਖਰੜਾ ਵੀ ਉਪਲਬਧ ਨਹੀਂ। ਨਾਦਰ ਸ਼ਾਹ ਦੀ ਵਾਰ ਪੰਡਿਤ ਹਰੀ ਕ੍ਰਿਸ਼ਨ ਕੌਲ ਨੇ ਮਰਾਸੀਆਂ ਦੇ ਮੂੰਹੋਂ ਇਕੱਠੀ ਕੀਤੀ ਸੀ। ਇਸ ਵਾਰ ਨੂੰ ਇਕੱਤਰ ਕਰਨ ਦੀ ਜ਼ਿੰਮੇਵਾਰੀ 1882 ਈ. ਵਿਚ ਲਾਰਡ ਮੈਕਲੇਗਨ ਨੇ ਪੰਡਿਤ ਜੀ ਨੂੰ ਸੌਂਪੀ ਸੀ। ਪੰਡਿਤ ਹਰੀ ਕ੍ਰਿਸ਼ਨ ਕੌਲ ਨੇ ਜੀਵਨ ਅਤੇ ਮੁੱਲਾਂ ਬਖ਼ਸ਼ੀ ਨਾਮ ਦੇ ਦੋ ਮਿਰਾਸੀਆਂ ਤੋਂ ਇਸ ਵਾਰ ਦੇ ਬੋਲ ਵੱਖ-ਵੱਖ ਇਕੱਤਰ

ਕੀਤੇ ਸਨ। ਵਾਰ ਦੀ ਮੌਜੂਦਾ ਰੂਪ-ਰੇਖਾ ਇਨ੍ਹਾਂ ਦੋਵੇਂ ਪਾਠਾਂ ਦਾ ਸੁਮੇਲ ਹੈ। ਕੌਲ ਨੇ 854 ਤੁਕਾਂ ਵਾਲੀ ਵਾਰ ਨੂੰ ਤਰਤੀਬ ਦੇ ਕੇ ਪਹਿਲੀ ਵਾਰੀ General of the Punjab Historical Society ਵਿਚ ਪ੍ਰਕਾਸ਼ਿਤ ਕਰਵਾਈ।

ਇਸ ਵਾਰ ਦਾ ਵਿਸ਼ਾ ਇਤਿਹਾਸਕ ਹੈ। ਨਜਾਬਤ ਨੇ ਪੰਜਾਬ ਦੇ ਯੁਗਗਰਦੀ ਭਰੇ ਸਮੇਂ ਨੂੰ ਇਸ ਵਾਰ ਵਿਚ ਸੰਭਾਲਿਆ ਹੈ। ਨਾਦਰਸ਼ਾਹ ਵੱਲੋਂ 1738-39 ਈ. ਦੇ ਭਾਰਤ ਉੱਪਰ ਕੀਤੇ ਗਏ ਹਮਲੇ ਨੂੰ ਇਸ ਵਾਰ ਵਿਚ ਬਿਆਨ ਕੀਤਾ ਗਿਆ ਹੈ। ਵਾਰਕਾਰ ਨੇ ਨਾਦਰਸ਼ਾਹ ਦੇ ਹਮਲੇ ਨੂੰ, ਇਤਿਹਾਸਕ ਪ੍ਰਕਰਨ ਵਿਚ ਰੱਖ ਕੇ, ਹਿੰਦੁਸਤਾਨੀ ਵੀਰਾਂ ਦੀ ਵੀਰਤਾ ਨੂੰ ਸਲਾਹਿਆ ਹੈ ਅਤੇ ਰਾਸ਼ਟਰੀਅਤਾ ਦੀ ਭਾਵਨਾ ਵਿਚ ਭਿੱਜ ਕੇ ਇਸ ਵਾਰ ਨੂੰ ਗਾਵਿਆ ਹੈ। ਇਸ ਵਾਰ ਵਿਚ ਕਾਬਲ ਤੋਂ ਕਰਨਾਲ ਤਕ ਦੀ ਲੜਾਈ ਦਾ ਵਰਣਨ ਹੈ। ਕਰਨਾਲ ਦੇ ਯੁੱਧ ਪਿਛੋਂ ਦਿੱਲੀ ਵਿਚ ਕੀਤੇ ਕਤਲੇਆਮ ਦੀ ਘਟਨਾ ਨੂੰ ਇਸ ਵਾਰ ਵਿਚ ਪੇਸ਼ ਨਹੀਂ ਕੀਤਾ ਗਿਆ। ਵਾਰ ਦੇ ਤਕਨੀਕੀ ਪੱਖ ਨੂੰ ਵਿਚਾਰਦਿਆਂ ਵੀ ਇਸ ਦੀ ਪੁਸ਼ਟੀ ਹੋ ਜਾਂਦੀ ਹੈ। ਵਾਰ ਪਰੰਪਰਾ ਅਨੁਸਾਰ, ਵਾਰ ਵਿਚ ਮੰਗਲਾਚਰਨ, ਵਸਤੂ ਵਿਧਾਨ ਅਤੇ ਮਹਾਤਮ ਤਿੰਨਾਂ ਪੱਖਾਂ ਦਾ ਹੋਣਾ ਜ਼ਰੂਰੀ ਹੈ। ਇਸ ਵਾਰ ਵਿਚ ਮੰਗਲਾਚਰਨ ਹੈ ਪਰੰਤੂ ਵਸਤੂ-ਵਿਧਾਨ ਉਪਰੰਤ ਵਾਰ ਦਾ ਮਹਾਤਮ ਨਹੀਂ ਹੈ। ਨਜਾਬਤ ਨੇ ਵਾਰ ਦਾ ਆਰੰਭ ਪਰੰਪਰਾਗਤ ਢੰਗ ਨਾਲ ਕੀਤਾ ਹੈ। ਸ਼ੁਰੂ ਵਿਚ ਮੰਗਲਾਚਰਨ ਦਿੱਤਾ ਹੈ ਅਤੇ ਸੱਚੇ ਖ਼ੁਦਾ ਦੀ ਸਿਫ਼ਤ ਕੀਤੀ ਗਈ ਹੈ। ਉਸ ਦੀ ਰਜ਼ਾ ਅਤੇ ਹੁਕਮ ਦੀ ਪ੍ਰਬਲਤਾ ਨੂੰ ਮੰਨਦਿਆਂ ਮਨੁੱਖੀ ਹੋਣੀ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਉਪਰੰਤ ਆਮ ਵਾਰਾਂ ਵਾਂਗ, ਵਾਰ ਦਾ ਸ਼ੰਕਾ ਪੱਖ, ਸੰਘਰਸ਼ ਪੱਖ ਅਤੇ ਸਮਾਧਾਨ ਪੱਖ ਦਾ ਵਰਣਨ ਹੈ।

**ਪੀਰ ਮੁਹੰਮਦ**

ਔਰੰਗਜ਼ੇਬ ਬਾਦਸ਼ਾਹ ਦੇ ਰਾਜ-ਕਾਲ ਵਿਚ ਹੋਏ ਪੀਰ ਮੁਹੰਮਦ ਕਾਸਬੀ ਨੇ ਜੰਗਨਾਮਾ 'ਕਰਬਲਾ' ਦੀ ਰਚਨਾ ਸੰਨ 1681 ਈ. ਵਿਚ ਕੀਤੀ। ਉਸ ਨੇ ਆਪਣੇ ਕਥਨ ਅਨੁਸਾਰ ਇਕ 'ਰਿਸਾਲਾ' (ਲਘੂ ਪੁਸਤਕ) ਹੈ :

ਪੀਰ ਮੁਹੰਮਦ ਕਾਸਬੀ ਕੀਤਾ ਜੋੜ ਤਮਾਮ।
ਜ਼ਾਹਿਰ ਬਾਤਨ ਮਨ ਤਾਂ ਹਜ਼ਰਤ ਦਾ ਇਸਲਾਮ।
ਬਾਨਵੇ ਵਰ੍ਹੇ ਹਿਕ ਪਿਛੇ ਪਾਕ ਰਸੂਲ।
ਏਹ ਰਿਸਾਲਾ ਜੋੜਿਆ ਕਰ ਹਵਾਸ ਮਾਅਕੂਲ।

ਇਸ ਤੋਂ ਕਾਸਬੀ ਦੇ ਜੀਵਨ ਜਾਂ ਹੋਰ ਰਚਨਾ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਰਚਨਾ ਦੀ ਹੱਥ-ਲਿਖਤ ਸ਼ਾਹੀ ਕਿਲ੍ਹਾ ਲਾਹੌਰ ਦੀ ਲਾਇਬ੍ਰੇਰੀ ਵਿਚ ਉਪਲਬਧ ਹੈ। ਇਸ ਨੂੰ ਡਾ. ਸ਼ਹਿਬਾਜ਼ ਮਲਿਕ ਨੇ ਪਹਿਲੀ ਵਾਰ ਸੰਪਾਦਿਤ ਕਰਕੇ ਤਾਜ ਬੁਕ ਡਿਪੋ ਲਾਹੌਰ ਦੁਆਰਾ ਸੰਨ 1982 ਈ. ਵਿਚ ਪ੍ਰਕਾਸ਼ਿਤ ਕੀਤਾ ਹੈ। ਵਿਦਵਾਨਾਂ ਨੇ ਇਸ ਨੂੰ ਪੰਜਾਬੀ ਵਿਚ ਲਿਖਿਆ ਪਹਿਲਾ ਜੰਗਨਾਮਾ ਮੰਨਿਆ ਹੈ। ਇਸ ਦੀ ਵਸਤੂ ਦਾ ਆਧਾਰ ਗੱਦ ਵਿਚ ਲਿਖੀ 'ਅਨੀਸੁਲਵਾਅਜ਼ੈਨ' ਨਾਂ ਦੀ ਰਚਨਾ ਹੈ।

ਇਸ ਵਿਚ ਕਰਬਲਾ ਦੀ ਜੰਗ ਦਾ ਵਰਣਨ ਹੋਇਆ ਹੈ। ਵਿਚਾਰਾਧੀਨ ਜੰਗਨਾਮੇ ਦਾ ਕਥਾਨਕ ਕਰਬਲਾ ਦੀ ਉਪਰੋਕਤ ਘਟਨਾ ਨਾਲ ਸੰਬੰਧਿਤ ਹੈ। ਡਾ. ਗੁਰਦੇਵ ਸਿੰਘ ਅਨੁਸਾਰ ਅਬਦੁਲ ਮਨਾਫ਼ ਦੇ ਘਰ ਜੁੜਵੇਂ ਪੁੱਤਰ ਪੈਦਾ ਹੋਏ। ਉਨ੍ਹਾਂ ਦੀਆਂ ਪਿੱਠਾਂ ਜੁੜੀਆਂ ਹੋਈਆਂ ਸਨ। ਇਨ੍ਹਾ ਵਿਚੋਂ ਇਕ ਦਾ ਨਾਂ ਹਾਸ਼ਿਮ ਸੀ ਅਤੇ ਦੂਜੇ ਦਾ ਉਮੀਯਹ। ਅਬਦੁਲ ਮਨਾਫ਼ ਨੇ ਤਲਵਾਰ ਨਾਲ ਦੋਹਾਂ ਨੂੰ ਨਿਖੇੜ ਦਿੱਤਾ। ਇਹ ਤਲਵਾਰ ਕਾਲਾਤਾਂਰ ਵਿਚ ਦੋਹਾਂ ਦੇ ਖ਼ਾਨਦਾਨਾਂ ਵਲੋਂ ਆਪਸੀ ਵੈਰ-ਵਿਰੋਧ ਲਈ ਵਰਤੀ ਗਈ। ਹਜ਼ਰਤ ਮਆਵੀਯਹ 'ਉਮੀਯਹ' ਦੀ ਸੰਤਾਨ ਅਤੇ ਹਜ਼ਰਤ ਹਸਨ ਹੁਸੈਨ 'ਹਾਸ਼ਿਮ' ਦੀ ਸੰਤਾਨ ਸਨ।

ਇਸ ਜੰਗਨਾਮੇ ਵਿਚ ਹਸਨ ਅਤੇ ਹੁਸੈਨ ਦੇ ਬਚਪਨ, ਉਨ੍ਹਾਂ ਦਾ ਇਕ ਵਾਰ ਜੰਗਲ ਵਲ ਜਾਣਾ, ਹਜ਼ਰਤ ਮੁਹੰਮਦ ਦਾ ਉਨ੍ਹਾਂ ਦੇ ਪਿਛੇ ਜਾਣਾ, ਜਿਬਰਾਈਲ ਦੁਆਰਾ ਜੰਨਤ ਵਿਚੋਂ ਉਨ੍ਹਾਂ ਵਾਸਤੇ ਭੋਜਨ ਲਿਆਉਣਾ, ਹਜ਼ਰਤ ਮਆਵੀਯਹ ਨੂੰ ਹਜ਼ਰਤ ਮੁਹੰਮਦ ਦਾ ਕਹਿਣਾ ਕਿ ਉਸ ਦੇ ਲਹੂ ਵਿਚੋਂ ਉਨ੍ਹਾਂ ਨੂੰ ਬੂ ਆਉਂਦੀ ਹੈ, ਫਿਰ ਹਜ਼ਰਤ ਮੁਹੰਮਦ ਮਆਵੀਯਹ ਨੂੰ ਦਸਣਾ ਕਿ ਉਸ ਦੀ ਸੰਤਾਨ ਹਜ਼ਰਤ ਮੁਹੰਮਦ ਦੀ ਸੰਤਾਨ ਉੱਤੇ ਜ਼ੁਲਮ ਢਾਹੇਗੀ, ਇਕ ਬਿਰਧ ਔਰਤ ਦਾ ਆਪਣੇ ਪੁੱਤਰਾਂ ਨੂੰ ਸ਼ਹੀਦ ਕਰਾਉਣਾ ਅਤੇ ਯਜ਼ੀਦ ਦੇ ਅਨੇਕ ਸੈਨਿਕਾਂ ਨੂੰ ਮਾਰ ਕੇ ਮਰਨਾ, ਇਮਾਮ ਹੁਸੈਨ ਦੀ ਸ਼ਹਾਦਤ ਤੋਂ ਬਾਅਦ ਯਜ਼ੀਦ ਕੋਲ ਉਸ ਦੇ ਸਿਰ ਨੂੰ ਸ਼ਿਮਰ (ਨਾਮਾਂਤਰ ਬਿਮਰ) ਰਾਹੀਂ ਪਹੁੰਚਾਉਣਾ, ਸ਼ਿਮਰ ਅਤੇ ਤਿਮਰ ਦਾ ਮਾਰਿਆ ਜਾਣਾ ਅਤੇ ਮੁਹੰਮਦ ਹਨੀਫ਼ਾ ਨੇ ਯਜ਼ੀਦ ਨੂੰ ਮਾਰਨਾ ਆਦਿ ਘਟਨਾਵਾਂ ਨੂੰ 'ਅਨੀਸੁਲਵਾਅਜ਼ੈਨ' (ਚੌਦਵੀਂ ਮਜਲਿਸ) ਦੇ ਬਿਰਤਾਂਤ ਤੇ ਨੇੜੇ-ਤੇੜੇ ਰਹਿ ਕੇ ਕਾਸਬੀ ਨੇ ਵਿਵਰਣ ਦਿੱਤਾ ਹੈ।

ਕਵੀ ਜੰਗਨਾਮੇ ਦੇ ਆਰੰਭ ਵਿਚ ਸੰਖਿਪਤ ਮੰਗਲਾਚਰਨ ਅਥਵਾ ਹਮਦ ਲਿਖ ਕੇ ਫਿਰ ਬਿਰਤਾਂਤ ਦੇਣ ਵਲ ਰੁਚਿਤ ਹੋਇਆ ਹੈ। ਇਹ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਇਨ੍ਹਾਂ ਦੋ ਸ਼ੀਰਸ਼ਕ ਇਸ ਪ੍ਰਕਾਰ ਹਨ-(1) ਦਰ ਬਿਆਨ ਕਤਲ ਇਮਾਮ ਹੁਸੈਨ, (2) ਦਰ ਮਕਤਲ ਇਮਾਮ ਹੁਸੈਨ, (3) ਦਰ ਖ਼ਬਰ ਕਰਦਨ ਗ਼ੁਲਾਮ ਹਜ਼ਰਤ ਅਲੀ ਅਜ ਕਤਲ ਇਮਾਮ ਹਸਨ-ਓ-ਹੁਸੈਨ ਥਾਂ ਇਮਾਮ ਹਨੀਫ਼ਾ।

ਇਸ ਵਿਚਲੇ ਪਹਿਲੇ ਭਾਗ ਵਿਚ ਕਰੁਣਾ-ਰਸ ਦੀ ਪ੍ਰਧਾਨਤਾ ਹੈ ਕਿਉਂਕਿ ਇਮਾਮ ਹੁਸੈਨ ਦਾ ਕਤਲ ਉਸ ਦੇ ਅਨੁਯਾਈਆਂ ਦੇ ਹਿਰਦਿਆਂ ਨੂੰ ਪੀੜ ਕਰ ਦਿੰਦਾ ਹੈ। ਇਥੇ ਇਸ ਦਾ ਵਰਣਨ ਫ਼ਾਰਸੀ ਦੇ 'ਮਰਸੀਆ' ਕਾਵਿ-ਰੂਪ ਦੇ ਬਹੁਤ ਨੇੜੇ ਬੈਠਦਾ ਹੈ। ਦੂਜੇ ਭਾਗ ਵਿਚ ਜੰਗ ਦਾ ਵਰਣਨ ਹੋਣ ਕਾਰਨ ਵੀਰ-ਰਸ ਪ੍ਰਧਾਨ ਹੈ। ਇਸ ਨੂੰ ਫ਼ਾਰਸੀ ਵਿਚ 'ਰਜ਼ਮੀਯਹ' ਕਾਵਿ ਕਿਹਾ ਜਾਂਦਾ ਹੈ। ਇਸ ਯੁੱਧ ਵਰਣਨ ਵਿਚ ਕਵੀ ਨੇ ਕਲ ਅਤੇ ਨਾਰਦ ਦੀ ਭਾਰਤੀ ਪੌਰਾਣਿਕ ਵੀਰ-ਕਾਵਿ ਰੂੜੀ ਦਾ ਉਲੇਖ ਕਰ ਕੇ ਇਮਾਮ ਹੁਸੈਨ ਦੇ ਸਾਕੀਆਂ ਦੇ ਉਤਸ਼ਾ ਅਤੇ ਯੁੱਧ ਲਈ ਉਮਡੇ ਜੋਸ਼ ਨੂੰ ਬੜੇ ਭਾਵ-ਪੂਰਤ ਢੰਗ ਨਾਲ ਚਿਤਰਿਆ ਹੈ। ਯੁੱਧ ਦਾ ਵਾਤਾਵਰਣ ਸਿਰਜਨ ਵਿਚ ਕਵੀ ਉਸ ਵਕਤ ਦੇ ਪੰਜਾਬੀ ਕਾਵਿ-ਰੂਪ 'ਵਾਰ' ਦੇ ਵਰਣਨ-ਢੰਗ ਤੋਂ ਬਹੁਤ ਪ੍ਰਭਾਵਿਤ ਹੋਇਆ ਪ੍ਰਤੀਤ

ਹੁੰਦਾ ਹੈ। ਕਵੀ ਨੇ ਜੰਗ ਵਿਚ ਸ਼ਹੀਦ ਹੋਣ ਵਾਲਿਆਂ ਪ੍ਰਤਿ ਦਿਲ ਨੂੰ ਧੂਹ ਪਾਣ ਵਾਲੀ ਸ਼ਰਧਾਂਜਲੀ ਅਰਪਿਤ ਕੀਤੀ ਹੈ :

ਬੇਟਾ ਹਜ਼ਰਤ ਅਲੀ ਦਾ, ਹੋਇਆ ਪਾਕ ਸ਼ਹੀਦ।
ਰੋਵਣ ਲਗੀ ਪਿਰਥਮੀ, ਸੁਖ ਨ ਸੌਂਗ ਯਜੀਦ।
ਪੌਣ ਤਜੱਲੀ ਨੂਰ ਦੀ, ਅਰਸ਼ੋਂ ਬਰਸਣ ਫੁਲ।
ਮਾਤਮ ਕੀਤਾ ਕਰਬਲਾ, ਜੰਗਲ ਸਾਰੇ ਹੁਲ।

ਇਨ੍ਹਾਂ ਪੰਕਤੀਆਂ ਤੋਂ ਕਵੀ ਦੁਆਰਾ ਵਰਤੇ ਛੰਦ ਦਾ ਰੂਪ ਵੀ ਸਪਸ਼ਟ ਹੁੰਦਾ ਹੈ ਕਿ ਇਹ ਜੰਗਨਾਮਾ 'ਵਾਰ' ਦੀ ਕਾਵਿ-ਸ਼ੈਲੀ ਵਿਚ ਲਿਖਿਆ ਗਿਆ ਹੈ। ਇਸ ਦਾ ਛੰਦ ਪਉੜੀ ਦੇ ਤੋਲ ਤੇ ਹੈ ਅਤੇ ਪਉੜੀ ਦਾ 'ਨਿਸ਼ਾਨੀ' ਭੇਦ ਪ੍ਰਯੁਕਤ ਹੋਇਆ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਇਹ ਜੰਗਨਾਮਾ ਵਾਰ ਕਾਵਿ-ਰੂਪ ਦੇ ਬਹੁਤ ਨੇੜੇ ਹੈ। ਜੇ ਇਸ ਨੂੰ ਜੰਗਨਾਮੇ ਦੀ ਥਾਂ ਵਾਰ ਕਹਿ ਦਿੱਤਾ ਜਾਵੇ ਤਾਂ ਕੋਈ ਵਿਸ਼ੇਸ਼ ਵਿਸੰਗਤੀ ਨਹੀਂ ਹੋਵੇਗੀ।

ਇਸ ਜੰਗਨਾਮੇ ਦੀ ਭਾਸ਼ਾ ਜਨ-ਸਾਧਾਰਣ ਦੀ ਭਾਸ਼ਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਵੀਰ-ਰਸੀ ਵਾਰਾਂ ਦੀਆਂ ਧੁਨੀਆਂ ਉੱਤੇ ਅਧਿਆਤਮਕ ਵਾਰਾਂ ਗਾਉਣ ਦਾ ਨਿਰਦੇਸ਼ ਹੈ, ਉਨ੍ਹਾਂ ਦੀ ਭਾਸ਼ਾ ਅਤੇ ਇਸ ਜੰਗਨਾਮੇ ਦੀ ਭਾਸ਼ਾ ਵਿਚ ਕਾਫ਼ੀ ਸਮਾਨਤਾ ਹੈ। ਮੂਲ ਰੂਪ ਵਿਚ ਫ਼ਾਰਸੀ ਅੱਖਰਾਂ ਵਿਚ ਲਿਖੇ ਹੋਣ ਕਾਰਣ ਉਨ੍ਹਾਂ ਸ਼ਬਦਾਂ ਦੇ ਰੂਪ ਵਿਕਰਿਤ ਹੋ ਗਏ ਹਨ, ਜਿਨ੍ਹਾਂ ਦੇ ਉਚਾਰਣ ਲਈ ਫ਼ਾਰਸੀ ਲਿਪੀ ਵਿਚ ਅੱਖਰ/ਮਾਤ੍ਰਾਵਾਂ ਉਪਲਬਧ ਨਹੀਂ ਹਨ, ਜਿਵੇਂ ਟਵਰਗ ਤੋਂ ਇਲਾਵਾ ਘ, ਝ, ਧ, ਫ, ਭ, ੜ ਆਦਿ ਅੱਖਰਾਂ ਦੀਆਂ ਧੁਨੀਆਂ ਵਾਲੇ ਸ਼ਬਦ ਫ਼ਾਰਸੀ ਲਿਪੀ ਵਿਚ ਨਹੀਂ ਲਿਖੇ ਜਾ ਸਕਦੇ। ਸਮੁੱਚੇ ਤੌਰ 'ਤੇ ਇਸ ਜੰਗਨਾਮੇ ਦੀ ਭਾਸ਼ਾ ਲਹਿੰਦੀ ਹੈ, ਕਿਤੇ ਕਿਤੇ ਕੇਂਦਰੀ ਪੰਜਾਬੀ ਦੇ ਨਮੂਨੇ ਵੀ ਮਿਲਦੇ ਹਨ।

ਕਵੀ ਨੇ ਯੁੱਧ-ਵਰਣਨ ਬੜੇ ਸੰਜਮ ਨਾਲ ਕੀਤਾ ਹੈ ਅਤੇ ਉਪਮਾਨ-ਵਿਧਾਨ ਵੇਲੇ ਵੀ ਜਨ-ਸਾਧਾਰਣ ਦੀ ਸੋਚ-ਪੱਧਰ ਦਾ ਗਿਆਨ ਰਖਿਆ ਹੈ। ਅਤਿਕਥਨੀ ਅਲੰਕਾਰ ਦੀ ਵਰਤੋਂ ਅਧਿਕ ਹੈ। ਯੁੱਧ-ਭੂਮੀ ਦੇ ਦ੍ਰਿਸ਼, ਲੋਥਾਂ ਅਤੇ ਮਨੁੱਖੀ ਅੰਗਾਂ ਦੇ ਢੇਰ ਭਿਆਨਕ ਵਾਤਾਵਰਣ ਦੀ ਸ੍ਰਿਸ਼ਟੀ ਕਰਦੇ ਹਨ। ਯੁੱਧ-ਭੂਮੀ ਦੇ ਦ੍ਰਿਸ਼, ਲੋਥਾਂ ਅਤੇ ਮਨੁੱਖੀ ਅੰਗਾਂ ਦੇ ਢੇਰ ਭਿਆਨਕ ਵਾਤਾਵਰਣ ਦੀ ਸ੍ਰਿਸ਼ਟੀ ਕਰਦੇ ਹਨ। ਪੰਜਾਬੀ ਜੰਗਨਾਮਾ ਪਰੰਪਰਾ ਵਿਚ ਇਹ ਪਹਿਲਾ ਜੰਗਨਾਮਾ ਹੈ। ਇਸ ਵਿਚ ਇਮਾਮ ਹੁਸੈਨ ਦੇ ਸ਼ਾਹਦਤ ਦੇ ਪ੍ਰਸੰਗ ਨੂੰ ਪਹਿਲੀ ਵਾਰ ਪੰਜਾਬੀ ਭਾਸ਼ਾ ਵਿਚ ਵਰਣਿਤ ਕੀਤਾ ਗਿਆ ਹੈ। ਇਸ ਤੋਂ ਬਾਅਦ ਮੁਕਬਲ ਅਤੇ ਹਾਮਦ ਨੇ ਕਰਬਲਾ ਦੇ ਪ੍ਰਸੰਗ ਨੂੰ ਆਪਣਿਆਂ ਜੰਗਨਾਮਿਆਂ ਵਿਚ ਚਿਤਰਿਆ ਹੈ। ਇਹ ਜੰਗਨਾਮੇ ਜਿੱਥੇ ਇਕ ਵਿਦੇਸ਼ੀ ਕਾਵਿ-ਵਿਧਾ ਅਤੇ ਕਥਾ-ਪ੍ਰਸੰਗ ਨੂੰ ਪੰਜਾਬੀ ਵਿਚ ਦਾਖਲ ਕਰਦੇ ਹਨ, ਉਥੇ ਸ਼ੀਆ ਮੁਸਲਮਾਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਕਾਵਿ ਵਿਚ ਆਦਰ ਦਿੰਦੇ ਹਨ। ਇਸ ਲਈ ਇਸ ਘਟਨਾ-ਪ੍ਰਸੰਗ ਨਾਲ ਸੰਬੰਧਿਤ ਜੰਗਨਾਮਿਆਂ ਨੂੰ ਬੜੀ ਅਕੀਦਤ ਨਾਲ ਪੜ੍ਹਿਆ ਜਾਂਦਾ

ਹੈ। ਮੁਹੱਰਮ ਦੇ ਦਿਨਾਂ ਵਿਚ ਸ਼ਰਧਾਲੂਆਂ ਦੀਆਂ ਮਜਲਿਸਾਂ ਵਿਚ ਅਜਿਹੇ ਜੰਗਨਾਮਿਆਂ ਦੇ ਕਰੁਣਾਮਈ ਦ੍ਰਿਸ਼ਾਂ ਨੂੰ ਸੁਣਾ ਕੇ ਸੋਗੀ ਵਾਤਾਵਰਣ ਸਿਰਜਿਆ ਜਾਂਦਾ ਹੈ।

**ਪੰਜਾਬੀ ਜੰਗਨਾਮੇ :**

'ਜੰਗਨਾਮਾ' ਜਿਵੇਂ ਕਿ ਨਾਮ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਜੰਗਨਾਮਾ ਇਕ ਅਜਿਹੀ ਰਚਨਾ ਹੈ ਜੋ ਕਿਸੇ ਲੜਾਈ ਜਾਂ ਜੰਗ ਦਾ ਹਾਲ ਬਿਆਨ ਕਰਦੀ ਹੋਵੇ। 'ਜੰਗਨਾਮਾ' 'ਜੰਗ' ਅਤੇ 'ਨਾਮਾ' ਦਾ ਸੰਯੁਕਤ ਸ਼ਬਦ ਹੈ। ਇਹ ਦੋਵੇਂ ਸ਼ਬਦ ਫ਼ਾਰਸੀ ਦੇ ਹਨ। 'ਜੰਗ' ਦਾ ਅਰਥ ਹੈ ਯੁੱਧ, ਲੜਾਈ, ਭੇੜ ਆਦਿ ਅਤੇ 'ਨਾਮਾ' ਦਾ ਅਰਥ ਹੈ ਪੱਤਰ, ਚਿੱਠੀ ਜਾਂ ਖ਼ਤ। ਪਰ ਸਾਹਿਤ ਵਿਚ ਇਸ ਦਾ ਅਰਥ-ਗਤ ਵਿਸਤਾਰ ਵਿਚ ਹੋਇਆ ਹੈ ਅਤੇ ਇਸ ਨੂੰ ਕਿਸੇ ਵਿਵਰਣਾਤਮਕ ਸਾਹਿਤਕ ਰਚਨਾ ਲਈ ਵੀ ਵਰਤਿਆ ਜਾਣ ਲੱਗਿਆ ਹੈ। ਇਸ ਲਈ 'ਜੰਗਨਾਮਾ' ਤੋਂ ਭਾਵ ਹੈ ਜੰਗ ਸੰਬੰਧੀ ਕਾਵਿ-ਰਚਨਾਂ। ਫ਼ਾਰਸੀ ਵਿਚ ਜੰਗਨਾਮੇ ਲਿਖਣ ਦੀ ਲੰਬੀ ਪਰੰਪਰਾ ਰਹੀ ਹੈ। ਪੰਜਾਬੀ ਵਿਚ ਜੰਗਨਾਮੇ ਲਿਖਣ ਦਾ ਰਿਵਾਜ ਮੁਸਲਮਾਨ ਕਵੀਆਂ ਨੇ ਹੀ ਪਾਇਆ। ਪੰਜਾਬੀ ਵਿਚ ਸਭ ਤੋਂ ਪਹਿਲਾ ਜੰਗਨਾਮਾ ਪੀਰ ਮੁਹੰਮਦ ਕਾਸਬੀ ਨੇ 1592 ਈ. ਵਿਚ ਲਿਖਿਆ ਸੀ।

**ਪੰਜਾਬੀ ਵਿਚ ਹੇਠ ਲਿਖੇ ਜੰਗਨਾਮੇ ਉੱਘੇ ਹਨ :**

1. **ਜੰਗਨਾਮਾ ਭੰਗਾਣੀ :** ਭੰਗਾਣੀ ਦਾ ਯੁੱਧ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਪਹਿਲੀ ਘਟਨਾ ਸੀ। ਇਹ ਜੰਗਨਾਮਾ 1746 ਬ੍ਰਿਕਮੀ ਵਿਚ ਰਚਿਆ ਗਿਆ ਅਤੇ ਇਸ ਦੇ ਕਰਤਾ ਦਾ ਪਤਾ ਨਹੀਂ ਹੈ।

2. **ਜੰਗਨਾਮਾ ਗੁਰੂ ਗੋਬਿੰਦ ਸਿੰਘ ਜੀ ਕਾ :** ਕ੍ਰਿਤ ਅਣੀ ਰਾਏ। ਇਸ ਵਿਚ ਦਸਮ ਗੁਰੂ ਦੇ ਮੁਗ਼ਲਾਂ ਨਾਲ ਯੁੱਧ ਦਾ ਵਰਣਨ ਹੈ।

3. **ਚੱਠਿਆਂ ਦੀ ਵਾਰ :** ਕ੍ਰਿਤ ਪੀਰ ਮੁਹੰਮਦ- ਇਸ ਵਿਚ ਸ਼ੁਕਰਚੱਕੀਏ ਸਿੰਘਾਂ ਤੇ ਚੱਠਿਆਂ ਦਾ ਯੁੱਧ ਹੈ।

4. **ਵਾਰ ਹਰੀ ਸਿੰਘ ਨਲਵੇ ਦੀ :** ਕ੍ਰਿਤ ਕਵੀ ਸਹਾਈ ਸਿੰਘ।

5. **ਜੰਗਨਾਮਾ ਲਾਹੌਰ :** ਕ੍ਰਿਤ ਭਾਈ ਕਾਨ੍ਹ ਸਿੰਘ ਬੰਗੇ ਵਾਲਾ। ਇਸਦਾ ਮਜ਼ਮੂਨ ਸ਼ਾਹ ਮੁਹੰਮਦ ਦੇ ਜੰਗਨਾਮੇ ਵਾਲਾ ਹੀ ਹੈ।

6. **ਜੰਗਨਾਮਾ ਸ਼ਾਹ ਮੁਹੰਮਦ :** ਇਹ ਜੰਗਨਾਮਾ 1846 ਤੋਂ 1848 ਈਸਵੀ ਦੇ ਵਿਚਲੇ ਸਮੇਂ ਵਿਚ ਲਿਖਿਆ ਗਿਆ ਅਤੇ ਹੁਣ ਤਕ ਲਿਖੇ ਪੰਜਾਬੀ ਜੰਗਨਾਮਿਆਂ ਵਿਚੋਂ ਸਭ ਤੋਂ ਉੱਤਮ ਹੈ।

7. **ਜੰਗਨਾਮਾ ਜੇਤੂੰ :** ਇਸ ਨੂੰ ਸ਼ਾਹ ਮੁਹੰਮਦ ਦੇ ਸਮਕਾਲੀ ਤੇ ਮਿਤਰ ਮੌਲਵੀ ਹਾਫ਼ਿਜ਼ ਮੁਹੰਮਦ ਬਟਾਲਵੀ ਨੇ 1854 ਈ. ਵਿਚ ਲਿਖਿਆ। ਇਸ ਵਿਚ ਹਜ਼ਰਤ ਅਲੀ ਦੇ ਸਮਕਾਲੀ ਹਨੀਫ਼ ਅਤੇ ਬੀਬੀ ਜੇਤੂੰ ਦੀ ਸ਼ਾਹ ਇਰਮ ਨਾਲ ਜੰਗ ਦੇ ਹਾਲਾਤ ਹਨ।

**8. ਮੁਲਤਾਨ ਦੀ ਵਾਰ :** ਕ੍ਰਿਤ ਸੋਭਾ ਪੁੱਤਰ ਫ਼ਾਜ਼ਿਲ ਬਲੋਚ, ਇਸ ਵਿਚ ਸਿੰਘਾਂ ਤੇ ਅੰਗਰੇਜ਼ਾਂ ਦੀ ਦੂਜੀ ਲੜਾਈ ਦੇ ਹਾਲਾਤ ਹਨ।

**9. ਜੰਗਨਾਮਾ ਦਿੱਲੀ (ਗ਼ਦਰ ਦੀ ਵਾਰ) :** ਕ੍ਰਿਤ ਖ਼ਜ਼ਾਨ ਸਿੰਘ। ਇਸ ਵਿਚ 1857 ਦੇ ਗ਼ਦਰ ਦੇ ਹਾਲਾਤ ਹਨ।

ਸਮਕਾਲੀ ਪ੍ਰਸੰਗ ਨੂੰ ਬੜੀ ਹੀ ਸਰਲ ਪਰੰਤੂ ਪ੍ਰਭਾਵਸ਼ਾਲੀ ਕੇਂਦਰੀ ਪੰਜਾਬੀ ਵਿਚ ਨਜ਼ਮਬੱਧ ਕਰਨ ਕਾਰਣ ਸ਼ਾਹ ਮੁਹੰਮਦ ਦਾ ਜੰਗਨਾਮਾ ਉਪਰੋਕਤ ਸਭ ਜੰਗਨਾਮਿਆਂ ਤੋਂ ਵਧ ਹਰਮਨ ਪਿਆਰਾ ਹੋਇਆ ਹੈ।

**ਸ਼ਾਹ ਮੁਹੰਮਦ**

ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਨੂੰ ਆਧੁਨਿਕ ਕਾਲ ਦੀ ਸਭ ਤੋਂ ਪਹਿਲੀ ਰਚਨਾ ਵੀ ਆਖਿਆ ਜਾ ਸਕਦਾ ਹੈ। ਸ਼ਾਹ ਮੁਹੰਮਦ ਨੇ ਇਕ ਸੁਚੱਜੇ ਕਲਾਕਾਰ ਵਾਂਗ ਆਪਣੀ ਵਾਰ ਵਿਚ ਅਲੰਕਰਮਈ ਸ਼ੈਲੀ ਨੂੰ ਅਪਣਾਇਆ ਹੈ। ਉਸ ਨੇ ਉਪਮਾ ਅਲੰਕਾਰ ਦੀ ਖੁੱਲ੍ਹੀ ਵਰਤੋਂ ਕੀਤੀ ਹੈ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਪੰਜਾਬੀ ਕੌਮ ਨੂੰ ਨਾਇਕ ਅਤੇ ਮਹਾਰਾਣੀ ਜਿੰਦਾ ਨੂੰ ਖਲਨਾਇਕ ਦੇ ਤੌਰ 'ਤੇ ਪੇਸ਼ ਕਰਦਾ ਹੈ। ਭਾਵੇਂ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਦੀ ਸਾਮੱਗਰੀ ਸਾਰੀ ਇਤਿਹਾਸ ਵਿਚੋਂ ਲਈ ਹੈ, ਫੇਰ ਵੀ ਉਸ ਨੇ ਕਲਪਨਾ ਦੀ ਸਹਾਇਤਾ ਨਾਲ ਆਪਣੇ ਦ੍ਰਿਸ਼ਟੀਕੋਣ ਅਤੇ ਰੁਚੀ ਅਨੁਸਾਰ ਇਸ ਨੂੰ ਇਕ ਸੁਚੱਜੀ ਕਲਾਮਈ ਕਿਰਤ ਦੇ ਰੂਪ ਵਿਚ ਢਾਲਿਆ ਹੈ। ਇਸ ਜੰਗਨਾਮੇ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

**1. ਪੂਰਵਾਰਧ :** ਇਸ ਪਹਿਲੇ ਅੱਧ ਵਿਚ ਕਵੀ ਨੇ ਲਾਹੌਰ ਦੇ ਦਰਬਾਰੀਆਂ ਦੀ ਖ਼ਾਨਾਜੰਗੀ ਜਾਂ ਘਰੋਗੀ ਯੁੱਧ ਨੂੰ ਦਰਸਾ ਕੇ ਅੰਗਰੇਜ਼ਾਂ ਤੇ ਪੰਜਾਬੀਆਂ ਦੀ ਪਹਿਲੀ ਲੜਾਈ ਦੇ ਕਾਰਣਾਂ ਦਾ ਵਰਣਨ ਕੀਤਾ ਹੈ।

**2. ਉਤਰਾਰਧ :** ਇਸ ਪਿਛਲੇ ਅੱਧ ਵਿਚ ਅੰਗਰੇਜ਼ਾਂ ਤੇ ਪੰਜਾਬੀਆਂ ਦੇ ਪਹਿਲੇ ਯੁੱਧ ਵਿਚ ਲੜੀਆਂ ਜਾਣ ਵਾਲੀਆਂ (ਮੁਦਕੀ, ਫੇਰੂ, ਅਲੀਵਾਲ ਅਤੇ ਸਭਰਾਉਂ ਆਦਿ) ਦਾ ਨਕਸ਼ਾ ਖਿਚਿਆ ਹੈ ਅਤੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜਾ ਦਰਸਾਇਆ ਹੈ।

105 ਬੰਦਾਂ ਦੇ ਇਸ ਨਿੱਕੇ ਜਿਹੇ ਜੰਗਨਾਮੇ ਦੇ ਪਹਿਲੇ 57 ਬੰਦ ਪੂਰਵਾਰਧ ਹਨ। ਬੰਦ ਨੰਬਰ 58 ਤੋਂ ਯੁੱਧ ਦਾ ਬਿਆਨ ਹੁੰਦਾ ਹੈ। ਕਵੀ ਦਾ ਸਾਰਾ ਬਿਆਨ ਹੀ ਸੰਖਿਪਤ ਤੇ ਸੰਜਮ ਭਰਿਆ ਹੈ। ਇਸ ਲਈ ਉਸ ਨੇ ਆਪਣੇ ਮੰਗਲਾਚਰਣ ਵਿਚ ਕੇਵਲ ਅੱਲਾਹ ਦੀ ਹਮਦ ਲਿਖੀ ਹੈ। ਸ਼ਾਹ ਮੁਹੰਮਦ ਦਾ ਕਿੱਸਾ ਬੈਂਤ ਛੰਦ ਵਿਚ ਹੈ ਤੇ ਹਰ ਇਕ ਬੰਦ ਚਾਰ ਤੁਕਾਂ ਦਾ ਹੈ। ਪ੍ਰਮਾਣਿਕ ਕਿੱਸਿਆਂ ਵਿਚ 'ਹੋਣੀ' ਦਾ ਅੰਸ਼ ਜੀਵਨ ਦੁਖਾਂਤ ਦਾ ਮੂਲ ਕਾਰਨ ਬਣ ਕੇ ਨਿੱਖੜਦਾ ਸੀ। ਸ਼ਾਹ ਮੁਹੰਮਦ ਨੇ ਵੀ ਭਾਵੇਂ ਉਸ ਦਾ ਵਿਸ਼ਾ ਇਤਿਹਾਸਕ ਹੈ, ਹੋਣੀ ਦਾ ਅੰਸ਼ ਇਸਤਰੀ ਜਾਤੀ ਦੀ ਪ੍ਰਕਿਰਤੀ ਵਿਚੋਂ ਲੱਭ ਲਿਆ ਤੇ ਰਾਣੀ ਜਿੰਦਾ ਨੂੰ ਹੋਣੀ ਦਾ ਪ੍ਰਤੀਕ ਮਿਥਿਆ ਹੈ :

ਹੁੰਦੇ ਆਏ ਨੀ ਰੰਨਾ ਦੇ ਧੁਰੋਂ ਕਾਰੇ,
ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ।...
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ ਦਾ ਫ਼ਰਸ਼ ਉਠਾਇ ਦਿੱਤਾ।

ਕਿੱਸੇ ਦੇ ਅਸਲ ਵਿਸ਼ੇ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਮਰਨ (1839 ਈ.) ਤੋਂ ਲੈ ਕੇ ਅੰਗਰੇਜ਼ਾਂ ਦੇ ਸਿੰਘਾਂ ਦੀ ਲੜਾਈ (ਦਸੰਬਰ 1845 ਤੋਂ ਫ਼ਰਵਰੀ 1846 ਈ.) ਤਕ ਦੇ ਸਾਰੇ ਸਮਾਚਾਰ ਜੋ ਸਿੱਖ ਇਤਿਹਾਸ ਦੇ ਕੁਝ ਅਤਿ ਦੁਖ਼ਦਾਈ ਤੇ ਖ਼ੂਨੀ ਪੱਤਰੇ ਹਨ, ਸ਼ਾਹ ਮੁਹੰਮਦ ਨੇ ਬੜੇ ਸੰਖੇਪ ਢੰਗ ਨਾਲ ਬਿਆਨ ਕੀਤੇ ਹਨ। ਇਨ੍ਹਾਂ ਘਟਨਾਵਾਂ ਦਾ ਕਿੱਸੇ ਦੇ ਅਸਲ ਵਿਸ਼ੇ ਨਾਲ ਸਿੱਧਾ ਸੰਬੰਧ ਨਹੀਂ ਪਰ ਫੇਰ ਵੀ ਇਹ ਬਿਆਨ ਜਿੱਥੇ ਸਿੱਖ ਰਾਜ ਦੇ ਖ਼ਾਤਮੇ ਅਤੇ ਅੰਗਰੇਜ਼ਾਂ ਹੱਥੋਂ ਉਨ੍ਹਾਂ ਦੀ ਹਾਰ ਦਾ ਮੂਲ ਕਾਰਨ ਤੇ ਪਿਛੋਕੜ ਸੁਝਾ ਦਿੰਦਾ ਹੈ। ਇਸ ਵਿਚ ਜੀਵਨ ਦੀਆਂ ਮੁੱਢਲੀਆਂ ਸੱਚਾਈਆਂ ਸੁਤੇ-ਸਿਧ ਇਸ ਕਿੱਸੇ ਵਿਚ ਬਿਆਨ ਹੋ ਗਈਆਂ ਹਨ, ਜਿਵੇਂ ਇਤਿਹਾਸਕ ਵਿਸ਼ਾ ਬਹਾਨਾ ਹੋਵੇ ਕਈ ਡੂੰਘੀਆਂ ਗੱਲਾਂ ਪ੍ਰਗਟਾਉਣ ਦਾ।

## ਮਟਕ

ਮਟਕ ਨੇ ਸ਼ਾਹ ਮੁਹੰਮਦ ਤੋਂ ਪਿੱਛੋਂ ਆਪਣਾ ਜੰਗਨਾਮਾ ਲਿਖਿਆ ਹੈ। ਮਟਕ ਵੱਲੋਂ ਸਿੱਖਾਂ ਅਤੇ ਅੰਗਰੇਜ਼ਾਂ ਦੀ ਲੜਾਈ ਦਾ ਮੁੱਖ ਕਾਰਨ ਅੰਗਰੇਜ਼ਾਂ ਵੱਲੋਂ ਸਤਲੁਜ ਦਰਿਆ ਪਾਰ ਕਰਨਾ ਦੱਸਿਆ ਹੈ। ਉਸ ਨੇ ਆਪਣੇ ਜੰਗਨਾਮੇ ਦੇ ਸ਼ੁਰੂ ਵਿਚ ਹੀ ਅੰਗਰੇਜ਼ਾਂ ਨੂੰ ਸਤਲੁਜ ਪਾਰ ਦਾ ਇਲਾਕਾ ਮੱਲਦੇ ਅਤੇ ਉਥੋਂ ਦੇ ਕਿਸਾਨਾਂ ਨੂੰ ਲਾਹੌਰ ਦਰਬਾਰ ਵਿਚ ਆ ਕੇ ਅੰਗਰੇਜ਼ਾਂ ਤੇ ਇਹ ਦੋਸ਼ ਲਗਾਉਂਦੇ ਵੀ ਦੱਸਿਆ ਹੈ ਕਿ ਉਹ ਉਨ੍ਹਾਂ ਤੋਂ ਪੈਸੇ ਮੰਗਦੇ ਹਨ :

ਪੈਸਾ ਸਾਥੋਂ ਮੰਗੇ ਫ਼ਿਰੰਗੀ ਅਸੀਂ ਗ਼ਰੀਬ ਵਿਚਾਰੇ ਖੇਤੀਆਂ ਵਾਲੇ।

ਮਟਕ ਨੇ ਸਿੰਘਾਂ ਤੇ ਗੋਰਿਆਂ ਦੀ ਲੜਾਈ ਦਾ ਹਾਲ ਝਟਪਟ ਹੀ ਸ਼ੁਰੂ ਕਰ ਦਿੱਤਾ ਹੈ। ਇਸ ਕਰਕੇ ਮਟਕ ਸਿੱਖਾਂ ਵੱਲੋਂ ਲੜਾਈ ਤੇ ਜਾਣ ਤੋਂ ਪਹਿਲਾਂ ਕੀਤੀ ਅਰਦਾਸ ਬਾਰੇ ਵੀ ਬਿਆਨ ਕਰਦਾ ਹੈ। ਮਟਕ ਨੇ ਇਸ ਘਟਨਾ ਨੂੰ ਡਿਓਢ ਵਰਗੀ ਮਟਕ ਵਾਲੀ ਕੋਮਲ ਚਾਲ ਨਾਲ ਬੰਨ੍ਹਿਆ। ਇਸ ਕਰਕੇ ਮਟਕ ਉਹ ਰੰਗ ਨਹੀਂ ਬੰਨ੍ਹ ਸਕਿਆ ਜੋ ਸ਼ਾਹ ਮੁਹੰਮਦ ਦੇ ਬੈਂਤ ਛੰਦ ਨੇ ਬੰਨ੍ਹਿਆ ਸੀ। ਇਸੇ ਕਾਰਣ ਉਸ ਦਾ ਜੰਗਨਾਮਾ ਪ੍ਰਸਿੱਧ ਨਾ ਹੋ ਸਕਿਆ। ਕਾਹਨ ਸਿੰਘ ਬੰਗਾ ਨੇ ਫ਼ਾਰਸੀ ਰੂਪ ਮਸਨਵੀ ਦੇ ਦੋ-ਤੁਕੇ ਛੰਦ ਦੀ ਵਰਤੋਂ ਕੀਤੀ ਹੈ। ਮਟਕ ਦੀ ਭਾਸ਼ਾ ਪੰਜਾਬੀ, ਹਿੰਦੀ, ਉਰਦੂ ਦਾ ਮਿਲਗੋਭਾ ਹੈ। ਘਟਨਾਵਾਂ ਦਾ ਬਿਆਨ ਪਾਠਕ ਦੇ ਹਿਰਦੇ ਨੂੰ ਕੋਈ ਧੂਹ ਨਹੀਂ ਪਾਉਂਦਾ। ਕਾਹਨ ਸਿੰਘ ਬੰਗਾ ਦੇ ਜੰਗਨਾਮੇ ਦੀ ਭਾਸ਼ਾ ਪੰਜਾਬੀ ਨਹੀਂ ਹੈ। ਇਹ ਵੀ ਉਰਦੂ, ਪੰਜਾਬੀ ਦਾ ਮਿਲਗੋਭਾ ਹੈ। ਪੰਜਾਬੀ ਸ਼ਬਦਾਂ ਦੀ ਘਾਟ ਹੈ ਜਦੋਂ ਕਿ ਫ਼ਾਰਸੀ ਦੇ ਸ਼ਬਦਾਂ ਦੀ ਖੁੱਲ੍ਹੀ ਵਰਤੋਂ ਕੀਤੀ ਹੈ। ਜਿਵੇਂ ਉਸ ਦੇ ਕਈ ਪੂਰੇ ਬੰਦ ਫ਼ਾਰਸੀ ਵਿਚ ਹਨ :

ਸਵੂਰੀ ਬਵਦ ਕਾਰਿ ਸਾਹਿਬ ਦਿਲਾਂ,
ਸਬੂਰੀ ਬਵਦ ਪੇਸ਼ਾਇ ਮੁਕਾਬਲਾ।

# ਯੂਨਿਟ 6
# ਵਾਰਤਕ

## ਗੋਰਖ ਉਪਨਿਸ਼ਦ

ਸ੍ਰੀ ਨਰਿੰਦਰ ਧੀਰ ਨੇ ਭਾਸ਼ਾ ਵਿਭਾਗ ਵੱਲੋਂ ਛਪੇ 'ਪੰਜਾਬੀ ਸਾਹਿਤ ਦਾ ਇਤਿਹਾਸ' ਦੇ 'ਨਾਥ ਸਾਹਿਤ' ਪ੍ਰਕਰਣ ਵਿਚ ਗੋਰਖ ਉਪਨਿਸ਼ਦ' ਨਾਂ ਦੀ ਰਚਨਾ ਤੋਂ ਇਕ ਲੰਮੀ ਟੂਕ ਦੇ ਕੇ ਇਸ ਨੂੰ ਗੋਰਖਨਾਥ ਦੀ ਰਚਨਾ ਮੰਨਿਆ ਹੈ ਅਤੇ ਗੋਰਖ ਨਾਥ ਦਾ ਸਮਾਂ 11 ਵੀਂ ਸਦੀ ਤੋਂ ਬਾਅਦ ਅਤੇ 12ਵੀਂ ਸਦੀ ਤੋਂ ਪਹਿਲਾਂ ਮੰਨਿਆ ਹੈ। ਇਸ ਤਰ੍ਹਾਂ 'ਗੋਰਖ ਉਪਨਿਸ਼ਦ' ਵੀ 12ਵੀਂ ਸਦੀ ਦੀ ਕਿਰਤ ਸਿੱਧ ਹੁੰਦੀ ਹੈ।

## ਫ਼ਰੀਦ ਪੱਧਤੀ ਨਾਮਾ'

ਸੰਤ ਇੰਦਰ ਸਿੰਘ ਚੱਕਰਵਰਤੀ 'ਫ਼ਰੀਦ ਪੱਧਤੀ ਨਾਮਾ' ਛਾਪ ਕੇ ਅਤੇ ਫ਼ਰੀਦ ਬਾਣੀ ਨਾਲ ਇਸ ਦੀ ਤੁਲਨਾ ਕਰਕੇ ਇਸ ਨੂੰ ਬਾਬਾ ਫ਼ਰੀਦ ਦੀ ਰਚਨਾ ਮੰਨਿਆ ਹੈ। ਉਨ੍ਹਾਂ ਦੇ ਕਥਨ ਅਨੁਸਾਰ 1952 ਵਿਚ ਇਹ ਲਿਖਤ ਉਨ੍ਹਾਂ ਨੂੰ ਨਾਗਰੀ ਪ੍ਰਚਾਰਿਣੀ ਸਭਾ, ਕਾਂਸ਼ੀ ਵਿਚੋਂ ਮਿਲੀ ਸੀ। ਇਹ ਮੂਲ ਰੂਪ ਵਿਚ ਦੇਵਨਾਗਰੀ ਵਿਚ ਲਿਖੀ ਸੀ ਜਿਸ ਨੂੰ ਗੁਰਮੁਖੀ ਵਿਚ ਸੰਤ ਜੀ ਨੇ ਲਿਪੀਅੰਤਰਿਤ ਕੀਤਾ। ਇਸ ਪੱਧਤੀਨਾਮੇ ਦੀ ਵਸਤੂ ਦਾ ਗੰਭੀਰ ਅਧਿਐਨ ਕਰਨ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਦੀ ਭਾਸ਼ਾ ਇਤਨੀ ਪੁਰਾਣੀ ਨਹੀਂ ਕਿ ਇਸਨੂੰ ਬਾਬਾ ਫ਼ਰੀਦ ਜੀ ਦੀ ਰਚਨਾ ਮੰਨ ਲਿਆ ਜਾਵੇ। ਇਸ ਵਿਚਲੀ ਭਾਵ ਸਮੱਗਰੀ ਵੀ ਫ਼ਰੀਦ ਬਾਣੀ ਨਾਲ ਬਹੁਤੀ ਮੇਲ ਨਹੀਂ ਖਾਂਦੀ। ਇਸ ਦੀ ਲਿਖਤ ਪੋਥੀ ਵੀ ਦੋ ਸੌ ਵਰ੍ਹਿਆਂ ਤੋਂ ਅਧਿਕ ਪੁਰਾਤਨ ਨਹੀਂ। ਭਾਸ਼ਾ ਵਿਭਾਗ ਵੱਲੋਂ ਛਪੀ 'ਹੱਥ ਲਿਖਤ ਦੀ ਸੂਚੀ' ਵਿਚ ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਰਚਨਾ ਨੂੰ 1856 ਬਿ. ਵਿਚ ਖਰੜ ਪਿੰਡ ਦੇ ਸੁਆਮੀ ਮੁਕਨ ਦਾਸ ਦੁਆਰਾ ਲਿਖਿਆ ਮੰਨਿਆ ਹੈ।

## ਏਕਾਦਸੀ ਮਹਾਤਮ

ਡਾ. ਤਰਲੋਚਨ ਸਿੰਘ ਬੇਦੀ ਨੇ ਆਪਣੇ ਸ਼ੋਧ ਪ੍ਰਬੰਧ 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ' ਦੇ ਪਿਛੋਕੜ ਪ੍ਰਕਰਣ ਵਿਚ 'ਏਕਾਦਸੀ ਮਹਾਤਮ' ਦਾ ਉਲੇਖ ਕੀਤਾ ਹੈ। ਉਨ੍ਹਾਂ ਨੇ ਪ੍ਰੋ. ਜਗਨਨਾਥ ਅਗਰਵਾਲ ਦੀ ਰਾਏ ਦੇ ਆਧਾਰ ਤੇ ਇਸ ਵਿਚ ਵਰਤੀ ਲਿਪੀ ਦੇ ਸਰੂਪ ਵਜੋਂ 13ਵੀਂ 14ਵੀਂ ਸਦੀ ਦੀ ਰਚਨਾ ਹੋਣ ਦੀ ਗੱਲ ਕਹੀ ਹੈ ਅਤੇ ਭਾਸ਼ਾ ਦੀ ਦ੍ਰਿਸ਼ਟੀ ਤੋਂ ਇਸ ਅਨੁਮਾਨ ਦੀ ਪੁਸ਼ਟੀ ਡਾ. ਸੁਧੇਸ਼ਵਰ ਵਰਮਾ ਤੋਂ ਕਰਵਾਈ ਦੱਸੀ ਹੈ। ਪੰਜਾਬੀ ਵਾਰਤਕ ਦਾ ਜਨਮ 16ਵੀਂ ਸਦੀ ਤੋਂ ਪਹਿਲਾਂ ਨਹੀਂ ਮੰਨਿਆ ਜਾ ਸਕਦਾ। 'ਆਦਿ ਸਾਖੀਆਂ' ਦੇ ਸੰਪਾਦਕ ਡਾ. ਪਿਆਰ ਸਿੰਘ ਨੇ ਅਨੇਕ ਉਕਤੀਆਂ ਯੁਕਤੀਆਂ ਤੋਂ ਬਾਅਦ ਇਸ ਰਚਨਾ ਨੂੰ ਜਨਮਸਾਖੀ ਵਿਕਾਸ-ਕ੍ਰਮ

ਵਿਚ 'ਪ੍ਰਾਤਨ ਜਨਮ ਸਾਖੀ' ਤੋਂ ਬਾਅਦ ਅਤੇ 'ਮਿਹਰਬਾਨ ਜਨਮ ਸਾਖੀ' ਤੋਂ ਪਹਿਲਾਂ ਰੱਖਿਆ ਹੈ।

## ਮੱਧ-ਕਾਲੀਨ ਪੰਜਾਬੀ ਵਾਰਤਕ : ਵਿਧਾਗਤ ਅਧਿਐਨ

ਮੱਧਕਾਲ ਵਿਚ ਦੋਵੇਂ ਵਾਰੀ ਵਾਰਤਕ ਇਕ ਜਜ਼ਬਾਤੀ ਪ੍ਰੇਰਣਾ ਹੇਠ ਸੀਮਤ ਜਿਹੇ ਉਦੇਸ਼ ਲਈ ਉਪਜੀ ਅਤੇ ਮੁਢਲੇ ਪੜਾਅ ਤੋਂ ਬਹੁਤੀ ਅਗਾਂਹ ਨਾ ਵਧ ਸਕੀ ਅਰਥਾਤ ਇਸ ਵਿਚ ਵਿਕਾਸ ਦੀ ਥਾਂ ਖੜੋਤ ਦਾ ਤੱਤ ਵਧੇਰੇ ਵਿਦਮਾਨ ਰਿਹਾ। ਇਸ ਵਾਰਤਕ ਦਾ ਇਕ ਪ੍ਰਧਾਨ ਤੇ ਵਿਆਪਕ ਤੱਤ ਇਹ ਵੀ ਹੈ ਕਿ ਇਹ ਵਾਰਤਕ ਅਸ਼ਾਂਤਮਈ ਬਿਰਤੀ ਨਾਲ ਪੂਰਨ ਨਿਸ਼ਟਾ ਅਧੀਨ ਰਚੀ ਗਈ ਹੈ।

ਮੱਧਕਾਲੀਨ ਪੰਜਾਬੀ ਵਾਰਤਕ ਤਿੰਨ ਪੱਖ ਤੋਂ ਵੰਡਿਆ ਜਾ ਸਕਦਾ ਹੈ :

(ੳ) ਬਿਰਤਾਂਤ ਪ੍ਰਧਾਨ ਵਾਰਤਕ

(ਅ)ਵਿਚਾਰ ਪ੍ਰਧਾਨ ਵਾਰਤਕ

(ੲ) ਆਦੇਸ਼-ਮੂਲਕ ਵਾਰਤਕ

ਬਿਰਤਾਂਤ ਪ੍ਰਧਾਨ ਵਾਰਤਕ ਮੂਲ ਰੂਪ ਵਿਚ ਜਨਮਸਾਖੀਆਂ, ਗੋਸ਼ਟਾਂ ਤੇ ਇਸ ਨਾਲ ਮਿਲਦੇ ਜੁਲਦੇ ਸਾਖੀ, ਪਰਚੀ ਸਾਹਿਤ ਅਤੇ ਮਸਲਿਆਂ ਦੇ ਰੂਪ ਵਿਚ ਉਪਲੱਬਧ ਹੈ। ਵਿਚਾਰ ਪ੍ਰਧਾਨ ਵਾਰਤਕ ਤੇ ਨਮੂਨੇ ਪਰਮਾਰਥ, ਟੀਕੇ ਤੇ ਬਚਨ ਹਨ। ਤੀਜੇ ਪ੍ਰਕਾਰ ਦੀ ਵਾਰਤਕ ਹੁਕਮਨਾਮਿਆਂ ਤੇ ਰਹਿਤਨਾਮਿਆਂ ਦੇ ਰੂਪ ਵਿਚ ਪ੍ਰਾਪਤ ਹੈ। ਪਹਿਲੀ ਦੋਹਾਂ ਪ੍ਰਕਾਰਾਂ ਦੀ ਵਾਰਤਕ ਵਿਚ ਬਿਰਤਾਂਤ ਪ੍ਰਥਮ ਜਾਂ ਗੌਣ ਅਥਵਾ ਘੱਟ ਰੂਪ ਵਿਚ ਵਿਦਮਾਨ ਹੈ ਅਤੇ ਕਿਤੇ ਵਿਚਾਰਾਂ ਦੇ ਪ੍ਰਗਟਾ ਅਥਵਾ ਸੰਚਾਰ ਦੀ ਜੁਗਤ ਬਣ ਕੇ ਅਤੇ ਕਿਤੇ ਵਿਚਾਰਾਂ ਦੀ ਵਿਆਖਿਆ ਲਈ ਸੰਖਿਪਤ ਚੌਖਿਆ ਉਸਾਰ ਕੇ ਅਤੇ ਤੀਜੇ ਪ੍ਰਕਾਰ ਦੀ ਵਾਰਤਕ ਵਿਚ ਇਹ ਬਿਰਤਾਂਤ ਤਕਰੀਬਨ-ਤਕਰੀਬਨ ਲੁਪਤ ਹੈ।

### ਜਨਮਸਾਖੀ

ਜਨਮਸਾਖੀ ਪੰਜਾਬੀ ਵਾਰਤਕ ਦੀ ਮੂਲ ਤੇ ਬੀਜ ਵਿਧਾ ਹੈ। ਆਰੰਭ ਵਿਚ ਇਹਨਾਂ ਦਾ 'ਧੁਰਾ' ਗੁਰੂ ਨਾਨਕ ਦੇਵ ਜੀ ਸਨ ਅਤੇ ਬਾਅਦ ਵਿਚ ਭਗਤ ਜਨ ਅਥਵਾ ਸਿੱਖ-ਸੰਪਰਦਾਵਾਂ ਦੇ ਵਿਸ਼ਿਸ਼ਟ ਵਿਅਕਤੀ ਵੀ ਇੰਨ੍ਹਾਂ ਦੇ ਨਾਇਕ ਬਣ ਗਏ। ਇਸ ਵਿਚ ਨਾਇਕ ਨੂੰ ਦਿਗ-ਵਜੱਈ ਰੂਪ ਵਿਚ ਉਘਾੜਣ ਦੀ ਰੁਚੀ ਪ੍ਰਧਾਨ ਹੁੰਦੀ ਹੈ। ਜਨਮਸਾਖੀ ਅਸਲ ਵਿਚ ਸੁਤੰਤਰ ਅਥਵਾ ਆਪਣੇ ਆਪ ਵਿਚ ਪੂਰਨ ਸਾਖੀਆਂ ਦਾ ਹੀ ਇਕੱਠ ਹੁੰਦਾ ਹੈ ਜਿੰਨ੍ਹਾਂ ਨੂੰ ਤਰਤੀਬ ਦੇਣ ਲੱਗਿਆਂ ਆਰੰਭ ਉਪਰ ਤਾਂ ਨਾਇਕ ਦੀ ਜਨਮ ਵਾਲੀ ਸਾਖੀ ਨੂੰ ਹੀ ਰੱਖਿਆ ਜਾਂਦਾ ਹੈ।

ਜਨਮਸਾਖੀ ਸਾਧਾਰਨ ਰੂਪ ਵਿਚ ਭਾਵੇਂ ਵਸਤੂਪਰਕ ਪ੍ਰਗਟਾ ਵਾਲੀ ਸਾਹਿਤ-ਵਿਧਾ ਪ੍ਰਤੀਤ ਹੁੰਦੀ ਹੈ ਪਰ ਮਿਲਦੇ ਰੂਪ ਵਿਚ ਇਹ ਆਤਮਪਰਕ ਪ੍ਰਕਾਰ ਦੀ ਹੀ ਹੈ ਕਿਉਂਕਿ ਇਨ੍ਹਾਂ ਵਿਚਲੀਆਂ ਸਾਖੀਆਂ ਦੀ ਰਚਨਾ ਨਾਇਕ/ਗੁਰੂ ਦੇ ਪੂਰਨ ਆਸਤਾ ਰੱਖਣ ਵਾਲੀ ਬਿਰਤੀ ਨਾਲ ਹੋਈ ਅਤੇ ਇੰਨ੍ਹਾਂ ਦੇ ਸੰਗ੍ਰਹਿ ਕਰਤਾਵਾਂ ਨੇ ਵੀ ਇਹ ਜਨਮਸਾਖੀਆਂ 'ਇਲਮੁਲ ਯਕੀਨ' ਵਾਲਾ ਸਾਹਿਤ ਬਣ ਜਾਂਦੀਆਂ ਹਨ।

## ਗੋਸ਼ਟਾਂ

ਗੋਸ਼ਟਾਂ ਗਦ ਅਤੇ ਪਦ ਦੋਹਾਂ ਰੂਪਾਂ ਵਿਚ ਉਪਲਬਧ ਹਨ। ਗੋਸ਼ਟ ਵਿਚਲੀ ਵਾਰਤਾਲਾਪ ਸਾਧਾਰਨ ਵਾਰਤਾਲਾਪ ਨਾਲੋਂ ਵਧੇਰੇ ਸੰਗਠਿਤ ਤੇ ਇਕ ਵਿਸ਼ੇ ਉੱਤੇ ਕੇਂਦ੍ਰਿਤ ਹੁੰਦੀ ਹੈ। ਗੋਸ਼ਟ ਵਿਚ ਭਾਗ ਲੈਣ ਵਾਲੇ ਪਾਤਰਾਂ ਦੇ ਪੱਖ ਤੋਂ ਗੋਸ਼ਟਾਂ ਤਿੰਨ ਪ੍ਰਕਾਰ ਦੀਆਂ ਹਨ। ਕੁਝ ਗੋਸ਼ਟਾਂ ਵਿਚ ਇਕ ਪਾਤਰ ਇਤਿਹਾਸਕ ਤੇ ਕਲਪਿਤ ਜਾਂ ਮਿਥਿਹਾਸਕ ਹਨ। ਇਕ ਪ੍ਰਕਾਰ ਦੀਆਂ ਗੋਸ਼ਟਾਂ ਅਜਿਹੀਆਂ ਵੀ ਹਨ ਜਿੰਨ੍ਹਾਂ ਵਿਚ ਦੋਵੇਂ ਪਾਤਰ ਹੀ ਨਾ ਕੇਵਲ ਕਲਪਿਤ ਹੁੰਦੇ ਹਨ ਸਗੋਂ ਨਿਰਵਿਸ਼ੇਸ਼ ਵੀ। ਇਹੋ ਜਿਹੀਆਂ ਗੋਸ਼ਟਾਂ ਦਾ ਬਹੁਤੀ ਵਾਰੀ ਸਮਾਂ ਤੇ ਸਥਾਨ ਵਿਚ ਅਸਪੱਸ਼ਟ ਤੇ ਨਿਰਵਿਸ਼ੇਸ਼ ਹੀ ਹੁੰਦਾ ਹੈ। ਅਸਲ ਵਿਚ ਗੋਸ਼ਟ ਤੇ ਸਾਖੀ ਵਿਚ ਇਕ ਮੁੱਖ ਅੰਤਰ ਹੀ ਇਹ ਹੁੰਦਾ ਹੈ ਕਿ ਸਾਖੀ ਵਿਚ ਇਕ ਘਟਨਾ ਬਿਰਤਾਂਤ ਨੂੰ ਪ੍ਰਾਥਮਿਕਤਾ ਦਿੱਤੀ ਗਈ ਹੁੰਦੀ ਹੈ ਅਤੇ ਗੋਸ਼ਟ ਵਿਚ ਇਸ ਦਾ ਮਹੱਤਵ ਗੌਣ ਹੁੰਦਾ ਹੈ।

## ਟੀਕਾ/ਪਰਮਾਰਥ

ਸੰਸਕ੍ਰਿਤ ਸਾਹਿਤ ਵਿਚ ਸੂਤ੍ਰਿਕ ਸ਼ੈਲੀ ਵਿਚ ਲਿਖੀਆਂ ਗੂੜ੍ਹ ਰਚਨਾਵਾਂ ਦੇ ਅਰਥ ਸਪੱਸ਼ਟ ਕਰਵਾਉਣ ਵਾਲੀ ਕਿਰਤ ਨੂੰ ਹੀ ਟੀਕਾ ਕਿਹਾ ਜਾਂਦਾ ਹੈ। ਟੀਕਾ ਲਿਖਤ ਦੀ ਮੂਲ ਅਥਵਾ ਕਿਸੇ ਹੋਰ ਭਾਸ਼ਾ ਵਿਚ ਵੀ ਹੋ ਸਕਦਾ ਹੈ। ਗਦ ਵਿਚ ਵੀ ਹੋ ਸਕਦਾ ਹੈ ਤੇ ਪਦ ਵਿਚ ਵੀ। ਭਾਈ ਗੁਰਦਾਸ ਦੀਆਂ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਹੀ ਮੰਨਿਆ ਜਾਂਦਾ ਹੈ। ਮੱਧ-ਕਾਲੀਨ ਸਾਹਿਤ ਵਿਚ ਅਧਿਕ ਟੀਕੇ ਗੁਰਬਾਣੀ ਦੇ ਹੀ ਮਿਲਦੇ ਹਨ। ਸ਼ੁਰੂ-ਸ਼ੁਰੂ ਵਿਚ ਇਨ੍ਹਾਂ ਟੀਕਿਆਂ ਅਥਵਾ ਪਰਮਾਰਥਾਂ ਦਾ ਕੇਂਦਰ ਗੁਰੂ ਨਾਨਕ ਬਾਣੀ ਰਿਹਾ। ਪਿਛੋਂ 18 ਵੀਂ ਸਦੀ ਵਿਚ ਅਧਿਕਤਰ ਇਹ ਸਿੱਖ ਬਾਣੀ ਬਣ ਗਿਆ। ਸੁਖਮਨੀ ਸਹੰਸਰਨਾਮਾ, ਗਿਆਨ ਰਤਨਾਵਲੀ, ਭਗਤ ਰਤਨਾਵਲੀ ਇਸੇ ਦੇ ਨਮੂਨੇ ਹਨ।

## ਰਹਿਤਨਾਮਾ

'ਸ੍ਰੀ ਸਤਿਗੁਰੂ ਜੀ ਕੇ ਮੂੰਹੇ ਦੀਆਂ ਸਾਖੀਆਂ', ਵਾਸਤਵ ਵਿਚ ਰਹਿਤ ਦੇ ਬਚਨਾਂ ਦਾ ਹੀ ਇਕੱਠ ਹਨ ਪਰ ਇਕ ਵਾਰਤਕ ਵਿਧਾ ਵਜੋਂ ਰਹਿਤਨਾਮਿਆਂ ਦੀ ਹੋਂਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰਮਤਿ ਦੇ ਮਾਰਗ 'ਤੇ ਚੱਲਣ ਵਾਲਿਆਂ ਨੂੰ ਵਿਧੀਵਤ ਰੂਪ ਵਿਚ 'ਖਾਲਸਾ' ਦੇ ਤੌਰ 'ਤੇ ਸੰਗਠਿਤ ਕਰਨ ਤੋਂ ਹੋਂਦ ਵਿਚ ਆਈ। ਇਹ ਰਹਿਤਨਾਮੇ ਪਦ ਵਿਚ ਵੀ ਹਨ ਅਤੇ ਗਦ ਵਿਚ ਵੀ। ਬਹੁਤੇ ਰਹਿਤਨਾਮਿਆਂ ਨੂੰ ਮੂਲ ਰੂਪ ਵਿਚ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਕੀਤਾ ਜਾਂਦਾ ਹੈ ਅਤੇ ਇਹ ਪ੍ਰਚਲਿਤ ਵੀ ਗੁਰੂ ਸਾਹਿਬ ਦੇ ਨਿਕਟਵਰਤੀ ਸਿੱਖਾਂ ਦੇ ਨਾਵਾਂ ਨਾਲ ਹੀ ਹਨ ਅਤੇ ਉਨ੍ਹਾਂ ਵੱਲੋਂ ਹੀ ਲਿਖੇ ਗਏ ਮੰਨੇ ਜਾਂਦੇ ਹਨ ਜਿਵੇਂ ਭਾਈ ਚੌਪਾ ਸਿੰਘ, ਭਾਈ ਦਯਾ ਸਿੰਘ ਅਥਵਾ ਭਾਈ ਨੰਦ ਸਿੰਘ ਵਲੋਂ।

ਭਾਈ ਚੌਪਾ ਸਿੰਘ ਜੀ ਗੁਰੂ ਜੀ ਦੇ ਖਿਡਾਵਿਆਂ ਵਿਚੋਂ ਇਕ ਸਨ। ਭਾਈ ਦਯਾ ਸਿੰਘ ਗੁਰੂ ਸਾਹਿਬ ਦੇ ਅਤਿ ਵਿਸ਼ਵਾਸੀ ਤੇ ਨਿਕਟਵਰਤੀ ਸਿੱਖ ਸਨ। ਭਾਈ ਦਯਾ

ਸਿੰਘ ਗੁਰੂ ਸਾਹਿਬ ਦੇ ਅਤਿ ਵਿਸ਼ਵਾਸੀ ਤੇ ਨਿਕਟਵਰਤੀ ਸਿੱਖ ਸਨ। ਗੁਰੂ ਸਾਹਿਬ ਜੀ ਨੇ ਔਰੰਗਜੇਬ ਨੂੰ 'ਜ਼ਫ਼ਰਨਾਮਾ' ਇਹਨਾਂ ਦੇ ਹੱਥੀ ਹੀ ਭੇਜਿਆ ਸੀ ਅਤੇ ਭਾਈ ਨੰਦ ਲਾਲ ਜੀ ਗੁਰ ਦਰਬਾਰ ਦੇ ਸਨਮਾਨਿਤ ਕਵੀ ਤੇ ਗੁਰੂ ਸਾਹਿਬ ਜੀ ਦੀ ਦੈਵੀ ਸ਼ਖ਼ਸੀਅਤ ਦੇ ਭੌਰੇ ਸਨ।

## ਹੁਕਮਨਾਮੇ

'ਹੁਕਮਨਾਮਾ' ਦੇ ਕੋਸ਼ਗਤ ਅਰਥ ਹਨ ਉਹ ਚਿੱਠੀ ਅਥਵਾ ਲਿਖਤ ਜਿਸ ਵਿਚ ਕਿਸੇ 'ਹੁਕਮ' ਨੂੰ ਅੰਕਤ ਕੀਤਾ ਗਿਆ ਹੋਵੇ। ਇਹ ਹੁਕਮਨਾਮੇ ਵਾਰਤਕ ਵਿਚ ਹੁੰਦੇ ਸਨ ਅਤੇ ਗੁਰ ਦਰਬਾਰ ਦੇ ਕਿਸੇ ਪ੍ਰਤਿਸ਼ਟ ਸਿੱਖ ਰਾਹੀਂ ਗੁਰੂ ਸਾਹਿਬ ਵਲੋਂ ਲਿਖੇ ਜਾਂਦੇ ਸਨ। ਇੰਨ੍ਹਾਂ ਦਾ ਢਾਂਚਾ ਮੁੱਖ ਤੌਰ 'ਤੇ ਇਸ ਪ੍ਰਕਾਰ ਦਾ ਹੁੰਦਾ ਹੈ :

'ਹੁਕਮਨਾਮੇ' ਦੇ ਉਪਰ ਜਾਂ ਕਿਸੇ ਕੋਨੇ ਤੇ ਗੁਰੂ ਸਾਹਿਬ ਅਥਵਾ ਜਿਸ ਵਲੋਂ ਹੁਕਮਨਾਮਾ ਲਿਖਿਆ ਜਾ ਰਿਹਾ ਹੋਵੇ ਆਪ '੧ਓ ਸਤਿਗੁਰ ਪ੍ਰਸਾਦਿ ॥' ਜਾਂ ਸੰਬੋਧਿਤ ਸੰਗਤ ਦਾ ਸੰਖਿਪਤ ਵਿਵਰਣ ਤੇ ਅਸੀਸ ਦੇ ਸ਼ਬਦ ਲਿਖਦੇ ਅਤੇ ਇਸ ਨੂੰ ਗੁਰੂ ਅਥਵਾ ਹੁਕਮਨਾਮਾ ਭੇਜਣ ਵਾਲੇ ਦੇ 'ਦਸਤਖ਼ਤਾਂ' ਦਾ ਪ੍ਰਤੀਕ ਕਰਕੇ ਲਿਆ ਜਾਂਦਾ। ਬਾਕੀ ਦਾ ਹੁਕਮਨਾਮਾ ਦਰਬਾਰੀ ਲਿਖਾਰੀ ਦੀ ਲਿਖਤ ਹੁੰਦਾ।

ਵਸਤੂ ਪੱਖ ਤੋਂ ਹੁਕਮਨਾਮੇ ਦੇ ਤਿੰਨ ਭਾਗ ਕੀਤੇ ਜਾ ਸਕਦੇ ਹਨ :

(ੳ) ਪਹਿਲਾ ਭਾਗ ਸੰਬੋਧਨ ਦਾ ਹੁੰਦਾ ਹੈ। ਇਸ ਭਾਗ ਵਿਚ ਉਸ ਖੇਤਰ ਦੇ ਪ੍ਰਮੁੱਖ ਵਿਅਕਤੀਆਂ ਦਾ ਨਾਮ ਦਾ ਵਿਵਰਣ ਹੁੰਦਾ ਹੈ ਜਿੰਨ੍ਹਾਂ ਨੂੰ ਹੁਕਮਨਾਮਾ ਵਿਸ਼ੇਸ਼ ਸੰਬੋਧਿਤ ਹੋਵੇ ਅਤੇ ਅੰਤ ਉਤੇ ਗੁਰੂ ਜੀ ਦੀ ਉਸ ਇਲਾਕੇ ਦੇ ਸ਼ਰਧਾਲੂ ਵਸਨੀਕਾਂ ਤੇ ਇਨ੍ਹਾਂ ਪ੍ਰਮੁੱਖ ਵਿਅਕਤੀਆਂ ਨੂੰ ਅਸੀਸ ਹੁੰਦੀ ਹੈ। ਇਸ ਭਾਗ ਦਾ ਮਹੱਤਵ ਸਭਿਆਚਾਰਕ ਹੈ।

(ਅ) 'ਹੁਕਮਨਾਮੇ' ਦੇ ਦੂਜੇ ਭਾਗ ਵਿਚ ਉਨ੍ਹਾਂ ਵਸਤਾਂ ਦਾ ਵਿਵਰਣ ਹੁੰਦਾ ਹੈ ਜਿੰਨ੍ਹਾਂ ਦੀ ਮੰਗ ਸ਼ਸਤਰਾਂ, ਘੋੜਿਆਂ, ਸੋਨੇ ਚਾਂਦੀ ਤੇ ਹੋਰ ਵਸਤਾਂ ਤੋਂ ਲੈ ਕੇ ਪੰਛੀਆਂ ਤਕ ਦੀ ਹੁੰਦੀ ਹੈ।

## ਜਨਮਸਾਖੀ ਪਰੰਪਰਾ ਅਤੇ ਪੁਰਾਤਨ ਜਨਮਸਾਖੀ

ਪੁਰਾਤਨ ਪੰਜਾਬੀ ਵਾਰਤਕ ਦਾ ਆਰੰਭ ਜਨਮਸਾਖੀ ਪਰੰਪਰਾ ਨਾਲ ਹੁੰਦਾ ਹੈ। ਮੂਲ ਰੂਪ ਵਿਚ ਇਸ ਪਰੰਪਰਾ ਦਾ ਮੁੱਢ ਸਾਮੀ ਸਾਹਿਤ ਰੂਪ 'ਮਲਫ਼ੂਜ਼ਾਤ' ਅਥਵਾ ਬੋਧ ਜਾਤਕ ਕਥਾਵਾਂ ਜਾਂ ਅਵਦਾਨ ਸਾਹਿਤਧਾਰਾ ਦੇ ਪ੍ਰਭਾਵ ਨਾਲ ਹੋਇਆ। ਸਾਖੀ ਦਾ ਅਰਥ ਗਵਾਹੀ ਹੈ। ਜਨਮਸਾਖੀਆਂ ਕਾਲਕ੍ਰਮਤਾ ਅਨੁਸਾਰ ਇਸ ਪ੍ਰਕਾਰ ਹਨ : 'ਪਰਾਤਨ ਜਨਮਸਾਖੀ', 'ਭਾਈ ਬਾਲਾ ਵਾਲੀ ਜਨਮਸਾਖੀ', ਅਤੇ 'ਭਾਈ ਮਨੀ ਸਿੰਘ ਵਾਲੀ ਜਨਮਸਾਖੀ', 'ਸੋਢੀ ਮਿਹਰਵਾਨ ਵਾਲੀ ਜਨਮਸਾਖੀ', 'ਆਦਿ ਸਾਖੀਆਂ' ਅਤੇ ਇੰਡੀਆ ਆਫ਼ਿਸ (ਲੰਡਨ) ਵਾਲੀ ਜਨਮਸਾਖੀ', 'ਪ੍ਰਾਚੀਨ ਜਨਮਸਾਖੀ' (ਸੰਪਾ. ਸੇਵਾ ਸਿੰਘ) ਅਤੇ 'ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ' (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ) ਆਦਿ ਹਨ।

'ਪੁਰਾਤਨ ਜਨਮਸਾਖੀ' ਦੇ ਇੰਨ੍ਹਾਂ ਨੁਸਖਿਆਂ ਤੋਂ ਬਾਅਦ ਕੁਝ ਹੱਥ ਲਿਖਤ ਨਮੂਨੇ ਵੀ ਸਾਹਮਣੇ ਆਏ ਹਨ :

**1. ਵਿਲਾਇਤ ਵਾਲੀ ਪੁਰਾਤਨ ਜਨਮਸਾਖੀ :** ਇਹ ਜਨਮਸਾਖੀ 19 ਵੀਂ ਸਦੀ ਵਿਚ ਕੋਲਬ੍ਰੁਰਕ ਨੂੰ ਪ੍ਰਾਪਤ ਹੋਈ। ਇਹ ਜਨਮਸਾਖੀ ਡਾ. ਅਰਨੈਸਟ ਟਰੰਪ ਨੇ 1877 ਈ. ਵਿਚ ਆਪਣੇ ਅੰਗਰੇਜ਼ੀ 'ਆਦਿ ਗ੍ਰੰਥ' ਦੇ ਮੁੱਢ ਵਿਚ ਅਨੁਵਾਦ ਕਰਕੇ ਛਾਪੀ ਅਤੇ ਇਹੀ ਜਨਮਸਾਖੀ ਹਾਫ਼ਿਜ਼ਾਬਾਦ ਵਾਲੀ ਜਨਮਸਾਖੀ ਨਾਲ ਮੇਲ ਕੇ 1883 ਈ. ਵਿਚ ਸ਼੍ਰੀ ਗੁਰੂ ਸਿੰਘ ਸਭਾ ਲਾਹੌਰ ਨੇ ਅਤੇ 1885 ਈ. ਵਿਚ ਮਿ. ਮੈਕਸ ਆਰਥਰ ਮੈਕਾਲਿਫ਼ ਨੇ ਸੰਪਾਦਿਤ ਕਰਕੇ ਗੁਲਸ਼ਨਿ ਪੰਜਾਬ ਪ੍ਰੈਸ ਰਾਵਲਪਿੰਡੀ ਤੋਂ ਪੱਥਰ ਦੇ ਛਾਪੇ ਦੁਆਰਾ ਪ੍ਰਕਾਸ਼ਿਤ ਕਰਵਾਈ ਸੀ। ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਪੁਰਾਤਨ ਜਨਮਸਾਖੀ (1926 ਈ.) ਇਸੇ ਵਿਲਾਇਤ ਵਾਲੀ ਅਤੇ ਹਾਫ਼ਿਜ਼ਾਬਾਦ ਵਾਲੀ ਜਨਮਸਾਖੀ ਦਾ ਹੀ ਇਕ ਪ੍ਰਤਿਰੂਪ ਹੈ।

## ਰਚਨਾ ਕਾਲ

'ਵਿਲਾਇਤ ਵਾਲੀ ਜਨਮ ਸਾਖੀ' ਵਿਚਲੀ ਕਲਿਜੁਗ ਵਾਲੀ ਸਾਖੀ ਤੋਂ ਇਸ ਰਚਨਾ ਦੇ 1635 ਈ. ਵਿਚ ਤਿਆਰ ਕੀਤੇ ਜਾਣ ਦੀ ਸੂਚਨਾ ਮਿਲਦੀ ਹੈ। ਜਨਮਸਾਖੀਆਂ ਉੱਪਰ ਸਾਮੀ ਪ੍ਰਭਾਵ ਸਪਸ਼ਟ ਤੌਰ 'ਤੇ ਵੇਖੇ ਜਾ ਸਕਦੇ ਹਨ। ਬਾਲਾ ਜਨਮਸਾਖੀ ਜੰਡਿਆਲਾ ਗੁਰੂ ਦੀ ਹੈ। ਮਿਹਰਬਾਨ ਜਨਮਸਾਖੀ ਅੰਮ੍ਰਿਤਸਰ ਦੀ ਹੈ। ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਵਿਚ ਗੁਰੂ ਨਾਨਕ ਦੇਵ ਜੀ ਦਾ ਮਿਥਿਹਾਸਕ ਚਰਿੱਤਰ ਵੀ ਅੰਮ੍ਰਿਤਸਰ ਦਾ ਹੈ। ਬੀ-40 ਵੀ ਸਿੱਖ ਪਿਛੋਕੜ ਵਾਲੇ ਇਲਾਕੇ ਦੀ ਉਪਜ ਹੈ।

## ਰਚਨਾਕਾਰ

'ਪਰਾਤਨ ਜਨਮਸਾਖੀ' ਦੇ ਰਚਨਾਕਾਰ ਬਾਰੇ ਕੋਈ ਪੱਕੀ ਅਤੇ ਭਰੋਸੇਯੋਗ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਇਸ ਦੀ ਬੋਲੀ ਪੋਠੋਹਾਰੀ ਨਹੀਂ ਅਤੇ ਨਾ ਹੀ ਨਿਰੋਲ ਲਹਿੰਦੀ ਹੈ। ਭਾਈ ਵੀਰ ਸਿੰਘ ਅਨੁਸਾਰ ਇਹ ਜਿਹਲਮ ਦਰਿਆ ਦੇ ਇਸ ਕਿਨਾਰੇ ਜਾਂ ਉਸ ਦੇ ਕਿਨਾਰੇ ਦੀ ਬੋਲੀ ਨਾਲ ਮੇਲ ਖਾਂਦੀ ਹੈ। ਇਸ ਦੇ ਕੁਝ ਅੱਖਰ ਜਿਵੇਂ 'ਹ', 'ਲ' ਅਤੇ ਅੱਖਰ ਪੁਰਾਣੇ ਢੰਗ ਦੇ ਲੱਗਦੇ ਹਨ।

ਪੁਰਾਤਨ ਜਨਮਸਾਖੀ ਦੇ ਰਚਨਾਕਾਰ ਬਾਰੇ ਵਿਚਾਰ ਪ੍ਰਗਟ ਕਰਦਾ ਹੋਇਆ ਸ਼ਮਸ਼ੇਰ ਸਿੰਘ ਅਸ਼ੋਕ ਲਿਖਦਾ ਹੈ ਕਿ ਇਹ ਸਾਖੀਆਂ ਗੁਰੂ ਜੀ ਦੀ ਹਜ਼ੂਰੀ ਵਿਚ ਸਿੱਖਾਂ ਦੀਆਂ ਹੀ ਲਿਖੀਆਂ ਹੋਈਆਂ ਹਨ। ਇਹ ਹਜ਼ੂਰੀ ਲਿਖਾਰੀ ਸਨ : ਭਾਈ ਸੈਦੋ, ਘੇਹੋ ਜੱਟ, ਸੀਹਾਂ ਛੀਂਬਾ ਅਤੇ ਹੱਸੂ ਲੁਹਾਰ, ਜੋ ਪੁਰਾਤਨ ਜਨਮਸਾਖੀ ਦੇ ਅਨੁਸਾਰ ਭਾਈ ਮਰਦਾਨੇ ਵਾਂਗ ਹਰ ਇਕ ਉਦਾਸੀ ਵਿਚ ਗੁਰੂ ਸਾਹਿਬ ਦੇ ਅੰਗ-ਸੰਗ ਰਹਿੰਦੇ ਸਨ। ਪੁਰਾਤਨ ਜਨਮਸਾਖੀ ਵਿਚ ਕੁਲ 57 ਸਾਖੀਆਂ ਹਨ।

ਭਾਈ ਵੀਰ ਸਿੰਘ ਨੇ ਵਲਾਇਤ ਵਾਲੀ ਜਨਮਸਾਖੀ ਦਾ ਫ਼ੋਟੋ ਨੁਸਖਾ, ਹਾਫ਼ਿਜ਼ਾਬਾਦ ਵਾਲੀ ਜਨਮਸਾਖੀ ਦਾ ਮਿਸਟਰ ਮੈਕਾਲਿਫ਼ ਵਾਲਾ ਨੁਸਖਾ ਅਤੇ ਸਿੰਘ

ਸਭਾ ਲਾਹੌਰ ਦਾ ਪੱਥਰ ਦੇ ਛਾਪੇ ਵਾਲਾ ਨੁਸਖਾ- ਇਨ੍ਹਾਂ ਤਿੰਨਾਂ ਨੁਸਖ਼ਿਆਂ ਦਾ ਮਿਲਾਣ ਕਰਕੇ ਪੁਰਾਤਨ ਜਨਮਸਾਖੀ ਦੀ ਟੈਕਸਟ ਅਗਸਤ 1926 ਵਿਚ ਤਿਆਰ ਕੀਤੀ। 'ਪੁਰਾਤਨ ਜਨਮਸਾਖੀ' ਸਤਾਰ੍ਹਵੀਂ ਸਦੀ ਦੀ ਪੰਜਾਬੀ ਭਾਸ਼ਾ ਨੂੰ ਸਮਝਣ ਲਈ ਇਕ ਭਰੋਸੇਯੋਗ ਰਚਨਾ ਹੈ।

1. ਪੁਰਾਤਨ ਜਨਮਸਾਖੀ ਦੀ ਭਾਸ਼ਾ ਅਜੋਕੀ ਭਾਸ਼ਾ ਨਾਲੋਂ ਵਧੇਰੇ ਸੰਯੋਗਾਤਮਕ ਹੈ ਪਰੰਤੂ ਇਹ ਗੁਰਬਾਣੀ ਨਾਲੋਂ ਘੱਟ ਸੰਯੋਗਾਤਮਕ ਹੈ।

2. ਜਨਮਸਾਖੀਆਂ ਵਿਚ ਸੰਬੰਧਕਾਂ ਦੀ ਵਰਤੋਂ ਅਜੋਕੀ ਪੰਜਾਬੀ ਭਾਸ਼ਾ ਨਾਲੋਂ ਘੱਟ ਹੈ ਪਰੰਤੂ ਗੁਰਬਾਣੀ ਨਾਲੋਂ ਕਾਫ਼ੀ ਜ਼ਿਆਦਾ ਹੈ।

3. ਵਾਕ-ਰਚਨਾ ਦੀ ਦ੍ਰਿਸ਼ਟੀ ਤੋਂ ਦੇਖਿਆਂ ਜਨਮਸਾਖੀ ਵਿਚ ਵਰਤੇ ਗਏ ਵਾਕ ਛੋਟੇ-ਛੋਟੇ ਹਨ ਅਤੇ ਆਮ ਤੌਰ 'ਤੇ ਸਾਧਾਰਣ ਹਨ। ਸੰਯੁਕਤ ਅਤੇ ਮਿਸ਼ਰਿਤ ਵਾਕ ਬਹੁਤ ਘੱਟ ਮਿਲਦੇ ਹਨ।

## ਸਫ਼ਰਨਾਮਾ ਸਾਹਿਤ

'ਸਫ਼ਰਨਾਮਾ' ਪੰਜਾਬੀ ਸਾਹਿਤ ਦੀ ਬਹੁਤ ਮਹੱਤਵਪੂਰਨ ਅਤੇ ਗਿਆਨ ਭਰਪੂਰ ਵੰਨਗੀ ਹੈ 'ਸਫ਼ਰਨਾਮਾ' ਸ਼ਬਦ ਦੀ ਵਿਉਂਤਪਤੀ ਦੋ ਸ਼ਬਦਾਂ ਦੇ ਮੇਲ 'ਸਫ਼ਰ+ਨਾਮਾ' ਤੋਂ ਹੋਈ ਹੈ।ਸਫ਼ਰ ਸ਼ਬਦ ਅਰਬੀ ਭਾਸ਼ਾ ਦਾ ਹੈ ਜਿਸਦਾ ਅਰਥ ਹੈ 'ਯਾਤਰਾ ਅਤੇ ਮੁਸਾਫ਼ਰੀ'।ਨਾਮਾ ਸ਼ਬਦ ਫ਼ਾਰਸੀ ਦਾ ਹੈ ਜਿਸ ਦਾ ਅਰਥ ਹੈ -ਚਿੱਠੀ ਜਾਂ 'ਖਤ', 'ਪੱਤਰ'।ਇਸ ਤਰ੍ਹਾਂ ਸਾਧਾਰਨ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਫ਼ਰਨਾਮਾ ਕਿਸੇ ਯਾਤਰੀ ਦਾ ਆਪਣੀ ਯਾਤਰਾ ਸੰਬੰਧੀ ਲਿਖਿਆ ਪੱਤਰ ਹੈ ਜਿਸਨੂੰ ਯਾਤਰਾ ਸਾਹਿਤ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ।

ਪੰਜਾਬੀ ਵਿਚ ਸਫ਼ਰਨਾਮਾ ਸਾਹਿਤ ਲਿਖਣ ਦਾ ਆਰੰਭ 19ਵੀਂ ਸਦੀ ਦੇ ਅੰਤ ਵਿਚ 1898 ਈ. ਤੋਂ ਮੰਨਿਆਂ ਜਾਂਦਾ ਹੈ। ਡਾ. ਗੁਰਚਰਨ ਸਿੰਘ ਨੇ ਆਪਣੇ ਸੋਧ ਪ੍ਰਬੰਧ 'ਪੰਜਾਬੀ ਭਾਸ਼ਾ ਨੂੰ ਈਸਾਈ ਮਸ਼ੀਨਰੀਆਂ ਦੀ ਦੇਣ' ਵਿੱਚ ਜ਼ਿਕਰ ਕੀਤਾ ਹੈ ਕਿ ਪੰਜਾਬੀ ਭਾਸ਼ਾ ਵਿਚ ਸਭ ਤੋਂ ਪਹਿਲਾ ਸਫ਼ਰਨਾਮਾ 'ਏਸ਼ੀਆ ਦੀ ਸੈਲ' ਹੈ ਜੋ ਕਿਸੇ ਅਗਿਆਤ ਮਿਸ਼ਨਰੀ ਦੁਆਰਾ 1898 ਈ. ਵਿਚ ਲਿਖਿਆ ਗਿਆ। ਭਾਈ ਕਾਨ੍ਹ ਸਿੰਘ ਨਾਭਾ ਦੇ ਸਫ਼ਰਨਾਮੇ 'ਪਹਾੜ ਦਾ ਸਫ਼ਰ' 1907 ਈ. (ਇੰਗਲੈਂਡ ਨਾਲ ਸੰਬੰਧਿਤ ਸਭ ਤੋਂ ਪਹਿਲਾ ਸਫ਼ਰਨਾਮਾ) ਨੂੰ ਇਹ ਮਾਣ ਹਾਸਿਲ ਹੋਇਆ ਹੈ ਕਿਉਂਕਿ ਭਾਈ ਕਾਨ੍ਹ ਸਿੰਘ ਨਾਭਾ ਵਿਚ ਇੱਕ ਸਫ਼ਰਨਾਮਾਕਾਰ ਵਾਲੇ ਕੁਝ ਗੁਣ ਮੌਜੂਦ ਹਨ ਜਿਸਦੀ ਪੁਸ਼ਟੀ ਡਾ. ਗੋਬਿੰਦ ਸਿੰਘ ਲਾਂਬਾ, ਡਾ. ਜੀਤ ਸਿੰਘ ਸੀਤਲ ਅਤੇ ਡਾ. ਰਛਪਾਲ ਕੌਰ ਨੇ ਆਪਣੇ ਸ਼ਬਦਾਂ ਵਿਚ ਕੀਤੀ ਹੈ ਜਦੋਂਕਿ ਸਰਬਸੰਮਤੀ ਇਹ ਹੈ ਕਿ ਪੰਜਾਬੀ ਸਫ਼ਰਨਾਮਾ ਸਾਹਿਤ ਦਾ ਮੁੱਢ ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮੇ ਦਾ ਸਾਰੇ ਗੁਣਾਂ ਨੂੰ ਆਪਣੇ ਅੰਦਰ ਸਮੋਣ ਵਾਲਾ ਸਫ਼ਰਨਾਮਾ 'ਮੇਰਾ ਵਲੈਤੀ ਸਫ਼ਰਨਾਮਾ' ਨਾਲ ਬੱਝਦਾ ਹੈ। 1898 ਈ. ਤੋਂ 1980 ਈ. ਤੱਕ 80 ਸਫ਼ਰਨਾਮੇ ਲਿਖੇ ਗਏ। ਜਦਕਿ 1980 ਤੋਂ 2000 ਤਕ 118 ਦੇ ਲਗਭਗ ਸਫ਼ਰਨਾਮੇ ਲਿਖੇ ਜਾ ਚੁੱਕੇ ਹਨ।

**ਸਫ਼ਰਨਾਮਾ ਅਤੇ ਜੀਵਨੀ :** ਸਫ਼ਰਨਾਮਾ ਵਿਚ ਵਿਅਕਤੀ ਮਾਧਿਅਮ ਹੈ ਜਿੱਥੇ ਜੀਵਨੀ ਵਿਚ ਵਿਅਕਤੀ ਮੰਜ਼ਿਲ ਹੈ।

**ਸਫ਼ਰਨਾਮਾ ਅਤੇ ਸਵੈ-ਜੀਵਨੀ :** ਸਵੈ-ਜੀਵਨੀ ਵਿਚ ਰਚਨਾ ਦਾ ਕੇਂਦਰ-ਬਿੰਦੂ ਲੇਖਕ ਹੁੰਦਾ ਹੈ। ਜਦੋਂ ਕਿ ਸਫ਼ਰਨਾਮੇ ਦਾ ਕੇਂਦਰ ਬਿੰਦੂ ਉਹ ਜਗ੍ਹਾ ਹੁੰਦੀ ਹੈ ਜਿਸ ਬਾਰੇ ਸਫ਼ਰਨਾਮਾ ਲਿਖਿਆ ਗਿਆ ਹੁੰਦਾ ਹੈ।

**ਸਫ਼ਰਨਾਮਾ ਅਤੇ ਡਾਇਰੀ :** ਸਫ਼ਰਨਾਮੇ ਵਿਚ ਲੇਖਕ ਦੁਆਰਾ ਕੀਤੇ ਗਏ ਸਫ਼ਰ ਦਾ ਹਾਲ ਹੁੰਦਾ ਹੈ ਜਦੋਂਕਿ ਡਾਇਰੀ ਸਵੈ-ਪਛਾਣ ਲਈ ਲਿਖੀ ਜਾਂਦੀ ਹੈ। ਸਫ਼ਰਨਾਮਾ ਸਾਹਿਤ, ਆਧੁਨਿਕ ਪੰਜਾਬੀ ਸਾਹਿਤ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ। ਪੰਜਾਬੀ ਸਾਹਿਤ ਵਿਚ ਇਹ ਸਾਹਿਤ ਰੂਪ ਪੱਛਮੀ ਸਾਹਿਤ ਦੇ ਸੰਪਰਕ ਵਿੱਚ ਆਉਣ ਪਿੱਛੋਂ ਵਿਕਸਿਤ ਹੋਇਆ। ਇਸ ਤਰ੍ਹਾਂ ਪੰਜਾਬੀ ਸਾਹਿਤ ਵਿਚ ਭਾਈ ਕਾਨ੍ਹ ਸਿੰਘ ਨਾਭਾ, ਲਾਲ ਸਿੰਘ ਕਮਲਾ ਅਕਾਲੀ, ਡਾ. ਸ਼ੇਰ ਸਿੰਘ, ਹੀਰਾ ਸਿੰਘ ਦਰਦ, ਸ.ਸ. ਅਮੋਲ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਬਲਵੰਤ ਗਾਰਗੀ, ਬਲਰਾਜ ਸਾਹਨੀ, ਨਰਿੰਦਰਪਾਲ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰਤਾਪ ਸਿੰਘ, ਡਾ. ਗੰਡਾ ਸਿੰਘ, ਪਿਆਰਾ ਸਿੰਘ ਦਾਤਾ, ਸੋਹਨ ਸਿੰਘ ਜੋਸ਼, ਸਾਧੂ ਸਿੰਘ ਹਮਦਰਦ, ਹਰਦਿੱਤ ਸਿੰਘ ਢਿੱਲੋਂ, ਜਗਜੀਤ ਸਿੰਘ ਆਨੰਦ, ਤ੍ਰਿਲੋਚਨ ਸਿੰਘ ਗਿੱਲ, ਡਾ. ਕੁਲਬੀਰ ਸਿਘ ਕਾਂਗ, ਸਵਰਨ ਚੰਦਨ, ਪ੍ਰੀਤਮ ਸਿੰਘ ਸਿੱਧੂ, ਮੋਹਨ ਸਿੰਘ ਰਤਨ, ਰਵਿੰਦਰ ਰਵੀ, ਹਰਭਨ ਸਿੰਘ ਹਲਵਾਰਵੀ, ਡਾ. ਹਰਿਭਜਨ ਸਿੰਘ ਰਤਨ, ਸੁਰਜੀਤ ਸਿੰਘ ਸੇਠੀ, ਹਰੀਸ਼ ਮਲਹੋਤਰਾ, ਕੈਲਾਸ਼ਪੁਰੀ, ਨਰਿੰਦਰ ਸਿੰਘ ਕਪੂਰ, ਬਲਦੇਵ ਸਿੰਘ ਧਾਲੀਵਾਲ, ਵਰਿਆਮ ਸਿੰਘ ਸੰਧੂ, ਸੁਪਨਦੀਪ ਸਿੰਘ ਸੰਧੂ ਆਦਿ ਲੇਖਕਾਂ ਨੇ ਉੱਤਮ ਰਚਨਾ ਕਰਕੇ ਇਸ ਸਾਹਿਤ ਰੂਪ ਵਿਚ ਆਪਣਾ ਬਣਦਾ ਯੋਗਦਾਨ ਪਾਇਆ।

**ਆਜ਼ਾਦੀ ਤੋਂ ਪਹਿਲਾਂ ਦੇ ਸਫ਼ਰਨਾਮੇ :** ਆਜ਼ਾਦੀ ਤੋਂ ਪਹਿਲਾਂ ਦੇ ਪੰਜਾਬੀ ਸਾਹਿਤ ਵਿਚ ਲਗਭਗ 12 ਸਫ਼ਰਨਾਮੇ ਉਪਲਬਧ ਹਨ : 'ਏਸ਼ੀਆਈ ਸੈਲ' (1898) ਅਗਿਆਤ ਮਿਸ਼ਨਰੀਆਂ, 'ਪਹਾੜ ਦਾ ਸਫ਼ਰ' (1906), ਭਾਈ ਕਾਨ੍ਹ ਸਿੰਘ ਨਾਭਾ, 'ਵਲਾਇਤ ਦਾ ਸਫ਼ਰ' (1907) ਭਾਈ ਕਾਨ੍ਹ ਸਿੰਘ ਨਾਭਾ, ਅਮਰੀਕਾ ਦੀ ਸੈਰ (1914) ਰਘਬੀਰ ਸਿੰਘ ਕੋਇਟਾ, 'ਦੁਨੀਆਂ ਦੀ ਸੈਰ' (1929) ਗੁਰਬਖ਼ਸ਼ ਸਿੰਘ ਨੌਰੰਗ, 'ਮੇਰਾ ਵਲੈਤੀ ਸਫ਼ਰਨਾਮਾ' (1931) ਲਾਲ ਸਿੰਘ ਕਮਲਾ ਅਕਾਲੀ, 'ਕਰਮ ਸਿੰਘ ਦਾ ਅਮਰੀਕਾ ਦਾ ਸਫ਼ਰ (1936) ਪ੍ਰਦਮਨ ਸਿੰਘ, 'ਪ੍ਰਦੇਸ ਯਾਤਰਾ' (1939) ਡਾ. ਸ਼ੇਰ ਸਿੰਘ, 'ਪੂਰਬ ਤੇ ਪੱਛਮ' (1941) ਹਰਦਿੱਤ ਸਿੰਘ ਢਿੱਲੋਂ, 'ਸੈਲ ਸਪਾਟੇ' (1943) ਦਵਿੰਦਰ ਸਿੰਘ, 'ਅੱਖੀਂ ਡਿੱਠਾ ਰੂਸ' (1943) ਇਕਬਾਲ ਸਿੰਘ ਅਤੇ ਜੇ. ਐਲ. ਖੰਨਾ, 'ਫ਼ਰਾਂਸ ਦੀਆਂ ਰਾਤਾਂ' (1944) ਤਾਰਾ ਸਿੰਘ ਆਦਿ।

**ਇੰਗਲੈਂਡ ਬਾਰੇ ਲਿਖੇ ਸਫ਼ਰਨਾਮੇ** : ਇੰਗਲੈਂਡ ਬਾਰੇ ਸਭ ਤੋਂ ਪਹਿਲਾ ਸਫ਼ਰਨਾਮਾ ਪੰਜਾਬੀ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦਾ ਮਿਲਦਾ ਹੈ, 'ਵਲਾਇਤ ਦਾ ਸਫ਼ਰ' (1907 ਈ.) ਇਸ ਸਫ਼ਰਨਾਮੇ ਵਿਚ ਪ੍ਰਕ੍ਰਿਤਕ ਦ੍ਰਿਸ਼ਾਂ ਦਾ ਅੱਜ ਭਾਵੇਂ ਵਧੇਰੇ

ਮਹੱਤਵ ਨਾ ਹੋਵੇ, ਨਾ ਹੀ ਇਹ ਸਫ਼ਰਨਾਮਾ ਉਤਨਾ ਰੌਚਕ ਪ੍ਰਤੀਤ ਹੋਵੇ, ਜਿਹੋ ਜਿਹਾ ਅਜਿਹੀਆਂ ਰਚਨਾਵਾਂ ਹੁੰਦੀਆਂ ਹਨ ਪਰ ਪੰਜਾਬੀ ਭਾਸ਼ਾ ਵਿਚ ਰਚੇ ਗਏ ਸਭ ਤੋਂ ਪਹਿਲੇ ਸਫ਼ਰਨਾਮਿਆਂ ਵਿਚੋਂ ਇਕ ਹੋਣ ਕਾਰਨ ਇਸ ਦਾ ਸਾਹਿਤਕ ਤੇ ਇਤਿਹਾਸਕ ਮਹੱਤਵ ਆਪਣੇ ਆਪ ਵਿਚ ਹੀ ਸਵ-ਸਪੱਸ਼ਟ ਹੈ। ਲਾਲ ਸਿੰਘ ਕਮਲਾ ਅਕਾਲੀ ਦਾ 'ਮੇਰਾ ਵਲਾਇਤੀ ਸਫ਼ਰਨਾਮਾ' (1931) ਆਧੁਨਿਕ ਪੰਜਾਬੀ ਸਾਹਿਤ ਵਿਚ ਇੱਕ ਉਤਕ੍ਰਿਸ਼ਟ ਰਚਨਾ ਹੈ। 'ਵੇਖੀ ਤੇਰੀ ਵਲੈਤ' (1973) ਆਈ. ਜੇ. ਐਸ. ਗੁਲਾਟੀ ਦਾ ਇੰਗਲੈਂਡ ਪ੍ਰਤੀ ਜਾਣਕਾਰੀ ਭਰਪੂਰ ਸਫ਼ਰਨਾਮਾ ਹੈ। 'ਮੇਰੀ ਇੰਗਲੈਂਡ ਯਾਤਰਾ' (1978) ਵਿਚ ਸੰਤੋਖ ਸਿੰਘ ਧੀਰ ਨੇ ਆਪਣੇ ਪਹਿਲੇ ਸਫ਼ਰਨਾਮੇ ਵਿੱਚ ਬਹੁ-ਪੱਖੀ ਜਾਣਕਾਰੀ ਦਿੱਤੀ ਹੈ। 'ਇੰਗਲੈਂਡ ਦੀ ਯਾਦ' (1981) ਸ. ਸ. ਅਮੋਲ ਦਾ ਵੱਡੇ ਆਕਾਰ ਦਾ ਸਫ਼ਰਨਾਮਾ ਹੈ ਜੋ ਉੱਥੋਂ ਦੇ ਵਸਨੀਕਾਂ ਦੀ ਭਰਪੂਰ ਜਾਣਕਾਰੀ ਦਿੰਦਾ ਹੈ। ਇਹਨਾਂ ਤੋਂ ਇਲਾਵਾ 'ਫੇਰੀ ਸਮੁੰਦਰੋਂ ਪਾਰ ਦੀ' (1998) ਸੁਰਜੀਤ ਸਿੰਘ ਮਰਜਾਰਾ, ਹਰੀਸ਼ ਮਲਹੋਤਰਾ ਦਾ 'ਮਸਲੇ ਪ੍ਰਵਾਸ ਦੇ' (1994) ਵਿਚ ਲੇਖਕ ਨੇ ਉਧਰ ਜਾ ਕੇ ਵਸੇ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਮੁੱਖ ਰੂਪ ਵਿਚ ਚਿਤਰਿਆ ਹੈ, ਰਣਜੀਤ ਧੀਰ ਦਾ ਸਫ਼ਰਨਾਮਾ 'ਪਰਦੇਸਨਾਮਾ' ਆਦਿ ਸਫ਼ਰਨਾਮੇ ਇੰਗਲੈਂਡ ਦਾ ਪੂਰਾ ਚਿੱਤਰ ਪਾਠਕਾਂ ਸਾਹਮਣੇ ਉਲੀਕਦੇ ਹਨ, ਜਿਸ ਵਿਚ ਹਰ ਤਰ੍ਹਾਂ ਦੀ ਜਾਣਕਾਰੀ ਲਈ ਸਾਰੇ ਰੰਗਾਂ ਦੀ ਛੋਹ ਦਿੱਤੀ ਗਈ ਹੈ।

**ਰੂਸ ਸੰਬੰਧੀ ਸਫ਼ਰਨਾਮੇ :** ਸੋਹਨ ਸਿੰਘ ਜੋਸ਼ ਭਾਰਤੀ ਸੁਤੰਤਰਤਾ ਸੰਗਰਾਮ ਤੇ ਸਮਾਜਵਾਦੀ ਲਹਿਰ ਦਾ ਅਣਥੱਕ ਘੁਲਾਟੀਆ ਹੈ। ਉਸਦੀ 'ਮੇਰੀ ਰੂਸ ਯਾਤਰਾ' ਪੁਸਤਕ ਸਫ਼ਰਨਾਮਾ ਸਹਿਤ ਨੂੰ ਕਾਫ਼ੀ ਵੱਡੀ ਦੇਣ ਹੈ। 'ਸਾਧੂ ਸਿੰਘ ਹਮਦਰਦ' ਦਾ ਅੱਖੀਂ ਡਿੱਠਾ ਰੂਸ' ਵੀ ਪੰਜਾਬੀ ਸਾਹਿਤ ਵਿਚ ਵੱਡਮੁੱਲਾ ਸਥਾਨ ਰੱਖਦਾ ਹੈ। ਅੰਮ੍ਰਿਤਾ ਪ੍ਰੀਤਮ ਦਾ 'ਬਾਰੀਆਂ ਝਰੋਖੇ' ਆਪਣੇ ਬੱਚਿਆਂ ਨੂੰ ਚਿੱਠੀਆਂ ਦੇ ਰੂਪ ਵਿਚ ਲਿਖਿਆ ਸਫ਼ਰਨਾਮਾ ਹੈ ਜੋ ਰੂਸ ਦੇਸ਼ ਸੰਬੰਧੀ ਬਹੁਤ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ। ਨਰਿੰਦਰਪਾਲ ਸਿੰਘ ਦਾ 'ਮੇਰਾ ਰੂਸੀ ਸਫ਼ਰਨਾਮਾ' ਨਾਵਲ, ਨਾਟਕ ਵਰਗੇ ਆਨੰਦ ਦੇ ਨਾਲ ਨਾਲ ਰੂਸ ਬਾਰੇ ਬਹੁ-ਪੱਖੀ ਵਾਕਫੀ ਪ੍ਰਦਾਨ ਕਰਦਾ ਹੈ। ਬਲਰਾਜ ਸਾਹਨੀ ਦਾ 'ਮੇਰਾ ਰੂਸੀ ਸਫ਼ਰਨਾਮਾ' ਸੋਵੀਅਤ ਰੂਸ ਨਾਲ ਸੰਬੰਧ ਰੱਖਦਾ ਹੈ। ਸਾਹਨੀ ਮਾਰਕਸਵਾਦ ਵਿਚ ਬਹੁਤ ਵਿਸ਼ਵਾਸ ਰੱਖਦਾ ਸੀ, ਇਹ ਇੱਕ ਉੱਚ ਪਾਏ ਦੀ ਰਚਨਾ ਹੈ ਜਿਸਨੇ ਸਫ਼ਰਨਾਮਾ ਸਾਹਿਤ ਵਿਚ ਮਹੱਤਵਪੂਰਨ ਵਾਧਾ ਕੀਤਾ ਹੈ। ਹਰਭਜਨ ਸਿੰਘ ਹਲਵਾਰਵੀ ਦਾ 'ਯਾਦਾਂ ਮਿੱਤਰ ਦੇਸ਼ਾਂ ਦੀਆਂ' ਸਫ਼ਰਨਾਮਾ ਰੂਸ ਦੇਸ਼ ਨਾਲ ਸੰਬੰਧਿਤ ਹੈ। ਡਾ. ਹਰਿਭਜਨ ਸਿੰਘ ਦੁਆਰਾ ਰਚਿਤ 'ਨਿਰਭਉ ਨਿਰਵੈਰ' ਸਫ਼ਰਨਾਮੇ ਵਿਚ ਸੋਵਾਅਤ ਯੂਨੀਅਨ ਦੇ ਸਫ਼ਰ ਤੋਂ ਪ੍ਰਭਾਵਾਂ ਨੂੰ ਅੰਕਿਤ ਕੀਤਾ ਹੈ।

**ਚੰਦ ਸਫ਼ਰਨਾਮ :** 'ਚੰਦ ਯਾਤਰਾ' ਸਫ਼ਰਨਾਮਾ ਗੁਰਬਚਨ ਸਿੰਘ ਬੇਦੀ ਦਾ ਲਿਖਿਆ ਹੋਇਆ ਹੈ।

ਪੰਜਾਬੀ ਸਫ਼ਰਨਾਮਾ ਸਾਹਿਤ ਦੀ ਵਰਗਵੰਡ

| ਸਫ਼ਰਨਾਮਾਕਾਰ | ਰਚਨਾ | ਸਾਲ |
|---|---|---|
| ਅਗਿਆਤ ਮਿਸ਼ਨਰੀ | ਏਸ਼ੀਆ ਦੀ ਸੈਲ | 1898 |
| ਅਜੀਤ ਕੁਮਾਰਮੇਰੀ | ਅਧੂਰੀ ਪਾਕਿਸਤਾਨੀ ਯਾਤਰਾ | 1996 |
| ਅਜੀਤ ਰਾਹੀ | ਥਲ ਡੂੰਘਰ ਭਵਿਓਮਿ | 1992 |
| ਉਹੀ | ਕਬਰ ਜਿਨ੍ਹਾਂ ਦੀ ਜੀਵੈ ਹੂ | 1992 |
| ਅਜਮੇਰ ਕਵੈਂਟਰੀ | ਅੰਬੀਆਂ ਨੂੰ ਤਰਸੇਂਗੀ | 1991 |
| ਅਤਰਜੀਤ ਕੌਰ ਸੂਰੀ | ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ | 1993 |
| ਉਹੀ | ਸਾਂਤੀਨਿਕੇਤਨ ਬਾਰੇ | 1961 |
| ਅਵਤਾਰ ਸਿੰਘ ਬਰਾੜ | ਕੈਲਾਸ਼-ਮਾਨਸਰੋਵਰ ਦੀ ਪਰਮ ਯਾਤਰਾ | 1999 |
| ਆਈ. ਐਲ .ਚਾਵਲਾ (ਪ੍ਰੋ.) | ਬਿਆਸ | 1979 |
| ਆਈ.ਜੇ.ਐਸ.ਗੁਲਾਟੀ | ਵੇਖੀ ਤੇਰੀ ਵਲੈਤ | 1973 |
| ਆਈ. ਸੀ. ਨੰਦਾ | ਸੈਲਾਨੀ ਦਾ ਸਫ਼ਰਨਾਮਾ | 1972 |
| ਆਸਾ ਸਿੰਘ | ਦੇਵਘਾਟੀ ਕੁੱਲੂ | 1984 |
| ਆਤਮਾ ਸਿੰਘ | ਮੇਰਾ ਸੰਸਾਰ ਚੱਕਰ | 1971 |
| ਅੰਮ੍ਰਿਤਾ ਪ੍ਰੀਤਮ | ਬਾਰੀਆਂ ਝਰੋਖੇ | 1961 |
| ਉਹੀ | ਅੱਗ ਦੀਆਂ ਲੀਕਾਂ | 1969 |
| ਉਹੀ | ਇੱਕ ਪੱਤੀਆਂ ਦਾ ਗੁਲਾਬ | 1973 |
| ਇਕਬਾਲ ਸਿੰਘ ਅਤੇ ਜੀ.ਐਲ. ਖੰਨਾ | ਅੱਖੀ ਡਿੱਠਾ ਰੂਸ | 1943 |
| ਸ. ਅਨੰਤ ਸਿੰਘ ਕਾਬਲੀ | ਚੰਡੀਗੜ੍ਹ | 1983 |
| ਸ.ਸ.ਅਮੋਲ | ਅਮੋਲ ਯਾਤਰਾ | 1955 |
| ਉਹੀ | ਯਾਤਰੂ ਦੀ ਡਾਇਰੀ | 1965 |
| ਉਹੀ | ਪੈਰਿਸ ਵਿਚ ਇੱਕ ਭਾਰਤੀ | 1974 |
| ਉਹੀ | ਇੰਗਲੈਂਡ ਦੀ ਯਾਦ | 1981 |
| ਸ.ਨ.ਸੇਵਕ | ਕਾਲਾ ਸੋਨਾ ਗੋਰੇ ਲੋਕ | 1970 |
| ਸਰਵਣ ਸਿੰਘ | ਅੱਖੀਂ ਵੇਖ ਨਾ ਰੱਜੀਆਂ | 1992 |
| ਸਰੂਪ ਸਿੰਘ ਅਲੱਗ | ਲੰਦਨ ਦੀ ਸੈਰ | 1995 |
| ਸਵਰਨ ਸਿੰਘ | ਨਾਵਲ ਚਲੇ ਤੀਰਥੀ | 1990 |
| ਸਵਰਨ ਚੰਦਨ | ਆਪਣੀ ਧਰਤੀ | 1980 |
| ਸਾਧੂ ਸਿੰਘ ਹਮਦਰਦ | ਅੱਖੀਂ ਡਿੱਠਾ ਰੂਸ | 1970 |
| ਸਾਥੀ ਲੁਧਿਆਣਵੀ | ਸਮੁੰਦਰੋਂ ਪਾਰ | 1973 |

| | | |
|---|---|---|
| ਉਹੀ | ਉੱਡਦੀਆਂ ਤਿੱਤਲੀਆਂ ਮਗਰ | 1977 |
| ਸ਼ਿਵਚਰਨ ਗਿੱਲ | ਘਾਟ-ਘਾਟ ਦਾ ਪਾਣੀ | ਮਿਤੀਹੀਣ |
| ਸੀ. ਮਾਰਕੰਡਾ | ਡੂਗਰ ਵਾਟਿ ਬਹੁਤ | 1999 |
| ਸੁਰਜੀਤ ਸਿੰਘ | ਰਾਹੇ ਕੁਰਾਹੇ | 1988 |
| ਸੁਕੀਰਤ | ਬਾਤ ਇੱਕ ਬੀਤੇ ਦੀ | 1999 |
| ਸੁਰਜੀਤ ਸਿੰਘ ਸੇਠੀ | ਪਟਿਆਲੇ ਤੋਂ ਪਟਿਆਲੇ ਤੱਕ | 1990 |
| ਸੁਰਜੀਤ ਸਿੰਘ ਢਿੱਲੋਂ | ਅਨੋਖੇ ਰਾਹਾਂ ਦੇ ਸਫ਼ਰ ਐਂਟਆਰਟਿਕਾ | 1995 |
| ਸੁਰਜੀਤ ਸਿੰਘ ਮਰਜਾਰਾ | ਫੇਰੀ ਸਮੁੰਦਰੋਂ ਪਾਰ ਦੀ | 1998 |
| ਸੁਰਜੀਤ ਸਿੰਘ ਰਾਮਪੁਰੀ | ਸਤਲੁਜ | 1980 |
| ਸੁਰਿੰਦਰ ਜੀਤ ਪਾਲ ਸਿੰਘ | ਮੇਰੀ ਪਹਿਲੀ ਵਿਦੇਸ਼ ਯਾਤਰਾ | 2000 |
| ਸੁਰਿੰਦਰ ਬੰਮਰਾ | ਨਨਕਾਣਾ ਸਾਹਿਬ ਦੀ ਆਤਮਿਕ ਯਾਤਰਾ | 1995 |
| ਸੂਬੇਦਾਰ ਬਘੇਲ ਸਿੰਘ | ਸ੍ਰੀ ਹੇਮਕੁੰਟ ਸਾਹਿਬ | 1987 |
| ਸੋਹਨ ਸਿੰਘ ਕਮਲ | ਜ਼ਿੰਦਗੀ ਦੇ ਚਿੰਨ੍ਹ | 1989 |
| ਸੋਹਨ ਸਿੰਘ ਜੋਸ਼ | ਮੇਰੀ ਰੂਸ ਯਾਤਰਾ | 1958 |
| ਸ਼ੇਰ ਸਿੰਘ (ਡਾ.) | ਪ੍ਰਦੇਸ ਯਾਤਰਾ | 1939 |
| ਸੰਤ ਫਤਹਿ ਸਿੰਘ | ਬਦੇਸ਼ ਯਾਤਰਾ | 1969 |
| ਸੰਤੋਖ ਸਿੰਘ ਧੀਰ | ਮੇਰੀ ਇੰਗਲੈਂਡ ਯਾਤਰਾ | 1978 |
| ਹਰੀਸ਼ ਮਲਹੋਤਰਾ | ਜਾਅਲੀ ਦੁਨੀਆਂ | 1987 |
| ਹਰਕੀਤ ਸਿੰਘ (ਡਾ.) | ਡਿਜ਼ਨੀਲੈਂਡ ਦਾ ਦੇਸ਼ | 1988 |
| ਹਰਚਰਨ ਸਿੰਘ | ਪੱਛਮ ਦਾ ਮਾਇਆਜਾਲ | 2000 |
| ਹਰਜੀਤ ਅਟਵਾਲ | ਫੋਕਸ | 1997 |
| ਹਰਦਿਆਲ ਸਿੰਘ ਬਡਾਲਾ | ਪੰਧ ਔਖੇ ਤੇ ਅਨੋਖੇ | 1990 |
| ਹਰਦਿੱਤ ਸਿੰਘ ਢਿੱਲੋਂ | ਪੂਰਬ ਤੇ ਪੱਛਮ | 1941 |
| ਉਹੀ | ਅਮਰੀਕਾ ਦਾ ਚੱਕਰ | 1954 |
| ਹਰਭਜਨ ਸਿੰਘ ਹੁੰਦਲ | ਯਾਤਰੀ ਦੀ ਅੱਖ | 1996 |
| ਉਹੀ | ਕੰਧ ਉਹਲੇ ਪ੍ਰਦੇਸ਼ | 1999 |
| ਹਰਭਜਨ ਹਰਵਾਲਵੀ | ਚੀਨ ਵਿਚ ਕੁਝ ਦਿਨ | 1986 |
| ਉਹੀ | ਯਾਦਾਂ ਮਿੱਤਰ ਦੇਸ਼ ਦੀਆਂ | 1991 |
| ਉਹੀ | ਮਹਾਂਸਾਗਰਾਂ ਤੋਂ ਪਾਰ | 1995 |
| ਹਰਭਜਨ ਸਿੰਘ ਕੋਮਲ | ਮਿੱਤਰਾਂ ਦੇ ਘਰ | |
| ਹਰਭਜਨ ਸਿੰਘ ਰਤਨ | ਜਗਤ ਤਮਾਸ਼ਾ | 1988 |

| | | |
|---|---|---|
| ਉਹੀ | ਪੂਰਬ ਦੇ ਰੰਗ | 1989 |
| ਹਰਵਿੰਦਰ ਸਿੰਘ ਚੋਪੜਾ | ਹਿਮਾਚਲ ਪ੍ਰਦੇਸ਼ | 1998 |
| ਹਰਵੀਰ ਸਿੰਘ ਭੰਵਰ | ਨਾਰੀਅਲ ਦੀ ਧਰਤੀ ਤੇ | 1987 |
| ਹਰਵੰਤ ਸਿੰਘ ਮਾਂਗਟ (ਪ੍ਰੋ.) | ਬ੍ਰਾਜ਼ੀਲ | 1989 |
| ਹਰਿਭਜਨ ਸਿੰਘ (ਡਾ.) | ਨਿਰਭਉ ਨਿਰਵੈਰ | 1986 |
| ਹਿਰਦੇਜੀਤ ਸਿੰਘ ਭੋਗਲ (ਡਾ.) | ਸ਼ਾਮ ਰੰਗ ਦੇ ਲੋਕ | 1984 |
| ਹੀਰਾ ਸਿੰਘ ਦਰਦ | ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ | 1958 |
| ਹੁਕਮ ਸਿੰਘ | ਕਈ ਦੇਸ਼ ਕਈ ਲੋਕ | 1984 |
| ਕ੍ਰਿਪਾਲ ਸਿੰਘ (ਸੰਪਾ.) | ਅਕਾਲੀ ਚੱਕਰ ਕੌਰ ਸਿੰਘ ਜੀ ਦੇ ਸਫ਼ਰ | 1957 |
| ਕਿਰਪਾਲ ਸਿੰਘ ਕੋਮਲ | ਅਜੰਤਾ ਤੇ ਅਲੋਰਾ | 1971 |
| ਕੁਲਬੀਰ ਸਿੰਘ ਕਾਂਗ | ਮੇਰੀ ਪਾਕਿ ਯਾਤਰਾ ਤੇ ਗੁਲਾਬੀ ਰਾਤਾਂ ਦਾ ਦੇਸ਼ | 1992 |
| ਕੁਲਵੰਤ ਕੌਰ (ਡਾ.) | ਅੱਖਾਂ ਵੇਖ ਨਾ ਰੱਜੀਆਂ | 1997 |
| ਕੇ. ਐਲ. ਗੋਇਲ (ਡਾ.) | ਮੇਰੀ ਡੈਨਮਾਰਕ ਫੇਰੀ | 1997 |
| ਕੇ. ਐਲ. ਗਰਗ | ਵਾਟਾਂ ਦੇਸੋਂ ਬਾਹਰ ਦੀਆਂ | 1996 |
| ਕੈਲਾਸ਼ ਪੁਰੀ | ਘਰੋਂ ਪਾਰ ਘਰ | 1981 |
| ਉਹੀ | ਬ੍ਰਤਾਨੀਆਂ ਵਿਚ ਪੰਜਾਬੀ ਸੱਭਿਆਚਾਰ | 1995 |
| ਖਜ਼ਾਨ ਚੰਦ ਦਾਵਲਾ | ਮਾਲਵਾ ਦੇਸ਼ ਦੀ ਸਾਖੀ ਪੋਥੀ | 1950 |
| ਗਿਆਨੀ ਹਰਕੰਵਲ ਸਿੰਘ | ਸੈਲਾਨੀ ਮੇਰੀਆਂ ਸੈਰਾਂ (ਭਾਗ ਪਹਿਲਾ ਤੇ ਦੂਜਾ) | 1989 |
| ਗਿਆਨੀ ਭਜਨ ਸਿੰਘ | ਮੇਰੀ ਵਿਦੇਸ਼ ਯਾਤਰਾ | 1976 |
| ਗੁਰਚਰਨ ਸਿੰਘ ਚਮਨ | ਦੁਨੀਆਂ ਰੰਗ ਰੰਗੀਲੀ | 1996 |
| ਗੁਰਬਖ਼ਸ਼ ਸਿੰਘ ਪ੍ਰੀਤਲੜੀ | ਇਕ ਝਾਤ ਪੂਰਬ ਤੇ ਪੱਛਮ | 1962 |
| ਉਹੀ | ਦੁਨੀਆਂ ਇੱਕ ਮਹੱਲ | 1978 |
| ਉਹੀ | ਚਿੱਠੀਆਂ ਜੀਤਾਂ ਦੇ ਨਾਂ | 1978 |
| ਗੁਰਦਿਆਲ ਸਿੰਘ ਫੁੱਲ | ਕਸ਼ਮੀਰ (ਧਰਤੀ ਦਾ ਸਵਰਗ) | 1962 |
| ਜਸਵੰਤ ਸਿੰਘ ਕੰਵਲ | ਗੋਰਾ ਮੁੱਖ ਸੱਜਣਾਂ ਦਾ | 1974 |
| ਤਾਰਾ ਸਿੰਘ | ਫਰਾਂਸ ਦੀਆਂ ਰਾਤਾਂ | 1944 |
| ਤਾਰਾ ਸਿੰਘ ਸੰਧੂ | ਸੱਦੀ ਹੋਈ ਮਿੱਤਰਾਂ ਦੀ | 1984 |

| | | |
|---|---|---|
| ਤ੍ਰਿਲੋਚਨ ਸਿੰਘ ਗਿੱਲ | ਪ੍ਰਦੇਸ ਦੇ ਸਫ਼ਰ | 1973 |
| ਨਰਿੰਦਰ ਪਾਲ ਸਿੰਘ | ਆਰੀਆਨਾ | 1961 |
| ਉਹੀ | ਮੇਰਾ ਰੂਸੀ ਸਫ਼ਰਨਾਮਾ | 1964 |
| ਉਹੀ | ਪੈਰਿਸ ਦੇ ਪੋਰਟਰੇਟ | 1972 |
| ਨਰਿੰਦਰ ਸਿੰਘ ਕਪੂਰ (ਡਾ.) | ਸੱਚੋ ਸੱਚ | 1990 |
| ਨਵਤੇਜ ਸਿੰਘ | ਦੋਸਤੀ ਦੇ ਪੰਧ | 1966 |
| ਪੂਰਨ ਸਿੰਘ (ਪ੍ਰੋ.) | ਜ਼ਿੰਦਗੀ ਦੇ ਰਾਹਾਂ ਤੇ | 1968 |
| ਫਖ਼ਰ ਜ਼ਮਾਨ | ਪੈਰੀ ਗਰਦਿਸ਼<br>ਮਿਤੀਹੀਣ | |
| ਬਚਿੰਤ ਕੌਰ | ਪੈੜਾਂ ਅਤੇ ਝਰੋਖੇ | 1995 |
| ਬਰਜਿੰਦਰ ਸਿੰਘ ਹਮਦਰਦ | ਧਰਤੀਆਂ ਦੇ ਗੀਤ | 1982 |
| ਬਲਰਾਜ ਸਾਹਨੀ | ਮੇਰਾ ਰੂਸੀ ਸਫ਼ਰਨਾਮਾ | 1967 |
| ਬਲਵੰਤ ਗਾਰਗੀ | ਪਾਤਾਲ ਦੀ ਧਰਤੀ | 1963 |
| ਭਾਈ ਕਾਨ੍ਹ ਸਿੰਘ ਨਾਭਾ | ਪਹਾੜ ਦਾ ਸਫ਼ਰ | 1906 |
| ਉਹੀ | ਵਲਾਇਤ ਦਾ ਸਫ਼ਰ | 1907 |
| ਮਨਮੋਹਨ ਸਿੰਘ ਬਾਵਾ | ਅੱਧੀ ਰਾਤ ਦੇ ਸੂਰਜ ਦੀ<br>ਧਰਤੀ | 1999 |
| ਰਘਬੀਰ ਸਿੰਘ ਕੋਇਟਾ | ਅਮਰੀਕਾ ਦੀ ਸੈਰ ਅਰਥਾਤ<br>ਅਮਰੀਕਾ ਦੇ ਜੱਟ | 1914 |
| ਰਵਿੰਦਰ ਰਵੀ | ਸਿਮਰਤੀਆਂ ਦੇ ਦੇਸ਼ | 1979 |
| ਲਾਲ ਸਿੰਘ ਕਮਲਾ ਅਕਾਲੀ | ਮੇਰਾ ਵਲੈਤੀ ਸਫ਼ਰਨਾਮਾ | 1931 |
| ਵਰਿਆਮ ਸਿੰਘ ਸੰਧੂ | ਪਰਦੇਸੀ ਪੰਜਾਬ | 2000 |

# ਪ੍ਰਮੁੱਖ ਵਾਰਤਕਕਾਰ

## ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਨੂੰ ਪੰਜਾਬੀ ਦਾ ਪਹਿਲਾ ਵਾਰਤਕ ਲੇਖਕ ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਵੀਰ ਸਿੰਘ ਨੇ ਸਭ ਤੋਂ ਪਹਿਲਾਂ ਪ੍ਰਮਾਣਿਕ ਵਾਰਤਕ ਲਿਖਣ ਦੀ ਪਿਰਤ ਪਾਈ। ਉਹ ਸਿੰਘ ਸਭਾ ਲਹਿਰ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਲੇਖਕ ਹੈ। ਉਸ ਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਵੀ ਪ੍ਰਾਪਤ ਹੋਇਆ ਹੈ। ਵਾਰਤਕ ਦੇ ਖੇਤਰ ਵਿਚ ਉਸ ਨੇ ਗੁਰੂ ਨਾਨਕ ਚਮਤਕਾਰ, ਅਸ਼ਟ ਗੁਰੂ ਚਮਤਕਾਰ, ਕਲਗੀਧਰ ਚਮਤਕਾਰ ਪੁਸਤਕਾਂ ਦੀ ਰਚਨਾ ਕੀਤੀ। ਭਾਈ ਸਾਹਿਬ ਨੇ ਆਪਣੀ ਵਜ਼ੀਰ ਹਿੰਦ ਪ੍ਰੈਸ ਲਗਾਈ। ਇਥੇ ਹੀ ਬਸ ਨਹੀਂ ਉਨ੍ਹਾਂ ਨੇ ਖਾਲਸਾ ਟ੍ਰੈਕਟ ਸੁਸਾਇਟੀ ਦੀ ਵੀ ਸਥਾਪਨਾ ਕੀਤੀ ਸੀ। ਉਨ੍ਹਾਂ ਦੀ ਵਾਰਤਕ ਬਹੁਤ ਜ਼ਿਆਦਾ ਵਿਸਥਾਰ ਵਾਲੀ ਹੈ ਪਰ ਇਹ ਅਕਾਊ ਅਤੇ ਉਬਾਊ ਨਹੀਂ ਹੈ। ਇਸ ਦਾ ਵਿਸ਼ਾ ਇਤਿਹਾਸਕ ਅਤੇ ਧਾਰਮਿਕ ਹੈ।

## ਪ੍ਰੋ. ਪੂਰਨ ਸਿੰਘ

ਪ੍ਰੋ. ਪੂਰਨ ਸਿੰਘ ਇਕ ਆਧੁਨਿਕ ਨਿਬੰਧ ਲੇਖਕ ਹੈ। ਉਸਦੀ ਪੁਸਤਕ 'ਖੁੱਲ੍ਹੇ ਲੇਖ' ਉਸ ਦੀ ਨਿਬੰਧਕਾਰੀ ਦਾ ਆਰੰਭ ਆਖੀ ਜਾ ਸਕਦੀ ਹੈ। ਉਸ ਨੇ 'ਖੁੱਲੇ ਲੇਖ' ਕਾਰਲਾਈਲ ਤੇ ਐਮਰਸਨ ਦੀਆਂ ਰਚਨਾਵਾਂ ਦੇ ਉਲਥੇ, ਕਲਾ ਤੇ ਕਲਾਧਾਰੀ ਪੂਜਾ ਤੇ ਅਬਚਲੀ ਜੋਤ ਅਤੇ ਕੁਝ ਕੁ ਪੁਸਤਕਾਂ ਦੀਆਂ ਭੂਮਿਕਾਵਾਂ ਪੰਜਾਬੀ ਵਾਰਤਕ ਸਾਹਿਤ ਨੂੰ ਦਿੱਤੀਆਂ। 'ਖੁੱਲ੍ਹੇ ਲੇਖ' ਸ਼ਾਇਦ ਨਿਰੋਲ ਸੈਨਿਕ ਲੇਖਾਂ ਦੀ ਪਹਿਲੀ ਪੁਸਤਕ ਹੈ ਜੋ ਪੰਜਾਬੀ ਵਿਚ ਲੇਖ ਦੀ ਸੁਰਖੀ ਹੇਠ ਛਪੀ। ਪੂਰਨ ਸਿੰਘ ਦੀ ਵਾਰਤਕ ਪ੍ਰਭਾਵਵਾਦੀ ਹੈ। ਇਹ ਕਿਸੇ ਵਿਸ਼ੇ ਜਾਂ ਸਮੱਸਿਆ ਦੇ ਸਮਾਧਾਨ ਲਈ ਨਹੀਂ, ਸਗੋਂ ਲੇਖਕ ਦੀ ਸ਼ਖ਼ਸੀਅਤ ਦੇ ਆਤਮ ਪ੍ਰਕਾਸ਼ ਲਈ ਰਚੀ ਗਈ ਹੈ। ਇਸਦੇ ਸੁਭਾਅ ਵਿਚ ਦਾਰਸ਼ਨਿਕ ਨਹੀਂ, ਕਾਵਿਕਤਾ ਹੈ। ਪੂਰਨ ਸਿੰਘ ਭਾਵੁਕ ਵਿਅਕਤੀ ਹੈ ਜੋ ਜਜ਼ਬੇ ਨਾਲ ਭਰਿਆ ਹੋਇਆ ਕੋਈ ਨੱਕੋ-ਨੱਕ ਪਿਆਲਾ ਹੈ। ਉਹ ਇਕ ਅਜਿਹਾ ਇਨਸਾਨ ਹੈ ਜੋ ਜੀਵਨ ਵਿਚ ਬੜੀ ਸ਼ਿੱਦਤ ਨਾਲ ਜਿਉਂਦਾ ਹੈ। ਉਸ ਦਾ ਅਹਿਸਾਸ, ਉਸ ਦਾ ਖਿਆਲ, ਉਸ ਦਾ ਵਰਤਮਾਨ ਅਤੇ ਭੂਤ ਬਾਰੇ ਅਨੁਭਵ, ਉਸ ਦਾ ਪਿਆਰ ਅਤੇ ਉਸ ਦੀ ਨਫ਼ਰਤ ਬੜੀ ਤੀਖਣ ਹੈ। ਉਸ ਦੀ ਵਾਰਤਕ ਵਿਚ ਇਕ ਗੱਲ ਖ਼ਾਸ ਹੈ ਕਿ ਉਹ ਕੋਈ ਗੱਲ ਕਹਿਣ ਨਾਲੋਂ ਉਸ ਦੀ ਪ੍ਰਤੀਤੀ ਕਰਾਉਣ ਤੇ ਵਧੇਰੇ ਜ਼ੋਰ ਦਿੰਦਾ ਹੈ। ਅਸਪਸ਼ਟਤਾ, ਅਨਿਸਚਤਤਾ, ਬੇਯਕੀਨੀ ਇਸ ਦੇ ਪ੍ਰਧਾਨ ਲੱਛਣ ਹਨ। ਨਿਰੋਲ ਸਾਹਿਤਕ ਸੁਹਜਾਂ ਦੀ ਪ੍ਰਾਪਤੀ ਲਈ ਵਾਰਤਕ ਰਚਨ ਦਾ ਇਹ ਪਹਿਲਾ ਯਤਨ ਸੀ। ਅਸਲ ਵਿਚ ਇਹ ਵਾਰਤਕ ਇਕ ਵਡਮੁੱਲਾ ਯਤਨ ਹੈ- ਵਿਚਾਰ ਜਾਂ ਭਾਵ ਦੀ ਕਲਾ-ਪ੍ਰਬੰਧ ਅਨੁਸਾਰ ਪਰੰਪਰਾਗਤ ਪੇਸ਼ਕਾਰੀ ਨੂੰ ਤੋੜ ਕੇ ਸਮੇਂ ਤੇ ਸਥਾਨ ਵਿਚ ਭਿੰਨ ਭਿੰਨ ਭਾਵਾਂ 'ਤੇ ਵਿਚਾਰ ਦੀ ਹੋਂਦ ਦੀ ਸੁਵੰਨਤਾ ਅਤੇ ਅਮੀਰੀ ਪ੍ਰਕਾਸ਼ਨ ਦਾ। ਪੂਰਨ

ਸਿੰਘ ਪੋਠੋਹਾਰੀ ਮਿਸ਼ਰਣ ਨਾਲ ਭਰਪੂਰ ਕੇਂਦਰੀ ਪੰਜਾਬੀ ਦੀ ਵਰਤੋਂ ਕਰਦਾ ਹੈ। ਉਸਨੇ ਐਮਰਸਨ ਦੇ ਨਿਬੰਧਾਂ ਨੂੰ ਅਬਚਲੀ ਜੋਤ ਨਾਮ ਹੇਠ ਅਨੁਵਾਦ ਵੀ ਕੀਤਾ। ਇਸ ਤੋਂ ਇਲਾਵਾ ਉਸ ਨੇ ਚੁੱਪ, ਚੁੱਪ ਪ੍ਰੀਤ ਅਤੇ ਕੰਨਿਆਦਾਨ ਆਦਿ ਦੀ ਵੀ ਰਚਨਾ ਕੀਤੀ ਹੈ।

## ਪ੍ਰਿੰ. ਤੇਜਾ ਸਿੰਘ

ਪੰਜਾਬੀ ਵਾਰਤਕ ਨੂੰ ਅੰਗਰੇਜ਼ੀ ਵਾਰਤਕ ਦੀਆਂ ਲੀਹਾਂ 'ਤੇ ਤੋਰਨ ਅਤੇ ਇਸਨੂੰ ਉਸੇ ਪੱਧਰ ਦਾ ਬਣਾਉਣ ਲਈ ਯਤਨ ਕਰਨ ਦਾ ਸਿਹਰਾ ਪ੍ਰਿੰ. ਤੇਜਾ ਸਿੰਘ ਦੇ ਸਿਰ ਜਾਂਦਾ ਹੈ। ਮਜ਼ਮੂਨ ਨੂੰ ਰੋਚਿਕ ਬਣਾਉਣ ਲਈ ਨਿੱਜੀ ਛੋਹਾਂ ਅਤੇ ਨਿੱਜੀ ਗਿਆਨ ਦੀ ਰੰਗਣ ਦਿੱਤੀ। ਤੇਜਾ ਸਿੰਘ ਦੇ ਕਹਿਣ ਦਾ ਢੰਗ ਬੜਾ ਸਾਦਾ, ਸਰਲ ਅਤੇ ਸਪਸ਼ਟ ਹੈ ਜਿਸ ਕਰਕੇ ਉਹ ਪੰਜਾਬੀ ਦਾ ਉਸਤਾਦ ਸ਼ੈਲੀਕਾਰ ਮੰਨਿਆਂ ਜਾਂਦਾ ਹੈ। ਉਹ ਗੁਰਬਾਣੀ ਅਤੇ ਹੋਰ ਸੰਸਾਰ ਸਾਹਿਤ ਵਿਚੋਂ ਉੱਘੇ ਮਹਾਂਪੁਰਸ਼ਾਂ ਦੀਆਂ ਟੂਕਾਂ ਤੇ ਵਿਚਾਰਾਂ ਨਾਲ ਆਪਣੇ ਕਥਨ ਦੀ ਪੁਸ਼ਟੀ ਕਰਵਾ ਕੇ ਪਾਠਕਾਂ ਨੂੰ ਪ੍ਰਭਾਵਿਤ ਕਰਦਾ ਹੈ। ਰੂਪ ਪੱਖੋਂ ਉਸ ਦੀ ਲਿਖ਼ਤ ਵਿਚ ਸੰਜਮ ਤੇ ਸੁਭਾਵਿਕਤਾ ਹੈ। ਬੋਲੀ ਪੱਖੋਂ ਤੇਜਾ ਸਿੰਘ ਦੀ ਕਲਮ ਨੇ ਸਾਨੂੰ ਸਾਧੂਕੜੀ ਸੰਸਕ੍ਰਿਤ, ਬ੍ਰਿਜ, ਉਪ-ਭਾਖਾਈ ਤੇ ਉਰਦੂ-ਹਿੰਦੀ ਦੀ ਰੰਗਤ ਤੋਂ ਬਚੀ ਹੋਈ ਪੰਜਾਬੀ ਲਿਖਤ ਦਿੱਤੀ ਹੈ। ਇਸ ਤਰ੍ਹਾਂ ਤੇਜਾ ਸਿੰਘ ਨੇ ਲਿਖਣ ਸ਼ੈਲੀ ਦਾ ਇਕ ਟਕਸਾਲੀ ਰੂਪ ਵੀ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤਾ। ਤੇਜਾ ਸਿੰਘ ਨੇ ਜਿੱਥੇ ਆਪ ਸ੍ਵੈ ਜੀਵਨੀ ਅਤੇ ਨਿਬੰਧ ਲਿਖੇ ਉਥੇ ਪੰਜਾਬੀ ਦੇ ਸਾਹਿਤਕਾਰਾਂ ਦੀਆਂ ਪ੍ਰਸ਼ੰਸਾਤਮਕ ਅਤੇ ਹੌਂਸਲਾ-ਅਫ਼ਜ਼ਾਈ ਭਰਪੂਰ ਭੂਮਿਕਾਵਾਂ ਵੀ ਲਿਖੀਆਂ। ਉਸ ਦੀ ਨਿਬੰਧ ਕਲਾ ਬਾਰੇ ਕਿਹਾ ਜਾਂਦਾ ਸੀ - 'ਪੱਗ ਬੰਨ੍ਹਦਾ ਚਿਣ-ਚਿਣ ਕੇ, ਗੱਲਾਂ ਕਰਦਾ ਪੁਣ-ਪੁਣ ਕੇ'। ਕਰਨੈਲ ਸਿੰਘ ਥਿੰਦ ਨੇ ਤੇਜਾ ਸਿੰਘ ਨੂੰ 'ਪੰਜਾਬੀ ਸਾਹਿਤਕਾਰਾਂ ਦੇ ਪੋਤੜੇ ਧੋਣ ਵਾਲੀ ਦਾਈ' ਕਿਹਾ ਹੈ। ਪ੍ਰਿੰ. ਤੇਜਾ ਸਿੰਘ ਨੇ ਸ਼ੁੱਧ ਅਤੇ ਮਿਆਰੀ ਵਾਰਤਕ ਲਿਖਣ ਦੀ ਪਰੰਪਰਾ ਨੂੰ ਉਤਸ਼ਾਹਿਤ ਕੀਤਾ। ਉਸ ਦੀਆਂ ਪ੍ਰਸਿੱਧ ਪੁਸਤਕਾਂ ਵਿਚ ਸਾਹਿਤ ਦਰਸ਼ਨ, ਨਵੀਆਂ ਸੋਚਾਂ, ਗੁਸਲਖਾਨਾ ਤੇ ਹੋਰ ਲੇਖ, ਸਹਿਜ ਸੁਭਾ, ਸੱਭਿਆਚਾਰ ਅਤੇ ਪੰਜਾਬੀ ਕਿਵੇਂ ਲਿਖੀਏ ਵਰਣਨਯੋਗ ਹਨ। ਉਸ ਨੇ ਧਾਰਮਿਕ, ਸਮਾਜਿਕ, ਰਾਜਨੀਤਿਕ, ਸਭਿਆਚਾਰਕ, ਦੇਸ਼ ਪਿਆਰ ਅਤੇ ਸਾਹਿਤਕ ਹਰ ਕਿਸਮ ਵਿਸ਼ੇ ਬਾਰੇ ਭਾਵਪੂਰਤ ਲੇਖ ਲਿਖੇ ਹਨ।

## ਗੁਰਬਖ਼ਸ਼ ਸਿੰਘ ਪ੍ਰੀਤਲੜੀ

ਗੁਰਬਖ਼ਸ਼ ਸਿੰਘ ਦੇ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰਨ ਨਾਲ ਇਕ ਨਵੇ ਯੁੱਗ ਦਾ ਆਰੰਭ ਹੁੰਦਾ ਹੈ। ਗੁਰਬਖ਼ਸ਼ ਸਿੰਘ ਪੰਜਾਬੀ ਗੱਦ ਸਾਹਿਤ ਦਾ ਸਭ ਤੋਂ ਵਧ ਪੜ੍ਹਿਆ ਜਾਣ ਵਾਲਾ ਗੱਦਕਾਰ ਹੈ। ਉਸ ਦੀਆਂ ਲਿਖਤਾਂ ਪ੍ਰੀਤਲੜੀ ਰਸਾਲੇ ਰਾਹੀਂ ਘਰ-ਘਰ ਪਹੁੰਚੀਆਂ। ਪੰਜਾਬੀ ਸਾਹਿਤ ਵਿਚ ਉਸਨੇ ਪ੍ਰੀਤਲੜੀ ਰਸਾਲੇ ਦਾ ਆਰੰਭ ਕੀਤਾ। ਇਹ ਰਸਾਲਾ ਅੱਜ ਵੀ ਪੰਜਾਬੀ ਸਾਹਿਤ ਵਿਚ ਆਪਣੀ ਵੱਖਰੀ ਪਛਾਣ ਦਾ ਧਾਰਨੀ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਸਾਰੀ ਨਿਬੰਧਕਾਰੀ ਦਾ ਕੇਂਦਰੀ ਧੁਰਾ

'ਪ੍ਰੀਤ' ਹੈ। ਉਸ ਨੇ ਪੰਜਾਬੀ ਵਾਰਤਕ ਦੇ ਖੇਤਰ ਵਿਚ ਲਗਭਗ 26 ਪੁਸਤਕਾਂ ਦੀ ਰਚਨਾ ਕੀਤੀ ਹੈ। ਗੁਰਬਖ਼ਸ਼ ਸਿੰਘ ਨੇ ਸਾਂਵੀ ਪੱਧਰੀ ਜ਼ਿੰਦਗੀ, ਪਰਮ ਮਨੁੱਖ, ਮੇਰੀਆਂ ਅਭੁੱਲ ਯਾਦਾਂ, ਚੰਗੇਰੀ ਦੁਨੀਆਂ, ਜ਼ਿੰਦਗੀ ਦੀ ਰਾਸ, ਜ਼ਿਦਗੀ ਦੀ ਕਵਿਤਾ, ਇਕ ਦੁਨੀਆਂ ਦੇ ਤੇਰਾਂ ਸੁਪਨੇ, ਮਨੋਹਰ ਸ਼ਖ਼ਸੀਅਤ, ਫ਼ੈਸਲੇ ਦੀ ਘੜੀ, ਸੁਖਾਵੀਂ ਸੁਧਰੀ ਜ਼ਿੰਦਗੀ, ਖ਼ੁਸ਼ਹਾਲ ਜੀਵਨ ਆਦਿ ਲੇਖ ਸੰਗ੍ਰਹਿ ਪੰਜਾਬੀ ਪਾਠਕਾਂ ਨੂੰ ਦਿੱਤੇ। ਗੁਰਬਖ਼ਸ਼ ਸਿੰਘ ਦੀ ਕਲਮ ਦਾ ਵਿਚਲੀ ਤਾਕਤ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਉਸ ਤੇ 'ਪਰਮ ਮਨੁੱਖ' ਲਿਖਣ ਤੋਂ ਬਾਅਦ ਸਰੀਰਿਕ ਹਮਲਾ ਵੀ ਹੋਇਆ। ਉਸ ਨੇ ਰੱਬ, ਧਰਮ, ਕਿਸਮਤ, ਲਿੰਗ-ਸੰਬੰਧਾਂ, ਸੁਤੰਤਰ ਪਿਆਰ, ਰਾਜਨੀਤੀ, ਰਾਸ਼ਟਰਵਾਦ, ਸੰਪਰਦਾਇਕਤਾ, ਸਮਾਜਵਾਦ, ਸਾਮਵਾਦ, ਅੰਤਰ ਰਾਸ਼ਟਰਵਾਦ, ਹਿੰਸਾ-ਅਹਿੰਸਾ ਆਦਿ ਵਿਸ਼ਿਆਂ ਨੂੰ ਆਪਣੇ ਨਿਬੰਧਾਂ ਵਿਚ ਸਮੇਟਿਆ ਹੈ। ਇਸੇ ਕਰਕੇ ਹੀ ਉਸਨੂੰ 'ਸ਼ਬਦਾਂ ਦਾ ਜਾਦੂਗਰ' ਕਿਹਾ ਹੈ। ਉਸਦੀ ਸਫ਼ਲਤਾ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਉਹ ਪੁਸਤਕ ਰੂਪ ਛਪਣ ਤੋਂ ਪਹਿਲਾਂ ਆਪਣੇ ਰਸਾਲੇ ਪ੍ਰੀਤਲੜੀ ਰਾਹੀਂ ਘਰ-ਘਰ ਪਹੁੰਚ ਚੁੱਕਾ ਸੀ।

### ਕਪੂਰ ਸਿੰਘ (ਆਈ. ਸੀ. ਐੱਸ)

ਸ੍ਰ. ਕਪੂਰ ਸਿੰਘ ਨੇ ਸਪਤ ਸ੍ਰਿੰਗ, ਪੁੰਦ੍ਰੀਕ ਤੇ ਬਹੁ-ਵਿਸਥਾਰ ਤਿੰਨ ਵਾਰਤਕ-ਰਚਨਾਵਾਂ ਛਾਪੀਆਂ ਜਿੰਨ੍ਹਾਂ ਵਿਚੋਂ ਸਪਤ ਸ੍ਰਿੰਗ ਜੀਵਨੀ-ਲੇਖ ਰੂਪ ਵਿਚ ਹੈ। ਇਸ ਦੀ ਲਿਖਤ ਵਿਚ ਵਿਦਵਤਾ, ਭਰਪੂਰਤਾ ਤੇ ਘਣਤਾ ਹੈ ਜੋ ਇਸ ਨੂੰ ਬਾਕੀ ਗੱਦਕਾਰਾਂ ਨਾਲੋਂ ਨਿਖੇੜਦੀ ਹੈ। ਕਪੂਰ ਸਿੰਘ ਨਾਲ ਪਹਿਲੀ ਵਾਰ ਪੰਜਾਬੀ ਨਿਬੰਧ ਕਲਾ ਵਿਚ ਪ੍ਰੌਢ ਰੂਪ ਦੀ ਬੌਧਿਕ ਤੇ ਵਿਗਿਆਨਿਕ ਸ਼ੈਲੀ ਦਾ ਵਾਧਾ ਹੋਇਆ ਹੈ। ਸ਼ਬਦ ਭੰਡਾਰ ਦੇ ਪੱਖੋਂ ਹਿੰਦੀ ਤੇ ਸੰਸਕ੍ਰਿਤ ਦੇ ਗੂੜ੍ਹ ਸ਼ਬਦਾਂ ਦੀ ਵਰਤੋਂ ਵਾਰਤਕ ਦੇ ਪੰਡਤਾਊ ਹੋਣ ਦਾ ਪ੍ਰਭਾਵ ਪਾਉਂਦੀ ਹੈ। ਕਪੂਰ ਸਿੰਘ ਬੌਧਿਕ ਵਾਰਤਕਕਾਰ ਹੈ। ਕਪੂਰ ਸਿੰਘ ਭਾਰਤੀ, ਪੂਰਬੀ ਅਤੇ ਪੱਛਮੀ ਦਰਸ਼ਨ, ਗਿਆਨ ਵਿਗਿਆਨ ਅਤੇ ਕਲਾ ਦੀ ਡੂੰਘੀ ਸਮਝ ਵਾਲਾ ਹੈ। ਉਸ ਨੇ ਅਧਿਆਤਮਕ, ਦਰਸ਼ਨ, ਗਿਆਨ ਵਿਗਿਆਨ ਦੇ ਵਿਸ਼ਿਆਂ ਉੱਤੇ ਲੇਖ ਲਿਖ ਕੇ ਭਾਰਤੀ ਚਿੰਤਨ ਨੂੰ ਠੀਕ ਸਿੱਧ ਕਰਦਾ ਹੈ। 'ਪੁੰਦ੍ਰੀਕ' ਅਤੇ 'ਬਹੁ-ਵਿਸਥਾਰ' ਵਿਚ ਅਨੇਕ ਕਿਸਮ ਦੇ ਲੇਖ ਜੋ ਭਾਰਤੀ ਅਤੇ ਪੰਜਾਬੀ ਸਭਿਆਚਾਰ ਦੇ ਅਨੇਕ ਪੱਖਾਂ ਨੂੰ ਉਜਾਗਰ ਕਰਦੇ ਹਨ। 'ਸਾਚੀ ਸਾਖੀ' ਪੁਸਤਕ ਸੰਬੰਧੀ ਕਾਫ਼ੀ ਵਿਵਾਦ ਵੀ ਚਲਦਾ ਰਿਹਾ। ਇਸ ਸੰਬੰਧੀ ਕਈ ਮੰਡਨਮਈ ਅਤੇ ਖੰਡਨਮਈ ਲੇਖ ਪੰਜਾਬੀ ਟ੍ਰਿਬਿਊਨ ਵਿਚ ਵੀ ਪ੍ਰਕਾਸ਼ਿਤ ਹੁੰਦੇ ਰਹੇ। ਉਸ ਦੇ ਨਿਬੰਧਾਂ ਵਿਚ ਸੰਸਕ੍ਰਿਤ ਅਤੇ ਅਰਬੀ ਫ਼ਾਰਸੀ ਦੇ ਮੂਲ ਸ਼ਬਦਾਂ ਦੀ ਭਰਮਾਰ ਹੈ। ਇਸੇ ਕਰਕੇ ਉਸ ਦੀ ਵਾਰਤਕ ਸਿਰਫ਼ ਬੌਧਿਕ ਪਾਠਕਾਂ ਤਕ ਹੀ ਸੀਮਤ ਹੈ।

### ਡਾ. ਬਲਬੀਰ ਸਿੰਘ

ਡਾ. ਬਲਬੀਰ ਸਿੰਘ ਦੀ ਵਾਰਤਕ ਵਿਚ ਜਿੱਥੇ ਮੱਧਕਾਲ ਦੀ ਝਲਕ ਪੈਂਦੀ ਹੈ ਉਥੇ ਉਹ ਆਧੁਨਿਕ ਵਾਰਤਕ ਦੀ ਪੇਸ਼ਕਾਰੀ ਭਲੀ-ਭਾਂਤੀ ਕਰਦੇ ਹਨ। ਉਨ੍ਹਾਂ ਦੀ ਵਾਰਤਕ

ਦਾ ਵਿਸ਼ਾ ਧਰਮ ਦਰਸ਼ਨ ਅਤੇ ਇਤਿਹਾਸ ਹੈ। ਇਸੇ ਕਰਕੇ ਉਨ੍ਹਾਂ ਦੀ ਵਾਰਤਕ ਤਰਕਸ਼ੀਲ ਅਤੇ ਗੰਭੀਰ ਪਾਠਕਾਂ ਨੂੰ ਵਧੇਰੇ ਚੰਗੀ ਲਗਦੀ ਹੈ। ਉਨ੍ਹਾਂ ਨੇ 'ਕਲਮ ਦੀ ਕਰਾਮਾਤ', 'ਲੰਮੀ ਨਦਰਿ', ਤੇ 'ਸ਼ੁੱਧ ਸਰੂਪ' ਆਪ ਦੀਆਂ ਨਿਬੰਧਾਤਮਿਕ ਪੁਸਤਕਾਂ ਹਨ। ਉਨ੍ਹਾਂ ਦੀ ਰਚਨਾ ਵਿਚ ਪੂਰਬੀ ਤੇ ਪੱਛਮੀ ਦਰਸ਼ਨ, ਸਾਹਿਤ, ਇਤਿਹਾਸ ਮਿਥਿਹਾਸ ਦਾ ਸੁਮੇਲ ਹੈ ਜੋ ਆਪ ਦੇ ਵਿਸ਼ਾਲ ਗਿਆਨ ਦਾ ਪ੍ਰਤੀਕ ਹੈ। ਉਨ੍ਹਾਂ ਨੇ ਆਪਣੀ ਪੁਸਤਕ 'ਚਰਣਿ ਹਰਿ ਵਿਸਥਾਰ' ਵਿਚ ਆਪਣੇ ਪਰਿਵਾਰ ਦਾ ਇਤਿਹਾਸ ਦਿੱਤਾ ਹੈ। ਉਹ ਧਰਮ ਅਤੇ ਇਸ ਕਿਸਮ ਦੇ ਹੋਰ ਮਸਲਿਆਂ ਨੂੰ ਤੁਲਣਾਤਮਕ ਅਤੇ ਵਿਗਿਆਨਕ ਢੰਗ ਨਾਲ ਪੇਸ਼ ਕਰਕੇ ਇਨ੍ਹਾਂ ਦੀ ਅਜੋਕੇ ਯੁੱਗ ਵਿਚ ਲੋੜ ਨੂੰ ਮਹਿਸੂਸ ਕਰਵਾਉਂਦੇ ਹਨ। ਮੂਲ ਸਰੋਤਾਂ ਦੀ ਵਰਤੋਂ, ਬਹੁ-ਭਾਸ਼ਾਈ ਸ਼ਬਦਾਵਲੀ ਦੀ ਪੇਸ਼ਕਾਰੀ ਕਾਰਨ ਉਨ੍ਹਾਂ ਦੀ ਵਾਰਤਕ ਕਈ ਥਾਈਂ ਅਕਾਊ ਅਤੇ ਬੋਝਲ ਵੀ ਹੋ ਜਾਂਦੀ ਹੈ। ਉਹ ਭਾਈ ਵੀਰ ਸਿੰਘ ਜੀ ਦੇ ਛੋਟੇ ਭਰਾ ਹਨ ਇਸ ਲਈ ਉਨ੍ਹਾਂ ਉੱਤੇ ਭਾਈ ਵੀਰ ਸਿੰਘ ਜੀ ਦਾ ਪ੍ਰਭਾਵ ਪ੍ਰਤੱਖ ਵੇਖਿਆ ਜਾ ਸਕਦਾ ਹੈ।

## ਪ੍ਰੋ. ਸਾਹਿਬ ਸਿੰਘ

### ਨਿਬੰਧ ਰਚਨਾਵਾਂ ਦਾ ਵੇਰਵਾ

ੳ) ਰੱਬੀ ਗੱਲਾਂ (1927)
ਅ) ਧਾਰਮਿਕ ਲੇਖ ਅਥਵਾ ਬੁਰਾਈ ਦਾ ਟਾਕਰਾ (1946)
ੲ) ਕੁਝ ਹੋਰ ਧਾਰਮਿਕ ਲੇਖ ਅਥਵਾ ਗੁਰਬਾਣੀ ਤੇ ਇਤਿਹਾਸ ਬਾਰੇ (1946)
ਸ) ਗੁਰਮਤਿ ਪ੍ਰਕਾਸ਼ (1947)
ਹ) ਧਰਮ ਤੇ ਸਦਾਚਾਰ (1951)
ਕ) ਸਰਬੱਤ ਦਾ ਭਲਾ (1951)
ਖ) ਸਿੱਖ ਸਿਦਕੁ ਨਾ ਹਾਰੇ (1951)
ਗ) ਆਦਿ ਬੀੜ ਬਾਰੇ (1970)
ਘ) ਸਿਮਰਨ ਦੀਆਂ ਬਰਕਤਾਂ ਤੇ ਹੋਰ ਲੇਖ (1971)
ਙ) ਬਾਬਾਣੀਆਂ ਕਹਾਣੀਆ

ਇੰਨ੍ਹਾਂ ਰਚਨਾਂਵਾਂ ਤੋਂ ਬਿਨ੍ਹਾਂ ਪ੍ਰੋ. ਸਾਹਿਬ ਸਿੰਘ ਨੇ ਭਗਤ-ਬਾਣੀ ਤੇ ਹੋਰ ਬਾਣੀਆਂ ਦੀਆਂ ਭੂਮਿਕਾਵਾਂ ਲਿਖਣ ਸਮੇਂ ਆਪਣੇ ਵਿਚਾਰ ਨਿਬੰਧਾਂ ਦੇ ਰੂਪ ਵਿਚ ਪ੍ਰਗਟ ਕੀਤੇ। ਇਹਨਾਂ ਵਿਚ ਇਤਿਹਾਸਿਕ ਭੁਲੇਖਿਆਂ ਨੂੰ ਦੂਰ ਕਰਨ, ਬਾਣੀ ਦੇ ਰਚੇਤਾ ਤੇ ਸੰਗ੍ਰਹਿ ਕਰਤਾ ਬਾਰੇ ਪ੍ਰਚੱਲਿਤ ਵਿਚਾਰਾਂ ਵਿਚ ਭਿੰਨਤਾ ਅਤੇ ਬਾਣੀ ਵਿਚ ਉਪਜਦੇ ਜਾਂ ਉਪਜਾਏ ਗਏ ਸ਼ੰਕਿਆਂ ਦੇ ਸਮਾਧਾਨ ਵਲ ਉਚੇਚਾ ਧਿਆਨ ਦਿੱਤਾ। ਟੀਕਾ ਕਰਨ ਤੋਂ ਪਹਿਲਾਂ ਬਾਣੀ ਰਚੇਤਾ ਦੇ ਜੀਵਨ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ਜਿਸ ਨੂੰ ਜੀਵਨੀਆਂ ਲਿਖਣ ਸਮੇਂ ਵਿਸਥਾਰ ਵਿਚ ਲਿਆਂਦਾ। ਪ੍ਰੋ. ਸਾਹਿਬ ਸਿੰਘ ਨੇ ਫਿਲਾਸਫ਼ੀ ਨੂੰ, ਦਰਸ਼ਨ ਨੂੰ ਅਤੇ ਵਿਸ਼ੇਸ਼ ਕਰਕੇ ਗੁਰਮਤਿ ਦਰਸ਼ਨ ਨੂੰ ਆਪਣੇ ਨਿਬੰਧਾਂ ਦਾ ਆਧਾਰ ਬਣਾਇਆ। ਉਹਨਾਂ ਦੇ ਸਾਰੇ ਨਿਬੰਧ ਸੰਗ੍ਰਹਿ ਵਾਸਤਵ ਵਿਚ ਧਾਰਮਿਕ ਲੇਖਾਂ ਦੇ ਹੀ

ਸੰਗ੍ਰਹਿ ਹਨ। ਇਹ ਧਾਰਮਿਕ ਲੇਖ ਸਿੱਖ ਧਰਮ ਦੇ ਸਿਧਾਂਤਾਂ ਦਾ ਵਿਸ਼ਲੇਸ਼ਣ ਕਰਦੇ ਅਤੇ ਸਿੱਖੀ ਵਿਚ ਵਿਸ਼ਵਾਸ ਨੂੰ ਦ੍ਰਿੜ ਕਰਾਉਂਦੇ ਹਨ, ਸਿੱਖ ਰਹਿਤ ਮਰਯਾਦਾ ਨੂੰ ਧਾਰਨ ਕਰਨ ਲਈ ਪ੍ਰੇਰਿਤ ਕਰਦੇ ਹਨ। ਵਿਸ਼ਿਆਂ ਨੂੰ ਮੁਖ ਰੱਖ ਕੇ ਪ੍ਰੋ. ਸਾਹਿਬ ਸਿੰਘ ਦੇ ਲੇਖਾਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ-

ੳ) ਧਰਮ ਤੇ ਫ਼ਿਲਾਸਫ਼ੀ

ਅ) ਧਰਮ ਤੇ ਰੋਜ਼ਾਨਾ ਜੀਵਨ

ੲ) ਗੁਰਬਾਣੀ ਅਤੇ ਇਤਿਹਾਸ ਬਾਰੇ

ਸ) ਗੁਰਮਤਿ ਸਿਧਾਂਤ

ਹ) ਗੁਰਬਾਣੀ ਦੀਆਂ ਤੁਕਾਂ ਤੇ ਆਧਾਰਿਤ ਲੇਖ

ਕ) ਸਮਕਾਲੀ ਸਥਿਤੀ।

ਪ੍ਰੋ. ਸਾਹਿਬ ਸਿੰਘ ਦੀ ਟੀਕਾਕਾਰੀ ਵਿਚ ਵਿਆਖਿਆ ਦੀ ਘਾਟ ਰੜਕਦੀ ਹੈ, ਪਰ ਨਿਬੰਧਾਂ ਵਿਚ ਉਹਨਾਂ ਨੇ ਇਸ ਘਾਟ ਨੂੰ ਪੂਰਾ ਕਰ ਦਿੱਤਾ ਹੈ।

**ਬਲਰਾਜ ਸਾਹਨੀ**

ਬਲਰਾਜ ਸਾਹਨੀ ਪੰਜਾਬੀ ਲੇਖਕ ਹੋਣ ਦੇ ਨਾਲ-ਨਾਲ ਇਕ ਪ੍ਰਸਿੱਧ ਅਦਾਕਾਰ ਵੀ ਹੈ। ਉਸ ਦਾ ਪੰਜਾਬੀ ਸਾਹਿਤ ਪ੍ਰਤੀ ਬਹੁਤ ਸਨੇਹ ਸੀ ਇਸ ਕਰਕੇ ਉਸਨੇ ਕਈ ਰਚਨਾਵਾਂ ਪੰਜਾਬੀ ਸਾਹਿਤ ਨੂੰ ਪੇਸ਼ ਕੀਤੀਆਂ ਜਿੰਨ੍ਹਾਂ ਵਿਚੋਂ ਕੀ ਇਹ ਸੱਚ ਹੈ ਬਾਪੂ, ਸਿਨੇਮਾ ਤੇ ਸਟੇਜ, ਮੇਰੀ ਗ਼ੈਰ ਜਜ਼ਬਾਤੀ ਡਾਇਰੀ, ਮੇਰਾ ਪਾਕਿਸਤਾਨੀ ਸਫ਼ਰਨਾਮਾ ਆਦਿ ਬਲਰਾਜ ਸਾਹਨੀ ਦੀਆਂ ਉੱਤਮ ਲਿਖਤਾਂ ਹਨ। ਬਲਰਾਜ ਸਾਹਨੀ ਕਿਉਂਕਿ ਇਕ ਅਦਾਕਾਰ ਹੈ ਇਸ ਕਰਕੇ ਉਸਦੀ ਰਚਨਾ ਵਿਚ ਨਾਟਕੀ ਅੰਦਾਜ਼ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਇਸ ਤੋਂ ਇਲਾਵਾ ਬਲਰਾਜ ਸਾਹਨੀ ਨੇ 1974 ਵਿਚ ਆਪਣੀ ਸ੍ਵੈ ਜੀਵਨੀ ਮੇਰੀ ਫ਼ਿਲਮੀ ਆਤਮ ਕਥਾ ਨਾਮ ਹੇਠ ਰਚੀ। ਉਨ੍ਹਾਂ ਨੇ ਪੰਜਾਬੀ ਦੇ ਵੱਖ-ਵੱਖ ਪੱਤਰਕਾਵਾਂ ਵਿਚ ਵੀ ਆਪਣੇ ਨਿਬੰਧ ਛਪਵਾਏ। ਉਨ੍ਹਾਂ ਦੇ ਕਈ ਸੰਗ੍ਰਹਿ ਪ੍ਰਾਪਤ ਹਨ ਜਿਵੇਂ 'ਸਿਨੇਮਾ ਅਤੇ ਸਟੇਜ', 'ਯਾਦਾਂ ਦਾ ਝਰੋਖਾ', 'ਇਤਿਹਾਸ ਦੀ ਪੈੜ', 'ਪੂਰਬ ਦੇ ਨਾਈ', 'ਕਾਮੇ', 'ਯਾਦਾਂ ਦੀ ਕੰਨੀ' ਅਤੇ 'ਕਲਮ ਕਿਤਾਬ'। ਉਨ੍ਹਾਂ ਦੀ ਪੁਸਤਕ 'ਮੇਰੀ ਫਿਲਮੀ ਆਤਮਕਥਾ' ਦੇ ਵੱਖ-ਵੱਖ ਹਿੱਸੇ ਵੀ ਸੰਪੂਰਨ ਨਿਬੰਧ ਹਨ ਅਤੇ ਉਨ੍ਹਾਂ ਦੀ ਪੁਸਤਕ 'ਗ਼ੈਰ ਜਜ਼ਬਾਤੀ ਡਾਇਰੀ' ਡਾਇਰੀ ਰੂਪ ਵਿਚ ਲਿਖੀ ਹੋਣ ਕਰਕੇ ਵੀ ਨਿਬੰਧਾਂ ਦਾ ਸੰਗ੍ਰਹਿ ਕਹੀ ਜਾ ਸਕਦੀ ਹੈ। 'ਸਿਨੇਮਾ ਤੇ ਸਟੇਜ' ਪੁਸਤਕ ਵਿਚ 'ਸਿਨੇਮਾ ਤੇ ਸਟੇਜ', 'ਐਕਟਿੰਗ ਦੀ ਕਲਾ', 'ਕਲਾਕਾਰ ਯੂਨੀਅਨ', 'ਸਟੂਡੀਉ ਵਿਚ : ਸੁਰੱਖਿਆ-ਫੰਡ-ਜਲੂਸ ਦੇ ਦੂਜੇ ਦਿਨ, 'ਬਿਮਲ ਰਾਏ-ਇਕ ਸ਼ਰਧਾਂਜਲੀ' ਅਤੇ 'ਪ੍ਰਿਥਵੀ ਰਾਜ ਤੇ ਨਾਟਕ-ਕਲਾ' ਮੌਲਿਕ ਨਿਬੰਧ ਹਨ। ਇਸੇ ਤਰ੍ਹਾਂ 'ਯਾਦਾਂ ਦਾ ਝਰੋਖਾ' ਨਿਬੰਧ-ਸੰਗ੍ਰਹਿ ਵਿਚ 10 ਨਿਬੰਧ ਹਨ। ਇਨ੍ਹਾਂ ਵਿਚੋਂ 'ਸੇਵਾ ਗ੍ਰਾਮ ਦੀਆਂ ਯਾਦਾਂ' ਅਤੇ 'ਆਪਣੀ ਜ਼ਿੰਦਗੀ ਦੀ ਪੰਝਵੀਂ ਵਰ੍ਹੇ ਗੰਢ' ਤੇ ਦੋ ਨਵੇਂ ਨਿਬੰਧ ਹਨ ਬਾਕੀ ਦੁਹਰਾਉ ਹੈ। 'ਸੇਵਾ ਗ੍ਰਾਮ ਦੀਆਂ ਯਾਦਾਂ' ਵਿਚ ਮਹਾਤਮਾ ਗਾਂਧੀ ਦੀ ਵਕਤ ਦੀ

ਪਾਬੰਦੀ ਵਲ ਸੰਕੇਤ ਹੈ। ਬਲਰਾਜ ਸਾਹਨੀ ਨੇ 'ਆਪਣੀ ਫਿਲਮੀ ਜ਼ਿੰਦਗੀ ਦੀ ਪੰਝੀਵੀਂ ਗੰਢ' 'ਤੇ ਨਿਬੰਧ ਵਿਚ ਫਿਲਮ ਜਗਤ ਵਿਚ ਆਉਣ ਦੇ ਕਾਰਨ ਅਤੇ ਉਸ ਪ੍ਰਤੀ ਆਪਣਾ ਪ੍ਰਤੀਕਰਮ ਦਰਸਾਇਆ ਹੈ। 'ਇਤਿਹਾਸ ਦੀ ਪੈੜ' ਨਿਬੰਧ-ਸੰਗ੍ਰਹਿ ਵਿਚ 'ਗੁਰੂ ਨਾਨਕ ਦੇਵ ਇਕ ਸਵੈ-ਅਲਾਪ, ਭਾਰਤੀ ਫਿਲਮ-ਇੰਡਸਟਰੀ ਨੂੰ ਪੰਜਾਬੀਆਂ ਦੀ ਦੇਣ, ਕਲਿਯੁਗ ਮਧੂਸੂਦਨ ਗੁਰੂ ਗੋਬਿੰਦ', 'ਜਵਾਹਰ ਲਾਲ ਨਹਿਰੂ-ਭਾਰਤ ਦੀ ਆਤਮਾ' ਤੋਂ ਇਲਾਵਾ ਹੋਰ ਵੀ ਨਿਬੰਧ ਦਰਜ ਹਨ।

# ਯੂਨਿਟ 7
# ਆਧੁਨਿਕ ਪੰਜਾਬੀ ਕਾਵਿ
## ਆਧੁਨਿਕਤਾ ਅਤੇ ਆਧੁਨਿਕ ਬੋਧ

ਆਧੁਨਿਕਤਾ ਇਕ ਚਰਚਾ-ਜਨਕ ਵਿਸ਼ਾ ਹੈ। ਇਸ ਨੂੰ ਸਪਸ਼ਟ ਰੂਪ ਵਿਚ ਪਰਿਭਾਸ਼ਿਤ ਕਰਨਾ ਜਾਂ ਇਸ ਦਾ ਠੀਕ ਠੀਕ ਸੰਕਲਪ ਨਿਸ਼ਚਿਤ ਕਰਨਾ ਜੇ ਅਸੰਭਵ ਨਹੀਂ ਤਾਂ ਅਤਿ ਕਠਿਨ ਜ਼ਰੂਰ ਹੈ। ਕਾਰਨ ? ਕਾਰਨ ਸ਼ਾਇਦ ਇਹ ਹੈ ਕਿ ਆਧੁਨਿਕਤਾ ਆਪਣੇ ਆਪ ਵਿਚ ਇਕ ਅਸੀਮ ਵਿਚਾਰ-ਤੱਤਵ ਹੈ ਜਿਸ ਦੇ ਦ੍ਰਿਸ਼ਟੀਕੋਣ ਪੱਖ 'ਤੇ ਸੰਦਰਭ ਪੂਰੀ ਤਰ੍ਹਾਂ ਸਥਾਪਤ ਨਹੀਂ ਹੁੰਦੇ, ਕੀ ਵਿਅਕਤੀਗਤ ਤੇ ਕੀ ਸਮਾਜਕ। ਦੂਜੀ ਮੁਸ਼ਕਲ ਇਹ ਹੈ ਕਿ ਇਸ ਦੀ ਸਾਮਿਅਕ ਇਕ ਨਿਰੰਤਰ ਧਾਰਾ ਵਜੋਂ ਹਰ ਅਜੋਕੇ ਸਮਾਜ ਤੇ ਹਰ ਅਜੋਕੇ ਵਿਅਕਤੀ ਨੂੰ ਦ੍ਰਿਸ਼ਟੀਗੋਚਰ ਹੈ। ਇਸ ਨੂੰ ਸਪਸ਼ਟ ਰੂਪ ਵਿਚ ਦੇਖਣ ਲਈ ਸਮੇਂ ਤੇ ਸਥਾਨ ਤੋਂ ਵੱਖ ਕਰਕੇ ਜਾਂ ਨਿਖੇੜ ਕੇ ਵਿਚਾਰਾਧੀਨ ਕਰਨਾ ਆਵੱਸ਼ਕ ਹੈ ਪਰ ਇਹ ਕੰਮ ਅਤਿ ਦੁਰਗਮ ਹੈ। ਇਸ ਲਈ ਆਧੁਨਿਕਤਾ ਦੇ ਕੁਝ ਚਲੰਤ ਤੇ ਸਾਧਾਰਨ (ਸਮਾਨਯ) ਤੱਤਾਂ ਨੂੰ ਸਾਹਮਣੇ ਰੱਖ ਕੇ ਇਸ ਦਾ ਵਿਸ਼ਲੇਸ਼ਣ ਕਰ ਲਿਆ ਜਾਂਦਾ ਹੈ।

ਜਸਬੀਰ ਸਿੰਘ ਆਹਲੂਵਾਲੀਆ ਨੇ ਆਧੁਨਿਕਤਾ ਦੇ ਚਾਰ ਲੱਛਣ ਨਿਸਚਿਤ ਕੀਤੇ ਹਨ :

1. ਆਤਮਾ ਤੇ ਪਰਮਾਤਮਾ ਦੇ ਪਰਸਪਰ (ਧਾਰਮਕ) ਰਿਸ਼ਤੇ ਦੀ ਥਾਂ ਵਿਅਕਤੀ ਤੇ ਸਮਾਜ ਦਾ ਪਰਸਪਰ ਰਿਸ਼ਤਾ ਅਤੇ ਨਾਲ ਹੀ ਵਿਅਕਤੀ ਦਾ ਆਪਣੇ ਆਪ ਨਾਲ ਸੰਬੰਧ 2. ਦਿਸਦੇ ਸੰਸਾਰ ਨੂੰ ਅਸਲੀਅਤ ਦੇ ਤੌਰ 'ਤੇ ਸ਼ਵੀਕਾਰ ਕਰਨਾ ਅਤੇ ਵਿਅਕਤੀ ਦੇ ਕਲਿਆਣ ਨਾਲੋਂ ਸਮਾਜਕ ਕਲਿਆਣ ਤੇ ਵਧੇਰੇ ਬਲ ਦੇਣਾ 3. ਹੋਣੀ ਦੀ ਥਾਂ ਮਨੁੱਖ ਦੇ ਕਾਰਜ ਜਾਂ ਕਰਮ ਦੀ ਸਾਰਥਕਤਾ ਨੂੰ ਮੰਨਣਾ ਅਤੇ 4. ਸਭ ਮਨੁੱਖੀ ਕੀਮਤਾਂ ਤੇ ਸਮਾਜਕ ਰੀਤੀ ਰਿਵਾਜਾਂ ਨੂੰ ਪਰਾ-ਇਤਿਹਾਸਕ ਮੰਨਣ ਦੀ ਥਾਂ ਸਮੇਂ ਤੇ ਸਥਾਨ ਦੀ ਪੈਦਾਵਾਰ ਮੰਨਣਾ ਅਤੇ ਇਨ੍ਹਾਂ ਨੂੰ ਅਟੱਲ ਤੇ ਅਬਚਲ ਦੀ ਥਾਂ ਵਕਤੀ ਅਤੇ ਪਰਿਵਰਤਨਸ਼ੀਲ ਮੰਨਣਾ।

ਆਧੁਨਿਕਤਾ ਦੇ ਇਨ੍ਹਾਂ ਲੱਛਣਾਂ ਦੀ ਤਹਿ ਵਿਚ ਸਮੁੱਚੇ ਤੌਰ 'ਤੇ ਦੋ ਤੱਤ ਵਧੇਰੇ ਉਜਾਗਰ ਸਿੱਧ ਹੁੰਦੇ ਹਨ ਪਹਿਲਾ ਅਧਿਆਤਮਕ ਆਦਰਸ਼ਵਾਦ ਦੀ ਥਾਂ ਸਮਾਜਕ ਯਥਾਰਥ ਅਤੇ ਦੂਜਾ ਦਾਰਸ਼ਨਿਕ ਤੱਤਾਂ ਨੂੰ ਤਿਆਗ ਕੇ ਕੇਵਲ ਸਮਾਜਕ ਤੇ ਸਾਮਿਅਕ ਯਥਾਰਥ ਨੂੰ ਮੁੱਖ ਰੱਖਿਆ ਹੈ। ਪੂਰਨ ਸਿੰਘ ਦੇ ਆਦਰਸ਼ਵਾਦ ਤੇ ਅਛੋਹ ਹੈ। ਨਿਰੋਲ ਸੰਸਾਰਕ ਦ੍ਰਿਸ਼ਟੀਕੋਣ ਨੂੰ ਅਪਣਾਉਣਾ ਆਧੁਨਿਕਤਾ ਦਾ ਮੂਲ ਧੁਰਾ ਹੈ। ਯਥਾਰਥ ਹੀ ਇਸ ਵਿਗਿਆਨਕ ਰੁਚੀ ਦੀ ਮੂਲ ਸਚਾਈ ਹੈ। ਆਧੁਨਿਕ ਪੰਜਾਬੀ ਕਵਿਤਾ ਦਾ

ਆਰੰਭ ਸ਼ਾਹ ਹੁਸੈਨ ਅਤੇ ਭਾਈ ਵੀਰ ਸਿੰਘ ਤੋਂ ਮੰਨਿਆ ਜਾ ਸਕਦਾ ਹੈ। ਸ਼ਾਹ ਹੁਸੈਨ ਦੇ ਰਚਨਾ ਵਿਵੇਕ ਵਜੋਂ ਅਤੇ ਭਾਈ ਵੀਰ ਸਿੰਘ ਦੀ ਰਚਨਾ ਦੇ ਰੂਪਕ-ਪ੍ਰਕਾਰਜ ਦੇ ਤੌਰ 'ਤੇ ਆਧੁਨਿਕ ਕਵੀ ਹਨ।

## ਆਰੰਭ ਵਿਕਾਸ ਤੇ ਵਿਸ਼ੇਸ਼ਤਾਵਾਂ

ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਵਿਭਿੰਨ ਇਤਿਹਾਸਕ ਪੜਾਵਾਂ ਵਿਚੋਂ ਲੰਘਦੀ ਹੋਈ ਅੱਡੋ-ਅੱਡ ਸਾਹਿਤਕ ਪ੍ਰਵਿਰਤੀਆਂ ਨੂੰ ਜਨਮ ਦਿੰਦੀ ਅਜੋਕੇ ਸਮੇਂ ਤੱਕ ਨਿਰੰਤਰ ਵਿਗਸਦੀ ਆ ਰਹੀ ਹੈ। ਇਤਿਹਾਸਕ ਪੜਾਵਾਂ ਤੇ ਕਾਵਿਕ ਪ੍ਰਵਿਰਤੀਆਂ ਪੱਖੋਂ ਇਸ ਕਵਿਤਾ ਦੇ ਚਾਰ ਮੁਖ ਕਾਲ-ਖੰਡ ਮੰਨੇ ਜਾ ਸਕਦੇ ਹਨ, ਪਰ ਇਹਨਾਂ ਕਾਲ-ਖੰਡਾਂ ਦੇ ਅੰਦਰ ਵਿਭਿੰਨ ਸਮਾਨਾਂਤਰ ਪ੍ਰਵਿਰਤੀਆਂ ਹਾਜ਼ਰ ਹਨ ਅਤੇ ਨਾਲੋ-ਨਾਲ ਮੁੱਲਵਾਨ ਸਿਰਜਣਾਤਮਕ ਨਿਰੰਤਰਤਾ ਵੀ ਹਾਜ਼ਰ ਰਹੀ ਹੈ।

**ਪਹਿਲਾ ਪੜਾਅ :** ਇਹ ਕਾਵਿਕ ਦੌਰ 1901 ਤੋਂ 1935 ਈ. ਤਕ ਦਾ ਹੈ। ਇਸ ਕਵਿਤਾ ਦੀ ਮੁੱਖ ਪਛਾਣ ਆਧੁਨਿਕ ਦੌਰ ਦੇ ਉਭਰ ਰਹੇ ਨਿਆਰੇ ਨਿੱਜਪਰਕ ਪਾਸਾਰ, ਬਦਲਦੇ ਸਮਾਜਕ ਯਥਾਰਥ ਦੀ ਪੇਸ਼ਕਾਰੀ ਅਤੇ ਨਵੀਂ ਕਾਵਿ ਭਾਸ਼ਾ ਦੀ ਸਿਰਜਣਾ ਹੈ। ਇਹ ਕਾਵਿ ਧਾਰਾ ਆਧੁਨਿਕ ਯੁਗ ਪਰਸਥਿਤੀਆਂ ਅਤੇ ਮੱਧਕਾਲੀ ਸਾਹਿਤ ਦੇ ਨਵੇਂ ਸੁਮੇਲ ਨਾਲ ਜੁੜੀ ਹੋਈ ਹੈ ਪਰ ਆਪਣੀਆਂ ਮੂਲ ਖ਼ੂਬੀਆਂ ਕਰਕੇ ਨਵਾਂ ਮੁਹਾਂਦਰਾ ਗ੍ਰਹਿਣ ਕਰਦੀ ਹੈ। ਆਰੰਭਿਕ ਪੜਾ ਦੀ ਇਸ ਕਵਿਤਾ ਵਿਚ ਆਤਮਵਾਦੀ ਸੁਧਾਰਵਾਦੀ ਪ੍ਰਵਿਰਤੀ ਭਾਰੂ ਰਹੀ।

ਇਸ ਦੌਰ ਦੇ ਪ੍ਰਤੀਨਿਧ ਕਵੀ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਹਨ। ਭਾਈ ਵੀਰ ਸਿੰਘ ਨੂੰ ਆਧੁਨਿਕ ਕਾਵਿ ਦਾ ਮੋਢੀ ਹੋਣ ਦਾ ਮਾਣ ਵੀ ਹੈ ਤੇ ਨਿੱਕੀਆਂ ਕਵਿਤਾਵਾਂ ਦੇ ਵੱਡੇ ਕਵੀ ਹੋਣ ਦਾ ਵੀ। ਸੂਖ਼ਮ ਵਲਵਲਿਆਂ ਦਾ ਉਹ ਨਿਪੁੰਨ ਚਿਤੇਰਾ ਹੈ। ਪ੍ਰੋ. ਪੂਰਨ ਸਿੰਘ ਅਲਬੇਲੀ ਮਸਤੀ ਤੇ ਦਾਰਸ਼ਨਿਕ ਗਹਿਰਾਈ ਵਾਲਾ ਅਜਿਹਾ ਅਨੂਠਾ ਸ਼ਾਇਰ ਹੈ, ਜਿਸਨੇ ਮਨੁੱਖੀ ਸਿਰਜਣਸ਼ੀਲਤਾ ਦੇ ਪ੍ਰਾਣਵੰਤ ਜੁਜ਼ਾਂ ਨੂੰ ਪੰਜਾਬੀ ਦੀ ਜਰਖ਼ੇਜ਼ ਭੂਮੀ ਤੇ ਗੌਰਵਸ਼ੀਲ ਵਿਰਾਸਤੀ ਅਵਚੇਤਨ ਦੇ ਖ਼ਮੀਰ ਵਿਚੋਂ ਲਕਸ਼ਿਤ ਕੀਤਾ।

ਧਨੀ ਰਾਮ ਚਾਤ੍ਰਿਕ ਪੰਜਾਬੀਅਤ ਦੇ ਸਦੀਵੀ, ਵਿਸ਼ਾਲ, ਬਲਵਾਨ ਅਤੇ ਗੌਰਵਸ਼ੀਲ ਖਾਸੇ ਦਾ ਆਸ਼ਕ ਕਵੀ ਹੈ। ਉਸਦੀ ਕਵਿਤਾ ਵਿਚੋਂ ਪੰਜਾਬ ਦੀ ਜਰਖ਼ੇਜ਼ ਭੂਮੀ, ਇਸਦੀ ਅਲੌਕਿਕ ਸੁੰਦਰਤਾ, ਪੰਜਾਬੀਅਤ ਦੀ ਮਾਣ-ਮੜ੍ਹਕ ਤੇ ਪੰਜਾਬੀ ਬੋਲੀ ਪ੍ਰਤਿ ਸੱਚਾ ਪਿਆਰ ਡਲਕਾਂ ਮਾਰਦਾ ਹੈ। ਇਸ ਤੋਂ ਇਲਾਵਾ ਲਾਲਾ ਕਿਰਪਾ ਸਾਗਰ, ਡਾ. ਦੀਵਾਨ ਸਿੰਘ ਕਾਲੇਪਾਣੀ ਤੇ ਪ੍ਰੋ. ਮੋਹਨ ਸਿੰਘ ਦੀਵਾਨਾ ਦਾ ਵੀ ਮਹੱਤਵਪੂਰਨ ਯੋਗਦਾਨ ਹੈ।

**2. ਦੂਸਰਾ ਪੜਾਅ :** ਵੀਹਵੀਂ ਸਦੀ ਦਾ ਦੂਸਰਾ ਪੜਾਅ 1945 ਤੋਂ 1947 ਅਤੇ ਅੱਗੇ 1965 ਤੱਕ ਦਾ ਹੈ। 1947 ਤੋਂ 1965 ਤੱਕ ਦਾ ਸਮਾਂ ਇਸੇ ਆਸ਼ਾਵਾਦੀ ਨਿਰੰਤਰਤਾ ਦਾ ਦੌਰ ਸੀ। ਪ੍ਰੋ. ਮੋਹਨ ਸਿੰਘ ਪ੍ਰਗਤੀਵਾਦੀ ਪੰਜਾਬੀ ਕਾਵਿ ਦਾ ਸਿਰਮੌਰ ਪ੍ਰਵਕਤਾ ਅਤੇ ਪ੍ਰਗੀਤਕ ਕਾਵਿ ਦਾ ਮਾਹਿਰ ਸੀ। ਉਸਨੇ ਆਪਣੀ ਪੁਖ਼ਤਾ, ਜਜ਼ਬਿਆਂ

ਗੁੱਧੀ, ਵਲਵਲੇ ਭਰਪੂਰ, ਪੁਰ ਸੁਰਤਾਲ ਲਹਿਜ਼ੇ ਤੇ ਰਮਜ਼ਮਈ ਸ਼ੈਲੀ ਵਿਚ ਸ਼ਇਰੀ ਕੀਤੀ। ਪਹਿਲੇ ਕਾਵਿ-ਸੰਗ੍ਰਹਿ 'ਸਾਵੇ ਪੱਤਰ' ਨਾਲ ਹੀ ਉਹ ਏਨਾ ਮਕਬੂਲ ਤੇ ਹਰਮਨਪਿਆਰਾ ਕਵੀ ਹੋ ਗਿਆ ਕਿ ਉਸਨੂੰ 'ਯੁੱਗ ਕਵੀ' ਕਿਹਾ ਜਾਣ ਲੱਗਾ। ਇਸੇ ਪ੍ਰਕਾਰ ਅੰਮ੍ਰਿਤਾ ਪ੍ਰੀਤਮ ਵੀ ਆਧੁਨਿਕ ਪੰਜਾਬੀ ਸਾਹਿਤ ਵਿਚ ਪਹਿਲੀ, ਪ੍ਰਮਾਣਿਕ ਨਾਰੀ ਪ੍ਰਵਚਨ ਦੀ ਸਿਰਜਕ ਹੋਣ ਦਾ ਮਾਣ ਰੱਖਦੀ ਹੈ। ਕਵਿਤਰੀ ਵਜੋਂ ਅੰਮ੍ਰਿਤਾ ਨੇ ਪ੍ਰਗਤੀਵਾਦੀ ਧਾਰਾ ਦੇ ਮੂਲ ਸੁਰਾਂ ਦੇ ਨਾਲ ਨਾਲ ਆਧੁਨਿਕ ਨਿੱਜੀ ਖੁੱਲ੍ਹ ਦੇ ਅਹਿਮ ਸਰੋਕਾਰਾਂ ਨੂੰ ਬੇਝਿਜਕ ਬੋਲ ਦਿੱਤੇ।

ਪੰਜਾਬੀ ਪ੍ਰਗਤੀਵਾਦੀ ਕਾਵਿ-ਧਾਰਾ ਦਾ ਪ੍ਰਮਾਣਿਕ, ਸਰਵ-ਉੱਤਮ ਅਤੇ ਮੌਲਿਕ ਸ਼ਾਇਰ ਬਾਵਾ ਬਲਵੰਤ ਹੈ। ਉਸਦੀ ਕਵਿਤਾ ਵਿਚ ਕ੍ਰਾਂਤੀ, ਪਿਆਰ ਅਤੇ ਵਿਚਾਰਧਾਰਾ ਇਕ ਅਦਭੁੱਤ ਸਿਰਜਣਸ਼ੀਲਤਾ ਵਿਚ ਇਕਸੁਰ ਹੋਏ ਹਨ। ਉਸਦੀ ਸ਼ਾਇਰੀ ਵਿਚ ਖ਼ਿਆਲ ਦੀ ਪੁਖ਼ਤਗੀ, ਜਜ਼ਬੇ ਦੀ ਗਹਿਰਾਈ, ਸ਼ਬਦਾਂ ਦੀ ਸੁਰਤਾਲ ਅਤੇ ਰਮਜ਼ਾਂ ਦੀ ਟੁਣਕਾਰ ਹਾਜ਼ਰ ਹੈ। ਪ੍ਰੀਤਮ ਸਿੰਘ ਸਫ਼ੀਰ ਏਸੇ ਦੌਰ ਦਾ ਲਟਬੌਰਾ ਸ਼ਾਇਰ ਹੈ, ਜਿਸਨੇ ਕ੍ਰਾਂਤੀ, ਇਸ਼ਕ ਤੇ ਅਧਿਆਤਮ ਦੇ ਵੱਖਰੇ ਜਾਂ ਵਿਰੋਧੀ ਮੰਨੇ ਜਾਂਦੇ ਸੰਸਾਰਾਂ/ਵਰਤਾਰਿਆਂ ਦੀ ਅਲੋਕਾਰੀ ਸੁਮੇਲਤਾ ਸਿਰਜਣ ਦਾ ਪ੍ਰਯੋਗ ਕੀਤਾ। ਇਸ ਧਾਰਾ ਦੇ ਅਗਲੇਰੇ ਪੜਾਅ ਦੇ ਹੋਣਹਾਰ ਸ਼ਾਇਰਾਂ ਵਿਚੋਂ ਸੰਤੋਖ ਸਿੰਘ ਧੀਰ, ਹਰਭਜਨ ਸਿੰਘ ਹੁੰਦਲ, ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ ਵਿਸ਼ੇਸ਼ ਹਨ।

**ਤੀਜਾ ਪੜਾਅ :** ਇਸ ਦੌਰ ਦੀਆਂ ਤਿੰਨ ਮੁਖ ਕਾਵਿ ਪ੍ਰਵਿਰਤੀਆਂ ਨਕਸਲਬਾੜੀ ਜਾਂ ਜੁਝਾਰੂ ਕਾਵਿ-ਧਾਰਾ, ਪ੍ਰਯੋਗਸ਼ੀਲ ਕਾਵਿਧਾਰਾ ਅਤੇ ਮੱਧਸ਼੍ਰੇਣਿਕ ਸੁਹਜਭਾਵੀ ਵਿਅਤਕਤੀ ਕੇਂਦਰਤ ਕਾਵਿ ਧਾਰਾ ਹਨ।

**ਸੁਹਜਭਾਵੀ ਕੇਂਦ੍ਰਿਤ-ਪ੍ਰਵਿਰਤੀ :** ਇਸ ਪ੍ਰਵਿਰਤੀ ਦੇ ਅੰਤਰਗਤ ਆਂਤਰਕ ਸਮਾਜਕ ਯਥਾਰਥ ਵਿਸ਼ੇਸ਼ ਕਰ ਮਨੁੱਖੀ ਮਨੋ-ਸੰਸਾਰ ਦੇ ਕਰਮਾਂ ਪ੍ਰਤਿਕਰਮਾਂ, ਤਰਕਾਂ ਵਿਤਰਕਾਂ, ਇਛਾਵਾਂ, ਅਪੂਰਤੀਆਂ ਦਾ ਕੇਂਦਰੀ ਸੁਰ ਉਭਰਦਾ ਹੈ। ਹਰਿਭਜਨ ਸਿੰਘ ਮੱਧ-ਸ਼੍ਰੇਣਿਕ ਸੰਵੇਦਨਸ਼ੀਲਲ ਮਨੁੱਖ ਦੀ ਆਂਤਰਿਕ ਉਥਲ-ਪੁਥਲ, ਸਵੈ-ਵਿਰੋਧਾਂ ਮਨੋ-ਤਣਾਵਾਂ ਅਤੇ ਟੇਢੀਆਂ ਰੁਚੀਆਂ ਦਾ ਨਿਪੁੰਨ ਚਿਤੇਰਾ ਹੈ। ਉਹ ਨਵੀਂ ਸੁਹਜਵਾਦੀ ਵੇਦਨਾ ਦਾ ਸਿਰਮੌਰ ਸ਼ਾਇਰ ਬਣ ਗਿਆ। ਤਿੱਖੇ ਕਟਾਖਸ਼ ਤੇ ਕਾਟਵੇਂ ਵਿਅੰਗ ਉਸਦੀ ਅਹਿਮ-ਕਾਵਿ ਜੁਗਤ ਹਨ।

ਸ. ਸ. ਮੀਸ਼ਾ ਨਿਜਭਾਵੀ ਸਮੂਹਭਾਵੀ ਫਰਜ਼ੀ ਕਤਾਰਬੰਦੀ ਦੇ ਅਪ੍ਰਮਾਣਿਕ ਧਰਾਤਲਾਂ ਅਤੇ ਨਿਰੋਲ ਨਿੱਜੀ ਸੀਮਾਵਾਂ ਦੀ ਸੂਖ਼ਮ ਨਿਸ਼ਾਨਦੇਹੀ ਤੇ ਗਹਿਰਾ ਵਿਅੰਗ ਕਰਨ ਵਾਲਾ ਮਾਣਯੋਗ ਸ਼ਾਇਰ ਹੈ। ਉਹ ਟਕੋਰ ਵਿਧੀ ਦੀ ਵਰਤੋਂ ਰਾਹੀਂ ਅਜੋਕੇ ਵਿਕਰਿਤ ਯਥਾਰਥ ਦਾ ਪਰਦਾ ਚਾਕ ਕਰ ਡੂੰਘੇ ਮਾਨਵੀ ਸੁਨੇਹੇ ਦੇ ਝਲਕਾਰੇ ਦੇਣ ਵਾਲਾ ਸਮਰੱਥ ਸ਼ਾਇਰ ਹੈ। ਤਾਰਾ ਸਿੰਘ ਨੇ ਪੰਜਾਬੀ ਕਾਵਿ ਧਾਰਾ ਦੇ ਮੰਨੇ ਪ੍ਰਵਾਨੇ ਰਾਹ ਦੀ ਅਵੱਗਿਆ ਕਰ ਸੂਖ਼ਮ ਮਨੋ-ਵਿਹਾਰੀ ਉਦਗਾਰਾਂ ਨੂੰ ਉਭਾਰਦੇ ਬਿਨਸਦੇ, ਸਿਰਜਦੇ, ਨਿਘਰਦੇ ਪ੍ਰਵਾਹਾਂ ਵਿਚ ਪੇਸ਼ ਕੀਤਾ। ਤਾਰਾ ਸਿੰਘ ਟਕਸਾਲੀ ਵਿਸ਼ਿਆਂ ਦੇ

ਦੁਹਰਾਉ ਤੇ ਸੋਧੀ ਪ੍ਰਬੋਧੀ ਕਾਵਿ-ਭਾਸ਼ਾ ਦਾ ਸੁਚੇਤ ਤਿਆਗ ਕਰ ਨਵੀਂ ਕਾਵਿ-ਭਾਸ਼ਾ ਦੀ ਸਿਟਜਣਾ ਕਰਕੇ ਅਜੋਕੇ ਖਿੰਡਰ ਸੰਵਰ ਰਹੇ ਮਨੁੱਖ ਦੇ ਆਪੇ ਦਾ ਸੱਚ ਪੇਸ਼ ਕੀਤਾ ਹੈ।

ਡਾ. ਜਸਵੰਤ ਸਿੰਘ ਨੇਕੀ ਆਧੁਨਿਕ ਪੰਜਾਬੀ ਕਵਿਤਾ ਵਿਚ ਡੂੰਘੇ ਤਿੱਖੇ ਮਨੋਸੰਰਚਨਾਵੀਂ ਸਰੋਕਾਰਾਂ ਨੂੰ ਪ੍ਰਗੀਤਕ ਪਾਹ ਦੇ ਸੰਚਾਰਣ ਵਾਲਾ ਬੌਧਿਕ ਦਾਰਸ਼ਨਿਕ ਸ਼ਇਰ ਹੈ। ਇਸੇ ਪੜਾਅ ਵਿਚ ਇਕ ਹੋਰ ਸ਼ਇਰ ਸ਼ਿਵ ਕੁਮਾਰ ਬਟਾਲਵੀ ਹੈ, ਜੋ ਆਪਣੀ ਉੱਚਤਮ ਕਾਵਿਕ ਅਤੇ ਧੂਹ-ਪਾਊ ਉਦਾਸ ਤ੍ਰਾਸਦਿਕ ਸੰਵੇਦਨਾ ਸਦਕਾ ਅਮਰ ਸ਼ਾਇਰ ਹੈ।

**(ਅ) ਪ੍ਰਯੋਗਸ਼ੀਲ ਕਵਿਤਾ :** ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਆਸਪਾਸ ਪੰਜਾਬੀ ਕਵਿਤਾ ਦੇ ਖੇਤਰ ਵਿਚ ਤਿਖੇ ਸੰਵਾਦ ਉੱਭਰੇ। ਇਹਨਾਂ ਸੰਵਾਦਾਂ ਨੂੰ ਉਭਾਰਨ ਵਾਲਾ ਇਕ ਪ੍ਰਤਿਭਾ ਸੰਪੰਨ ਸ਼ਾਇਰ ਅਤੇ ਪ੍ਰਬੁੱਧ ਚਿੰਤਕ ਡਾ. ਜਸਬੀਰ ਸਿੰਘ ਆਹਲੂਵਾਲੀਆ ਸੀ। ਉਸ ਦੀ ਧਾਰਨਾ ਸੀ ਕਿ ਪ੍ਰਗਤੀਵਾਦੀ ਕਵਿਤਾ ਆਪਣੇ ਕ੍ਰਾਂਤੀਕਾਰੀ ਅਤੇ ਰੋਮਾਂਟਿਕ ਬਿਰਤੀਆਂ ਦੇ ਅਲੋਕਾਰੀ ਸਮਝੌਤੇ ਅਤੇ ਖ਼ਿਆਲੀ ਸਮੂਹਕ ਅਮੂਰਤੀਕਰਣ ਕਾਰਨ ਪ੍ਰਮਾਣਿਕਤਾ ਨੂੰ ਗੁਆ ਬੈਠੀ ਹੈ ਅਤੇ ਮਕਾਨਕੀ ਦੁਹਰਾਉ, ਵਿਸ਼ਿਆਂ ਦਾ ਅਨੁਕਰਣ, ਰੂੜੀਵਾਦੀ ਬਿੰਬ ਵਿਧਾਨ ਇਸ ਕਵਿਤਾ ਦੀ ਸੀਮਾ ਬਣ ਗਏ ਹਨ ਤੇ ਇਸਦੇ ਸਾਹਿਤਕ ਪ੍ਰਤਿਬਦਲ ਨਵੀਂ ਕਿਸਮ ਦੇ ਅਛੋਹ ਪਰ ਯਥਾਰਥਕ, ਪਰੰਪਰਕ ਰੂਪਾਂ ਤੋਂ ਮੁਕਤੀ, ਨਵੀਂ ਤੇ ਨਿੱਗਰ ਕਾਵਿ ਸ਼ੈਲੀ ਦੇ ਲਾਜ਼ਮੀ ਪ੍ਰਯੋਗ ਹਨ।

ਉਸਨੇ ਆਪਣੀ ਨਵੀਂ ਕਵਿਤਾ ਭਾਵ ਪ੍ਰਯੋਗਸ਼ੀਲ ਕਵਿਤਾ ਦਾ ਸਰੂਪ ਅਤੇ ਲਕਸ਼ ਨਿਰਧਾਰਤ ਕਰਨ ਲਈ ਅੰਗਰੇਜ਼ੀ ਅਤੇ ਪੰਜਾਬੀ ਵਿਚ ਆਲੋਚਨਾ ਪੁਸਤਕਾਂ ਰਚੀਆਂ। ਡਾ. ਜਸਬੀਰ ਸਿੰਘ ਆਹਲੂਵਾਲੀਆ ਪ੍ਰਯੋਗਸ਼ੀਲ ਕਾਵਿਧਾਰਾ ਦਾ ਪ੍ਰਮੁੱਖ ਸ਼ਾਇਰ ਹੈ। 'ਮੈਂ ਕਾਗਜ਼ ਦਾ ਰਾਵਣ', 'ਬਾਹਰੋਂ ਸਰਾਪੇ ਅੰਦਰੋਂ ਗਵਾਚੇ' ਅਜਿਹੇ ਯੁੱਗ ਦੇ ਪ੍ਰਤੀਨਿਧ ਕਾਵਿ ਚਿੰਨ੍ਹ ਹਨ। ਇਸ ਧਾਰਾ ਦੇ ਹੋਰ ਅਹਿਮ ਸ਼ਾਇਰ ਪ੍ਰੀਤਮ ਸਿੰਘ, ਭਗਵੰਤ ਸਿੰਘ ਤੇ ਅਜਾਇਬ ਕਮਲ ਹਨ।

**ਜੁਝਾਰਵਾਦੀ ਕਾਵਿ-ਧਾਰਾ**

ਸੱਤਵੇਂ ਦਹਾਕੇ ਦੇ ਪਿਛਲੇ ਅੱਧ ਦੇ ਨੇੜੇ ਜਿਹੜੇ ਨਵੇਂ ਕਾਵਿਕ ਰੁਝਾਨ ਪੈਦਾ ਹੋਏ, ਉਹਨਾਂ ਵਿਚ ਮੁੱਖ ਤੌਰ 'ਤੇ ਜੁਝਾਰ ਕਾਵਿ-ਧਾਰਾ ਇਕ ਸ਼ਕਤੀਸ਼ਾਲੀ ਲਹਿਰ ਵਜੋਂ ਉੱਭਰੀ। ਬੰਗਾਲ ਵਿਚ ਨਕਸਲਬਾੜੀ ਪਿੰਡ ਵਿਚ ਹਥਿਆਰਬੰਦ ਇਨਕਲਾਬ ਦਾ ਨਾਅਰਾ ਬੁਲੰਦ ਹੋਇਆ। ਪੰਜਾਬੀ ਜੁਝਾਰੂ ਕਾਵਿ ਧਾਰਾ ਦੇ ਸਮਰੱਥਵਾਨ ਸ਼ਾਇਰ ਜਗਤਾਰ ਹਨ, ਉਸ ਨੇ ਬੀਮਾਰ ਮੈਂਮੂਲਕ ਰਵੱਈਏ ਦਾ ਭਰਪੂਰ ਨਿਸ਼ੇਧ ਕਰਦਿਆਂ ਮਨੁੱਖੀ ਸਾਹਸ, ਸੂਰਮਗਤੀ ਅਤੇ ਉੱਚ ਸਿਰਜਣਾਸ਼ੀਲ ਗੁਣਾਂ ਨੂੰ ਸੁਹਜਮਈ ਬੋਲ ਪ੍ਰਦਾਨ ਕੀਤੇ।

ਪਾਸ਼ ਇਸੇ ਕਾਵਿ ਦਾ ਗੌਰਵ ਤੇ ਪਛਾਣ ਚਿੰਨ੍ਹ ਹੈ। ਉਸਦੀ ਕਵਿਤਾ ਕ੍ਰਾਂਤੀ ਦਾ ਮੈਟਾਫ਼ਰ ਬਣ ਗਈ। ਪੇਂਡੂ ਜੀਵਨ ਤੇ ਨੰਗੇ ਸੱਚ ਦਾ ਕ੍ਰਾਂਤੀਕਾਰੀ ਰੂਪਾਂਤਰਣ ਰਮਜ਼ ਭਰੇ ਗੜਕਵੇਂ ਪੇਂਡੂ ਮੁਹਾਵਰੇ ਵਿਚ ਕਰ ਸਕਣ ਦਾ ਕਮਾਲ ਉਸਨੂੰ ਹਾਸਲ ਹੈ। ਸੰਤ ਰਾਮ ਉਦਾਸੀ ਦਰਦ-ਵੇਦਨਾ ਤੇ ਕ੍ਰਾਂਤੀਕਾਰੀ ਤਾਂਘ ਦਾ ਸੁਮੇਲ ਕਰਨ ਵਾਲਾ ਪਿਆਰਾ ਸ਼ਾਇਰ ਹੈ। ਉਸ ਦੇ ਬੋਲਾਂ ਵਿਚ ਕਿਰਤੀ ਲੋਕਾਈ ਦੀ ਸੂਰਮਗਤੀ ਤੇ ਤ੍ਰਾਸਦੀ, ਮੁਸੀਬਤਾਂ ਤੇ ਜੇਰਾ, ਬੇਪਤੀਆਂ ਤੇ ਗੜਕਾਂ, ਅਨਿਆਂ ਤੇ ਮੁਕਤੀ ਦੀਆਂ ਤਾਘਾਂ ਦੇ ਧੂਹ ਪਾਉਂਦੇ ਅਹਿਸਾਸ ਗੁੰਨੇ ਹੋਏ ਹਨ। ਕ੍ਰਾਂਤੀ ਅਤੇ ਪ੍ਰਗੀਤਕਤਾ ਦਾ ਅਨੂਪਮ ਸੁਮੇਲ ਉਸਦੀ ਕਵਿਤਾ ਦਾ ਮੁੱਲਵਾਨ ਪਹਿਲੂ ਹੈ। ਹਰਭਜਨ ਹਰਵਾਲਵੀ ਜੁਝਾਰੂ ਕਾਵਿ ਧਾਰਾ ਦੇ ਤੂਫਾਨਾਂ ਵਿਚੋਂ ਸਾਲਮ-ਸਬੂਤਾ ਹੀ ਨਹੀਂ, ਹਰ ਪ੍ਰੌਢ ਅਤੇ ਵਿਸ਼ਾਲਤਾ ਗ੍ਰਹਿਣ ਕਰ ਨਿਕਲਣ ਵਾਲਾ ਸ਼ਾਇਰ ਹੈ। ਇਸ ਕਾਵਿ ਧਾਰਾ ਦੇ ਹੋਰ ਮਹੱਤਵਪੂਰਨ ਸ਼ਾਇਰ ਲਾਲ ਸਿੰਘ ਦਿਲ, ਅਮਰਜੀਤ ਚੰਦਨ, ਦਰਸ਼ਨ ਖਟਕੜ, ਲੋਕ ਨਾਥ ਅਤੇ ਇਕ ਪ੍ਰਸੰਗ ਵਿਚ ਸੁਰਜੀਤ ਪਾਤਰ ਹਨ।

**ਚੌਥਾ ਪੜਾਅ :** ਨੌਵੇਂ ਦਹਾਕੇ ਦੇ ਨੇੜ-ਤੇੜ ਪੰਜਾਬੀ ਸ਼ਾਇਰਾਂ ਦੇ ਨਵੇਂ ਪੋਚ ਨੇ ਸਰਗਰਮੀ ਨਾਲ ਕਾਵਿ ਖੇਤਰ ਵਿਚ ਪ੍ਰਵੇਸ਼ ਕੀਤਾ। ਇਸ ਦੌਰ ਦੇ ਸ਼ਾਇਰ ਆਧੁਨਿਕ ਯੁੱਗ ਸੰਵੇਦਨਾ ਦੇ ਉਸ ਬਹੁ-ਪਰਤੀ ਤੇ ਬਹੁਦਿਸ਼ਾਵੀ ਯਥਾਰਥ ਨਾਲ ਦਸਤਪੰਜਾ ਲੈ ਰਹੇ ਹਨ, ਜੋ ਨਾ ਸਰਲ ਹੈ ਨਾ ਸਪਾਟ, ਨਾ ਨਿਰੋਲ ਬਾਹਰਵਰਤੀ ਹੈ, ਨਾ ਨਿਰੋਲ ਅੰਤਰਮੁਖੀ। ਇਸ ਵਿਚ ਮੈਂ ਦੀ ਕੇਂਦਰੀ ਸਤਾ ਹੈ। ਮੈਂ ਤੋਂ ਭਾਵ ਕੇਵਲ ਨਿੱਜਭਾਵੀ ਸਰੋਕਾਰਾਂ ਤੋਂ ਨਹੀਂ, ਸਗੋਂ ਮੈਂ ਇਕ ਕਲਾਤਮਕ ਪ੍ਰਤਖਣੀ ਸ੍ਰੋਤ ਹੈ, ਜੋ ਆਪਣੀ ਪ੍ਰਮਾਣਿਕ ਸੋਝੀ ਰਾਹੀਂ ਹਰੇਕ ਵਸਤ, ਵਰਤਾਰੇ ਤੇ ਵਿਚਾਰ ਨੂੰ ਪ੍ਰਵਾਨਦਾ ਜਾਂ ਰੱਦ ਕਰਦਾ ਹੈ।

ਮੈਂ ਦੀ ਸੰਚਾਰ ਜੁਗਤ ਦੇ ਬਾਵਜੂਦ ਇਹ ਕਾਵਿ ਹਉਮੈਂਵਾਦੀ ਨਾ ਹੋ ਕੇ ਅਸਲ ਮਾਨਵੀ ਆਪੇ ਦਾ ਸਵੈ ਨਾਲ ਜਾਂ ਬਾਹਰਮੁਖੀ ਯਥਾਰਥ ਨਾਲ ਬੇ-ਲਿਹਾਜ਼ਾ ਸਵੈ ਤਕਰਾਰ ਸਿਰਜ ਰਿਹਾ ਹੈ। ਇਸ ਵਿਚ ਸਵੈ-ਸੰਵਾਦ ਹੈ, ਸਵੈ-ਸੰਤਾਪ ਹੈ, ਸਵੈ-ਕਟਾਖਸ਼ ਹੈ ਅਤੇ ਸਵੈ ਪ੍ਰਕਾਸ਼ ਹੈ। ਸਵੈ-ਕਟਾਖ਼ਸ਼ ਜਸਵੰਤ ਦੀਦ ਦੀ ਮੁਖ ਸੁਰ ਹੈ ਤੇ ਸਵੈ ਪ੍ਰਕਾਸ਼ ਦੀ ਆਭਾ, ਅੰਬਰੀਸ਼ ਦੀ ਸ਼ਾਇਰੀ ਦਾ ਪ੍ਰਾਣਵੰਤ ਪਹਿਲੂ ਹੈ। ਮਨਜੀਤ ਟਿਵਾਣਾ 'ਖ਼ੁਦਦਾਰ' ਔਰਤ ਦੀ ਵੰਗਾਰ ਦੇ ਬੋਲ ਉਚਾਰਦੀ ਹੈ। ਤਨਵੀਂ ਸ਼ਾਇਰੀ ਦਾ ਇਕ ਨਿਵੇਕਲਾਪਣ ਇਹ ਵੀ ਹੈ ਕਿ ਇਸ ਨੇ ਨੈਤਿਕ ਵਿਧਾਨਵਾਦੀ ਦ੍ਰਿਸ਼ਟੀ ਤੋਂ ਵਰਜਿਤ ਕੀਤੇ ਜਾਂਦੇ ਇਨਸਾਨੀ ਜ਼ਿੰਦਗੀ ਦੇ ਕਈ ਅਛੋਹ ਅਨੁਭਵਾਂ ਅਹਿਸਾਸਾਂ ਨੂੰ ਕਾਵਿਕ ਬੋਲ ਪ੍ਰਦਾਨ ਕੀਤੇ ਹਨ ਜਿਸ ਕਰਕੇ ਪਜਾਬੀ ਸ਼ਾਇਰੀ ਦੇ ਸੰਵੇਦਨਾਗਤ ਦਿਸਹੱਦੇ ਵਿਸ਼ਾਲ ਹੋਏ ਹਨ।

ਨਵੀਂ ਸ਼ਾਇਰੀ ਵਿਚ ਉਪਭਾਵਕ ਵੈਣਿਕਤਾ ਦੇ ਰੁਝਾਨ ਦਾ ਇਕ ਪੇਤਲਾ ਪ੍ਰਤਿਕਰਮ ਇਹ ਹੋਇਆ ਕਿ ਨਵੀਂ ਸ਼ਾਇਰੀ ਵਿਚ ਸਰੋਦੀ ਕਾਵਿ ਨੂੰ ਤਿਲਾਂਜਲੀ ਦੇ ਕੇ ਬਿੰਬਮਈ ਵਾਰਤਕ ਨੂੰ ਕਵਿਤਾ ਮੰਨਣਾ/ਮੰਨਾਉਦਾ ਸ਼ੁਰੂ ਹੋ ਗਿਆ ਹੈ। ਸੁਰ-ਤਾਲ ਤੇ

ਰਿਦਮ ਦੇ ਪ੍ਰਤਿਬਦਲ ਵਜੋਂ ਮਹਿਜ਼ ਟੁੱਟਵੇਂ ਸ਼ਬਦਾਂ, ਅਧੂਰੇ ਵਾਕਾਂ ਤੇ ਬਿੰਬਾਂ ਦੀਆਂ ਲਗਾਤਾਰ ਲੜੀਆਂ ਘੜਨ ਨੂੰ ਦਿੱਤੀ ਜਾਣ ਲੱਗ ਪਈ ਹੈ। ਇਸ ਨਵੀਂ ਕਵਿਤਾ ਦੀ ਸ਼ੈਲੀਗਤ ਵੱਖਰਤਾ ਪ੍ਰਸ਼ਨੋਤਰੀ ਸ਼ੈਲੀ, ਸ਼ੰਕਾਮਈ ਅੰਦਾਜ਼, ਸਪਸ਼ਟੀਕਰਣ, ਇਕਬਾਲੀਆ ਸੁਰ ਤੇ ਮਨੋਵਿਸ਼ਲੇਸ਼ਸ਼ਣੀ ਜੁਗਤਾਂ ਦੀ ਬਹੁਤਾਤ ਵਿਚ ਨਿਹਤ ਹੈ। ਸਵੈ ਦੇ ਕੇਂਦਰੀ ਸਰੋਕਾਰ ਅਤੇ ਮੁੱਖ ਸੰਬੋਧਨੀ-ਸੰਚਾਰ ਜੁਗਤ ਬਣ ਜਾਣ ਕਰਕੇ ਨਵੀਂ ਪੰਜਾਬੀ ਕਵਿਤਾ ਮਨੋਵਿਸ਼ਲੇਸ਼ਣੀ ਸ਼ੈਲੀ ਦੀ ਧਾਰਨੀ ਹੋ ਗਈ ਹੈ। ਆਧੁਨਿਕ ਕਾਲ ਦੀ ਪੰਜਾਬੀ ਕਵਿਤਾ ਨਵੇਂ ਯੁੱਗ ਦੀਆਂ ਵੰਗਾਰਾਂ, ਦੁਸ਼ਵਾਰੀਆਂ, ਝਮੇਲਿਆਂ, ਸਿਰਜਣਸ਼ੀਲਤਾ, ਮਨੁੱਖੀ ਗੌਰਵ ਅਤੇ ਸੰਤਾਪ ਦੇ ਜਟਿਲ ਮਸਲਿਆਂ ਨੂੰ ਚਿਤਰਨ ਵੱਲ ਅਗਰਸ਼ੀਲ ਹੈ।

**ਪੰਜਾਬ ਸੰਕਟ ਨਾਲ ਸੰਬੰਧਿਤ ਪੰਜਾਬੀ ਕਵਿਤਾ ਦੀਆਂ ਪੁਸਤਕਾਂ**

ਪਹੁੰਚੇ ਹਾਂ ਕਿਸ ਮੁਕਾਮ ਤੇ (ਸੰਪਾ. ਗੁਰਸ਼ਰਨ ਤੇ ਪਰਮਿੰਦਰਜੀਤ)
ਕਵਿਤਾ ਪੰਜਾਬ (ਸੰਪਾ. ਪ੍ਰਮਿੰਦਰਜੀਤ)
3) ਅੱਗ ਦਾ ਬੂਟਾ (ਹਰਭਜਨ ਸਿੰਘ ਹੁੰਦਲ)
4) ਪੰਜਾਬ ਬੋਲਦਾ ਹੈ (ਸੰਪਾ. ਪ੍ਰੀਤਮ ਸਿੰਘ ਰਾਹੀ)
5) ਮਿੱਟੀ ਦਾ ਰੁਦਨ (ਮਨਮੋਹਨ ਦਾਊ)
6) ਜੰਗਲ ਦੇ ਵਿਰੁੱਧ (ਸੰਪਾ. ਸਾਧੂ ਤੇ ਸੁਖਪਾਲ)
7) ਧੁੱਖਦਾ ਸ਼ਹਿਰ (ਰਾਜਬੀਰ)
8) ਸੱਚ ਦੀ ਬਾਣੀ (ਮੇਜਰ ਪਿਆਰਾ ਸਿੰਘ)
9) ਧੌਲ ਧਰਮ ਦਇਆ ਕਾ ਪੂਤ (ਰਮੇਸ਼ ਕੁਮਾਰ)
10) ਪਾਗਲ ਘੋੜਿਆਂ ਦੇ ਸੁੰਮਾਂ ਹੇਠ (ਬਲਬੀਰ ਆਤਿਸ਼)
11) ਕਾਲੇ ਸਮਿਆਂ ਦੇ ਨਾਲ ਨਾਲ (ਹਮਦਰਦ ਵੀਰ ਨੌਸ਼ਹਿਰਵੀ)
12) ਰੋਹ ਵਿਦਰੋਹ (ਦਿਲਜੀਤ ਪਾਲ)
13) ਦਰਦ ਪਿਆਦੇ ਹੋਣ ਦਾ (ਸਵਰਨਜੀਤ ਸਵੀ)
14) ਸਮਕਾਲ (ਧਰਮ ਕੰਮੇਆਣਾ)
15) ਸਿਰਨਾਵਾਂ ਪੰਜ-ਆਬ (ਸੰਪਾਦਕ : ਬਚਨਜੀਤ)
16) ਸ਼ੁਭ ਚਿੰਤਕ (ਅਜਮੇਰ ਰੋਡੇ)
17) ਬੋਲ ਮਿੱਟੀ ਦਿਆ ਬਾਵਿਆ (ਗੁਰਭਜਨ ਗਿੱਲ)
18) ਮਾਟੀ ਰੁਦਨ ਕਰੇਂਦੀ ਯਾਰ (ਅਨੂਪ ਵਿਰਕ)
19) ਸਮੇਂ ਦਾ ਸੱਚ (ਆਰਥਰ ਵਿਕਟਰ)
20) ਗੱਲ ਜਦੋਂ ਤੁਰੀ (ਅਜਾਇਬ ਸਿੰਘ ਹੰਦਲ)
21) ਗੰਢਾਂ (ਰਵਿੰਦਰ ਰਵੀ)
22) ਤਿਤਲੀ ਅਤੇ ਕਾਲੀ ਹਵਾ (ਵਿਸ਼ਾਲ)
23) ਚੰਦਰ ਹਨੇਰੇ (ਮਨਜੀਤ ਇੰਦਰਾ)

24) ਪਿਘਲੇ ਹੋਏ ਪਲ (ਹਰਭਜਨ ਹਲਵਾਰਵੀ)
25) ਜੁਗਨੂੰ, ਦੀਵਾ ਤੇ ਦਰਿਆ (ਜਗਤਾਰ)
26) ਆਉਂਦੇ ਦਿਨੀਂ (ਸੁਰਜੀਤ ਜੱਜ)
27) ਉਣੀਂਦਾ ਵਰਤਮਾਨ (ਮਨਜੀਤ ਟਿਵਾਣਾ)
28) 23 ਮਾਰਚ (ਸਵਰਾਜਬੀਰ)
29) ਪ੍ਰਸ਼ਨ ਤੇ ਪਰਵਾਜ਼ (ਦੇਵ)
30) ਹਨ੍ਹੇਰੇ ਵਿਚ ਸੁਲਘਦੀ ਵਰਣਮਾਲਾ (ਸੁਰਜੀਤ ਪਾਤਰ)
31) ਬਿਰਖ ਅਰਜ਼ ਕਰੇ (ਸੁਰਜੀਤ ਪਾਤਰ)
32) ਕਵਿਤਾ ਦੀ ਜਲਾਵਤਨੀ (ਸਤਿੰਦਰ ਸਿੰਘ ਨੂਰ)
33) ਹੁਣ ਉਹ ਵਕਤ ਨਹੀਂ ਰਹੇ (ਜੋਗਾ ਸਿੰਘ)
34) ਝਨਾਂ ਦੀ ਰਾਤ (ਹਰਿੰਦਰ ਮਹਿਬੂਬ)
35) ਨਦੀ, ਪੌਣ, ਖ਼ੁਸ਼ਬੋ (ਰਵਿੰਦਰ)

# ਪ੍ਰਮੁੱਖ ਕਵੀ

## ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਵੀਹਵੀਂ ਸਦੀ ਦਾ ਸਭ ਤੋਂ ਉੱਘਾ ਤੇ ਮਹਾਨ ਪੰਜਾਬੀ ਸਾਹਿੱਤਕਾਰ ਹੈ। ਉਸ ਨੇ ਆਪਣੀ ਆਯੂ ਦਾ ਵਿਸ਼ੇਸ਼ ਭਾਗ ਪੰਜਾਬੀ ਬੋਲੀ ਤੇ ਸਾਹਿੱਤ ਦੀ ਅਣਥੱਕ ਸੇਵਾ ਕਰਨ ਵਿਚ ਬਤੀਤ ਕੀਤਾ। ਇਸ ਅਦੁੱਤੀ ਸੇਵਾ ਪ੍ਰਸੰਸਾ ਵਜੋਂ 1950 ਈ. ਵਿਚ ਪੰਜਾਬ ਯੂਨੀਵਰਸਿਟੀ ਨੇ ਉਸ ਨੂੰ ਡੀ.ਓ.ਐਲ. ਦੀ ਆਨਰੇਰੀ ਡਿਗਰੀ ਦੇ ਕੇ ਸਤਿਕਾਰਿਆ।

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਵਿਚ ਅੰਮ੍ਰਿਤਸਰ ਵਿਚ ਹੋਇਆ। ਉਸ ਦਾ ਪਿਤਾ ਡਾਕਟਰ ਚਰਨ ਸਿੰਘ ਬ੍ਰਿਜ ਭਾਸ਼ਾ ਦਾ ਚੰਗਾ ਕਵੀ ਸੀ ਅਤੇ ਪੰਜਾਬੀ ਵਿਚ ਵੀ ਉਸ ਨੇ ਕਈ ਪੁਸਤਕਾਂ ਤੇ ਟਰੈਕਟ ਲਿਖੇ, ਜਿੰਨ੍ਹਾਂ ਵਿਚੋਂ 'ਜੰਗ ਮੜ੍ਹੋਲੀ', 'ਹੀਰ ਭਾਈ ਗੁਰਦਾਸ', ਅਤੇ 'ਸ਼ਰਾਬ ਕੌਰ' ਪ੍ਰਸਿੱਧ ਹਨ। ਭਾਈ ਵੀਰ ਸਿੰਘ ਨੇ 'ਸ਼ੰਕੁਤਲਾ' ਦਾ ਵੀ ਪੰਜਾਬੀ ਅਨੁਵਾਦ ਕੀਤਾ ਹੈ। ਸੰਨ 1892 ਵਿਚ ਸ. ਵਜ਼ੀਰ ਸਿੰਘ ਨਾਲ ਰਲ ਕੇ 'ਵਜ਼ੀਰ ਹਿੰਦ ਪ੍ਰੈਸ' ਖੋਲਿਆ ਜੋ ਪੰਜਾਬੀ ਦਾ ਅੰਮ੍ਰਿਤਸਰ ਵਿਚ ਸਭ ਤੋਂ ਪੁਰਾਣਾ ਤੇ ਪ੍ਰਸਿੱਧ ਛਾਪਾਖਾਨਾ ਹੈ। 1899 ਵਿਚ ਭਾਈ ਸਾਹਿਬ ਨੇ ਪੰਜਾਬੀ ਦਾ ਮਸ਼ਹੂਰ ਸਪਤਾਹਕ ਅਖ਼ਬਾਰ 'ਖਾਲਸਾ ਸਮਾਚਾਰ' ਜਾਰੀ ਕੀਤਾ ਜੋ ਹੁਣ ਤਕ ਪੰਜਾਬੀ ਦੇ ਬਹੁਤ ਸਫ਼ਲ ਪੱਤਰਾਂ ਵਿਚੋਂ ਗਿਣਿਆ ਜਾਂਦਾ ਹੈ। ਭਾਈ ਸਾਹਿਬ ਦੀ ਸਾਹਿਤ ਰਚਨਾ ਨੂੰ ਜੀਵਨ ਸਮੇਂ ਦੇ ਕ੍ਰਮ ਅਨੁਸਾਰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

ਪਹਿਲਾ ਸਮਾਂ (1898 ਤੋਂ 1902)
ਦੂਜਾ ਸਮਾਂ (1902 ਤੋਂ 1927)
ਤੀਜਾ ਸਮਾਂ (1927 ਤੋਂ ਬਾਅਦ)

ਦੂਜਾ ਸਮਾਂ (1902 ਤੋਂ 1927) ਮਹਾਨ ਕਵਿਤਾ ਦੀ ਉਪਜ ਦਾ ਸਮਾਂ ਹੈ। ਭਾਈ ਸਾਹਿਬ ਦੇ ਸਾਹਿਤਕ ਕਮਾਲ ਦੀ ਸਿਖ਼ਰ ਇਸੇ ਸਮੇਂ ਦੀ ਕਵਿਤਾ ਵਿਚ ਪ੍ਰਗਟ ਹੋਈ। ਇਹ ਸਮਾਂ 'ਰਾਣਾ ਸੂਰਤ ਸਿੰਘ' (1902-04) ਤੋਂ ਆਰੰਭ ਹੁੰਦਾ ਹੈ। ਇਹ ਲੰਮੀ ਕਵਿਤਾ ਪੰਜਾਬੀ ਦਾ ਸਭ ਤੋਂ ਪਹਿਲਾ ਤੇ ਚੰਗਾ ਮਹਾਂਕਾਵਿ ਹੈ। ਇਸ ਨੂੰ ਭਾਈ ਸਾਹਿਬ ਦਾ ਸ਼ਾਹਕਾਰ ਕਹਿ ਸਕਦੇ ਹਾਂ। ਇਸ ਦਾ ਵਿਸ਼ਾਨਿਰੋਲ ਅਧਿਆਤਮਕ ਤੁਲ ਹੈ। ਇਸ ਕਾਲ ਵਿਚ ਛੋਟੀਆਂ ਕਵਿਤਾਵਾਂ ਦਾ ਸਮਾਂ ਆਉਂਦਾ ਹੈ। ਰਾਣਾ ਸੂਰਤ ਸਿੰਘ (1905 ਈ.) ਦਿਲ ਤਰੰਗ, ਲਹਿਰਾਂ ਦੇ ਹਾਰ (1921), ਮਟਕ ਹੁਲਾਰੇ (1925), ਤਰੇਲ ਤੁਪਕੇ, ਕੰਬਦੀ ਕਲਾਈ, ਬਿਜਲੀਆਂ ਦੇ ਹਾਰ (1927), ਪ੍ਰੀਤ ਵੀਣਾ, ਕੰਤ ਸਹੇਲੀ, ਮੇਰੇ ਸਾਈਆਂ ਜੀਓ (1953)। ਇਨ੍ਹਾਂ ਕਵਿਤਾਵਾਂ ਵਿਚ ਵਲਵਲੇ ਦਾ ਬਹੁਤ ਜ਼ੋਰ ਹੈ ਜਿਥੇ 'ਲਹਿਰਾਂ ਦੇ ਹਾਰ' ਤੇ 'ਬਿਜਲੀਆਂ ਦੇ ਹਾਰ' ਪੁਸਤਕਾਂ ਵਿਚ ਅਧਿਆਤਮਕ

ਮਨੋਭਾਵਾਂ ਨੂੰ ਛੋਟੀਆਂ ਕਵਿਤਾਵਾਂ ਅਤੇ ਖਾਸ ਕਰਕੇ ਰੁਬਾਈਆਂ ਵਿਚ ਬੰਨ੍ਹਿਆਂ ਹੈ ਤੇ ਨਾਲ ਹੀ ਧਾਰਮਕ ਫ਼ਲਸਫ਼ੇ ਨੂੰ ਵਿਦਵਤਾ-ਭਰੇ ਢੰਗ ਨਾਲ ਕਵਿਤਾ ਰਾਹੀਂ ਖੋਲ੍ਹਿਆ ਹੈ, ਉਥੇ 'ਮਟਕ ਹੁਲਾਰੇ' ਵਿਚ ਕੁਦਰਤ ਦੀ ਦੈਵੀ ਸੁੰਦਰਤਾ ਦਾ ਕਸ਼ਮੀਰ ਦੇ ਰਮਣੀਕ ਨਜ਼ਾਰਿਆਂ ਵਿਚ ਇਕ ਅਲੌਕਿਕ ਜਲਵਾ ਦੇਖ ਕੇ, ਉਸ ਵਿਚ ਕਾਦਰ ਦੀ ਹਸਤੀ ਨੂੰ ਅਨੁਭਵ ਕਰਕੇ ਅਧਿਆਤਮਕ ਭਾਵਾਂ ਵਾਲੀ ਕਵਿਤਾ ਰਚੀ ਹੈ।

ਤੀਜਾ ਸਮਾਂ 1927 ਤੋਂ ਬਾਅਦ ਦਾ ਹੈ। ਜਿਸ ਵਿਚ ਵੀਣਾ (1929) ਕੰਬਦੀ ਕਲਾਈ (1933) ਅਤੇ ਹੋਰ ਵਿਕੋਲਿਤਰੀਆਂ ਕਵਿਤਾਵਾਂ ਹਨ। ਭਾਈ ਸਾਹਿਬ ਨੇ ਆਪ ਹੀ ਆਪਣੀ ਕਵਿਤਾ ਦਾ ਇਕ ਅਦੁੱਤੀ ਸੰਗ੍ਰਹਿ 'ਲਹਿਰ ਹੁਲਾਰੇ' (1948) ਨਾਮ ਦਾ ਛਾਪਿਆ, ਜਿਸ ਵਿਚ ਲਹਿਰਾਂ ਦੇ ਹਾਰ, ਬਿਜਲੀਆਂ ਦੇ ਹਾਰ ਅਤੇ ਮਟਕ ਹੁਲਾਰੇ ਵਿਚੋਂ ਕੁਝ ਛੋਟੀਆਂ ਕਵਿਤਾਵਾਂ ਤੇ ਕੁਝ ਲੰਮੀਆਂ ਕਵਿਤਾਵਾਂ ਲੈ ਕੇ ਇਕੱਠੀਆਂ ਕੀਤੀਆਂ। ਕਈ ਸਾਲ ਭਾਈ ਸਾਹਿਬ ਨੇ 'ਗੁਰ ਪ੍ਰਤਾਪ ਸੂਰਜ ਗ੍ਰੰਥ' (ਸੂਰਜ ਪ੍ਰਕਾਸ਼) ਦੀ ਇਤਿਹਾਸਕ ਤੇ ਧਾਰਮਿਕ ਆਸ਼ੇ ਤੋਂ ਖੋਜ ਪੜਤਾਲ ਕਰਨ ਵਿਚ ਬਿਤਾਏ। ਭਾਈ ਸੰਤੋਖ ਸਿੰਘ ਜੀ ਦੇ ਇਸ ਮਹਾਨ ਗ੍ਰੰਥ ਦੀ ਸਥਾਪਨਾ ਭਾਈ ਸਾਹਿਬ ਨੇ ਬੜੀ ਮਿਹਨਤ ਨਾਲ ਸੰਪੂਰਨ ਕਰਕੇ ਛਾਪੀ। ਅੰਤਲਾ ਕਾਵਿ-ਸੰਗ੍ਰਹਿ 'ਮੇਰੇ ਸਾਈਆਂ ਜੀਓ' (1953) ਰਹੱਸਵਾਦੀ ਆਸ਼ੇ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਕੇਂਦਰੀ ਸਰਕਾਰ ਦੀ ਸਾਹਿਤ ਅਕਾਦਮੀ ਨੇ ਇਸ ਮਹਾਨ ਕਾਵਿ-ਰਚਨਾ ਨੂੰ ਸਭ ਤੋਂ ਮਹਾਨ ਪੰਜਾਬੀ ਰਚਨਾ ਵਜੋਂ ਪੰਜ ਹਜ਼ਾਰ ਰੁਪਏ ਦਾ ਇਨਾਮ ਦਿੱਤਾ।

### ਕਵਿਤਾ ਦੇ ਗੁਣ

ਭਾਈ ਵੀਰ ਸਿੰਘ ਵੀਹਵੀਂ ਸਦੀ ਦਾ ਸ਼ਰੋਮਣੀ ਕਵੀ ਮੰਨਿਆਂ ਜਾਂਦਾ ਹੈ। ਅੰਗਰੇਜ਼ੀ ਕਵੀ ਸਪੈਂਸਰ ਵਾਂਗ ਜੇ ਉਸ ਨੂੰ ਕਵੀਆਂ ਦਾ ਕਵੀ ਆਖੀਏ ਤਾਂ ਠੀਕ ਹੋਵੇਗਾ। ਉਹ ਪੰਜਾਬੀ ਸਾਹਿਤ ਦੇ ਵੱਡੇ ਕਵੀਆਂ ਦੀ ਸੂਚੀ ਵਿਚ ਸ਼ਾਮਲ ਹੁੰਦਾ ਹੈ, ਭਾਈ ਗੁਰਦਾਸ, ਬੁੱਲ੍ਹੇਸ਼ਾਹ, ਵਾਰਿਸ ਸ਼ਾਹ, ਹਾਸ਼ਮ ਆਦਿ ਨਾਲ। ਆਧੁਨਿਕ ਪੰਜਾਬੀ ਸਾਹਿਤ ਦੇ ਹਰ ਇਕ ਅੰਗ ਉੱਤੇ ਉਸ ਦਾ ਪ੍ਰਭਾਵ ਪ੍ਰਤੱਖ ਪਿਆ ਹੈ, ਕਵਿਤਾ, ਲੇਖ, ਵਾਰਤਕ, ਨਾਵਲ, ਨਾਟਕ ਆਦਿ ਸਭ ਤੇ। ਇਸ ਤੋਂ ਛੁੱਟ ਨਾ ਕੇਵਲ ਪੰਜਾਬੀ ਦੇ ਕੁਝ ਮੁਖੀ ਕਵੀਆਂ ਧਨੀ ਰਾਮ ਚਾਤ੍ਰਿਕ, ਪੂਰਨ ਸਿੰਘ, ਮੋਹਨ ਸਿੰਘ ਆਦਿ ਨੇ ਉਸ ਦਾ ਡੂੰਘਾ ਅਸਰ ਕਬੂਲਿਆ, ਸਗੋਂ ਕੋਈ ਵੀ ਸਮਕਾਲੀ ਕਵੀ ਕਿਸੇ ਨਾ ਕਿਸੇ ਰੂਪ ਵਿਚ, ਸਿੱਧੇ ਤੌਰ 'ਤੇ ਜਾਂ ਕਿਸੇ ਵਾਸਤੇ ਨਾਲ, ਇਸ ਸਾਹਿਤਕ ਪਾਰਸ ਦੀ ਛੋਹ ਤੋਂ ਬਚ ਨਹੀਂ ਸਕਿਆ। ਪੂਰਨ ਸਿੰਘ ਨੇ ਕੁਝ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਅਤਿ ਸੁੰਦਰ ਤਰਜਮਾ 'ਨਰਗਸ' ਨਾਮ ਦੀ ਪੁਸਤਕ ਵਿਚ ਛਾਪਿਆ। ਭਾਈ ਸਾਹਿਬ ਦੀ ਕਵਿਤਾ ਦੇ ਵਿਸ਼ੇਸ਼ ਗੁਣ ਇਹ ਹਨ : ਕੁਦਰਤ ਦਾ ਪਿਆਰ, ਵਲਵਲਾ, ਦੇਸ਼ ਪਿਆਰ, ਰਹੱਸਵਾਦ, ਧਾਰਮਕ ਮਨੋਭਾਵ, ਗੁਰਮਤਿ ਫ਼ਿਲਾਸਫ਼ੀ ਅਤੇ ਬੋਲੀ ਸੰਗੀਤ ਤੇ ਮਿਠਾਸ।

ਭਾਈ ਸਾਹਿਬ ਦੀ ਕਵਿਤਾ ਉਸ ਦੇ ਅਧਿਆਤਮਕ ਅਨੁਭਵ ਦਾ ਸਿੱਟਾ ਹੋਣ ਕਰਕੇ ਆਪਣੇ ਆਪ ਵਿਚ ਇਕ ਆਪ ਮੁਹਾਰਾ ਵੇਗ ਜਾਂ ਆਵੇਸ਼ ਰੱਖਦੀ ਹੈ। ਇਸ

ਵਿਚ ਰਹੱਸਵਾਦੀ ਤੇ ਫ਼ਲਸਫ਼ੀਆਨਾ ਖ਼ਿਆਲ ਵੀ ਰੂਹ ਦਾ ਵਲਵਲਾ ਅਤੇ ਧਾਰਮਿਕ ਜਜ਼ਬਾ ਹੋ ਨਿਬੜਦੇ ਹਨ। ਉਹ ਵਲਵਲੇ ਦਾ ਕਵੀ ਹੈ, ਉਸ ਦੀ ਬੁੱਧੀ, ਸਹਿਜ ਅਨੁਭਵ ਦੀ ਪ੍ਰਧਾਨਤਾ ਨੂੰ ਕਵਿਤਾ ਵਿਚ ਵੀ ਸਵੀਕਾਰ ਕਰਦੀ ਹੈ। ਉਹ ਆਪ ਕਹਿੰਦਾ ਹੈ :

ਬੈਠ ਵੇ ਗਿਆਨੀ, ਬੁਧੀ ਮੰਡਲੇ ਦੀ ਕੈਦ ਵਿਚ।
ਵਲਵਲੇ ਦੇ ਦੇਸ, ਸਾਡੀਆਂ ਲਗ ਗਈਆਂ ਯਾਰੀਆਂ।

ਉਸ ਦਾ ਵਲਵਲਾ ਕਈ ਵਾਰੀ ਇੰਨਾ ਸੂਖ਼ਮ ਤੇ ਅਕਹਿ ਹੋ ਜਾਂਦਾ ਹੈ ਕਿ ਬੋਲੀ ਤੇ ਸ਼ਬਦਾਂ ਦੀ ਕੈਦ ਵੀ ਸਹਾਰ ਨਹੀਂ ਹੋ ਸਕਦਾ। ਅਜਿਹੇ ਕੋਮਲ ਵਲਵਲੇ ਨੂੰ ਆਪਣੀ ਅਦੁੱਤੀ ਹੁਨਰਕ ਸੂਝ ਨਾਲ ਇਕ ਦੋ ਤੁਕਾਂ ਵਿਚ ਹੀ ਪ੍ਰਗਟ ਕਰ ਦੇਂਦਾ ਹੈ, ਜਿਵੇਂ 'ਵਿਛੜੀ ਰੂਹ' ਅਤੇ ਵਿਛੜੀ ਕੂੰਜ' ਵਿਚ।

ਭਾਈ ਸਾਹਿਬ ਦਾ ਕੁਦਰਤ ਪਿਆਰ 'ਮਟਕ-ਹੁਲਾਰੇ' ਪੁਸਤਕ ਵਾਲੀਆਂ ਕਸ਼ਮੀਰ ਸੰਬੰਧੀ ਕਵਿਤਾਵਾਂ 'ਚੋਂ ਸਪਸ਼ਟ ਹੁੰਦਾ ਹੈ। ਕਵੀ ਨੂੰ ਕੁਦਰਤ ਦੀ ਸੁੰਦਰਤਾ ਵਿਚ ਕੁਦਰਤ ਦੇ ਰਚਨਹਾਰ ਦੀ ਹੋਂਦ ਪ੍ਰਤੱਖ ਦਿਸਦੀ ਹੈ। ਉਹ ਵਰਡਜ਼ਵਰਥ ਵਾਂਗ ਕੁਦਰਤ ਵਿਚ ਇਕ ਸੁਖਦਾਈ ਭੇਦ ਤੇ ਕਰਾਮਾਤ ਲੱਭਦਾ ਹੈ।

ਕਵੀ ਦਾ ਦੇਸ਼ ਪਿਆਰ ਕਵਿਤਾਵਾਂ 'ਗੰਗਾ ਰਾਮ', 'ਕੁਤਬ ਦੀ ਲਾਠ', 'ਅਟਕ', 'ਅਵਾਂਤੀ ਪੁਰ ਦੇ ਖੰਡਰ', 'ਕੰਬਦੇ ਪੱਥਰ' ਆਦਿ ਵਿਚੋਂ ਪ੍ਰਗਟ ਹੁੰਦਾ ਹੈ। ਕਵੀ ਆਪਣੀ ਕਵਿਤਾ ਰਾਹੀਂ ਆਪਣੇ ਦੇਸ਼ ਤੇ ਭਾਈਚਾਰੇ ਦੀ ਅਗਵਾਈ ਕਰਦੇ ਹਨ। ਭਾਈ ਵੀਰ ਸਿੰਘ ਵੀ ਆਪਣੇ ਦੇਸ਼ ਵਾਸੀਆਂ ਦੀ ਦਾਸਤਾਂ ਤੇ ਪ੍ਰਾਧੀਨਤਾ ਦੇਖ ਕੇ ਬਿਹਬਲ ਹੋ ਉਠਦਾ ਹੈ। ਉਹ ਦੇਸ਼ ਤੇ ਕੌਮ ਦਾ ਸੱਚਾ ਹਿਤੈਸ਼ੀ ਹੈ। ਭਾਈ ਜੀ ਦਾ ਧਾਰਮਿਕ ਰਹੱਸਵਾਦ ਜਾਂ ਸਿੱਖ ਰਹੱਸਵਾਦ ਉਸ ਦੀ ਰੂਹ ਹੈ। ਇਹ ਉਸ ਦੀ ਜੀਵਨ ਫ਼ਿਲਾਸਫ਼ੀ ਹੈ, ਜੋ ਕਵਿਤਾ ਰਾਹੀਂ ਨਿਰੂਪਣ ਹੋਈ ਹੈ। ਭਾਈ ਸਾਹਿਬ ਦਾ ਰਹੱਸਵਾਦ ਸੂਫ਼ੀ ਰਹੱਸਵਾਦ ਤੋਂ ਭਿੰਨ ਹੈ। ਉਸ ਦਾ ਰਹੱਸਵਾਦ ਇਕ ਵੱਖਰਾ ਤੇ ਸੰਪੂਰਨ ਰਹੱਸਵਾਦ ਹੈ। ਉਸ ਦਾ ਮੂਲ ਜਾਂ ਸਾਰ 'ਖੇੜਾ' ਹੈ, ਜਿਸਦੀ ਵਿਆਖਿਆ ਉਸ ਨੇ ਆਪਣੀ ਕਵਿਤਾ 'ਜੀਵਨ ਕੀ ਹੈ' ਵਿਚ ਬੜੇ ਸਫ਼ਲ ਢੰਗ ਨਾਲ ਕੀਤੀ ਹੈ। ਡਾ. ਗੋਪਾਲ ਸਿੰਘ ਦਰਦੀ ਦਾ ਕਥਨ ਹੈ : 'ਇਸ ਕਵਿਤਾ ਖ਼ਿਆਲ ਪ੍ਰਧਾਨ ਹੈ, ਰਹੱਸਵਾਦੀ ਖ਼ਿਆਲ।

## ਕੁਦਰਤ ਪਿਆਰ

ਭਾਈ ਵੀਰ ਸਿੰਘ ਕੁਦਰਤ ਦਾ ਕਵੀ ਹੈ। ਪੰਜਾਬੀ ਵਿਚ ਕੁਦਰਤ ਦੀ ਕਵਿਤਾ ਬਹੁਤ ਘੱਟ ਮਿਲਦੀ ਹੈ। ਪੁਰਾਤਨ ਕਵਿਤਾ ਵਿਚ ਕਿੱਸੇ ਕਹਾਣੀਆਂ ਦੇ ਬਿਆਨ ਵਿਚ ਭਾਵੇਂ ਕਿਤੇ ਕਿਤੇ ਕੁਦਰਤ ਦਾ ਸਾਧਾਰਨ ਜਾਂ ਕਾਵਿ ਮਈ ਬਿਆਨ ਕੀਤਾ ਹੋਇਆ ਮਿਲਦਾ ਹੈ, ਪਰ ਉਸ ਨੂੰ ਕੁਦਰਤ ਦੀ ਕਵਿਤਾ ਨਹੀਂ ਕਹਿ ਸਕਦੇ। ਪੰਜਾਬੀ ਵਿਚ ਭਾਈ ਵੀਰ ਸਿੰਘ ਕੁਦਰਤ ਦੀ ਕਵਿਤਾ ਦਾ ਮੋਢੀ ਹੈ। ਉਸ ਦਾ ਕੁਦਰਤ ਨਾਲ ਅਥਾਹ ਪਿਆਰ ਹੈ। ਭਾਈ ਸਾਹਿਬ ਨੂੰ ਨਾ ਕੇਵਲ ਕਸ਼ਮੀਰ ਦੀ ਹੀ ਸੁੰਦਰਤਾ ਹੀ ਪ੍ਰਭਾਵਿਤ

ਕਰਦੀ ਹੈ, ਸਗੋਂ ਕੁਦਰਤ ਦੀ ਸਮੂਹੀ ਸੁਹੱਪਣ, ਭਾਵੇਂ ਉਹ ਕਿਸੇ ਥਾਂ ਜਾਂ ਕਿਸੇ ਰੂਪ ਵਿਚ ਹੋਵੇ। ਫੁੱਲਾਂ ਨਾਲ ਉਸ ਨੂੰ ਅਕਹਿ ਪਿਆਰ ਹੈ, ਗੁਲਦਾਉਦੀਆਂ ਨਾਲ, ਨਰਗਸ ਨਾਲ, ਬਿਨਫ਼ਸ਼ੇ ਨਾਲ ਗੁਲਾਬ ਨਾਲ। ਭਾਈ ਸਾਹਿਬ ਨੇ ਕੁਦਰਤ ਨੂੰ ਕੋਈ ਸਾਧਾਰਨ ਪ੍ਰਾਕਿਰਤ (ਪਦਾਰਥਕ) ਵਸਤੂ ਨਹੀਂ ਮੰਨਿਆ, ਸਗੋਂ ਇਕ ਆਕਾਸ਼ੀ ਚਮਤਕਾਰ ਅਨੁਭਵ ਕੀਤਾ ਹੈ। ਫੁੱਲਾਂ ਨੂੰ 'ਸੁਹਣੇ' ਆਖਦਾ ਹੈ। ਇਕ ਹੋਰ ਥਾਂ ਕੁਦਰਤ ਤੋਂ ਵਿਛੜਨ ਲੱਗਿਆਂ ਬਿਹਬਲ ਹੋ ਕੇ ਪੁਕਾਰ ਉਠਿਆ ਹੈ :

ਸੁਹਣਿਆਂ ਤੋਂ ਜਦ ਵਿਛੜਨ ਲੱਗੀਏ
ਦਿਲ ਦਿਲਗੀਰੀ ਖਾਵੇ।

ਇਸੇ ਪ੍ਰਕਾਰ ਭਾਈ ਸਾਹਿਬ ਨੇ ਹੋਰ ਕਵਿਤਾਵਾਂ ਕੰਡੇ, ਗੁਲਾਬ ਦਾ ਫੁੱਲ ਤੋੜਨ ਵਾਲੇ ਨੂੰ, ਫੁੱਲ, ਪੰਸਾਰੀ ਕਿ ਮਖੀਰ, ਕੇਲੋਂ ਦੇ ਗਲ ਲਗੀ ਵੇਲ ਆਦਿ ਰਾਹੀਂ ਬੜੇ ਡੂੰਘੇ ਵਲਵਲੇ ਤੇ ਦਰਦ ਨਾਲ ਪ੍ਰਗਟ ਕੀਤਾ ਹੈ।

**ਵਲਵਲਾ :** ਭਾਈ ਸਾਹਿਬ ਦੀ ਕਵਿਤਾ ਵਿਚ ਕਵਿਤਾ ਵਿਚ ਅਜਿਹਾ ਸੂਖ਼ਮ ਤੇ ਨਿਖਰਿਆ ਹੋਇਆ ਵਲਵਲਾ ਹਰ ਥਾਂ ਮਿਲਦਾ ਹੈ। ਪਰ ਕਈ ਥਾਂ ਤੇ ਵਲਵਲਾ ਇੰਨਾ ਤੀਰਬ ਹੋ ਜਾਂਦਾ ਹੈ ਕਿ ਸ਼ਬਦਾਂ ਦੀ ਕੈਦ ਸਹਾਰਦਾ ਨਜ਼ਰ ਨਹੀਂ ਆਉਂਦਾ। ਅਜਿਹਾ ਵਲਵਲਾ ਕਵਿਤਾ ਦੀ ਸੂਖ਼ਮਤਾ ਤੋਂ ਵੀ ਹੋਰ ਵਧੇਰੇ ਸੂਖ਼ਮ ਹੋ ਜਾਂਦਾ ਹੈ। ਕਵਿਤਾ 'ਕੰਬਦੀ ਕਲਾਈ' ਪੰਜਾਬੀ ਦੀਆਂ ਸਭ ਤੋਂ ਮਹਾਨ ਕਵਿਤਾਵਾਂ ਵਿਚੋਂ ਹੈ। ਇਸ ਦੀ ਸੂਖ਼ਮਤਾ ਅਗੰਮੀ ਸੂਖ਼ਮਤਾ ਹੈ, ਅਕਹਿ ਤੇ ਪਰਾਸਰੀਰਕ ਅੰਸ਼ ਵਾਲੀ ਸੂਖ਼ਮਤਾ ਹੈ। ਪਰ ਭਾਈ ਸਾਹਿਬ ਨੇ ਵਲਵਲੇ ਦੇ ਜ਼ੋਰ ਨਾਲ ਕੁਝ ਰੂਪਕ ਤੇ ਚਿੰਨ੍ਹ ਵਰਤ ਕੇ ਅਰੂਪ ਨੂੰ ਰੂਪਮਾਨ ਕਰਨ ਦਾ ਜਤਨ ਕੀਤਾ ਹੈ। ਕੰਬਦੀ ਕਲਾਈ, ਨਿਰਾ ਨੂਰ, ਬਿਜਲੀ ਲਹਿਰਾਂ, ਗਲਵਕੜੀ, ਬਿਜਲੀ ਦੀ ਕੂੰਦ ਅਤੇ ਚਕਾ ਚੂੰਦ ਇਸ ਕਵਿਤਾ ਦੇ ਅਧਿਆਤਮਕ ਵਿਸ਼ੇ ਨੂੰ ਪ੍ਰਗਟਾਉਣ ਵਾਲੇ ਸੂਖ਼ਮ ਚਿੰਨ੍ਹ ਹਨ। ਵਿਛੜੀ ਰੂਹ, ਵਿਛੜੀ ਕੂੰਜ ਅਤੇ ਕੇਲੋਂ ਦੇ ਗਲ ਲਗੀ ਵੇਲ ਭਾਈ ਸਾਹਿਬ ਦੇ ਵਲਵਲੇ ਦੀ ਸਿਖ਼ਰ ਨੂੰ ਪ੍ਰਗਟ ਕਰਨ ਵਾਲੀਆਂ ਕਵਿਤਾਵਾਂ ਹਨ। ਇਨ੍ਹਾਂ ਵਿਚ ਵਲਵਲਾ ਇੰਨਾ ਪ੍ਰਬਲ ਹੈ ਕਿ ਇਸ ਦੀ ਵਿਆਖਿਆ ਨਹੀਂ ਹੋ ਸਕਦੀ। ਇਨ੍ਹਾਂ ਵਿਚ ਮਾਨੋ ਕਵੀ ਨੇ ਨਿਰੋਲ ਵਲਵਲੇ ਦੀ ਬਿਹਬਲਤਾ ਨੂੰ ਕਵਿਤਾ ਦੇ ਰੂਪ ਵਿਚ ਮੂਰਤੀਮਾਨ ਕਰ ਦਿੱਤਾ ਹੈ। ਭਾਈ ਸਾਹਿਬ ਦੀਆਂ ਹੋਰ ਵਲਵਲੇ ਨੂੰ ਪ੍ਰਗਟਾਉਣ ਵਾਲੀਆਂ ਕਵਿਤਾਵਾਂ ਜਿਨ੍ਹਾਂ ਵਿਚ ਵਲਵਲਾ ਇਨ੍ਹਾਂ ਭਾਵੇਂ ਵਲਵਲਾ ਇੰਨਾ ਤੀਰਬ ਨਹੀਂ ਕਿ ਉਪਰਲੀਆਂ ਕਵਿਤਾਵਾਂ ਵਿਚ, ਇਹ ਹਨ : ਦਰਦ ਦੇਖ ਦੁਖ ਆਂਦਾ, ਮੇਰੀ ਜਿੰਦੇ, ਵਲਵਲਾ, ਅਣਡਿੱਠਾ ਰਸਦਾਤਾ, ਕਿੱਕਰ, ਬਿਨਫਸ਼ਾ ਦਾ ਫੁੱਲ, ਕੰਬਦੇ ਪੱਥਰ, ਨਾ ਹੋਇ ਉਹਲੇ।

**ਗੁਰਮਤ ਅਨੁਭਵ :** ਭਾਈ ਵੀਰ ਸਿੰਘ ਦੀ ਜੀਵਨ ਫ਼ਿਲਾਸਫ਼ੀ, ਸਿੱਖ ਧਰਮ ਜਾਂ ਗੁਰਮਤਿ ਦੀ ਫ਼ਿਲਾਸਫ਼ੀ ਹੈ। ਉਹ ਭਾਈ ਗੁਰਦਾਸ (ਅਤੇ ਪੂਰਨ ਸਿੰਘ) ਵਾਂਗ ਗੁਰਮਤਿ ਦਾ ਕਵੀ ਹੈ। 'ਰਾਣਾ ਸੂਰਤ ਸਿੰਘ' ਤਾਂ ਨਿਰੋਲ ਰਹੱਸਵਾਦੀ ਆਸ਼ੇ ਦੀ ਕਵਿਤਾ ਹੈ, ਸਿੱਖ ਧਰਮ ਦੀ ਫ਼ਿਲਾਸਫ਼ੀ ਦਾ ਇਕ ਸੁਹਣਾ ਪ੍ਰਗਟਾ, ਇਕ ਸਫ਼ਲ ਮਹਾਂ

ਕਾਵਿ। ਇਸ ਵਿਚ ਸਿੱਖੀ ਆਚਰਨ ਦਾ ਕਰਤੱਵ ਰਾਣੀ ਰਾਜ ਕੌਰ ਦੇ ਪਾਤਰ ਰਾਹੀਂ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ। ਰਾਣੀ ਆਪਣੇ ਪ੍ਰੀਤਮ (ਰਾਣਾ ਸੂਰਤ ਸਿੰਘ) ਦੇ ਵਿਛੋੜੇ ਵਿਚ ਕਿਸ ਤਰ੍ਹਾਂ ਬਿਰਹੋਂ-ਸੱਲ ਦੀ ਚੋਭ ਤੋਂ ਪ੍ਰਭਾਵਿਤ ਹੋ ਕੇ ਸਿੱਖੀ ਜੀਵਨ ਦੀ ਸੂਖ਼ਮਤਾ ਨੂੰ ਗ੍ਰਹਿਣ ਕਰ ਕੇ ਰੂਹਾਨੀ ਜੀਵਨ ਦੀਆਂ ਵਿਕਾਸਮਈ ਦਾ ਗਵਨ ਕਰਦੀ ਹੈ, ਇਹ ਹੈ ਕਿ ਇਸ ਮਹਾਂ ਕਾਵਿ ਦਾ ਮੁੱਖ ਵਿਸ਼ਾ। ਹੋਰ ਕਵਿਤਾਵਾਂ ਵਿਚ ਵੀ ਗੁਰਬਾਣੀ ਦਾ ਪ੍ਰਭਾਵ ਕਿਤੇ-ਕਿਤੇ ਸ਼ਪਸ਼ਟ ਹੋ ਜਾਂਦਾ ਹੈ। 'ਕੋਈ ਹਰਿਆ ਬੂਟ ਰਹਿਓ ਰੀ' ਉਸ ਦੀ ਇਕ ਕਵਿਤਾ ਦਾ ਸਿਰਲੇਖ ਹੈ। ਇਹ ਗੁਰੂ ਅਰਜਨ ਸਾਹਿਬ ਦੀ ਹੇਠ ਲਿਖੀ ਤੁਕ ਦਾ ਹਿੱਸਾ ਹੈ :

ਦਾਵਾ ਅਗਨਿ ਬਹੁਤ ਤ੍ਰਿਣ ਜਾਲੇ,
ਕੋਈ ਹਰਿਆ ਬੂਟ ਰਹਿਓ ਰੀ ॥

ਇਸੇ ਤਰ੍ਹਾਂ ਅਣਡਿੱਠਾ ਰਸ-ਦਾਤਾ, ਵਿਛੜੀ ਰੂਹ ਵਿਛੋੜਾ ਵਸਲ, ਕੇਲੋਂ ਦੇ ਗਲ ਲਗੀ ਵੇਲ, ਪ੍ਰੀਤਮ ਛੁਹ, ਨਾ ਹੋਇ ਉਹਲੇ, ਧੋਬੀ, ਸਾਈਂ ਲਈ ਤੜਫ, ਫੁਹਾਰਾ, ਯਾਦ, ਵਿਛੜੀ ਕੂੰਜ, ਕੰਬਦੀ ਕਲਾਈ, ਇਲਮ ਅਮਲ, ਪ੍ਰੇਮ ਤਰੰਗੀਂ, ਅੰਦਰ ਦੀ ਟੇਕ ਅਤੇ ਜੀਵਨ ਕੀ ਹੈ ? ਸਭ ਕਵਿਤਾਵਾਂ ਭਾਈ ਸਾਹਿਬ ਦੇ ਧਾਰਮਿਕ ਜਜ਼ਬਿਆਂ ਨੂੰ ਰੂਪਮਾਨ ਕਰਦੀਆਂ ਹਨ। ਇਨ੍ਹਾਂ ਦੇ ਵਿਸ਼ੇ ਗੁਰਬਾਣੀ ਦੇ ਵਿਸ਼ੇ ਹਨ।

**ਦੇਸ਼ ਪਿਆਰ :** ਭਾਈ ਸਾਹਿਬ ਦੀ ਜੀਵਨ-ਫ਼ਿਲਾਸਫ਼ੀ ਵਿਚ ਮਨੁੱਖ-ਪਿਆਰ ਜਾਂ ਭਾਈਚਾਰਕ ਸੇਵਾ ਨੂੰ ਖ਼ਾਸ ਮਹੱਤਤਾ ਪ੍ਰਾਪਤ ਹੈ। ਸਿੱਖ ਮਜ਼ਹਬ ਦਾ ਇਹ ਖ਼ਾਸ ਸਿਧਾਂਤ ਹੈ, ਜਿਸ ਨੂੰ ਚੜ੍ਹਦੀ ਕਲਾ, ਜੀਅ ਦਾਨ, ਕੁਰਬਾਨੀ, ਸੇਵਾ ਆਦਿ ਸ਼ਬਦਾਂ ਰਾਹੀਂ ਦਰਸਾਇਆ ਜਾਂਦਾ ਹੈ। ਕਵਿਤਾ ਗੁਲਾਬ ਦੇ ਫੁੱਲ ਦੇ ਅਖ਼ੀਰ ਵਿਚ ਕਹਿਆ ਹੈ:

ਦੇਣਾ ਬਣਦਾ ਰੂਪ ਹੈ 'ਖੇੜੇ ਖਿੜ ਪਿਆਂ'
ਦੇਣਾ ਰੰਗ ਅਨੂਪ ਹੈ ਚੜ੍ਹਦਾ ਮੁਸ਼ਕਿਆਂ।

'ਕੁਤਬ ਦੀ ਲਾਠ' ਕਵਿਤਾ ਵਿਚੋਂ ਵੀ ਭਾਈ ਸਾਹਿਬ ਦਾ ਦੇਸ਼-ਪਿਆਰ ਸਾਫ਼-ਸਾਫ਼ ਪਰਗਟ ਹੁੰਦਾ ਹੈ। ਜਿਵੇਂ :

ਕੁਤਬ ਨਾਮ ਤੋਂ ਸੈਮਟਿਕ ਜਾਪੇਂ,
ਲਾਠ ਨਾਮ ਤੋਂ ਹਿੰਦੂ।
ਪਰ ਸਾਨੂੰ ਤੂੰ ਸਾਂਝਾ ਦਿਸੇਂ,
ਹਿੰਦ ਗਗਨ ਦਾ ਹਿੰਦੂ।

ਆਪਣੇ ਦੇਸ਼ ਦੀ ਹਰ ਪਰੰਪਰਾ, ਹਰ ਸੰਸਥਾ, ਹਰ ਮਜ੍ਹਬ, ਹਰ ਸੰਸਕ੍ਰਿਤੀ, ਹਰ ਹੁਸਨ ਤੇ ਸੁਹਜ ਨੂੰ ਪ੍ਰਗਟਾਉਣ ਵਾਲੀ ਯਾਦਗਾਰ, ਭਾਵ ਹਰ ਇਕ ਹਿੰਦੁਸਤਾਨੀ ਨਾਮ ਵਾਲੀ ਚੀਜ਼, ਭਾਈ ਸਾਹਿਬ ਨੂੰ ਪਿਆਰੀ ਹੈ। ਭਾਈ ਸਾਹਿਬ ਦੇ ਦਿਲ ਦੇ ਹੁਨਰ ਦੀ ਅਮੁਲ ਕੀਮਤ 'ਤੇ ਅਕਹਿ ਕਦਰ ਹੈ। ਉਹ ਕਸ਼ਮੀਰ ਦੇ ਪੁਰਾਤਨ ਹੁਨਰ ਦਾ ਵਿਨਾਸ ਹੋਇਆ ਵੇਖ ਕੇ ਬਿਹਬਲ ਹੋ ਉਠਦਾ ਹੈ।'ਅਵਾਂਤੀਪੁਰ ਦੇ ਖੰਡਰ' ਕਵਿਤਾ ਵਿਚ ਜਰਵਾਣੇ ਪਠਾਣਾਂ ਦੀ ਕਠੋਰ-ਚਿਤ ਪਸ਼ੂਆਂ ਵਾਲੀ, ਹੁਨਰ ਦੀ ਕਦਰ ਨੂੰ ਭੁੱਲ ਕੇ ਬੁੱਤ

ਪੂਜਾ ਦੇ ਦੂਰ ਕਰਨ ਦੇ ਖ਼ਿਆਲ ਵਿਚ, ਹੁਨਰ ਵਰਗੀ ਕੀਮਤੀ ਵਸਤੂ ਜੋ ਕਈ ਸਦੀਆਂ ਦੀ ਹੁਨਰ-ਸੂਝ ਦਾ ਸਿੱਟਾ ਹੁੰਦੀ ਹੈ, ਕਸ਼ਮੀਰ ਵਿਚੋਂ ਅਲੋਪ ਕਰ ਦਿੱਤੀ। ਬੁੱਤ ਤੇ ਫਿਰ ਵੀ ਬਣ ਗਏ, ਬੁੱਤ ਪੂਜਾ ਨਾ ਹਟੀ, ਪਰ ਹੁਨਰ ਓਥੋਂ ਸਦਾ ਲਈ ਖ਼ਤਮ ਹੋ ਗਿਆ :

ਬੁਤ ਪੂਜਾ ? ਬੁਤ ਫੇਰ ਹੋ ਪਏ,
ਹੁਨਰ ਨਾ ਪਰਤਯਾ ਹਾਇ
ਮਰ ਮਰ ਕੇ ਬੁਤ ਫੇਰ ਉਗਮ ਪਏ,
ਗੁਣ ਨੂੰ ਕੌਣ ਜਿਵਾਇ ?

ਭਾਈ ਸਾਹਿਬ ਦੀ ਦੇਸ਼ ਪਿਆਰ ਵਾਲੀ ਕਵਿਤਾ ਦਾ ਉਰਦੂ ਕਵੀ ਇਕਬਾਲ, ਜੋ ਉਸ ਦਾ ਸਮਕਾਲੀ ਸੀ, ਦੀਆਂ ਪਹਿਲੀਆਂ ਕੌਮ ਪ੍ਰਸਤੀ ਵਾਲੀਆਂ ਨਜ਼ਮਾਂ ਨਾਲ ਟਾਕਰਾ ਕੀਤਾ। ਦੋਹਾਂ ਵਿਚ ਦੇਸ਼ ਪਿਆਰ ਦਾ ਜਜ਼ਬਾ ਆਦਰਸ਼ਕ ਜਜ਼ਬਾ ਹੈ।

## ਪੂਰਨ ਸਿੰਘ

ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੀ ਗਿਣਤੀ ਦੋ ਦਰਜਨ ਪੁਸਤਕਾਂ ਤੋਂ ਵੀ ਵਧੇਰੇ ਹੈ। ਇਨ੍ਹਾਂ ਵਿਚ ਬੁੱਧੀ ਤੇ ਭਾਵਾਂ ਦਾ ਸੰਤੁਲਨ, ਸਾਹਿਤਕ ਉਕਤੀ ਦਾ ਸੁਹਜ ਅਤੇ ਵਹਿੰਦੀ ਨਦੀ ਦੇ ਪਾਣੀਆਂ ਵਰਗੀ ਰਵਾਨੀ ਅਤੇ ਸੁਹਜਵੰਤ ਸਾਹਿਤਕ ਭਾਸ਼ਾ ਦੀ ਵਰਤੋਂ ਇਸ ਨੂੰ ਮਹਾਂਕਵੀ ਦੀ ਪ੍ਰਤਿਭਾ ਦੀ ਮੁੱਲਵਾਨ ਸਾਹਿਤਕ ਨਿਧੀ ਸਿੱਧ ਕਰਦੀਆਂ ਹਨ। ਪ੍ਰੋ. ਪੂਰਨ ਸਿੰਘ ਦੇ ਵਿਅਕਤੀਤਵ ਵਿਚ ਉੱਚ ਕੋਟੀ ਦੇ ਸਾਰੇ ਸੂਖ਼ਮ ਸੰਵੇਦਨਸ਼ੀਲ ਬੌਧਿਕ ਤੇ ਦਾਰਸ਼ਨਿਕ ਗੁਣ ਮੌਜੂਦ ਸਨ। ਉਹ ਅੱਤ ਦਾ ਭਾਵੁਕ ਅਤੇ ਸੰਵੇਦਨਸ਼ੀਲ ਵਿਅਕਤੀ ਸੀ। ਪੰਜਾਬੀ ਵਿਚ ਲਿਖੀ ਗਈ ਉਨ੍ਹਾਂ ਦੀ ਪੁਸਤਕ 'ਖੁੱਲ੍ਹੇ ਲੇਖ' ਇਕ ਅਜਿਹੀ ਸਿਰਕੱਢ ਰਚਨਾ ਹੈ, ਜਿਸਨੂੰ ਵੀਹਵੀਂ ਸਦੀ ਦੇ ਪੰਜਾਬੀ ਗੱਦ ਸਾਹਿਤ ਵਿੱਚ ਉੱਚਤਮ ਸਥਾਨ ਪ੍ਰਾਪਤ ਹੈ। ਪ੍ਰੋ. ਪੂਰਨ ਸਿੰਘ ਨੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਰਚਨਾ ਕੀਤੀ ਹੈ ਪਰੰਤੂ ਇੱਥੇ ਵਾਹ ਉਨ੍ਹਾਂ ਦੀਆਂ ਪੰਜਾਬੀ ਰਚਨਾਵਾਂ ਨਾਲ ਹੀ ਹੈ। ਉਨ੍ਹਾਂ ਦੀਆਂ ਰਚਨਾਵਾਂ ਇਸ ਪ੍ਰਕਾਰ ਹਨ : ਕਵਿਤਾਵਾਂ

(1) ਖੁੱਲ੍ਹੇ ਮੈਦਾਨ
(2) ਖੁੱਲ੍ਹੇ ਘੁੰਡ
(3) ਖੁੱਲ੍ਹੇ ਆਸਮਾਨੀ ਰੰਗ
(4) ਅਣ-ਪ੍ਰਕਾਸ਼ਿਤ ਕਾਵਿ।

ਪ੍ਰੋ ਪੂਰਨ ਸਿੰਘ ਅਨੁਸਾਰ ਪਿਆਰ ਵਿਚ ਮੋਏ ਬੰਦਿਆਂ ਦੇ ਬੋਲ ਹੀ ਕਵਿਤਾ ਹਨ। ਪ੍ਰੋ. ਪੂਰਨ ਸਿੰਘ ਅਨੁਸਾਰ ਕਵੀ ਚਿਤ ਇਕ ਪਾਰਦਰਸ਼ੀ ਜਿਹਾ ਸ਼ੀਸ਼ਾ ਹੈ, ਸਿਕੰਦਰ ਦੇ ਜਾਮੇ ਜਮ ਥੀ ਹੋਰ ਅਦਭੁੱਤ ਤੇ ਕਰਾਮਾਤੀ। ਪ੍ਰੋ. ਪੂਰਨ ਸਿੰਘ ਨੇ ਸਮੇਂ-ਸਮੇਂ 'ਤੇ ਵੱਖ-ਵੱਖ ਵਿਅਕਤੀਆਂ ਦਾ ਪ੍ਰਭਾਵ ਕਬੂਲਿਆ ਹੈ। ਇਨ੍ਹਾਂ ਵਿਚ ਸਵਾਮੀ ਰਾਮ ਤੀਰਥ, ਭਾਈ ਵੀਰ ਸਿੰਘ, ਜਾਪਾਨੀ ਕਵੀ ਅਤੇ ਵਾਲਟ ਵਿਟਮੈਨ ਆਦਿ ਸ਼ਾਮਲ ਹਨ। ਸਵਾਮੀ ਰਾਮ ਤੀਰਥ ਦੇ ਪ੍ਰਭਾਵ ਕਾਰਨ ਉਸ ਨੇ ਸੰਨਿਆਸ

ਧਾਰਨ ਕੀਤਾ ਅਤੇ ਮਗਰੋਂ ਉਸ ਦੀ ਜੀਵਨੀ ਵੀ ਲਿਖੀ। ਪ੍ਰੋ. ਪੂਰਨ ਸਿੰਘ ਨੇ ਕਵਿਤਾ ਲਈ ਛੰਦਾਬੰਦੀ ਦੀ ਜ਼ਰੂਰਤ ਨੂੰ ਨਕਾਰਿਆ ਹੈ।

**ਪ੍ਰਕਿਰਤੀ ਨਾਲ ਪਿਆਰ :** ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚ ਪ੍ਰਕਿਰਤੀ ਨਾਲ ਪਿਆਰ ਸੀ ਅਤੇ ਉਹ ਉਸ ਜੀਵਨ ਨੂੰ ਅਪੂਰਨ ਸਮਝਦਾ ਹੈ ਜਿਸ ਵਿਚ ਪ੍ਰਕਿਰਤੀ ਦਾ ਪਿਆਰ ਨਹੀਂ। ਕਵੀ ਨੂੰ ਪੰਜਾਬ ਦੇ ਦਰਿਆਵਾਂ ਨਾਲ ਪਿਆਰ ਸੀ ਅਤੇ ਉਸ ਨੇ ਆਪਣੇ ਇਸ ਪਿਆਰ ਦਾ ਪ੍ਰਗਟਾਅ ਕਈ ਕਵਿਤਾਵਾਂ ਵਿਚ ਕੀਤਾ। ਉਹ 'ਦਰਿਆ ਕਿਨਾਰੇ' ਵਿਚ ਪ੍ਰਕਿਰਤੀ ਪ੍ਰਤੀ ਆਪਣੇ ਪਿਆਰ ਦਾ ਪ੍ਰਗਟਾਅ ਇਸ ਪ੍ਰਕਾਰ ਕਰਦਾ ਹੈ :

> ਦਰਿਆ ਕਿਨਾਰੇ ਰੇਤਾ ਚਿੱਟੀਆਂ ਵਿਚ ਲਿਟਣਾ !
> ਨੰਗੇ ਹੋ ਧੁੱਪਾਂ ਵਿਚ ਲੇਟਣਾ
> ਤੇ ਮਾਰ ਛਾਲ ਦਰਿਆ ਵਿਚ ਨ੍ਹਾਣਾ
> ਤਰਨਾ ਤੇ ਡੁੱਬਣਾ ਤੇ ਧਾਰ ਵਿਚ ਬਹਿਣਾ
> ਹੱਥ ਪੈਰ ਮਾਰਨਾ, ਪਾਣੀ ਉਛਾਲਣਾ,
> ਤੇ ਛੁੱਟਿਆਂ ਵਿਚ ਕਿਰਨਾਂ ਨੂੰ ਪਕੜਨਾ।

**ਪਰਮਾਤਮਾ ਦੀ ਹੋਂਦ :** ਪ੍ਰੋ. ਪੂਰਨ ਸਿੰਘ ਦਾ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਹੈ। ਉਸ ਦੀ ਦ੍ਰਿਸ਼ਟੀ ਵਿਚ ਪਰਮਾਤਮਾ ਹਰੇਕ ਵਿਅਕਤੀ ਅੰਦਰ ਹੈ ਭਾਵੇਂ ਪਰਮਾਤਮਾ ਨੂੰ ਵੇਖਣ ਵਾਲੀ ਸ਼ਕਤੀ ਵਿਅਕਤੀ ਨੂੰ ਆਪਣੇ ਅੰਦਰ ਪੈਦਾ ਕਰਨੀ ਚਾਹੀਦੀ ਹੈ। ਉਸ ਦੀ ਨਜ਼ਰ ਵਿਚ ਜਿਸ ਨੂੰ ਪ੍ਰਭੂ ਮਿਲ ਪੈਂਦਾ ਹੈ ਉਸ ਨੂੰ ਕਿਸੇ ਹੋਰ ਦੀ ਲੋੜ ਨਹੀਂ :

> ਜੇ ਤੂੰ ਮੇਰਾ ਹੋਵੇ,
> ਮੈਂ ਦੇਖਾਂ ਨਿੱਤ ਤੈਨੂੰ
> ਤਾਂ ਮੰਦਰ ਦੀ ਨਾਂਹ ਲੋੜ ਮੈਨੂੰ
> ਮਸਜਿਦ, ਗਿਰਜਾ ਮੇਰਾ ਤੂੰ ਹੈ।

**ਪੰਜਾਬ ਪਿਆਰ :** ਪ੍ਰੋ. ਪੂਰਨ ਸਿੰਘ ਨੇ ਆਪਣੇ ਕਾਵਿ ਸੰਗ੍ਰਹਿ 'ਖੁੱਲ੍ਹੇ ਘੁੰਡ' ਵਿਚ ਪੰਜਾਬ ਪਿਆਰ ਪ੍ਰਗਟ ਕਰਦਿਆਂ ਹੋਇਆਂ ਲਿਖਿਆ ਹੈ ਕਿ ਪੰਜਾਬ ਵਿਚ ਜੰਮਣਾ ਅਮੁੱਲ ਜਿਹੀ ਚੀਜ਼ ਹੈ। ਕਵੀ ਨੂੰ ਪੰਜਾਬ ਨਾਲ ਅੰਤਾਂ ਦਾ ਪਿਆਰ ਹੈ। ਉਸ ਨੇ ਇਸ ਵਿਸ਼ੇ ਉੱਤੇ ਬਹੁਤ ਕੁਝ ਲਿਖਿਆ ਹੈ :

> ਵੱਸਣ ਤੇਰੇ ਮਹਿਲ ਤੇ ਮਾੜੀਆਂ,
> ਵੱਸਣ ਹੋਰ ਵੱਧ ਖੁਸ਼ੀ ਤੇਰੀਆਂ ਨਿੱਕੀਆਂ-ਨਿੱਕੀਆਂ ਝੁੱਗੀਆਂ !
> ਵਸਣ ਤੇਰੇ ਦੇਸ਼ ਪ੍ਰਦੇਸ਼ ਸਾਰੇ,
> ਸੁਖੀ ਸੁਖੀ ਤੇਰੇ ਜਾਏ ਤੇ ਜਾਈਆਂ।

**ਪਿਆਰ ਵਿਚ ਵਿਸ਼ਵਾਸ :** ਪ੍ਰੋ. ਪੂਰਨ ਸਿੰਘ ਨੂੰ ਪਿਆਰ ਵਿਚ ਅਥਾਹ ਵਿਸ਼ਵਾਸ ਹੈ ਅਤੇ ਉਹ ਪਿਆਰ ਨੂੰ ਹੀ ਸੰਸਾਰ ਦਾ ਧੁਰਾ ਸਮਝਦਾ ਹੈ। ਸੰਸਾਰਕ

ਪਿਆਰ ਆਪਣੀ ਤੀਬਰਤਾ ਨਾਲ ਰੱਬੀ ਪਿਆਰ ਦਾ ਦਰਜਾ ਪ੍ਰਾਪਤ ਕਰ ਸਕਦਾ ਹੈ। ਇਹ ਸੁਨੇਹਾ ਕਿਹਾ ਪਿਆਰਾ' ਵਿਚ ਕਵੀ ਲਿਖਦਾ ਹੈ :

ਉਹ ਤੈਨੂੰ ਪਿਆਰ ਕਰਦਾ
ਮੁੜ ਆਖੀਂ ਵੀਰਾ !
ਮੁੜ ਆਖੀਂ ਇਕ ਵੇਰੀ ਹੋਰ
ਮੁੜ ਮੁੜ ਕੰਨੀ ਪਾ ਮੇਰੇ ਪਾ ਵੀਰਾ
ਉਹ ਤੈਨੂੰ ਪਿਆਰ ਕਰਦਾ।

ਪ੍ਰੋ. ਪੂਰਨ ਸਿੰਘ ਦੀ ਇਹ ਵੀ ਧਾਰਨਾ ਹੈ ਕਿ ਕਵਿਤਾ ਕੋਸ਼ਿਸ਼ ਕਰਨ ਨਾਲ ਨਹੀਂ ਸਿਰਜੀ ਜਾਂਦੀ, ਸਗੋਂ ਇਸ ਦਾ ਆਵੇਸ਼ ਹੁੰਦਾ ਹੈ।ਉਸ ਅਨੁਸਾਰ ਕਵਿਤਾ ਲਈ ਕਿਸੇ ਉਚੇਚ ਦੀ ਲੋੜ ਨਹੀਂ। ਪ੍ਰੋ. ਪੂਰਨ ਸਿੰਘ ਸਮਝਦਾ ਹੈ ਕਿ ਕੋਈ ਕਾਵਿ-ਰਚਨਾਂ ਕਰਨ ਲਈ ਕਿਸੇ ਉਚੇਚ ਦੀ ਲੋੜ ਨਹੀਂ ਸਗੋਂ ਕਵਿਤਾ ਦੇ ਨੈਣਾਂ ਵਿਚ ਸੁਪਨੇ ਲਟਕਾ ਦਿੰਦੀ ਹੈ, ਦਿਲਾਂ ਵਿਚ ਅਸਰੀਰੀਆਂ ਦੇ ਮੇਲੇ ਭਰ ਦਿੰਦੀ ਹੈ। ਇਸ ਤੋਂ ਇਲਾਵਾ ਪ੍ਰੋ. ਪੂਰਨ ਸਿੰਘ ਦਾ ਵਿਸ਼ਵਾਸ ਹੈ ਕਿ ਉਹ ਕਾਵਿ-ਰਚਨਾ ਉੱਤਮ ਹੋ ਸਕਦੀ ਹੈ ਜਿਸ ਵਿਚ ਬਿਹਬਲਤਾ ਹੋਵੇ। ਉਹ ਖੁੱਲ੍ਹੇ ਲੇਖ ਦੇ ਇਕ ਨਿਬੰਧ 'ਕਵੀ ਦਾ ਦਿਲ' ਵਿਚ ਆਖਦਾ ਹੈ, 'ਕਵਿਤਾ ਪਿਆਰ ਦਾ ਕੰਵਾਰਾਪਨ' ਹੈ। ਅੰਦਰ ਦੀ ਸੱਚੀ ਪ੍ਰੀਤ ਦਾ ਇਕ ਸੁਹਣਾ ਸੁਫ਼ਨਾ ਹੈ ਤੇ ਜੀਵਨ ਦੀ ਕਲੀ ਦਾ ਚਟਕਣਾ ਹੈ।

## ਧਨੀ ਰਾਮ ਚਾਤ੍ਰਿਕ

ਲਾਲਾ ਧਨੀ ਰਾਮ 'ਚਾਤ੍ਰਿਕ', ਭਾਈ ਵੀਰ ਸਿੰਘ ਤੋਂ ਬਾਅਦ, ਦੂਜਾ ਮਹਾਨ ਪੰਜਾਬੀ ਕਵੀ ਹੈ। ਉਹ ਇਕ ਤਰ੍ਹਾਂ, ਭਾਈ ਸਾਹਿਬ ਦੇ ਕਾਵਿ-ਰੰਗ ਦਾ ਪੂਰਕ ਸੀ। ਚਾਤ੍ਰਿਕ ਆਪਣੀ ਉਮਰ ਦੇ ਅੰਤ ਤਕ ਸਾਹਿਤ ਰਚਨਾ ਦੇ ਖੇਤਰ ਵਿਚ ਕਰਮਸ਼ੀਲ ਰਿਹਾ। ਉਨ੍ਹਾਂ ਨੇ ਭਰਥਰੀ ਹਰੀ, ਨਲ ਦਮਿਅੰਤੀ, ਚੰਦਨਵਾੜੀ, ਕੇਸਰ ਕਿਆਰੀ, ਨਵਾਂ ਜਹਾਨ, ਸੂਫ਼ੀਖਾਨਾ ਆਦਿ ਦੀ ਰਚਨਾ ਕੀਤੀ ਹੈ। ਲਗਭਗ 75 ਸਾਲ ਦੀ ਉਮਰ ਵਿਚ ਉਸ ਨੇ ਆਪਣਾ ਆਖਰੀ ਕਾਵਿ ਸੰਗ੍ਰਹਿ 'ਸੂਫ਼ੀਖਾਨਾ' ਛਪਵਾਇਆ। ਜਿਸ ਤੋਂ ਉਸ ਦੀ ਬਲਵਾਨ ਸ਼ਖ਼ਸੀਅਤ ਦੀ ਕਿਰਿਆਸ਼ੀਲਤਾ ਦਾ ਪ੍ਰਮਾਣ ਮਿਲਦਾ ਹੈ। ਉਸ ਨੇ ਆਪਣੀਆਂ ਪੁਸਤਕਾਂ ਦੇ ਸਿਰਲੇਖ 'ਚੰਦਨਵਾੜੀ', 'ਕੇਸਰ ਕਿਆਰੀ', ਕਸ਼ਮੀਰ ਤੋਂ ਪ੍ਰਭਾਵਿਤ ਹੋ ਕੇ ਚੁਣੇ।

**ਆਧੁਨਿਕਤਾ :** ਧਨੀ ਰਾਮ ਚਾਤ੍ਰਿਕ ਪੰਜਾਬੀ ਦਾ ਪਹਿਲਾ ਆਧੁਨਿਕ ਕਵੀ ਪ੍ਰਮਾਣਿਤ ਹੁੰਦਾ ਹੈ। ਉਸ ਨੇ ਭਾਈ ਵੀਰ ਸਿੰਘ ਦਾ ਪ੍ਰਭਾਵ ਗ੍ਰਹਿਣ ਕਰਦੇ ਹੋਏ ਵੀ ਅਧਿਆਤਮਕ ਤੇ ਦਾਰਸ਼ਨਿਕ ਤੱਤਾਂ ਨੂੰ ਤਿਆਗ ਕੇ ਕੇਵਲ ਸਮਾਜਕ ਤੇ ਸਾਮਿਅਕ ਯਥਾਰਥ ਨੂੰ ਮੁੱਖ ਰੱਖਿਆ ਹੈ। ਪੂਰਨ ਸਿੰਘ ਦੇ ਆਦਰਸ਼ਵਾਦ ਤੋਂ ਵੀ ਉਹ ਹਰ ਪ੍ਰਕਾਰ ਵੱਖਰਾ ਤੇ ਅਛੋਹ ਹੈ। ਨਿਰੋਲ ਸੰਸਾਰਕ ਦ੍ਰਿਸ਼ਟੀਕੋਣ ਨੂੰ ਅਪਣਾਉਣਾ ਆਧੁਨਿਕਤਾ ਦਾ ਮੂਲ ਧੁਰਾ ਹੈ। ਯਥਾਰਥ ਹੀ ਇਸ ਵਿਗਿਆਨਕ ਰੁਚੀ ਦੀ ਮੂਲ ਸਚਾਈ ਹੈ। ਚਾਤ੍ਰਿਕ ਦੀ ਕਵਿਤਾ ਅਤੇ ਉਸ ਦੇ ਜੀਵਨ ਵਿਚ ਵੀ ਇਹ ਅੰਸ਼ ਅਤਿ ਬਲਵਾਨ ਰੂਪ ਵਿਚ

ਮਿਲਦਾ ਹੈ। ਉਸ ਦੀ ਆਧੁਨਿਕਤਾ ਦਾ ਸਭ ਤੋਂ ਵੱਡਾ ਪ੍ਰਮਾਣ ਇਹ ਹੈ ਕਿ ਉਸ ਦਾ ਅਨੁਭਵ ਤੇ ਵਿਚਾਰਧਾਰਾ ਸਮੇਂ ਦੀ ਗਤੀ ਨਾਲ ਵਿਕਾਸ ਕਰਦੀ ਹੈ, ਕਿਸੇ ਇਕ ਆਦਰਸ਼ਕ ਧੁਰੇ ਜਾਂ ਦਾਰਸ਼ਨਿਕ ਸੀਮਾਂ ਵਿਚ ਬੱਝ ਕੇ ਨਹੀਂ ਰਹਿ ਜਾਂਦੀ। ਉਹ ਅਸਲੋਂ ਪ੍ਰਗਤੀਸ਼ੀਲ ਕਵੀ ਹੈ। ਇਸ ਲਈ ਉਹ ਮੂਲ ਰੂਪ ਵਿਚ ਆਧੁਨਿਕ ਹੈ। ਉਹ 'ਨਵੇਂ ਜਹਾਨ' ਦਾ ਹੋਕਾ ਦਿੰਦਾ ਹੈ, 'ਸਮੇਂ ਦੀ ਨਵੀਂ ਬਹਾਰ' ਦੀ ਗੱਲ ਕਰਦਾ ਹੈ। ਚਾਤ੍ਰਿਕ ਆਧੁਨਿਕਤਾ ਦੇ ਪਹਿਲੇ ਪੜਾਅ ਦਾ ਕਵੀ ਹੈ। ਦੂਜੇ ਪੜਾਅ ਵਿਚ ਮੋਹਨ ਸਿੰਘ, ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ, ਅੰਮ੍ਰਿਤਾ ਪ੍ਰੀਤਮ ਆਦਿ ਕਵੀ ਉਸ ਦੇ ਅਨਸਾਰੀ ਹਨ, ਉਸ ਦੇ ਆਸ਼ੇ ਨੂੰ ਅੱਗੇ ਤੋਰਨ ਵਾਲੇ ਹਨ। ਚਾਤ੍ਰਿਕ ਵਿਚ ਆਧੁਨਿਕਤਾ ਦੇ ਜ਼ਰੂਰੀ ਲੱਛਣ ਸਮਾਜਿਕਤਾ, ਸਾਮਿਅਕਤਾ, ਤਰਕਸ਼ੀਲਤਾ, ਪ੍ਰਗਤੀਵਾਦ, ਧਰਮ ਨਿਰਪੇਖਤਾ, ਸ਼ੰਕਾਵਾਦ, ਮਾਨਵਵਾਦ ਆਦਿ ਸਭ ਤਾਤਵਿਕ ਤੇ ਵਿਹਾਰਕ ਰੂਪ ਵਿਚ ਵਿਦਮਾਨ ਹਨ।

ਉਂਞ ਤਾਂ ਚਾਤ੍ਰਿਕ ਦੀ ਪੰਜਾਬੀ ਕਵਿਤਾ ਨੂੰ ਦੇਣ ਅਣਗਿਣਤ ਪੱਖਾਂ ਤੋਂ ਹੈ ਪਰ ਹੇਠ ਲਿਖੇ ਕੁਝ ਚੋਣਵੇਂ ਤੇ ਜ਼ਰੂਰੀ ਪੱਖ ਉੱਤੇ ਉਸ ਦੇ ਭਾਰੀ ਯੋਗਦਾਨ ਨੂੰ ਆਧਾਰਤ ਕਰਨਾ ਵਧੇਰੇ ਸਾਰਥਕ ਹੋਵੇਗਾ। ਇਹ ਪੱਖ ਹਨ : ਪੰਜਾਬ ਪਿਆਰ, ਆਧੁਨਿਕਤਾ, ਸਮਾਜਕ ਸੰਦਰਭ, ਪ੍ਰਕਿਰਤੀ-ਚਿਤਰਨ ਅਤੇ ਕਲਾ ਕੋਸ਼ਲ।

**2. ਪੰਜਾਬ ਪਿਆਰ :** ਚਾਤ੍ਰਿਕ ਨੂੰ ਧਰਤੀ ਦੀ ਛੋਹ ਤੇ ਯਥਾਰਥ ਦੀ ਸੂਝ ਵਿਧਾਤਾ ਵਲੋਂ ਬਹੁਤ ਜ਼ਿਆਦਾ ਮਿਲੀ ਸੀ। ਉਹ ਕਹਿੰਦਾ ਹੈ :

ਮਜ਼ਹਬ ਤੇ ਫਿਰਕਾਦਾਰੀ ਦੀ
ਰੰਗਤ ਨੇ ਮੈਨੂੰ ਮੋਹਿਆ ਨਹੀਂ,
ਮੈਂ ਧਰਤੀ ਦਾ ਪੰਖੇਰੂ ਸਾਂ
ਅਸਮਾਨਾਂ ਤਕ ਨਹੀਂ ਜਾ ਸਕਿਆ।

ਚਾਤ੍ਰਿਕ ਨੂੰ ਆਪਣੇ ਦੇਸ਼ ਨਾਲ, ਚੌਗਿਰਦੇ ਦੀ ਬਲਵਾਨ ਪਕੜ ਹੈ। ਚਾਤ੍ਰਿਕ ਨੂੰ ਆਪਣੇ ਦੇਸ਼ ਨਾਲ, ਚੌਗਿਰਦੇ ਨਾਲ, ਪੰਜਾਬ ਨਾਲ, ਪੰਜਾਬ ਦੇ ਦਰਿਆਵਾਂ ਤੇ ਖੇਤਾਂ ਨਾਲ, ਪੰਜਾਬ ਦੀ ਬੋਲੀ ਨਾਲ, ਪੰਜਾਬ ਵਾਸੀਆਂ ਨਾਲ ਅਥਾਹ ਪਿਆਰ ਹੈ। ਇਸ ਪੱਖ ਤਾਂ ਕੋਈ ਨਵੀਨ ਪੰਜਾਬੀ ਕਵੀ ਉਸ ਦੇ ਹਾਣ ਦਾ ਨਹੀਂ। ਪੂਰਨ ਸਿੰਘ ਪੰਜਾਬ ਪਿਆਰ ਬਹੁਤ ਹੱਦ ਤਕ ਅਧਿਆਤਮਕ ਤੇ ਆਦਰਸ਼ਕ ਰੁਚੀ ਵਾਲਾ ਹੈ, ਕਈ ਵਾਰੀ ਇਹ ਹਵਾਈ ਕਿਸਮ ਦਾ ਵੀ ਹੋ ਨਿਬੜਦਾ ਹੈ ਪਰੰਤੂ ਚਾਤ੍ਰਿਕ ਦਾ ਪੰਜਾਬ ਪਿਆਰ ਯਥਾਰਥਕ ਕੇ ਠੋਸ ਨਿੱਗਰ ਕਿਸਮ ਦਾ ਹੈ। ਇਸ ਦਾ ਨੀਂਹ ਪੰਜਾਬ ਦੀ ਨਿਵੇਕਲੀ ਤੇ ਮਹਾਨ ਸੰਸਕ੍ਰਿਤੀ ਉਤੇ ਹੈ। ਨਿਰੋਲ ਆਦਰਸ਼ਕ ਇੱਛਾ-ਸ਼ਕਤੀ ਉਤੇ ਨਹੀਂ। ਇਉਂ ਕਹਿਣਾ ਵੀ ਠੀਕ ਹੋਵੇਗਾ ਕਿ ਪੂਰਨ ਸਿੰਘ ਦਾ ਆਦਰਸ਼ਕ ਰੁਚੀ ਵਾਲਾ ਪੰਜਾਬ ਪਿਆਰ ਸਥਾਨਕ ਨਾਲੋਂ ਸਮਿਅਕ ਤਥਾ ਇਤਿਹਾਸਕ ਹੈ। ਇਸ ਦੇ ਪ੍ਰਤਿਕੂਲ ਚਾਤ੍ਰਿਕ ਦਾ ਪੰਜਾਬ ਪਿਆਰ ਜਿਸ ਦੀ ਨੀਂਹ ਯਥਾਰਥ ਉੱਤੇ ਆਧਾਰਿਤ ਹੈ, ਸਾਮਿਅਕ ਤੇ

ਇਤਿਹਾਸਕ ਨਾਲੋਂ ਵਧੇਰੇ ਸਥਾਨਕ ਅਤੇ ਸਮਕਾਲੀਨ ਹੈ। ਚਾਤ੍ਰਿਕ ਦੇ ਪੰਜਾਬ ਪਿਆਰ ਨੂੰ ਸਮੁੱਚੇ ਤੌਰ 'ਤੇ ਸੰਸਕ੍ਰਿਤੀ-ਮੂਲਕ ਅਤੇ ਵਿਵਹਾਰਕ ਕਿਹਾ ਜਾ ਸਕਦਾ ਹੈ।

**3. ਸਮਾਜਕ :** ਚਾਤ੍ਰਿਕ ਪਹਿਲਾ ਪੰਜਾਬੀ ਕਵੀ ਹੈ ਜਿਸ ਨੇ ਵਿਅਕਤੀ ਵਿਸ਼ੇਸ਼ ਦੀ ਥਾਂ ਸਮਾਜਕ ਸੰਦਰਭ ਨੂੰ ਮੁੱਖ ਰੱਖਿਆ ਹੈ। ਜਿਥੇ ਭਾਈ ਵੀਰ ਸਿੰਘ ਦਾ ਅਨੁਭਵ ਵਿਅਕਤੀ ਦੇ ਵਿਕਾਸ ਜਾਂ ਅਵਿਕਾਸ ਦੀ ਸਮੱਸਿਆ ਤਕ ਹੀ ਸੀਮਤ ਰਹਿੰਦਾ ਹੈ। (ਜਿਵੇਂ ਵਿਛੋੜਾ-ਵਸਲ, ਕਿੱਕਰ, ਬਿਨਫਸ਼ਾ ਦਾ ਫੁੱਲ, ਵਰਜਤ ਵਾੜੀ, ਕੰਬਦੀ ਕਲਾਈ, ਕੇਲੋਂ ਦੇ ਗਲ ਲੱਗੀ ਵੇਲ, ਇਲਮ ਅਮਲ, ਸਾਈਂ ਲਈ ਤੜਪ, ਅੰਦਰ ਦੀ ਟੇਕ ਆਦਿ ਪ੍ਰਸਿੱਧ ਕਵਿਤਾਵਾਂ ਵਿੱਚ), ਉਥੇ ਚਾਤ੍ਰਿਕ ਦਾ ਵਿਸ਼ੇ ਖੇਤਰ ਸਮਾਜਕ ਸਮੱਸਿਆਵਾਂ ਦਾ ਹੱਲ ਲੱਭਣ ਨਾਲ ਵਧੇਰੇ ਸੰਬੰਧਤ ਹੁੰਦਾ ਹੈ। ਉਦਾਹਰਣ ਵਜੋਂ ਉਸਦੀਆਂ ਕਵਿਤਾਵਾਂ ਮਹਿਫ਼ਲ, ਪੇਟ ਪੂਜਾ, ਗਰੀਬ ਦਾ ਗੁਰਪੁਰਬ, ਸ਼ਿਕਾਰੀ, ਜੁਗ ਗਰਦੀ, ਸਮੇਂ ਦੀ ਬਹਾਰ, ਹਿੰਮਤ, ਜੰਗਲ ਦਾ ਫੁੱਲ, ਬੀਰਰਸ, ਜਵਾਨ ਭਾਰਤੀ ਨੂੰ, ਕਿੱਕਲੀ ਕਲੀਰ, ਚਉਬਰਗੇ, ਆਜ਼ਾਦੀ, ਭਗਾਨ, ਲਛਮੀ, ਭਾਰਤ ਮਾਤਾ, ਆਸ਼ਾਵਾਦ ਆਦਿ।

ਚਾਤ੍ਰਿਕ ਦੀ ਕਵਿਤਾ ਦਾ ਆਰੰਭ ਨੈਤਿਕਤਾ, ਸਮਾਜ-ਸੁਧਾਰ ਤੇ ਦੇਸ਼-ਪਿਆਰ ਦੇ ਰੂੜ੍ਹੀਗਤ ਵਿਸ਼ਿਆਂ ਤੋਂ ਹੋਇਆ। ਇਸ ਨੂੰ ਉਸ ਦੀ ਕਵਿਤਾ ਦਾ ਮਨੋਰਥਵਾਦੀ ਪੱਖ ਕਿਹਾ ਜਾ ਸਕਦਾ ਹੈ। ਦੇਸ਼ ਦੀ ਗੁਲਾਮੀ ਦੇ ਸਮੇਂ ਵਿਚ ਇਨ੍ਹਾਂ ਵਿਸ਼ਿਆਂ ਦੀ ਭਾਰੀ ਲੋੜ ਸੀ। ਆਜ਼ਾਦੀ ਪ੍ਰਾਪਤ ਕਰਨ ਉਪਰੰਤ ਸਮਾਜਕ ਸੰਦਰਭ ਬਦਲ ਗਿਆ। ਫਿਰ ਸਮਾਜ ਦੇ ਲਿਤਾੜੇ ਹੋਏ ਕਿਰਤੀ-ਵਰਗ ਦੀ ਆਰਥਕ ਜਾਂ ਖੁਸ਼ਹਾਲੀ ਦਾ ਪ੍ਰਸ਼ਨ ਉਠਣਾ ਆਵੱਸ਼ਕ ਸੀ। ਚਾਤ੍ਰਿਕ ਨੇ ਇਸ ਸਮਾਜਵਾਦੀ ਵਿਸ਼ੇ ਨੂੰ 'ਨਵਾਂ ਜਹਾਨ' ਤੇ 'ਸੂਫ਼ੀਖਾਨਾਂ' ਕਾਵਿ-ਸੰਗ੍ਰਹਿਆਂ ਵਿਚ ਪੂਰੀ ਹਮਦਰਦੀ ਨਾਲ ਅਪਣਾਇਆ। ਚਾਤ੍ਰਿਕ ਪਹਿਲਾਂ ਲਿਖਦਾ ਸੀ, ਫਿਰ ਜਦ ਉਸ ਦਾ ਅਨੁਭਵ ਰਵਾਇਤੀ ਤੋਂ ਉੱਚਾ ਉਠ ਕੇ ਸਮਾਜਕ ਲੋੜਾਂ ਤੇ ਸੰਦਰਭਾਂ ਦਾ ਧਾਰਨੀ ਹੋ ਗਿਆ ਤਾਂ ਉਹ ਸਮਾਜਕ ਯਥਾਰਥ ਤੇ ਲੋਕਿਕ ਸੰਘਰਸ਼ ਦੀ ਗੱਲ ਕਰਨ ਲੱਗਾ ਪਰੰਤੂ ਆਦਿ ਤੋਂ ਅੰਤ ਤਕ ਉਸ ਦਾ ਮੂਲ ਸੰਦਰਭ ਸਮਾਜਕ ਹੀ ਰਿਹਾ।

**4. ਪ੍ਰਾਕਿਰਤੀ ਚਿਤਰਨ :** ਚਾਤ੍ਰਿਕ ਦੇ ਸੌਂਦਰਯ-ਅਨੁਭਵ ਵਿਚੋਂ ਆਦਰਸ਼ ਨਾਲੋਂ ਯਥਾਰਥ ਦਾ ਰੰਗ ਵਧੇਰ ਹੈ। ਇਸ ਦੇ ਉਲਟ ਭਾਈ ਵੀਰ ਸਿੰਘ ਅਤੇ ਪੂਰਨ ਸਿੰਘ ਵਿਚ ਸੁੰਦਰਤਾ ਸਦਾ ਆਦਰਸ਼ਕ ਰੰਗ-ਰੂਪ ਦੀ ਧਾਰਨੀ ਹੋ ਕੇ ਪ੍ਰਗਟ ਹੁੰਦੀ ਹੈ। ਚਾਤ੍ਰਿਕ ਪ੍ਰਕਿਰਤੀ ਦਾ ਸੁਹਜ ਇੰਨ-ਬਿੰਨ ਸਿੱਧੇ ਤੌਰ 'ਤੇ ਅਨੁਭਵ ਕਰਕੇ ਉਸੇ ਤਰ੍ਹਾਂ ਇੰਨ ਬਿੰਨ ਸਿੱਧੇ ਤੌਰ 'ਤੇ (ਯਥਾਰਥ ਦੀਆਂ ਬੁਰਸ਼ ਛੋਹਾਂ ਨਾਲ) ਕਾਵਿ ਸ਼ੈਲੀ ਦੇ ਸੁਹਜ ਰਾਹੀਂ ਚਿਤਰਤ ਕਰ ਦੇਂਦਾ ਹੈ। ਇਹ ਉਸ ਦੀ ਇਥੇ ਬੇਮਿਸਾਲ ਕਾਵਿ ਪ੍ਰਾਪਤੀ ਹੈ। ਚਾਤ੍ਰਿਕ ਤੋਂ ਪਿੱਛੋਂ ਮੋਹਨ ਸਿੰਘ ਦਾ ਪ੍ਰਕਿਰਤੀ ਚਿਤਰਨ ਏਨਾ ਸੁਭਾਵਕ ਨਹੀਂ ਜਿੰਨ੍ਹਾਂ ਕਿ ਕਲਾਤਮਕ ਤੇ ਬਨਾਵਟੀ।

**4. ਕਲਾ ਕੌਸ਼ਲ :** ਚਾਤ੍ਰਿਕ ਛੰਦਾ-ਬੰਦੀ ਦਾ ਮਾਹਰ ਤੇ ਉਸਤਾਦ ਕਵੀ ਹੈ। ਇਹ ਉਸ ਦੇ ਕਲਾ ਕੌਸ਼ਲ ਦੀ ਬੁਨਿਆਦੀ ਚੂਲ ਵੀ ਹੈ ਤੇ ਪ੍ਰਮਾਣ ਵੀ। ਉਸ ਨੇ ਆਪ ਆਪਣੀ ਸਵੈ-ਜੀਵਨੀ ਵਿਚ ਲਿਖਿਆ ਹੈ ਕਵਿਤਾ ਲਿਖਣ ਦੇ ਮੁੱਢਲੇ ਸਮੇਂ ਵਿਚ ਉਸ ਨੇ ਕਈ ਪਿੰਗਲ ਸ਼ਾਸਤਰ ਪੜ੍ਹੇ ਤੇ ਇਸ ਤਰ੍ਹਾਂ ਛੰਦਾਬੰਦੀ ਦੀ ਨਿਪੁੰਨਤਾ ਪ੍ਰਾਪਤ ਕੀਤੀ ਜੋ ਪਿਛੋਂ ਉਸ ਦੇ ਕਲਾ ਕੌਸ਼ਲ ਦਾ ਵੱਡਾ ਗੁਣ ਸਿੱਧ ਹੋਇਆ। ਚਾਤ੍ਰਿਕ ਨੇ ਕਈ ਕਾਵਿ ਰੂਪ ਤੇ ਛੰਦ ਸੁਚੱਜਤਾ ਅਤੇ ਕਲਾ ਨਿਪੁੰਨਤਾ ਦੇ ਸੱਚੇ ਵਿਚ ਢਾਲ ਕੇ ਪੇਸ਼ ਕੀਤੇ ਹਨ, ਜਿਵੇਂ ਗ਼ਜ਼ਲ, ਗੀਤ, ਰੁਬਈ, ਦੋਹੜਾ, ਬੈਂਤ, ਕਾਫ਼ੀ ਆਦਿ। ਇਸੇ ਕਰਕੇ ਉਹ ਨਵੀਨ ਛੋਟੀ ਕਵਿਤਾ ਦਾ ਪੂਰਨ ਉਸਤਾਦ ਕਵੀ ਮੰਨਿਆ ਜਾਂਦਾ ਹੈ। ਚਾਤ੍ਰਿਕ ਦੀ ਕਵਿਤਾ ਦਾ ਸਭ ਤੋਂ ਮੁੱਖ ਤੱਤ ਸ਼ੈਲੀ ਤੇ ਬੋਲੀ ਦਾ ਕਮਾਲ ਹੈ। ਚਾਤ੍ਰਿਕ ਦੀ ਸ਼ੈਲੀ ਤੇ ਬੋਲੀ ਵਾਰਿਸ, ਬੁੱਲ੍ਹੇ ਸ਼ਾਹ, ਹਾਸ਼ਮ, ਫ਼ਜ਼ਲ ਸ਼ਾਹ ਆਦਿ ਦੀ ਯਾਦ ਦਿਵਾਉਂਦੀ ਹੈ।

## ਮੋਹਨ ਸਿੰਘ

ਪ੍ਰੋ. ਮੋਹਨ ਸਿੰਘ ਪੰਜਾਬੀ ਕਵਿਤਾ ਦਾ ਵੱਖਰੇ ਸਵਰ ਵਾਲਾ ਕਵੀ ਹੈ। ਆਧੁਨਿਕ ਪੰਜਾਬੀ ਕਾਵਿ ਪਰੰਪਰਾ ਦੇ ਮੁੱਢਲੇ ਕਵੀ ਭਾਈ ਵੀਰ ਸਿੰਘ ਤੋਂ ਵੱਖਰੀ ਕਿਸਮ ਦੀ ਕਵਿਤਾ ਸਿਰਜਣ ਵਾਲਾ ਕਵੀ ਹੈ। ਪ੍ਰੋ. ਮੋਹਨ ਸਿੰਘ ਨੇ ਨਵੇਂ ਛੰਦ, ਨਵੇਂ ਅਲੰਕਾਰ ਅਤੇ ਸੁਭਾਵਕ ਮੁਹਾਵਰੇ ਵਾਲੀ ਸ਼ਬਦਾਵਲੀ ਨੂੰ ਆਧਾਰ ਬਣਾ ਕੇ ਕਵਿਤਾ ਲਿਖੀ ਹੈ। ਮੋਹਨ ਸਿੰਘ ਪੰਜਾਬੀ ਸਾਹਿਤ ਵਿਚ ਪਹਿਲਾ ਕਵੀ ਹੈ ਜਿਸ ਨੇ ਪੁਰਾਣੀਆਂ ਲੀਹਾਂ ਅਤੇ ਪੰਜਾਬੀ ਸਾਹਿਤ ਦੀ ਪੁਰਾਤਨ ਪਰੰਪਰਾ ਨੂੰ ਛੱਡ ਕੇ ਨਵੀਆਂ ਲੀਹਾਂ ਤੇ ਨਵੀਨ ਪੰਜਾਬੀ ਸਾਹਿਤ ਦੀ ਪਰੰਪਰਾ ਦਾ ਠੁੱਕ ਬੱਧਾ। ਦੂਜੇ ਸ਼ਬਦਾਂ ਵਿਚ ਉਹ ਪੰਜਾਬੀ ਦਾ ਪਹਿਲਾ ਆਧੁਨਿਕ ਕਵੀ ਹੈ ਜਿਸ ਨੂੰ ਪੂਰਨ ਭਾਂਤ ਆਧੁਨਿਕ ਕਹਿ ਸਕਦੇ ਹਾਂ।

ਮੋਹਨ ਸਿੰਘ ਦੀ ਆਧੁਨਿਕਤਾ ਦੇ ਕਈ ਕਾਰਨ ਹਨ :

1. ਉਸ ਦੀ ਨਿਰੋਲ ਆਧੁਨਿਕ ਵਿਦਿਆ-ਪ੍ਰਾਪਤੀ।
2. ਪੱਛਮੀ ਸਾਹਿਤ ਦਾ ਡੂੰਘਾ ਪ੍ਰਭਾਵ, ਖ਼ਾਸ ਕਰ ਕੇ ਅੰਗਰੇਜ਼ੀ ਕਵਿਤਾ ਦਾ।
3. ਉਸ ਦਾ ਆਧੁਨਿਕ ਤੇ ਯਥਾਰਥਵਾਦੀ ਸੁਭਾ।

ਸਾਵੇ ਪੱਤਰ, ਕੁਸੰਭੜਾ, ਅਧਵਾਟੇ, ਕੱਚ ਸੱਚ, ਅਵਾਜ਼ਾਂ, ਵੱਡਾ ਵੇਲਾ, ਜੰਦਰੇ, ਜੈਮੀਰ, ਬੂਹੇ, ਨਨਕਾਇਣ ਆਦਿ ਪ੍ਰਗਤੀਵਾਦ ਦੀ ਵਿਚੋਲਗੀ ਨਾਲ ਰਚੀਆਂ ਮੋਹਨ ਸਿੰਘ ਦੀਆਂ ਕਵਿਤਾਵਾਂ ਪੰਜਾਬੀ ਜੀਵਨ ਦੀ ਗਤੀਸ਼ੀਲਤਾ ਤੇ ਦਿਸ਼ਾ ਦੀਆਂ ਸਾਖੀਆਂ ਹੋਣ ਕਾਰਨ ਰਾਜਸੀ-ਸਭਿਆਚਾਰਕ ਸੱਚ ਦਾ ਪ੍ਰਗਟਾਅ ਵੀ ਹਨ।

ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿਚ ਸਮੂਹਿਕ ਧਾਰਮਿਕ ਸਭਿਆਚਾਰ ਚੇਤਨਾ ਦੀ ਥਾਂ ਵਿਅਕਤੀਗਤ ਜਜ਼ਬੇ ਦੇ ਬਾਹਰਮੁਖੀ ਪ੍ਰਸੰਗ ਨੂੰ ਰਚਨਾ ਦਾ ਕੇਂਦਰ ਬਣਾਇਆ ਗਿਆ ਹੈ। ਮੋਹਨ ਸਿੰਘ ਦੀ ਬਹੁਤੀ ਕਵਿਤਾ ਦੀ ਰਚਾ ਪ੍ਰਗਤੀਸ਼ੀਲ ਲਹਿਰ ਅਤੇ ਕਮਿਊਨਿਸਟ-ਵਿਵਹਾਰਕ ਨੀਤੀਆਂ ਦੇ ਵਿਕਾਸ ਦੇ ਪ੍ਰਭਾਵ ਅਧੀਨ ਹੋਈ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਸਮਕਾਲੀ ਸਮਾਜ ਵਿਰੁੱਧ ਵਿਦਰੋਹ ਬਣ ਕੇ ਪੇਸ਼ ਹੁੰਦੀ ਦੇਖੀ

ਜਾ ਸਕਦੀ ਹੈ। ਉਨ੍ਹਾਂ ਦੀ ਕਵਿਤਾ ਵਿਚ ਪੇਸ਼ ਹੋਇਆ ਪਿਆਰ-ਚਿਤਰ ਵਰਤਮਾਨ ਸਭਿਆਚਾਰ ਵਿਰੁੱਧ ਵਿਦਰੋਹ ਹੈ।

ਮੋਹਨ ਸਿੰਘ ਆਪਣੀ ਕਵਿਤਾ ਰਾਹੀਂ ਹਥਿਆਰਬੰਦ ਵਿਦਰੋਹ ਭਾਵ ਕ੍ਰਾਂਤੀਕਾਰੀ ਅਮਲ ਦਾ ਸੰਦੇਸ਼ ਦਿੰਦਾ ਹੈ ਤਾਂ ਜੋ ਵਰਤਮਾਨ ਸਮੇਂ ਦੀ ਗੁਲਾਮੀ/ਜ਼ਿਹਨੀ ਗੁਲਾਮੀ ਵਿਚ ਜਕੜੇ ਹੋਏ ਮਨੁੱਖ ਆਜ਼ਾਦ ਹੋ ਸਕਣ। ਪ੍ਰੋ. ਮੋਹਨ ਸਿੰਘ ਆਪਣੇ ਕਿਰਤੀਆਂ ਕਿਸਾਨਾਂ ਨੂੰ ਇੱਕ ਝੰਡੇ ਹੇਠ ਇਕੱਠੇ ਹੋ ਕੇ ਖੱਬੇ-ਪੱਖੀ ਵਿਚਾਰ ਸੰਗਰਾਮ ਅਧੀਨ ਇਨਕਲਾਬੀ ਅਮਲ ਦਾ ਸੰਦੇਸ਼ ਦਿੰਦੇ ਹਨ।

ਕਈ ਵਿਦਵਾਨਾਂ ਨੇ ਮੋਹਨ ਸਿੰਘ ਬਾਰੇ ਆਪਣੀ ਰਾਇ ਦਿੱਤੀ ਹੈ :

ਚਿੰਤਨ ਦਾ ਸ਼ਾਇਰ (ਸਤਿਨਾਮ ਸਿੰਘ ਸੰਧੂ)

ਮੋਹਨ ਸਿੰਘ ਕਾਵਿ : ਨਿੱਜ ਤੋਂ ਪਰ ਵੱਲ ਦੀ ਪਰਵਾਜ਼ (ਡਾ. ਗੁਰਦੀਪ ਸਿੰਘ ਸੰਧੂ)

ਪ੍ਰੋ. ਮੋਹਨ ਸਿੰਘ ਦਾ ਕਾਵਿ-ਸਫ਼ਰ 'ਸਾਵੇ-ਪੱਤਰ' ਤੋਂ 'ਬੂਹੇ' ਤਕ 1936 ਤੋਂ 1977 ਤਕ ਦੇ ਲੰਬੇ ਇਤਿਹਾਸਕ ਦੌਰ ਤਕ ਫ਼ੈਲਿਆ ਹੋਇਆ ਹੈ। ਪ੍ਰੋ. ਮੋਹਨ ਸਿੰਘ ਦੀ ਕਾਵਿ ਸਿਰਜਣਾ ਦਾ ਪ੍ਰਮੁੱਖ ਪ੍ਰੇਰਨਾ ਸਰੋਤ ਉਸ ਦੀ ਨਿੱਜ-ਪੀੜਾ ਹੀ ਬਣਦੀ ਹੈ। ਬਸੰਤ ( ਪ੍ਰੋ. ਮੋਹਨ ਸਿੰਘ ਦੀ ਪਤਨੀ) ਦੀ ਮੌਤ ਤੋਂ ਉਪਜੀ ਵਿਯੋਗ ਦੀ ਪੀੜ ਹੀ ਅੱਥਰੂਆਂ ਦੇ ਰੂਪ ਵਿਚ ਉਸ ਦੀ ਪਹਿਲੀ ਕਾਵਿ-ਸਿਰਜਣਾ ਦਾ ਆਧਾਰ ਬਣਦੀ ਹੈ। ਮੋਹਨ ਸਿੰਘ ਦੀ ਇਹ ਨਿੱਜ-ਵੇਦਨਾ ਹੀ ਉਸ ਦੇ ਕਾਵਿ-ਸਿਰਜਨਾ ਦੇ ਅਗਲੇਰੇ ਪੜਾਅ ਵਿਚ ਪਹੁੰਚ ਕੇ ਲੋਕ-ਵੇਦਨਾ ਵਿਚ ਵਟ ਜਾਂਦੀ ਹੈ।

ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿਚੋਂ ਉਸ ਦੀ ਸਮਾਜਿਕ ਸੂਝ ਦਾ ਝਲਕਾਰਾ ਮਿਲਦਾ ਹੈ। ਉਹ ਇਸ ਹਕੀਕਤ ਨੂੰ ਜਾਣਦਾ ਹੈ ਕਿ ਸਮਾਜ ਦੀ ਵੰਡ ਹੋ ਚੁੱਕੀ ਹੈ। ਸਮਾਜ ਦਾ ਇਕ ਹਿੱਸਾ ਲੁੱਟਿਆ ਜਾ ਰਿਹਾ ਹੈ ਅਤੇ ਦੂਸਰਾ ਲੁੱਟ ਰਿਹਾ ਹੈ। ਪ੍ਰੋ. ਮੋਹਨ ਸਿੰਘ ਨੇ ਜਿੱਥੇ ਪ੍ਰੀਤ-ਭਾਵਾਂ ਨੂੰ ਅਭਿਵਿਅਕਤ ਕਰਨ ਵਾਲੀ ਪ੍ਰੀਤ-ਕਵਿਤਾ ਦੀ ਸਿਰਜਣਾ ਕੀਤੀ ਹੈ ਉਥੇ ਨਾਲ ਹੀ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਉਭਾਰਿਆ ਹੈ। ਉਸ ਉੱਪਰ ਹੁੰਦੇ ਜ਼ੁਲਮਾਂ ਸਿਤਮਾਂ ਦੀ ਪੇਸ਼ਕਾਰੀ ਕੀਤੀ ਹੈ।

**ਲੋਕ ਪੱਖੀ ਚੇਤਨਾ ਦਾ ਕਵੀ (ਡਾ. ਸਤਨਾਮ ਸਿੰਘ ਜੱਸਲ)**

ਪ੍ਰੋ. ਮੋਹਨ ਸਿੰਘ ਆਪਣੀ ਕਵਿਤਾ ਵਿਚ ਧਰਮ ਅਤੇ ਜਾਤ-ਪਾਤ ਦੀ ਵੰਡੀਆਂ ਦੀ ਗੱਲ ਕਰਦਾ ਲੋਕਾਂ ਨੂੰ ਸੁਚੇਤ ਵੀ ਕਰਦਾ ਹੈ। ਉਹ ਜ਼ਿੰਦਗੀ ਜਿਊਣ ਦੀ ਖੁੱਲ੍ਹ ਵੀ ਭਾਲਦਾ ਹੈ। ਪ੍ਰੋ ਮੋਹਨ ਸਿੰਘ ਇਕ ਅਜਿਹੀ ਭਾਈਚਾਰਕ ਸਾਂਝ ਪੈਦਾ ਕਰਨ ਦਾ ਇੱਛਕ ਹੈ ਜਿਹੜੀ ਜਾਤ-ਪਾਤ, ਧਰਮ ਆਦਿ ਦੀਆਂ ਵੰਡੀਆਂ ਤੋਂ ਉੱਪਰ ਹੋਵੇ। ਉਹ ਤਾਂ ਇਥੋਂ ਤੱਕ ਆਖਦਾ ਹੈ ਕਿ ਉਸ ਦੀ ਲਿਖਤ ਦਾ ਉਦੇਸ਼ ਹੀ ਸਾਂਝੀਵਾਲਤਾ ਹੈ।

ਪ੍ਰੋ. ਮੋਹਨ ਸਿੰਘ ਸਮਕਾਲੀ ਸਮਾਜ ਵਿਚ ਧਰਮ ਦੀ ਕਾਰਗੁਜ਼ਾਰੀ ਤੋਂ ਕੇਵਲ ਨਾਖੁਸ਼ ਹੀ ਨਹੀਂ ਸਗੋਂ ਉਦਾਸੀਨ ਵੀ ਹੈ। ਧਰਮ ਦੇ ਪੈਰੋਕਾਰ ਲੋਕਾਂ ਨੂੰ 'ਰੱਬ' ਦੇ

ਚੱਕਰ ਵਿਚ ਪਾ ਕੇ ਨਿਪੁੰਸਕ ਬਣਾ ਛੱਡਦੇ ਹਨ। ਆਮ ਆਦਮੀ ਚਾਹੁੰਦਾ ਹੋਇਆ ਵੀ ਇਸ ਖ਼ਲਜਗਣ ਤੋ ਛੁਟਕਾਰਾ ਪਾ ਸਕਣ ਦੀ ਹਿੰਮਤ ਨਹੀਂ ਜੁਟਾ ਸਕਦਾ।

'ਕੁਸੰਭੜਾ' ਪੁਸਤਕ ਵਿਚ ਪਹੁੰਚ ਕੇ ਮੋਹਨ ਸਿੰਘ ਦੀਆਂ ਪੰਜਾਬ ਚੇਤਨਾ ਵਿਚ ਜੜ੍ਹਾਂ ਹੋਰ ਡੂੰਘੀਆਂ ਹੋ ਜਾਂਦੀਆਂ ਹਨ। ਮੋਹਨ ਸਿੰਘ ਬਹੁਤ ਡੂੰਘੀ ਤਰ੍ਹਾਂ ਪੰਜਾਬ ਦੀ ਮਿੱਟੀ, ਪੰਜਾਬ ਦੇ ਇਤਿਹਾਸ, ਪੰਜਾਬ ਦੇ ਸਭਿਆਚਾਰ ਤੇ ਪੰਜਾਬ ਦੀ ਵਿਲਖਣਤਾ ਨਾਲ ਜੁੜਿਆ ਹੋਇਆ ਹੈ। ਇਸ ਦਾ ਪ੍ਰਭਾਵ ਉਸ ਦੀ ਕਾਵਿ-ਸ਼ੈਲੀ ਤੇ ਵੀ ਹੈ। ਉਸ ਦੇ ਬਹੁਤ ਸਾਰੇ ਬਿੰਬ ਤੇ ਅਲੰਕਾਰ ਪੰਜਾਬ ਦੀ ਮਿੱਟੀ ਤੇ ਸਭਿਆਚਾਰ ਤੋਂ ਜਾਗਦੇ ਹਨ।

### ਅੰਮ੍ਰਿਤਾ ਪ੍ਰੀਤਮ

ਅੰਮ੍ਰਿਤਾ ਪ੍ਰੀਤਮ ਪੰਜਾਬ ਕਾਵਿ-ਇਤਿਹਾਸ ਵਿਚ ਉਹ ਸਨਮਾਨਯੋਗ ਹਸਤਾਖ਼ਰ ਹੈ, ਜਿਸਨੂੰ ਯੁੱਗ ਕਵਿਤਰੀ ਹੋਣ ਦਾ ਮਾਣ ਪ੍ਰਾਪਤ ਹੈ। ਅੰਮ੍ਰਿਤਾ ਪ੍ਰੀਤਮ ਨੇ ਸਮਕਾਲੀ ਰਾਜਨੀਤਿਕ, ਪ੍ਰਸਥਿਤੀਆਂ ਅਤੇ ਸਾਮਰਾਜਵਾਦ ਦੀ ਕਰੜੀ ਆਲੋਚਨਾ, ਆਜ਼ਾਦੀ ਦੇ ਸੰਗਰਾਮ, ਸਮਾਜਕ ਚੇਤਨਾ, ਪ੍ਰਗਤੀਵਾਦ, ਪਿਆਰ ਦੇ ਸੰਕਲਪ ਅਤੇ ਨਾਰੀ-ਚੇਤਨਾ ਨਾਲ ਸੰਬੰਧਿਤ ਵਿਸ਼ਿਆਂ ਨੂੰ ਆਪਣੀ ਕਵਿਤਾ ਵਿਚ ਬਾਖ਼ੂਬੀ ਨਿਭਾਉਂਦੇ ਹੋਏ ਹੇਠ ਲਿਖੇ ਕਾਵਿ-ਸੰਗ੍ਰਹਿ ਪੰਜਾਬੀ ਕਾਵਿ-ਸਾਹਿਤ ਦੀ ਝੋਲੀ ਪਾਏ : ਠੰਡੀਆਂ ਕਿਰਨਾਂ (1935), ਅੰਮ੍ਰਿਤਾ ਲਹਿਰਾਂ (1936), ਜਿਊਂਦਾ ਜੀਵਨ, ਤ੍ਰੇਲ ਧੋਤੇ ਫੁੱਲ, ੳ ਗੀਤਾਂ ਵਾਲਿਆ, ਬੱਦਲਾਂ ਦੇ ਪੱਲੇ ਵਿਚ, ਨਿੱਕੀ ਜਿਹੀ ਸਗਾਤ, ਲੋਕ ਪੀੜਾ, ਪੱਥਰ ਗੀਟੇ, ਲੰਮੀਆਂ ਵਾਟਾਂ, ਮੈਂ ਤਵਾਰੀਖ ਹਾਂ ਹਿੰਦ ਦੀ, ਸਰਘੀ ਵੇਲਾ, ਸੰਝ ਦੀ ਲਾਲੀ, ਚੇਤਰਨਾਮਾ, ਤ੍ਰਿੰਝਣ, ਦਰਵੇਸਾਂ ਦੀ ਮਹਿੰਦੀ, ਉਠ ਨੀ ਸਾਹਿਬਾਂ ਸੁਤੀਏ, ਸੁਨੇਹੜੇ, ਅਸ਼ੋਕਾ ਚੇਤੀ, ਕਸਤੂਰੀ, ਨਾਗਮਣੀ, ਕਾਗਜ਼ ਤੇ ਕੈਨਵਸ, ਮੈਂ ਜਮ੍ਹਾਂ ਤੂੰ (1977) ਆਦਿ।

ਅੰਮ੍ਰਿਤਾ ਪ੍ਰੀਤਮ ਨੇ ਆਪਣੀ ਮੁੱਢਲੀ ਕਵਿਤਾ ਵਿਚ ਰੱਬੀ ਪਿਆਰ, ਧਰਮ, ਸਦਾਚਾਰ ਅਤੇ ਰਵਾਇਤੀ ਹੁਸਨ ਇਸ਼ਕ ਨਾਲ ਸੰਬੰਧਿਤ ਵਿਸ਼ੇ ਪੇਸ਼ ਕੀਤੇ। ਅੰਮ੍ਰਿਤਾ ਪ੍ਰੀਤਮ ਇਕ ਅਜਿਹੀ ਕਵਿਤਰੀ ਹੈ, ਜਿਸ ਦੀ ਕਵਿਤਾ ਵਿਚ ਜੀਵਨ ਦੀਆਂ ਸੱਚਾਈਆਂ ਮੌਜੂਦ ਰਹਿੰਦੀਆਂ ਹਨ। ਉਸਦੀ ਕਵਿਤਾ ਸਾਡੇ ਮਨਾਂ ਨੂੰ ਹਲੂਣਦੀ ਹੈ। ਉਸਨੇ ਬੁਰਜੂਆ ਸ਼੍ਰੇਣੀ, ਪੂੰਜੀਵਾਦੀ ਅਰਥਚਾਰੇ, ਅਮੀਰ ਸ਼੍ਰੇਣੀ ਦੀ ਲੋਟੂ ਬਿਰਤੀ ਉੱਪਰ ਤਿੱਖੇ ਹਮਲੇ ਕੀਤੇ। ਉਸਦੀ ਕਵਿਤਾ ਵਿਚ ਜੋ ਵਿਸ਼ੇ ਪੇਸ਼ ਹੋਏ, ਉਹ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਅਤੇ ਯਥਾਰਥਕ ਨੂੰ ਰੂਪਮਾਨ ਕਰਦੇ ਹਨ। ਅੰਮ੍ਰਿਤਾ ਪ੍ਰੀਤਮ ਦੀ ਪ੍ਰਗਤੀਵਾਦੀ ਕਵਿਤਾ ਨਿਓਟਿਆਂ ਲਈ ਬੇਜ਼ੁਬਾਨਿਆਂ ਲਈ ਜ਼ੁਬਾਨ ਬਣਦੀ ਹੈ। ਉਸਦੀ ਕਲਮ ਦੀ ਸ਼ਕਤੀ ਕਿਰਤੀਆਂ ਦੀ ਸ਼ਕਤੀ ਬਣਦੀ ਨਜ਼ਰ ਆਉਂਦੀ ਹੈ। 1947 ਦੀ ਵੰਡ ਵੇਲੇ ਹੋਏ ਕਤਲੇਆਮ, ਫਸਾਦਾਂ ਅਤੇ ਦੰਗਿਆਂ ਨੇ ਜਿੱਥੇ ਸਮੁੱਚੀ ਮਾਨਵਤਾ ਨੂੰ ਹਲੂਣ ਕੇ ਰੱਖ ਦਿੱਤਾ, ਉਥੇ ਦੁਨੀਆਂ ਦਾ ਚਾਨਣ ਕਹੇ ਜਾਣ ਵਾਲੇ ਸਾਹਿਤਕਾਰਾਂ ਦੇ ਕੋਮਲ ਹਿਰਦੇ ਵੀ ਵਲੂੰਧਰੇ ਗਏ। ਅੰਮ੍ਰਿਤਾ ਪ੍ਰੀਤਮ ਨੇ ਇਸ ਦੁਖਾਂਤ ਨੂੰ ਆਪਣੇ 'ਤੇ

ਹੰਢਾਇਆ ਹੈ ਅਤੇ ਇਸਦਾ ਪ੍ਰਗਟਾਵਾ ਆਪਣੀਆਂ ਕਾਵਿ-ਪੁਸਤਕਾਂ ਵਿਚ ਭਲੀ-ਭਾਂਤੀ ਪੇਸ਼ ਕੀਤਾ ਹੈ।

**ਬਾਵਾ ਬਲਵੰਤ**

ਬਾਵਾ ਬਲਵੰਤ ਇਕ ਅਦਭੁਤ ਵਿਅਕਤੀਤਵ ਦਾ ਮਾਲਕ ਹੈ, ਜਿਸ ਵਿਚ ਕਈ ਪਰਸਪਰ ਵਿਰੋਧੀ ਗੁਣਾਂ ਦੇ ਬਾਵਜੂਦ ਵੀ ਇਕ ਮੂਲ ਏਕਤਾ ਪਾਈ ਜਾਂਦੀ ਹੈ। ਪੰਜਾਬੀ ਕਵਿਤਾ ਸੰਨ 1936-37 ਵਿਚ ਲਿਖਣੀ ਆਰੰਭ ਕੀਤੀ। ਮਹਾਨਾਚ, ਅਮਰਗੀਤ, ਜਵਾਲਾਮੁਖੀ, ਬੰਦਰਗਾਹ, ਸੁਗੰਧ ਸਮੀਰ ਛਪੀਆਂ। ਬਾਵਾ ਬਲਵੰਤ ਦਾ ਪ੍ਰੇਰਣਾ ਸਰੋਤ ਤਾਂ ਪਿਆਰ ਹੀ ਹੈ। 'ਸੁਨਹਿਰੀ ਸ਼ਾਮ' ਤੇ 'ਪੁਨਰ ਬੇੜੀ' ਆਦਿ ਪਹਿਲੀਆਂ ਕਵਿਤਾਵਾਂ 'ਕ੍ਰਿਸ਼ਨਾ' ਬਾਰੇ ਹੀ ਹਨ। ਮਹਾਂਕਾਵਿ ਅਤੇ ਅਮਰਗੀਤ ਰਹੱਸਮਈ ਕਾਵਿ-ਸੰਗ੍ਰਹਿ ਹਨ।

**ਮਹਾਂਨਾਚ :** ਛਾਇਆਵਾਦ ਦੀਆਂ ਬਹੁਤ ਸਾਰੀਆਂ ਸੁੰਦਰ ਰਚਨਾਵਾਂ ਇਸੇ ਸੰਗ੍ਰਹਿ ਵਿਚ ਦਰਜ ਹਨ ਪਰਛਾਵੇਂ, ਸੁਨਿਹਰੀ ਸ਼ਾਮ, ਸ਼ਾਮ ਦੀ ਲਾਲੀ, ਆਦਿ ਇਸ ਦੇ ਸੁੰਦਰ ਨਮੂਨੇ ਹਨ। ਕਲਾ ਦੇ ਪੱਖੋਂ ਵੀ ਇਹ ਸੰਗ੍ਰਹਿ ਉਸ ਵੇਲੇ ਦੇ ਸਮੁੱਚੇ ਪੰਜਾਬੀ ਕਾਵਿ ਵਿਚ ਆਪਣੀ ਮਿਸਾਲ ਆਪ ਹੈ। ਇਸ ਵਿਚ ਕਲਪਨਾ ਦੇ ਉੱਚ ਨਮੂਨੇ ਹਨ, ਸ਼ਬਦ-ਚਿਤਰ ਹਨ, ਅਲੰਕਾਰ ਇਸ ਨੂੰ ਹੋਰ ਵੀ ਸ਼ਿੰਗਾਰ ਰਹੇ ਹਨ।

**ਅਮਰ ਗੀਤ :** ਇਸ ਪੁਸਤਕ ਦਾ ਮੁੱਖ ਵਿਸ਼ਾ ਕਿਸੇ ਮਹਾਂ ਜੋਤੀ ਦੇ ਗੀਤ ਗਾਉਣਾ ਹੈ। ਇਸ ਵਿਚ ਆਈਆਂ ਰਹੱਸਵਾਦੀ ਕਵਿਤਾਵਾਂ ਇਸ ਪ੍ਰਕਾਰ ਹਨ : ਪਿੱਪਲ ਦੀਆਂ ਛਾਵਾਂ, ਵਣਜਾਰੇ, ਮੋਤੀਏ।, ਦੀਪਕ ਗੀਤ, ਰੋਸ਼ਨੀ ਲਈ , ਬੇੜੀ ਗ਼ਜ਼ਲ, ਤੇਰੇ ਗੀਤ, ਮੁਰਲੀ, ਅਰਜ਼ੋਈ ਆਦਿ।

**ਜਵਾਲਾਮੁਖੀ :** ਜਵਾਲਾਮੁਖੀ ਵਿਚ ਕਵੀ ਦੀ ਸਮਾਜਿਕ ਚੇਤਨਾ ਪ੍ਰਖਰ ਹੋ ਉਠੀ ਹੈ, ਜੇ ਕਹੀਏ ਕਿ ਕਵੀ ਨੇ ਨਿਰੀ ਜਵਾਲਾ ਵਰ੍ਹਾਈ ਹੈ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਕਵੀ ਨੇ ਇਸ ਪੁਸਤਕ ਰਾਹੀਂ ਆਪਣੀ ਦੇਸ਼ ਭਗਤੀ ਦੀ ਕਲਪਣਾ ਨੂੰ ਵੀ ਬੁਲੰਦ ਕੀਤਾ ਹੈ।

**ਬੰਦਰਗਾਹ :** ਇਸ ਪੁਸਤਕ ਦਾ ਮੁਖ ਸੁਰ ਰਹੱਸਵਾਦ ਤੇ ਪਿਆਰ ਹੈ, ਉਂਝ ਭਾਵੇਂ ਆਦਮੀ ਤੇ ਜੀਵਨ, ਕੁਦਰਤ ਤੇ ਛਾਇਆਵਾਦ, ਮਿਥਿਹਾਸ, ਪਰੰਪਰਾ, ਪ੍ਰਗਤੀਵਾਦ ਤੇ ਸਮਾਜਵਾਦ ਵੀ ਇਸ ਦੇ ਵਿਸ਼ੇ ਹਨ।

**ਸੁਗੰਧ ਸਮੀਰ :** ਇਸ ਪੁਸਤਕ ਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ 1949 ਦੀ ਸਰਵ-ਸ੍ਰੇਸ਼ਟ ਪੰਜਾਬੀ ਰਚਨਾ ਘੋਸ਼ਿਤ ਕੀਤਾ ਗਿਆ ਹੈ।

ਬਾਵਾ ਬਲਵੰਤ ਜੀ ਨੇ ਛਾਇਆਵਾਦ ਦੇ ਸਭ ਤੋਂ ਸੁੰਦਰ ਨਮੂਨੇ ਪੇਸ਼ ਕੀਤੇ ਹਨ। ਬਾਵਾ ਬਲਵੰਤ ਦੀ ਕਵਿਤਾ ਨੂੰ ਪੰਜਾਬੀ ਜਗਤ ਨੇ ਭਾਂਜਵਾਦੀ ਪ੍ਰਤਿਭਾ ਜਾਂ ਬਿੰਬਵਾਦੀ ਕਹਿ ਕੇ ਵਿਸਾਰ ਛੱਡਿਆ ਹੈ। ਬਾਵਾ ਜੀ ਕੇਵਲ ਕੁਦਰਤ ਦਾ ਮਾਨਵੀਕਰਨ ਕਰ ਕੇ ਉਸ ਨੂੰ ਦੇਹਧਾਰੀ ਮਹਾਂਪ੍ਰਾਣੀ ਹੀ ਮੰਨਦੇ ਹਨ, ਸਗੋਂ ਉਸ ਨੂੰ ਮਾਂ ਵਰਗਾ ਸੱਚਾ ਤੇ ਸੁੱਚਾ ਰੁਤਬਾ ਵੀ ਦਿੰਦੇ ਹਨ। ਕਵੀ ਛਾਇਆਵਾਦ ਦਾ ਵਰਣਨ ਕਰਦਾ ਹੋਇਆ ਕੁਦਰਤ

ਵਿਚ ਜਾਂ ਹੋਰ ਸ਼ਿੰਗਾਰਕ ਭਾਵਨਾ ਦੇ ਚਿਤਰਣ ਆਦਿ ਵਿਚ ਇਤਨਾ ਮਸਤ ਨਹੀਂ ਹੋ ਜਾਂਦਾ ਕਿ ਉਹ ਸਮਾਜਿਕ ਕਰਮ ਨੂੰ ਭੁੱਲ ਜਾਵੇ। ਉਹ ਛਾਇਆ ਵਾਦ ਵਿਚ ਵੀ ਸਮਾਜਵਾਦੀ ਸੀ। 'ਮਹਾਂਨਾਚ' ਦੀ ਕਵਿਤਾ 'ਪਰਛਾਵੇਂ' ਸ਼ਾਇਦ ਬਾਵਾ ਜੀ ਦੀ ਛਾਇਆਵਾਦੀ ਕਵਿਤਾ ਦਾ ਸਭ ਤੋਂ ਸੁੰਦਰ ਨਮੂਨਾ ਹੈ।

ਬਾਵਾ ਬਲਵੰਤ ਨੇ ਵੀ ਗੁਰੂ ਨਾਨਕ ਜੀ ਵਾਂਗ ਸੂਰਜ ਆਦਿ ਨੱਛਤਰਾਂ ਨੂੰ ਉਸ ਮਹਾਨ ਸ਼ਕਤੀ ਦੇ ਅੰਗ ਉਪਾਂਗ ਦੱਸਿਆ ਹੈ। 'ਸਰਬ ਕਲਾ' ਵਿਚ ਇਸ ਪ੍ਰਕਾਰ ਦੇ ਨਮੂਨੇ ਭਲੀ ਭਾਂਤੀ ਪੇਸ਼ ਕੀਤੇ ਗਏ ਹਨ। ਬਾਵਾ ਬਲਵੰਤ ਦੇ ਇਸ ਪ੍ਰਕਾਰ ਦੇ ਰਹੱਸਵਾਦ ਦਾ ਰੂਪ ਬੰਦਰਗਾਹ ਦੀਆਂ ਕਵਿਤਾਵਾਂ ਵਿਚ ਬਹੁਤ ਹੀ ਸਫਲਤਾ ਨੂੰ ਛੂੰਹਦਾ ਵਿਖਾਈ ਦਿੰਦਾ ਹੈ। ਇਸ ਵਿਚ ਬਾਵਾ ਜੀ ਦਾ ਦ੍ਰਿਸ਼ਟੀਕੋਣ ਇਕ ਵਿਚਾਰਕ ਜਾਂ ਦਾਰਸ਼ਨਿਕ ਵਾਲਾ ਹੋ ਗਿਆ ਹੈ। ਪਰੰਤੂ ਬਾਵਾ ਜੀ ਦਾ ਇਹ ਰਹੱਸਵਾਦੀ ਰੰਗ ਛੇਤੀ ਹੀ ਸਮਾਪਤ ਹੋ ਗਿਆ। 'ਜਵਾਲਾਮੁਖੀ' 1943 ਵਿਚ ਛਪੀ ਅਤੇ ਇਸ ਪਿੱਛੋਂ ਕਿਸੇ ਵੀ ਸੰਗ੍ਰਹਿ ਵਿਚ ਕੋਈ ਵੀ ਕਵਿਤਾ ਇਸ ਰਹੱਸਵਾਦੀ ਪ੍ਰਭਾਵ ਨੂੰ ਸਵੀਕਾਰਦੀ ਨਹੀਂ ਹੈ। ਸਮਾਂ ਪਾ ਕੇ ਬਾਵਾ ਬਲਵੰਤ ਜੀ ਆਪਣੀ 'ਬੰਦਰਗਾਹ' ਨਾਮੀ ਕਵਿਤਾ ਅਧੀਨ ਪ੍ਰਗਤੀਵਾਦੀ ਸੁਰਾਂ ਨੂੰ ਵੀ ਪੇਸ਼ ਕਰਨ ਦਾ ਯਤਨ ਕਰਦਾ ਹੈ। ਜਵਾਲਾਮੁਖੀ ਕਵਿਤਾ ਵਿਚ ਉਹ ਦੇਸ਼-ਭਗਤੀ ਬਾਰੇ ਇਕ ਨਰੋਆ ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਕਵੀ ਦੇ ਮਨ ਵਿਚ ਪੁਰਾਤਨ ਕਲਾ-ਕਿਰਤਾਂ ਲਈ ਮਾਣ ਹੈ, ਕਿਉਂਕਿ ਉਸ ਨੂੰ ਦੇਸ਼ ਦੇ ਹਰ ਜ਼ੱਰੇ ਨਾਲ ਪਿਆਰ ਹੈ।

## ਹੋਰ ਕਲਾ ਰੂਪਾਂ ਦੀ ਅਜ਼ਮਾਈ

**ਮੂਰਤੀ ਕਲਾ :** ਬਾਵਾ ਜੀ ਨੇ ਮੂਰਤੀ ਕਲਾ ਬਾਰੇ ਘੱਟ ਹੀ ਲਿਖਿਆ ਹੈ ਤਾਂ ਇਸ ਨੂੰ ਅੱਖੋਂ ਓਹਲੇ ਨਹੀਂ ਕੀਤਾ ਗਿਆ। 'ਸੁਗੰਧ ਸਮੀਰ' ਨਾਂ ਦੀ ਕਵਿਤਾ 'ਇਲੋਰਾ' ਕਵੀ ਨੇ ਮੂਰਤੀ-ਕਲਾ ਬਾਰੇ ਵਿਚਾਰ ਬੜੇ ਹੀ ਸੁੰਦਰ ਢੰਗ ਨਾਲ ਪੇਸ਼ ਕੀਤੇ ਹਨ। ਜਿਸ ਤੋਂ ਪਤਾ ਲੱਗਦਾ ਹੈ ਕਿ ਕਵੀ ਨੇ ਇਸ ਕਲਾ ਬਾਰੇ ਵੀ ਖਾਸ ਦ੍ਰਿਸ਼ਟੀਕੋਣ ਅਪਣਾਇਆ ਹੈ।

**ਚਿਤਰਕਲਾ :** ਮਹਾਨਾਚ ਵਿਚ ਇਕ ਕਵਿਤਾ 'ਪਾਰੋ' ਹੈ ਜੋ ਚੁਗਤਾਈ ਜੀ ਦੀ ਇਕ ਅਣਛਪੀ ਤਸਵੀਰ ਪਾਰਬਤੀ ਨੂੰ ਦੇਖ ਕੇ ਲਿਖੀ ਗਈ ਸੀ।

**ਸੰਗੀਤ ਤੇ ਨਾਚ ਕਲਾ :** ਬਾਵਾ ਜੀ ਦੀਆਂ ਕਲਾ ਸੰਬੰਧੀ ਸੰਗੀਤ-ਕਲਾ ਅਤੇ ਨ੍ਰਿਤ ਕਲਾ ਬਾਰੇ ਸਭ ਤੋਂ ਵਧੇਰੇ ਵਿਚਾਰ ਪੇਸ਼ ਕੀਤੇ ਗਏ ਹਨ। ਕਵੀ ਰਾਗ ਜਾਂ ਸੰਗੀਤ ਨੂੰ ਏਨਾ ਮਹੱਤਵ ਦਿੰਦਾ ਹੈ ਕਿ ਇਨ੍ਹਾਂ ਤੋਂ ਬਿਨ੍ਹਾਂ ਕਵਿਤਾ ਨਹੀਂ ਲਿਖੀ ਜਾ ਸਕਦੀ। 'ਬੰਦਰਗਾਹ' ਵਿਚ ਕਈ ਕਵਿਤਾਵਾਂ ਸੰਗੀਤ ਬਾਰੇ ਆਈਆਂ ਹਨ। ਨ੍ਰਿਤ ਕਲਾ ਦੇ ਸੰਬੰਧ ਵਿਚ ਬਾਵਾ ਜੀ ਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ ਦਾ ਨਾਮ 'ਮਹਾਨਾਚ' ਰੱਖਿਆ। ਉਹ ਨਾਚਾਂ ਦੇ ਅਵਤਰਾ, ਵਿਸ਼ਵ ਕਲਾ ਦੇ ਅਸਲੇ ਪਾਸੋਂ ਮੰਗ ਕਰਦਾ ਹੈ ਕਿ ਉਹ ਦ੍ਰਿਸ਼ਟਮਾਨ ਚੀਜ਼ਾਂ ਨੂੰ ਸਮਾਪਤ ਕਰਕੇ ਆਪਣੇ ਨਾਚ ਦਾ ਹੀ ਇਕ ਅੰਗ ਬਣਾ ਲਵੇ।

**ਪਰੰਪਰਾ ਤੇ ਮਿਥਿਹਾਸ :** ਬਾਵਾ ਬਲਵੰਤ ਨੂੰ ਪਰੰਪਰਾ, ਸਭਿਅਤਾ ਆਦਿ ਬਾਰੇ ਜਾਣਨ ਦਾ ਮੌਕਾ ਘਰੋਂ ਲੱਭਿਆ। ਬਾਵਾ ਬਲਵੰਤ ਨੇ ਆਪਣੀਆਂ ਪੁਸਤਕਾਂ ਵਿਚ ਪੁਰਾਣਾ-ਵੇਦਾਂ ਆਦਿ ਦੇ ਹਵਾਲੇ ਦੇ ਕੇ ਪੰਜਾਬੀ ਸਾਹਿਤ ਨੂੰ ਇਕ ਨਵੀਂ ਦੇਣ ਬਖ਼ਸ਼ੀ ਹੈ।

## ਪ੍ਰੀਤਮ ਸਿੰਘ ਸਫ਼ੀਰ

ਸੱਤ ਦਹਾਕਿਆਂ (1929- 1999) ਦੇ ਇਸ ਲੰਬੇ ਵਕਫ਼ੇ ਦੇ ਦੌਰਾਨ, ਉਨ੍ਹਾਂ ਨੇ ਇਕ ਦਰਜਨ ਤੋਂ ਉੱਪਰ ਕਾਵਿ-ਸੰਗ੍ਰਹਿ ਪੰਜਾਬੀ ਜ਼ੁਬਾਨ ਨੂੰ ਦਿੱਤੇ।ਸੰਨ 1939 ਵਿਚ ਸਫ਼ੀਰ ਹੋਰਾਂ ਦੇ 'ਪੰਜ ਨਾਟਕ' ਪ੍ਰਕਾਸ਼ਤ ਹੋਏ ਅਤੇ ਸੰਨ 1935 ਤੱਕ ਲਿਖੀਆਂ ਉਨ੍ਹਾਂ ਦੀਆਂ ਗੀਤ-ਨੁਮਾ ਨਜ਼ਮਾ 'ਗਿਆਨ ਅੰਜਨੁ' ਸਿਰਲੇਖ ਹੇਠ, ਪਹਿਲੇ ਕਾਵਿ-ਸੰਗ੍ਰਹਿ ਵਿਚ ਪ੍ਰਕਾਸ਼ਿਤ ਹੋਈਆਂ। ਇਸ ਤੋਂ ਮਗਰੋਂ ਕੱਤਕ ਕੂੰਜਾਂ, ਪਾਪ ਦੇ ਸੋਹਿਲੇ, 'ਰਕਤ ਬੂੰਦਾਂ', ਰਾਗ ਰਿਸ਼ਮਾ, ਆਦਿ-ਜੁਗਾਦਿ, ਸਰਬ ਕਲਾ, ਗੁਰ ਗੋਬਿੰਦ, ਅਨਿਕ ਬਿਸਥਾਰ, ਅਗਮ ਅਗੋਚਰ, ਸੰਜੋਗ ਵਿਯੋਗ, ਸਿਫਤਿ ਸਾਲਾਹ ਆਦਿ ਸਿਲਸਿਲੇਵਾਰ ਗਿਆਰਾਂ ਹੋਰ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋਏ। ਸੰਨ 1987 ਵਿਚ ਸਫ਼ੀਰ ਹੋਰਾਂ ਦੀ ਇਸ ਸਮੁੱਚੀ ਕਾਵਿ-ਕਾਰਗੁਜ਼ਾਰੀ (12 ਕਾਵਿ-ਸੰਗ੍ਰਹਿਾਂ) ਨੂੰ ਪੰਜਾਬੀ ਅਕਾਦਮੀ, ਦਿੱਲੀ ਦੇ ਉਚੇਚੇ ਉੱਦਮ ਸਦਕਾ 'ਸਰਬ ਨਿਰੰਤਰ' ਸਿਰਲੇਖ ਹੇਠ ਮੁੜ ਪ੍ਰਕਾਸ਼ਿਤ ਕੀਤਾ ਗਿਆ।

'ਸਰਬ ਨਿਰੰਤਰਿ' ਸਮੇਤ, ਸਫ਼ੀਰ ਹੋਰਾਂ ਦੇ ਸਾਰੇ ਕਾਵਿ-ਸੰਗ੍ਰਹਿਾਂ ਦੇ ਸਿਰਲੇਖਾਂ ਦਾ ਸਿੱਧਾ ਸਰੋਕਾਰ, ਗੁਰਬਾਣੀ ਦੇ 'ਰਜਿਸਟਰ' ਨਾਲ ਹੈ। ਮਿਸਾਲ ਦੇ ਤੌਰ 'ਤੇ 'ਸਰਬ ਨਿਰੰਤਰਿ' ਸਿਰਲੇਖ ਨੂੰ ਹੀ ਲਉ। ਸ਼ਾਇਦ ਸਫ਼ੀਰ ਹੋਰਾਂ ਨੇ ਇਹ ਸਿਰਲੇਖ, ਪੰਜਵੇਂ ਗੁਰੂ (ਗੁਰੂ ਅਰਜਨ ਦੇਵ ਜੀ) ਦੀ 'ਗਉੜੀ ਰਾਗ' ਵਿਚ ਲਿਖੀ ਬਾਣੀ 'ਸੁਖਮਣੀ ਸਾਹਿਬ' ਦੀਆਂ ਪੰਕਤੀਆਂ ਤੋਂ ਲਿਆ ਹੈ। ਸਿਰਫ਼ 'ਰਾਗ ਰਿਸ਼ਮਾਂ' ਨੂੰ ਛੱਡ ਕੇ ਬਾਕੀ ਦੇ ਸਾਰੇ ਕਾਵਿ-ਸੰਗ੍ਰਹਿਾਂ ਦੇ ਮੁੱਢ ਵਿਚ ਇਸ ਰੀਤੀ ਨੂੰ ਬਾਖ਼ੂਬੀ ਨਿਭਾਇਆ ਹੈ। 'ਕੁਦਰਤ ਤੇ ਕਵੀ' ਦੇ ਸੰਗਮ-ਬਿੰਦੂ 'ਤੇ ਹੀ ਕਵਿਤਾ ਜਨਮ ਲੈਂਦੀ ਹੈ। ਇਹ ਸਫ਼ੀਰ ਹੋਰਾਂ ਦੇ ਕਾਵਿ-ਚਿੰਤਨ ਨਾਲ ਸੰਬੰਧਿਤ ਇਕ ਅਹਿਮ ਨੁਕਤਾ ਹੈ। ਸਫ਼ੀਰ ਦੀ ਸਮਾਨਤਾ ਬਾਵਾ ਬਲਵੰਤ ਨਾਲ ਹੈ।

ਸਫ਼ੀਰ ਵਿਚ 'ਬੌਧਿਕ' ਵਿਸ਼ੇ ਜਾਂ ਵਿਸ਼ਿਆਂ ਦੀ ਬੌਧਿਕਤਾ ਸਿਖ਼ਰ ਤੇ ਪੁੱਜੀ ਹੋਈ ਹੈ। ਉਹ ਸਦਾ ਇਕ ਉੱਚੇ ਬੌਧਿਕ ਧਰਾਤਲ ਉੱਤੇ ਖਲੋਤਾ ਪ੍ਰਤੀਤ ਹੁੰਦਾ ਹੈ। ਇਹ ਉਸ ਦੀ ਅਦੁੱਤੀ ਵਿਸ਼ੇਸ਼ਤਾ ਹੈ। ਵਿਚਾਰਸ਼ੀਲਤਾ ਉਸ ਦਾ ਵੱਡਾ ਗੁਣ ਹੈ। ਇਹ ਵੱਖਰੀ ਗੱਲ ਹੈ ਕਿ ਇਹ ਉਸ ਦਾ ਵਿਚਾਰ ਕਾਵਿਕ-ਸੱਚੇ ਵਿਚ ਪੂਰੀ ਤਰ੍ਹਾਂ ਢਲੇ ਕਿ ਨਾ ਢਲੇ। ਵਿਚਾਰਾਂ ਦੀ ਉਪਜ ਅਵੱਸ਼ ਉਸ ਦੀ ਕਾਵਿ-ਸਿਰਜਣਾ ਨੂੰ ਉਤੇਜਿਤ ਕਰਦੀ ਹੈ। ਉਸ ਦੇ ਵਿਚਾਰਾਂ ਦੀ ਸੀਮਾਂ ਨਿਸਚਿਤ ਨਹੀਂ ਹੋ ਸਕਦੀ। ਸਾਧਾਰਨ ਇਸਤਰੀ ਮਰਦ ਪਿਆਰ ਤੋਂ ਲੈ ਕੇ ਅਨਹਦ ਨਾਦ ਤਕ ਅਤੇ ਧਾਰਮਕ ਅਨੁਭਵ ਤੋਂ ਲੈ ਕੇ ਜੁਗ-ਗਰਦੀ ਤਕ ਸਭ ਵਿਸ਼ੇ ਉਸ ਦੇ ਚਿੰਤਨ ਖੇਤਰ ਵਿਚ ਆਉਂਦੇ ਹਨ।

ਸਫ਼ੀਰ ਦੀ ਇਤਿਹਾਸਕ ਕਵਿਤਾ 'ਇਹ ਹੈ ਕਿਲ੍ਹਾ ਆਨੰਦਗੜ੍ਹ' ਉਸ ਦੀਆਂ ਸਭ ਤੋਂ ਮਹਾਨ ਕਵਿਤਾਵਾਂ ਵਿਚ ਗਿਣੀ ਜਾ ਸਕਦੀ ਹੈ। ਇਸ ਕਵਿਤਾ ਦਾ ਵਿਸ਼ਾ ਬੋਧਿਕਤਾ ਤੇ ਵਿਚਾਰ-ਪੱਧਰ ਤੋਂ ਉੱਚਾ ਉਠ ਕੇ ਰਹੱਸਵਾਦੀ ਖੇਤਰਾਂ ਤਕ ਜਾ ਪੁੱਜਦੀ ਹੈ। ਸਫ਼ੀਰ ਦਾ ਅਨੁਭਵ, ਸਹਿਜ ਅਨੁਭਵ ਦੀ ਥਾਂ ਬੌਧਿਕ ਅਨੁਭਵ ਦੀ ਵਲਗਣ ਵਿਚ ਹੀ ਸੀਮਤ ਰਹਿੰਦਾ ਹੈ। ਅਧਿਆਤਮਕ ਮਹਾਨਤਾ ਦਾ ਅਨੁਭਵ ਕੁਝ ਇਨ੍ਹਾਂ ਸ਼ਬਦਾਂ ਵਿਚ ਅੰਕਿਤ ਕਰਨ ਦਾ ਉਸ ਦਾ ਜਤਨ ਅਤੀ ਸਫ਼ਲ ਤੇ ਮੌਲਿਕ ਹੈ :

ਏਥੇ ਡਿਠੀ ਕੁਦਰਤਾਂ
ਆਪਣੀ ਉਹ ਸਰਕਾਰ
ਜਯੋਤੀ ਜਿਸ ਦੀ ਜੀਅ ਰਹੀ
ਸਮਿਆਂ ਦੇ ਵਿਚਕਾਰ।

ਸਾਰੀ ਕਵਿਤਾ ਕਿਸੇ ਅਗੰਮੀ ਮਸਤੀ ਜਾਂ ਆਵੇਸ਼ ਵਿਚੋਂ ਉਪਜੀ ਹੈ। ਸਫ਼ੀਰ ਜਦ ਕੋਈ ਬੱਝਵਾਂ ਵਿਚਾਰ ਜਾਂ ਵਿਸ਼ਾ, ਖਾਸ ਕਰ ਕੇ ਸਮਾਜਕ ਜਾਂ ਇਤਿਹਾਸਕ ਵਿਸ਼ਾ ਪ੍ਰਗਟ ਕਰਦਾ ਹੈ ਤਾਂ ਛੰਦਾ ਬੰਦੀ ਤੇ ਰੂਪਕ ਕਮਲ ਦੀ ਸਿਖ਼ਰ ਵੀ ਛੋਹ ਲੈਂਦਾ ਹੈ। ਵਿਸ਼ੇ ਅਤੇ ਸ਼ੈਲੀ ਦਾ ਸੁਮੇਲ ਅਵੱਸ਼ ਮਹਾਨ ਕਵਿਤਾ ਉਪਜਾਂਦਾ ਹੈ। 'ਕੱਤਕ ਕੂੰਜਾਂ', 'ਬਰਸਾਤ ਹੈ ਨਾ', 'ਇਹ ਹੈ ਕਿਲ੍ਹਾ ਆਨੰਦਗੜ੍ਹ', 'ਗਾਂਧੀ ਜੀ ਦੇ ਜਾਣ ਵੇਲੇ', 'ਸਦੀਆਂ ਬੀਤਣ ਬਾਅਦ', 'ਅਮਨ', 'ਆਪਣੇ ਆਪ ਨੂੰ ਪਛਾਣ', 'ਕੱਖਾਂ ਦੀ ਕੁੱਲੀ', ਉਸ ਦੀਆਂ ਸਭ ਤੋਂ ਮਹਾਨ ਕਵਿਤਾਵਾਂ ਵਿਚੋਂ ਹਨ।

ਦੁੱਗਲ ਦੇ ਸ਼ਬਦਾਂ ਵਿਚ ਸਫ਼ੀਰ ਦੀ ਕਵਿਤਾ ਵਿਚ ਸੰਗੀਤ ਦਾ ਅੰਸ਼ ਅਧਿਕ ਹੈ ਜੋ ਵਿਚਾਰਾਂ ਨੂੰ ਕੋਮਲ ਤੇ ਸੁਹਜਵਾਦੀ ਬਨਾਉਣ ਵਿਚ ਸਹਾਈ ਹੋਇਆ ਹੈ। ਇਹ ਗੁਣ ਵੀ ਉਸ ਦਾ ਬਾਵਾ ਬਲਵੰਤ ਨਾਲ ਸਾਂਝਾ ਹੈ। ਭਾਵੇਂ ਸਫ਼ੀਰ ਖੁੱਲ੍ਹੀ ਕਵਿਤਾ ਰਚਦਾ ਪ੍ਰਤੀਤ ਹੁੰਦਾ ਹੈ ਪਰ ਅਸਲ ਵਿਚ ਉਹ ਬਾਵਾ ਬਲਵੰਤ ਤੇ ਅੰਮ੍ਰਿਤਾ ਪ੍ਰੀਤਮ ਵਾਂਗ, ਤੋਲ ਤੁਕਾਂਤ ਤੋਂ ਖੁੱਲ੍ਹੇ ਢੰਗ ਨਾਲ ਕਾਫ਼ੀ ਕੰਮ ਲੈਂਦਾ ਹੈ। ਇਸ ਤੋਂ ਇਲਾਵਾ ਧੁੰਦਲਾਪਨ ਸਫ਼ੀਰ ਦੀ ਕਵਿਤਾ ਦੀ ਪ੍ਰਮੁੱਖ ਵਿਸ਼ੇਸ਼ਤਾ ਜਾਂ ਪਛਾਣ ਹੈ।

**ਹਰਿਭਜਨ ਸਿੰਘ**

ਇਹ ਕੇਹੀ ਸ਼ਾਇਰੀ ਹੈ ਦੋਸਤੋ
ਜੋ ਦਿਲ 'ਚੋਂ ਨਹੀਂ ਬੰਦੂਕ ਦੀ ਨਾਲੀ 'ਚੋਂ ਨਿਕਲਦੀ ਹੈ
ਜੋ ਸੁਣਾਈ ਨਹੀਂ ਜਾਂਦੀ ਬੱਸ ਚਲਾਈ ਜਾਂਦੀ ਹੈ।

ਡਾ. ਹਰਿਭਜਨ ਸਿੰਘ ਨੇ ਸਮਕਾਲੀ ਇਤਿਹਾਸ ਦੀ ਹਰ ਘਟਨਾ ਉਤੇ ਕਵਿਤਾਵਾ ਲਿਖੀਆਂ ਹਨ। ਭਾਵੇਂ ਉਹ ਸੁਚੇਤ ਤੌਰ 'ਤੇ ਕਾਵਿ ਕਿਰਤ ਨੂੰ ਸ਼ੁੱਧ ਸੁਹਜ ਸਿਰਜਨਾ ਹੀ ਮੰਨਦਾ ਹੈ, ਪਰ ਸਮਾਜ ਉਸ ਦੀਆਂ ਰਚਨਾਵਾਂ ਦੀ ਪਿੱਠ ਭੂਮੀ ਨਹੀਂ, ਅਗਰ ਭੂਮੀ ਹੈ। ਆਪਣੀ ਤੇ ਆਪਣੇ ਯੁਗ ਦੀ ਇਤਿਹਾਸਕ ਹੋਂਦ ਦੀ ਸੋਝੀ ਅਤੇ ਮਨੋ ਚੇਤਨਤਾ ਉਸ ਦੇ ਕਾਵਿ ਪਾਤਰ ਦੇ ਚਰਿਤਰ ਦੀ ਵਡਿਆਈ ਹੈ।

ਡਾ. ਹਰਿਭਜਨ ਸਿੰਘ ਆਪ ਕਹਿੰਦਾ ਹੈ :

ਸੀ ਜੰਗਲ ਵਾਂਸ ਦਾ ਸੰਘਣਾ
ਪਿਆ ਮਹਿਕ ਬਣ ਕੇ ਲੰਘਣਾ

ਡਾ. ਹਰਿਭਜਨ ਸਿੰਘ ਦੀਆਂ ਕਵਿਤਾਵਾਂ ਆਦਰਸ਼ ਅਤੇ ਯਥਾਰਥ, ਤਥਾ ਵਿਚਾਰ ਅਤੇ ਵਿਹਾਰ ਵਿਚ ਤਨਾਓ ਰੂਪਮਾਨ ਕਰਦੀਆਂ ਹਨ। ਡਾ. ਹਰਿਭਜਨ ਸਿੰਘ ਦਾ ਕਥਨ ਹੈ ਕਿ ਹਰ ਸਭਿਆਚਾਰ ਵਿਚ ਕਾਵਿ ਦਾ ਮਹਾਂ ਪ੍ਰਵਚਨ ਰਿਆ ਵਾਂਗ ਹਮੇਸ਼ਾਂ ਵਗਦਾ ਰਹਿੰਦਾ ਹੈ ਤੇ ਕਵੀ ਤਾਂ ਉਸ ਵਿਚੋਂ ਕੇਵਲ 'ਚਿੜੀ ਚੋਂਚ ਭਰ ਲੈ ਗਈ' ਵਾਂਗ ਰਤਾ ਮਾਸਾ ਹੀ ਪੀਂਦੇ ਪਿਲਾਉਂਦੇ ਹਨ। ਇਸ ਦਰਿਆ ਵਿਚ ਬਹੁਤ ਕੁਝ ਅਜੇਹਾ ਬੱਸ ਪਿਆ ਹੀ ਰਹਿ ਜਾਂਦਾ ਹੈ ਜਿਸ ਨੂੰ ਕਿਸੇ ਹੋਰ ਕਵੀ ਦੀ ਕਵਿਤਾ ਵਿਚ ਸੁਹਜੀਵੀ ਰਚਨ ਬਣ ਕੇ ਟਿਕਣਾ ਹੁੰਦਾ ਹੈ। ਉਸ ਦਾ ਕਹਿਣਾ ਹੈ ਕਿ ਕਾਵਿ ਦੇ ਤੱਤ ਸਭਿਆਚਾਰ ਦੇ ਅੰਦਰ ਹੀ ਮੌਜੂਦ ਹੁੰਦੇ ਹਨ। ਕਵਿਤਾ ਸਭਿਆਚਾਰ ਦੇ ਸਾਂਝੇ ਪ੍ਰਵਚਨਾਂ ਦੀ ਉਪਜ ਹੁੰਦੀ ਹੈ। ਇਸ ਨੂੰ ਡਾ. ਹਰਿਭਜਨ ਸਿੰਘ ਲੋਕ ਕਾਵਿ 'ਚੋਂ 'ਵਿਅਕਤੀ ਕਾਵਿ' ਦਾ ਉਦੈ ਕਹਿੰਦਾ ਹੈ।

ਉਸਦੀ ਕਵਿਤਾ ਵਿਚ ਮਾਨਵ ਦੀ ਦੁਖਾਂਤ ਸਥਿਤੀ ਦਾ ਚਿਤਰਣ ਹੈ। ਉਸਦੀ ਕਵਿਤਾ ਵਿਚ ਸਥਾਪਤੀ ਵਿਰੁੱਧ ਵਿਦਰੋਹ ਦੀ ਸੂਝ ਹੈ। ਯਥਾਰਥ ਪ੍ਰਤੀ ਉਸ ਦੀ ਦ੍ਰਿਸ਼ਟੀ ਆਲੋਚਨਾਤਮਕ ਹੈ। ਡਾ. ਹਰਿਭਜਨ ਸਿੰਘ ਦੀ ਕਾਵਿ ਯਾਤਰਾ ਯਥਾਰਥ ਤੋਂ ਕਲਪਨਾਤਮਕ ਰੁਮਾਂਸ ਦੀ ਯਾਤਰਾ ਹੈ। ਡਾ. ਹਰਿਭਜਨ ਸਿੰਘ ਇਕਾਲਕ ਹੁੰਦਾ ਹੋਇਆ ਵੀ ਬਹੁਕਾਲਕ ਕਵੀ ਹੈ। ਉਹ ਅਤੀਤ 'ਚੋਂ ਪੌਰਾਣਕ ਪ੍ਰਤੀਕ ਨੂੰ ਪਰਵਾਹਿਤ ਕਰਦਾ ਹੋਇਆ ਹੈ ਭਵਿੱਖ ਵੱਲ ਵੀ ਸੰਕੇਤ ਦੇਂਦਾ ਹੈ। ਉਹ ਆਧੁਨਿਕਤਾਵਾਦੀ, ਪ੍ਰਯੋਗਸ਼ੀਲ, ਮੱਧ ਸ਼੍ਰੇਣਿਕ ਨਗਰਵਾਦੀ, ਅਸਤਿੱਤਵਵਾਦੀ ਪ੍ਰਵਿਰਤੀ ਰੱਖਣ ਵਾਲੀਆਂ ਕਵਿਤਾਵਾਂ ਸਿਰਜਦਾ ਹੈ। ਉਸ ਦੀਆਂ ਕਵਿਤਾਵਾਂ ਵਿਚ ਕਈ ਪ੍ਰਕਾਰ ਦੇ ਵਿਰੋਧਾਂ ਦੀ ਝਲਕ ਵੀ ਹੈ।

ਉਹ ਕਵਿਤਾਵਾਂ ਵਿਚ ਕਿਸੇ ਆਦਰਸ਼ਵਾਦੀ ਦ੍ਰਿਸ਼ਟੀ ਨੂੰ ਪੇਸ਼ ਕਰਨ ਤੋਂ ਸੰਕੋਚ ਕਰਦਾ ਹੈ। ਉਸ ਦੀਆਂ ਕਵਿਤਾਵਾਂ ਤ੍ਰਾਸਦਿਕ ਪੀੜਾਂ ਨੂੰ ਜਗਾਉਂਦੀਆਂ ਹਨ। ਉਸ ਦੀ ਪੂਰੀ ਕਵਿਤਾ ਅਜੋਕੇ ਬੇਬਸ, ਲਾਚਾਰ, ਭੈ-ਭੀਤ ਪਰ ਸੂਝਵਾਨ ਮੱਧ ਵਰਗੀ ਵਿਅਕਤੀ ਨਾਲ ਜੁੜੀ ਹੋਈ ਹੈ। ਜਿੱਥੇ ਅਜਿਹੀ ਦਸ਼ਾ ਵਿਚ ਸ਼ਿਵ ਕੁਮਾਰ ਦਾ ਪਾਤਰ ਰੋਂਦਾ ਹੈ ਡਾ. ਹਰਿਭਜਨ ਸਿੰਘ ਦਾ ਪਾਤਰ ਸੋਚਦਾ ਹੈ।

ਡਾ.ਹਰਿਭਜਨ ਸਿੰਘ ਨੇ ਆਪਣੀ ਪੁਸਤਕ 'ਇਕ ਖ਼ਤ ਤੇਰੇ ਨਾਂ' ਵਿਚ ਗੁਰੂ ਨਾਨਕ ਸਾਹਿਬ ਨੂੰ ਖ਼ਤ ਲਿਖੇ ਹਨ।

## ਡਾ. ਹਰਿਭਜਨ ਸਿੰਘ ਦੇ ਕਾਵਿ-ਸਰੋਕਾਰ

**ਮਾਂ :** ਡਾ. ਹਰਿਭਜਨ ਸਿੰਘ ਦਾ ਵਿਸ਼ਵਾਸ਼ ਹੈ ਕਿ ਸਿਰਫ਼ ਵਿਗੋਚਿਆ ਹੋਇਆ ਬੰਦਾ ਹੀ ਸੋਚ ਸਕਦਾ ਹੈ। ਮਹਿਸੂਸ ਕਰ ਸਕਦਾ ਹੈ, ਜਾਂ ਪਿਆਰ ਕਰ ਸਕਦਾ ਹੈ।

ਉਸ ਦੀਆਂ ਕਵਿਤਾਵਾਂ ਵਿਚ ਮਾਂ ਨਾਲ ਸੰਬੰਧਿਤ ਕਈ ਮਿਥਕੀ ਲੋਕ-ਵੇਰਵਿਆਂ ਦਾ ਜ਼ਿਕਰ ਹੈ।

**ਪਿਆਰ ਦਾ ਵਿਸ਼ਾ :** ਡਾ. ਹਰਿਭਜਨ ਸਿੰਘ ਨੇ ਪਿਆਰ ਦੇ ਵਿਸ਼ੇ ਨੂੰ ਲੈ ਕੇ ਕਵਿਤਾਵਾਂ ਲਿਖੀਆਂ ਹਨ। ਪਿਆਰ ਵਿਚ ਗੜੁੱਚੀ ਰੂਹ ਕਿਸ ਤਰ੍ਹਾਂ ਆਪਣੇ ਪ੍ਰੇਮੀ ਨੂੰ ਮਿਲਣ ਲਈ ਤਾਂਘਦੀ ਹੈ, ਇਹਨਾਂ ਜਜ਼ਬਾਤਾਂ ਨੂੰ ਸਹੀ ਸ਼ਬਦਾਂ ਦੀ ਚੋਣ ਕਰਕੇ ਡਾ. ਹਰਿਭਜਨ ਸਿੰਘ ਨੇ ਜੋ ਭਾਸ਼ਾ ਪ੍ਰਦਾਨ ਕੀਤੀ ਹੈ ਉਹ ਸ਼ਾਇਦ ਹੀ ਪੰਜਾਬੀ ਸਾਹਿਤ 'ਚ ਕਿਸੇ ਹੋਰ ਕਵੀ ਦੇ ਹਿੱਸੇ ਆਈ ਹੋਵੇ। ਡਾ. ਪਿਆਰ ਸਿੰਘ ਦਾ ਕਥਨ ਹੈ ਕਿ ਪਿਆਰ ਦੀ ਨਾ ਤਾਂ ਕੋਈ ਰੁੱਤ ਹੁੰਦੀ ਹੈ ਤੇ ਨਾ ਹੀ ਉਮਰ। ਪਿਆਰ ਤੇ ਜੋਬਨ ਦੋਨਾਂ 'ਚ ਉਹ ਚੋਲੀ ਦਾਮਨ ਦਾ ਸਾਥ ਵੇਖਦਾ ਹੈ।

**ਧਰਮ ਦਾ ਵਿਸ਼ਾ** : ਦੇਸ਼ ਦੇ ਬਟਵਾਰੇ ਨੂੰ ਲੈ ਕੇ 'ਮਰਦਾਨਾ ਬੋਲਦਾ ਹੈ' ਨਾਂ ਦੀ ਕਵਿਤਾ 'ਚ ਡਾ. ਹਰਿਭਜਨ ਸਿੰਘ ਨੇ ਮਰਦਾਨੇ ਨੂੰ ਪ੍ਰਤੀਕ ਮੰਨ ਕੇ ਪਾਕਿਸਤਾਨ ਤੇ ਹਿੰਦੋਸਤਾਨ 'ਚ ਵਸਦੇ ਲੋਕਾਂ ਦੀ ਮਨੋਅਵਸਥਾ ਬਿਆਨ ਕੀਤੀ ਹੈ। ਧਰਮ ਦਾ ਵਿਸ਼ਾ ਲੈ ਕੇ ਹੀ ਡਾ. ਹਰਿਭਜਨ ਸਿੰਘ ਨੇ 'ਦੁਪਿਠੇ ਸ਼ਹਿਰ' ਕਵਿਤਾ ਰਾਹੀਂ ਸ੍ਰੀ ਗੁਰੂ ਨਾਨਕ ਦੇ ਜੀ ਦੇ ਸੁਲਤਾਨਪੁਰ ਨਗਰ ਬੇਈਂ ਨਦੀ 'ਚ ਪਹਿਲਾਂ ਅਲੋਪ ਹੋ ਜਾਣ ਤੇ ਫਿਰ ਪ੍ਰਗਟ ਹੋਣ ਬਾਰੇ ਲਿਖਿਦਿਆਂ ਹੋਇਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਫਿਰਕਾਪ੍ਰਸਤੀ ਦੇ ਮੋਹਰੀ-ਕਾਜ਼ੀਆਂ ਤੇ ਪੰਡਤਾਂ ਦੇ ਪ੍ਰਸ਼ਨਾਂ ਦੇ ਉੱਤਰ 'ਚ ਪੇਸ਼ ਕੀਤਾ ਹੈ।

**ਨੰਗੇਜ਼ :** ਪੰਜਾਬੀ ਕਵਿਤਾ ਵਿਚ ਬੇਬਾਕ ਹੋ ਕੇ ਤੇ ਬਿਨ੍ਹਾਂ ਕਿਸੇ ਝਿਜਕ ਤੇ ਸਭਿਆਚਾਰੀ ਬੰਧਨਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਮਨੁੱਖ ਦੇ ਧੁਰ ਅੰਦਰ ਤੇ ਮਨ ਦੀ ਗਹਿਰਾਈ 'ਚ ਰਚੀ ਸੋਚ ਨੂੰ ਤਰਜਮਾਨ ਕਰਨਾ ਕੇਵਲ ਡਾ. ਹਰਿਭਜਨ ਸਿੰਘ ਦੇ ਹਿੱਸੇ ਹੀ ਆਇਆ। ਉਸ ਦਾ ਕਾਵਿ ਪਾਤਰ ਪਰਦਿਆਂ ਤੋਂ ਪਾਰ ਜਾ ਕੇ ਕਿਸੇ ਵੀ ਵਸਤੂ ਨੂੰ ਲੁਕਿਆ ਹੋਇਆ ਵੇਖਣ ਦਾ ਆਦੀ ਨਹੀਂ। ਨਾਰੀ ਪੁਰਸ਼ ਦੇ ਆਪਸੀ ਭੋਗ ਬਾਰੇ ਵੀ ਡਾ. ਹਰਿਭਜਨ ਸਿੰਘ ਦਾ ਕਾਵਿ-ਪਾਤਰ ਬੜੀ ਤੀਬਰਤਾ ਨਾਲ ਆਪਣੇ ਅਹਿਸਾਸ ਨੂੰ ਸ਼ਬਦਾਵਲੀ ਦੇਂਦਾ ਹੈ। ਇਹ ਜ਼ਰੂਰੀ ਨਹੀਂ ਕਿ ਇਹ ਭੋਗ ਆਪਣੀ ਪਤਨੀ ਨਾਲ ਜਾਂ ਪ੍ਰੇਮਿਕਾ ਨਾਲ ਹੀ ਹੋਵੇ। ਇਹ ਨਿਰੋਲ ਨਾਰੀ-ਪੁਰਸ਼ ਦੇ ਸੰਬੰਧਾਂ ਦੀ ਸੱਚਾਈ ਨੂੰ ਹੀ ਪੇਸ਼ ਕਰਦਾ ਹੈ।

ਡਾ. ਹਰਿਭਜਨ ਸਿੰਘ ਦੀ ਅੰਤਰ ਪੀੜਾ ਨੂੰ ਉਹਦੀ ਕਾਵਿ ਪ੍ਰਤਿਭਾ ਅਨੇਕ ਕਲਾਤਮਕ ਢੰਗਾਂ ਨਾਲ ਰੂਪਮਾਨ ਕਰਦੀ ਹੈ। ਉਹਦੀ ਕਵਿਤਾ ਵਿਚ ਉਹਦੇ ਨਿੱਜਤਵ ਦਾ ਸਮੁੱਚਾ ਅਵਚੇਤਨ ਝਲਕਦਾ ਹੈ। ਉਹਦੀ ਬਹੁਤ ਸਾਰੀ ਕਵਿਤਾ ਵਿਚ ਉਹਦੀ ਮਨੋ-ਗੁਜ਼ਾਰ ਸੁਣੀਂਦੀ ਹੈ। ਆਪਣੇ ਪਹਿਲੇ ਕਾਵਿ ਸੰਗ੍ਰਹਿ 'ਲਾਸਾਂ' ਵਿਚ ਉਹ ਆਪਣਾ ਲਾਸਾਂ ਭਰਿਆ ਪਿੰਡਾ ਨੰਗਾ ਕਰਦਾ ਹੈ। ਪ੍ਰਾਪਤ ਦੇ ਕੋਝ ਅਤੇ ਅਪ੍ਰਾਪਤ ਦੇ ਸੋਹਜ ਦੇ ਮਿਲਨ-ਬਿੰਦੂ ਉਪਰ ਮੇਰੀ ਸਿਰਜਣਾ ਦਾ ਨਿਵਾਸ ਹੈ।

ਹਰਿਭਜਨ ਸਿੰਘ ਨੇ ਗ਼ਜ਼ਲਾਂ ਲਿਖੀਆਂ ਹਨ, ਗੀਤ ਲਿਖੇ ਹਨ ਅਤੇ ਬਹੁਤ ਸਾਰੀ ਤੁਕਾਂਤ-ਮੁਕਤ ਕਵਿਤਾ ਵੀ ਰਚੀ ਹੈ। ਉਹਦੇ ਗੀਤਾਂ ਵਿਚ ਲੋਹੜੇ ਦਾ ਸੁਹੱਪਣ ਹੈ। ਉਹਦੇ 'ਅਧਰੈਣੀ' ਕਾਵਿ-ਸੰਗ੍ਰਹਿ ਦੇ ਬਹੁਤ ਸਾਰੇ ਗੀਤ ਅਜਿਹੇ ਹਨ, ਜਿੰਨ੍ਹਾਂ ਵਿਚ ਅਣਪੱਕੇ ਇਸ਼ਕ ਦੀ ਹੂਕ ਹੈ। ਸੁਹਜ ਸਿਰਜਣਾ ਹਰਿਭਜਨ ਸਿੰਘ ਦੀ ਕਵਿਤਾ ਦਾ ਮੀਰੀ ਗੁਣ ਹੈ। ਹਰਿਭਜਨ ਸਿੰਘ ਦੀ ਕਾਵਿ ਸਿਰਜਣਾ ਦਾ ਇਕ ਵਰਨਣਯੋਗ ਪੱਖ ਉਹਦੀ ਬਿੰਬਾਵਲੀ ਦੀ ਵਿਲੱਖਣਤਾ ਹੈ। ਉਹਦੇ ਬਿੰਬ ਉਹਦੇ ਨਿੱਜਤਵ ਦੀ ਉਪਜ ਹਨ ਅਤੇ ਉਹਦੇ ਅਵਚੇਤਨ 'ਚੋਂ ਸਹਿਜੇ ਹੀ ਸਾਕਾਰ ਹੁੰਦੇ ਹਨ। 'ਸਲੀਬ' ਦਾ ਪ੍ਰਤੀਕ ਵੀ ਉਹਦੀ ਕਵਿਤਾ ਵਿਚ, ਵਿਸ਼ੇਸ਼ ਕਰਕੇ 'ਸੜਕ ਦੇ ਸਫ਼ੇ ਉਤੇ' ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਅਨੇਕ ਵਾਰ ਉਭਰ ਕੇ ਆਉਂਦਾ ਹੈ।

ਹਰਭਜਨ ਸਿੰਘ ਦੀ ਕਵਿਤਾ ਇਕ ਵਖਰੇ ਅਤੇ ਵਿਲੱਖਣ ਪਸਾਰੇ ਵਾਲੀ ਹੈ। ਜਦੋਂ ਉਸਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ 'ਲਾਸਾਂ' ਦੀ ਪਹਿਲੀ ਕਵਿਤਾ ਵਿਚ ਆਪਣੇ ਆਪਨੂੰ ਪੰਜਾਬੀ ਸਾਹਿਤ ਅੱਗੇ ਰੂਬਰੂ ਕੀਤਾ ਸੀ। 'ਨਾ ਧੁੱਪੇ ਨਾ ਛਾਵੇਂ" ਕਾਵਿ ਸੰਗ੍ਰਹਿ ਵਿਚ ਹਰਿਭਜਨ ਸਿੰਘ ਖੰਡਿਤ ਮਨੁੱਖਤਾ ਦੇ ਖੰਡਿਤ ਗੀਤ ਨੂੰ ਪ੍ਰਤੀਬਿੰਬਤ ਕਰਦਾ ਹੈ। ਉਸਦੀ ਕਵਿਤਾ ਦਾ ਕੇਂਦਰੀ ਪਾਤਰ ਵਿਗਿਆਨਕ ਸੋਝੀ ਵਾਲਾ ਮਨੁੱਖ ਹੈ ਅਤੇ ਹਰਿਭਜਨ ਸਿੰਘ ਦੀ ਕਵਿਤਾ ਅਜਿਹੇ ਮਨੁੱਖ ਦੇ ਬੌਧਿਕ ਸੰਤਾਪ, ਭਾਵੁਕ ਸੰਕਟ, ਪ੍ਰਾਪਤੀਆਂ ਅਪ੍ਰਾਪਤੀਆਂ, ਤ੍ਰਿਪਤੀਆਂ ਅਤ੍ਰਿਪਤੀਆਂ ਨੂੰ ਸਾਕਾਰ ਕਰਦੀ ਹੈ। ਉਹਦੇ ਚੌਥੇ ਕਾਵਿ ਸੰਗ੍ਰਹਿ 'ਨਾ ਧੁੱਪੇ ਨਾ ਛਾਵੇਂ" ਦਾ ਨਾਮ ਹੀ ਅਜੋਕੀ ਸਥਿਤੀ ਦੇ ਸੰਤਾਪ ਦਾ ਲਖਾਇਕ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਪੁਰਾਤਨ ਕਦਰਾਂ ਕੀਮਤਾਂ ਦੀ ਥੇਹ ਓਹਲਿਓਂ ਚਾਨਣ ਕਰ ਦਿਤਾ ਜਾਏਗਾ। ਸਵੈ ਪਛਾਣ ਦਾ ਨਵਾਂ ਪਸਾਰ 'ਨਾ ਧੁੱਪੇ ਨਾਂ ਛਾਵੇਂ" ਨਾਲ ਖੁਲਦਾ ਹੈ। ਵਿਲੱਖਣ ਇਕੱਲਤਾ ਦਾ ਜੋ ਸੰਤਾਪ 'ਅਲਵਿਦਾ ਤੋਂ ਪਹਿਲਾਂ' ਵਿਚ ਹੈ, ਉਹ ਅਗਲੇਰੀਆਂ ਰਚਨਾਵਾਂ ਵਿਚ ਸਭਿਆਚਾਰ ਵਿਚ ਡੂੰਘਾ ਉਤਰਦਾ ਪ੍ਰਤੀਤ ਹੁੰਦਾ ਹੈ।

'ਮਾਵਾਂ ਧੀਆਂ' ਸੰਗ੍ਰਹਿ ਵਿਚ ਆਤਮ ਪਛਾਣ ਦਾ ਪ੍ਰਸ਼ਨ ਰਿਸ਼ਤਿਆਂ ਦੇ ਸੰਦਰਭ ਵਿਚ ਪੇਸ਼ ਹੋਇਆ ਹੈ। 'ਮਾਵਾਂ ਧੀਆਂ' ਦੀ ਮੁੱਖ ਸਮੱਸਿਆ ਸਵੈ-ਪਛਾਣ ਤੇ ਸੈ-ਰੱਖਿਆ ਦੀ ਹੈ। ਕੁੜੀ ਵੇਖਦੀ ਹੈ ਕਿ ਉਹ ਸੁਰੱਖਿਅਤ ਨਹੀਂ ਹੈ। ਇਹ ਵੀ, ਜੋ ਕੁੜੀ ਵਿਚੋਂ ਬੋਲਦਾ ਹੈ, ਬਾਹਰਲੀ ਮਰਿਆਦਾ ਹੈ। ਕਪੜਿਆਂ ਵਿਚ ਵਲ੍ਹੇਟੀ ਵੀ ਉਹ ਵਿੰਨਵੀਆਂ ਨਜ਼ਰਾਂ ਸਾਹਵੇਂ ਨੰਗੀ ਹੈ। ਕੁੜੀ ਵੀ ਵਰਜੀ ਹੋਈ ਹੇ, ਮਾਂ ਦੀ, ਬਾਪ ਦੀ, ਜੋ ਉਸਦੇ ਅੰਦਰ ਵੀ ਹਨ ਤੇ ਬਾਹਰ ਵੀ। ਉਸਨੂੰ ਡਰ ਆਸ਼ਕ ਦੀ ਨਾਂਹ ਨਾਲੋਂ ਵੀ 'ਹਾਂ' ਦਾ ਵਧੇਰੇ ਹੈ।

'ਚੌਥੇ ਦੀ ਉਡੀਕ' ਵਾਸਤਵਿਕ ਨਿਵਾਰਤਾ ਨੂੰ ਵਧੇਰੇ ਸੂਖ਼ਮ ਰੂਪ ਵਿਚ ਪ੍ਰਗਟਾਉਣ ਵਾਲੀ ਸ਼ਾਇਰੀ ਹੈ। ਹਰਿਭਜਨ ਸਿੰਘ ਪੱਖ ਵਿਚੋਂ ਪ੍ਰਤੀਪੱਖ ਵੇਖਣ ਵਾਲਾ ਕਵੀ ਹੈ। ਉਸ ਦਾ ਆਲੋਚਨਾ ਵਿਧਾਨ ਵਿਰੋਧਾਂ ਨੂੰ ਇਕੋ ਸਮੇਂ ਸਥਾਨ ਵਿਚ ਵੇਖਣ ਵਾਲਾ ਕਵੀ ਹੈ। ਉਸ ਦਾ ਆਲੋਚਨਾ ਵਿਧਾਨ ਵਿਰੋਧਾਂ ਨੂੰ ਇਕੋ ਸਮੇਂ ਸਥਾਨ ਵਿਚ ਵੇਖਣ ਨਾਲ

ਸੰਬੰਧਿਤ ਹੈ : 'ਕਿਸੇ ਨੂੰ ਮਿਲਣ ਦਾ ਰਸਤਾ ਵੀ ਤਾਂ, ਕਿਸੇ ਤੋਂ ਵਿਛੜਨ ਦਾ ਰਸਤਾ ਹੈ।'

'ਰੁੱਖ ਤੇ ਰਿਸ਼ੀ' ਹਰਿਭਜਨ ਸਿੰਘ ਦੀ ਅਸਲੋਂ ਹੀ ਨਿਵੇਕਲੀ ਕਿਰਤ ਹੈ। ਇਸ ਰਚਨਾ ਵਿਚ ਕਰਤਾ ਆਪਣੀ ਪੂਰਬਲੀ ਰਚਨਾ, ਪੰਜਾਬੀ ਕਵਿਤਾ ਅਤੇ ਜੀਵਨ ਮਾਡਲਾਂ ਦੀ ਪੂਰਨ ਵਿਰਚਨਾ ਤਕ ਪਹੁੰਚਦਾ ਹੈ। ਇਹ ਰਚਨਾ ਕਾਵਿ ਪਾਤਰ ਦਾ ਸਵੈ-ਜੀਵਨਕ ਤਕ ਦਾਰਸ਼ਨਿਕ ਪ੍ਰਵਚਨ ਹੈ। 'ਰੁੱਖ ਤੇ ਰਿਸ਼ੀ' ਦੀ ਵਿਲੰਭਤ ਰੂਪਕ ਰਚਨਾ ਵਾਲੀ ਇਹ ਕਿਰਤ ਇਕ ਨਿਰੰਤਰ ਸੰਵਾਦ ਹੈ। ਰਚਨਾ ਦੇ ਪਹਿਲੇ ਅੱਧ ਵਿਚ ਰੁਖ ਰਿਸ਼ੀ ਵਲ ਵਧਦਾ ਹੈ, ਫਿਰ ਰਿਸ਼ੀ ਰੁੱਖ ਵਲ ਮੁੜਦਾ ਪ੍ਰਤੀਤ ਹੰਦਾ ਹੈ। ਰਚਨਾ ਦੇ ਸ਼ੁਰੂ ਵਿਚ ਰੁੱਖ ਬੋਲਦਾ ਹੈ। ਰੁੱਖ ਤੋਂ ਰਿਸ਼ੀ ਬਣਿਆ ਆਦਮੀ ਵਾਪਸ ਮੁੜਦਾ ਹੈ। ਉਹ ਉਮੀ ਦੀ ਤਲਾਸ਼ ਵਲ ਵਧਦਾ ਹੈ। ਰੁੱਖ-ਰਿਸ਼ੀ-ਰੁੱਖ ਦੀ ਇਸ ਯਾਤਰਾ ਵਿਚ ਬੜਾ ਕੁਝ ਵਾਪਰ ਜਾਂਦਾ ਹੈ।

**ਜਸਵੰਤ ਸਿੰਘ ਨੇਕੀ**

ਅੱਧਾ ਤਨ ਇਛਿਆ, ਤੇ ਅੱਧਾ ਤਨ ਭਿੱਛਿਆ,
ਤੇ ਸਾਰਾ ਤਨ ਚਿੰਨ੍ਹ ਹੋਇਆ ਭਗ ਦਾ
ਇੰਦਰੀ ਨੂੰ ਤੱਗ ਨ ਇਰਾਦਿਆਂ ਨੂੰ ਤੱਗ,
ਕਿਹੜੇ ਤਾਣ ਤੇ ਜ਼ਮੀਰ ਪਿਆ ਤੱਗਦਾ ?

ਜਸਵੰਤ ਸਿੰਘ ਨੇਕੀ ਦਾ ਜਨਮ 27 ਅਗਸਤ, 1925 ਨੂੰ ਮੁਰੀਦ, ਜਿਲ੍ਹਾ ਜੇਹਲਮ ਵਿਚ ਹੋਇਆ ਹੈ। ਡਾ. ਜਸਵੰਤ ਸਿੰਘ ਨੇਕੀ ਬਹੁ ਪ੍ਰਤਿਭਾਸ਼ਾਲੀ ਸ਼ਖ਼ਸ਼ੀਅਤ ਹਨ। ਉਹ ਇਕੋ ਵੇਲੇ ਸੁਹਿਰਦ ਕਵੀ, ਵਿਸ਼ਵ ਪ੍ਰਸਿੱਧ ਮਨੋਵਿਗਿਆਨੀ ਤੇ ਮਨੋਚਕਿਤਸਕ, ਅਧਿਆਤਮਵਾਦੀ ਚਿੰਤਕ, ਪ੍ਰਬੁੱਧਦਾਰਸ਼ਨਿਕ, ਸੁਯੋਗ ਵਾਰਤਕਕਾਰ ਦੇ ਰੂਪ ਵਿਚ ਹਾਜ਼ਰੀ ਲੁਆ ਰਹੇ ਹਨ।

ਇਕ ਰੰਗਸ਼ਾਲਾ ਮੇਰੇ ਨੇਤ੍ਰਾਂ ਤੇ ਬਾਹਰਵਾਰ
ਇਕ ਰੰਗਸ਼ਾਲਾ ਮੇਰੇ ਪਿੰਡ ਵੋ
ਇਕ ਰੰਗ ਦੁਨੀ ਦਾ ਤੇ ਦੂਜਾ ਰੰਗ ਦੇਹੀ ਦਾ
ਤੀਜੇ ਰੰਗ ਰੰਗੀ, ਮੇਰੀ ਜਿੰਦ ਵੋ।

| ਕਿਤਾਬਾਂ | ਵਰਣਨ |
|---|---|
| ਅਸਲੇ ਤੇ ਉਹਲੇ | ਵਿਚ ਸੰਖੇਪਤਾ ਦੀ ਸੰਜਮਤਾ ਰੂਪਮਾਨ ਹੁੰਦੀ ਹੈ। |

ਸਿਮਰਤੀ ਦੀ ਕਿਰਨ ਤੋਂ ਪਹਿਲਾਂ ਵਿਚ ਪਹਿਲੀ ਨਜਰੇ ਬਿਰਤਾਂਤਕ ਪਰ ਮੂਲ ਰੂਪ ਵਿਚ ਪ੍ਰਗੀਤਕ ਰਚਨਾਵਾਂ ਸਾਹਮਣੇ ਆਉਂਦੀਆਂ ਹਨ।

ਪ੍ਰਤੀਬਿੰਬਾਂ ਦੇ ਸਰੋਵਰ ਵਿਚੋਂ ਕਾਵਿ ਵਿਚ ਉਹ ਮੁੜ ਲਘੂ ਕਵਿਤਾ ਵੱਲ ਰੁਚਿਤ ਹੁੰਦੇ ਜਾਪਦੇ ਹਨ। ਪਰ ਅਗਲੀ ਕਵਿਤਾ 'ਸਤਿ ਸੁਹਾਣ' ਮੁੜ ਲੰਮੀ ਕਵਿਤਾ ਸਾਹਮਣੇ ਆਉਂਦੀ ਹੈ।

ਗੀਤ ਮੇਰਾ ਸੋਹਿਲਾ ਤੇਰਾ ਪ੍ਰਗੀਤਕ ਰਚਨਾਵਾਂ ਦੀ ਗੰਭੀਰ ਤੇ ਦਾਰਸ਼ਨਿਕ ਪੁਸਤਕ ਸਾਹਮਣੇ ਆਉਂਦੀ ਹੈ।

ਬਾਲ ਗੀਤ ਤੇ ਹਾਸ-ਵਿਲਾਸ ਦੀਆਂ ਤੇ ਵਿਗਿਆਨ ਦੇ ਗੀਤ ਲੈ ਕੇ ਵੱਖੋ-ਵੱਖਰੀਆਂ ਦਿਸ਼ਾਵਾਂ ਨੂੰ ਛੂੰਹਦੇ ਹਨ। ਡਾ. ਨੇਕੀ ਨੇ ਆਪਣੇ ਦਾਰਸ਼ਨਿਕ, ਬੌਧਿਕ ਅਨੁਭਵ ਨਾਲ ਪੰਜਾਬੀ ਪ੍ਰਗੀਤ ਨੂੰ ਨਵੇਂ ਦਿਸਹੱਦੇ ਪ੍ਰਦਾਨ ਕੀਤੇ ਹਨ। ਡਾ. ਨੇਕੀ ਦੁਆਰਾ ਰਚਿਤ ਗਿਆਨ-ਗੀਤ ਦਰਸ਼ਨ ਅਤੇ ਕਵਿਤਾ ਦਾ ਸੰਗਮ ਹਨ। ਡਾ. ਨੇਕੀ ਆਪਣੇ ਗੀਤ ਨੂੰ ਸਟੇਜੀ ਨਹੀਂ ਸਗੋਂ ਬਹੁਪਸਾਰੀ, ਆਧੁਨਿਕ ਜੀਵਨ ਬੋਧ ਦੇ ਯਥਾਰਥ ਦਾ ਗੀਤ ਬਣਾਉਣ ਵੱਲ ਰੁਚਿਤ ਹੁੰਦੇ ਹਨ :

> ਜਿੰਦੇ ਨੀ, ਤੁਧ ਗੀਤ ਕਿਵੇਹਾ ਗਾਇਆ ?
> ਕਿੰਨੇ ਸੰਦੇਸ਼ਾਂ ਸਮਝਿਆ ਨਾਹੀਂ
> ਸੁਰ ਸਭਨਾ ਸਾਲਾਹਿਆ। (ਗੀਤ ਮੇਰਾ ਸੋਹਿਲਾ ਤੇਰਾ)

ਡਾ. ਨੇਕੀ ਆਪਣੇ ਸਮਕਾਲੀ ਕਵੀਆਂ ਵਾਂਗ ਲੋਕਧੁਨਾਂ, ਸੂਫ਼ੀਆਂ ਦੀਆਂ ਧੁਨਾਂ ਦਾ ਆਸਰਾ ਲੈਂਦੇ ਹਨ, ਪਰ ਉਸ ਵਿਚ ਬੜੇ ਨਿਵੇਕਲੇ ਅੰਦਾਜ਼ ਨਾਲ ਉਸ ਭੌਤਿਕ ਯਥਾਰਥ ਪਿੱਛੇ ਵਿਆਪ ਰਹੇ ਲੁਪਤ ਤੱਤ ਨੂੰ ਭਾਲਣਾ ਨਹੀਂ ਛੱਡਦੇ।

> ਯਾਰੜਿਆ ਸਾਡੀ ਸੁਰਤ ਲਵੇਂ ਤਾਂ ਜਾਣਾ !
> ਲੋਕਾਂ ਤੈਨੂੰ ਦਿਲੋਂ ਉਠਾਇਆ
> ਅਸਾਂ ਦਿਲੇ ਵਿਚ ਸੀਤਾ
> ਲੋਕਾਂ ਹਾਸ ਉਡਾਇਆ ਤੇਰਾ
> ਅਸਾਂ ਮੁਸਾਹਿਬ ਕੀਤਾ।
> ਫਿਰ ਵੀ ਲੋਕਾਂ ਮਹਿਲ ਮਾੜੀਆਂ
> ਸਾਨੂੰ ਰੜੇ ਟਿਕਾਣਾ।

'ਅਸਲੇ ਤੇ ਉਹਲੇ' ਡਾ. ਨੇਕੀ ਦਾ ਪਹਿਲਾ ਕਾਵਿ-ਸੰਗ੍ਰਹਿ ਹੈ ਜਿਸ ਵਿਚ ਕਵੀ ਦੀਆਂ 1955 ਤੋਂ ਪਹਿਲਾਂ ਦੀਆਂ ਲਿਖੀਆਂ ਕਵਿਤਾਵਾਂ ਦਰਜ ਹਨ। ਡਾ. ਨੇਕੀ ਨੇ ਪਹਿਲੀ ਕਵਿਤਾ 1937 ਵਿਚ ਲਿਖੀ। ਡਾ. ਜਸਵੰਤ ਸਿੰਘ ਨੇਕੀ ਇਸ ਸਮੇਂ ਦੀ ਕਵਿਤਾ ਨੂੰ ਆਤਮ ਤਜਰਬਾ ਅਤੇ ਆਪਣੇ ਅਚੇਤਮਨ ਦੀ ਸਕਾਰਾਤਮਕ ਅਭਿਵਿਅਕਤੀ ਆਖਦੇ ਹਨ। ਡਾ. ਨੇਕੀ 'ਅਸਲੇ ਤੇ ਉਹਲੇ' ਵਿਚ ਅਸਲੇ ਭਾਵ ਮਨੁੱਖ ਦੇ ਮੂਲ ਦੀ ਖੋਜ ਕਰਦਾ ਹੈ। ਰਹੱਸ ਅਨੁਭੂਤੀਆਂ ਵਿਚੋਂ ਦਾਰਸ਼ਨਿਕ ਖਿਆਲਾਂ ਦੀ ਝਲਕ ਅਭਿਵਿਅਕਤੀ ਵਿਚ ਸੰਜਮਤਾ ਡਾ. ਨੇਕੀ ਦੀ ਕਵਿਤਾ ਦਾ ਗੁਣ ਹੈ। ਡਾ. ਨੇਕੀ ਆਪਣੇ ਕਾਵਿ-ਸੰਗ੍ਰਹਿ 'ਅਸਲੇ ਤੇ ਉਹਲੇ' ਵਿਚ ਮਨੁੱਖ ਦੀ ਹੋਣੀ ਦਾ ਵਿਗਿਆਨਿਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕਰਕੇ ਧਰਮ ਦੇ ਬੀਤ ਗਏ ਜੁਗ ਚਾਰ, ਵਿਚ ਮਨੁੱਖਤਾ ਨੂੰ ਬਾਹਰੁਖੀ ਦ੍ਰਿਸ਼ਟੀ ਰਾਹੀਂ ਅੰਤਰਆਤਮਾ ਤੇ ਝਾਤ ਪਾਉਣ ਦੀ ਪ੍ਰੇਰਣਾ ਦਿੱਤੀ ਹੈ।

'ਇਹ ਮੇਰੇ ਸੰਸੇ ਇਹ ਮੇਰੇ ਗੀਤ' ਡਾ. ਨੇਕੀ ਦਾ 1965 ਵਿਚ ਛਪਿਆ ਦੂਸਰਾ ਕਾਵਿ-ਸੰਗ੍ਰਹਿ ਹੈ। ਇਹ ਪੁਸਤਕ ਡਾ. ਹਰਿਭਜਨ ਸਿੰਘ ਨੂੰ ਸਮਰਪਿਤ ਕੀਤੀ ਗਈ ਹੈ। ਇਸ ਵਿਚ ਡਾ. ਨੇਕੀ ਨੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਮਨੁੱਖ ਨੂੰ ਸਮਝਣ ਦਾ ਯਤਨ ਕੀਤਾ ਹੈ।

'ਸਿਮਰਤੀ ਦੀ ਕਿਰਨ ਤੋ ਪਹਿਲਾਂ' ਡਾ. ਜਸਵੰਤ ਸਿੰਘ ਨੇਕੀ ਦਾ ਤੀਸਰਾ ਕਾਵਿ ਸੰਗ੍ਰਹਿ ਹੈ। ਜੋ 1975 ਵਿਚ ਛਪਿਆ। ਇਸ ਵਿਚ ਪ੍ਰਬੰਧ ਕਾਵਿ ਵਾਂਗ ਇਕ ਲੰਬੀ ਕਵਿਤਾ ਹੈ। ਸਿਮਰਤੀ ਦੀ ਕਿਰਨ ਤੋਂ ਪਹਿਲਾਂ ਕਾਵਿ-ਸੰਗ੍ਰਹਿ ਵਿਚ ਇਸਦੀ ਪ੍ਰਿਸ਼ਠ-ਭੂਮੀ ਵਲੋਂ ਭਾਰਤੀ ਦਾਰਸ਼ਨਿਕ ਪਰੰਪਰਾ ਦਾ ਕਠੋਪਨਿਸ਼ਦ ਕੰਮ ਕਰਦਾ ਨਜਰ ਆਉਂਦਾ ਹੈ। ਇਹ ਕਾਵਿ ਸੰਗ੍ਰਹਿ ਰਹੱਸਵਾਦੀ ਅਨੁਭਵ ਰੱਖਣ ਕਾਰਨ ਕਾਰਜਾਂ ਦੀ ਬਜਾਏ ਕਾਰਜਾਂ ਦੇ ਪ੍ਰਤਿਕਰਮ ਨੂੰ ਪੇਸ਼ ਕਰਦਾ ਹੈ। ਇਸ ਵਿਚ ਵਾਪਰ ਚੁੱਕੀਆਂ ਘਟਨਾਵਾਂ ਦਾ ਅਹਿਸਾਸ ਮਾਨਸਿਕ ਪੱਧਰ ਰਾਹੀਂ ਵਿਅਕਤੀ ਦੀ ਅੰਤਰ-ਅਨੁਭੂਤੀ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ।

ਡਾ. ਨੇਕੀ ਦੀ ਚੌਥੀ ਰਚਨਾ 'ਕਰੁਣਾ ਦੀ ਛੁਹ ਤੋਂ ਮਗਰੋਂ' 1978 ਵਿਚ ਛਪੀ ਹੈ। ਇਸ ਕਵਿਤਾ ਵਿਚ ਕਵੀ ਮਨੁੱਖ ਦੀ ਹੋਂਦ ਨਿਹੋਂਦ ਦੀ ਦਵੰਦਮਈ ਮਾਨਸਿਕ ਸਥਿਤੀ ਨੂੰ ਪੇਸ਼ ਕਰਦਾ ਹੈ। ਇਥੇ ਪਹੁੰਚ ਕੇ ਮਨੁੱਖ ਨੂੰ ਸਵੈਣੀ ਹੋਂਦ ਅਤੇ ਨਿਹੋਂਦ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ।

'ਪ੍ਰਤੀਬਿੰਬਾਂ ਦੇ ਸਰੋਵਰ ਚੋਂ' ਕਾਵਿ-ਪੁਸਤਕ ਡਾ. ਨੇਕੀ ਦੀ 1980 ਵਿਚ ਰਚਿਤ ਪੰਜਵੀਂ ਰਚਨਾ ਹੈ। ਇਸ ਕਾਵਿ-ਸੰਗ੍ਰਹਿ ਦੇ ਆਰੰਭ ਵਿਚ ਹੀ ਕਵੀ ਮੌਤ ਦੀ ਸਦੀਵਤਾ ਅਤੇ ਇਸ ਸਦੀਵਤਾ ਵਿਚੋਂ ਆਪਣੀ ਹੋਂਦ ਦੇ ਆਪੋ ਚਿਤਰ ਅੱਖਰ ਚਿਤਰ ਨੇਕੀ ਅਨੁਸਾਰ ਮਾਨਵ ਦੀ ਹੋਂਦ ਬਣਦੇ ਹਨ ਅਤੇ ਕਾਵਿ ਅਤੀਤ ਹੁੰਦੇ ਹਨ। ਪ੍ਰਤੀਬਿੰਬਾਂ ਦੇ ਸਰੋਵਰ ਚੋਂ ਕਾਵਿ-ਸੰਗ੍ਰਹਿ ਵਿਚ ਕਵੀ ਦੀ ਆਤਮਿਕ ਦ੍ਰਿਸ਼ਟੀ ਦਾ ਵਿਸਤਾਰ ਹੁੰਦਾ ਹੈ।

'ਨਾ ਇਹ ਗੀਤ ਨਾ ਇਹ ਬਿਰਹੜਾ' ਡਾ. ਨੇਕੀ ਦਾ ਛੇਵਾਂ ਕਾਵਿ-ਸੰਗ੍ਰਹਿ ਹੈ। ਇਹ 1985 ਵਿਚ ਛਪਿਆ ਹੈ। ਇਸਦੇ ਆਰੰਭ ਵਿਚ ਕਵੀ ਉਥਾਨਕਾ ਵਿਚ ਕਾਵਿ-ਬਾਰੇ ਅਤੇ ਕਵਿ-ਅਨੁਭਵ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਇਸ ਸੰਗ੍ਰਹਿ ਦਾ ਨਾਮ 'ਨਾ ਇਹ ਗੀਤ ਨਾ ਬਿਰਹੜਾ' ਗੁਰਬਾਣੀ ਦੇ ਅਨੁਸਾਰ ਰੱਖਿਆ ਗਿਆ। ਡਾ. ਨੇਕੀ ਅਨੁਸਾਰ ਇਹ ਗੁਰੂ ਨਾਨਕ ਸਾਹਿਬ ਦੇ ਬਚਨ ਗਾਵਹੁ ਗੀਤ ਨ ਬਿਰਹੜਾ, ਨਾਨਕ ਬ੍ਰਹਮ ਬੀਚਾਰ' ਦੀ ਗੁਜ਼ਾਰ ਭਰਦਾ ਜਾਪਦਾ ਹੈ।

ਡਾ. ਨੇਕੀ ਆਪਣੇ ਲੇਖ 'ਇਕ ਭੂਮਿਕਾ ਮੇਰੇ ਕਾਵਿ ਦੀ' ਵਿਚ ਸਭ ਤੋਂ ਪਹਿਲਾਂ ਉਸਨੇ ਆਪਣੀ ਕਵਿਤਾ ਦਾ ਪਹਿਲਾ ਸਰੋਤ ਆਪਣੇ ਪਿਆਰ ਨੂੰ ਮੰਨਿਆ ਹੈ। ਉਸਦੀ ਰਚਨਾ ਦਾ ਮੁੱਢਲਾ ਲੱਛਣ ਇਹ ਹੈ ਕਿ ਉਸਦੀ ਰਚਨਾ ਇਕ ਪਾਠ ਹੈ। ਉਸਦੀ ਰਚਨਾ ਵਿਚ ਜੀਵਨਗਤ ਸਥਿਤੀਆਂ ਦੀ ਡੂੰਘੀ ਸਮਝਦਾਰੀ ਪੇਸ਼ ਹੋਈ ਹੈ ਪਰ ਉਸਦੀ ਜੀਵਨ ਰਚਨਾ ਜੀਵਨ ਦਾ ਸ਼ਬਦਾਰਥ ਨਹੀਂ ਹੈ।

## ਸ਼ਿਵ ਕੁਮਾਰ

ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਸ਼ਿਵ ਕੁਮਾਰ ਬਟਾਲਵੀ ਤਿੱਖੀ ਚਰਚਾ ਦਾ ਕੇਂਦਰ ਰਿਹਾ ਹੈ। ਸ਼ਿਵ ਕੁਮਾਰ ਦੀ ਚੜ੍ਹਤ ਵਿਚ ਇਕ ਅਹਿਮ ਯੋਗਦਾਨ ਉਸਦੀ ਸਟੇਜ 'ਤੇ ਪ੍ਰਭਾਵਸ਼ਾਲੀ ਪੇਸ਼ਕਾਰੀ ਦਾ ਜਾਦੂ ਸੀ। ਉਸ ਦੀਆਂ ਅਹਿਮ ਕਾਵਿ ਪੁਸਤਕਾਂ 'ਪੀੜਾਂ ਦਾ ਪਰਾਗਾ', 'ਲਾਜਵੰਤੀ', 'ਮੈਨੂੰ ਵਿਦਾ ਕਰੋ', 'ਆਟੇ ਦੀਆਂ ਚਿੜੀਆਂ', 'ਦਰਦਮੰਦਾਂ ਦੀਆਂ ਆਹੀ", 'ਬਿਰਹਾ ਤੂੰ ਸੁਲਤਾਨ', 'ਆਰਤੀ', 'ਮੈਂ ਤੇ ਮੈਂ", 'ਲੂਣਾ' ਆਦਿ ਹਨ। ਪੂਰਨ ਭਗਤ ਦੀ ਪ੍ਰਸਿੱਧ ਲੋਕ-ਕਥਾ ਕਾਵਿ-ਨਾਟਕੀ ਰੂਪਾਂਤਰਣ ਉਸਨੇ 'ਲੂਣਾ' ਵਿਚ ਕੀਤਾ। ਇਸੇ ਪੁਸਤਕ 'ਤੇ ਸ਼ਿਵ ਨੂੰ ਭਾਰਤੀ ਸਾਹਿਤ ਅਕਾਦਮੀ ਦਾ 1967 ਵਿਚ ਪੁਰਸਕਾਰ ਵੀ ਮਿਲਿਆ। 6 ਮਈ 1973 ਈ. ਨੂੰ ਜਿਗਰ ਦੀ ਨਾਮੁਰਾਦ ਬੀਮਾਰੀ ਕਾਰਣ ਉਨੀਂਦਰੇ ਦਾ ਸਤਾਇਆ ਸ਼ਿਵ 36 ਸਾਲ ਦੀ ਭਰ ਜਵਾਨ ਉਮਰੇ ਆਪਣੇ ਮਸੀਹੀ ਬੋਲ 'ਅਸਾਂ ਤਾਂ ਜੋਬਨ ਰੁੱਤੇ ਮਰਨਾ', ਨੂੰ ਪੁਗਾਉਂਦਾ ਸਦਾ ਲਈ ਤੁਰਦਾ ਬਣਿਆ।

ਸ਼ਿਵ ਕੁਮਾਰ ਨੂੰ ਪੰਜਾਬੀ ਚਿੰਤਕਾਂ ਨੇ ਬਿਰਹਾ ਦੇ ਕਵੀ ਵਜੋਂ ਪੇਸ਼ ਕਰਦਿਆਂ ਉਸ ਦੇ ਵਡੇਰੇ, ਵਿਆਪਕ ਅਤੇ ਚੰਗੇਰੇ ਕਾਵਿ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਹੈ। 'ਮੈਂ ਤੇ ਮੈਂ" ਅਤੇ 'ਲੂਣਾ' ਸ਼ਿਵ ਦੇ ਉਚੇਚੇ ਸਭਿਆਚਾਰਕ ਸਰੋਕਾਰਾਂ ਦਾ ਨਿਹਾਇਤ ਉਂਦਾਤਭਾਵੀ ਉਥਚਾਰ ਹਨ।

'ਲੂਣਾ' ਕਾਵਿ-ਨਾਟ ਨੂੰ ਸ਼ਿਵ ਕੁਮਾਰ ਮਹਾ-ਕਾਵਿ ਲਿਖਦਾ ਹੈ। ਸ਼ਿਵ ਕੁਮਾਰ ਨੇ ਲੂਣਾ ਨੂੰ ਆਦਰਸ਼ਕ ਨਾਇਕ ਵਜੋ ਨਹੀਂ, ਸੰਤਾਪ ਭੋਗਦੀ, ਅਤ੍ਰਿਪਤ ਮੁਟਿਆਰ ਦੀ ਹੋਣੀ ਹੰਢਾਉਂਦੀ ਔਰਤ ਵਜੋਂ ਪੇਸ਼ ਕੀਤਾ ਹੈ। ਪੂਰਨ ਆਪਣੇ ਜਤ-ਸਤ 'ਤੇ ਕਾਇਮ ਹੈ, ਸ਼ਿਵ ਨੇ ਉਸ ਜਤ-ਸਤ ਦਾ ਖੰਡਨ ਨਹੀਂ ਕੀਤਾ। ਸ਼ਿਵ ਕੁਮਾਰ ਦਾ 'ਲੂਣਾ' ਆਧੁਨਿਕ ਯੁਗ ਦੇ ਪ੍ਰਸੰਗ ਵਿਚ ਪ੍ਰਾਚੀਨ ਮਿਥ ਦਾ ਮਾਰਮਿਕ ਰੂਪਾਂਤਰਣ ਹੈ।

ਸ਼ਿਵ ਮਰਦਾਵੇਂ ਸਮਾਜ ਵਿਚ ਪੀੜਾਂ-ਵਿੰਨ੍ਹੀ ਔਰਤ ਹੋਂਦ ਦਾ ਤ੍ਰਾਸਦਿਕ ਬੋਲ ਹੈ ਅਤੇ ਇਸ ਤ੍ਰਾਸਦਿਕ ਹੋਂਦ ਦਾ ਆਨੰਦੀ ਗਾਇਨ ਕਰਨਾ ਉਸਦੀ ਸ਼ਾਇਰੀ ਦਾ ਮਰਮ ਹੈ। ਆਧੁਨਿਕ ਕਵਿਤਾ ਦਾ ਸਭ ਤੋਂ ਵੱਡਾ ਮਸਲਾ, ਭਾਵ ਸਰੋਤਾ/ਪਾਠਕ ਤੱਕ ਸੁਹਜ, ਸੰਚਾਰ, ਸ਼ਿਵ ਕਾਵਿ ਲਈ ਮੁੱਢੋਂ ਹੀ ਸਰ ਚੁੱਕਾ ਹੈ। ਸ਼ਿਵ ਕਾਵਿ ਵਿਚ ਅੰਦਾਜ਼, ਭਾਸ਼ਾ, ਸੁਰ ਸੰਬੋਧਨ ਅਤੇ ਤਾਲ ਦਾ ਅਜਿਹਾ ਅਨੂਪਮ ਸੁਮੇਲ ਹੈ ਕਿ ਹਰੇਕ ਪਾਠਕ ਸਰੋਤੇ ਨੂੰ ਧੂਹ ਕੇ ਆਪਣੇ ਨਾਲ ਲੈ ਤੁਰਦਾ ਹੈ। ਸ਼ਿਵ ਕੁਮਾਰ ਦੇ ਛਪੇ ਸੰਪੂਰਨ ਕਾਵਿ ਸੰਗ੍ਰਹਿ ਜਿਸ ਦੇ 760 ਪੰਨੇ ਹਨ, ਵਿਚ ਲਗਭਗ 5500 ਸ਼ਬਦ ਹਨ।

ਸ਼ਿਵ ਦੀ ਕਵਿਤਾ ਵਿਚ ਵੀ ਇਕ ਸੰਜਮ, ਇਕ ਸਹਿਜ ਭਾਵੀ ਤੁਕਾਂਤਕ ਵਿਉਂਤ ਅਤੇ ਪੈਟਰਨ ਦੀ ਉਸਾਰੀ ਹਾਜ਼ਰ ਹੁੰਦੀ ਹੈ ਜਿਸ ਨੂੰ ਉਹ ਨਵੇਂ ਨਿਛੋਹ ਬਿੰਬਾਂ, ਚਿੰਨ੍ਹਾਂ, ਤੇ ਲਰਜ਼ਵੇਂ ਸਰੋਦ ਰਾਹੀਂ ਅਤਿਅੰਤ ਟੁੰਬਵੇਂ ਰੂਪ ਵਿਚ ਪ੍ਰਗਟਾਉਣ ਦੇ ਸਮਰੱਥ ਹੈ ਅਤੇ ਇਹ ਸਮਰੱਥ ਜੁਗਤਾਂ ਨੂੰ ਆਪਣੇ ਇਸ ਕਾਵਿਕ ਮੁਹਾਵਰੇ ਦਾ ਸਹਿਜ ਅੰਗ ਬਣਾ ਲੈਂਦਾ ਹੈ।

## ਪਾਸ਼

ਪਾਸ਼ ਦਾ ਪੂਰਾ ਨਾਮ ਅਵਤਾਰ ਸਿੰਘ ਸੰਧੂ ਸੀ। ਕਿਹਾ ਜਾਂਦਾ ਹੈ ਕਿ ਇਹ ਨਾਮ ਉਸਨੇ ਆਪਣੀ ਅਧਿਆਪਕਾ 'ਪ੍ਰਵੇਸ਼' ਦੇ ਪਹਿਲੇ ਤੇ ਆਖ਼ਰੀ ਅੱਖਰਾਂ ਦੀ ਸੰਧੀ ਨਾਲ ਘੜਿਆ ਸੀ। ਕਾਵਿ ਰਚਨਾ ਦੇ ਰੂਪ ਵਿਚ ਪਾਸ਼ ਨੇ 'ਲੋਹ ਕਥਾ', 'ਉੱਡਦੇ ਬਾਜ਼ਾਂ ਮਗਰ', 'ਸਾਡੇ ਸਮਿਆਂ ਵਿੱਚ', ਅਤੇ 'ਖਿਲਰੇ ਹੋਏ ਵਰਕੇ' ਕਾਵਿ ਸੰਗ੍ਰਹਿ ਪੰਜਾਬੀ ਕਾਵਿ ਜਗਤ ਨੂੰ ਦਿੱਤੇ। ਜਿੰਨ੍ਹਾਂ ਨੂੰ 'ਸੰਪੂਰਨ ਪਾਸ਼ ਕਾਵਿ' ਨਾਂ ਹੇਠ ਸੰਪਾਦਿਤ ਕੀਤਾ ਗਿਆ। 'ਅੱਗ ਵਰਗੇ ਸ਼ਬਦ ਲਿਖਣ ਵਾਲਾ', 'ਖੇਤਾਂ ਦਾ ਪੁੱਤ', 'ਜੇਲ੍ਹਾਂ ਦਾ ਸ਼ਾਇਰ', 'ਯੁੱਗ ਕਵੀ', 'ਕਿਰਤੀਆਂ ਦਾ ਕਵੀ', 'ਜੁਝਾਰਵਾਦੀ ਕਵਿਤਾ ਦੀ ਟੀਸੀ' ਉਹ ਵਿਸ਼ੇਸ਼ਣ ਹਨ, ਜਿੰਨ੍ਹਾਂ ਨਾਲ ਪਾਸ਼ ਦਾ ਮਾਣ ਕੀਤਾ ਜਾਂਦਾ ਹੈ।

ਪਾਸ਼ 'ਸੰਘਰਸ਼' ਅਤੇ 'ਸੰਘਰਸ਼ ਦੀ ਲੋੜ' ਸਮਕਾਲੀ ਰਾਜਨੀਤੀ ਉੱਪਰ ਟਕੋਰ, ਜ਼ਿੰਦਗੀ ਦੇ ਯਥਾਰਥ ਅਤੇ ਨਿਮਨ-ਕਿਸਾਨੀ ਦਾ ਪੱਖ ਪੂਰਦਾ ਨਜ਼ਰ ਆਉਂਦਾ ਹੈ। ਸਾਂਝੀ ਮਨੁੱਖਤਾ ਦੇ ਹਿੱਤਾਂ ਲਈ ਕੀਤਾ ਜਾਣ ਵਾਲਾ ਸੰਘਰਸ਼ ਉਸਦੀ ਕਵਿਤਾ ਵਿਚ ਇਕ ਨਿਵੇਕਲੇ ਸਰੋਕਾਰ ਵਜੋਂ ਉਭਰਦਾ ਹੈ। ਪਾਸ਼ ਕਾਵਿ ਦੀਆਂ ਥੀਮਕ ਮੂਲ ਇਕਾਈਆਂ ਦਾ ਕੇਂਦਰੀ ਧੁਰਾ ਮਨੁੱਖੀ ਜ਼ਿੰਦਗੀ ਦੇ ਗੌਰਵ ਅਤੇ ਸ਼ਾਨ ਦਾ ਸੁਹਜ ਤੇ ਓਜ ਭਰਪੂਰ ਰੂਪਾਂਤਰਣ ਕਰਨਾ ਹੈ। ਮਨੁੱਖ ਦੇ ਉਦਾਤ ਖਾਸੇ, ਸਿਰਜਣਾਤਮਕ ਉਮਾਹ, ਉੱਚੇ-ਸੁੱਚੇ ਰਿਸ਼ਤਿਆਂ ਦੀ ਸਿਰਜਣਾ ਅਤੇ ਸਮੁੱਚੀ ਜ਼ਿੰਦਗੀ ਨੂੰ ਭਰਪੂਰਤਾ ਅਤੇ ਉਤਸ਼ਾਹ ਨਾਲ ਜੀਣ ਦੀ ਸਿੱਕ ਪਾਸ਼-ਕਾਵਿ ਦਾ ਕੇਂਦਰੀ ਸਰੋਕਾਰ ਹੈ।

ਕ੍ਰਾਂਤੀ ਪਾਸ਼ ਦਾ ਕੇਂਦਰੀ ਸਰੋਕਾਰ ਹੈ। ਕਵਿਤਾ ਵੀ ਪਾਸ਼ ਲਈ ਕ੍ਰਾਂਤੀ ਚੇਤਨਾ ਉਪਜਾਉਣ ਦਾ ਇਕ ਅਹਿਮ ਵਸੀਲਾ ਹੈ। ਸਮਕਾਲੀਨ ਜੀਵਨ ਦੀ ਭਿਆਨਕਤਾ ਤੋਂ ਉਪਜਾਉਣ ਦਾ ਇਕੋ-ਇਕ ਬਦਲ ਪਾਸ਼ ਕਾਵਿ ਚੇਤਨਾ ਅਨੁਸਾਰ ਕ੍ਰਾਂਤੀ ਹੈ। ਪਾਸ਼ ਦੀ ਕਵਿਤਾ ਜਿਸ ਵਿਚ ਨਵੀਂ ਇਤਿਹਾਸਕ ਯੁੱਗ ਚੇਤਨਾ ਨਾਲ ਓਤ-ਪੋਤ ਹੈ, ਉਸ ਵਿਚ ਵਕਤ ਦਾ ਸੰਕਲਪ ਬਹੁ-ਦਿਸ਼ਾਵੀ ਰੂਪ ਵਿਚ ਹਾਜ਼ਰ ਹੈ। ਪਾਸ਼ ਬੁਰੇ ਵਕਤਾਂ ਦੀ ਦਾਸਤਾਨ ਸੁਣਾਉਂਦਾ ਅਜੋਕੇ ਮਨੁੱਖ ਨੂੰ ਜ਼ਿੰਦਗੀ ਦੇ ਅੰਦਰਲੇ ਰਹੱਸਾਂ ਤੋਂ ਵਾਕਫ਼ ਕਰਾਉਂਦਾ, ਵਕਤ ਦੀ ਨਜਾਕਤ ਦੀ ਪਹਿਚਾਨਣ ਦਾ ਸੰਦੇਸ਼ ਦਿੰਦਾ ਹੈ।

## ਸੁਰਜੀਤ ਪਾਤਰ

ਸੁਰਜੀਤ ਪਾਤਰ ਸੰਗੀਤਕ ਬਿਰਤੀ ਵਾਲੀ ਪ੍ਰਗੀਤਾਤਮਕ ਕਵਿਤਾ ਤੇ ਗ਼ਜ਼ਲ ਕਹਿੰਦਾ ਹੈ, ਪਰ ਉਸਦਾ ਕਾਵਿ ਆਧੁਨਿਕ ਜੀਵਨ ਦੀ ਜੀਵੰਤ ਵਿਚਾਰਧਾਰਾ ਦਾ ਧਾਰਨੀ ਹੈ। ਸੁਰਜੀਤ ਪਾਤਰ ਦੇ ਪਹਿਲਾ ਕਾਵਿ-ਸੰਗ੍ਰਹਿ 'ਹਵਾ ਵਿਚ ਲਿਖੇ ਹਰਫ਼' ਤੋਂ ਉਸ ਦੀ ਪ੍ਰਗਤੀਵਾਦੀ ਸੁਰ ਦਾ ਆਰੰਭ ਹੋ ਜਾਂਦਾ ਹੈ। ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਪਾਤਰ ਧਰਮ ਦੇ ਨਾਮ 'ਤੇ ਫ਼ੈਲੇ ਦੰਭ ਅਤੇ ਨੈਤਿਕਤਾ ਦੀ ਆੜ੍ਹ ਵਿਚ ਫ਼ੈਲੀ ਅਨੈਤਿਕਤਾ ਦਾ ਵਿਰੋਧ ਕਰਦਾ ਹੈ। ਸੁਰਜੀਤ ਪਾਤਰ ਯੁਗ ਦੇ ਨਕਸ਼ਾਂ ਨੂੰ ਦਵੰਦਾਤਮਕ ਭੌਤਿਕਵਾਦੀ ਦ੍ਰਿਸ਼ਟੀ ਤੋਂ ਨਿਹਾਰਦਾ ਹੈ।

ਸੁਰਜੀਤ ਪਾਤਰ ਪ੍ਰਾਰਥਮਿਕਤਾ ਅਧੀਨ ਵਿਚਾਰਧਾਰਾ ਨੂੰ ਨਹੀਂ ਸਗੋਂ ਕਾਵਿ ਸੁਹਜ ਨੂੰ ਦਿੰਦਾ ਹੈ। ਵਿਚਾਰਧਾਰਾ ਪਿੱਠਭੂਮੀ 'ਤੇ ਹੀ ਰਹਿੰਦੀ ਹੈ। ਟੈਰੀ ਈਗਲਟਨ ਨੇ ਮਾਰਕਸਵਾਦ ਤੇ ਸੰਰਚਨਾ ਦੇ ਸੰਯੁਕਤ ਪ੍ਰਸੰਗ ਵਿਚੋਂ ਪਾਠ ਅਤੇ ਵਿਚਾਰਧਾਰਾ ਨੂੰ ਅੰਤਰ-ਸਬੰਧਿਤ ਕਰ ਕੇ ਵੇਖਿਆ ਹੈ। ਉਸ ਅਨੁਸਾਰ ਸਾਹਿਤ-ਰਚਨਾ ਤੇ ਵਿਚਾਰਧਾਰਾ ਦਾ ਸਬੰਧ ਪਰਸਪਰ ਵਿਰੋਧਾਭਾਸ਼ੀ ਹੈ। ਵਿਚਾਰਧਾਰਾ ਦੇ ਵਿਘਟਨਕਾਰੀ ਰੂਪ 'ਚੋਂ ਪੈਦਾ ਹੋਏ ਸਭਿਆਚਾਰਕ ਸੰਕਟ ਨੂੰ ਪਾਤਰ ਮਨੁੱਖੀ ਰਿਸ਼ਤਿਆਂ ਦੀ ਕਰੁਣਾ ਦੇ ਰੂਪ ਵਿਚ ਪੇਸ਼ ਕਰਦਾ ਹੈ। ਮਨੁੱਖੀ ਰਿਸ਼ਤਿਆਂ ਦੇ ਟੁੱਟਣ ਤੋਂ ਪੈਦਾ ਹੋਈ ਉਦਾਸੀ ਉਹ ਇੰਞ ਬਿਆਨ ਕਰਦਾ ਹੈ :

ਤੁਸੀਂ ਆਖੋਗੇ ਕਵੀ, ਤੂੰ ਉਦਾਸ ਹੈਂ
ਤੇਰੀ ਉਦਾਸੀ ਕੁਝ ਵੀ ਨਹੀਂ
ਐਵੇਂ ਬਚਿਆ ਖੁਚਿਆ ਆਦਰਸ਼ਵਾਦ ਹੈ
ਕਿਸੇ ਮਰੇ ਹੋਏ ਸੰਕਲਪ ਦੀ
ਹੌਲੀ ਹੌਲੀ ਮਰ ਰਹੀ ਯਾਦ ਹੈਂ
ਬਹੁਤ ਕੁਝ

ਮਨੁੱਖੀ ਰਿਸ਼ਤਿਆਂ ਦੀ ਕਰੁਣਾ 'ਚੋਂ ਉਪਜੀ ਇਕ ਵਿਸ਼ੇਸ਼ ਪ੍ਰਕਾਰ ਦੀ ਮਾਨਸਿਕਤਾ ਸੁਰਜੀਤ ਪਾਤਰ ਦੀ ਕਵਿਤਾ ਦੇ ਵਿਚਾਰਧਾਰਕ ਪਰਿਪੇਖ ਦਾ ਇਕ ਅਹਿਮ ਹਿੱਸਾ ਹੈ। ਮਨੁੱਖੀ ਰਿਸ਼ਤਿਆਂ ਦੇ ਇਸ ਅਜਨਬੀਕਰਣ ਤੋਂ ਉਪਜੀ ਕਰੁਣਾ ਨੂੰ ਪਾਤਰ-ਕਾਵਿ ਵਿਚ ਇਕ ਵਿਸ਼ੇਸ਼ ਸਥਾਨ ਪ੍ਰਾਪਤ ਹੈ :-

ਏਨੇ ਡੁੱਬ ਚੁੱਕੇ ਨੇ ਸੂਰਜ
ਏਨੇ ਮਰ ਚੁੱਕੇ ਖ਼ੁਦਾ
ਜੀਉਂਦੀ ਮਾਂ ਨੂੰ ਵੇਖ ਕੇ
ਆਪਣੇ ਜਾਂ ਉਸ ਦੇ ਪ੍ਰੇਤ ਹੋਵਣ ਦਾ ਹੋਏਗਾ ਤੌਖਲਾ
ਜਦ ਕੋਈ ਬੇਲੀ ਪੁਰਾਣਾ ਮਿਲੇਗਾ
ਬਹੁਤ ਯਾਦ ਆਵੇਗਾ ਅੰਦਰੋਂ
ਚਿਰਾਂ ਦਾ ਮਰ ਚੁੱਕਿਆ

**ਮੋਹ**

ਸੁਰਜੀਤ ਪਾਤਰ ਨੇ 'ਹਵਾ ਵਿਚ ਲਿਖੇ ਹਰਫ਼', 'ਬਿਰਖ ਅਰਜ਼ ਕਰੇ', 'ਹਨੇਰੇ ਵਿਚ ਸੁਲਘਦੀ ਵਰਣਮਾਲਾ' ਅਤੇ 'ਲਫ਼ਜ਼ਾਂ ਦੀ ਦਰਗਾਹ' ਕਾਵਿ-ਸੰਗ੍ਰਹਿ ਪੰਜਾਬੀ ਕਾਵਿ ਨੂੰ ਦਿੱਤੇ।

# ਪੰਜਾਬੀ ਗ਼ਜ਼ਲ

'ਗ਼ਜ਼ਲ' ਕਿਸੇ ਛੰਦ ਜਾਂ ਤੋਲ ਦਾ ਨਾਂ ਨਹੀਂ ਜਿਵੇਂ ਬੈਂਤ, ਕਬਿੱਤ ਆਦਿ। ਜੋ ਲੋਕ ਗ਼ਜ਼ਲ ਨੂੰ ਇਕ ਛੰਦ ਮੰਨਦੇ ਤੇ ਲਿਖਦੇ ਹਨ ਉਹ ਇਕ ਭਾਰੀ ਟਪਲਾ ਖਾਂਦੇ ਹਨ ਕਿਉਂਕਿ ਗ਼ਜ਼ਲ ਦਾ ਕੋਈ ਨਿਯਤ ਛੰਦ ਜਾਂ ਤੋਲ ਨਾ ਹੋਣ ਕਰਕੇ ਇਹ ਕਈ ਛੰਦਾਂ ਜਾਂ ਤੋਲਾਂ ਵਿਚ ਲਿਖੀ ਜਾਂਦੀ ਹੈ। ਗ਼ਜ਼ਲ ਤਾਂ ਇਕ ਕਵਿਤਾ ਦਾ ਰੂਪ ਜਾਂ ਸ਼ਾਇਰੀ ਦੀ ਕਿਸਮ ਹੈ ਜਿਵੇਂ ਫ਼ਾਰਸੀ ਤੇ ਉਰਦੂ ਸ਼ਾਇਰੀ ਦੀਆਂ ਹੋਰ ਕਿਸਮਾਂ ਰੁਬਈ, ਕਸੀਦਾ, ਮਸਨਵੀ ਆਦਿ।

ਸਪਸ਼ਟ ਹੈ ਕਿ ਗ਼ਜ਼ਲ ਪੰਜਾਬੀ ਜਾਂ ਹਿੰਦੀ (ਜਾਂ ਕਿਸੇ ਵੀ ਭਾਰਤੀ ਬੋਲੀ) ਦਾ ਕੋਈ ਮੌਲਿਕ ਕਾਵਿ-ਰੂਪ ਨਹੀਂ ਹੈ। ਇਹ ਇਕ ਭਾਰਤ ਤੋਂ ਬਾਹਰ ਦੀ ਚੀਜ਼ ਹੈ ਜੋ ਮੁਸਲਮਾਨਾਂ ਅਤੇ ਫ਼ਾਰਸੀ ਕਵਿਤਾ ਦੇ ਆਉਣ ਵਾਲਾ ਯਾਰ੍ਹਵੀਂ ਬਾਰ੍ਹਵੀਂ ਸਦੀ ਈਸਵੀ ਦੇ ਲਗਭਗ ਭਾਰਤ ਵਿਚ ਪ੍ਰਵੇਸ਼ ਹੋਈ। ਭਾਰਤੀ ਬੋਲੀਆਂ ਵਿਚੋਂ ਉਰਦੂ ਨੇ ਜਿਸ ਦੀ ਉਪਜ, ਵਿਕਾਸ ਤੇ ਉਨਤੀ ਮੁਸਲਮਾਨ ਰਾਜ ਅਤੇ ਖਾਸ ਕਰਕੇ ਫ਼ਾਰਸੀ ਸਾਹਿਤ ਦੇ ਅਸਰ ਹੇਠ ਹੋਈ, ਗ਼ਜ਼ਲ ਨੂੰ ਵੱਧ ਤੋਂ ਵੱਧ ਅਪਣਾਇਆ ਤੇ ਇਸ ਵਿਚ ਬੜਾ ਕਮਾਲ ਪੈਦਾ ਕੀਤਾ। ਆਧੁਨਿਕ ਪੰਜਾਬੀ ਸਾਹਿਤ ਵਿਚ ਗ਼ਜ਼ਲ ਦਾ ਰਿਵਾਜ਼ ਉਰਦੂ ਗ਼ਜ਼ਲ ਦੀ ਰੀਸ ਦਾ ਹੀ ਸਿੱਟਾ ਹੈ। ਸੋ ਪੰਜਾਬੀ ਗ਼ਜ਼ਲ ਦਾ ਉਰਦੂ ਤੇ ਫ਼ਾਰਸੀ ਸਾਹਿਤ ਨਾਲ ਅਤਿ ਡੂੰਘਾ ਸੰਬੰਧ ਹੈ। ਫ਼ਾਰਸੀ ਤੇ ਉਰਦੂ ਵਿਚ 'ਗ਼ਜ਼ਲ' ਇਕ ਸਰੋਦੀ ਵਿਸ਼ੇ ਵਾਲੀ ਕਵਿਤਾ ਦਾ ਨਾਂ ਹੈ ਜਿਵੇਂ ਪੰਜਾਬੀ ਵਿਚ 'ਗੀਤ', ਜਿਸ ਦਾ ਕੋਈ ਛੰਦ ਜਾਂ ਤੋਲ ਮੁਕੱਰਰ ਨਹੀਂ। ਗ਼ਜ਼ਲ ਵਾਂਗ ਹੀ ਪੰਜਾਬੀ ਵਿਚ ਰੁਬਾਈ ਲਈ ਕੋਈ ਛੰਦ ਨਿਯਤ ਨਹੀਂ ਹੋ ਸਕਦਾ।

## ਗ਼ਜ਼ਲ ਦੀ ਪਰੰਪਰਾ

ਗ਼ਜ਼ਲ ਦਾ ਮੁੱਢ ਦੇਸ਼ ਦੇ ਪ੍ਰਸਿੱਧ ਸੂਬੇ ਖ਼ੁਰਾਸਾਨ ਵਿਚ ਨੌਵੀਂ ਸਦੀ ਦੇ ਅਖ਼ੀਰ ਵਿਚ ਹੋਇਆ ਮੰਨਿਆ ਜਾਂਦਾ ਹੈ। ਫ਼ਾਰਸੀ ਕਵਿਤਾ ਦੇ ਮੁਢਲੇ ਰੂਪਾਂ ਵਿਚੋਂ ਹੀ ਗ਼ਜ਼ਲ ਵੀ ਇਕ ਜ਼ਰੂਰੀ ਰੂਪ ਸੀ। ਫ਼ਾਰਸੀ ਕਵਿਤਾ ਦਾ ਬਾਬਾ ਆਦਮ 'ਰੂਦਕੀ' ਸੀ ਜਿਸ ਨੂੰ ਆਲੋਚਕ ਨਾ ਕੇਵਲ ਕਸੀਦਾ, ਕਿੱਤਾ, ਮਰਸੀਆ ਅਤੇ ਰੁਬਾਈ, ਸਗੋਂ ਗ਼ਜ਼ਲ ਦਾ ਵੀ ਮੋਢੀ ਮੰਨਦੇ ਹਨ।

ਭਾਵੇਂ ਗ਼ਜ਼ਲ ਦੀ ਉਪਜ ਈਰਾਨੀ ਹੈ ਪਰ ਅਸਲੀਅਤ ਇਹ ਹੈ ਕਿ ਇਸ ਦਾ ਮੁੱਢ ਅਰਬੀ ਸਾਹਿਤ ਦਾ ਸਭ ਤੋਂ ਪਹਿਲਾ ਕਾਵਿ-ਰੂਪ 'ਕਸੀਦਾ' ਮਿਥਿਆ ਜਾਂਦਾ ਹੈ, ਸ਼ਾਇਦ ਇਸ ਲਈ ਵੀ ਕਿ ਇਹ ਫ਼ਾਰਸੀ ਨੂੰ ਬਣਿਆ ਬਣਾਇਆ, ਪ੍ਰਚਲਤ ਤੇ ਸੰਪੂਰਨ ਰੂਪ ਵਿਚ ਅਰਬੀ ਸਾਹਿਤ ਤੋਂ ਮਿਲਿਆ। ਮੌਲਾਨਾਂ ਸ਼ਿਬਲੀ ਕਸੀਦੇ ਤੇ ਗ਼ਜ਼ਲ

ਦੀ ਸਾਂਝ ਦਾ ਇਕ ਹੋਰ ਕਾਰਨ ਵੀ ਮੰਨਦੇ ਹੋਏ ਆਪਣੀ ਕਿਤਾਬ 'ਸਿਅਰੁਲ ਅਜਮ' ਵਿਚ ਲਿਖਦਾ ਹੈ :

ਗ਼ਜ਼ਲ ਕਾ ਅਸਲੀ ਅਨਸਰ ਕਸੀਦਾ ਹੈ। ਕਸੀਦਾ ਮੇਂ ਮਮਦੂਹ (ਅਮੀਰ ਜਾਂ ਬਾਦਸ਼ਾਹ) ਕੀ ਤਾਰੀਫ਼ ਹੋਤੀ ਥੀ, ਗ਼ਜ਼ਲ ਮੇਂ ਮਾਸ਼ੂਕ ਕੀ ?

ਹੁਣ ਪ੍ਰਸ਼ਨ ਉਠਦਾ ਹੈ ਕਿ ਇਸ ਦਾ ਨਾਂ ਗ਼ਜ਼ਲ ਕਿਉਂ ਹੋਇਆ ? ਗ਼ਜ਼ਲ ਸ਼ਬਦ ਅਰਬੀ ਦਾ ਹੈ। ਇਸ ਦੇ ਸ਼ਬਦੀ ਅਰਥ, ਮੌਲਾਨਾ ਹਾਲੀ ਦੇ ਕਥਨ ਅਨੁਸਾਰ, 'ਇਸ਼ਕ ਬਾਜੀ ਕਰਨਾ ਔਰ ਔਰਤੋਂ ਸੇ ਮੁਖਾਤਬ ਹੋਣਾ' ਸਨ, ਅਰਥਾਤ ਇਸ਼ਕ ਕਮਾਉਣਾ ਜਾਂ ਤੀਵੀਆਂ ਨਾਲ ਗੱਲਬਾਤ ਕਰਨਾ। ਇਨ੍ਹਾਂ ਸ਼ਬਦੀ ਅਰਥਾਂ ਤੋਂ ਬਦਲ ਕੇ ਗ਼ਜ਼ਲ ਦਾ ਅਸਲੀ ਭਾਵ ਇਸ਼ਕ ਦੇ ਜਜ਼ਬੇ ਦਾ ਖੁੱਲ੍ਹਾ, ਰੌਚਕ ਬਿਆਨ ਹੋ ਗਿਆ।

ਗਜ਼ਲ ਦੀਆਂ ਪਰੰਪਰਾਈ ਵਿਸ਼ੇਸ਼ਤਾਈਆਂ ਪ੍ਰਗਟ ਹੁੰਦੀਆਂ ਹਨ ਜੋ ਇਸ ਪ੍ਰਕਾਰ ਹਨ :

**1. ਇਸ਼ਕ ਦੇ ਬਹੁ-ਪੱਖੀ ਵਿਸ਼ਿਆਂ ਦੀ ਪ੍ਰਧਾਨਤਾ**

ਇਸ਼ਕ ਮਨੁੱਖਤਾ ਦਾ ਸਭ ਤੋਂ ਸੰਪੂਰਨ ਤੇ ਪ੍ਰਭਾਵਕ ਵਿਸ਼ਾ ਹੈ। ਨਿਰੋਲ ਇਸ਼ਕ ਦਾ ਬਿਆਨ ਗ਼ਜ਼ਲ ਦਾ ਅਸਲੀ ਰੰਗ ਹੈ। ਮਨੁੱਖੀ ਸੁੰਦਰਤਾ ਦਾ ਕਾਵਿਕ ਨਿਰੂਪਨ ਗ਼ਜ਼ਲ ਦੀ ਰੂਹ ਹੈ। ਇਸ਼ਕ ਦੀ ਖਿੱਚ ਹਰ ਕਿਸੇ ਨੂੰ ਹੈ, ਗਰੀਬ, ਅਮੀਰ, ਬੱਚੇ, ਬੁੱਢੇ ਸਭ ਨੂੰ। ਉਰਦੂ ਗ਼ਜ਼ਲ ਦਾ ਬਾਦਸ਼ਾਹ 'ਮੀਰ' ਕਹਿੰਦਾ ਹੈ :

ਇਸ਼ਕ ਹੀ ਇਸ਼ਕ ਹੈ ਜਹਾਂ ਦੇਖੋ
ਸਾਰੇ ਆਲਮ ਮੇਂ ਭਰ ਰਹਾ ਹੈ ਇਸ਼ਕ।

**2. ਤਸੱਵਫ਼ ਜਾਂ ਸੂਫ਼ੀ ਰਹੱਸਵਾਦ**

ਰੱਬੀ ਇਸ਼ਕ ਮਨੁੱਖਤਾ ਦਾ ਸਭ ਤੋਂ ਉੱਚਾ ਕਰਤੱਵ ਹੈ। ਸੂਫ਼ੀ ਮੱਤ ਇਹ ਮੁੱਖ ਸਿਧਾਂਤ ਹੈ। ਸਾਰੇ ਮਜ਼ਹਬਾਂ ਵਿਚ ਇਸ਼ਕ ਦੀ ਮਹੱਤਤਾ ਦੱਸੀ ਗਈ ਹੈ। ਮਜਾਜ਼ੀ ਇਸ਼ਕ ਦੀ ਸ਼ਬਦਾਵਲੀ ਨੂੰ ਰਹੱਸਵਾਦੀ ਅਨੁਭਵ ਦੇ ਪ੍ਰਗਟਾ ਲਈ ਵਰਤਿਆ ਜਾਂਦਾ ਹੈ। ਇਸ ਤੋਂ ਬਿਨ੍ਹਾਂ ਕੰਮ ਨਹੀਂ ਚਲ ਸਕਦਾ। ਨਿਰਾਕਾਰ ਰੱਬ ਦਾ ਬਿਆਨ ਸੰਕੇਤਾਂ ਨਾਲ ਹੀ ਸੰਭਵ ਹੈ। ਮੌਲਾਨਾ ਰੂਮ ਕਹਿੰਦਾ ਹੈ :

ਖੁਸ਼ਤਰ ਆਂ ਬਾਸ਼ਦ ਕਿ ਸਿੱਰਿ ਦਿਲਬਰਾਂ।
ਗੁਫਤਾ ਆਇਕ ਦਰ ਹਦੀਸੇ ਦੀਗਰਾਂ।

**3. ਅਸ਼ਲੀਲ ਵਿਚਾਰਾਂ ਤੋਂ ਸੰਕੋਚ**

ਫ਼ਾਰਸੀ ਕਵੀਆਂ ਨੇ ਸ਼ਬਦ ਮਾਸ਼ੂਕ ਦੀ ਵਰਤੋਂ ਬੜੀ ਸਿਆਣਪ ਨਾਲ ਕੀਤੀ। ਇਸ ਦਾ ਲਿੰਗ ਅਸਪਸ਼ਟ ਰਖਿਆ। ਸਗੋਂ ਇਹ ਗੱਲ ਵੀ ਅਨਿਸਚਿਤ ਰਖੀ ਕਿ ਮਾਸ਼ੂਕ ਕੋਈ ਮਨੁੱਖ ਹੈ ਜਾਂ ਨਿਰਾਕਾਰ ਰੱਬ। ਕਵੀਆਂ ਨੇ ਜ਼ੋਰ ਇਸ਼ਕ ਦੇ ਜਜ਼ਬਿਆਂ ਦੇ ਪ੍ਰਗਟਾ ਉੱਤੇ ਲਾਇਆ, ਵਾਧੂ ਗੱਲਾਂ ਛੱਡ ਦਿੱਤੀਆਂ। ਇਹੀ ਕਾਰਨ ਹੈ ਕਿ ਫ਼ਾਰਸੀ ਉਰਦੂ ਦੀ ਇਸ਼ਕੀਆ ਕਵਿਤਾ ਓਨੀ ਸੁਭਾਵਕ ਨਹੀਂ ਜਾਪਦੀ ਜਿੰਨੀ ਕਿ ਹਿੰਦੀ ਜਾਂ ਸੰਸਕ੍ਰਿਤ ਦੀ ਸ਼ਿੰਗਾਰ ਰਸ ਦੀ ਕਵਿਤਾ।

ਗ਼ਜ਼ਲ ਵਿਚ ਇਸ਼ਕ ਦਾ ਰੰਗ ਵਧੇਰੇ ਰਹੱਸਵਾਦੀ ਅਤੇ ਬੋਧਿਕ ਰਿਹਾ ਹੈ। ਫ਼ਾਰਸੀ ਦੀ ਰੀਸੇ ਉਰਦੂ ਦੇ ਕਵੀਆਂ ਨੇ ਵੀ ਕਿਰਿਆ ਜਾਂ ਵਿਸ਼ਲੇਸ਼ਣ ਦੀ ਵਰਤੋਂ ਤੋਂ ਮਾਸ਼ੂਕ ਨੂੰ ਇਸਤਰੀ ਨਹੀਂ ਦਰਸਾਇਆ।

ਪੰਜਾਬੀ ਗ਼ਜ਼ਲ ਵਿਚ ਵੀ ਇਹੀ ਰਿਵਾਜ਼ ਜਾਰੀ ਰਹਿਣਾ ਚਾਹੀਦਾ ਹੈ। ਇਸਤਰੀ ਲਿੰਗ ਦੀ ਵਰਤੋਂ ਨਾਲ ਗ਼ਜ਼ਲ ਦਾ ਬਿਆਨ ਖੁੱਲ੍ਹਾ ਅਤੇ ਬੇਪਰਦਾ (ਭਾਵ ਅਸ਼ਲੀਲ) ਹੋ ਜਾਏਗਾ, ਕੋਮਲਤਾ ਖ਼ਤਮ ਹੋ ਜਾਏਗੀ। ਭਰ ਖ਼ਿਆਲ ਕਰਨਾ ਕਿ ਪੁਲਿੰਗ ਦੀ ਵਰਤੋਂ ਤੋਂ 'ਮੁੰਡਿਆਂ ਨਾਲ ਇਸ਼ਕ' ਦੀ ਪ੍ਰੇਰਨਾ ਮਿਲਦੀ ਹੈ, ਯੋਗ ਨਹੀਂ ਹੋਵੇਗਾ, ਕਿਉਂਕਿ ਇਹ ਕੇਵਲ ਇਕ ਸਾਹਿਤਕ ਜਾਂ ਸੰਕੇਤਕ ਵਰਤੋਂ ਹੈ। ਅਸਲ ਭਾਵ ਤਾਂ ਸਾਰੇ ਹੀ ਜਾਣਦੇ ਹਨ ਕਿ ਇਸਤਰੀ ਲਿੰਗ ਤੋਂ ਹੈ। ਸੋ ਨਿਰਨਾ ਇਹ ਹੈ ਕਿ ਮਾਸ਼ੂਕ ਦਾ ਲਿੰਗ-ਭਾਵ ਅਸਪਸ਼ਟ ਰਹੇ ਤਾਂ ਚੰਗਾ ਹੈ।

**4. ਬਿਆਨ ਦੀ ਨਵੀਨਤਾ, ਮੌਲਿਕਤਾ ਅਤੇ ਰੌਚਕਤਾ**

ਲਿਖਣ ਢੰਗ ਗ਼ਜ਼ਲ ਦੀ ਜਾਨ ਹੁੰਦਾ ਹੈ। ਵਿਸ਼ੇ ਤਾਂ ਕਈ ਸਦੀਆਂ ਹੋਈਆਂ ਰਿਵਾਜ਼ੀ ਤੇ ਪ੍ਰਚਲਤ ਚਲੇ ਆਉਂਦੇ ਹਨ, ਸ਼ਾਇਰ ਦਾ ਕਮਾਲ ਖ਼ਿਆਲਾਂ ਨੂੰ ਨਵੇਂ ਢੰਗਾਂ ਵਿਚ ਅਦਾ ਕਰਨ 'ਤੇ ਹੀ ਨਿਰਭਰ ਰਿਹਾ ਹੈ। ਹਰ ਮਹਾਨ ਗ਼ਜ਼ਲ-ਲੇਖਕ ਦਾ ਆਪਣਾ ਖ਼ਾਸ ਰੰਗ ਹੈ, ਜਿਸ ਦਾ ਉਹ ਉਸਤਾਦ ਹੁੰਦਾ ਹੈ। ਹਾਫ਼ਿਜ਼ ਦਾ ਬਿਆਨ ਢੰਗ ਜਾਂ ਸ਼ੈਲੀ ਅਜਿਹੀ ਅਦਭੁੱਤ ਹੈ ਕਿ ਉਸ ਦੀ ਰੀਸ ਨਹੀਂ ਹੋ ਸਕਦੀ, ਭਾਵੇਂ ਲੱਖਾਂ ਕਵੀਆਂ ਨੇ ਉਸਦੀ ਪੈਰਵੀ ਦਾ ਦਮ ਭਰਿਆ। ਇਸੇ ਤਰ੍ਹਾਂ 'ਮੀਰ' ਦਾ ਆਪਣਾ ਖਾਸ ਅੰਦਾਜ਼ ਹੈ ਜਿਸਦੀ ਰੀਸ ਉਸਤਾਦ 'ਜ਼ੌਕ' ਤੋਂ ਵੀ ਨਹੀਂ ਹੋ ਸਕੀ। ਉਹ ਕਹਿੰਦਾ ਹੈ :

ਨਾ ਹੂਆ ਪਰ ਨਾ ਹੂਆ ਮੀਰ ਕਾ ਅੰਦਾਜ਼ ਨਸੀਬ
'ਜ਼ੌਕ' ਯਾਰੋਂ ਨੇ ਬਹੁਤ ਜ਼ੋਰ ਗ਼ਜ਼ਲ ਮੇਂ ਮਾਰਾ।

ਨਵੀਆਂ ਤਸ਼ਬੀਹਾਂ, ਇਸਤਿਆਰੇ, ਨਵੀਆਂ ਤਮਸੀਲਾਂ, ਨਵੇਂ ਲਿਖਣ-ਢੰਗ, ਨਵੀਂ ਸ਼ਬਦਾਵਲੀ ਗ਼ਜ਼ਲ ਲਈ ਜ਼ਰੂਰੀ ਹੈ।

**5. ਤਕਨੀਕ ਦੀ ਨਿਪੁੰਨਤਾ**

ਗ਼ਜ਼ਲ ਦੀ ਇਕ ਖਾਸ ਤਕਨੀਕ ਹੈ। ਉਸ ਵਿਚ ਨਿਪੁੰਨਤਾ ਪ੍ਰਾਪਤ ਕੀਤੇ ਬਿਨ੍ਹਾਂ ਉਸਤਾਦੀ ਕਿਥੇ ? ਹਰ ਮਹਾਨ ਫ਼ਾਰਸੀ ਤੇ ਉਰਦੂ ਕਵੀ 'ਇਲਮਿ ਅਰੂਜ਼' ਜਾਂ ਪਿੰਗਲ ਸ਼ਾਸਤਰ ਤੋਂ ਪੂਰੀ ਤਰ੍ਹਾਂ ਜਾਣੂ ਹੁੰਦਾ ਹੈ। ਵਜ਼ਨ ਜਾਂ ਤਕਨੀਕ ਦੀ ਹਰ ਉਕਾਈ ਉਤੇ ਇਕ ਦਮ ਕਈ ਉਂਗਲੀਆਂ ਉਠਦੀਆਂ ਹਨ। ਤਕਨੀਕ ਦੀ ਗ਼ਲਤੀ ਦਾ ਕੋਈ ਜਵਾਬ ਨਹੀਂ ਹੋ ਸਕਦਾ ਸਿਵਾਏ ਸ਼ਰਮਿੰਦਗੀ ਦੇ।

**6. ਗ਼ਜ਼ਲ ਦੀ ਸਮੁੱਚੀ ਪਰੰਪਰਾ ਦਾ ਗਿਆਨ**

ਹਰ ਗ਼ਜ਼ਲ-ਲੇਖਕ ਇਸ ਕਾਵਿ ਰੂਪ ਦੇ ਮੁੱਢ ਤੋਂ ਹੋਏ ਵਿਕਾਸ ਤੇ ਉਨਤੀ ਦੇ ਸਾਰੇ ਪੜਾਵਾਂ ਤੋਂ ਜਾਣੂ ਹੁੰਦਾ ਹੈ। ਗ਼ਜ਼ਲ ਜਿਸ ਪੱਧਰ 'ਤੇ ਇਸ ਵੇਲੇ ਹੈ, ਇਸ ਦੀ ਉਸਾਰੀ ਰੂਦਕੀ ਤੋਂ ਲੈ ਕੇ ਹੁਣ ਤਕ ਹੋਏ ਸਾਰੇ ਮਹਾਨ ਫ਼ਾਰਸੀ ਤੇ ਉਰਦੂ ਕਵੀਆਂ ਦੀ ਹਿੰਮਤ

ਅਤੇ ਪ੍ਰਤਿਭਾ ਦੀ ਰਿਣੀ ਹੈ। ਨਵੇਂ ਕਵੀ ਇਸ ਖ਼ਜ਼ਾਨੇ ਦੇ ਭੰਡਾਰੀ ਵੀ ਹਨ ਤੇ ਇਸ ਵਿਚ ਪ੍ਰਬੀਨ ਵੀ।

## ਗ਼ਜ਼ਲ ਦੀ ਤਕਨੀਕ

ਫ਼ਾਰਸੀ ਤੇ ਉਰਦੂ ਕਵਿਤਾ ਦੀ ਇਕ ਸ਼ਿਅਰਸ ਹੈ ਜਿਸ ਨੂੰ ਬੈਂਤ ਵੀ ਕਹਿੰਦੇ ਹਨ, ਜਿਵੇਂ ਪੰਜਾਬੀ ਵਿਚ ਦੋਹਰਾ ਹੈ। ਇਕ ਸ਼ਿਅਰ ਦੀਆਂ ਦੋ ਤੁਕਾਂ ਹੁੰਦੀਆਂ ਹਨ। ਇਕ ਤੁਕ ਨੂੰ 'ਮਿਸਰਾ' ਕਹਿੰਦੇ ਹਨ ਅਤੇ ਦੋ ਮਿਸਰਿਆਂ ਦਾ ਇਕ ਸ਼ਿਅਰ ਬਣਦਾ ਹੈ। ਸ਼ਬਦ 'ਬੈਂਤ' ਅਰਬੀ ਦਾ ਹੈ, ਜਿਸ ਦੇ ਅਰਥ ਹਨ ਦਰਵਾਜ਼ਾ। ਜਿਵੇਂ ਦਰਵਾਜ਼ੇ ਦੇ ਦੋ ਕਿਵਾੜ ਹੁੰਦੇ ਹਨ, ਤਿਵੇਂ ਬੈਂਤ ਦੀਆਂ ਦੋ ਤੁਕਾਂ। ਗ਼ਜ਼ਲ ਦੇ ਸ਼ਿਅਰਾਂ ਦੀ ਗਿਣਤੀ ਪੰਜ ਤੋਂ ਸਤਾਰਾਂ ਤਕ ਹੋਣੀ ਚਾਹੀਦੀ ਹੈ ਅਤੇ ਜੁਫ਼ਤ ਦੀ ਥਾਂ ਤਾਕ ਹੋਵੇ ਤਾਂ ਵਧੇਰੇ ਚੰਗਾ ਹੈ, ਜਿਵੇਂ ਪੰਜ, ਸੱਤ, ਨੌ, ਯਾਰਾਂ। ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ ਮਤਲਾ ਅਤੇ ਅਖੀਰੀ ਸ਼ਿਅਰ ਨੂੰ ਜਿਸ ਵਿਚ ਸ਼ਾਇਰ ਆਪਣਾ ਤਖੱਲਸ (ਉਪਨਾਮ) ਵਰਤਦਾ ਹੈ, ਮਕਤਾ ਆਖਦੇ ਹਨ। ਮਤਲਾ ਦੇ ਅਰਥ ਹਨ ਆਰੰਭ, ਤੇ ਮਕਤਾ ਦਾ ਭਾਵ ਹੈ ਅਖ਼ੀਰ। ਮਤਲਾ ਤੋਂ ਬਾਅਦ ਦੂਜੇ ਸ਼ਿਅਰ ਨੂੰ 'ਹੁਸਨਿ ਮਤਲਾ' ਅਤੇ ਸਭ ਤੋਂ ਉੱਤਮ ਸ਼ਿਅਰ ਨੂੰ 'ਸ਼ਾਹ ਬੈਂਤ' ਕਿਹਾ ਜਾਂਦਾ ਹੈ। ਹਰ ਸ਼ਿਅਰ ਦਾ ਮਜ਼ਮੂਨ ਵਖਰਾ ਹੋ ਸਕਦਾ ਹੈ ਪਰ ਜਦੋਂ ਗ਼ਜ਼ਲ ਵਿਚ ਇਕੋ ਖ਼ਿਆਲ ਹਰ ਸ਼ਿਅਰ ਵਿਚ ਸਿਲਸਿਲੇ ਵਾਰ ਬੰਨ੍ਹਿਆ ਜਾਏ ਤਾਂ ਉਸ ਨੂੰ 'ਗ਼ਜ਼ਲਿ ਮੁਸੱਲਸਲ' ਕਹਿੰਦੇ ਹਨ।

ਤੋਲ ਜਾਂ ਛੰਦ (ਜਾਂ ਵਜ਼ਨ) ਗ਼ਜ਼ਲ ਲਈ ਨਿਯਤ ਨਹੀਂ ਕੀਤਾ ਗਿਆ। ਫ਼ਾਰਸੀ, ਉਰਦੂ ਵਿਚ ਤੋਲ ਲਈ ਸ਼ਬਦ 'ਬਹਿਰ' ਵਰਤਦੇ ਹਨ ਅਤੇ ਬਹਿਰਾਂ 'ਰਮਲ', 'ਹਜ਼ਜ', 'ਮੁਤਕਾਰਥ', 'ਰਜ਼ਜ਼', ਆਦਿ ਪ੍ਰਸਿੱਧ ਹਨ। ਗ਼ਜ਼ਲ ਲਈ ਕੇਵਲ ਦੋ ਤੋਲ ਨਹੀਂ ਵਰਤੇ ਜਾਂਦੇ, ਉਹ ਹਨ 1. ਰੁਬਾਈ ਦਾ ਤੋਲ ਜਿਸ ਦੀਆਂ ਵੰਨਗੀਆਂ ਹਨ। 2. ਮਸਨਵੀ ਦਾ ਤੋਲ ਜੋ ਕੁਝ ਕੁ ਵੰਨਗੀਆਂ ਦੇ ਵੇਰਵੇ ਨਾਲ ਨਿਸਚਿਤ ਹੁੰਦਾ ਹੈ।

ਤੁਕਾਂਤ ਪ੍ਰਬੰਧ ਵੀ ਗ਼ਜ਼ਲ ਦਾ ਨਿਸਚਿਤ ਹੈ। ਕਸੀਦਾ ਅਤੇ ਗ਼ਜਲ ਦਾ ਤੁਕਾਂਤ ਪ੍ਰਬੰਧ ਇਕੋ ਹੈ। ਕੇਵਲ ਫਰਕ ਇਹ ਹੈ ਕਿ ਕਸੀਦੇ ਵਿਚ ਸ਼ਿਅਰਾਂ ਦੀ ਗਣਤੀ ਸੀਮਤ ਨਹੀਂ। ਪੰਜਾਹ ਵੀ ਹੋ ਸਕਦੀ ਹੈ, ਸੌ ਵੀ ਤੇ ਦੋ ਸੌ ਵੀ। ਪਿਛੇ ਦਸਿਆ ਵੀ ਹੈ ਕਿ ਗ਼ਜ਼ਲ ਕਸੀਦਾ ਦੀ ਭੂਮਿਕਾ ਤੋਂ ਹੀ ਵਟ ਕੇ ਇਕ ਵੱਖਰਾ ਰੂਪ ਧਾਰ ਗਈ ਹੈ। ਤੁਕਾਂਤ ਜਾਂ ਕਾਗ਼ੀਆ ਉਸ ਸ਼ਬਦ ਦੀ ਤਬਦੀਲੀ ਨੂੰ ਕਹਿੰਦ ਹਨ ਜੋ ਤੁਕ ਦੇ ਅਖ਼ੀਰ ਵਿਚ ਹੁੰਦੀ ਹੈ। ਤੁਕ ਦੇ ਅਖ਼ੀਰ ਵਿਚ ਜੋ ਇਕ ਜਾਂ ਇਕ ਤੋਂ ਵਧ ਸ਼ਬਦ ਕਾਫ਼ੀਏ ਤੋਂ ਬਾਅਦ, ਹਰ ਕਾਫ਼ੀਏ ਵਾਲੀ ਤੁਕ ਵਿਚ, ਕਾਇਮ ਰਹਿੰਦੇ ਹਨ, ਉਸ ਨੂੰ 'ਰਦੀਫ਼' ਕਹਿੰਦੇ ਹਨ। ਰਦੀਫ਼ ਸਦਾ ਕਾਫ਼ੀਏ ਤੋਂ ਪਿਛੋਂ ਆਉਂਦੀ ਹੈ। ਜਿਥੇ ਤੁਕ ਦਾ ਅਖੀਰੀ ਸ਼ਬਦ ਕਾਫ਼ੀਆ ਹੋਵੇ ਉਥੇ ਰਦੀਫ਼ ਨਹੀਂ ਹੁੰਦੀ। ਗ਼ਜ਼ਲ ਦੇ ਪਹਿਲੇ ਸ਼ਿਅਰ ਵਿਚ ਦੋਹਾਂ ਤੁਕਾਂ ਦਾ ਕਾਫ਼ੀਆ ਆਪਸ ਵਿਚ ਜ਼ਰੂਰ ਮਿਲੇਗਾ। ਇਹੋ ਮਤਲਾ ਦੀ ਪਛਾਣ ਹੈ। ਉਸ ਤੋਂ ਬਾਅਦ ਹਰ ਸ਼ਿਅਰ ਦੀ ਦੂਜੀ ਤੁਕ ਦਾ ਕਾਫ਼ੀਆ ਮਤਲਾ ਦੇ ਕਾਫ਼ੀਏ ਨਾਲ ਮੇਲ ਖਾਏਗਾ।

ਪੰਜਾਬੀ ਗ਼ਜ਼ਲ ਦਾ ਆਰੰਭ ਨਿਯਤ ਕਰਨਾ ਕਾਫੀ ਕਠਿਨ ਕਾਰਜ ਹੈ। ਪੰਜਾਬੀ ਗ਼ਜ਼ਲ ਦਾ ਮੁੱਢ ਵੀ ਉਰਦੂ ਗ਼ਜ਼ਲ ਦੇ ਮੁੱਢ ਨਾਲ ਆਪਣਾ ਮੋਢਾ ਮੇਚਦਾ ਹੈ। ਉਰਦੂ ਦੇ ਪਹਿਲੇ ਕਵੀਆਂ ਵਲੀ, ਹਾਤਮ, ਮਜ਼ਹਰ, ਆਰਜ਼ੂ ਆਦਿ (ਜੋ ਅਠਾਰ੍ਹਵੀਂ ਸਦੀ ਵਿਚ ਹੋਏ) ਦੀਆਂ ਗ਼ਜ਼ਲਾਂ ਵਿਚ ਪੰਜਾਬੀ ਅੰਸ਼ ਏਨਾ ਜ਼ਿਆਦਾ ਹੈ ਕਿ ਜੇ ਇੰਨ੍ਹਾਂ ਨੂੰ ਪੰਜਾਬੀ ਗ਼ਜ਼ਲਾਂ ਸਮਝ ਲਿਆ ਜਾਵੇ ਤਾਂ ਕੋਈ ਗਲਤ ਗੱਲ ਨਹੀਂ ਹੋਵੇਗੀ। ਪੰਜਾਬੀ ਵਿਚ ਗ਼ਜ਼ਲ ਉਰਦੂ ਦੇ ਰਸਤੇ ਫ਼ਾਰਸੀ ਤੋਂ ਆਈ। ਡਾ. ਜਗਤਾਰ ਅਨੁਸਾਰ 'ਗ਼ਜ਼ਲ ਮੱਕੇ ਅਤੇ ਮਦੀਨੇ ਵਿਚ ਜੰਮੀ। ਉਸ ਅਨੁਸਾਰ ਇਹ ਕਾਵਿ-ਵਿਧਾ ਸੱਤਵੀਂ ਸਦੀ ਵਿਚ ਅਰਬ ਵਿਚ ਵਜੂਦ ਵਿਚ ਆਈ।'

ਪੰਜਾਬੀ ਗ਼ਜ਼ਲ ਸ਼ਾਹ ਮੁਰਾਦ ਦੀ ਮੌਤ ਤੋਂ ਬਾਅਦ ਹੋਂਦ ਵਿਚ ਆਈ ਮੰਨੀ ਜਾਂਦੀ ਹੈ। ਇਸ ਪਿਛੋਂ ਸਆਦਤ ਯਾਰ ਖਾਂ ਰੰਗੀਨ (1827-1897), ਮੌਲਾ ਬਖ਼ਸ਼ ਕੁਸ਼ਤਾ (1876-1955), ਧਨੀ ਰਾਮ ਚਾਤ੍ਰਿਕ (1876-1954), ਬਰਕਤ ਰਾਮ ਯੁਮਨ (1905-1967), ਆਦਿ ਦਾ ਨਾਮ ਪੰਜਾਬੀ ਗ਼ਜ਼ਲ ਨਾਲ ਜੁੜਦਾ ਹੈ। ਉਪਰੰਤ ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ, ਜਸਵੰਤ ਰਾਏ, 'ਰਾਏ', ਈਸ਼ਵਰ ਚਿੱਤਰਕਾਰ ਆਦਿ ਸੈਂਕੜੇ ਨਾਮ ਆਉਂਦੇ ਹਨ ਜਿਨ੍ਹਾਂ ਨੇ ਪੰਜਾਬੀ ਗ਼ਜ਼ਲ ਵਿਚ ਕਿਰਮਚੀ ਰੰਗ ਬਖੇਰੇ। ਪੰਜਾਬੀ ਗ਼ਜ਼ਲ ਦਾ ਆਰੰਭ ਸ਼ਾਹ ਮੁਰਾਦ (ਮੌਤ 1701-1702) ਦੀਆਂ ਅੱਠ ਗ਼ਜ਼ਲਾਂ ਨਾਲ ਹੁੰਦਾ ਹੈ ਜਿਨ੍ਹਾਂ ਨੂੰ ਮੌਲਵੀ ਸਿਰਾਜੁਦੀਨ ਨੇ ਚੱਕਵਾਲ ਤੋਂ 1908 ਵਿਚ ਛਪਵਾਇਆ। ਪਹਿਲਾ ਆਰੰਭਕ ਪੜਾਅ ਆਧੁਨਿਕ ਪੰਜਾਬੀ ਸਾਹਿਤ ਦੇ ਸਮਵਿੱਥ ਮੌਲਾ ਬਖ਼ਸ਼ ਕੁਸ਼ਤਾ ਜੋਗਾ ਸਿੰਘ ਜਗਿਆਸੂ, ਧਨੀ ਰਾਮ ਚਾਤ੍ਰਿਕ ਦੀਆਂ ਗ਼ਜ਼ਲਾਂ ਹਨ, ਜਿਸ ਸਦਕਾ ਗ਼ਜ਼ਲ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਵਿਲੱਖਣ ਰੂਪਾਕਾਰ ਵਜੋਂ ਪ੍ਰਚਲਿਤ ਹੁੰਦੀ ਹੈ। ਦੂਸਰਾ ਪੜਾਅ ਪੰਜਾਬੀ ਗ਼ਜ਼ਲ ਦੇ ਖੇਤਰ ਅਗਲੀ ਪੀੜ੍ਹੀ ਦੇ ਪਰਵੇਸ਼ ਨਾਲ ਸ਼ੁਰੂ ਹੁੰਦਾ ਹੈ। ਇਸ ਵਿਚ ਤਖ਼ਤ ਸਿੰਘ, ਪੀਰ ਫ਼ਜ਼ਲ, ਸਾਧੂ ਸਿੰਘ ਹਮਦਰਦ, ਦੀਪਕ ਜੈਤੋਈ, ਦੀਵਾਨ ਸਿੰਘ, ਅਜਾਇਬ ਚਿੱਤਰਕਾਰ, ਚਾਨਣ ਗੋਬਿੰਦਪੁਰੀ, ਠਾਕੁਰ ਭਾਰਤੀ ਜਿਹੇ ਖਾਸਕਰ ਫ਼ਾਰਸੀ ਉਰਦੂ ਗ਼ਜ਼ਲ ਦੀ ਸਿਨਫ਼ ਦੇ ਸੁਚੇਤ ਪੈਰੋਕਾਰ ਪੰਜਾਬੀ ਗ਼ਜ਼ਲ ਦੀ ਨਕਸ਼ ਨੁਹਾਰ ਨੂੰ ਘੜਦੇ ਹਨ। ਇਨ੍ਹਾਂ ਪ੍ਰਸਿੱਧ ਗ਼ਜ਼ਲਕਾਰਾਂ ਨੇ ਇਕ ਸੁਨਿਸ਼ਚਿਤ ਗ਼ਜ਼ਲ ਵਿਧਾਨ ਨੂੰ ਪ੍ਰਮੁੱਖਤਾ ਦਿੱਤੀ।

ਜਗਤਾਰ ਅਤੇ ਸੁਰਜੀਤ ਪਾਤਰ ਦੋਵੇਂ ਪੰਜਾਬੀ ਗ਼ਜ਼ਲ ਦੇ ਉਸਤਾਦ ਅਤੇ ਬੇਹੱਦ ਹਰਮਨ ਪਿਆਰੇ ਸ਼ਾਇਰ ਹਨ। ਦੋਨਾਂ ਦੀਆਂ ਗ਼ਜ਼ਲਾਂ ਵਿਚ ਨਾ ਸਿਰਫ਼ ਜ਼ਰੂਰੀ ਸਿਨਫ਼ੀ ਮੁਹਾਰਤ ਅਤੇ ਪਕਿਆਈ ਹੈ, ਸਗੋਂ ਉਹ ਗ਼ਜ਼ਲ ਦੀਆਂ ਰੂਪਾਕਾਰਕ ਸੂਫ਼ਮਤਾਵਾਂ ਤੋਂ ਬੇਹੱਦ ਬਾਖ਼ਬਰ ਹਨ। ਜਗਤਾਰ ਨੇ ਗ਼ਜ਼ਲ ਬਾਰੇ ਪ੍ਰਮਾਣਿਕ ਤੇ ਪ੍ਰਪੱਕ ਸਿਧਾਤਕ ਬਹਿਸ ਵੀ ਕੀਤੀ ਹੈ।

ਪੰਜਾਬੀ ਗ਼ਜ਼ਲ ਦੇ ਇਤਿਹਾਸਕ ਵਿਕਾਸ ਦਾ ਤੀਸਰਾ ਪੜਾਅ ਸੁਤੰਤਰਤਾ ਉਪਰੰਤ ਸੱਤਵੇਂ ਦਹਾਕੇ ਦੇ ਆਸ-ਪਾਸ ਆਰੰਭ ਹੁੰਦਾ ਹੈ। ਇਹੀ ਦੌਰ ਖੁੱਲ੍ਹੀ ਕਵਿਤਾ ਦੇ ਕਾਵਿਕ ਅਥਵਾ ਗੈਰ-ਕਾਵਿਕ ਬੋਲਬਾਲੇ ਦਾ ਵੀ ਹੋ ਨਿੱਬੜਦਾ ਹੈ। ਕਾਵਿ ਸੰਚਾਰ

ਨਾਲੋਂ ਵਧੇਰੇ ਸਿੱਧੜ ਵਿਚਾਰਾਂ, ਸਪਾਟ ਵਿਚਾਰਧਾਰਾ ਤੇ ਬੇਥਵੀਆਂ ਖੁੱਲ੍ਹਾਂ ਦਾ ਤਰਕ ਭਾਰੂ ਹੁੰਦਾ ਹੈ। ਕੁਝ ਸ਼ਾਇਰਾਂ ਨੇ ਆਪਣੀ ਨਵੀਂ ਸੰਵੇਦਨਾ ਅਤੇ ਮਨ ਟੁੰਬਵੀਂ ਪ੍ਰਗੀਤਕਤਾ ਦਾ ਸਮਤੋਲ ਬਣਾਉਣ ਲਈ ਗ਼ਜ਼ਲ ਨੂੰ ਅਪਣਾਇਆ। ਕੁਝ ਸੂਝਵਾਨ ਅਤੇ ਕਾਵਿ ਦੀ ਮੂਲ ਪ੍ਰਕਿਰਤੀ ਪ੍ਰਤਿ ਪ੍ਰਣਾਏ ਕਵੀਆਂ ਨੇ ਖੁੱਲ੍ਹੀ ਕਵਿਤਾ ਵਿਚ ਵੀ ਉੱਚਪਾਏ ਦੀ ਰਚਨਾ ਕੀਤੀ। ਇਸ ਪੜਾਅ 'ਤੇ ਆ ਕੇ ਪੰਜਾਬੀ ਗ਼ਜ਼ਲ ਅਰਬੀ, ਫ਼ਾਰਸੀ, ਉਰਦੂ ਦੀ ਗ਼ਜ਼ਲ ਪਰੰਪਰਾ ਦੀਆਂ ਆਰੋਪਿਤ ਬੇਲੋੜੀਆਂ ਮਕਾਨਕੀ ਬੰਦਸ਼ਾਂ ਨੂੰ ਤਿਆਗ ਨਰੋਏ ਅਤੇ ਸੁਹਜਭਾਵੀ ਪੰਜਾਬੀ ਪ੍ਰਗੀਤਕ ਪ੍ਰਤਿਬਦਲ ਤਲਾਸ਼ਣ ਵੱਲ ਰੁਚਿਤ ਹੋਈ ਹੈ ਹਾਲਾਂਕਿ ਗ਼ਜ਼ਲ ਦੀ ਇਤਿਹਾਸਕ ਹੋਣੀ ਲਈ ਇਹ ਦੌਰ ਅਜੇ ਏਨਾਂਸੁਖਾਵਾਂ ਨਹੀਂ ਸੀ ਬਣ ਸਕਿਆ। ਗ਼ਜ਼ਲ ਦੀ ਰੂਪਾਕਾਰਕ ਵਿਲੱਖਣਤਾ ਦੇ ਨਾਲ-ਨਾਲ ਇਸ ਲਈ ਸਜਿੰਦ ਪ੍ਰਗੀਤਕਤਾ, ਉੱਤਮ ਕਾਵਿਕਤਾ, ਅਨੂਪਮ ਸੰਵੇਦਨਾ ਅਤੇ ਭਾਵਪੂਰਤ ਦ੍ਰਿਸ਼ਟੀ ਦੀਆਂ ਬੁਨਿਆਦੀ ਲੋੜਾਂ ਨੂੰ ਵੀ ਗ਼ਜ਼ਲ ਲਈ ਜ਼ਰੂਰੀ ਮੰਨਣ ਦੇ ਤਰਕ ਸਨਮੁਖ ਆਏ। ਇਸ ਪੀੜ੍ਹੀ ਵਿਚ ਸ. ਸ. ਮੀਸ਼ਾ, ਰਣਧੀਰ ਸਿੰਘ ਚੰਦ, ਜਗਤਾਰ, ਸੁਰਜੀਤ ਪਾਤਰ, ਮੁਸ਼ਤਾਕ ਸਿੰਘ, ਜਫ਼ਰ ਇਕਬਾਲ, ਤਨਵੀਰ ਬੁਖਾਰੀ, ਮਾਜ਼ਿਦ ਸਦੀਕੀ, ਰਊਫ਼ ਸ਼ੇਖ਼, ਸਲੀਮ ਕਾਸ਼ਰ, ਗੁਰਦੇਵ ਨਿਰਧਨ, ਐਸ.ਤਰਸੇਮ, ਅਮਰੀਕ ਸਿੰਘ ਪੂਨੀ, ਜਗਜੀਤ ਬਰਾੜ, ਦਰਸ਼ਨ ਗਿੱਲ, ਕੰਵਲ ਚੌਹਾਨ, ਗੁਰਦੀਪ, ਰਤਨ ਸਿੰਘ ਢਿੱਲੋਂ, ਸੁਰਿੰਦਰ ਸੀਹਰਾ ਅਤੇ ਹੋਰ ਕਾਫ਼ੀ ਗਿਣਤੀ ਵਿਚ ਗ਼ਜ਼ਲਗੋਆਂ ਨੇ ਆਪਣੇ ਮਾਣਯੋਗ ਕਾਵਿਕ ਸੰਚਾਰ ਦਾ ਪ੍ਰਮਾਣ ਦਿੱਤਾ।

ਸਮਕਾਲੀ ਪੰਜਾਬੀ ਗ਼ਜ਼ਲ ਦਾ ਮੁਹਾਂਦਰਾ ਨਿਖਾਰਨ ਵਿਚ ਜਿਸ ਨਵੀਂ ਪੀੜੀ ਨੇ ਵਿਸ਼ੇਸ਼ ਮੁਹਾਰਤ ਅਤੇ ਕਲਾਤਮਕ ਸੂਝ ਦਾ ਪ੍ਰਮਾਣ ਦਿੱਤਾ ਹੈ, ਉਨ੍ਹਾਂ ਵਿਚ ਜਸਵਿੰਦਰ, ਸੁਰਜੀਤ ਜੱਜ, ਸੁਖਵਿੰਦਰ ਅੰਮ੍ਰਿਤ, ਕੁਲਵਿੰਦਰ, ਬਰਜਿੰਦਰ ਚੌਹਾਨ, ਗੁਰਤੇਜ ਕੋਹਾਰਵਾਲਾ, ਉਮਰ ਗਨੀ, ਭੁਪਿੰਦਰ ਸੱਗੂ, ਹਰਦਿਆਲ ਸਾਗਰ, ਸੁਰਜੀਤ ਸਖੀ, ਰਾਬਿੰਦਰ ਮਸਰੂਰ ਤੇ ਕਈ ਹੋਰ ਆਪਣੀ ਸ਼ਨਾਖ਼ਤ ਬਣਾ ਰਹੇ ਹਨ।

**ਸਆਦਤ ਯਾਰ ਖਾਂ** 'ਰੰਗੀਨ' (1757-1835) ਸ਼ਾਹ ਮੁਰਾਦ ਤੋਂ ਅਗਲਾ ਪੰਜਾਬੀ ਗ਼ਜ਼ਲਗੋ ਹੈ ਜਿਸ ਦੇ ਨਾਂ ਦਾ ਜ਼ਿਕਰ ਕੀਤੇ ਬਿਨਾਂ ਮੁਹੰਮਦ ਬਖ਼ਸ਼ ਤੱਕ ਨਹੀਂ ਪਹੁੰਚਿਆ ਜਾ ਸਕਦਾ। ਮੁਹੰਮਦ ਬਖ਼ਸ਼ ਨੇ ਸ਼ਿਅਰਾਂ ਨੂੰ ਪੂਰੀ ਸਖ਼ਤੀ ਨਾਲ ਬਹਿਰ ਵਿਚ ਕਿਹਾ ਹੈ। ਉਸ ਦੀਆਂ ਗ਼ਜ਼ਲਾਂ ਵਿਚ ਰਵਾਨੀ, ਬਿਆਨ ਦੀ ਪਰਪੱਕਤਾ ਅਤੇ ਜਜ਼ਬੇ ਦਾ ਪ੍ਰਗਟਾਅ ਪ੍ਰਸ਼ੰਸਾਯੋਗ ਹੈ। ਕੰਚਨ ਸਿੰਘ ਨੇ 'ਰੰਗੀਨ' ਨੂੰ ਉਰਦੂ, ਹਿੰਦਵੀ ਅਤੇ ਪੰਜਾਬੀ ਤੋਂ ਇਲਾਵਾ 17 ਹੋਰ ਭਾਸ਼ਾਵਾਂ ਉਪਭਾਸ਼ਾਵਾਂ ਦਾ ਗਿਆਤਾ ਦੱਸਦਿਆਂ ਕਿਹਾ ਹੈ ਕਿ ਉਸਨੇ ਖ਼ੁਦਨੁਮਾਈ ਕਰਦੇ ਲਿਖਿਆ ਹੈ :

ਰੰਗੀਨ ਗ਼ਜ਼ਲ ਪੰਜਾਬੀ ਦੇ ਵਿੱਚ ਸੁਹਣੀ ਲਿਖੀ,
ਕਾਇਲ ਹਾਂ ਯਾਰ ਮੈਂ ਤੇ ਤੇਰੇ ਇਸ ਕਮਾਲ ਦਾ।

**ਮੌਲਾ ਬਖ਼ਸ਼ ਕੁਸ਼ਤਾ :** ਭਾਵੇਂ ਪੰਜਾਬੀ ਗ਼ਜ਼ਲ ਦਾ ਮੋਢੀ ਸ਼ਾਹ ਮੁਰਾਦ ਹੈ ਪਰ ਗ਼ਜ਼ਲ ਨੂੰ ਸੁਤੰਤਰ ਕਾਵਿ-ਵੰਨਗੀ ਦੇ ਰੂਪ ਵਿਚ ਪੇਸ਼ ਕਰਨ ਦਾ ਸਿਹਰਾ ਮੌਲਾ ਬਖ਼ਸ਼

'ਕੁਸ਼ਤਾ' (1876-1975) ਨੂੰ ਪ੍ਰਾਪਤ ਹੁੰਦਾ ਹੈ। 'ਕੁਸ਼ਤਾ' ਨੇ ਗ਼ਜ਼ਲਾਂ ਵਿੱਚ ਇਸ਼ਕ, ਤਸੱਵੁਫ਼, ਸਦਾਚਾਰ, ਹੁਸਨ ਦਾ ਬਿਆਨ, ਮਾਅਸ਼ੂਕ ਨਾਲ ਗਿਲਾ, ਜੁਦਾਈ ਦਾ ਦੁੱਖ ਆਦਿ ਸਭ ਕੁਝ ਬਿਆਨ ਕੀਤਾ ਹੈ। ਅਰੂਜ਼ ਦੇ ਪੱਖੋਂ ਵੀ ਕੁਸ਼ਤਾ ਦਾ ਸਿੱਕਾ ਮੰਨਣਾ ਪੈਂਦਾ ਹੈ। ਉਸ ਨੇ ਫ਼ਾਰਸੀ ਦੀਆਂ ਪ੍ਰਚਲਿਤ ਬਹਿਰਾਂ ਨੂੰ ਵੀ ਆਪਣੀਆਂ ਗ਼ਜ਼ਲਾਂ ਵਿਚ ਬੜੀ ਸਫ਼ਲਤਾ ਨਾਲ ਨਿਭਾਇਆ ਹੈ। ਉਸ ਦੀ ਕਾਵਿ-ਭਾਸ਼ਾਂ ਠੇਠ ਅਤੇ ਪੰਜਾਬੀ ਮੁਹਾਵਰੇ ਵਾਲੀ ਹੈ। ਜਿਵੇਂ :

ਐਸਾ ਹੈ ਸਮਝਾਵਣਾ ਮੂਰਖਾਂ ਨੂੰ,
ਜੇਹਾ ਗੁੰਬਦ 'ਤੇ ਖਿੱਦੋ ਟਿਕਾਵਨਾ ਏ।

**ਧਨੀ ਰਾਮ 'ਚਾਤ੍ਰਿਕ :** 'ਕੁਸ਼ਤਾ' ਤੋਂ ਬਾਅਦ ਪੰਜਾਬੀ ਗ਼ਜ਼ਲ ਦੇ ਇਤਿਹਾਸ ਵਿਚ ਧਨੀ ਰਾਮ 'ਚਾਤ੍ਰਿਕ' (1876-1954) ਪਾਲ ਸਿੰਘ 'ਆਰਿਫ਼' (1874-1958), ਸ.ਸ. ਚਰਨ ਸਿੰਘ 'ਸ਼ਹੀਦ' (1891-1935) ਅਤੇ ਫ਼ੀਰੋਜਦੀਨ 'ਸ਼ਰਫ਼' (1898-1955) ਦੇ ਨਾਮ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। 'ਚਾਤ੍ਰਿਕ' ਨੇ ਗ਼ਜ਼ਲ ਨੂੰ ਸਿਰਲੇਖ ਵੀ ਦਿੱਤੇ ਹਨ ਅਤੇ ਸ਼ਿਅਰਾਂ ਵਿਚ ਭਾਵ ਏਕਤਾ ਦਾ ਧਿਆਨ ਰੱਖਣ ਦੀ ਥਾਂ ਵਿਸ਼ੇ ਦੀ ਏਕਤਾ ਨੂੰ ਬਣਾਈ ਰੱਖਣ ਦਾ ਯਤਨ ਕੀਤਾ ਗਿਆ ਹੈ ਜਿਸ ਨਾਲ ਗ਼ਜ਼ਲਾਂ ਦਾ ਰੰਗ ਮੁਸਲਸਲ ਕਿਸਮ ਦਾ ਹੋ ਗਿਆ ਹੈ। ਉਸ ਨੇ ਆਪਣੀਆਂ ਗ਼ਜ਼ਲਾਂ ਚ ਪੰਜਾਬੀਅਤ ਦਾ ਰੰਗ ਪੇਸ਼ ਕੀਤਾ ਹੈ।

**ਫ਼ੀਰੋਜ਼ਦੀਨ 'ਸ਼ਰਫ਼'** (1898-1955) ਦੀ ਗ਼ਜ਼ਲ ਵਿਚ ਫ਼ਾਰਸੀ, ਉਰਦੂ ਸ਼ਬਦਾਵਲੀ ਕਾਫ਼ੀ ਜ਼ਿਆਦਾ ਹੈ। ਉਸ ਦੀਆਂ ਗ਼ਜ਼ਲਾਂ ਵਿਚ ਅਜਿਹੀ ਸ਼ਬਦਾਵਲੀ ਮੌਜੂਦ ਹੈ ਜਿਹੜੀ ਮੌਕੇ 'ਤੇ ਅਸਰ ਕਰਨ ਵਾਲੀ, ਚੁਸਤ ਅਤੇ ਅਲੰਕਾਰਾਂ ਨਾਲ ਭਰਪੂਰ ਹੈ। ਉਸ ਨੇ ਆਪਣੀਆਂ ਗ਼ਜ਼ਲਾਂ ਵਿਚ ਜ਼ਿਆਦਾ ਧਿਆਨ ਸ਼ੈਲੀ ਅਤੇ ਸ਼ਬਦਾਵਲੀ ਵੱਲ ਹੀ ਦਿੱਤਾ ਹੈ। ਉਸ ਦੇ ਵਿਚਾਰਾਂ ਵਿਚ ਵਧੇਰੇ ਗਹਿਰਾਈ ਨਹੀਂ ਮਿਲਦੀ। ਉਸ ਦੀਆਂ ਗ਼ਜ਼ਲਾਂ ਵਿਚ ਹੁਸਨ-ਇਸ਼ਕ ਅਤੇ ਸਦਾਚਾਰ ਦਾ ਬਿਆਨ ਸਤਹੀ ਹੈ :

ਕਿਸੇ ਨੂੰ ਫੁੱਲ ਤੇ ਕਲੀਆਂ, ਕਿਸੇ ਨੂੰ ਹਾਰ ਦਿੰਦੇ ਓ।
ਖ਼ਤਾ ਮੈਥੋਂ ਹੋਈ ਕਿਹੜੀ ? ਜੋ ਮੈਨੂੰ ਖ਼ਾਰ ਦਿੰਦੇ ਓ।

**ਉਜਾਗਰ ਸਿੰਘ, 'ਉਲਫ਼ਤ'** (1899-1975) ਦਾ ਗ਼ਜ਼ਲ ਸੰਗ੍ਰਹਿ 'ਉਲਫ਼ਤ ਗ਼ਜ਼ਲ' 1969 ਵਿਚ ਛਪਿਆ। ਇਸ ਵਿਚ 101 ਗ਼ਜ਼ਲਾਂ ਹਨ। ਉਸ ਦੀ ਸ਼ਾਇਰੀ ਵਿਚ ਦੇਸ਼-ਪਿਆਰ ਦਾ ਪ੍ਰਗਟਾਵਾ ਬਹੁਤ ਹੈ। ਰਾਸ਼ਟਰੀ-ਪ੍ਰੇਮ ਦੀ ਭਾਵਨਾ ਨੂੰ ਪੇਸ਼ ਕਰਦਾ ਹੋਇਆ ਉਸ ਦਾ ਇਕ ਸ਼ਿਅਰ ਵੇਖਿਆ ਜਾ ਸਕਦਾ ਹੈ :

ਇਹ ਧਰਤੀ ਰਾਜ਼ ਨਿਆਜ਼ਾਂ ਦੀ,
ਇਹ ਮਕਸਦ ਪਾਕ ਨਿਮਾਜ਼ਾਂ ਦੀ,
ਜਿੱਥੇ ਦੇਸ਼-ਵਤਨ ਦੀ 'ਉਲਫ਼ਤ' ਦੇ,
ਸੂਰਜ ਚਮਕਾਏ ਜਾਂਦੇ ਹਨ।

**ਸ਼ਰਕਤ ਰਾਮ 'ਯੁਮਨ'** (1903-1967) ਦੀ ਮੌਤ ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਇਕ ਸੰਗ੍ਰਹਿ ਛਾਪਿਆ ਜਿਸ ਵਿਚ ਉਸ ਦੀਆਂ 51 ਗ਼ਜ਼ਲਾਂ ਸ਼ਾਮਿਲ ਕੀਤੀਆਂ ਗਈਆਂ। ਉਸ ਦੀਆਂ ਗ਼ਜ਼ਲਾਂ ਵਿਚ ਨੈਤਿਕ ਕਦਰਾਂ-ਕੀਮਤਾਂ, ਉਪਦੇਸ਼ ਅਤੇ ਹੁਸਨ-ਇਸ਼ਕ ਦੇ ਰਿਵਾਇਤੀ ਰੰਗ ਨੂੰ ਪੇਸ਼ ਕੀਤਾ ਗਿਆ ਹੈ। ਉਸ ਨੇ ਆਪਣੀਆਂ ਗ਼ਜ਼ਲਾਂ ਵਿਚ ਫ਼ਾਰਸੀ ਸ਼ਬਦਾਵਲੀ ਦੀ ਬਹੁਤ ਜ਼ਿਆਦਾ ਵਰਤੋਂ ਕੀਤੀ ਹੈ।

**ਬਾਵਾ ਬਲਵੰਤ** (1905-1972) ਦੇ ਕਾਵਿ-ਸੰਗ੍ਰਹਿ 'ਅਮਰ ਗੀਤ' (1942) ਵਿਚ ਇਕ ਗ਼ਜ਼ਲ ਅਤੇ 'ਸੁਗੰਧ ਸਮੀਰ' (1959) ਵਿਚਲੀਆਂ ਗ਼ਜ਼ਲਾਂ ਵਿਚ ਵਿਸ਼ਵ ਵੇਦਨਾ ਤੋਂ ਲੈ ਕੇ ਵਿਸ਼ਵ-ਕਵਿਆਣ ਤੱਕ ਦੇ ਵਿਸ਼ਿਆਂ ਨੂੰ ਚੁਣਿਆ ਗਿਆ ਹੈ। ਬਾਵਾ ਬਲਵੰਤ ਦੀਆਂ ਗ਼ਜ਼ਲਾਂ ਵਿਚ ਪ੍ਰਗਤੀਵਾਦੀ ਚੇਤਨਾ ਆਪਣੇ ਸਮਾਜਿਕ ਆਦਰਸ਼ਾਂ ਨੂੰ ਮਾਨਵ-ਕਲਿਆਣ ਹਿਤ ਪੇਸ਼ ਕਰਦੀ ਹੈ। ਇਉਂ ਜਾਪਦਾ ਹੈ ਜਿਵੇਂ ਬਾਵਾ ਰਾਸ਼ਟਰੀ-ਚੇਤਨਾ ਨੂੰ ਅੰਤਰ-ਰਾਸ਼ਟਰੀ ਚੇਤਨਾ ਨਾਲ ਜੋੜ ਰਿਹਾ ਹੋਵੇ। ਉਸ ਦੀਆਂ ਗ਼ਜ਼ਲਾਂ ਦਾ ਕੇਂਦਰੀ ਥੀਮ ਮਨੁੱਖ ਦੇ ਸੁੰਦਰ ਅਤੇ ਮਨਮੋਹਣੇ ਭਵਿੱਖ ਨੂੰ ਪ੍ਰਸਤੁਤ ਕਰਦਾ ਹੈ :

> ਭਾਰ ਮਾਨਵਤਾ ਦਾ, ਜਗ-ਦੁਖ ਹਰਨ ਦਾ,
> ਜੇ ਨਹੀਂ ਉਹ ਸਿਰ ਨਹੀਂ, ਗਰਦਨ ਨਹੀਂ।

**ਪ੍ਰੋ. ਮੋਹਨ ਸਿੰਘ** (1905-1978) ਦੇ ਗ਼ਜ਼ਲ-ਖੇਤਰ ਵਿਚ ਆਉਣ ਨਾਲ ਸਹੀ ਅਰਥਾਂ ਵਿਚ ਗ਼ਜ਼ਲ ਦੀ ਪ੍ਰਗਤੀ ਹੋਈ। ਉਸ ਦੀਆਂ ਚਾਰ ਕਾਵਿ-ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਵਿੱਚ ਉਸ ਨੇ ਗ਼ਜ਼ਲਾਂ ਨੂੰ ਵਿਸ਼ੇਸ਼ ਥਾਂ ਦਿੱਤੀ। 'ਆਵਾਜ਼ਾਂ ਵਿਚ ਛੇ, 'ਵੱਡਾ ਵੇਲਾ' ਵਿਚ ਬਾਰਾਂ, ਜੰਦਰੇ ਵਿਚ ਬਾਰਾਂ ਅਤੇ 'ਜੈਮੀਰ' ਵਿਚ ਨੌਂ ਗ਼ਜ਼ਲਾਂ ਸ਼ਾਮਿਲ ਹਨ।ਇਨ੍ਹਾਂ ਗ਼ਜ਼ਲਾਂ ਨੂੰ ਗਹੁ ਨਾਲ ਵੇਖਿਆਂ ਮੋਹਨ ਸਿੰਘ ਦੀ ਰੋਮਾਂਟਿਕ ਤਰਕਸ਼ੀਲ/ਆਦਰਸ਼ਵਾਦੀ-ਯਥਾਰਥਵਾਦੀ ਦ੍ਰਿਸ਼ਟੀ ਸਾਹਮਣੇ ਆਉਂਦੀ ਹੈ। ਉਹ ਹੁਸਨ-ਇਸ਼ਕ ਦਾ ਬਿਆਨ ਤਾਂ ਰਵਾਇਤੀ ਹੀ ਕਰਦਾ ਹੈ ਪਰ ਉਸ ਦੀ ਇਕ ਅਜਿਹੀ ਵਿਸ਼ੇਸ਼ਤਾ ਹੈ ਜਿਹੜੀ ਉਸ ਦੇ ਇਸ ਗੁਣ ਨੂੰ ਉਸ ਦੀ ਸ਼ਾਇਰੀ ਮੌਲਿਕਤਾ ਬਣਾ ਦਿੰਦੀ ਹੈ। ਪ੍ਰਗਤੀਵਾਦੀ ਲਹਿਰ ਦੇ ਪ੍ਰਭਾਵ ਹੇਠ ਉਸ ਨੇ ਪ੍ਰਗਤੀਵਾਦੀ ਸੁਰ ਅਪਣਾਈ। ਸਮੇਂ ਦੀ ਤਬਦੀਲੀ ਦੇ ਨਾਲ-ਨਾਲ ਉਸ ਨੇ ਆਪਣੀ ਰਚਨਾ ਦੇ ਵਿਸ਼ੇ ਵੀ ਬਦਲ ਲਏ। ਉਸ ਨੂੰ ਆਪਣੇ ਗ਼ਮ ਵਿਚੋਂ ਸਾਰੀ ਲੋਕਾਈ ਦਾ ਗ਼ਮ ਪੈਦਾ ਹੁੰਦਾ ਮਹਿਸੂਸ ਹੋਇਆ।

ਮੋਹਨ ਸਿੰਘ ਦੀਆਂ ਗ਼ਜ਼ਲਾਂ ਦਾ ਵਿਸ਼ਾ ਭਾਵੇਂ ਰੁਮਾਂਸਵਾਦੀ, ਪ੍ਰਗਤੀਵਾਦੀ, ਆਧੁਨਿਕ ਹੈ ਪਰ ਬਿੰਬ-ਵਿਧਾਨ ਅਤੇ ਪ੍ਰਗਟਾਅ-ਵਿਧੀ ਵਲੋਂ ਉਹ ਪਰੰਪਰਾਵਾਦੀ ਹੈ। ਏਥੋਂ ਤੱਕ ਕਿ ਉਹ ਆਧੁਨਿਕ ਤੋਂ ਆਧੁਨਿਕ ਵਿਚਾਰਾਂ ਨੂੰ ਵੀ ਉਹ ਮੱਧ-ਯੁੱਗ ਦੇ ਘਟੇ ਪਿਟੇ ਸ਼ਰਾਬ, ਰਿੰਦ, ਮੈਖ਼ਾਨਾ, ਸਾਕੀ ਆਦਿ ਦੇ ਬਿੰਬਾਂ ਰਾਹੀਂ ਪ੍ਰਗਟ ਕਰਦਾ ਹੈ। ਜਿਵੇਂ ਮੋਹਨ ਸਿੰਘ ਦੇ ਭਾਵ-ਬੋਧ ਦੇ ਚਿੰਤਨ ਵਿੱਚ 'ਕੱਚ' ਅਤੇ 'ਸੱਚ' ਦਾ ਦਵੰਦ ਦਾ ਪਾੜਾ ਆਦਿ ਤੋਂ ਅੰਤ ਤੱਕ ਬਣਿਆ ਰਹਿੰਦਾ ਹੈ ਇਸੇ ਤਰ੍ਹਾਂ ਉਸ ਦੇ ਗ਼ਜ਼ਲ ਕਾਵਿ

ਵਿਚ ਆਧੁਨਿਕ ਸੰਵੇਦਨਾਂ ਤੇ ਪਰੰਪਰਾਗਤ ਪ੍ਰਗਟਾਅ ਵਿਧੀ ਵਿਚਾਲੇ ਪਾੜਾ ਦੂਰ ਨਹੀਂ ਹੋ ਸਕਿਆ।

**ਦਰਸ਼ਨ ਸਿੰਘ 'ਆਵਾਰਾ'** (1906–1982) ਨੇ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਉਹ ਸਮਾਜ ਉੱਤੇ ਵਿਅੰਗ ਕਰਦਾ ਹੈ। ਉਸ ਦੇ ਵਿਅੰਗ ਦਾ ਨਿਸ਼ਾਨਾ ਖ਼ਾਸ ਤੌਰ 'ਤੇ ਧਾਰਮਿਕ ਸੰਸਥਾਵਾਂ ਦੇ ਸੰਚਾਲਕ ਬਣੇ ਹਨ।ਸ਼ਿਅਰ ਵੇਖੋ :

ਜੱਨਤੀ ਹੂਰਾਂ, ਹਸੀਨਾਂ, ਕੋਨਾ-ਕੋਨਾ ਮਲ ਲਿਐ,
ਦਿਲ 'ਚ ਤਿਲ ਭਰ ਥਾਂ, ਖ਼ੁਦਾ ਦੇ ਵਾਸਤੇ ਖ਼ਾਲੀ ਨਹੀਂ।

**ਕਰਤਾਰ ਸਿੰਘ 'ਬਲੱਗਣ'** (1907–1969) ਦੀਆਂ ਗ਼ਜ਼ਲਾਂ ਵਿਚ ਇਸ਼ਕ ਦੇ ਰਵਾਇਤੀ ਬਿਆਨ ਦੇ ਨਾਲ-ਨਾਲ ਸਮਾਜਿਕ ਕਦਰਾਂ-ਕਮਤਾਂ ਨੂੰ ਵੀ ਵਿਸ਼ਾ ਬਣਾਇਆ ਗਿਆ ਹੈ। ਈਸ਼ਵਰ ਸਿੰਘ 'ਚਿੱਤਰਕਾਰ' (1911–1969) ਦੀਆਂ ਗ਼ਜ਼ਲਾਂ ਪਿਆਰ ਦੇ ਸੂਖ਼ਮ ਜਜ਼ਬਿਆਂ ਨਾਲ ਲਬਰੇਜ਼ ਹਨ ਅਤੇ ਸਰਬ-ਸਾਂਝੀਵਾਲਤਾ ਦੇ ਉਦੇਸ਼ ਅਧੀਨ ਮਨੁੱਖ ਨੂੰ ਨਰੋਏ ਸੰਦੇਸ਼ ਦਿੰਦੀਆਂ ਹਨ।

**ਪ੍ਰੋ. ਹਰੀ ਕਿਸ਼ਨ 'ਰਤਨ'** (1917–1985) ਨੇ ਪੰਜਾਬੀ ਗ਼ਜ਼ਲ ਜਗਤ ਨੂੰ ਦੋ ਗ਼ਜ਼ਲ-ਸੰਗ੍ਰਹਿ 'ਇਹ ਰੰਗ ਗ਼ਜ਼ਲ ਦਾ' ਅਤੇ 'ਗ਼ਜ਼ਲ ਗੁਲਜ਼ਾਰ' ਦਿੱਤੇ। ਇਸ ਤੋਂ ਇਲਾਵਾ ਉਸ ਦੇ ਕਾਵਿ-ਸੰਗ੍ਰਹਿ 'ਉਮੰਗਾਂ' ਵਿਚ ਵੀ ਕੁਝ ਗ਼ਜ਼ਲਾਂ ਸ਼ਾਮਿਲ ਹਨ। ਉਸ ਦੀਆਂ ਗ਼ਜ਼ਲਾਂ ਵਿਚ ਮਾਰਫ਼ਤ, ਆਸ਼ਾਵਾਦ, ਪਾਕ-ਮੁਹੱਬਤ, ਤਕਦੀਰ-ਤਦਬੀਰ, ਸਾਕੀ ਦੀ ਮਿੰਨਤ, ਪ੍ਰੀਤਮ ਦੇ ਤਰਲੇ, ਮਹਿਬੂਬ ਦੇ ਸੁਹੱਪਣ ਦਾ ਬਿਆਨ, ਪ੍ਰੇਮ ਦੀ ਮਹਾਨਤਾ, ਵਿਛੋੜੇ ਦਾ ਦੁੱਖ, ਦੀਦਾਰ ਦੀ ਸਿੱਕ ਅਤੇ ਦੁਨੀਆਂ ਦੀ ਬੇਵਫ਼ਾਈ ਆਦਿ ਦਾ ਸਾਦਗੀ ਭਰਪੂਰ ਜ਼ਿਕਰ ਹੈ।

**ਸ਼ਿਵ ਕੁਮਾਰ (ਬਟਾਵਲੀ)** (1937–1973) ਨੇ ਵੀ ਗ਼ਜ਼ਲਾਂ (ਚਾਰ) ਲਿਖੀਆਂ ਹਨ ਜਿਹੜੀਆਂ ਉਸ ਦੇ ਸੰਗ੍ਰਹਿ 'ਬਿਰਹਾ ਤੂੰ ਸੁਲਤਾਨ' ਵਿਚ ਮਿਲਦੀਆਂ ਹਨ। ਇਨ੍ਹਾਂ ਗ਼ਜ਼ਲਾਂ ਵਿਚ ਤਗ਼ੱਜ਼ੁਲ ਦੀ ਘਾਟ ਹੈ। ਕੋਈ ਵੀ ਸ਼ਿਅਰ ਹਾਸਿਲ-ਇ-ਗ਼ਜ਼ਲ ਨਹੀਂ ਕਿਹਾ ਜਾ ਸਕਦਾ। ਇਹ ਗ਼ਜ਼ਲਾਂ ਸਿਰਫ਼ ਰੋਮਾਂਟਿਕ ਸ਼ਬਦਾਂ ਦਾ ਸੰਗ੍ਰਹਿ ਹੀ ਬਣ ਨਿਬੜੀਆਂ ਹਨ।

**ਠਾਕੁਰ ਭਾਰਤੀ** (ਜਨਮ 1911) ਭਾਵੇਂ ਆਪਣੀ ਗ਼ਜ਼ਲ ਵਿਚ ਇਸ਼ਕ ਨੂੰ ਪ੍ਰਧਾਨ ਵਿਸ਼ਾ ਬਣਾ ਕੇ ਤੁਰਦਾ ਹੈ ਪਰ ਅਜੋਕੀ ਗ਼ਜ਼ਲ ਵਿਚ ਉਸ ਨੇ ਵਿਅੰਗਾਤਮਕ ਸ਼ੈਲੀ ਰਾਹੀਂ ਸਿਆਸੀਕ੍ਰਿਤ ਸਥਿਤੀਆਂ ਅਤੇ ਜੀਵਨ ਦੀ ਕਠੋਰਤਾ ਨੂੰ ਬਿਆਨ ਕੀਤਾ ਹੈ। ਉਸ ਦੁਆਰਾ ਗ਼ਜ਼ਲ ਬਾਰੇ ਕੀਤੀ ਆਲੋਚਨਾ ਵਿਚ ਵੀ ਤਲਖ਼ ਸ਼ਬਦਾਂ ਦੀ ਵਰਤੋਂ ਵਧੇਰੇ ਹੁੰਦੀ ਹੈ।

**ਸਾਧੂ ਸਿੰਘ 'ਹਮਦਰਦ'** (1914–1984) ਦੀ ਪੰਜਬੀ ਗ਼ਜ਼ਲ ਨੂੰ ਕਦੇ ਵੀ ਨਾ ਭੁਲਾਈ ਜਾਣ ਵਾਲੀ ਹੈ। ਉਸਦੀ ਗ਼ਜ਼ਲ-ਸ਼ੈਲੀ 'ਦਾਗ਼' ਸਕੂਲ ਤੋਂ ਪ੍ਰਭਾਵਿਤ ਹੈ। ਉਸ ਨੇ ਭਾਸ਼ਾ ਦੇ ਮਿਆਰ, ਤਕਨੀਕ ਦੀ ਪੁਖ਼ਤਗੀ ਅਤੇ ਵਿਚਾਰਾਂ ਨੂੰ ਪ੍ਰਮੁੱਖਤਾ ਦਿੱਤੀ ਹੈ।

'ਹਮਦਰਦ' ਨੇ 'ਜ਼ੋਸ਼' ਮਲਸਿਆਨੀ, ਪੰਡਿਤ ਮੇਲਾ ਰਾਮ 'ਵਫ਼ਾ' ਅਤੇ 'ਹੁਮਾ' ਹਰਨਾਲਵੀ ਤੋਂ ਇਸਲਾਹ ਲਈ। ਹੁਸਨ-ਇਸ਼ਕ, ਜੀਵਨ-ਦਰਸ਼ਨ ਅਤੇ ਰਿੰਦੀ ਆਦਿ ਨੂੰ ਉਸ ਨੇ ਆਪਣੀਆਂ ਗ਼ਜ਼ਨਾਂ ਵਿਚ ਪ੍ਰਸਤੁਤ ਕੀਤਾ ਹੈ। ਰਮਜ਼ਾਂ ਅਤੇ ਸੰਕੇਤਾਂ ਆਦਿ ਤੋਂ ਵੀ ਕੰਮ ਲਿਆ ਗਿਆ ਹੈ ਪਰ ਵਿਚਾਰਾਂ ਦੀ ਪੇਸ਼ਕਾਰੀ ਸਾਦਗੀ ਭਰਪੂਰ ਹੈ। ਇਹ ਗੁਣ ਹੀ ਗ਼ਜ਼ਲ ਦੀ ਜਿੰਦ-ਜਾਨ ਹਨ। 'ਮਾਡਰਨ ਗ਼ਜ਼ਲ' ਉਸ ਦੀ ਵਿਸ਼ੇਸ਼ ਦੇਣ ਹੈ।

**ਦੀਪਕ ਜੈਤੋਈ** (1928-2005) ਨੇ ਵੀ ਗ਼ਜ਼ਲਕਾਰੀ ਦੇ ਖੇਤਰ ਵਿਚ ਆਪਣਾ ਕਾਬਿਲ-ਇ-ਜ਼ਿਕਰ ਸਥਾਨ ਬਣਾਇਆ। ਇੱਕ ਗ਼ਜ਼ਲਗੋ ਹੋਣ ਦੇ ਨਾਲ-ਨਾਲ ਉਸ ਨੇ ਗ਼ਜ਼ਲ ਦੇ ਸਿਧਾਂਤਕ ਪੱਖ 'ਤੇ ਵੀ 'ਗ਼ਜ਼ਲ ਕੀ ਹੈ' ਪੁਸਤਕ ਲਿਖੀ ਹੈ ਅਤੇ ਉਹ 'ਤਸਵੀਰ' ਮਾਸਿਕ ਪੱਤਰ ਵਿਚ ਨਵੇਂ ਸ਼ਾਇਰਾਂ ਦੀਆਂ ਗ਼ਜ਼ਲਾਂ ਉੱਤੇ ਤਬਸਿਰਾ ਵੀ ਪੇਸ਼ ਕਰਦਾ ਰਿਹਾ ਹੈ। ਇਸ ਨਾਲ ਉਹ ਗ਼ਜ਼ਲ ਦੇ ਖੇਤਰ ਵਿਚ ਆਲੋਚਕ ਵਜੋਂ ਵੀ ਸਥਾਪਿਤ ਹੋਇਆ ਹੈ। ਉਸ ਦੀਆਂ ਗ਼ਜ਼ਲਾਂ ਵਿਚ ਪੁਰਾਤਨਤਾ ਪ੍ਰਧਾਨ ਹੁੰਦੀ ਹੈ। ਉਹ ਰਿੰਦ ਵੀ ਹੈ ਅਤੇ ਸੂਫ਼ੀ ਵੀ। ਉਹ ਦਾਰਸ਼ਨਿਕ ਵਿਚਾਰ ਵੀ ਪੇਸ਼ ਕਰਦਾ ਹੈ ਅਤੇ ਪ੍ਰਸਥਿਤੀਆਂ 'ਤੇ ਵਿਅੰਗ ਵੀ ਕਰਦਾ ਹੈ।

ਅਜੋਕੇ ਪੰਜਾਬੀ ਗ਼ਜ਼ਲ ਸਾਹਿਤ ਵਿਚ ਸਰਗਰਮ ਨੌਜਵਾਨ ਪੀੜ੍ਹੀ ਵਿਚ 'ਦੀਪਕ' ਜੈਤੋਈ ਦੇ ਸ਼ਾਗਿਰਦਾਂ ਵਿਚੋਂ ਮਹਿੰਗਾ ਸਿੰਘ 'ਹੋਸ਼' (ਜਨਮ 1929), ਮਹਿੰਦਰ 'ਦੀਵਾਨਾ' (1936), 'ਉਲਫ਼ਤ' ਬਾਜਵਾ (1938), ਗੁਰਦਿਆਲ 'ਪੰਜਾਬੀ' (1939), ਡੀ. ਆਰ. 'ਧਵਨ' (1947), ਸੁਲੱਖਣ ਸਰਹੱਦੀ 1946, ਅਮਰੀਤ ਸਿੰਘ ਸੰਧੂ, ਗੁਰਦਿਆਲ ਰੌਸ਼ਲ ਅਤੇ 'ਪਾਲ' ਗੁਰਦਾਸਪੁਰੀ (1957) ਆਦਿ ਅਜਿਹੇ ਸ਼ਾਇਰ ਹਨ ਜਿਨ੍ਹਾਂ ਨੇ ਗ਼ਜ਼ਲ ਦੇ ਖੇਤਰ ਨੂੰ ਬਹੁਤ ਵਿਸ਼ਾਲ ਕੀਤਾ ਹ। ਉਸਦੀ ਗ਼ਜ਼ਲ ਵਿਚ ਤਗ਼ੱਜ਼ਲ ਦਾ ਰੰਗ ਬਹੁਤ ਹੈ।

**ਐੱਸ.ਤਰਸੇਮ** (1942) ਨੇ ਪੰਜਾਬੀ ਗ਼ਜ਼ਲ ਨੂੰ 'ਕਿਰਮਚੀ ਹਰਫ਼ ਕਾਲੇ ਹਾਸ਼ੀਏ' (1990) ਅਤੇ 'ਢਾਈ ਅੱਖਰ' (1999) ਦੋ ਗ਼ਜ਼ਲ-ਸੰਗ੍ਰਹਿ ਦਿੱਤੇ ਹਨ। ਇਸ ਤੋਂ ਇਲਾਵਾ ਉਸ ਨੇ ਦੋ ਗ਼ਜ਼ਲ ਸੰਗ੍ਰਹਿ 'ਅੱਧੀ ਸਦੀ ਦੀ ਮਹਿਕ' ਅਤੇ 'ਆਪਣੇ ਆਪਣੇ ਖੰਭ' ਸੰਪਾਦਿਤ ਵੀ ਕੀਤੇ ਹਨ। ਡਾ. ਜਗਤਾਰ ਤੋਂ ਬਾਅਦ ਉਹ ਇਕੋ ਇਕ ਗ਼ਜ਼ਨਗੋ ਹੈ ਜਿਸ ਨੇ ਸ਼ਬਦ ਦੀ ਸਖ਼ਮਤਾ ਨੂੰ ਸ਼ਿਲਪ ਦੀ ਸੂਝ ਰਾਹੀਂ ਨਿਖ਼ਾਰ ਕੇ ਪੰਜਾਬੀ ਦੇ ਰੁਤਬੇ ਨੂੰ ਬੁਲੰਦ ਕੀਤਾ ਹੈ। ਗ਼ਜ਼ਲ ਨੂੰ ਪਰੰਪਰਕ ਸ਼ਿਲਪੀ ਬੰਦਿਸ਼ ਕਬੂਲ ਕੇ ਅੰਤਰ-ਮਨ ਦੀ ਸਥਿਤੀ ਦਾ ਵਿਅਕਤੀਗਤ ਇਜ਼ਹਾਰੀ ਸਰੋਕਾਰ, ਦੂਸਰਾ ਹੈ ਗ਼ਜ਼ਲ ਨੂੰ ਪ੍ਰਗੀਤ ਰੁਦਨ ਬਣਾ ਕੇ ਸਤਹੀ ਤੌਰ 'ਤੇ ਸਰੋਤਾਮੁਖ ਤੇ ਪਾਪੂਲਰਟੀ ਦਾ ਸਥਾਪਤੀ ਸਰੋਕਾਰ, ਤੀਸਰਾ ਹੈ ਗ਼ਜ਼ਲ ਨੂੰ ਸੰਵੇਦਨਸ਼ੀਲ ਤੇ ਸ਼ਿਲਪੀ ਯੋਗਤਾ ਨਾਲ ਕਬੂਲ ਕੇ ਸਭਿਆਚਾਰਕ ਅਤੇ ਵਿਚਾਰਧਾਰਾ ਨਾਲ ਜੋੜਨਾ।

**ਸੁਰਜੀਤ ਪਾਤਰ** (1945) ਨੇ ਪੰਜਾਬੀ ਗ਼ਜ਼ਲ ਨੂੰ 'ਹਵਾ ਵਿਚ ਲਿਖੇ ਹਰਫ਼' (1979) ਅਤੇ 'ਬਿਰਖ਼ ਅਰਜ਼ ਕਰੇ' (1992) ਦੋ ਗ਼ਜ਼ਲ-ਸਗ੍ਰਹਿ ਦਿੱਤੇ ਹਨ। ਉਹ ਅਜੋਕੇ ਮਨੁੱਖ ਦੇ ਜਿਊਂਦੇ ਅਹਿਸਾਸਾਤ ਤੇ ਦੁਸ਼ਵਾਰੀਆਂ ਦਾ ਪ੍ਰਭਾਵਸ਼ਾਲੀ

ਕਾਵਿਕ-ਰੂਪਾਂਤਰਨ ਕਰਨ ਵਾਲਾ ਸ਼ਾਇਰ ਹੈ। ਉਸ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਪੰਜਾਬ ਦੀ ਤ੍ਰਾਸਦਿਕ ਸਥਿਤੀ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਪ੍ਰਸਤੁਤ ਕੀਤਾ ਹੈ। ਉਸ ਦੀ ਸ਼ਾਇਰੀ ਦਾ ਧੁਰਾ ਜਜ਼ਬਾਤੀ ਪੂਰਨਤਾ ਅਤੇ ਅਪੂਰਨਤਾ ਦਾ ਦਵੰਦ ਹੈ। ਉਸ ਅਨੁਸਾਰ ਸਿੱਕ ਤੇ, ਅਪ੍ਰਾਪਤੀ ਤੋਂ ਉਪਜੀ ਉਦਾਸ ਮਨੋਸਥਿਤੀ, ਅਸਾਂਵੀ ਜੀਵਨ-ਜਾਂਚ ਦਾ ਨਤੀਜਾ ਹੈ। ਉਹ ਵਿਯੋਗ ਅਤੇ ਬੇਕਰਾਰੀ ਦੇ ਭਾਵਾਂ ਨੂੰ ਸਮਾਜਿਕ ਵਰਜਣਾਵਾਂ ਅਤੇ ਮਨੁੱਖੀ ਇੱਛਾਵਾਂ ਦੇ ਤਨਾਓ ਵਜੋਂ ਪੇਸ਼ ਕਰਦਾ ਹੈ :

ਇਸ ਤਰ੍ਹਾਂ ਹੈ ਜਿਸ ਤਰ੍ਹਾਂ ਦਿਨ ਰਾਤ ਵਿਚਲਾ ਫ਼ਾਸਿਲਾ।
ਮੇਰੀਆਂ ਰੀਝਾਂ ਮਿਰੀ ਔਕਾਤ ਵਿਚਲਾ ਫ਼ਾਸਿਲਾ।
ਧਰਮ ਹੈ, ਇਖ਼ਲਾਕ ਹੈ, ਕਾਨੂੰਨ ਹੈ, ਇਹ ਕੌਣ ਹੈ, ਇਹ ਕੌਣ ਹੈ ?
ਮੇਰਿਆ ਬਿਰਖ਼ਾ ! ਤਿਰੀ ਬਰਸਾਤ ਵਿਚਲਾ ਫ਼ਾਇਦਾ।

**ਸੁਲੱਖਣ ਸਰਹੱਦੀ** (1946) ਸੁਲੱਖਣ ਸਰਹੱਦੀ ਪੰਜਾਬੀ ਗ਼ਜ਼ਲ ਦਾ ਸੁਪ੍ਰਸਿੱਧ ਹਸਤਾਖ਼ਰ ਹੈ ਉਸ ਨੂੰ ਪੰਜਾਬੀ ਗ਼ਜ਼ਲ ਹਲਕਿਆਂ ਨੇ ਉਸਤਾਦ ਗ਼ਜ਼ਲਕਾਰ ਮੰਨਿਆ ਤੇ ਪ੍ਰਵਾਨਿਆ ਹੋਇਆ ਹੈ। ਪ੍ਰਸਿੱਧ ਸ਼ਇਰ ਤੇ ਕਾਲਮ ਨਵੀਸ ਸੁਸ਼ੀਲ ਦੁਸਾਂਝ (ਸੰਪਾਦਕ ਹੁਣ) ਸਰਹੱਦੀ ਬਾਰੇ ਲਿਖਦੇ ਹਨ ਕਿ ਪੰਜਾਬੀ ਗ਼ਜ਼ਲ ਨੇ ਸਿਰਫ਼ ਪੰਜਾਬੀਆਂ ਦੇ ਮਨ ਮਸਤਕ ਵਿਚ ਹੀ ਆਪਣਾ ਸਥਾਨ ਨਹੀਂ ਬਣਾਇਆ ਸਗੋਂ ਅਕਾਦਮਿਕ ਹਲਕਿਆਂ ਅਤੇ ਵਿਦਵਾਨਾਂ ਤਕ ਦੇ ਚਿੰਤਨ ਤੱਕ ਵੀ ਰਸਾਈ ਬਣਾ ਲਈ ਹੈ। ਪੰਜਾਬੀ ਗ਼ਜ਼ਲ ਨੂੰ ਇਸ ਮੁਕਾਮ ਉੱਤੇ ਪਹੁੰਚਾਉਣ ਵਿਚ ਡਾ. ਜਗਤਾਰ ਅਤੇ ਸੁਰਜੀਤ ਪਾਤਰ ਤੋਂ ਬਾਅਦ ਜੇ ਕਿਸੇ ਸ਼ਾਇਰ ਦਾ ਨਾਮ ਨਿਰਸੰਕੋਚ ਲਿਆ ਜਾ ਸਕਦਾ ਹੈ ਤਾਂ ਉਹ ਹੈ 'ਸੁਲੱਖਣ ਸਰਹੱਦੀ'। (ਪੰਜਾਬੀ ਟ੍ਰਿਬਿਊਨ) ਸੁਲੱਖਣ ਸਰਹੱਦੀ ਨੇ ਹੁਣ ਤੱਕ 30 ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੁਰਸਕਾਰ ਜੇਤੂ ਪੁਸਤਕਾਂ ਵੀ ਹਨ। 'ਤੀਜੀ ਅੱਖ ਦਾ ਜਾਦੂ' (1983), 'ਪੰਜ ਬਲਦੇ ਦਰਿਆ', 'ਉੱਚਾ ਬੁਰਜ ਲਾਹੌਰ ਦਾ', 'ਬਸਤੀ ਬਸਤੀ ਜੰਗਲ', 'ਬੇੜੀਆਂ ਦਾ ਪੁਲ' ਅਤੇ 'ਸੂਰਜ ਦਾ ਆਲ੍ਹਣਾ' ਉਸ ਮੌਲਿਕ ਗ਼ਜ਼ਨ ਸੰਗ੍ਰਹਿ ਹਨ। ਉਸ ਨੇ ਗ਼ਜ਼ਲ ਤਕਨੀਕ ਉੱਤੇ ਨਿਠ ਕੇ ਇਤਿਹਾਸਕ ਕਾਰਜ ਕੀਤਾ। ਸੰਪੂਰਨ ਪਿੰਗਲ ਅਤੇ ਅਰੂਜ਼ ਅਤੇ ਪੰਜਾਬੀ ਗ਼ਜ਼ਲ : ਰੂਪ ਤੇ ਆਕਾਰ ਉਸਦੀਆਂ ਗ਼ਜ਼ਲ ਤਕਨੀਕ ਸ਼ਾਸਤਰ ਉੱਤੇ ਪ੍ਰਸਿੱਧ ਪੁਸਤਕਾਂ ਹਨ। ਉਸ ਦੇ ਦੋਹਾ ਸਾਗਰ (ਸਰਹੱਦੀ ਦੋਹਾ ਸਾਗਰ) ਵਿਚ 4000 ਦੋਹੇ ਹਨ ਅਤੇ 'ਬੇੜੀਆਂ ਦਾ ਪੁਲ' ਨਾਮੀ ਗ਼ਜ਼ਨ-ਸੰਗ੍ਰਹਿ ਵਿਚ ਇਕੋ ਜ਼ਮੀਨ ਵਿਚ 160 ਗ਼ਜ਼ਲਾਂ (1262 ਸ਼ਿਅਰ) ਹਨ। ਇਹ ਐਨ.ਬੀ.ਟੀ. ਨੇ ਛਾਪਿਆ। ਪੇਸ਼ ਹਨ ਉਸਦੇ ਦੋ ਸ਼ਿਅਰ :

ਜੇ ਤਿਤਲੀ ਦੋਸਤੀ ਦੀ ਮਰ ਗਈ ਤਾਂ ਫੇਰ ਨਾ ਕਹਿਣਾ।
ਕੁੜੱਤਣ ਰਿਸ਼ਤਿਆਂ ਵਿਚ ਭਰ ਗਈ ਤਾਂ ਫੇਰ ਨਾ ਕਹਿਣਾ।

**ਹਰਬੰਸ 'ਮਾਛੀਵਾੜਾ'** (1949) ਨੇ ਆਪਣੇ ਦੋ ਗ਼ਜ਼ਲ-ਸੰਗ੍ਰਹਿਾਂ 'ਵੇਦਨਾ ਦੇ ਆਰ ਪਾਰ' (1994) ਅਤੇ ਸਵੈ ਦੀ ਤਲਾਸ਼' (2002) ਨਾਲ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਪੁਖਤਾ ਸ਼ਾਇਰ ਵਜੋਂ ਪਛਾਣ ਬਣਾ ਲਈ ਹੈ। ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਸੁੰਦਰਤਾ ਬੋਧ, ਮਨੁੱਖੀ ਮਨ ਦੀਆਂ ਵੱਖ ਵੱਖ ਪਰਤਾਂ, ਮਾਨਵੀ

ਰਿਸ਼ਤਿਆਂ ਦੀ ਬਣਤਰ ਅਤੇ ਟੁੱਟ-ਭੱਜ, ਮਾਨਸਿਕ ਦੁਬਿਧਾ, ਬੇਵਸੀ, ਸੰਤਾਪ, ਸਮਕਾਲੀ ਯਥਾਰਥ, ਕਲਪਨਾ, ਤਨਹਾਈ, ਕੁਦਰਤ ਨਾਲ ਨੇੜਤਾ, ਸਮਾਜਕ ਵਿਸੰਗਤੀਆਂ, ਜੀਵਨ ਤਾਂਘ ਅਤੇ ਸੰਘਰਸ਼ ਆਦਿ ਦੇ ਅਹਿਸਾਸ ਕਲਾਤਮਕ ਢਾਂਚੇ ਵਿਚ ਢਲ ਕੇ ਦ੍ਰਿਸ਼ਟੀਗੋਚਰ ਹੋਏ ਹਨ।

**ਜਸਵਿੰਦਰ** (1956) ਨੇ ਪੰਜਾਬੀ ਗ਼ਜ਼ਲ ਜਗਤ ਵਿਚ 'ਕਾਲੇ ਹਰਫ਼ਾਂ ਦੀ ਲੋਅ' ਨਾਲ ਪ੍ਰਵੇਸ਼ ਕੀਤਾ। ਇਸ ਉਪਰੰਤ 'ਕੱਕੀ ਰੇਤ ਦੇ ਵਰਕੇ' ਨਾਲ ਤਾਂ ਉਸ ਨੇ ਪੰਜਾਬੀ ਗ਼ਜ਼ਨ ਖੇਤਰ ਵਿਚ ਆਪਣੀ ਨਿਵੇਕਲੀ ਪਛਾਣ ਬਣਾ ਲਈ ਅਤੇ ਇਸ ਦੌਰ ਦੇ ਮੂਹਰਲੀ ਕਤਾਰ ਦੇ ਸ਼ਾਇਰਾਂ ਵਿੱਚ ਆ ਖੜ੍ਹਾ ਹੋਇਆ। ਉਸ ਦੀ ਸ਼ਾਇਰੀ ਵਿਚਲਾ ਮਨੁੱਖ ਅੱਜ ਦੇ ਤੀਰਬ ਗਤੀ ਨਾਲ ਬਦਲਦੇ ਆਲੇ-ਦੁਆਲੇ ਵਿਚ ਆਪਣੀ ਹੋਂਦ ਬਣਾਈ ਰੱਖਣ ਲਈ ਮਾਨਸਿਕ ਤਣਾਵਾਂ, ਕਲੇਸ਼, ਕੁੰਠਾਵਾਂ, ਦੁਬਿਧਾਵਾਂ ਅਤੇ ਅਨਿਸ਼ਚਿਤਤਾ ਭਰੀ ਜ਼ਿੰਦਗੀ ਜੀ ਰਿਹਾ ਹੈ। ਅਜਿਹੀ ਸਥਿਤੀ ਵਿਚ ਸ਼ਾਇਰ 'ਤੇ ਥੁੜ-ਚਿਰੀ ਉਦਾਸੀ ਛਾ ਜਾਂਦੀ ਹੈ ਪਰ ਉਹ ਵਿਵੇਕਸ਼ੀਲ ਚੇਤੰਨ ਅਤੇ ਮਨੁੱਖਤਾ ਲਈ ਪ੍ਰਤੀਬੱਧ ਇਨਸਾਨ ਹੋਣ ਕਾਰਨ ਇਸ ਉਦਾਸੀ ਦੇ ਆਲਮ ਵਿਚੋਂ ਬਾਹਰ ਆ ਜਾਂਦਾ ਹੈ ਅਤੇ ਮਨੁੱਖੀ ਹੋਂਦ ਨਾਲ ਜੁੜੇ ਮਸਲਿਆਂ ਨੂੰ ਮਾਨਵੀ ਦ੍ਰਿਸ਼ਟੀਕੋਣ ਤੋਂ ਵਿਚਾਰਦਾ ਹੈ।

**ਸੁਖਵਿੰਦਰ 'ਅੰਮ੍ਰਿਤ'** (1963) ਦਾ ਪੰਜਾਬੀ ਗ਼ਜ਼ਲ ਵਿਚ ਆਗਮਨ ਸ਼ੁਭ ਸੰਕੇਤ ਮੰਨਿਆ ਜਾ ਰਿਹਾ ਹੈ। ਭਾਵੇਂ ਉਸ ਤੋਂ ਪਹਿਲਾਂ ਵੀ ਹੋਰ ਸ਼ਾਇਰਾਵਾਂ ਪੰਜਾਬੀ ਵਿਚ ਗ਼ਜ਼ਲ ਰਚਨਾ ਕਰ ਰਹੀਆਂ ਹਨ ਫਿਰ ਵੀ ਉਸ ਦੀ ਸ਼ਾਇਰੀ ਵਿਚਲੀ ਜਜ਼ਬੇ ਦੀ ਸ਼ਿੱਦਤ, ਖ਼ਿਆਲ ਦੀ ਡੂੰਘਾਈ, ਕਲਪਨਾ ਦੀ ਉਡਾਰੀ ਅਤੇ ਜ਼ੁਬਾਨ ਦੀ ਸਾਦਗੀ ਉਸ ਨੂੰ ਵਿਲੱਖਣ ਪਛਾਣ ਪ੍ਰਦਾਨ ਕਰਦੀ ਹੈ। ਨਾਰੀ-ਚੇਤਨਾ ਉਸ ਦੀ ਗ਼ਜ਼ਲ ਦਾ ਵਿਚਾਰਨਯੋਗ ਪਹਿਲੂ ਹੈ। ਇਸਤਰੀ ਦੀ ਘਰ ਪਰਿਵਾਰ ਪ੍ਰਤੀ 'ਕੁਮਿੱਟਮੈਂਟ' ਦੀ ਗੱਲ ਕਰਦਿਆਂ ਉਹ ਲਿਖਦੀ ਹੈ :

> ਔਰਤ ਵੀ ਇਕ ਸ਼ਮਅ ਵਾਂਗੂੰ ਬਲਦੀ ਹੈ,
> ਆਪਣੇ ਘਰ ਦਾ ਹਰ ਕੋਨਾ ਰੁਸ਼ਨਾਣ ਲਈ।

(ਸੁਖਵਿੰਦਰ 'ਅੰਮ੍ਰਿਤ' : ਸੂਰਜ ਦੀ ਦਹਿਲੀਜ਼ ਪੰਨਾ 40)

ਉਸ ਦੀਆਂ ਗ਼ਜ਼ਲਾਂ ਵਿਚ ਕਿਤੇ ਵੀ ਉਚੇਚ ਨਹੀਂ, ਸਗੋਂ ਸ਼ਿਅਰ ਉਸ ਨੂੰ ਆਪ-ਮੁਹਾਰੇ ਅਹੁੜਦੇ ਹਨ, ਜਿਨ੍ਹਾਂ ਵਿਚੋਂ ਮਾਸੂਮੀਅਤ ਅਤੇ ਨਾਜ਼ੁਕਤਾ ਝਲਕਦੀ ਹੈ ਉਸ ਨੇ ਪੰਜਾਬੀ ਗ਼ਜ਼ਲ ਨੂੰ 'ਸੂਰਜ ਦੀ ਦਹਿਲੀਜ਼', 'ਚਿਰਾਗਾਂ ਦੀ ਡਾਰ' ਅਤੇ 'ਪੱਤਝੜ ਵਿਚ ਪੁੰਗਰਦੇ ਪੱਤੇ' ਗ਼ਜ਼ਲ-ਸੰਗ੍ਰਹਿ ਦਿੱਤੇ ਹਨ।

ਇਉਂ ਪੰਜਾਬੀ ਗ਼ਜ਼ਲ ਆਪਣੇ ਆਰੰਭ ਤੋਂ ਹੁਣ ਤਕ ਵਿਸ਼ੇ-ਪੇਸ਼ਕਾਰੀ ਅਤੇ ਦ੍ਰਿਸ਼ਟੀ ਦੇ ਪੱਖੋਂ ਨਿਰੰਤਰ ਵਿਕਾਸ ਕਰਦੀ ਆ ਰਹੀ ਹੈ। ਸਥਾਪਿਤ ਅਤੇ ਨਵੇਂ ਗ਼ਜ਼ਲਗੋ ਆਪਣੇ ਸੌਂਦਰਯ-ਬੋਧ ਤੇ ਵਿਚਾਰਧਾਰਾ ਦੁਆਰਾ ਪੰਜਾਬੀ ਗ਼ਜ਼ਨ ਨੂੰ ਨਿਰਸੰਦੇਹ, ਗੁਣਾਤਕ ਅਤੇ ਗਿਣਾਤਮਕ ਪੱਖੋਂ ਨਵੀਂ ਪਛਾਣ ਦਿਵਾਉਣ ਵਿਚ ਆਪਣਾ ਯੋਗਦਾਨ ਪਾ ਰਹੇ ਹਨ।

# ਯੂਨਿਟ 8
# ਪੰਜਾਬੀ ਗਲਪ

## ਪੰਜਾਬੀ ਨਾਵਲ : ਆਰੰਭ, ਵਿਕਾਸ ਤੇ ਵਿਸ਼ੇਸ਼ਤਾਵਾਂ

ਪੰਜਾਬ ਉੱਪਰ ਅੰਗਰੇਜ਼ਾਂ ਦਾ ਕਬਜ਼ਾ 1849 ਈ. ਵਿਚ ਭਾਰਤ ਦੇ ਵੱਖ-ਵੱਖ ਹਿੱਸਿਆਂ ਨੂੰ ਇਕ-ਇਕ ਕਰਕੇ ਹਥਿਆਉਣ ਦੇ ਰੂਪ ਵਿਚ ਸਭ ਤੋਂ ਅਖੀਰ ਵਿਚ ਹੁੰਦਾ ਹੈ। ਇਸ ਕਬਜ਼ੇ ਤੋਂ ਬਾਅਦ ਅੰਗਰੇਜ਼ਾਂ ਵੱਲੋਂ ਕੀਤੀਆਂ ਗਈਆਂ ਸਮਾਜਿਕ, ਰਾਜਨੀਤਿਕ, ਆਰਥਿਕ ਤਬਦੀਲੀਆਂ ਤੋਂ ਬਾਅਦ ਪੰਜਾਬੀ ਵਿਚ ਅਨੁਵਾਦਿਤ ਨਾਵਲ 'ਪਿਲਗ੍ਰਿਮਜ਼ ਪ੍ਰਾਗ੍ਰੈਸ' 1889 ਵਿਚ ਅਤੇ ਭਾਈ ਵੀਰ ਸਿੰਘ ਦੁਆਰਾ 'ਸੁੰਦਰੀ' 1897 ਵਿਚ ਸਿਰਜਿਆ ਜਾਂਦਾ ਹੈ। ਸੋ ਪੰਜਾਬੀ ਨਾਵਲ ਦੇ ਪਿਛੋਕੜ ਸੰਬੰਧੀ ਚਰਚਾ ਕਰਨ ਸਮੇਂ ਇਸ 1849 ਈ. ਤੋਂ 1897 ਈ. ਤਕ ਦੇ ਕਾਲ ਨੂੰ ਉਲੀਕਣਾ ਜ਼ਰੂਰੀ ਬਣਦਾ ਹੈ। ਅੰਗਰੇਜ਼ਾਂ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਕੁਝ ਸਮਾਜ ਸੁਧਾਰਕ ਲਹਿਰਾਂ ਵੀ ਉਤਪੰਨ ਹੋਈਆਂ। ਇਹਨਾਂ ਸਮਾਜ ਸੁਧਾਰਕ ਲਹਿਰਾਂ ਸਮਾਜਿਕ ਅਤੇ ਧਾਰਮਿਕ ਪ੍ਰਭਾਵਾਂ ਦੇ ਨਾਲ ਨਾਲ ਪੰਜਾਬ ਦੇ ਸਭਿਆਚਾਰਕ ਅਤੇ ਸਾਹਿਤ ਉੱਪਰ ਵੀ ਵਰਣਨ ਯੋਗ ਪ੍ਰਭਾਵ ਪਾਇਆ। ਜੋ ਕਿ ਨਾਵਲ ਦੀ ਉਤਪਤੀ ਲਈ ਵੀ ਸਹਾਈ ਸਿੱਧ ਹੋਇਆ। ਪ੍ਰੈੱਸ ਨੇ ਵੀ ਇਸ ਵਿਚ ਆਪਣਾ ਬਣਦਾ ਰੋਲ ਅਦਾ ਕੀਤਾ। ਪ੍ਰੈੱਸ ਸਦਕਾ ਸਿੰਘ ਸਭਾ ਲਹਿਰ ਨੇ ਆਪਣੇ ਪ੍ਰਚਾਰ ਲਈ ਪੰਜਾਬੀ ਦਾ ਸਪਤਾਹਿਕ ਪੱਤਰ 'ਗੁਰਮੁਖੀ ਅਖ਼ਬਾਰ' ਭਾਈ ਗੁਰਮੁਖ ਸਿੰਘ ਦੀ ਸਰਪ੍ਰਸਤੀ ਹੇਠ ਨਵੰਬਰ 1880 ਈ. ਵਿਚ ਸ਼ੁਰੂ ਕੀਤਾ ਜੋ ਕਿ ਗੁਰਮੁਖੀ ਵਿਚ ਆਪਣੀ ਕਿਸਮ ਦਾ ਪਹਿਲਾ ਪੱਤਰ ਸੀ। 1881 ਈ. ਵਿਚ ਵਿਦਿਆ ਪ੍ਰਚਾਰ, 1899 ਈ. ਵਿਚ ਖਾਲਸਾ ਪੰਜਾਬੀ ਵਿਚ ਛਪਣ ਵਾਲੇ ਪਰਚੇ ਸਨ।

ਗੁਰੂ ਗ੍ਰੰਥ ਪ੍ਰਚਾਰਕ ਸਭਾ 1894 ਈ. ਵਿਚ ਗੁਰਮੁਖੀ ਟਾਈਪ ਦੀ ਤਿਆਰੀ ਅਤੇ ਅੰਜਮਨਿ ਪੰਜਾਬ ਦੇ ਅਧਿਕਾਰ ਹੇਠ 1864 ਈ. ਵਿਚ ਪੰਜਾਬ ਯੂਨੀਵਰਸਿਟੀ ਕਾਲਜ ਦੀ ਸਥਾਪਨਾ, 1876 ਈ. ਵਿਚ ਓਰੀਐਂਟਲ ਕਾਲਜ ਅਤੇ 1882 ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਨੇ ਲੋਕਾਂ ਨੂੰ ਪੰਜਾਬ ਪ੍ਰਤਿ ਚੇਤੰਨ ਕੀਤਾ। ਸਿੰਘ ਸਭਾ ਲਹਿਰ ਨੇ ਆਪਣੇ ਯਤਨਾਂ ਸਦਕਾ 1892 ਈ. ਵਿਚ ਖਾਲਸਾ ਕਾਲਜ ਸਥਾਪਿਤ ਕੀਤਾ। ਉਪਰੋਕਤ ਸੰਸਥਾਵਾਂ ਦੀ ਸਥਾਪਤੀ ਅਤੇ ਓਰੀਐਂਟਲ ਕਾਲਜ ਵਿਚ ਪੰਜਾਬੀ ਵਿਸ਼ਾ ਲਾਗੂ ਹੋਣਾ, 1882 ਈ. ਵਿਚ ਪੰਜਾਬੀ ਪ੍ਰਚਾਰਨੀ ਸਭਾ, ਖਾਲਸਾ ਪ੍ਰਿੰਟਿੰਗ ਪ੍ਰੈਸ, ਲਾਹੌਰ ਆਦਿ ਦੀ ਸਥਾਪਨਾ ਇਸ ਗੱਲ ਦੀ ਸੂਚਕ ਹੈ ਕਿ ਪੰਜਾਬ ਵਿਚ ਧਾਰਮਿਕ ਸਾਂਸਕ੍ਰਿਤਕ ਕਾਰਜਾਂ ਦੇ ਨਾਲ-ਨਾਲ ਸਾਹਿਤਕ ਪਿੜ ਵੀ ਤਿਆਰ ਹੋਣ ਲੱਗ ਪਿਆ

ਸੀ। ਇਸ ਸਮੇਂ ਪੰਜਾਬੀ ਦੇ ਮੁਕਾਬਲੇ ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਨਾਵਲ ਰਚਨਾ ਆਰੰਭ ਹੋ ਚੁੱਕੀ ਸੀ। ਅੰਗਰੇਜ਼ੀ ਰਾਜ ਦੇ ਸੰਪਰਕ ਨਾਲ ਸਭ ਤੋਂ ਪਹਿਲਾਂ ਬੰਗਾਲ ਵਿਚ ਅਜਿਹੀਆਂ ਸਮਾਜਿਕ ਤਬਦੀਲੀਆਂ ਆਈਆਂ। ਸਭ ਤੋਂ ਪਹਿਲਾਂ ਨਾਵਲ ਭਾਰਤ ਵਿਚ ਬੰਗਲਾ ਸਾਹਿਤ ਵਿਚ ਪੈਦਾ ਹੋਇਆ।

ਬੰਗਲਾ ਦਾ ਪਹਿਲਾ ਨਾਵਲ 'ਅਲਾਲੇਰ ਗੁਰੇਰ ਦੁਲਾਲ' ਪਿਆਰਾ ਚੰਦ ਮਿਤਰਾ ਨੇ 1858 ਈ. ਵਿਚ ਲਿਖਿਆ। ਮਿਤਰਾ ਦਾ ਦੂਜਾ ਨਾਵਲ 'ਠਗ ਕਾਕਾ' ਅਤ ਇਸ ਤੋਂ ਪਿਛੋਂ ਹੀ ਬੰਕਿਮ ਚੰਦਰ ਚੈਟਰਜੀ ਦੇ ਨਾਵਲ 'ਦੁਰਗੇਸ਼ ਨੰਦਨੀ (1865) ਕਪਾਲ ਕੁੰਡਲਾ (1866), ਮਿਣਾਹਿਨੀ (1869), ਵਿਸ਼ਵਿਕਸ਼ (1873) ਨਾਵਲ ਛਪੇ, ਜੋ ਸਦਾਚਾਰਕ ਆਦਰਸ਼ ਮੂਲਕ ਪ੍ਰਵਿਰਤੀ ਨੂੰ ਉਲੀਕਣ ਵਾਲੇ ਰੁਮਾਂਟਿਕ ਨਾਵਲ ਹਨ।

ਪੰਜਾਬੀ ਨਾਵਲ ਦੇ ਆਰੰਭ ਦੀ ਚਰਚਾ ਕਰਦਿਆਂ ਪ੍ਰਿਤੇਜਾ ਸਿੰਘ ਨੂੰ ਜਨਮ ਸਾਖੀਆਂ ਦਾ ਹੀ ਉਤਰਧਿਕਾਰੀ ਮੰਨਦਾ ਹੈ। ਰੋਸ਼ਨ ਲਾਲ ਅਹੂਜਾ 'ਗੁਰੂ ਨਾਨਕ ਸਾਹਿਬ ਦੀਆਂ ਸਾਖੀਆਂ ਨੂੰ ਪੰਜਾਬੀ ਦਾ ਪਹਿਲਾ ਨਾਵਲ ਮੰਨਦਾ ਹੈ। ਡਾ. ਸਵਿੰਦਰ ਸਿੰਘ 'ਉੱਪਲ' ਪੰਜਾਬੀ ਨਾਵਲ ਦਾ ਸੰਬੰਧ ਮੱਧਕਾਲੀਨ ਸਮੇਂ ਵਿਚ ਲਿਖੇ ਕਿੱਸਿਆਂ ਨਾਲ ਜੋੜਦਾ ਹੈ। ਪ੍ਰੋ. ਕਿਰਪਾਲ ਸਿੰਘ ਕਸੇਲ ਨਾਵਲ ਦੇ ਆਰੰਭ ਨੂੰ ਪੱਛਮੀ ਪ੍ਰਭਾਵਾਂ ਦਾ ਹੀ ਸਿੱਟਾ ਮੰਨਦਾ ਹੈ ਪਰ ਇਸ ਪ੍ਰਭਾਵ ਨੂੰ ਪੰਜਾਬੀ ਨਾਵਲ ਉੱਤੇ ਸਿੱਧਾ ਨਹੀਂ ਸਗੋਂ ਬੰਗਾਲੀ ਅਤੇ ਹਿੰਦੀ ਰਾਹੀਂ ਪਿਆ ਕਹਿੰਦਾ ਹੈ। ਅਮਰਜੀਤ ਸੇਖੋਂ ਪੰਜਾਬੀ ਨਾਵਲ ਨੂੰ ਬਰਤਾਨਵੀ ਸਾਮਰਾਜ ਦੇ ਸਾਂਸਕ੍ਰਿਤਕ ਪਰਿਣਾਮਾਂ ਵਿਚ ਗਿਣੀ ਜਾਣ ਵਾਲੀ ਇਕ ਘਟਨਾ ਮੰਨਦੀ ਹੈ।

ਪੰਜਾਬੀ ਨਾਵਲ ਨੂੰ ਅੰਗਰੇਜ਼ੀ ਨਾਵਲ ਦੀ ਸਿੱਧੀ ਦੇਣ ਕਿਹਾ ਜਾ ਸਕਦਾ ਹੈ ਕਿਉਂਕਿ ਪੰਜਾਬੀ ਦੇ ਪਹਿਲੇ ਮੌਲਿਕ ਨਾਵਲ ਛਪਣ ਤੋਂ ਪਹਿਲਾਂ ਅੰਗਰੇਜ਼ੀ ਨਾਵਲਕਾਰ ਜਾਨ ਬਨੀਅਨ ਦੇ ਨਾਵਲ 'ਪਿਲਗ੍ਰਿਮਜ਼ ਪ੍ਰਾਗਰੈਸ' ਦਾ ਪੰਜਾਬੀ ਅਨੁਵਾਦ 1889 ਈ. ਵਿਚ 'ਮਸੀਹ ਮੁਸਾਫ਼ਰ ਦੀ ਯਾਤਰਾ' ਨਾਂ ਅਧੀਨ ਇਸਾਈ ਮਿਸ਼ਨਰੀਆਂ ਵੱਲੋਂ ਪ੍ਰਕਾਸ਼ਿਤ ਹੋ ਚੁੱਕਿਆ ਸੀ। ਪੰਜਾਬੀ ਦੇ ਮੁੱਢਲੇ ਨਾਵਲਾਂ ਦੀ ਸਿਰਜਣਾ ਸਿੰਘ ਸਭਾ ਲਹਿਰ ਦੇ ਪ੍ਰਚਾਰਵਾਦੀ ਪ੍ਰਭਾਵ ਅਧੀਨ ਭਾਈ ਵੀਰ ਸਿੰਘ ਅਤੇ ਚਰਨ ਸਿੰਘ ਸ਼ਹੀਦ ਦੇ ਨਾਵਲਾਂ ਨਾਲ ਹੋਈ ਮੰਨੀ ਜਾਂਦੀ ਹੈ। ਆਮ ਕਰਕੇ ਭਾਈ ਵੀਰ ਸਿੰਘ ਨੂੰ ਪੰਜਾਬੀ ਦਾ ਪ੍ਰਥਮ ਨਾਵਲਕਾਰ ਮੰਨਿਆ ਜਾਂਦਾ ਹੈ। ਪਰ 'ਪੰਜਾਬੀ ਸਾਹਿਤ ਦਾ ਇਤਿਹਾਸ' ਡਾ. ਚਰਨ ਸਿੰਘ ਨੂੰ ਪ੍ਰਥਮ ਨਾਵਲਕਾਰ ਘੋਸ਼ਿਤ ਕਰਦਾ ਹੈ। ਉਨ੍ਹਾਂ ਦੇ ਦੋ ਨਾਵਲ 'ਜੰਗ ਮੜੋਲੀ' (ਛਪਣ ਮਿਤੀ ਪ੍ਰਕਾਸ਼ਤ ਨਹੀਂ) ਤੇ 'ਸ਼ਾਮ ਸੁੰਦਰ' (ਅਪੂਰਣ) ਟ੍ਰੈਕਟ ਸੁਸਾਇਟੀ ਦੇ ਟ੍ਰੈਕਟਾਂ ਵਿਚ ਛਪੇ।

'ਜੰਗ ਮੜੋਲੀ' ਦਾ ਥਾਂ ਪੰਜਾਬੀ ਵਿਚ ਉਸ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਦਾ ਜਾਨ ਬਨੀਅਨ ਦਾ ਅੰਗਰੇਜ਼ੀ ਨਾਵਲ ਸਹਿਤ ਵਿਚ। ਇਸ ਨਾਵਲ ਦਾ ਵਿਸ਼ਾ ਮਨ ਨੂੰ

ਸੁਧਾਰਨਾ ਅਤੇ ਮਨੁੱਖ ਨੂੰ ਜੀਵਨ ਪ੍ਰਯੋਜਨ ਦੀ ਪ੍ਰਾਪਤੀ ਲਈ ਸਹਾਇਕ ਸਿੱਧ ਕਰਨਾ ਹੈ। ਭਾਈ ਮੋਹਨ ਸਿੰਘ ਵੈਦ ਵੀ ਸਿੱਖ ਸਮਾਜ ਸੁਧਾਰ ਦੇ ਉਦੇਸ਼ ਨੂੰ ਮੁੱਖ ਰੱਖ ਕੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਰਚਨਾ ਕਰਦਾ ਹੈ। ਭਾਈ ਮੋਹਨ ਸਿੰਘ ਵੈਦ ਜੀ ਭਾਈ ਵੀਰ ਸਿੰਘ ਜੀ ਤੋਂ ਪ੍ਰਭਾਵਿਤ ਸਨ। ਉਹਨਾਂ ਨੇ ਮੌਲਿਕ ਅਤੇ ਅਨੁਵਾਦਿਤ ਦੋਵੇਂ ਤਰ੍ਹਾਂ ਦੇ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ। ਭਾਈ ਮੋਹਨ ਸਿੰਘ ਵੈਦ ਨੇ 1912 ਈ. ਵਿਚ 'ਸੁਸ਼ੀਲ ਨੂੰਹ', 'ਸੁਭਾਗ ਕੌਰ', 'ਸ਼ੇਰ ਬਹਾਦਰ ਸ਼ੇਰ ਸਿੰਘ' ਅਤੇ ਰਮਿੰਦਰ ਕੌਰ' ਨਾਵਲ ਲਿਖੇ। 1915 ਈ. ਵਿਚ 'ਕਰਮ ਯੋਗ', 'ਸੁਘੜ ਨੂੰਹ ਤੇ ਲੜਾਕੀ ਸੱਸ' 'ਪਛਤਾਵਾ', 1920 ਈ. ਵਿਚ 'ਇਕ ਸਿੱਖ ਘਰਾਣਾ', 'ਸੁਸ਼ੀਲ ਵਿਧਵਾ', 'ਕਪਟੀ ਮਿੱਤਰ', 'ਕਮਾਈ ਦੀ ਬਰਕਤ' ਆਦਿ ਨਾਵਲ ਲਿਖੇ ਹਨ।

ਚਰਨ ਸਿੰਘ ਸ਼ਹੀਦ ਨੇ ਮੌਲਿਕ ਅਤੇ ਅਨੁਵਾਦਿਕ ਨਾਵਲ ਦੋਵੇਂ ਪ੍ਰਕਾਰ ਦੇ ਨਾਵਲ ਲਿਖੇ ਹਨ। ਸ਼ਹਦੀ ਸਿੰਘ ਨੇ ਵੀ ਸਿੰਘ ਸਭਾ ਲਹਿਰ ਦੇ ਧਾਰਮਿਕ ਆਸ਼ਿਆਂ ਨੂੰ ਉਜਾਗਰ ਕਰਨ ਵਾਸਤੇ ਨਾਵਲ ਸਾਧਨ ਦੀ ਚੋਣ ਕੀਤੀ। 'ਦਲੇਰ ਕੌਰ' (1911) ਉਸਦਾ ਪਹਿਲਾ ਨਾਵਲ ਹੈ ਅਤੇ ਦੂਜਾ 'ਰਣਜੀਤ ਕੌਰ' (1913) ਚਰਨ ਸਿੰਘ ਸ਼ਹੀਦ ਦੇ ਇਹ ਦੋਵੇਂ ਨਾਵਲ ਇਤਿਹਾਸਕ ਨਾਵਲ ਦੀ ਵਨਗੀ ਨਾਲ ਸੰਬੰਧਿਤ ਹਨ। 'ਗ੍ਰਿਸਤ ਦੀ ਬੇੜੀ' ਤੇ 'ਦੋ ਵਹੁਟੀਆਂ' ਘਰੋਗੀ ਆਦਰਸ਼ਕ ਧਾਰਮਿਕ ਜੀਵਨ ਜੀਉਣ ਦੀ ਪ੍ਰੇਰਨਾ ਦੇਣ ਵਾਲੇ ਨਾਵਲ ਹਨ। 'ਜਗਤ ਤਮਾਸ਼ਾ' (ਤਿੰਨ ਭਾਗ 1927), 'ਹਾਸੇ ਦੀ ਬਰਖਾ', ਅਤੇ 'ਸੁਆਦ ਦੇ ਟੋਕਰੇ' (ਤੰਨ ਹੋਰ ਰਚਨਾਵਾਂ ਹਨ। ਸ਼ਹੀਦ ਦੁਆਰਾ ਲਿਖੀਆਂ 'ਕੌਣ ਜਿਤਿਆ ਤੇ ਕੌਣ ਹਾਰਿਆ' ਤੇ 'ਬਾਦਸ਼ਾਹੀ ਚੋਜ' ਵੀ ਵਰਣਨ ਯੋਗ ਰਚਨਾਵਾਂ ਹਨ।

ਅਮਰ ਸਿੰਘ ਛਾਪੇਵਾਲਾ ਨੇ 'ਛੋਟੀ ਨੂੰਹ', 'ਘਰ ਦਾ ਨਿਰਬਾਹ' (1912) ਅਤੇ 'ਪ੍ਰੇਮ ਕੌਰ' (1924) ਤਿੰਨ ਸਮਾਜ ਸੁਧਾਰਕ ਨਾਵਲ ਲਿਖੇ ਹਨ। ਮਾਸਟਰ ਤਾਰਾ ਸਿੰਘ ਨੇ ਅਕਾਲੀ ਲਹਿਰ ਨੂੰ ਪਿਛੋਕੜ ਬਣਾ ਕੇ 'ਪ੍ਰੇਮ ਲਗਨ' ਨਾਵਲ ਲਿਖਿਆ। ਜੋ ਸਮਕਾਲੀ ਪੇਂਡੂ ਸਮਾਜ ਅਤੇ ਸਿੱਖ ਭਾਈਚਾਰੇ ਦਾ ਵਾਸਤਵਿਕ ਚਿਤਰ ਪੇਸ਼ ਕਰਦਾ ਹੈ। 'ਬਾਬਾ ਤੇਗਾ ਸਿੰਘ' ਉਸ ਦਾ ਇਕ ਹੋਰ ਨਾਵਲ ਹੈ। ਸ਼ਾਮ ਕੌਰ ਦਾ 'ਵੈਰੀ ਪ੍ਰੀਤਮ' ਮੀਰਾ ਬਖ਼ਸ਼ ਮਿਨਹਾਸ ਦਾ 'ਨਵਾਬ ਖਾਨ' (1927), ਪ੍ਰੋ. ਈਸ਼ਵਰ ਚੰਦਰ ਨੰਦਾ ਦਾ 'ਤੇਜ ਕੌਰ' ਅਤੇ 'ਮੁਰਾਦ' ਅਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ 'ਅਣ ਵਿਆਹੀ ਮਾਂ' ਇਸ ਸਮਾਜ ਸੁਧਾਰਕ ਪਰੰਪਰਾ ਵਿਚ ਹੀ ਰੱਖੇ ਜਾਣ ਵਾਲੇ ਨਾਵਲ ਹਨ।

ਪੰਜਾਬੀ ਨਾਵਲ ਜਨਮ ਤੋਂ ਅੱਜ ਤਕ ਦੇ ਵਿਕਾਸ ਨੂੰ ਸਾਹਿਤ-ਪਾਰਖੂਆਂ ਨੇ ਤਿੰਨ ਪੜਾਵਾਂ ਵਿਚ ਵੰਡਿਆ ਹੈ। ਪਹਿਲਾ ਪੜਾਅ 1898 ਈ. ਤੋਂ 1930 ਈ. ਤਕ ਦਾ ਹੈ। ਇਸ ਵਿਚ ਭਾਈ ਵੀਰ ਸਿੰਘ, ਚਰਨ ਸਿੰਘ ਸ਼ਹੀਦ, ਭਾਈ ਮੋਹਨ ਸਿੰਘ ਵੈਦ ਤੇ

ਮਾਸਟਰ ਤਾਰਾ ਸਿੰਘ ਚਾਰ ਨਾਵਲਕਾਰ ਹੋਏ ਹਨ। ਦੂਜੇ ਪੜਾਅ ਵਿਚ ਸ. ਨਾਨਕ ਸਿੰਘ, ਸ. ਸੁਰਿੰਦਰ ਸਿੰਘ ਨਰੂਲਾ, ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਸ. ਨਰਿੰਦਰਪਾਲ ਸਿੰਘ, ਕਰਤਾਰ ਸਿੰਘ ਦੁੱਗਲ, ਡਾ. ਗੁਰਚਰਨ ਸਿੰਘ, ਜੋਸ਼ੂਆ ਫ਼ਜ਼ਲਦੀਨ, ਮਹਿੰਦਰ ਸਿੰਘ ਸਰਨਾ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ। ਤੀਜੇ ਪੜਾਅ ਵਿਚ ਸੋਹਣ ਸਿੰਘ ਸੀਤਲ, ਗੁਰਦਿਆਲ ਸਿੰਘ, ਸਾਧੂ ਸਿੰਘ ਹਮਦਰਦ, ਹਰਨਾਮ ਦਾਸ ਸਹਿਰਾਈ, ਸੁਰਜੀਤ ਹਾਂਸ, ਦਲੀਪ ਕੌਰ ਟਿਵਾਣਾ, ਸੁਰਜੀਤ ਸਿੰਘ ਸੇਠੀ, ਸੁਖਬੀਰ, ਸੁਰਿੰਦਰ ਸਿੰਘ ਜੌਹਰ, ਜਗਜੀਤ ਬਰਾੜ, ਮੈਂ (ਗਿਆਨੀ ਭਜਨ ਸਿੰਘ), ਨਰਿੰਜਨ ਤਸਨੀਮ, ਮੋਹਨ ਕਾਹਲੋਂ, ਮਨਜੀਤ ਰਾਣਾ, ਕਰਮ ਸਿੰਘ ਜ਼ਖ਼ਮੀ ਤੇ ਗਿਆਨੀ ਤਰਲੋਕ ਸਿੰਘ ਆਦਿ ਸ਼ਾਮਿਲ ਹਨ।

# ਪੰਜਾਬੀ ਗਲਪ ਦਾ ਕਾਵਿ ਸ਼ਾਸਤਰ

ਪੰਜਾਬੀ ਗਲਪ ਨੂੰ ਪ੍ਰਸਿੱਧ ਅਤੇ ਇਕ ਚੌਖਟੇ ਵਿਚ ਸਮਝਣ ਲਈ ਇਸਦੇ ਕਾਵਿ ਸ਼ਾਸਤਰ ਤੇ ਇਕ ਨਜ਼ਰ ਮਾਰਨੀ ਬਹੁਤ ਜ਼ਰੂਰੀ ਹੈ। ਪੰਜਾਬੀ ਗਲਪ ਵਿਚ ਉਨ੍ਹਾਂ ਸਾਂਝੇ ਸੂਤਰਾਂ ਦੀ ਤਲਾਸ਼ ਕੀਤੀ ਗਈ ਹੈ ਜੋ ਪੰਜਾਬੀ ਨਾਵਲ ਦੀ ਰੂਪ ਰਚਨਾ ਨੂੰ ਉਸਾਰਨ ਵਿਚ ਕਾਰਜਸ਼ੀਲ ਰਹੇ ਸਨ। ਇਹੀ ਨਿਯਮ ਜਾਂ ਸੂਤਰ ਹੀ ਪੰਜਾਬੀ ਨਾਵਲ ਦੇ ਗਲਪ ਸ਼ਾਸਤਰ ਨੂੰ ਪਰਿਭਾਸ਼ਿਤ ਕਰਦੇ ਹਨ।

1. ਆਧੁਨਿਕ ਪੰਜਾਬੀ ਸਾਹਿਤ ਵਿਚ ਨਾਵਲ ਹੀ ਇਕ ਅਜਿਹਾ ਰੂਪਾਕਾਰ ਹੈ ਜੋ ਜ਼ਿੰਦਗੀ ਦੀ ਵਿਵਹਾਰਕਤਾ ਨੂੰ ਇਕ ਅਰਥ ਭਰਪੂਰ ਗਲਪ-ਬਿੰਬ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ ਕਿਉਂਕਿ ਸਾਹਿਤ ਦੇ ਬਾਕੀ ਸਾਹਿਤ ਰੂਪਾਂ ਦੇ ਮੁਕਾਬਲੇ ਨਾਵਲ ਵਿਚ ਹੀ ਜ਼ਿੰਦਗੀ ਦੀ ਤਸਵੀਰ ਨੂੰ ਵਿਸ਼ਾਲ ਦਾਇਰੇ ਅੰਦਰ ਆਸਾਨੀ ਨਾਲ ਪ੍ਰੋਇਆ ਜਾ ਸਕਦਾ ਹੈ। ਇਸ ਕਰਕੇ ਵੀ ਨਾਵਲ ਨੂੰ ਚਿੰਤਨ ਦੇ ਪੱਧਰ 'ਤੇ ਬਹੁਤ ਜ਼ਿਆਦਾ ਮਾਨਤਾ ਪ੍ਰਾਪਤ ਹੈ।

2. ਦੂਸਰਾ ਗਲਪ ਦਾ ਮੁੱਖ ਪੱਖ ਉਸਦੇ ਬਿਰਤਾਂਤਕ ਚਰਿੱਤਰ ਵਿਚ ਹੈ। ਇਸੇ ਕਰਕੇ ਇਸਦੀ ਪ੍ਰਮਾਣਿਕਤਾ ਦਾ ਆਧਾਰ ਵੀ ਬਿਰਤਾਂਤ ਦੀ ਨਿਰੰਤਰਤਾ ਹੈ। ਗਲਪ ਵਿਚ ਬਿਰਤਾਂਤ ਇਕ ਅਜਿਹਾ ਸੂਤਰ ਹੈ। ਜਿਸ ਰਾਹੀਂ ਕਾਲ ਦੀ ਪ੍ਰਵਾਹਮਾਨਤਾ ਆਪਣੇ ਵਿਭਿੰਨ ਫੈਲਾਓ ਉਜਾਗਰ ਹੁੰਦਾ ਹੈ। ਬਿਰਤਾਂਤ ਇਕ ਅਜਿਹਾ ਸੂਤਰ ਹੈ ਜਿਸ ਰਾਹੀਂ ਨਾਵਲਕਾਰ ਘਟਨਾਵਾਂ ਨੂੰ ਖੋਲ੍ਹਦਾ ਹੋਇਆ ਜ਼ਿੰਦਗੀ ਦੇ ਅਹਿਮ ਪੱਖ ਸਾਹਮਣੇ ਲਿਆਉਂਦਾ ਹੈ। ਆਮ ਤੌਰ ਤੇ ਨਾਵਲ ਅੰਦਰਲੀ ਕਹਾਣੀ ਹੀ ਬਿਰਤਾਂਤ ਮੰਨ ਲਈ ਜਾਂਦੀ ਹੈ ਪਰੰਤੂ ਅਜਿਹਾ ਨਹੀਂ ਹੁੰਦਾ। ਇਸ ਪ੍ਰਕਾਰ ਗਲਪ ਦੀ ਰੂਪ ਰਚਨਾ ਦਾ ਸਭ ਤੋਂ ਅਹਿਮ ਪੱਖ ਬਿਰਤਾਂਤ ਅਤੇ ਇਸਦੀ ਨਿਰੰਤਰਤਾ ਹੈ। ਬਿਰਤਾਂਤ ਚੇਤਨਾਂ ਵਾਲਾ ਕਲਾਕਾਰ ਹੀ ਪਾਤਰਾਂ ਦੇ ਚਰਿਤਰ, ਉਨ੍ਹਾਂ ਦੇ ਮਨੋਵਿਸ਼ਲੇਸ਼ਣ ਅਤੇ ਮਾਨਵੀ ਤਨਾਓ ਦੀ ਸਿਰਜਣਾ ਕਰ ਸਕਦਾ ਹੈ।

3. ਗਲਪ ਵਿਚ ਬਿਰਤਾਂਤਕ ਚਰਿੱਤਰ ਤੋਂ ਬਾਅਦ ਅਗਲਾ ਸੂਤਰ ਜਾਂ ਪਹਿਲੂ ਤਨਾਓ ਦਾ ਆਉਂਦਾ ਹੈ। ਨਾਵਲ ਦੀ ਵਿਸ਼ਾਲਤਾ ਅਤੇ ਗਤੀਸ਼ੀਲਤਾ ਵੀ ਇਸੇ ਪਹਿਲੂ ਤੇ ਹੀ ਆਪਣਾ ਦ੍ਰਿਸ਼ਟੀਕੋਣ ਕੇਂਦਰਿਤ ਕਰਦੀ ਹੈ। ਇਸਦੀ ਰੂਪ ਰਚਨਾ ਵਿਚ ਮਾਨਵੀ ਤਨਾਓ, ਸੰਤਾਪ ਅਤੇ ਦੁੱਖਾਂ ਨੂੰ ਵੀ ਵਿਭਿੰਨ ਪ੍ਰਸੰਗਾਂ ਰਾਹੀਂ ਪ੍ਰਗਟਾਵਾ ਮਿਲਦਾ ਹੈ ਅਤੇ ਤ੍ਰਾਸਦਿਕ ਹੋਣੀ ਦੇ ਵਿਵੇਕ ਦੀ ਸੋਝੀ ਵੀ ਹੁੰਦੀ ਹੈ। ਤਨਾਓ ਦੀ ਅਭਿਵਿਅਕਤੀ ਇਕ ਪੱਖ ਹੈ ਅਤੇ ਦੂਜਾ ਪੱਖ ਇਸ ਤਨਾਓ ਦੇ ਵਿਵੇਕ ਦੀ ਪ੍ਰਤੀਤੀ ਹੈ। ਨਾਵਲ ਵਿਚ ਇਹ ਦੋਵੇਂ ਪੱਖ ਬੜੇ ਸ਼ਕਤੀਸ਼ਾਲੀ ਰੂਪ ਵਿਚ ਪ੍ਰਗਟ ਹੁੰਦੇ ਹਨ। ਨਾਵਲ ਦੀ ਰੂਪ ਰਚਨਾ ਦੀ

ਪ੍ਰਮਾਣਿਕਤਾ ਦਾ ਆਧਾਰ ਤਨਾਓ ਅਤੇ ਤਨਾਓ ਦੇ ਵਿਵੇਕ ਦੀ ਸਿਰਜਣਾ ਹੈ। ਇਹ ਵਿਵੇਕ ਹੀ ਤਾਂ ਪਾਠਕ ਦੇ ਅੰਦਰ ਚੇਤਨਾ ਪੈਦਾ ਕਰਦਾ ਹੈ।

4. ਗਲਪ ਦੇ ਕਾਵਿ ਸ਼ਾਸਤਰ ਵਿਚ ਇਸਦਾ ਕਲਾਤਮਕ ਪ੍ਰਬੰਧ ਇਕ ਵਿਚਾਰਨਯੋਗ ਪੱਖ ਹੈ। ਨਾਵਲ ਦੇ ਕਲਾਤਮਕ ਪ੍ਰਬੰਧ ਦੀ ਇਕਾਗਰਤਾ ਨਾਵਲਕਾਰ ਦੀ ਗਲਪ ਸ਼ਕਤੀ ਉੱਪਰ ਹੀ ਨਿਰਭਰ ਕਰਦੀ ਹੈ। ਨਾਵਲ ਵਿਚਲੇ ਪਲਾਟ ਲਈ ਇਹ ਜ਼ਰੂਰੀ ਨਹੀਂ ਕਿ ਉਸ ਦੀਆਂ ਘਟਨਾਵਾਂ ਨੂੰ ਗਤੀਸ਼ੀਲ ਬਣਾਉਣ ਲਈ ਕੋਈ ਸਖ਼ਤ ਪਲਾਟ ਹੀ ਹੋਵੇ। ਇਸਦੀ ਥਾਂ ਇਕਾਗਰਕਾਰੀ ਸੂਤਰ ਸਿਰਜ ਕੇ ਵੀ ਨਾਵਲਕਾਰ ਨਾਵਲ ਨੂੰ ਇਕ ਵਿਵੇਕ ਪ੍ਰਦਾਨ ਕਰ ਸਕਦਾ ਹੈ। ਮਿਸਾਲ ਵਜੋਂ ਕ੍ਰਿਸ਼ਨਾ ਸੋਬਤੀ ਦੇ ਨਾਵਲ 'ਜ਼ਿੰਦਗੀਨਾਮਾ' ਵਿਚ ਕਿਸ ਤਰ੍ਹਾਂ ਦੇ ਸਖ਼ਤ ਪਲਾਟ ਜਾਂ ਸੰਗਠਨ ਨਹੀਂ ਪਰ ਫਿਰ ਵੀ ਇਸ ਨਾਵਲ ਦਾ ਗਲਪ ਬਿੰਬ ਖੰਡਿਤ ਨਹੀਂ ਹੁੰਦਾ। ਇਸ ਨਾਵਲ ਵਿਚ ਵਿਭਿੰਨ ਘਟਨਾਵਾਂ ਇਕ ਦੂਜੇ ਨਾਲ ਜ਼ਾਹਰ ਤੌਰ ਤੇ ਸੰਬੰਧਿਤ ਨਹੀਂ। ਪਾਤਰ ਹਰ ਪ੍ਰਸੰਗ ਵਿਚ ਬਦਲ ਜਾਂਦੇ ਹਨ ਪਰ ਇਸ ਨਾਵਲ ਦਾ ਇਕਾਗਰੀ ਨੇਮ/ਸੂਤਰ/ਘਟਨਾ ਵਿਚੋਂ ਪੰਜਾਬ ਦੇ ਸਭਿਆਚਾਰਕ ਪ੍ਰਗਟਾਵੇ ਨਾਲ ਜੁੜਿਆ ਹੋਇਆ ਹੈ। ਇਸ ਪ੍ਰਕਾਰ ਨਾਵਲ ਦੀ ਰੂਪ-ਰਚਨਾ ਦੀ ਪਰਖ ਕਰੜੇ ਪਲਾਟ ਜਾਂ ਲਕੀਰੀ ਬਿਰਤਾਂਤ ਨਾਲ ਜੋੜ ਕੇ ਕਰਨ ਨਾਲ ਉਸਦੀਆਂ ਰਚਨਾਤਮਕ ਸੰਭਾਵਨਾਵਾਂ ਮਿਟ ਜਾਂਦੀਆਂ ਹਨ।

5.ਗਲਪ ਸ਼ਾਸਤਰ ਦੇ ਕਾਵਿ ਸ਼ਾਸਤਰ ਅਧੀਨ ਨਾਵਲ ਦੀ ਰੂਪ-ਰਚਨਾ ਵਿਚ ਉਸਦੀ ਪ੍ਰਮਾਣਿਕਤਾ ਦਾ ਆਧਾਰ ਇਕ ਹੋਰ ਨੇਮ 'ਰਚਨਾਤਮਕ ਵਿੱਥ' ਹੈ। ਇਸ ਤੋਂ ਨਾਵਲ ਵਿਚ ਨਾਵਲਕਾਰ ਦੀ ਆਪਣੀ ਭੂਮਿਕਾ ਤੋਂ ਹੈ। ਜੇਕਰ ਨਾਵਲਕਾਰ ਆਪਣੀ ਭੂਮਿਕਾ ਪੂਰਵ ਨਿਸ਼ਚਿਤ ਚੌਖਟੇ ਅਨੁਕੂਲ ਢਾਲਦਾ ਹੈ ਭਾਵ ਮਨ-ਇੱਛਤ ਰਚਨਾ ਅਤੇ ਵਿਵੇਕ ਉਸਾਰਦਾ ਹੈ ਤਾਂ ਸਪਸ਼ਟ ਹੀ ਹੈ ਕਿ ਉਸਦੀ ਰਚਨਾ ਅਪ੍ਰਮਾਣਿਤ ਹੈ। ਅਸਲ ਵਿਚ ਰਚਨਾਕਾਰ ਨੂੰ ਆਪਣੀ ਰਚਨਾ ਰਚ ਕੇ ਵੀ ਉਸ ਤੋਂ ਸਾਹਿਤਕ ਵਿੱਥ ਤੇ ਹੋਣਾ ਜ਼ਰੂਰੀ ਹੈ। ਇਸਦੇ ਉਲਟ ਆਪਣੀ ਰਚਨਾ ਵਿਚ ਰਹਿਣ ਵਾਲਾ ਨਾਵਲਕਾਰ ਰਚਨਾ ਦੇ ਵਿਵੇਕ ਨੂੰ ਭੰਗ ਕਰ ਦਿੰਦਾ ਹੈ। ਨਾਵਲਕਾਰ ਇਕ ਵਿੱਥ ਤੇ ਰਹਿ ਕੇ ਹਰ ਘਟਨਾ, ਹਰ ਕਰਮ-ਪ੍ਰਤੀਕਰਮ ਜਾਂ ਸਹਿਜ ਉਘਾੜਦਾ ਹੈ।

ਇਸ ਪ੍ਰਕਾਰ ਗਲਪ ਵਿਚ ਨਾਵਲ ਦੀ ਰੂਪ-ਰਚਨਾ ਲਈ ਚੁਣੌਤੀ ਹੈ ਕਿਉਂਕਿ ਰੂਪ-ਰਚਨਾ ਦੀ ਪ੍ਰਮਾਣਿਕ ਘਾਟ ਵਿਚ ਹੀ ਜ਼ਿੰਦਗੀ ਦਾ ਗਲਪ-ਬਿੰਬ ਉਸਰਨਾ ਹੁੰਦਾ ਹੈ। ਇਹ ਸੰਪੂਰਨ ਗਲਪ ਬਿੰਬ ਹੀ ਨਾਵਲਕਾਰ ਦੀ ਪ੍ਰਾਪਤੀ ਮੰਨੀ ਜਾ ਸਕਦੀ ਹੈ। ਇਸ ਕਰਕੇ ਗਲਪ ਦੇ ਕਾਵਿ ਸ਼ਾਸਤਰ ਸੰਬੰਧੀ ਗਲਪਕਾਰਾਂ ਨੇ ਜੋ ਸੂਤਰ ਜਾਂ ਨੇਮ ਲਾਗੂ ਕੀਤੇ ਹਨ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਕੇ ਹੀ ਇਕ ਚੰਗੇ ਬਿਰਤਾਂਤਕਾਰੀ ਦੇ ਗੁਣ ਆ ਸਕਦੇ ਹਨ ਤੇ ਚੰਗੇ ਨਾਵਲਕਾਰ ਦੇ ਵਜੋਂ ਨਾਮਨਾ ਖੱਟਿਆ ਜਾ ਸਕਦਾ ਹੈ।

# ਪ੍ਰਮੁੱਖ ਨਾਵਲਕਾਰ

## ਨਾਨਕ ਸਿੰਘ

ਨਾਨਕ ਸਿੰਘ 20 ਵੀਂ ਸਦੀ ਦਾ ਪੰਜਾਬੀ ਨਾਵਲ ਦੇ ਖੇਤਰ ਵਿਚ ਸਭ ਤੋਂ ਮਹਾਨ ਸਾਹਿਤਕਾਰ ਹੈ ਜਿਸਨੇ ਉਸ ਸਮੇਂ ਨਾਵਲ ਲਿਖੇ ਜਦੋਂ ਨਾਵਲ ਦੀ ਕੋਈ ਠੋਸ ਪਰੰਪਰਾ ਸਥਾਪਿਤ ਨਹੀਂ ਹੋਈ ਸੀ। ਨਾਨਕ ਸਿੰਘ ਪੰਜਾਬ ਵਿਚ ਸਭਿਆਚਾਰਕ ਰੂਪਾਂਤਰਣ ਦੀ ਪ੍ਰਕਿਰਿਆ ਕਾਰਨ ਪੈਦਾ ਹੋਈ ਨਵੀਨ ਮੱਧ ਸ਼੍ਰੇਣੀ ਨੂੰ ਬਾਖ਼ੂਬੀ ਨਾਲ ਚਿਤਰਦਾ ਹੈ। ਨਾਨਕ ਸਿੰਘ ਦਾ ਨਾਵਲ ਜਗਤ ਪੰਜਾਬੀ ਜਨ-ਜੀਵਨ ਦੇ ਇਕ ਵਿਸ਼ੇਸ਼ ਕਾਲ-ਖੰਡ (1924-67) ਨਾਲ ਸੰਬੰਧਿਤ ਹੁੰਦਾ ਹੋਇਆ ਕਈ ਘਟਨਾਵਾਂ ਨੂੰ ਆਪਣੇ ਕਲਾਵੇ ਵਿਚ ਸਮੋਣ ਦੀ ਸਮਰੱਥਾ ਰੱਖਦਾ ਹੈ। ਉਸਦੇ ਨਾਵਲ ਦਾ ਖੇਤਰ ਵਿਸ਼ਾਲ ਹੈ, ਪਰ ਸੀਮਤ ਨਾਵਲੀ ਪ੍ਰਤਿਭਾ ਦਾ ਪ੍ਰਗਟਾਵਾ ਉਸਦੇ ਦੁਖਾਂਤਕ ਨਾਵਲਾਂ ਵਿਚ ਰੂਪਮਾਨ ਹੁੰਦਾ ਹੈ। ਇਹਨਾਂ ਨਾਵਲਾਂ ਦੇ ਅੰਤਰਗਤ ਉਹ ਸਮਕਾਲੀ ਜੀਵਨ ਨੂੰ ਉਲੀਕਦਾ ਹੈ ਜੋ ਕਿ ਸਭਿਆਚਾਰਕ ਤਬਦੀਲੀ ਵਿਚ ਸਮਾਏ ਹੋਏ ਹਨ। ਸਭ ਤੋਂ ਪਹਿਲਾਂ ਨਾਨਕ ਸਿੰਘ ਨੇ ਨਿਰੋਲ ਕਹਾਣੀ ਤੇ ਅਧਾਰਤ 'ਮਤਰੇਈ ਮਾਂ', 'ਫੌਲਾਦੀ ਫੁੱਲ', ਮਿੱਠ-ਮਹੁਰਾ ਆਦਿ ਨਾਵਲ ਲਿਖੇ। ਉਸਨੇ ਆਪਣੇ ਬਹੁਚਰਚਿਤ ਨਾਵਲ 'ਚਿੱਟਾ ਲਹੂ' ਵਿਚ ਸਮਕਾਲੀ ਜੀਵਨ ਵਿਚ ਹੋ ਰਹੀ ਉੱਥਲ-ਪੁੱਥਲ ਨੂੰ ਬੇਬਾਕੀ ਨਾਲ ਪ੍ਰਸਤੁਤ ਕੀਤਾ ਹੈ। ਇਹ ਇਕ ਦੁਖਾਂਤਕ ਨਾਵਲ ਹੈ ਜੋ ਇਸਤਰੀ ਦੀ ਵਿਦਿਆ, ਵਿਧਵਾ ਵਿਆਹ, ਪਿਆਰ ਵਿਆਹ ਅਤੇ ਜਾਤੀਗਤ ਸਮਾਜਿਕ ਸਥਿਤੀ ਉੱਪਰ ਚੋਟ ਕਰਦਾ ਨਵੀਨ ਮੁੱਲਾਂ ਨੂੰ ਸਥਾਪਤ ਕਰਨ ਲਈ ਤਤਪਰ ਹੁੰਦਾ ਹੈ। ਨਾਨਕ ਸਿੰਘ ਨੇ ਆਪਣੇ ਨਾਵਲ 'ਗਰੀਬ ਦੀ ਦੁਨੀਆਂ' ਵਿਚ ਸਰਮਾਏਦਾਰ ਅਤੇ ਗਰੀਬ ਵਿਚਕਾਰ ਆਰਥਕ ਸਥਿਤੀ ਅਤੇ ਧਨ ਦੀ ਕਾਣੀ ਵੰਡ ਨੂੰ ਲੈ ਕੇ ਹੋਈ ਟੱਕਰ ਨੂੰ ਬਿਆਨ ਕੀਤਾ ਹੈ। ਨਾਨਕ ਸਿੰਘ ਵਿਅੰਗ, ਚੋਟ ਤੇ ਮਸ਼ਕਰੀ ਦਾ ਉਸਤਾਦ ਹੈ। ਚਿੱਟਾ ਲਹੂ ਵਿਚ ਜਦੋਂ ਗੁਰਦੁਆਰੇ ਵਿੱਚ ਬੇਅਦਬੀ ਹੋ ਰਹੀ ਹੁੰਦੀ ਹੈ ਤਾਂ ਇਸ ਵਿਚਲਾ ਇਕ ਕਾਟਵਾਂ ਵਿਅੰਗ ਇਸ ਪ੍ਰਕਾਰ ਹੈ : "ਸਿੱਖਾਂ ਨੂੰ ਕੀ ਲੱਗੇ ਅਜਿਹੇ ਵਹਿਮਾਂ ਨਾਲ"। ਪ੍ਰਿੰ. ਤੇਜਾ ਸਿੰਘ ਨੇ ਨਾਵਲ ਦੀ ਭੂਮਿਕਾ ਵਿਚ ਇਸ ਵਿਅੰਗ ਦੀ ਖ਼ਾਸ ਤੌਰ 'ਤੇ ਸਿਫ਼ਤ ਕੀਤੀ ਹੈ।

ਨਾਨਕ ਸਿੰਘ ਨੇ ਪੰਜਾਬੀ ਨਾਵਲ ਵਿਚ ਪਹਿਲੀ ਵਾਰੀ ਪਿਆਰ-ਸੰਸਾਰ ਨੂੰ ਲਿਆਂਦਾ। ਗ਼ਰੀਬ ਦੀ ਦੁਨੀਆਂ, ਪਿਆਰ ਦੀ ਦੁਨੀਆਂ, ਲਵ ਮੈਰਿਜ ਅਤੇ ਪਵਿੱਤਰ ਪਾਪੀ ਵਿਚ ਪ੍ਰੇਮ-ਸੰਸਾਰ ਦਾ ਚਿਤਰਨ ਕੀਤਾ ਗਿਆ ਹੈ। ਟੁੱਟੀ ਵੀਣਾ, ਗੰਗਾਜਲੀ ਵਿਚ ਸ਼ਰਾਬ, ਅੱਧਖਿੜਿਆ ਫੁੱਲ ਵਿਚ ਉਹ ਵੇਸਵਾਪੁਣੇ ਦੀ ਸਮੱਸਿਆ ਨੂੰ ਪੇਸ਼ ਕਰਦਾ ਹੈ। ਨਾਨਕ ਸਿੰਘ ਮੁੱਖ ਰੂਪ ਵਿਚ ਇਕ ਸਮਾਜ ਸੁਧਾਰਕ ਅਤੇ ਸਮਾਜਵਾਦੀ ਲੇਖਕ ਹੈ। ਉਸਨੇ ਆਪਣੇ ਨਾਵਲਾਂ ਵਿਚ ਅਨੇਕਾਂ ਪ੍ਰਕਾਰ ਦੇ ਵਿਸ਼ੇ ਲਿਆਂਦੇ ਹਨ। ਜਿੱਥੇ

ਚਿੱਟਾ ਲਹੂ ਵਿਚ ਸਮਾਜ ਦੇ ਵੱਖ-ਵੱਖ ਔਗੁਣ ਪੇਸ਼ ਕੀਤੇ ਹਨ, ਪਵਿੱਤਰ ਪਾਪੀ ਵਿਚ ਮਨੋਵਿਗਿਆਨਕ ਰੰਗ ਉਘਾੜਿਆ ਗਿਆ ਹੈ, ਨਾਸੂਰ ਵਿਚ ਵੇਸਵਾ ਸਮੱਸਿਆ ਹੈ, ਬੰਜਰ ਵਿਚ ਪਬਲਿਸ਼ਰਾਂ ਦਾ ਭ੍ਰਿਸ਼ਟਾਚਾਰ, ਆਸਤਕ-ਨਾਸਤਕ ਵਿਚ ਪਾਖੰਡੀ ਸਾਧਾਂ, ਕੋਈ ਹਰਿਆ ਬੂਟ ਰਹਿਉ ਰੀ ਵਿਚ ਗਿਰ ਰਹੀਆਂ ਸਦਾਚਾਰਕ ਕੀਮਤਾਂ, ਇਕ ਮਿਆਨ ਦੋ ਤਲਵਾਰਾਂ ਵਿਚ ਦੇਸ਼ ਭਗਤੀ ਦਾ ਰੰਗ ਗਦਰ ਲਹਿਰ ਨੂੰ ਸਨਮੁੱਖ ਰੱਖ ਕੇ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਵਿਸ਼ਾ-ਪੱਖ ਤੋਂ ਉਸ ਵਿਚ ਅਨੇਕਾਂ ਰੰਗ ਝਲਕਦੇ ਹਨ ਜੋ ਸਮੁੱਚੇ ਤੌਰ 'ਤੇ ਪ੍ਰਗਟ ਕਰਦੇ ਹਨ ਕਿ ਉਹ ਇਕ ਸਮਾਜ ਸੁਧਾਰਕ ਅਤੇ ਅਗਾਂਹਵਧੂ ਲੇਖਕ ਹੈ। ਨਾਨਕ ਸਿੰਘ ਇਕ ਪਰੰਪਰਾ ਦਾ, ਇਕ ਸੰਸਥਾ ਦਾ ਨਾਮ ਹੈ। ਇਕੋ ਮਿਆਨ ਦੋ ਤਲਵਾਰਾਂ ਉੱਤੇ ਨਾਨਕ ਸਿੰਘ ਨੂੰ ਸਾਹਿਤ ਅਕਾਦਮੀ ਐਵਾਰਡ ਪ੍ਰਾਪਤ ਹੋਇਆ ਤੇ ਪੰਜਾਬ ਸਰਕਾਰ ਨੇ ਵਿਸ਼ੇਸ਼ ਤੌਰ 'ਤੇ ਉਸਨੂੰ ਸਨਮਾਨਿਆ। ਇਸ ਪ੍ਰਕਾਰ ਨਾਨਕ ਸਿੰਘ ਨੇ ਪੰਜਾਬੀ ਸਾਹਿਤ ਨੂੰ ਚਿੱਟਾ ਲਹੂ, ਇਕ ਮਿਆਨ ਦੋ ਤਲਵਾਰਾਂ, ਮਿੱਠਾ ਮਹੁਰਾ, ਪਵਿੱਤਰ ਪਾਪੀ, ਕੋਈ ਹਰਿਆ ਬੂਟ ਰਹਿਓ ਰੀ ਆਦਿ ਪ੍ਰਮੁੱਖ ਨਾਵਲ ਦਿੱਤੇ। 1947 ਤੋਂ 1957 ਵਿਚ ਸਮੁੱਚੇ ਪੰਜਾਬੀ ਨਾਵਲ ਦਾ ਰੁਖ਼ (ਦਸ਼ਾ) ਸੰਨ ਸੰਤਾਲੀ ਦੀ ਵੰਡ ਵੱਲ ਹੋ ਗਿਆ। ਇਸ ਦੌਰ ਦੇ ਨਾਵਲ ਵਿਚ ਵੰਡ ਦੌਰਾਨ ਖ਼ਤਮ ਹੋਈ ਭਾਈਚਾਰਕ, ਵੰਡ ਦੇ ਦੁਖਾਂਤ ਅਤੇ ਵਲੂੰਧਰੀ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ। ਨਾਨਕ ਸਿੰਘ ਨੇ ਵੀ ਆਪਣੇ ਨਾਵਲਾਂ ਅੱਗ ਦੀ ਖੇਡ, ਖ਼ੂਨ ਦੇ ਸੋਹਲੇ, ਮੰਝਧਾਰ ਅਤੇ ਆਦਮ ਖੋਰ ਵਿਚ ਵੰਡ ਦੇ ਦੁਖਾਂਤ ਨੂੰ ਪੇਸ਼ ਕੀਤਾ। ਉਸਦੇ ਨਾਵਲ ਗਿਣਤੀ ਦੇ ਪੱਖ ਤੋਂ ਸਭ ਤੋਂ ਜ਼ਿਆਦਾ ਹਨ।

## ਪ੍ਰੋ. ਸੁਰਿੰਦਰ ਸਿੰਘ ਨਰੂਲਾ

ਪੰਜਾਬੀ ਨਾਵਲ ਦਾ ਤੀਜਾ ਪੜਾਅ ਸੰਤ ਸਿੰਘ ਸੇਖੋਂ ਅਤੇ ਸੁਰਿੰਦਰ ਸਿੰਘ ਨਰੂਲਾ ਦੇ ਪੰਜਾਬੀ ਨਾਵਲ ਵਿਚ ਪ੍ਰਵੇਸ਼ ਕਰਨ ਉਪਰੰਤ ਸ਼ੁਰੂ ਹੁੰਦਾ ਹੈ। ਸੁਰਿੰਦਰ ਸਿੰਘ ਨਰੂਲਾ ਆਪਣੇ ਪ੍ਰਥਮ ਨਾਵਲ 'ਪਿਉ ਪੁੱਤਰ' ਦੇ ਛਪਣ ਉਪਰੰਤ 1946 ਈ. ਵਿਚ ਪੰਜਾਬੀ ਸਾਹਿਤ ਦੇ ਖੇਤਰ ਵਿਚ ਇਕ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਯਥਾਰਥਕ ਦ੍ਰਿਸ਼ਟੀ ਰਾਹੀਂ ਪ੍ਰਵੇਸ਼ ਕਰਦਾ ਹੈ। ਸੁਰਿੰਦਰ ਸਿੰਘ ਨਰੂਲਾ ਨੇ ਇਕ ਅਧਿਆਪਕ ਅਤੇ ਅਗਰੇਜ਼ੀ ਵਿਦਿਆ ਨਾਲ ਸਿੱਧਾ ਸੰਬੰਧਿਤ ਹੋਣ ਕਰਕੇ ਇੰਨ੍ਹਾਂ ਸਿਧਾਤਾਂ ਨੂੰ ਘੋਖਿਆ ਅਤੇ ਪਹਿਲੇ ਯਥਾਰਥਵਾਦੀ ਨਾਵਲ 'ਪਿਉ ਪੁੱਤਰ' ਦੀ ਸਿਰਜਣਾ ਕੀਤੀ। ਸੁਰਿੰਦਰ ਸਿੰਘ ਨਰੂਲਾ ਪੰਜਾਬੀ ਨਾਵਲਕਾਰਾਂ ਦੀ ਉਸ ਢਾਣੀ ਵਿਚੋਂ ਹੈ ਜਿਸ ਨੇ ਯਥਾਰਥਵਾਦ ਨੂੰ ਆਪਣੇ ਦ੍ਰਿਸ਼ਟੀਕੋਣ ਦਾ ਅੰਗ ਬਣਾ ਲਿਆ ਹੈ।

ਸੁਰਿੰਦਰ ਸਿੰਘ ਨਰੂਲਾ ਤੋਂ ਪਹਿਲਾਂ ਪੰਜਾਬੀ ਨਾਵਲ ਦੋ ਪੜ੍ਹਾਵਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਪੜ੍ਹਾਅ ਵਿਚ ਧਾਰਮਿਕ ਪੁਨਰ ਸੁਰਜੀਤੀ ਤੋਂ ਪ੍ਰਭਾਵਿਤ ਪੰਜਾਬੀ ਨਾਵਲ ਦੀ ਸਿਰਜਣਾ ਹੋਈ ਜਿਸ ਵਿਚ ਸਮੁੱਚੀਆਂ ਵਾਪਰਦੀਆਂ ਤਬਦੀਲੀਆਂ ਨੂੰ ਧਰਮ ਦੀ ਅਧੋਗਤੀ ਸਮਝ ਕੇ ਭਾਰਤੀ ਸਭਿਆਚਾਰ ਨੂੰ ਪੱਛਮੀ ਸਭਿਆਚਾਰ ਦੇ ਮੁਕਾਬਲੇ ਸਲਾਹਿਆ ਗਿਆ। ਪੰਜਾਬੀ ਨਾਵਲ ਦਾ ਦੂਸਰਾ ਪੜਾਅ ਨਾਨਕ ਸਿੰਘ ਨਾਲ

ਸ਼ੁਰੂ ਹੁੰਦਾ ਹੈ। ਨਾਨਕ ਸਿੰਘ ਨੇ ਪੰਜਾਬ ਨਾਵਲ ਨੂੰ ਧਾਰਮਿਕ ਵਲਗਣਾਂ ਵਿਚੋਂ ਕੱਢ ਕੇ ਸਮਾਜਿਕ ਸੁਧਾਰ ਲਈ ਇਸ ਦੀ ਸਿਰਜਣਾ ਕੀਤੀ।

ਸੁਰਿੰਦਰ ਸਿੰਘ ਨਰੂਲਾ ਨੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਆਪਣੇ ਨਾਵਲਾਂ ਦੀ ਸਿਰਜਣਾ ਕੀਤੀ ਹੈ ਅਤੇ ਮਾਰਕਸਵਾਦ ਨੂੰ ਉਹ ਇਕ ਅਜਿਹਾ ਸਾਧਨ ਮੰਨਦਾ ਹੈ ਜਿਸ ਨਾਲ ਸਾਮਰਾਜ ਨਸ਼ਟ ਕਰਕੇ ਪੂਰਨ ਸਮਾਜਿਕ ਆਜ਼ਾਦੀ ਹੋਂਦ ਵਿਚ ਲਿਆਂਦੀ ਜਾ ਸਕਦੀ ਹੈ। ਉਹ ਇੰਨ੍ਹਾਂ ਸਿਧਾਂਤਾਂ ਤੋਂ ਪ੍ਰਭਾਵਿਤ ਜ਼ਰੂਰ ਹੈ। ਉਸ ਨੇ ਆਪਣੀ ਸਾਹਿਤ ਕਲਾ ਉਪਰ ਟੈਗੋਰ ਦੇ ਪ੍ਰਭਾਵ ਵੀ ਕਬੂਲ ਕੀਤੇ ਹਨ। ਉਸਨੇ ਟੈਗੋਰ ਦੀਆਂ ਰਚਨਾਵਾਂ ਦਾ ਗੰਭੀਰ ਅਧਿਐਨ ਕੀਤਾ। ਟੈਗੋਰ ਦੀ ਪ੍ਰਥਮ ਰਚਨਾ 'ਗੀਤਾਂਜਲੀ' ਪੜ੍ਹਨ ਉਪਰੰਤ ਇਸ ਵਿਚਲੇ ਗੀਤਾਂ ਤੋਂ ਨਰੂਲਾ ਪ੍ਰਭਾਵਿਤ ਹੋ ਕੇ 'ਲੋਕ ਦੁਸ਼ਮਣ' ਨਾਵਲ ਦੀ ਸਿਰਜਣਾ ਕਰਨ ਬਾਰੇ ਲਿਖਦਾ ਹੈ। ਪੱਛਮੀ ਸਾਹਿਤ ਤੋਂ ਪ੍ਰਭਾਵਿਤ ਹੋ ਕੇ ਨਰੂਲਾ ਨੇ ਪੰਜਾਬੀ ਸਾਹਿਤ ਖੇਤਰ ਵਿਚ ਸਾਹਿਤ ਦੇ ਪੱਛਮੀ ਰੂਪਾਂ ਨੂੰ ਹੀ ਆਪਣੀ ਸਿਰਜਣਾ ਦਾ ਆਧਾਰ ਬਣਾਇਆ ਹੈ। ਨਰੂਲਾ ਦੁਆਰਾ ਰਚਿਤ ਸਮੁੱਚੇ ਸਾਹਿਤ ਨੂੰ ਮੁੱਖ ਤਿੰਨ ਭਾਗਾਂ ਵਿਚ ਇਸ ਪ੍ਰਕਾਰ ਵੰਡਿਆ ਜਾ ਸਕਦਾ ਹੈ :

ੳ) ਸਿਰਜਣਾਤਮਕ ਸਾਹਿਤ : ਨਾਵਲ, ਕਹਾਣੀ

ਅ) ਆਲੋਚਨਾਤਮਕ ਸਾਹਿਤ

ੲ) ਅਨੁਵਾਦਿਤ ਸਾਹਿਤ

ਸੁਰਿੰਦਰ ਸਿੰਘ ਨਰੂਲਾ ਨੇ ਪਿਉ ਪੁੱਤਰ, ਰੰਗ ਮਹਿਲ, ਜਗਰਾਤਾ, ਦੀਨ ਤੇ ਦੁਨੀਆਂ, ਨੀਲੀ ਬਾਰ, ਲੋਕ ਦੁਸ਼ਮਣ, ਜੱਗਬੀਤੀ, ਦਿਲ ਦਰਿਆ ਅਤੇ ਸਿੱਲ ਅਲੂਣੀ ਨਾਵਲਾਂ ਦੀ ਰਚਨਾ ਕੀਤੀ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਸੁਰਿੰਦਰ ਸਿੰਘ ਨਰੂਲਾ ਯਥਾਰਥਵਾਦ ਨੂੰ ਪ੍ਰਸਤੁਤ ਕਰਨ ਵਾਲਾ ਪਹਿਲਾ ਨਾਵਲਕਾਰ ਹੈ। ਉਸਦਾ ਪਹਿਲਾ ਨਾਵਲ 'ਪਿਉ-ਪੁੱਤਰ' ਉਪਰੋਕਤ ਸੰਦਰਭ ਵਿਚ ਵਧੇਰੇ ਮੁੱਲਵਾਨ ਰਚਨਾ ਪ੍ਰਤੀਤ ਹੁੰਦੀ ਹੈ। ਯਥਾਰਥਵਾਦੀ ਦ੍ਰਿਸ਼ਟੀ ਤੋਂ ਰਚਿਆ ਗਿਆ ਇਹ ਨਾਵਲ ਅੰਮ੍ਰਿਤਸਰ ਸ਼ਹਿਰ ਦੇ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੇ ਸਭਿਆਚਾਰਕ ਰੂਪਾਂਤਰਣ ਨੂੰ ਪੇਸ਼ ਕਰਦਾ ਹੈ। ਇਸ ਵਿਚ ਕੋਈ ਕੇਂਦਰੀ ਪਾਤਰ ਨਾ ਹੋਣ ਕਰਕੇ ਕੇਵਲ ਸਮੇਂ ਤੇ ਸਥਾਨ ਨੂੰ ਮਹੱਤਤਾ ਦਿੱਤੀ ਗਈ ਹੈ।

'ਲੋਕ ਦੁਸ਼ਮਣ' (1952)

ਲੋਕ ਦੁਸ਼ਮਣ ਨਾਵਲ ਸੁਰਿੰਦਰ ਸਿੰਘ ਨਰੂਲਾ ਨੇ ਪੈਪਸੂ ਦੇ ਇਲਾਕੇ ਵਿਚ ਬਿਸਵੇਦਾਰੀ ਪ੍ਰਬੰਧ ਵਿਰੁੱਧ ਉਠੀ ਮੁਜ਼ਾਰੇ ਕੰਮੀਆਂ ਦੀ ਲਹਿਰ ਤੋਂ ਪ੍ਰੇਰਿਤ ਹੋ ਕੇ ਲਿਖਿਆ ਹੈ। ਇਸ ਨਾਵਲ ਵਿਚ ਸੁਰਿੰਦਰ ਸਿੰਘ ਨਰੂਲਾ ਨੇ ਬਿਸਵੇਦਾਰਾਂ ਵੱਲੋਂ ਬਿਸਵੇਦਾਰੀ ਪ੍ਰਬੰਧ ਨੂੰ ਬਰਕਰਾਰ ਰੱਖਣ ਲਈ ਵਰਤੇ ਜਾਂਦੇ ਹੱਥ-ਕੰਡਿਆਂ ਦਾ ਵੀ ਉਲੇਖ ਕੀਤਾ ਹੈ। ਨਰੂਲਾ ਦੁਆਰਾ ਪੇਂਡੂ ਜੀਵਨ ਨਾਲ ਸੰਬੰਧਿਤ ਨਾਵਲ ਲਿਖਿਆ ਹੋਣ ਕਰਕੇ ਇਸ ਨਾਵਲ ਵਿਚ ਪੇਂਡੂ ਸਭਿਆਚਾਰ, ਪੇਂਡੂ ਜੀਵਨ ਢੰਗ ਨੂੰ ਡੂੰਘਿਆਈ ਵਿਚ ਨਾ ਵੇਖੇ ਹੋਣ ਕਰਕੇ ਇਹ ਕਈ ਤਰੁੱਟੀਆਂ ਦਾ ਸ਼ਿਕਾਰ ਵੀ ਹੋ ਜਾਂਦਾ ਹੈ।

'ਜਗਬੀਤੀ' (1954)

'ਜਗਬੀਤੀ' ਸੁਰਿੰਦਰ ਸਿੰਘ ਨਰੂਲਾ ਦੁਆਰਾ ਅੰਮ੍ਰਿਤਸਰ ਦੇ ਸਭਿਆਚਾਰਕ, ਰਾਜਨੀਤਿਕ, ਇਤਿਹਾਸਕ ਜੀਵਨ ਨਾਲ ਸੰਬੰਧਿਤ ਤੀਸਰਾ ਨਾਵਲ ਹੈ।

ੳ) ਪਿਉ ਪੱਤਰ : ਇਹ ਨਾਵਲ ਅੰਮ੍ਰਿਤਸਰ ਦੇ 1885 ਈ. ਤੋਂ 1918 ਈ. ਤਕ ਦੇ ਸਮਾਜੀ, ਰਾਜਸੀ, ਸਭਿਆਚਾਰਕ ਜੀਵਨ ਦੀ ਪੇਸ਼ਕਾਰੀ ਕਰਦਾ ਹੈ।

ਅ) 'ਰੰਗ ਮਹੱਲ' 1918 ਈ. ਤੋਂ 1942 ਈ. ਤਕ ਦੇ ਅੰਮ੍ਰਿਤਸਰੀ ਜੀਵਨ ਨੂੰ ਦਰਸਾਉਂਦਾ ਹੈ।

ੲ) 'ਜੱਗਬੀਤੀ' ਵਿਚਕਾਰਲੇ ਖੱਪੇ ਨੂੰ (1941-1952) ਨੂੰ ਪੂਰਾ ਕਰਦਾ ਹੈ। 'ਜਗਬੀਤੀ' ਤਿੰਨਾਂ ਪੀੜ੍ਹੀਆਂ ਦੀ ਕਥਾ ਹੈ।

ਸਮੁੱਚੇ ਰੂਪ ਵਿਚ ਪੱਛਮੀ ਪ੍ਰਭਾਵਾਂ ਅਧੀਨ ਵਿਕਸਿਤ ਹੋ ਰਹੀ ਮੱਧ ਸ਼੍ਰੇਣੀ ਦੀ ਪੱਛਮੀ ਅਤੇ ਪੂਰਬੀ ਸਭਿਆਚਾਰ ਵਿਚਲ ਮਾਨਸਿਕ ਤਨਾਓ ਨੂੰ ਇਸ ਨਾਵਲ ਵਿਚ ਪੇਸ਼ ਕੀਤਾ ਹੈ।

**'ਦਿਲ ਦਰਿਆ' (1963) :** 'ਦਿਲ ਦਰਿਆ' ਨਾਵਲ ਮੱਧ ਸ਼੍ਰੇਣਿਕ ਜੀਵਨ ਦੀ ਸੁਚੱਜੀ ਪੇਸ਼ਕਾਰੀ ਕਰਦਾ ਹੈ। ਦਿਲ ਦਰਿਆ ਨਾਵਲ ਦਾ ਘਟਨਾ ਕਾਲ ਵੰਡ ਤੋਂ ਤੁਰੰਤ ਬਾਅਦ ਦਾ ਹੈ। ਭਾਰਤ-ਪਾਕਿ ਵੰਡ ਵੇਲੇ ਹੋਇਆ ਕਤਲੇਆਮ ਅਤੇ ਵੰਡ ਉਪਰੰਤ ਭਾਰਤ ਵਿਚ ਰਹਿ ਗਏ ਮੁਸਲਮਾਨਾਂ ਦੀ ਸਮਾਜਿਕ ਸਭਿਆਚਾਰਕ ਅਤੇ ਰਾਜਨੀਤਿਕ ਹਾਲਤ ਬਾਰੇ ਵੀ ਇਸ ਨਾਵਲ ਵਿਚ ਵਰਣਨ ਮਿਲਦਾ ਹੈ।

**'ਸਿਲ ਅਲੂਣੀ' (1965) :** 'ਸਿਲ ਅਲੂਣੀ' ਨਾਵਲ 'ਪਿਉ ਪੁੱਤਰ' ਦੀ ਕਹਾਣੀ ਨੂੰ ਹੀ ਅਗਾਂਹ ਤੋਰਦਾ ਹੈ। ਸੁਰਿੰਦਰ ਸਿੰਘ ਨਰੂਲਾ ਦਾ ਅੰਮ੍ਰਿਤਸਰ ਬਾਰੇ ਇਹ ਚੌਥਾ ਨਾਵਲ ਹੈ। ਇਹ ਨਾਵਲ ਆਪਣੇ ਚੌਗਿਰਦੇ ਵਿਚ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਕੀਤੇ ਗਏ ਸਰਕਾਰੀ ਪੁਜਾਰੀਆਂ ਵੱਲੋਂ ਕਬਜ਼ੇ ਤੋਂ ਆਜ਼ਾਦੀ ਲਈ ਚਲਾਏ ਗਏ 'ਗੁਰੂ ਕਾ ਬਾਗ' ਮੋਰਚਾ' ਅਤੇ ਕੁੰਜੀਆਂ ਦਾ ਮੋਰਚਾ' ਆਦਿ ਨੂੰ ਪੇਸ਼ ਕਰਦਾ ਹੈ। 'ਸਿਲ ਅਲੂਣੀ' ਵਿਚ ਪੱਛਮੀ ਪ੍ਰਭਾਵਾਂ ਅਤੇ ਅੰਗਰੇਜ਼ਾਂ ਦੀ ਲੁੱਟ-ਖਸੁੱਟ ਦੀ ਨੀਤੀ ਅਧੀਨ ਵਿਕਸਿਤ ਹੋ ਰਹੀ ਮੱਧ ਸ਼੍ਰੇਣੀ ਦੇ ਮੁੱਢਲੇ ਪੜਾਅ ਨੂੰ ਦ੍ਰਿਸ਼ਟਮਾਨ ਕੀਤਾ ਗਿਆ ਹੈ।

**'ਗੱਲਾਂ ਦਿਨ ਰਾਤ ਦੀਆਂ' (1966) :** 'ਗੱਲਾਂ ਦਿਨ ਰਾਤ ਦੀਆਂ' ਨਾਵਲ ਸ਼ਹਿਰੀ ਮੱਧ ਸ਼੍ਰੇਣੀ ਦੀ ਦੁਬਿਧਾ ਗ੍ਰਸਤ ਮਨੋ-ਸਥਿਤੀ ਨੂੰ ਪੇਸ਼ ਕਰਦਾ ਹੈ। ਇਸ ਨਾਵਲ ਵਿਚ ਆਰਥਿਕ ਕਾਣੀ ਵੰਡ ਬਾਰੇ ਵੀ ਜ਼ਿਕਰ ਮਿਲਦਾ ਹੈ। ਇਸੇ ਪ੍ਰਕਾਰ 'ਰਾਹੇ ਕੁਰਾਹੇ' (1981) : ਇਹ ਪੇਂਡੂ ਪਿੱਠ-ਭੂਮੀ ਨਾਲ ਸੰਬੰਧਿਤ ਨਾਵਲ ਹੈ ਜਿਸ ਵਿਚ ਮਜ਼ਦੂਰ, ਕਿਸਾਨਾਂ ਦੇ ਸਮਾਜਿਕ, ਸਭਿਆਚਾਰਕ, ਰਾਜਨੀਤਿਕ ਅਤੇ ਆਰਥਿਕ ਪਿਛੋਕੜ ਨੂੰ ਮੁੱਖ ਰੱਖ ਕੇ ਉਨ੍ਹਾਂ ਦੀਆਂ ਸਮਾਜੀ ਜ਼ਿੰਦਗੀ ਨਾਲ ਸੰਬੰਧਿਤ ਸਮੱਸਿਆਵਾਂ ਬਾਰੇ ਚਰਚਾ ਕੀਤੀ ਹੈ। ਪੇਂਡੂ ਮਜ਼ਦੂਰਾਂ ਦੀ ਆਰਥਿਕ ਦਸ਼ਾ ਵੀ ਇਸ ਨਾਵਲ ਦਾ ਅੰਗ ਬਣਦੀ ਹੈ। ਇਸ ਤੋਂ ਇਲਾਵਾ ਇਸ ਨਾਵਲ ਵਿਚ ਨਕਸਲਬਾੜੀ ਲਹਿਰ ਬਾਰੇ ਵੇਰਵੇ ਮਿਲਦੇ ਹਨ।

**'ਰਾਤਾਂ ਹੋਈਆਂ ਵੱਡੀਆਂ'(1983) :** 'ਰਾਤਾਂ ਹੋਈਆਂ ਵੱਡੀਆਂ' ਸੁਰਿੰਦਰ ਸਿੰਘ ਨਰੂਲਾ ਦਾ ਅੰਮ੍ਰਿਤਸਰ ਸੰਬੰਧੀ ਲਿਖਿਆ ਪੰਜਵਾਂ ਨਾਵਲ ਹੈ। ਆਪਣੇ ਪੂਰਵਲੇ ਨਾਵਲਾਂ 'ਪਿਉ ਪੁੱਤਰ', ਰੰਗ ਮਹੱਲ', 'ਜਗਬੀਤੀ', ਤੇ 'ਸਿਲ ਅਲੂਣੀ' ਵਾਂਗ ਇਹ ਅੰਮ੍ਰਿਤਸਰ ਦੀ ਸਮਾਜਿਕ ਅਤੇ ਸਭਿਆਚਾਰਕ ਜੀਵਨ ਦੀ ਨਿਰੰਤਰ ਗਤੀ ਨੂੰ ਰੂਪਮਾਨ ਨਹੀਂ ਕਰਦਾ ਸਗੋਂ ਬਰਤਾਨਵੀਂ ਸਾਮਰਾਜ ਦੀਆਂ ਜ਼ਾਲਮ ਅਤੇ ਲੋਕ ਵਿਰੋਧੀ ਨੀਤੀਆਂ ਨੂੰ ਉਘਾੜਦਾ ਹੈ। ਕੌਮੀ ਮੁਕਤੀ ਅੰਦੋਲਨ ਵਿਚਲੀ ਜਲ੍ਹਿਆਂ ਵਾਲੇ ਬਾਗ ਦੀ ਇਸ ਦੁਖਾਂਤਕ ਘਟਨਾ ਨੂੰ ਸੁਰਿੰਦਰ ਸਿੰਘ ਨਰੂਲਾ ਨੇ ਆਪਣੀ ਕਲਾਤਮਕ ਵਿਧੀ ਰਾਹੀਂ ਪੇਸ਼ ਕੀਤਾ ਹੈ। ਸੁਰਿੰਦਰ ਸਿੰਘ ਨਰੂਲਾ ਦੇ ਇਸ ਨਾਵਲ ਦਾ ਨਾ ਕੋਈ ਪਾਤਰ ਹੈ, ਅਤੇ ਨਾ ਕੋਈ ਨਾਇਕਾ ਅਤੇ ਨਾ ਹੀ ਕੋਈ ਬੱਝਵੀਂ ਕਹਾਣੀ ਤੇ ਪਲਾਟ। ਕਈ ਪਾਤਰ ਸਾਹਮਣੇ ਆਉਂਦੇ ਹਨ ਅਤੇ ਆਪਣੀਆਂ ਭਾਵਨਾਵਾਂ ਪ੍ਰਗਟਾਅ ਕੇ ਅਲੋਪ ਹੋ ਜਾਂਦੇ ਹਨ।

ਨਰੂਲਾ ਆਪਣੇ ਦੂਸਰੇ ਨਾਵਲ 'ਲੋਕ-ਦੁਸ਼ਮਣ' (1952) ਦਾ ਵਿਸ਼ਾ-ਵਸਤੂ ਸਭਿਆਚਾਰੀਕਰਨ ਦੀ ਪ੍ਰਕਿਰਿਆ ਕਾਰਨ ਕਿਸਾਨੀ ਵਿਚ ਆ ਰਹੀ ਚੇਤਨਾ ਨੂੰ ਵਿਸ਼ਾ ਬਣਾਉਂਦਾ ਹੈ। ਨਾਵਲ ਵਿਚ ਬਿਸਵੇਦਾਰ ਗੋਪਾਲ ਸਿੰਘ ਅਤੇ ਮੁਜ਼ਰ੍ਹਾ ਕਿਸਾਨਾਂ ਦੀ ਟੱਕਰ ਨੂੰ ਪ੍ਰਸਤੁਤ ਕੀਤਾ ਗਿਆ ਹੈ।

**'ਨੀਲੀ ਬਾਰ' (1952) :** ਸੁਰਿੰਦਰ ਸਿੰਘ ਨਰੂਲਾ ਦਾ ਇਹ ਨਾਵਲ ਅੰਗਰੇਜ਼ਾਂ ਦੁਆਰਾ ਅਣ-ਉਪਜਾਊ ਬਾਉਣ ਲਈ ਵਿਛਾਈਆਂ ਗਈਆਂ ਨਹਿਰਾਂ ਆਦਿ ਦਾ ਵਰਣਨ ਪੇਸ਼ ਕਰਦਾ ਹੈ। ਇਹਨਾਂ ਨਹਿਰੀ ਆਬਾਦੀਆਂ ਦੇ ਹੋਂਦ ਵਿਚ ਆਉਣ ਨਾਲ ਸਮਾਜਿਕ ਜ਼ਿੰਦਗੀ ਵਿਚ ਮਹੱਤਵਪੂਰਨ ਤਬਦੀਲੀਆਂ ਆਈਆਂ। ਇੰਨ੍ਹਾਂ ਤਬਦੀਲੀਆਂ ਦੌਰਾਨ ਬਦਲਦੇ ਮਨੁੱਖੀ ਦ੍ਰਿਸ਼ਟੀਕੋਣਾਂ ਨੂੰ ਇਹ ਨਾਵਲ ਕਲਾਤਮਕ ਰੂਪ ਵਿਚ ਪੇਸ਼ ਕਰਦਾ ਹੈ। 'ਨੀਲੀ ਬਾਰ' ਨਾਵਲ ਤਿੰਨ ਸਿਰਲੇਖਾਂ ਅਧੀਨ ਪ੍ਰਕਾਸ਼ਿਤ ਹੋਇਆ ਹੈ।

ੳ) ਨੀਲੀ ਬਾਰ

ਅ) ਆਪਣੇ ਪਰਾਏ

ੲ) ਧਰਤੀ ਲੋਕਾਂ ਦੀ

ਸੁਰਿੰਦਰ ਸਿੰਘ ਨਰੂਲਾ ਨੇ ਆਪਣੇ ਨਾਵਲ 'ਨੀਲੀ ਬਾਰ' (1952) ਵਿਚ ਤਬਦੀਲੀ ਦੀ ਅਵਸਥਾ ਨੂੰ ਬਾਖ਼ੂਬੀ ਨਾਲ ਪ੍ਰਸਤੁਤ ਕਰਕੇ ਬਾਰ ਦੇ ਕਿਸਾਨਾਂ ਦੀ (ਮਲਕਾਂ, ਸੱਯਦਾਂ ਅਤੇ ਕੁਰੈਸ਼ੀਆਂ) ਟੱਪਰੀਵਾਸਾਂ ਨਾਂਲ ਟੱਕਰ ਨੂੰ ਰੂਪਮਾਨ ਕੀਤਾ ਹੈ। ਨਰੂਲਾ ਨੇ 'ਪਿਉ ਪੁੱਤਰ' ਨਾਵਲ ਸਵੈਜੀਵਨਕ ਢੰਗ ਨਾਲ ਲਿਖਿਆ ਹੈ। ਲੇਖਕ ਇਹ ਗੱਲ ਮੰਨਦਾ ਹੈ ਕਿ 'ਪਿਉ ਪੁੱਤਰ' ਨਾਵਲ ਵਿਚ ਆਇਆ ਮੁੱਖ ਪਾਤਰ ਹੀਰਾ ਹੀ ਉਸ ਦਾ ਪਿਉ ਹੈ। ਇਸ ਨਾਵਲ ਦੀ ਸਮੱਗਰੀ ਉਸਨੇ ਆਪਣੇ ਪਿਤਾ ਤੋਂ ਪ੍ਰਾਪਤ ਕੀਤੀ।

**'ਰੰਗ ਮਹੱਲ' (1950) :** 'ਰੰਗ ਮਹੱਲ' ਸਾਮਰਾਜ ਅਧੀਨ ਵਿਕਸਿਤ ਹੋ ਰਹੀ ਮੱਧ ਸ਼੍ਰੇਣੀ ਦੇ ਜੀਵਨ ਨਾਲ ਸੰਬੰਧਿਤ ਹੈ। ਇਹ ਮੱਧ ਸ਼੍ਰੇਣੀ ਅਸੁਤੰਤਰ ਰੂਪ ਵਿਚ ਵਿਕਸਿਤ ਹੋਣ ਕਾਰਨ ਪੂਰਨ ਰੂਪ ਵਿਚ ਪੱਛਮੀ ਜੀਵਨ ਕਦਰਾਂ ਨੂੰ ਆਪਣੇ ਦ੍ਰਿਸ਼ਟੀਕੋਣ

ਦਾ ਅੰਗ ਨਹੀਂ ਬਣਾ ਸਕੀ ਅਤੇ ਨਾ ਹੀ ਇਹ ਆਪਣੇ ਪੂਰਵਲੇ ਸੰਸਕਾਰਾਂ, ਰੀਤੀ ਰਿਵਾਜ਼ਾਂ ਤੋਂ ਪੂਰਨ ਭਾਂਤ ਨਿਖੜ ਸਕੀ ਹੈ ਪਰ ਇਹ ਸ਼੍ਰੇਣੀ ਅੰਗਰੇਜ਼ੀ ਸੱਭਿਆਚਾਰ ਅਤੇ ਜੀਵਨ ਦਰਸ਼ਨ ਪ੍ਰਤੀ ਅੰਨੀ ਸ਼ਰਧਾ ਜ਼ਰੂਰ ਰੱਖਦੀ ਹੈ। ਇਹ ਨਾਵਲ ਵਿਕਸਿਤ ਹੋ ਰਹੀ ਮੱਧ-ਸ਼੍ਰੇਣੀ ਦੇ ਪੱਛਮੀ ਜੀਵਨ ਕੀਮਤਾਂ ਪ੍ਰਤਿ ਅੰਨ੍ਹੀ ਸ਼ਰਧਾ ਅਤੇ ਭਾਰਤੀ ਰਵਾਇਤਾਂ ਦੇ ਦਵੰਦ ਦੇ ਸ਼ਿਕਾਰ ਪਾਤਰਾਂ ਦੀ ਮਾਨਸਿਕਤਾ ਨੂੰ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ 'ਜਗਰਾਤਾ' (1950) : 'ਜਗਰਾਤਾ' ਮਜ਼ਦੂਰਾਂ ਦੀ ਸਮਾਜਿਕ ਜ਼ਿੰਦਗੀ ਨਾਲ ਸੰਬੰਧਿਤ ਨਾਵਲ ਹੈ।

**'ਦੀਨ ਤੇ ਦੁਨੀਆਂ' (1951) :** ਇਸ ਵਿਚ ਮੱਧ ਸ਼੍ਰੇਣਿਕ ਪਰੰਪਰਾ ਦੇ ਵੱਖਰੇ-ਵੱਖਰੇ ਜੀਵਨ ਜਿਉਣ ਦੇ ਢੰਗਾਂ ਨੂੰ ਚਿਤਰਿਆ ਗਿਆ ਹੈ। ਸੁਰਿੰਦਰ ਸਿੰਘ ਨਰੂਲਾ ਨੇ ਮਜ਼ਦੂਰਾਂ ਦੀ ਜ਼ਿੰਦਗੀ ਅਤੇ ਸਰਮਾਏਦਾਰਾਂ ਦੀਆਂ ਮਜ਼ਦੂਰ ਵਿਰੋਧੀ ਚਾਲਾਂ ਦਾ ਇਸ ਨਾਵਲ ਵਿਚ ਯਥਾਰਥਕ ਪੱਧਰ ਤੇ ਵਰਣਨ ਕੀਤਾ ਹੈ। ਇਹ ਨਾਵਲ ਰਾਸ਼ਟਰੀ ਸੇਵਕ ਸੰਘ (ਰ.ਸ.ਸ) ਮੁਸਲਿਮ ਲੀਗ ਅਤੇ ਨੈਸ਼ਨਲ ਮੁਸਲਿਮ ਗਾਰਡ ਆਦਿ ਜਥੇਬੰਦੀਆਂ ਦੀ ਫਿਰਕੂ ਨੀਤੀ ਨੂੰ ਬੜੀ ਯਥਾਰਥਕ ਪੱਧਰ ਤੇ ਚਿਤਰਦਾ ਹੈ। ਨਾਵਲ ਦੇ ਅੰਤ ਵਿਚ ਸੁਰਿੰਦਰ ਸਿੰਘ ਨਰੂਲਾ ਨੇ ਹਿੰਦੂ ਤੇ ਮੁਸਲਿਮ ਜੋਨਾਂ ਨੂੰ ਪਾਰ ਕਰਦਾ ਇੱਕ ਬੱਚਾ ਦਿਖਾਇਆ ਹੈ ਜੋ ਉਸ ਅਨੁਸਾਰ ਆਉਣ ਵਾਲੀ ਪੀੜ੍ਹੀ ਦਾ ਪ੍ਰਤੀਕ ਹੈ ਜਿਹੜੀ ਇਨ੍ਹਾਂ ਹਿੰਦੂ ਮੁਸਲਿਮ ਵਖਰੇਵਿਆਂ ਨੂੰ ਮਿਟਾ ਦੇਵੇਗੀ।

### ਨਰਿੰਦਰਪਾਲ ਸਿੰਘ

ਕਰਨਲ ਨਰਿੰਦਰਪਾਲ ਸਿੰਘ ਇਕ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਸਾਹਿਤਕਾਰ ਹੈ। ਪੰਜਾਬੀ ਨਾਵਲ ਦੇ ਖੇਤਰ ਵਿਚ ਨਰਿੰਦਰਪਾਲ ਸਿੰਘ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਇਸਦਾ ਇਕੋ-ਇਕ ਕਾਰਣ ਉਸਦੀ ਨਿਰੰਤਰ ਕਲਾ-ਸਾਧਨਾਂ ਹੈ। ਹੁਣ ਤਕ ਉਹ 'ਮਲਾਹ', 'ਸੈਨਾਪਤੀ', 'ਉਨਤਾਲੀ ਵਰ੍ਹੇ', 'ਸ਼ਕਤੀ', 'ਤ੍ਰੀਆ ਜਾਲ', 'ਇਕ ਰਾਹ ਇਕ ਪੜਾਅ', 'ਅਮਨ ਦੇ ਰਾਹ', 'ਇਕ ਸਰਕਾਰ ਬਾਝੋਂ', 'ਏਤਿ ਮਾਰਗ ਜਾਣਾ', 'ਖੰਨਿਓਂ ਤਿੱਖੀ' ਵਾਲਹੁ ਨਿੱਕੀ', 'ਪੁੰਨਿਆਂ ਕਿ ਮੱਸਿਆ', 'ਚਾਣਨ ਖੜ੍ਹਾ ਕਿਨਾਰੇ', 'ਟਾਪੂ' ਅਤੇ ਵਿਕੇਂਦ੍ਰਿਤ' ਆਦਿ ਪੰਦਰਾਂ ਨਾਵਲ ਪੰਜਾਬੀ ਗਲਪ-ਸਾਹਿਤ ਨੂੰ ਪ੍ਰਦਾਨ ਕਰ ਚੁੱਕਾ ਹੈ। ਇਨ੍ਹਾਂ ਵਿਚੋਂ ਵਧੇਰੇ ਉਸਦੇ ਇਤਿਹਾਸਕ ਨਾਵਲਾਂ ਨੂੰ ਹੀ ਪ੍ਰਾਪਤ ਹੈ। ਉਸਦੇ ਨਾਵਲਾਂ ਦਾ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਅਨੁਵਾਦ ਹੋਇਆ ਹੈ। ਨਰਿੰਦਰਪਾਲ ਸਿੰਘ ਨੂੰ ਇਕ ਨਾਵਲਕਾਰ ਦੇ ਤੌਰ 'ਤੇ ਵਿਸ਼ੇਸ਼ ਚਰਚਾ ਤੇ ਵਾਦ-ਵਿਵਾਦ ਦਾ ਵਿਸ਼ਾ ਬਣਾਉਣ ਵਾਲਾ ਉਸਦਾ ਬਹੁਚਰਚਿਤ ਨਾਵਲ 'ਬਾ ਮੁਲਾਹਜ਼ਾ ਹੋਸ਼ਿਆਰ' ਹੈ। ਅਸਲ ਵਿਚ ਇਹ ਨਾਵਲ ਉਸਦੀ ਸ਼ਾਹਕਾਰ ਰਚਨਾ ਕਹੀ ਜਾ ਸਕਦੀ ਹੈ। ਇਸੇ ਨਾਵਲ ਦੇ ਆਧਾਰ ਤੇ ਉਸਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ। ਸ਼ਿਲਪ ਦੀ ਦ੍ਰਿਸ਼ਟੀ ਤੋਂ ਨਵੇਂ ਪ੍ਰਯੋਗ ਕਰਨ ਵਲ ਉਸਦੀ ਵਿਸ਼ੇਸ਼ ਰੁਚੀ ਰਹੀ ਹੈ। 'ਪੁੰਨਿਆ ਕਿ ਮੱਸਿਆ' ਨਾਵਲ ਵਿਚ ਅੰਤਰਬੋਧ ਧਾਰਾ ਦੀ ਵੰਨਗੀ ਦਾ ਸਫ਼ਲ ਪ੍ਰਯੋਗ ਹੋਇਆ ਹੈ। ਲੇਖਕ ਦੇ ਆਪਣੇ ਸ਼ਬਦਾਂ ਵਿਚ 'ਟਾਪੂ' ਨਾਵਲ ਪੰਜਾਬੀ ਅਨਾਵਲ ਸ਼ੈਲੀ ਦੀ ਪ੍ਰਥਮ

ਰਚਨਾ ਹੈ। ਨਰਿੰਦਰਪਾਲ ਸਿੰਘ ਨੇ 'ਟਾਪੂ' ਨਾਵਲ ਵਿਚ ਮਨੁੱਖ ਨੂੰ ਗਹਿਰ-ਗੰਭੀਰ ਟਾਪੂ ਦੇ ਰੂਪ ਵਿਚ ਪੇਸ਼ ਤਾਂ ਕੀਤਾ ਹੈ ਅਤੇ ਇਹ ਵੀ ਸਿੱਧ ਕੀਤਾ ਹੈ ਕਿ ਅੰਤਰ ਦਾ ਨੰਗੇਜ ਨਿੱਜੀ ਹੈ ਤੇ ਬਾਹਰਲਾ ਸੱਚ ਭਰਮ ਹੈ। ਪਰ ਅਨਾਵਲ ਰੂਪ ਵਿਚ ਇਸ ਨਾਵਲ ਦੀ ਕਥਾ-ਵਸਤੂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਨਾਕਾਮ ਹੋ ਜਾਣ ਕਾਰਣ ਜਿਥੇ ਰੂਪ-ਵਿਧਾਨ ਦੀ ਦ੍ਰਿਸ਼ਟੀ ਤੋਂ ਇਸ ਨਾਵਲ ਦਾ ਸੰਰਚਨਾ ਪ੍ਰਬੰਧ ਅਵਿਵਸਥਿਤ ਰੂਪ ਵਿਚ ਪ੍ਰਸਤੁਤ ਹੋਇਆ ਹੈ, ਉਥੇ ਰਚਨਾ ਦੇ ਸੁਹਜਾਤਮਕ ਮਨੋਰਥ ਨੂੰ ਵੀ ਜ਼ੋਹਫ਼ ਪਹੁੰਚਿਆ ਹੈ। ਨਰਿੰਦਰਪਾਲ ਸਿੰਘ ਦੀ ਨਾਵਲ ਕਲਾ ਦੇ ਖੇਤਰ ਵਿਚ ਪ੍ਰਾਪਤੀ ਦੇ ਸੰਦਰਭ ਵਿਚ 'ਟਾਪੂ' ਨਾਵਲ ਦਾ ਜ਼ਿਕਰ ਮੁਨਾਸਿਬ ਨਹੀਂ।

'ਇਕ ਰਾਹ ਇਕ ਪੜਾ' ਤੇ 'ਅਮਨ ਦੇ ਰਾਹ' ਲੇਖਕ ਦੇ ਮਾਨਸਿਕ ਤੇ ਬੌਧਿਕ ਵਿਕਾਸ ਦਾ ਅਗਲਾ ਪੜ੍ਹਾ ਹਨ। 'ਇਕ ਲੇਖਕ ਨੇ, ਪੜ੍ਹੇ ਲਿਖੇ ਨੌਜਵਾਨਾਂ ਨੂੰ ਪੇਸ਼ ਆਉਂਦੀਆਂ ਉਨ੍ਹਾਂ ਸਮਾਜਕ ਤੇ ਆਰਥਕ ਚਣੌਤੀਆਂ ਦਾ ਮਨੋ-ਵਿਗਿਆਨਕ ਢੰਗ ਨਾਲ 'ਕਾਲ-ਅਕਾਲ' ਨਰਿੰਦਰਪਾਲ ਸਿੰਘ ਦਾ 1983 ਵਿਚ ਪ੍ਰਕਾਸ਼ਿਤ ਹੋਇਆ ਨਾਵਲ ਹੈ। ਇਸ ਤੋਂ ਪਹਿਲਾਂ ਉਹ ਲਗਭਗ ਵੀਹ ਨਾਵਲ ਪ੍ਰਕਾਸ਼ਿਤ ਕਰ ਚੁੱਕਾ ਸੀ। ਉਸਦੇ ਨਾਵਲਾਂ ਵਿਚ ਥੀਮ ਅਤੇ ਵਿਧੀ ਦੀ ਦ੍ਰਿਸ਼ਟੀ ਤੋਂ ਇਕ-ਦੂਜੇ ਤੋਂ ਕਾਫ਼ੀ ਵਿਲੱਖਣਤਾ ਹੈ। ਉਸਨੇ ਇਸ ਨਾਵਲ ਤੋਂ ਪਹਿਲਾਂ ਸਮਾਜਕ, ਇਤਿਹਾਸਕ ਅਤੇ ਆਧੁਨਿਕ ਪ੍ਰਯੋਗਸ਼ੀਲ ਨਾਵਲਾਂ ਤੋਂ ਰਚਨਾ ਕੀਤੀ ਸੀ। ਖ਼ਾਸ ਤੌਰ 'ਤੇ ਉਸਦੇ ਨਵੀਂ ਵਿਧੀ ਦੇ ਨਾਵਲਾਂ ਵਿਚ ਟਾਪੂ, ਵਿਕੇਂਦਰਿਤ, ਬਾ-ਮੁਲਾਹਜ਼ਾ ਹੋਸ਼ਿਆਰ, ਸੂਤਰਧਾਰ ਅਤੇ ਗਗਨ ਗੰਗਾ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਕਰਨਲ ਨਰਿੰਦਰਪਾਲ ਸਿੰਘ ਦੇ ਨਾਵਲ 'ਕਾਲ-ਅਕਾਲ' ਤੋਂ ਹੀ ਸਪਸ਼ਟ ਹੈ ਕਿ ਇਸ ਨਾਵਲ ਵਿਚ ਕੋਈ ਅਜਿਹੀ ਕਹਾਣੀ ਹੈ ਜਿਸ ਵਿਚ ਕਾਲ-ਅਕਾਲ ਦੇ ਰਹੱਸ ਨੂੰ ਤਲਾਸ਼ਣ ਦਾ ਯਤਨ ਕੀਤਾ ਗਿਆ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਜਿਸ ਕੇਂਦਰੀ ਰਹੱਸ ਨੂੰ ਉਜਾਗਰ ਕਰਨਾ ਚਾਹਿਆ ਹੈ ਉਸਦੇ ਘਟਨਾ-ਸਥਲ ਦਾ ਅਧਿਐਨ ਕਰਨ ਤੋਂ ਪਹਿਲਾਂ ਨਾਵਲਕਾਰ ਦੀਆਂ ਉਹ ਸਤਰਾਂ ਧਿਆਨਯੋਗ ਹਨ ਜੋ ਇਸ ਦ੍ਰਿਸ਼ਟੀ ਤੋਂ ਕੇਂਦਰੀ ਕਹੀਆਂ ਜਾ ਸਕਦੀਆਂ ਹਨ। ਨਾਵਲਕਾਰ ਨੇ ਹੋਣੀ-ਅਣਹੋਣੀ, ਨਿਸ਼ਚਤਾ-ਅਨਿਸ਼ਚਤਾ, ਕਾਲ-ਅਕਾਲ ਨੂੰ ਇਉਂ ਇਸ ਨਾਵਲ ਦਾ ਕੇਂਦਰੀ ਥੀਮ ਵੀ ਬਣਾਇਆ ਹੈ ਤੇ ਇਸਨੂੰ ਇਕ ਵਿਧੀ ਵੀ। ਇਹ ਕਹਾਣੀ ਇੰਨੀ ਸਰਲ ਜਾਪਣ ਦੇ ਬਾਵਜੂਦ ਇੰਨੀ ਸਰਲ ਨਹੀਂ। ਸਗੋਂ ਜਟਿਲ ਹੈ। ਕਿਉਂਕਿ ਨਾਵਲਕਾਰ ਨਾਲੋ-ਨਾਲ ਇਤਿਹਾਸ ਨੂੰ ਵੀ ਉਸਾਰਦਾ ਹੈ, ਉਸ ਨਾਲ ਜੁੜੇ ਹੋਏ ਵਿਰੋਧਾਂ ਨੂੰ ਵੀ ਤੇ ਉਸ ਨਾਲ ਜੁੜੇ ਹੋਏ ਮਨੁੱਖੀ ਵਿਅਕਤਿਤਵ ਨੂੰ ਵੀ।

'ਸਿਰ ਦੀਜੈ ਕਾਣਿ ਨਾ ਕੀਜੈ' ਸਿੱਖ-ਇਤਿਹਾਸ ਨੂੰ ਗਲਪ-ਬਿੰਬ ਵਿਚ ਪ੍ਰਸਤੁਤ ਕਰਨ ਵਾਲਾ ਇਤਿਹਾਸਕ ਨਾਵਲ ਹੈ। ਕਰਨਲ ਨਰਿੰਦਰਪਾਲ ਸਿੰਘ ਇਤਿਹਾਸਕ ਤੱਥਾਂ ਦੀ ਨਿਰੰਤਰਤਾ ਨੂੰ ਬਿਰਤਾਂਤਕ ਨਿਰੰਤਰਤਾ ਵਿਚ ਢਾਲ ਕੇ ਇਤਿਹਾਸਕ ਨਾਵਲਕਾਰ ਇਤਿਹਾਸਕ-ਬੋਧ ਸਿਰਜਦਾ ਹੈ। ਉਸ ਦੀ ਰਚਨਾਤਮਕ ਸ਼ਕਤੀ ਇਸ ਗੱਲ ਵਿਚ ਹੈ

ਕਿ ਉਹ ਇਕੋ ਵੇਲੇ ਇਕ ਦੂਜੇ ਦੇ ਪੂਰਕ ਦੋ ਸੰਸਾਰ ਸਿਰਜਦਾ ਹੈ। ਇਕ ਸੰਸਾਰ ਤੱਥਾਂ ਦਾ ਹੈ ਅਤੇ ਦੂਜਾ ਸੰਸਾਰ ਇਸ ਤੱਥਾਂ ਦੇ ਪ੍ਰਤਿਕਰਮ ਸਾਧਾਰਨ ਜਨ-ਜੀਵਨ ਵਿਚ ਪੈਦਾ ਹੁੰਦੇ ਹਨ, ਉਨ੍ਹਾਂ ਨੂੰ ਉਹ ਗਲਪ-ਵਿਧੀ ਰਾਹੀਂ ਚਿਤਰਦਾ ਹੈ। ਇਹ ਨਾਵਲ ਇਤਿਹਾਸ ਦੇ ਇਕ ਲੰਮੇ ਕਾਲ ਖੰਡ ਵਿਚ ਫੈਲਿਆ ਹੋਇਆ ਹੈ। ਇਹ ਕਾਲ ਖੰਡ ਬਾਬਾ ਬੰਦਾ ਬਹਾਦਰ ਤੋਂ ਸ਼ੁਰੂ ਹੋ ਕੇ ਸਿੱਖ ਰਾਜ ਦੇ ਤਿੜਕ ਜਾਣ ਤਕ ਦਾ ਹੈ। ਇਹ ਨਾਵਲ ਜ਼ਿੰਦਗੀ ਦੀ ਤੋਰ, ਲੋਕਾਂ ਦੇ ਕਰਮ/ਪ੍ਰਤੀਕਰਮ, ਖ਼ੁਸ਼ੀਆਂ ਪ੍ਰਾਪਤੀਆਂ ਦੀ ਝਲਕ ਨਾਵਲ ਦੇ ਅਰਥਾਂ ਨੂੰ ਵਿਸਥਾਰ ਦੇਣ ਵਾਲੀ ਹੈ।

'ਤ੍ਰੀਆ' ਨਾਵਲ ਨਰਿੰਦਰਪਾਲ ਸਿੰਘ ਦੇ ਅਰੰਭਕ ਪੜਾਅ ਦੇ ਨਾਵਲਾਂ ਵਿਚੋਂ ਚੰਗੇਰਾ ਨਾਵਲ ਕਿਹਾ ਜਾ ਸਕਦਾ ਹੈ। ਕਿਉਂਕਿ ਇਹ ਨਾਵਲ ਰੂਪ-ਸਿੱਧੀ ਅਤੇ ਗਲਪ-ਵਿਧੀ ਦੀ ਦ੍ਰਿਸ਼ਟੀ ਤੋਂ ਨਾਨਕ-ਸਿੰਘੀ ਮਰਿਆਦਾ ਦੀ ਰਾਮਕਾਰ ਨੂੰ ਨਹੀਂ ਉਲੰਘਦਾ। ਇਸ ਨਾਵਲ ਦੇ ਗਲਪ-ਤਰਕ ਦਾ ਇਕ ਮੂਲ ਪੱਖ ਨੀਵੀਂ ਮਧ-ਸ਼੍ਰੇਣੀ ਦੇ ਦੱਬੇ-ਘੁੱਟੇ ਇਸਤਰੀ ਸਮਾਜ ਦਾ ਚਿਤਰਣ ਹੈ। ਇਹ ਸਮਾਜ ਭਾਈਚਾਰਕ ਤੌਰ 'ਤੇ ਉਚੇਰੀ-ਸ਼੍ਰੇਣੀ ਦੇ ਨੇੜੇ ਤੇੜੇ ਰਹਿਣ ਲਈ ਮਜ਼ਬੂਰ ਹੈ। ਇਸ ਦੀ ਪ੍ਰਸਥਿਤੀ ਦਾ ਇਹ ਵਿਰੋਧਾਭਾਸ ਇਕ ਪਾਸੇ ਪਾਖੰਡ ਨੂੰ ਜਨਮ ਦਿੰਦਾ ਹੈ ਤੇ ਦੂਜੇ ਪਾਸੇ ਖੋਹ-ਖਿਝ, ਦਮਨ, ਘੁਟਣ ਤੇ ਵਿਸ਼ਾਦ ਨੂੰ। ਇਸ ਨਾਵਲ ਦੀ ਕੋਈ ਵੀ ਇਸਤਰੀ ਭਾਵੇਂ ਉਹ ਮੱਧ ਸ਼੍ਰੇਣੀ ਨਾਲ ਸੰਬੰਧਿਤ ਹੈ ਤੇ ਭਾਵੇਂ ਉੱਚੀ ਮੱਧ-ਸ਼੍ਰੇਣੀ ਨਾਲ, ਉਹ ਮੱਧ-ਸ਼੍ਰੇਣੀ ਦੀ ਆਚਾਰ ਪ੍ਰਣਾਲੀ ਨੂੰ ਨਹੀਂ ਉਲੰਘਦੀ।

'ਖੰਨਿਓਂ ਤਿੱਖੀ', 'ਵਾਲਹੁ ਨਿੱਕੀ', 'ਏਤਿ ਮਾਰਗ ਜਾਣਾ' ਇਕ ਤੁਕ ਦੇ ਤਿੰਨ ਤੁਕਾਂਗ ਹਨ ਜਿਨ੍ਹਾਂ ਰਾਹੀਂ ਸਿੱਖੀ ਦਾ ਸੰਕਲਪ ਭਲੀ ਭਾਂਤ ਪ੍ਰਗਟ ਹੁੰਦਾ ਹੈ। ਸਿੱਖੀ ਦਾ ਪੰਧ ਬਿਖੜਾ ਅਤੇ ਔਕੜਾਂ ਭਰਿਆ ਹੈ। ਇਸ ਰਾਹ ਤੇ ਚਲਣਾ ਅਤਿ ਕਠਿਨ ਹੈ। ਗਲਪਕਾਰ ਨੇ ਇਸ ਤ੍ਰੈ-ਲੜੀ ਵਿਚ ਸਿੱਖੀ ਦੇ ਉਸ ਬਿਖੜੇ ਰਾਹ ਦੀ ਤਸਵੀਰ ਪੇਸ਼ ਕਰਨ ਦਾ ਯਤਨ ਕੀਤਾ ਹੈ ਜਿਸ ਤੇ ਚਲਦਿਆਂ, ਸ਼ਹੀਦੀਆਂ ਪ੍ਰਾਪਤ ਕਰਦਿਆਂ, ਰਾਹ ਦੇ ਨੇਮ ਨਿਭਾਉਂਦਿਆਂ ਸਿੱਖਾਂ ਨੇ ਸਫ਼ਲਤਾ ਪ੍ਰਾਪਤ ਕੀਤੀ। ਇਸ ਲੜੀ ਦੇ ਪਹਿਲੇ ਨਾਵਲ 'ਖੰਨਿਓਂ ਤਿੱਖੀ' ਵਿਚ ਸਰਹਿੰਦ ਦੀ ਚੜ੍ਹਾਈ ਤੋਂ ਲੈ ਕੇ ਬੰਦਾ ਬਹਾਦਰ ਦੀ ਸ਼ਹੀਦੀ ਤਕ ਦਾ ਸਮਾਂ ਲਿਆ ਗਿਆ ਹੈ। ਇਸ ਵਿਚ ਬੰਦਾ ਬਹਾਦਰ ਦਾ ਗੁਰੂ ਗੋਬਿੰਦ ਸਿੰਘ ਜੀ ਦਾ ਮਿਸ਼ਨ ਪੂਰਾ ਕਰਨ ਲਈ ਪੰਜਾਬ ਆਉਣ, ਸਰਹਿੰਦ ਤੇ ਫ਼ਤਹ ਪ੍ਰਾਪਤ ਕਰਕੇ, ਸਿੱਖ ਰਾਜ ਦੀ ਸਥਾਪਤੀ ਕਰਨ, ਲੋਹਗੜ੍ਹ ਵਿਚ ਆਪਣਾ ਸਦਰ ਕਾਇਮ ਕਰਨ, ਲੋਹਗੜ੍ਹ ਛੱਡਣ ਪਿਛੋਂ ਪਹਾੜੀ ਇਲਾਕਿਆਂ ਵਿਚ ਰਹਿ ਕੇ ਸੰਘਰਸ਼ ਕਰਨ ਦਾ ਬਿਰਤਾਂਤ ਸ਼ਾਮਲ ਹੈ।

'ਵਾਲਹੁ ਨਿੱਕੀ' ਸਿੱਖ ਇਤਿਹਾਸ ਦੀ ਇਸ ਲੜੀ ਨੂੰ ਅੱਗੇ ਤੋਰਦਾ ਹੈ। ਇਸ ਵਿਚਲਾ ਬਿਰਤਾਂਤ ਬੰਦਾ ਸਿੰਘ ਦੀ ਸ਼ਹੀਦੀ ਤੋਂ ਪਿਛੋਂ ਦੇ ਸਮੇਂ ਨਾਲ ਸੰਬੰਧਿਤ ਹੈ। ਇਸ ਵਿਚ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹੱਲਿਆਂ ਦਾ ਅਤੇ ਸਿੱਖਾਂ ਦਾ 1765 ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੂੰ ਰੋਪੜ ਵਿਖੇ ਹਰਾ ਕੇ, ਲਾਹੌਰ

ਜਿੱਤ ਕੇ ਦੂਜੀ ਵਾਰ ਸਿੱਖ ਰਾਜ ਸਥਾਪਤ ਕਰਨ ਦਾ ਜ਼ਿਕਰ ਹੈ। ਇਸ ਰਚਨਾ ਵਿਚ ਮੀਰ ਮੰਨੂੰ ਦੇ ਸਿੱਖਾਂ ਤੇ ਕੀਤੇ ਜ਼ੁਲਮਾਂ ਦਾ ਚਿਤਰ ਵੀ ਪੇਸ਼ ਕੀਤਾ ਗਿਆ ਹੈ।

'ਏਤਿ ਮਾਰਗ ਜਾਣਾ' ਸਿੱਖ ਰਾਜ ਦੀ ਸਥਾਪਤੀ ਅਤੇ ਉਸਦੇ ਸਿਖ਼ਰ ਅਤੇ ਪਤਨ ਦੇ ਆਰੰਭ ਦਾ ਬਿਰਤਾਂਤ ਪੇਸ਼ ਕਰਦਾ ਹੈ। ਇਹ ਰਚਨਾ ਮਹਾਰਾਜਾ ਖੜਗ ਸਿੰਘ ਅਤੇ ਕੰਵਲ ਨੌਨਿਹਾਲ ਸਿੰਘ ਦੀ ਮੌਤ ਨਾਲ ਖ਼ਤਮ ਹੁੰਦੀ ਹੈ।

'ਇਕ ਸਰਕਾਰ ਬਾਝੋਂ' ਸਿੱਚ ਰਾਜ ਦੀ ਸਥਾਪਤੀ ਅਤੇ ਅੰਗਰੇਜ਼ਾਂ ਦੇ ਪੰਜਾਬ ਤੇ ਕਬਜਾ ਕਰਨ ਦੇ ਸਮੇਂ ਨਾਲ ਸੰਬੰਧਿਤ ਹੈ। ਇਸ ਵਿਚ ਗਲਪਕਾਰ ਨੇ ਦੱਸਿਆ ਹੈ ਕਿ ਕਿਵੇਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਸ਼ਾਨਦਾਰ ਸਿੱਖ ਰਾਜ ਖੇਰੂੰ-ਖੇਰੂੰ ਹੋ ਗਿਆ। ਗ਼ਦਾਰਾਂ ਅਤੇ ਸਵਾਰਥੀਆਂ ਨੇ ਸਿੱਖ ਰਾਜ ਨੂੰ ਅੰਗਰੇਜ਼ਾਂ ਕੋਲ ਵੇਚ ਦਿੱਤਾ। ਸ਼ਹਾਦਰ ਸਿੱਖ ਫ਼ੌਜ ਕਿਸੇ ਲਾਇਕ ਨੇਤਾ ਦੀ ਅਣਹੋਂਦ ਕਾਰਨ ਹਾਰ ਗਈ।

**ਜਸਵੰਤ ਸਿੰਘ ਕੰਵਲ**

ਜਸਵੰਤ ਸਿੰਘ ਕੰਵਲ ਨੂੰ ਨਾਨਕ ਸਿੰਘ ਦਾ ਵਾਰਿਸ ਕਿਹਾ ਜਾਂਦਾ ਹੈ ਅਤੇ ਇਹ ਹੈ ਵੀ ਸੱਚ। ਨਾਨਕ ਸਿੰਘ ਤੋਂ ਬਾਅਦ ਜੇ ਕਿਸੇ ਨਾਵਲਕਾਰ ਦੇ ਨਾਵਲ ਜ਼ਿਆਦਾ ਆਮ ਲੋਕਾਂ ਨੇ ਵੀ ਪੜ੍ਹੇ ਹਨ ਤਾਂ ਉਹ ਨਾਮ ਜਸਵੰਤ ਸਿੰਘ ਕੰਵਲ ਦਾ ਹੈ। ਸੇਖੋਂ ਤੋਂ ਬਾਅਦ ਜਸਵੰਤ ਸਿੰਘ ਕੰਵਲ ਨੇ ਸਮਾਜ ਵਿਚ ਪ੍ਰਚਲਿਤ ਵਿਭਿੰਨ ਲਹਿਰਾਂ ਅਤੇ ਪੜਾਵਾਂ ਨੂੰ ਆਪਣਾ ਵਿਸ਼ਾ ਬਣਾਉਂਦਿਆਂ ਹੋਇਆ ਆਮ ਲੋਕਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਆਪਣੀ ਨਾਵਲੀ ਰਚਨਾ ਆਰੰਭ ਕੀਤੀ। ਕੰਵਲ ਦੇ ਪਹਿਲੇ ਨਾਵਲਾਂ 'ਸੱਚ ਨੂੰ ਫ਼ਾਂਸੀ' ਤੋਂ ਲੈ ਕੇ ਅੱਜ ਤੱਕ ਦੀਆਂ ਾਵਲੀ ਰਚਨਾਵਾਂ ਨੂੰ ਵੇਖਿਆ ਜਾਵੇ ਤਾਂ ਉਸਦਾ ਰਚਨਾ ਕਾਲ ਅੱਧੀ ਸਦੀ ਨੂੰ ਪਾਰ ਕਰ ਜਾਂਦਾ ਹੈ। ਇਸੇ ਅਰਸੇ ਦਰਾਨ ਜਿੰਨੀਆਂ ਵੀ ਲਹਿਰਾਂ-ਉਗਮੀਆਂ ਅਤੇ ਬਿਨਸਦੀਆਂ ਰਹੀਆਂ ਉਸਦਾ ਕੋਈ ਨਾ ਕੋਈ ਨਾਵਲ ਇਹਨਾਂ ਲਹਿਰਾਂ ਦੀ ਪੇਸ਼ਕਾਰੀ ਕਿਸੇ ਨਾ ਕਿਸੇ ਦ੍ਰਿਸ਼ਟੀਕੋਣ ਤੋਂ ਜ਼ਰੂਰ ਕਰਦਾ ਹੈ। ਜਸਵੰਤ ਸਿੰਘ ਕੰਵਲ ਨੇ ਸੱਚ ਨੂੰ ਫਾਂਸੀ, ਪਾਲੀ, ਪੂਰਨਮਾਸ਼ੀ, ਜੇਰਾ, ਤੋਸ਼ਾਲੀ ਦੀ ਹੰਸੋ, ਤਾਰੀਖ਼ ਵੇਖਦੀ ਹੈ, ਰਾਤ ਬਾਕੀ ਹੈ, ਹਾਣੀ, ਰੂਪਧਾਰਾ, ਮਿਤਰ ਪਿਆਰੇ ਨੂੰ, ਬਰਫ਼ ਦੀ ਅੱਗ ਆਦਿ ਮਹੱਤਵਪੂਰਨ ਨਾਵਲ ਪੰਜਾਬੀ ਸਾਹਿਤ ਦੀ ਝੋਲੀ ਪਾਏ।

ਜਸਵੰਤ ਸਿੰਘ ਕੰਵਲ ਨੇ ਆਪਣੇ ਨਾਵਲ 'ਬਰਫ਼ ਦੀ ਅੱਗ' ਰਾਹੀਂ ਪੱਛਮੀ ਸਭਿਆਚਾਰ ਦੀ ਪੇਸ਼ਕਾਰੀ ਕੀਤੀ ਹੈ। ਇਹ ਨਾਵਲ ਵਿਚ ਬਿਰਤਾਂਤਕ ਪ੍ਰਸਥਿਤੀਆਂ ਸੁਭਾਵਿਕ ਵਿਕਾਸ ਕਰਨ ਦੀ ਥਾਂ ਨਾਵਲਕਾਰ ਦੀ ਇੱਛਾ ਅਨੁਸਾਰ ਵਿਕਾਸ ਕਰਦੀਆਂ ਹਨ। ਉਹ ਆਪਣੇ ਪਾਠਕਾਂ ਨੂੰ ਸ਼੍ਰੇਣੀ ਰਹਿਤ ਅਤੇ ਰਾਜ ਰਹਿਤ ਸੁਪਨਾ ਵਿਖਾਉਂਦਾ ਹੈ ਅਤੇ ਇਸ ਉਦੇਸ਼ ਦੀ ਪ੍ਰਾਪਤੀ ਲਈ ਉਚਿਤ ਮਾਰਗ ਵੀ ਦੱਸਦਾ ਹੈ। 'ਤੌਸ਼ਾਲੀ ਦੀ ਹੰਸੋ' ਨਾਵਲ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਹੈ ਅਤੇ ਇਹ ਕਲਿੰਗਾ ਦੇ ਯੁੱਧ ਵਿਚ ਰਾਜਾ ਅਸ਼ੋਕ ਦੁਆਰਾ ਕੀਤੀ ਕਤਲੋਗਾਰਦ ਰਾਹੀਂ ਉਸ ਤੇ ਅਮਾਨਵੀਂ ਚਿਹਰੇ ਨੂੰ ਰੂਪਮਾਨ ਕਰਦਾ ਹੈ। 'ਇਕ ਹੋਰ ਹੈਲਨ' ਰਾਹੀਂ ਉਹ ਇਕ ਲੜਕੀ ਦੀ ਸੱਚੀ ਕਹਾਣੀ ਰਾਹੀਂ ਪੱਛਮੀ ਸਭਿਆਚਾਰ ਅਤੇ ਸਮਾਜ ਵਿਚਲੀਆਂ ਸਮੱਸਿਆਵਾਂ ਨੂੰ

ਪੇਸ਼ ਕਰਦਾ ਹੈ। ਇਸ ਪ੍ਰਕਾਰ ਉਸਦੇ ਨਾਵਲਾਂ ਵਿਚ ਸਿਧਾਂਤ ਦਾ ਸਿੱਧਾ ਪ੍ਰਚਾਰ ਰਚਨਾ ਦੇ ਗਲਪੀ ਬਿੰਬ ਦੀ ਇਕਾਗਰਤਾ ਨੂੰ ਭੰਗ ਕਰਦਾ ਹੈ।

'ਸੱਚ ਨੂੰ ਫ਼ਾਂਸੀ' ਨਾਵਲ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰੀਤ ਫਲਸਫ਼ੇ 'ਤੇ ਆਧਰਿਤ ਹੈ। ਜਸਵੰਤ ਸਿੰਘ ਕੰਵਲ ਨੇ ਅਪ੍ਰਤੱਖ ਤੌਰ 'ਤੇ ਮਾਰਕਸੀ ਲਹਿਰਾਂ ਦਾ ਪੰਜਾਬ ਤੇ ਪ੍ਰਭਾਵ ਕਬੂਲਦਿਆਂ ਹੋਇਆਂ ਆਪਣੀਆਂ ਰਚਨਾਵਾਂ ਦੀ ਪ੍ਰਸਤੁਤੀ ਕੀਤੀ ਹੈ।

ਉਸਨੇ ਆਪਣੇ ਨਾਵਲਾਂ 'ਹਾਣ ਬਾਕੀ ਹੈ' ਅਤੇ 'ਤਾਰੀਖ਼ ਵੇਖਦੀ ਹੈ', ਵਿਚ ਉਸਨੇ ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਜਾਗੀਰਦਾਰੀ ਪ੍ਰਥਾ ਦੇ ਵਿਰੋਧ ਵਿਚ ਚੱਲੀ ਮੁਜ਼ਾਰ੍ਹਾ ਲਹਿਰ ਦੀ ਪ੍ਰਸਤੁਤੀ ਕੀਤੀ ਹੈ।

'ਲਹੂ ਦੀ ਲੋਅ' ਵਿਚ ਉਸਨੇ ਦੇਸ਼ ਦੇ ਕੁਝ ਹਿੱਸਿਆਂ ਵਿਚ 1966-67 ਵਿਚ ਉੱਠੀ ਨਕਸਲਬਾੜੀ ਲਹਿਰ ਦੀਆਂ ਪੰਜਾਬ ਵਿਚ ਸਰਗਰਮੀਆਂ ਤੇ ਕਾਰਵਾਈਆਂ ਨੂੰ ਚਿਤਰਿਆ ਹੈ। ਇਸਦੇ ਫਲਸਰੂਪ ਪੰਜਾਬ ਦੇ ਸਮਕਾਲੀ ਮਾਹਲ 'ਤੇ ਰਾਜਨੀਤਿਕ-ਸਮਾਜਿਕ ਜੀਵਨ ਦੇ ਗਹਿਰੇ ਪ੍ਰਭਾਵਾਂ ਦਾ ਪੈਣਾ ਇਸ ਕਾਲ ਦੀਆਂ ਪ੍ਰਮੁੱਖ ਘਟਨਾਵਾਂ ਹਨ।

ਕੰਵਲ ਦਾ ਨਾਵਲ 'ਐਨਿਆਂ ਵਿਚੋਂ ਉੱਠੋ ਕੋਈ ਸੂਰਮਾ' ਇਨਕਲਾਬੀ ਵਿਚਾਰਧਾਰਾ ਨਾਲ ਸੰਬੰਧਿਤ ਹੈ। ਇਸ ਨਾਵਲ ਦਾ ਮੁੱਖ ਪਾਤਰ ਸੰਤੋਖ ਸਿੰਘ ਨਕਸਲਵਾੜੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਸੰਘਰਸ਼ ਕਰਨ ਲਈ ਹਮੇਸ਼ਾ ਤਿਆਰ ਵਿਖਾਈ ਦਿੰਦਾ ਹੈ। ਇਸ ਤੋਂ ਇਲਾਵਾ ਕੰਵਲ ਆਪਣੇ ਨਾਵਲਾਂ ਵਿਚ ਪੰਜਾਬ ਦਾ ਗ੍ਰਾਮੀਣ ਸਭਿਆਚਾਰ ਰੂਪਾਂਤਰਣਕਾਰੀ ਦ੍ਰਿਸ਼ਟੀ ਤੋਂ ਪ੍ਰਸਤੁਤ ਕਰਦਾ ਹੈ। ਵਿਸ਼ੇਸ਼ ਤੌਰ 'ਤੇ ਮਾਲਵਾ ਆਂਚਲ ਨਾਲ ਸੰਬੰਧਿਤ ਅਨੇਕਾਂ ਸਭਿਆਚਾਰਕ ਵੇਰਵੇ ਕੰਵਲ ਦੇ ਨਾਵਲਾਂ ਦੀ ਪਹਿਚਾਣਯੋਗ ਪ੍ਰਾਪਤੀ ਮੰਨੇ ਗਏ ਹਨ।

### ਰਾਮ ਸਰੂਪ ਅਣਖੀ

ਰਾਮ ਸਰੂਪ ਅਣਖੀ ਪੰਜਾਬੀ ਦਾ ਸ਼ੁੱਧ ਆਂਚਲਿਕ ਨਾਵਲਕਾਰ ਹੈ। ਮਲਵਈ ਭਾਸ਼ਾ, ਮਲਵਈ ਪਾਤਰ ਅਤੇ ਮਲਵਈ ਮਾਹੌਲ ਮਿਲ ਕੇ ਉਸ ਨੂੰ ਸੰਪੂਰਨ ਨਾਵਲਕਾਰ ਵਜੋਂ ਸਥਾਪਿਤ ਕਰਦੇ ਹਨ। ਰਾਮ ਸਰੂਪ ਅਣਖੀ ਨੇ 70ਵੇਂ ਦਹਾਕਿਆਂ ਵਿਚ ਨਾਵਲਕਾਰੀ ਵਿਚ ਪੈਰ ਧਰਿਆ। ਰਾਮ ਸਰੂਪ ਅਣਖੀ ਦੀ ਲੋਕ ਚੇਤਨਾ ਵਿਚ ਉੱਸਰੇ ਅਮਲੀਆਂ, ਸਾਧਾਂ ਅਤੇ ਡਾਕੂਆਂ ਦੇ ਸੰਕਲਪਾਂ ਦਾ ਚਿਤਰਨ ਅਤੇ ਵਿਸ਼ਲੇਸ਼ਣ ਕਰਦਾ ਹੈ। ਲੋਕ ਪ੍ਰਤਿਨਿਧਤਾ ਦਾ ਆਡੰਬਰ ਰਚਣ ਵਾਲੇ ਲੋਕ ਸਮੂਹ ਦਾ ਰਾਜਨੀਤੀਕਰਨ ਅਣਖੀ ਦੇ ਨਾਵਲ 'ਦੁੱਲੇ ਦੀ ਢਾਬ' ਦੇ ਭਾਗ ਜੱਸੀ ਸਰਪੰਚ ਦਾ ਮੁੱਖ ਸੰਕਲਪ ਹੈ। ਇਸ ਤੋਂ ਬਿਨਾਂ ਦਹਿਸ਼ਤਵਾਦ ਦੀ ਆੜ ਵਿਚ ਆਪਣਾ ਉੱਲੂ ਸਿੱਧਾ ਕਰਨ ਵਾਲੀਆਂ ਰਾਜਸੀ ਏਜੰਸੀਆਂ ਤੇ ਤਿੱਖਾ ਕਟਾਖ਼ਸ਼ ਨਾਵਲ 'ਅੱਛਰਾ ਦਾਂਦੂ' ਦੀ ਹੋਣੀ ਵੀ ਹੈ ਤੇ ਤ੍ਰਾਸਦੀ ਵੀ। ਰਾਮ ਸਰੂਪ ਅਣਖੀ ਆਪਣੇ ਨਾਵਲ 'ਦੁੱਲੇ ਦੀ ਢਾਬ' ਵਿਚ ਬੁੱਧੀ ਅਤੇ ਸੰਘਰਸ਼ ਨੂੰ ਰੂਪਮਾਨ ਕਰਦਾ ਹੈ ਅਤੇ ਬਦਲਦਾ ਜੀਵਨ ਦ੍ਰਿਸ਼ਟੀਕੋਣ ਅਤੇ ਬਦਲਦੇ ਹੋਏ

ਮਾਨਵੀ ਸੰਬੰਧਾਂ ਦੀ ਸਾਮਰਤੱਖ ਤਸਵੀਰਕਸ਼ੀ ਵੀ ਕਰਦਾ ਹੈ। ਮਨੁੱਖੀ ਸਵਾਰਕ ਪ੍ਰਤੀ ਵੀ ਰਾਮ ਸਰੂਪ ਅਣਖੀ ਆਪਣੇ ਨਾਵਲ 'ਦੁੱਲੇ ਦੀ ਢਾਬ' ਵਿਚ ਇਸਦੀ ਪੇਸ਼ਕਾਰੀ ਕਰਦਾ ਹੈ। ਖਾੜਕੂ ਲਹਿਰ ਦਾ ਭੈਅ ਅਤੇ ਦੂਜੇ ਪਾਸੇ ਪੁਲਿਸ ਦੀ ਮਨਮਰਜੀ ਅਤੇ ਖਾਕੀ ਵਰਦੀ ਦਾ ਭੈਅ ਰਾਮ ਸਰੂਪ ਅਣਖੀ ਦੇ ਨਾਵਲ 'ਦੁੱਲੇ ਦੀ ਢਾਬ' ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ।

ਰਾਮ ਸਰੂਪ ਅਣਖੀ ਨੇ ਸੁਲਗਦੀ ਰਾਤ, ਕੱਖਾਂ ਕਾਨਿਆਂ ਦਾ ਪੁਲ, ਜ਼ਖ਼ਮੀ ਅਤੀਤ, ਕੋਠੇ ਖੜਗ ਸਿੰਘ, ਪਰਤਾਪੀ, ਜੱਸੀ ਸਰਪੰਚ, ਅੱਛਰਾਂ ਦਾਂਦੂ, ਦੁੱਲੇ ਦੀ ਢਾਬ ਆਦਿ ਨਾਵਲ ਲਿਖੇ ਹਨ। ਰਾਮ ਸਰੂਪ ਅਣਖੀ ਲੋਕ ਚੇਤਨਾ ਵਿਚ ਉੱਸਰੇ ਅਮਲੀਆਂ, ਸਾਧਾਂ ਅਤੇ ਡਾਕੂਆਂ ਦੇ ਸੰਕਲਪਾਂ ਦਾ ਚਿਤਰਨ ਅਤੇ ਵਿਸ਼ਲੇਸ਼ਣ ਕਰਦਾ ਹੈ। ਲੋਕ ਪ੍ਰਤਿਨਿਧਤਾ ਦਾ ਆਡੰਬਰ ਰਚਣ ਵਾਲੇ ਲੋਕ ਸਮੂਹ ਦਾ ਰਾਜਨੀਤੀਕਰਨ ਅਣਖੀ ਦੇ ਨਾਵਲ 'ਦੁੱਲੇ ਦੀ ਢਾਬ' ਦੇ ਭਾਗ ਜੱਸੀ ਸਰਪੰਚ ਦਾ ਮੁੱਖ ਸੰਕਲਪ ਹੈ। ਇਸ ਤੋਂ ਬਿਨਾਂ ਦਹਿਸ਼ਤਵਾਦ ਦੀ ਆੜ ਵਿਚ ਆਪਣਾ ਉੱਲੂ ਸਿੱਧਾ ਕਰਨ ਵਾਲੀਆਂ ਰਾਜਸੀ ਏਜੰਸੀਆਂ 'ਤੇ ਤਿੱਖਾ ਕਟਾਖ਼ਸ਼ ਨਾਵਲ 'ਅੱਛਰਾ ਦਾਂਦੂ' ਦੀ ਹੋਣੀ ਵੀ ਹੈ ਤੇ ਤ੍ਰਾਸਦੀ ਵੀ। ਰਾਮ ਸਰੂਪ ਅਣਖੀ ਆਪਣੇ ਨਾਵਲ 'ਦੁੱਲੇ ਦੀ ਢਾਬ' ਵਿਚ ਬੁੱਧੀ ਅਤੇ ਸੰਘਰਸ਼ ਨੂੰ ਰੂਪਮਾਨ ਕਰਦਾ ਹੈ ਅਤੇ ਬਦਲਦਾ ਜੀਵਨ ਦ੍ਰਿਸ਼ਟੀਕੋਣ ਅਤੇ ਬਦਲਦੇ ਹੋਏ ਮਾਨਵੀ ਸੰਬੰਧਾਂ ਦੀ ਸਾਮਰਤੱਖ ਤਸਵੀਰਕਸ਼ੀ ਵੀ ਕਰਦਾ ਹੈ। ਮਨੁੱਖੀ ਸਵਾਰਕ ਪ੍ਰਤੀ ਵੀ ਰਾਮ ਸਰੂਪ ਅਣਖੀ ਆਪਣੇ ਨਾਵਲ 'ਦੁੱਲੇ ਦੀ ਢਾਬ' ਵਿਚ ਇਸਦੀ ਪੇਸ਼ਕਾਰੀ ਕਰਦਾ ਹੈ। ਖਾੜਕੂ ਲਹਿਰ ਦਾ ਭੈਅ ਅਤੇ ਦੂਜੇ ਪਾਸੇ ਪੁਲਿਸ ਦੀ ਮਨਮਰਜੀ ਅਤੇ ਖਾਕੀ ਵਰਦੀ ਦਾ ਭੈਅ ਰਾਮ ਸਰੂਪ ਅਣਖੀ ਦੇ ਨਾਵਲ 'ਦੁੱਲੇ ਦੀ ਢਾਬ' ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ।

ਰਾਮ ਸਰੂਪ ਅਣਖੀ ਪੰਜਾਬੀ ਸਾਹਿਤ ਦਾ ਸਰਬਾਂਗੀ ਲੇਖਕ ਹੈ। ਉਹ ਹੁਣ ਤਕ ਪੰਜਾਬੀ ਸਾਹਿਤ ਨੂੰ ਅੱਸੀ ਤੋਂ ਵੱਧ ਪੁਸਤਕਾਂ ਦੇ ਚੁੱਕਾ ਹੈ। ਜਿਨ੍ਹਾਂ ਵਿਚ ਪੰਦਰਾਂ ਨਾਵਲ ਹਨ। ਉਸ ਨੂੰ ਭਾਰਤੀ ਸਾਹਿਤ ਅਕਾਡਮੀ ਦਾ ਵਕਾਰੀ ਸਨਮਾਨ 'ਕੋਠੇ ਖੜਗ ਸਿੰਘ' ਦੀ ਪ੍ਰਕਾਸ਼ਨਾ ਉੱਤੇ ਦਿੱਤਾ ਗਿਆ। ਭਾਸ਼ਾ ਵਿਭਾਗ ਪੰਜਾਬ ਦੇ ਸ਼ਿਰੋਮਣੀ ਸਾਹਿਤਕਾਰ ਤੇ ਸ. ਕਰਤਾਰ ਸਿੰਘ ਧਾਲੀਵਾਲ ਪੁਰਸਕਾਰਾਂ ਤੋਂ ਇਲਾਵਾ ਉਸ ਨੂੰ ਹੋਰ ਵੀ ਬਹੁਤ ਸਾਰੇ ਨਿੱਕੇ ਵੱਡੇ ਸਨਮਾਨ ਪ੍ਰਾਪਤ ਹੋਏ ਹਨ। ਆਲੋਚਨਾਤਮਕ ਹਲਕਿਆਂ ਵਿਚ ਉਸ ਦੀ ਪਛਾਣ ਵਧੇਰੇ ਕਰ ਕੇ ਇਕ ਨਾਵਲਕਾਰ ਵਜੋਂ ਬਣੀ ਹੈ। ਇਸ ਪਛਾਣ ਦਾ ਮੁੱਢ ਉਸ ਦੇ ਨਾਵਲਾਂ 'ਸੁਲਘਦੀ ਰਾਤ' (1978 ਈ.) ਅਤੇ 'ਕੱਖਾਂ ਕਾਨਿਆਂ ਦੇ ਪੁਲ' (1979 ਈ.) ਨਾਲ ਬੱਝਦਾ ਹੈ। ਇਹ ਪਛਾਣ 'ਕੋਠੇ ਖੜਗ ਸਿੰਘ' (1985 ਈ.) ਤਕ ਪਹੁੰਚ ਕੇ ਇਤਿਹਾਸਕ ਅਤੇ ਆਲੋਚਨਾਤਮਕ ਯਥਾਰਥਵਾਦ ਦੇ ਸੰਦਰਭ ਵਿਚ ਵਿਸ਼ੇਸ਼ ਮੁਕਾਮ ਹਾਸਿਲ ਕਰਦੀ ਹੈ। ਇਹ ਵਿਸ਼ੇਸ਼ ਮੁਕਾਮ ਹੀ ਉਸ ਦੇ ਅਗਲੇ ਨਾਵਲਾਂ 'ਢਿੱਡ ਦੀ ਆਂਦਰ' (1987 ਈ.) ਅਤੇ 'ਜਿਨਿ ਸਿਰਿ ਸੋਹਨਿ ਪੱਟੀਆਂ' (1988 ਈ.) ਦੇ ਸਨਮੁਖ ਚੁਣੌਤੀ ਬਣ ਜਾਂਦੀ ਹੈ ਇਹ ਚੁਣੌਤੀ ਕੇਵਲ ਵੱਡੇ ਆਕਾਰ ਬਨਾਮ ਛੋਟੇ ਆਕਾਰ

ਦਾ ਮਸਲਾ ਹੀ ਨਹੀਂ ਸਗੋਂ ਗਲਪ-ਸੰਵੇਦਨਾ ਦਾ ਮਸਲਾ ਹੈ। 'ਪਰਤਾਪੀ' ਰਾਮ ਸਰੂਪ ਅਣਖੀ ਦੇ ਨਾਵਲ 'ਕੋਠੇ ਖੜਗ ਸਿੰਘ' ਨਾਲੋਂ ਅਗਲੇ ਪੜਾਉ ਦੀ ਰਚਨਾ ਹੈ। ਇਹ ਰਚਨਾ ਯਥਾਰਥਵਾਦ ਲਈ ਲੋੜੀਂਦੀ ਵਸਤੂਪਰਕ ਦ੍ਰਿਸ਼ਟੀ ਨੂੰ ਅਪਣਾ ਕੇ ਪੰਜਾਬ ਦੇ ਜਨ ਜੀਵਨ ਦੀ ਹਕੀਕਤ ਦੇ ਵਿਰਾਟ ਚਿਤਰਪੱਟ ਦੀਆਂ ਬਹੁ ਵਿਰੋਧਤਾਈਆਂ ਨੂੰ ਸਿਰਜਣ ਲਈ ਯਤਨਸ਼ੀਲ ਹੈ। ਇਹ ਸਿਰਜਨ ਪੰਜਾਬ ਦੀ ਔਸਤਨ ਬੁੱਧੀ ਦੇ ਅਧਿਐਨ ਲਈ ਪ੍ਰਮਾਣਿਕ ਦਸਤਾਵੇਜ਼ ਦਾ ਕੰਮ ਦੇਵੇਗਾ। ਇਸ ਪ੍ਰਕਾਰ ਇਹ ਰਚਨਾ ਰਾਮ ਸਰੂਪ ਅਣਖੀ ਦੀ ਗਲਪ-ਸੰਵੇਦਨਾ ਵਿਚਲੇ ਵਿਕਾਸ ਦੀ ਸੂਚਕ ਬਣ ਜਾਂਦੀ ਹੈ।

# ਕਹਾਣੀ ਅਤੇ ਨਿੱਕੀ ਕਹਾਣੀ : ਆਰੰਭ, ਵਿਕਾਸ ਅਤੇ ਵਿਸ਼ੇਸ਼ਤਾਵਾਂ

## ਪੰਜਾਬੀ ਕਹਾਣੀ

ਪੰਜਾਬੀ ਕਹਾਣੀ ਦਾ ਮੁੱਢ ਚਰਨ ਸਿੰਘ ਸ਼ਹੀਦ ਅਤੇ ਮੋਹਨ ਸਿੰਘ ਵੈਦ ਜਿਹੇ ਕਹਾਣੀਕਾਰਾਂ ਤੋਂ ਮੰਨਿਆ ਜਾਂਦਾ ਹੈ। ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਲਿਖੀਆਂ ਗਈਆਂ ਪੰਜਾਬੀ ਧਾਰਮਿਕ ਕਹਾਣੀਆਂ ਆਦਰਸ਼ਵਾਦੀ ਰੁਚੀ ਅਧੀਨ ਲਿਖੀਆਂ ਗਈਆਂ ਹਨ ਪਰ ਇਸੇ ਸਦੀ ਦੇ ਦੋ ਤਿੰਨ ਦਹਾਕਿਆਂ ਪਿਛੋਂ ਪੰਜਾਬੀ ਕਹਾਣੀ ਵਿਚ ਆਦਰਸ਼ਵਾਦ ਕਾਫ਼ੀ ਮੱਧਮ ਪੈ ਗਿਆ ਕਿਉਂਕਿ ਵਿੱਦਿਆ ਦਾ ਪਸਾਰ ਹੋਣ ਕਰਕੇ ਪੰਜਾਬੀ ਵਿਦਵਾਨਾਂ ਦੀ ਜਾਣ-ਪਛਾਣ ਮਾਰਕਸਵਾਦੀ ਦ੍ਰਿਸ਼ਟੀਕੋਣ ਨਾਲ ਹੋਈ। ਪੰਜਾਬੀ ਸਾਹਿਤ ਦੇ ਕਹਾਣੀ ਖੇਤਰ ਵਿਚ ਯਥਾਰਥਕ ਆਦਰਸ਼ਵਾਦ ਦੇ ਧਾਰਨੀਆਂ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਉਸਨੇ ਅਮਰੀਕਾ ਦੀ ਪਿਆਰ ਖੁੱਲ੍ਹ ਨੂੰ ਇਕ ਯਥਾਰਥਕ ਰੂਪ ਵਿਚ ਵੇਖਿਆ ਅਤੇ ਪ੍ਰਚਾਰਿਆ ਪਰ ਪੰਜਾਬੀ ਸਮਾਜ ਲਈ ਇਹ ਖੁੱਲ੍ਹ ਇਕ ਆਦਰਸ਼ ਰੂਪ ਧਾਰਨ ਕਰ ਗਈ। ਉਸਦਾ ਦ੍ਰਿਸ਼ਟੀਕੋਣ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਭਾਵੇਂ ਪੱਛਮੀ ਸਭਿਆਚਾਰ ਦੇ ਅਨੁਕੂਲ ਹੈ ਪਰ ਪੰਜਾਬੀ ਸਭਿਆਚਾਰ ਦੇ ਇਹ ਗੱਲ ਰਾਸ ਨਹੀਂ ਆਈ। ਉਸ ਦੀਆਂ ਯਥਾਰਥਵਾਦੀ ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਲਿਖੀਆਂ ਕਹਾਣੀਆਂ ਪ੍ਰੀਤਾਂ ਦੀ ਪਹਿਰੇਦਾਰ, ਮੁਬੀਨਾ ਕਿ ਸ਼ੁਕੀਨਾ, ਭੁੱਖੀ ਆਤਮਾ, ਪਿਆਰ ਕਬਜ਼ਾ ਨਹੀ ਪਹਿਚਾਣ ਹੈ, ਭਾਬੀ ਮੈਨਾ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਗੁਰਬਖ਼ਸ਼ ਸਿੰਘ ਪੀਤਲੜੀ ਤੋਂ ਬਾਅਦ ਨਾਨਕ ਸਿੰਘ ਦਾ ਜ਼ਿਕਰ ਯਥਾਰਥਕ-ਆਦਰਸ਼ਵਾਦੀ ਕਹਾਣੀਕਾਰਾਂ ਵਿਚ ਕੀਤਾ ਜਾ ਸਕਦਾ ਹੈ ਪਰ ਗੁਰਬਖ਼ਸ਼ ਸਿੰਘ ਨਾਲੋਂ ਨਾਨਕ ਸਿੰਘ ਦੀਆਂ ਕਹਾਣੀਆਂ ਯਥਾਰਥ ਦੇ ਜ਼ਿਆਦਾ ਨੇੜੇ ਹਨ। ਨਾਨਕ ਸਿੰਘ ਦੀਆਂ ਇਸ ਕਿਸਮ ਦੀਆਂ ਕਹਾਣੀਆਂ ਵਿਚ ਸੁਨਿਹਰੀ ਜਿਲਦ, ਘ੍ਰਿਣਾ ਦੇ ਪਰਦੇ ਹੇਠ, ਅਨੋਖਾ ਹੁਸਨ, ਕਾਇਆ ਕਲ, ਮੋਤੀ ਨੂੰ ਮੁਲੰਮਾ, ਤਾਸ਼ ਦੀ ਆਦਤ, ਭੂਆ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਗੁਰਬਖ਼ਸ਼ ਸਿੰਘ ਅਤੇ ਨਾਨਕ ਸਿੰਘ ਦੀਆਂ ਕਹਾਣੀਆਂ ਇਸ ਤਰ੍ਹਾਂ ਦੀਆਂ ਹਨ ਜਿਹੜੀਆਂ ਆਦਰਸ਼ਵਾਦ ਤੇ ਯਥਾਰਥਵਾਦ ਦੇ ਵਿਚਾਲੇ ਕੜੀ ਦਾ ਕੰਮ ਕਰਦੀਆਂ ਹਨ। ਪੰਜਾਬੀ ਦੇ ਮੁੱਢਲੇ ਕਹਾਣੀਕਾਰਾਂ ਦਾ ਵੀ ਜ਼ਿਕਰ ਕੀਤਾ ਜਾ ਸਕਦਾ ਹੈ ਜਿੰਨ੍ਹਾਂ ਨੇ ਭਾਵੇਂ ਆਦਰਸ਼ਵਾਦ ਨੂੰ ਬਿਲਕੁਲ ਨਹੀਂ ਤਿਆਗਿਆ ਹੈ ਪਰ ਉਨ੍ਹਾਂ ਦੀਆਂ ਕਹਾਣੀਆਂ ਯਥਾਰਥਵਾਦ ਦੇ ਨੇੜੇ ਜ਼ਿਆਦਾ ਹਨ।

ਇਨ੍ਹਾਂ ਮੁੱਢਲੇ ਕਹਾਣੀਕਾਰਾਂ ਵਿਚੋਂ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫ਼ਰ ਆਦਿ ਦਾ ਜ਼ਿਕਰ ਕੀਤਾ ਸਕਦਾ ਹੈ।

ਮਾਰਕਸਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਕਈ ਲੇਖਕਾਂ ਨੇ ਪ੍ਰਗਤੀਵਾਦੀ ਲਹਿਰ ਨੂੰ ਅਪਣਾ ਲਿਆ। ਜਿੰਨ੍ਹਾਂ ਵਿਚ ਸੁਜਾਨ ਸਿੰਘ ਅਤੇ ਸੰਤ ਸਿੰਘ ਸੇਖੋਂ ਦਾ ਜ਼ਿਕਰ ਕਰਨਾ ਜਰੂਰੀ ਬਣਦਾ ਹੈ। ਇਨ੍ਹਾਂ ਲੇਖਕਾਂ ਦੀਆਂ ਕਹਾਣੀਆਂ ਜੀਵਨ ਦੇ ਆਰਥਿਕ ਪੱਖ ਨੂੰ ਆਪਣੇ ਘੇਰੇ ਵਿਚ ਲੈਂਦੀਆਂ ਹਨ। ਜਿੱਥੇ ਸੁਜਾਨ ਸਿੰਘ ਦਾ ਪ੍ਰਗਤੀਵਾਦ ਸਤਹੀ ਪੱਧਰ ਦਾ ਹੈ ਉਥੇ ਸੰਤ ਸਿੰਘ ਸੇਖੋਂ ਦਾ ਡੂੰਘਾ ਹੈ। ਸੰਤ ਸਿੰਘ ਸੇਖੋਂ ਵਿਚ ਕਿਤੇ ਵੀ ਉਪਭਾਵਕਤਾ ਨਹੀਂ ਆਉਂਦੀ ਜਦੋ ਕਿ ਸੁਜਾਨ ਸਿੰਘ ਉਪਭਾਵੁਕ ਹੋ ਜਾਂਦਾ ਹੈ। ਸੁਜਾਨ ਸਿੰਘ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਨੇੜੇ ਹੋਣ ਵਾਲੇ ਦਿਨ ਨੂੰ 'ਖੁਸ਼ੀ ਦਾ ਦਿਨ' ਮੰਨਦਾ ਹੈ। ਇਸਤਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਆਸਾਧਾਰਨ ਸਾਦਗੀ (ਡੇਢ ਆਦਮੀ) ਵਿਚ ਕਰ ਦਿੰਦਾ ਹੈ। ਸੰਤ ਸਿੰਘ ਸੇਖੋਂ ਅਨੁਸਾਰ ਭਾਰਤ ਦੇ ਕਾਮੇ ਹੁਣ ਯੋਧੇ ਬਣ ਕੇ ਜੀਵਨ-ਯੁੱਧ ਵਿਚ ਲੜ ਰਹੇ ਹਨ (ਕਾਮੇ ਤੇ ਯੋਧੇ)।

## ਪੰਜਾਬੀ ਕਹਾਣੀ ਦੀ ਇਕ ਸਦੀ

ਪੰਜਾਬੀ ਕਹਾਣੀ ਦਾ ਮੁੱਢ ਬੰਨ੍ਹਣ ਵਾਲੀਆਂ ਵਧੇਰੇ ਪੰਜਾਬੀ ਕਹਾਣੀਆਂ ਪੱਤਰਕਾਰੀ ਰਾਹੀਂ ਸਾਹਮਣੇ ਆਈਆਂ। ਉਸ ਸਮੇਂ ਦੇ ਪ੍ਰਸਿੱਧ ਅਖਬਾਰਾਂ ਤੇ ਰਸਾਲਿਆਂ ਵਿਚ ਅਕਾਲੀ-1921, ਪ੍ਰੀਤਮ-1923, ਫੁਲਵਾੜੀ-1924, ਕਿਰਤੀ-1925, ਮੌਜੀ-1926, ਹੰਸ-1928, ਪੰਜਾਬੀ ਦਰਬਾਰ-1928, ਪ੍ਰੀਤਲੜੀ-1933, ਪ੍ਰਭਾਤ-1936, ਲਿਖਾਰੀ-1937, ਪੰਜ ਦਰਿਆ-1938, ਪੰਜਾਬੀ ਸਾਹਿਤ-1942 ਆਦਿ ਸ਼ਾਮਿਲ ਹਨ। ਇੰਨ੍ਹਾਂ ਰਸਾਲਿਆਂ ਵਿਚ ਛਪਣ ਵਾਲੇ ਕਹਾਣੀਕਾਰਾਂ ਵਿਚ ਅਰਜਨ ਸਿੰਘ ਗੜਗੱਜ, ਗਿਆਨੀ ਗੁਰਦਿੱਤ ਸਿੰਘ, ਕੇਸਰ ਸਿੰਘ ਬੀ.ਏ, ਬਲਵੰਤ ਸਿੰਘ ਚਤਰਥ, ਸੋਹਨ ਸਿੰਘ ਜੋਸ਼, ਪ੍ਰੀਤਮ ਸਿੰਘ, ਫੜ੍ਹੇ ਸਿੰਘ, ਡਾ. ਸੁੰਦਰ ਸਿੰਘ, ਗੁਰਾਂਦਿੱਤਾ ਖੰਨਾ, ਅਭੈ ਸਿੰਘ, ਡਾ. ਬਲਵੰਤ ਸਿੰਘ, ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਗਿਆਨੀ ਹੀਰਾ ਸਿੰਘ ਦਰਦ, ਲਾਲ ਸਿੰਘ ਕਮਲਾ ਅਕਾਲੀ, ਕਪੂਰ ਸਿੰਘ, ਵਿਧਾਤਾ ਸਿਘ ਤੀਰ, ਹਰਕਿਸ਼ਨ ਲਾਲ ਪਰਾਸ਼ਰ, ਅਜਹਰ ਹੈਦਰ, ਜੋਸ਼ਵਾ ਫਜ਼ਲਦੀਨ, ਮੇਹਰ ਸਿੰਘ ਮੇਹਰ, ਗੁਰਬਖਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਗੁਰਬਖਸ਼ ਸਿੰਘ ਸ਼ਮਸ਼ੇਰ, ਹਰੀ ਸਿੰਘ ਬੰਦਵੀ, ਕਰਤਾਰ ਸਿੰਘ ਬਲੱਗਣ, ਬੀਬੀ ਇੰਦਰਜੀਤ ਕੌਰ, ਬੀਬੀ ਕਰਤਾਰ ਕੌਰ, ਸੋਹਨ ਸਿੰਘ ਜੋਸ਼, ਗੁਰਮੁਖ ਸਿੰਘ ਮੁਸਾਫ਼ਰ, ਦਵਿੰਦਰ ਸਤਿਆਰਥੀ ਅਤੇ ਡਾ. ਮੋਹਨ ਸਿੰਘ ਦੀਵਾਨਾ ਆਦਿ ਸ਼ਾਮਿਲ ਹਨ।

ਇਹਨਾਂ ਕਹਾਣੀਕਾਰਾਂ ਦੀ ਬਦੌਲਤ 1935 ਤੱਕ ਮੌਲਿਕ ਅਤੇ ਅਧਾਰਿਤ ਕਹਾਣੀਆਂ ਦੇ ਜਿਹੜੇ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਰੂਪ ਵਿਚ ਸਾਹਮਣੇ ਆਏ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : 1918 (ਮੋਹਨ ਸਿੰਘ ਵੈਦ), ਚੰਬੇ ਦੀਆਂ ਕਲੀਆਂ-1925 (ਅਭੈ ਸਿੰਘ), ਰੰਗ ਬਰੰਗੇ ਫੁੱਲ-1927, ਹੀਰੇ ਦੀਆਂ ਕਣੀਆਂ-1927 (ਮੋਹਨ ਸਿੰਘ

ਵੈਦ), ਪੁਸ਼ਪ ਪਟਾਰੀ-1931 (ਬਲਵੰਤ ਸਿੰਘ ਚਤਰਥ), ਆਨੰਦ ਪ੍ਰਵਾਰ-1932 (ਫਤ੍ਹੇ ਸਿੰਘ), ਹੰਝੂਆਂ ਦੇ ਹਾਰ-1934 (ਨਾਨਕ ਸਿੰਘ) ਆਦਿ।

**ਪਹਿਲਾ ਪੜਾਅ : ਆਦਰਸ਼ਵਾਦੀ ਯਥਾਰਥਵਾਦੀ ਪੰਜਾਬੀ ਕਹਾਣੀ (1920-1935)**

**ਮੋਹਨ ਸਿੰਘ ਵੈਦ (1881-1936)** : ਕਹਾਣੀ ਦੇ ਖੇਤਰ ਵਿਚ ਮੋਹਨ ਸਿੰਘ ਵੈਦ ਨੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਦੇ ਕਹਾਣੀ ਸੰਗ੍ਰਹਿ - 'ਰੰਗ ਬਰੰਗੇ ਫੁੱਲ' ਤੇ 'ਕਿਸਮਤ ਦਾ ਚੱਕਰ' ਹਨ। ਉਸਨੇ ਭਾਰਤੀ ਅਤੇ ਪੱਛਮੀ ਦੋਵੇਂ ਸਭਿਆਚਾਰਾਂ ਨੂੰ ਕਹਾਣੀ ਦਾ ਆਧਾਰ ਬਣਾ ਕੇ ਪੇਸ਼ ਕੀਤਾ ਹੈ। ਉਸਨੇ ਆਦਰਸ਼ ਅਤੇ ਯਥਾਰਥ ਦੋਹਾ ਦਾ ਸੁਮੇਲ ਕੀਤਾ ਹੈ। ਉਨ੍ਹਾਂ ਦਾ ਯਥਾਰਥਵਾਦ ਆਦਰਸ਼ਵਾਦ ਨਾਲ ਘਿਰਿਆ ਹੋਇਆ ਹੈ ਜੋ ਕਿ ਸੁਧਾਰਵਾਦੀ ਦ੍ਰਿਸ਼ਟੀਕੋਣ ਨਾਲ ਆਪਣੇ ਲਕਸ਼ ਵਲ ਇਸ਼ਾਰਾ ਕਰਦਾ ਹੈ।

**ਚਰਨ ਸਿੰਘ ਸ਼ਹੀਦ (1881-1935)** : ਇਕ ਸੁਘੜ ਸਿਆਣੀ ਔਰਤ ਦੀ ਮੌਲਿਕ ਕਹਾਣੀ ਦੀ ਰਚਨਾ ਪਹਿਲਾਂ ਚਰਨ ਸਿੰਘ ਸ਼ਹੀਦ ਨੇ ਹੀ ਕੀਤੀ। ਉਸਨੇ ਵੀ ਸੁਧਾਰਵਾਦੀ ਦ੍ਰਿਸ਼ਟੀਕੋਣ ਅਪਣਾਇਆ। ਉਸਦੇ ਕਹਾਣੀ ਸੰਗ੍ਰਹਿ 'ਹੱਸਦੇ ਹੰਝੂ' ਦੀਆਂ ਕਹਾਣੀਆਂ ਵਿਚ ਉਸਦੇ ਨਾਰੀ ਪਾਤਰਾਂ ਦਾ ਜਿਸ ਤਰ੍ਹਾਂ ਚਿਤਰਣ ਹੋਇਆ ਹੈ ਉਹ ਮੋਹਨ ਸਿੰਘ ਵਾਂਗ ਆਦਰਸ਼ ਤੇ ਯਥਾਰਥ ਦਾ ਮੇਲ ਹਨ।

**ਨਾਨਕ ਸਿੰਘ (1897-1971)** : ਨਾਨਕ ਸਿੰਘ ਦੇ ਹੱਥਾਂ ਵਿਚ ਆ ਕੇ ਪੰਜਾਬੀ ਕਹਾਣੀ ਵਿਚ ਪਰਿਪੱਕਤਾ ਆਈ 'ਹੰਝੂਆਂ ਦੇ ਹਾਰ', 'ਸੱਧਰਾਂ ਦੇ ਹਾਰ', 'ਮਿੱਧੇ ਹੋਏ ਫੁੱਲ' ਉਸਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ। ਉਨ੍ਹਾਂ ਦੀਆਂ ਕਹਾਣੀਆਂ ਦਾ ਵਿਸ਼ਾ ਸਮਾਜ ਸੁਧਾਰਕ ਤੇ ਮਨੁੱਖਵਾਦੀ ਹੈ ਤੇ ਉਹ ਮਨੁੱਖ ਦੇ ਦੁੱਖਾਂ, ਕਠਿਨਾਈਆਂ, ਪਰੇਸ਼ਾਨੀਆਂ ਨੂੰ ਛੂੰਹਦਾ ਹੈ। ਉਸਨੇ ਨਾਰੀ ਦੇ ਕਮਜ਼ੋਰ ਪੱਖ ਨੂੰ ਬਿਆਨ ਕੀਤਾ ਹੈ। ਉਸਨੇ ਇਸ ਤੱਥ ਨੂੰ ਪ੍ਰਗਟ ਕੀਤਾ ਹੈ ਕਿ ਔਰਤ ਕਮਜ਼ੋਰ ਹੈ ਤੇ ਉਸਨੂੰ ਮਰਦ ਦੇ ਸਹਾਰੇ ਦੀ ਜ਼ਰੂਰਤ ਹੈ।

**ਗੁਰਬਖ਼ਸ਼ ਸਿੰਘ ਪ੍ਰੀਤਲੜੀ (1895-1977) :** ਨਾਨਕ ਸਿੰਘ ਦੇ ਸਮਕਾਲੀ ਸਾਹਿਤਕਾਰੀ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਪ੍ਰੀਤ-ਪਿਆਰ ਨੂੰ ਆਪਣੀ ਕਹਾਣੀ ਦਾ ਵਿਸ਼ਾ ਬਣਾਇਆ ਹੈ। ਇਕ ਸਹਿਜ ਪ੍ਰੀਤ ਹੀ ਉਸਦੀ ਕਹਾਣੀ ਦਾ ਆਧਾਰ ਹੈ। ਉਸਦੇ ਕਹਾਣੀ ਸੰਗ੍ਰਹਿ-ਪ੍ਰੀਤ ਕਹਾਣੀਆਂ, ਨਾਗ ਪ੍ਰੀਤ ਦਾ ਜਾਦੂ, ਅਨੋਖੇ ਤੇ ਇਕੱਲੇ, ਅਸਮਾਨੀ ਮਹਾਨਦੀ, ਵੀਣਾ ਵਿਨੋਦ, ਪ੍ਰੀਤਾਂ ਦੇ ਪਹਿਰੇਦਾਰ, ਭਾਬੀ ਮੈਨਾ ਹਨ। ਉਸਦੇ ਨਾਰੀ ਪਾਤਰ ਸੁਧਾਰਵਾਦੀ ਦ੍ਰਿਸ਼ਟੀਕੋਣ ਵਾਲੇ ਅਤੇ ਰੁਮਾਂਟਿਕ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹ ਰੁਮਾਂਟਿਕ ਆਦਰਸ਼ਵਾਦ ਦੀ ਪੇਸ਼ਕਾਰੀ ਕਰਦੇ ਹਨ।

**ਗੁਰਮੁਖ ਸਿੰਘ ਮੁਸਾਫ਼ਰ (1899-1976) :** ਗੁਰਮੁਖ ਸਿੰਘ ਮੁਸਾਫ਼ਰ ਪੰਜਾਬੀ ਦੇ ਉਨ੍ਹਾਂ ਲੇਖਕਾਂ ਵਿਚੋਂ ਹਨ ਜੋ ਇਕੋ ਸਮੇਂ ਸਾਹਿਤ ਅਤੇ ਸੁਤੰਤਰਤਾ ਸੰਗਰਾਮ ਨਾਲ ਜੁੜੇ ਰਹੇ। ਉਹ ਰਾਜਨੀਤਿਕ ਚੇਤਨਾ ਵਾਲੀ ਕਹਾਣੀ ਲਿਖਦਾ ਹੈ। ਉਸ ਦੀਆਂ

ਕਹਾਣੀਆਂ ਜੇਲ੍ਹ ਜੀਵਨ ਨਾਲ ਸੰਬੰਧਿਤ ਹਨ। ਇਸ ਤੋਂ ਇਲਾਵਾ ਉਸਨੇ ਸੁਤੰਤਰਤਾ ਸੰਗਰਾਮੀਆਂ ਦੀ ਦ੍ਰਿੜਤਾ, ਅੰਗਰੇਜ਼ਾਂ ਦਾ ਉਨ੍ਹਾਂ ਉੱਤੇ ਜ਼ੁਲਮ ਅਤੇ ਰਾਸ਼ਟਰਵਾਦੀ ਭਾਵਨਾ ਨੂੰ ਵੀ ਪੇਸ਼ ਕੀਤਾ ਹੈ। ਉਸ ਦੇ ਕਹਾਣੀ ਸੰਗ੍ਰਹਿਆਂ ਵਿਚ ਵੱਖਰੀ ਦੁਨੀਆਂ, ਸਭ ਅੱਛਾ, ਆਲ੍ਹਣੇ ਦੇ ਬੋਟ, ਸਸਤਾ ਤਮਾਸ਼ਾ, ਕੰਧਾਂ ਬੋਲ ਪਈਆਂ ਸ਼ਾਮਿਲ ਹਨ। ਉਸਦੀ ਕਹਾਣੀ ਪੁਸਤਕ 'ਉਰਵਾਰ ਪਾਰ' ਉੱਤੇ ਉਸ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਮਿਲਿਆ ਹੈ।

**ਦੂਜਾ ਪੜਾਅ : ਪ੍ਰਗਤੀਵਾਦੀ ਯਥਾਰਥਵਾਦੀ ਪੰਜਾਬੀ ਕਹਾਣੀ (1936-1965)**

**ਮੋਹਨ ਸਿੰਘ (1905-1978)** : ਮੋਹਨ ਸਿੰਘ ਦੀ ਰਚਨਾ-ਦ੍ਰਿਸ਼ਟੀ ਮਨੋ-ਯਥਾਰਥਵਾਦ ਦੀ ਧਾਰਨੀ ਹੈ।ਉਸਨੇ ਆਪਣੇ ਕਹਾਣੀ ਸੰਗ੍ਰਹਿ 'ਨਿੱਕੀ ਨਿੱਕੀ ਵਾਸ਼ਨਾ' ਰਾਹੀਂ ਪੰਜਾਬੀ ਕਹਾਣੀ ਵਿਚ ਆਪਣਾ ਸਥਾਨ ਪੱਕਾ ਕਰ ਲਿਆ ਹੈ। ਉਸ ਨੇ ਪੋਠੋਹਾਰੀ ਰੰਗਤ ਵਾਲੀ ਪੰਜਾਬੀ ਨੂੰ ਕਾਵਿਮਈ ਸ਼ੈਲੀ ਵਿਚ ਢਾਲ ਕੇ ਉੱਤਮ ਕਿਸਮ ਦੀਆਂ ਕਹਾਣੀਆਂ ਲਿਖੀਆਂ ਹਨ।

**ਸੰਤ ਸਿੰਘ ਸੇਖੋਂ (1908-1977) :** ਸੇਖੋਂ ਨੇ ਸਹੀ ਅਰਥਾਂ ਵਿਚ 'ਸੰਕੇਤ ਜਾਂ ਰਮਜ਼' ਵਾਲੀ ਕਹਾਣੀ ਰਚ ਕੇ ਆਪਣੇ ਤੋਂ ਪੂਰਬਲੀ ਮਨੋਯਥਾਰਥਵਾਦੀ ਪੰਜਾਬੀ ਕਹਾਣੀ ਤੋਂ ਪ੍ਰਤੱਖਣਯੋਗ ਵਿੱਥ ਥਾਪਣ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਉਸ ਦੇ ਕਹਾਣੀ ਸੰਗ੍ਰਹਿਆਂ ਵਿਚ ਸਮਾਚਾਰ, ਕਾਮੇ ਤੇ ਯੋਧੇ, ਅੱਧੀ ਵਾਟ, ਤੀਜਾ ਪਹਿਰ, ਸਿਆਣਪਾਂ ਸ਼ਾਮਿਲ ਹਨ। ਸੰਤ ਸਿੰਘ ਸੇਖੋਂ ਦੇ ਪ੍ਰਵੇਸ਼ ਨਾਲ ਤਕਨੀਕ ਅਤੇ ਦ੍ਰਿਸ਼ਟੀ ਪੱਖੋਂ ਕਹਾਣੀ ਰਚਨੀ ਸ਼ੁਰੂ ਕੀਤੀ।

**ਨੌਰੰਗ ਸਿੰਘ** : ਨੌਰੰਗ ਸਿੰਘ ਨਿਰੋਲ ਯਥਾਰਥਵਾਦੀ ਰਚਨਾ-ਦ੍ਰਿਸ਼ਟੀ ਰਾਹੀਂ ਪੰਜਾਬ ਦੇ ਪੇਂਡੂ ਜੀਵਨ-ਅਨੁਭਵ ਦੇ ਚਿਤਰ ਉਲੀਕਣ ਵਾਲਾ ਕਹਾਣੀਕਾਰ ਹੈ। ਉਸ ਦੀ ਕਹਾਣੀ ਰਚਨਾ ਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਪ੍ਰਭਾਵ ਸੀ। ਉਸਨੇ ਆਪਣੀ ਰਚਨਾ ਦ੍ਰਿਸ਼ਟੀ ਵਿਚ ਪੇਂਡੂ ਜੀਵਨ ਵਿਚਲੀ ਸਧਾਰਨਤਾ ਤੋਂ ਅਸਾਧਾਰਨਤਾ ਵੱਲ ਆਪਣਾ ਪੈਂਡਾ ਤੈਅ ਕੀਤਾ ਹੈ। ਉਸਨੇ 'ਬੋਝਲ ਪੰਡਾਂ', 'ਭੁੱਖੀਆਂ ਰੂਹਾਂ', 'ਮਿਰਜ਼ੇ ਦੀ ਜੂਹ', 'ਅੰਨਾ ਖੂਹ' ਅਤੇ 'ਬੂਹਾ ਖੁੱਲ੍ਹ ਗਿਆ' ਆਦਿ ਕਹਾਣੀ ਸੰਗ੍ਰਹਿ ਪੰਜਾਬੀ ਕਹਾਣੀ ਜਗਤ ਨੂੰ ਦਿੱਤੇ।

**ਹਰੀ ਸਿੰਘ ਦਿਲਬਰ** : ਉਸ ਦੇ ਕਹਾਣੀ ਸੰਗ੍ਰਹਿ ਇਹ ਹਨ ਹਲੂਣੇ, ਝੱਖੜ, ਮੱਸਿਆ ਦੇ ਦੀਵੇ, ਕੱਸੀ ਦਾ ਪਾਣੀ, ਕੂੰਜਾਂ ਦੀ ਡਾਰ, ਝਨਾਂ ਦਾ ਪੱਤਣ, ਧਰਤੀ ਤਰਸਦੀ ਹੈ ਆਦਿ। ਹਰੀ ਸਿੰਘ ਦਿਲਬਰ ਦੀ ਕਹਾਣੀ ਰਚਨਾ ਦੀ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਮਾਲਵਾ ਖਿੱਤੇ ਦੇ ਕਿਸਾਨੀ ਜੀਵਨ ਨੂੰ ਬਹੁਤ ਬਾਰੀਕੀ ਨਾਲ ਚਿਤਰਿਆ ਹੈ। ਉਸ ਦੀ ਰਚਨਾ-ਦ੍ਰਿਸ਼ਟੀ ਭਾਵੇਂ ਕੁਝ ਆਦਰਸ਼ਵਾਦੀ ਰੰਗਣ ਵਾਲੇ ਪ੍ਰਗਤੀਵਾਦੀ ਯਥਾਰਥਵਾਦ ਦੀ ਧਾਰਨੀ ਹੈ ਪਰ ਅਚੇਤ ਹੀ ਉਸ ਨੇ ਕਿਸਾਨ-ਮਾਨਸਿਕਤਾ ਦੇ ਬੜੇ ਅਛੋਪਲੇ ਪੱਖਾਂ ਦਾ ਚਿਤਰਨ ਕਰ ਵਿਖਾਇਆ ਹੈ। ਉਸਦੀ ਕਹਾਣੀ 'ਮੋਤੀ' ਕਲਾਸਿਕ ਦਾ ਦਰਜਾ ਗ੍ਰਹਿਣ ਕਰ ਗਈ ਹੈ।

**ਬਲਵੰਤ ਗਾਰਗੀ (1916) :** ਗਾਰਗੀ ਦੇ ਕਹਾਣੀ ਸੰਗ੍ਰਹਿ ਹਨ : ਕਾਲਾ ਅੰਬ, ਡੁੱਲ੍ਹੇ ਬੇਰ, ਮਿਰਚਾਂ ਵਾਲਾ ਸਾਧ, ਬਲਵੰਤ ਗਾਰਗੀ ਦੀਆਂ ਕਹਾਣੀਆਂ (ਸਮੁੱਚੀ ਰਚਨਾ) ਆਦਿ। ਬਲਵੰਤ ਗਾਰਗੀ ਦੀਆਂ ਕਹਾਣੀਆਂ ਵਿਚ ਆਮ ਕਰਕੇ ਪੰਜਾਬ ਦੇ ਪੇਂਡੂ ਯਥਾਰਥ ਹੀ ਪੇਸ਼ ਹੋਇਆ ਹੈ। ਉਸਦੀ ਨਿਵੇਕਲੀ ਪਛਾਣ ਵਾਲੇ ਪਾਤਰਾਂ-ਸਾਧ, ਚੋਰ, ਡਾਕੂ, ਆਸ਼ਕ ਆਦਿ ਵਿਚ ਵਿਸ਼ੇਸ਼ ਦਿਲਚਸਪੀ ਹੈ। ਕਾਮੁਕ ਵੇਗ 'ਚ ਤਪਦੇ ਪਾਤਰਾਂ ਦੀ ਵਿਸਫੋਟਿਕ ਮਾਨਸਿਕਤਾ ਦਾ ਚਿਤਰਨ ਗਾਰਗੀ ਦਾ ਸਭ ਤੋਂ ਮਨ-ਪਸੰਦ ਵਿਸ਼ਾ ਹੈ।

# ਪੰਜਾਬੀ ਨਿੱਕੀ ਕਹਾਣੀ

**ਪੰਜਾਬੀ ਨਿੱਕੀ ਕਹਾਣੀ :** ਪੰਜਾਬੀ ਵਿਚ ਨਿੱਕੀ ਕਹਾਣੀ ਲਿਖੀ ਹੀ ਉਦੋਂ ਜਾਣ ਲੱਗੀ ਜਦੋਂ ਨਿਮਨ ਤੇ ਦਲਿਤ ਵਰਗ ਦੀ ਅਹਿਮੀਅਤ ਨੂੰ ਸਵੀਕਾਰਿਆ ਜਾਣ ਲੱਗਾ ਤੇ ਸਾਹਿਤ ਵਿਚ ਸਾਧਾਰਨ ਮਨੁੱਖ ਦੀ ਗੱਲ ਹੋਣ ਲੱਗੀ ਸੀ। ਪੰਜਾਬੀ ਵਿਚ ਨਿੱਕੀ ਕਹਾਣੀ ਨੂੰ ਵਾਰਤਕ ਦਾ ਸਿਖ਼ਰ ਕਿਹਾ ਜਾਂਦਾ ਹੈ। ਸਹਾਦਤ ਹਸਨ ਮੰਟੋ ਨੇ ਵੀ ਉਰਦੂ ਵਿਚ 'ਸਿਆਹ ਹਾਸ਼ੀਏ' ਦੀ ਸਿਰਜਣਾ ਉਦੋਂ ਕੀਤੀ ਸੀ ਜਦੋਂ ਉਸ ਦੀ ਕਲਮ ਗਲਪ ਦੀਆਂ ਸਿਖ਼ਰਾਂ ਛੂਹ ਰਹੀ ਸੀ। ਕ੍ਰਿਸ਼ਨ ਚੰਦਰ ਦੇ 'ਮਜ਼ਾਹੀਆ ਅਫ਼ਸਾਨੇ' ਇਸੇ ਪ੍ਰਸੰਗ ਵਿਚ ਰੱਖੇ ਜਾਣ ਦਾ ਇਕ ਹੋਰ ਪ੍ਰਮਾਣ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੇ ਕੁਝ ਸਮੇਂ ਦੌਰਾਨ ਇਸ ਦੇ ਸਿਰਜਕਾਂ ਨੇ ਇਸ ਦਾ ਕਾਵਿ ਸ਼ਾਸਤਰ ਉਘਾੜਨ ਦੇ ਵੀ ਯਤਨ ਕੀਤੇ ਹਨ ਜਿਨ੍ਹਾਂ ਵਿਚੋਂ ਡਾ. ਅਮਰ ਕੋਮਲ, ਨਿਰੰਜਨ ਬੋਹਾ, ਡਾ. ਜੋਗਿੰਦਰ ਸਿੰਘ ਨਿਰਾਲਾ ਅਤੇ ਦੀਪਤੀ ਆਦਿ ਦੇ ਨਾਂ ਲਏ ਜਾ ਸਕਦੇ ਹਨ। ਨਿੱਕੀ ਕਹਾਣੀ ਲਈ ਕਥਾ ਬਿੰਬ ਦੀ ਉਸਾਰੀ ਜ਼ਰੂਰੀ ਹੈ। ਜਿਸ ਰਚਨਾ ਵਿਚ ਕਥਾ ਜਾਂ ਰਸ ਨਾ ਹੋਇਆ ਉਹ ਕਹਾਣੀ ਕਿਵੇਂ ਹੋ ਸਕਦੀ ਹੈ। ਨਿੱਕੀ ਕਹਾਣੀ ਲਈ ਕਥਾ ਅਤੇ ਘੂਲ ਦੋਵੇਂ ਗੁਣ ਆਵੱਸ਼ਕ ਹਨ। ਸਾਹਿਤ ਦੀ ਕੋਈ ਵੀ ਵਿਧਾ ਹੋਵੇ ਉਸ ਨੂੰ ਉਸ ਦਾ ਕਲਾ ਪੱਖ ਹੀ ਸਾਹਿਤ ਨਾਲ ਜੋੜ ਸਕਦਾ ਹੈ। ਮਿੰਨੀ ਕਹਾਣੀ ਲਈ ਤਾਂ ਇਹ ਹੋਰ ਵੀ ਲਾਜ਼ਮੀ ਹੋ ਜਾਂਦਾ ਹੈ ਕਿਉਂਕਿ ਨਿੱਕਾ ਜਿਹਾ ਪਲਾਟ, ਥੋੜਾ ਜਿਹਾ ਵਾਰਤਾਲਾਪ, ਛੋਟਾ ਜਿਹਾ ਆਕਾਰ ਬਿਲਕੁਲ ਝੱਟਪਟਾ ਆਰੰਭ, ਪਰੰਤੂ ਉਦੇਸ਼ ਵੱਡੇ ਤੋਂ ਵੱਡਾ। ਛੋਟੀ ਕਹਾਣੀ ਵਿਚ ਕਲਪਨਾ ਅੰਸ਼ ਅਤੇ ਕਲਾਤਮਕ ਪੱਖ ਇਸ ਨੂੰ ਗਹਿਰਾਈ ਤੇ ਵਿਸ਼ਾਲਤਾ ਬਖ਼ਸ਼ਦੇ ਹਨ।

ਛੋਟੀ ਕਹਾਣੀ ਅਤੇ ਚੁਟਕਲਾ ਦੀ ਆਪਸ ਵਿਚਲੀ ਸਾਂਝ ਇਨੀ ਜ਼ਿਆਦਾ ਹੈ ਕਿ ਇਹ ਦੋਵੇਂ ਆਪਸ ਵਿਚ ਰਲ ਗੱਡ ਹੋਏ ਲਗਦੇ ਹਨ ਪਰੰਤੂ ਦੋਹਾਂ ਵਿਚ ਬੇਅੰਤ ਫ਼ਰਕ ਹਨ। ਚੁਟਕਲੇ ਦਾ ਮਨੋਰਥ ਜਿਥੇ ਹਾਸਾ ਉਪਜਾਉਣਾ ਹੀ ਹੁੰਦਾ ਹੈ ਮਿੰਨੀ ਕਹਾਣੀ ਦਾ ਮਨੋਰਥ ਪਾਠਕ ਨੂੰ ਝੰਜੋੜਨਾ ਵੀ ਹੁੰਦਾ ਹੈ। ਇਸੇ ਪ੍ਰਕਾਰ ਵਿਅੰਗ ਸਾਹਿਤ ਦੀ ਹਰ ਵਿਧਾ ਵਿਚ ਪਾਇਆ ਜਾਂਦਾ ਹੈ ਅਤੇ ਇਹ ਸਾਹਿਤ ਦੀ ਲਗਭਗ ਹਰ ਇਕ ਵਿਧਾ ਵਿਚ ਪਾਇਆ ਜਾਂਦਾ ਹੈ ਪਰੰਤੂ ਨਿੱਕੀ ਕਹਾਣੀ ਵਿਚ ਇਹ ਗੱਲ ਲਾਗੂ ਨਹੀਂ ਹੁੰਦੀ। ਇਸੇ ਲਈ ਨਿੱਕੀ ਕਹਾਣੀਆਂ ਵਿਅੰਗ ਤੋਂ ਬਿਨ੍ਹਾਂ ਵੀ ਸਫ਼ਲ ਹੁੰਦੀਆਂ ਹਨ।

ਡਾ. ਈਸ਼ਰ ਸਿੰਘ ਤਾਂਘ ਅਤੇ ਹੋਰ ਕਈ ਆਲੋਚਕ ਨਿੱਕੀ ਕਹਾਣੀ ਨੂੰ ਕਹਾਣੀ ਦੀ ਉਪ ਵਿਧਾ ਕਹਿੰਦੇ ਹਨ ਪਰੰਤੂ ਨਿੱਕੀ ਕਹਾਣੀ ਕਹਾਣੀ ਦੀ ਉਪ ਵਿਧਾ ਨਹੀਂ ਹੋ ਸਕਦੀ ਕਿਉਂਕਿ ਵਾਰਤਾਲਾਪ, ਕਥਾਨਕ, ਆਕਾਰ, ਰਵਾਨੀ ਆਦਿ ਨਿਖੇੜ ਅੰਤਰ ਵੀ

ਢੇਰ ਹੈ। ਵਾਧੂ ਵਿਸਥਾਰ ਹਰੇਕ ਵਿਧਾ ਨੂੰ ਬੋਝਲ ਬਣਾ ਦਿੰਦਾ ਹੈ ਪਰੰਤੂ ਨਿੱਕੀ ਕਹਾਣੀ ਲਈ ਤਾਂ ਵਿਸਥਾਰ ਬਹੁਤ ਹੀ ਮਾਰੂ ਸਿੱਧ ਹੁੰਦਾ ਹੈ। ਨਿੱਕੀ ਕਹਾਣੀ ਵਿਚ ਇਕ ਵਾਕ ਤਾਂ ਕੀ ਇਕ ਸ਼ਬਦ ਵੀ ਭਾਰੂ ਲੱਗਦਾ ਹੈ। ਮਿੰਨੀ ਕਹਾਣੀ ਉਹੀ ਸਫ਼ਲ ਸਮਝੀ ਜਾਵੇਗੀ, ਜਿਸ ਦਾ ਜੁੱਸਾ ਇਕ ਸ਼ਬਦ ਦੇ ਹਿਲਦਿਆਂ ਵੀ ਤਿੜਕ ਜਾਏ। ਸੰਸਾਰ ਸਾਹਿਤ ਵਿਚ ਲਿਓ ਤਾਲਸਤਾਏ ਅਤੇ ਉਰਦੂ-ਹਿੰਦੂ ਸਾਹਿਤ ਵਿਚ ਮੁਨਸ਼ੀ ਪ੍ਰੇਮ ਚੰਦ ਨੇ ਇਸ ਵਿਧਾ ਨੂੰ ਫ਼ਿਲਰ ਦੇ ਤੌਰ 'ਤੇ ਵਰਤਿਆ ਹੈ ਪਰੰਤੂ ਪੰਜਾਬੀ ਨਿੱਕੀ ਕਹਾਣੀ ਦੀ ਉਪਲੱਬਧੀ ਤਾਂ ਪੰਜਾਬੀ ਸਾਹਿਤ ਵਿਚ ਭਾਈ ਮਨੀ ਸਿੰਘ ਰਚਿਤ ਗਿਆਨ ਰਤਨਾਵਲੀ ਅਤੇ ਭਗਤ ਰਤਨਾਵਲੀ ਅਤੇ ਪੁਰਾਤਨ ਜਨਮਸਾਖੀਆਂ ਵਿਚੋਂ ਹੋ ਗਈ ਸੀ। ਪੰਜਾਬੀ ਨਿੱਕੀ ਕਹਾਣੀ ਹੀ ਇਕ ਅਜਿਹੀ ਵਿਧਾ ਹੈ ਜਿਸ ਨੇ ਬਾਹਰਲੇ ਸਾਹਿਤ ਤੋਂ ਕੁਝ ਵੀ ਨਹੀਂ ਕਬੂਲਿਆ।

ਨਿੱਕੀ ਕਹਾਣੀ ਦੇ ਆਕਾਰ ਸੰਬੰਧੀ ਆਮ ਰਾਏ ਇਹ ਹੈ ਕਿ ਇਸ ਵਿਚ ਵਾਧੂ, ਬੇਤੁਕੀਆਂ ਵਿਸਥਾਰਮਈ ਸਥਿਤੀਆਂ, ਬਹੁਤੇ ਪਾਤਰ ਚਰਿਤਰਾਂ ਤੇ ਵਾਤਾਵਰਣ ਬਿਰਤਾਂਤ ਦਾ ਚਿਤਰਣ ਕਰਨ ਦੀ ਗੁੰਜਾਇਸ਼ ਨਹੀਂ ਹੁੰਦੀ। ਇਹ ਤਾਂ ਇੰਜ ਹੈ ਜਿਵੇਂ ਕੁੱਜੇ ਵਿਚ ਸਮੁੰਦਰ ਬੰਦ ਹੋਵੇ। ਮਿੰਨੀ ਕਹਾਣੀ ਦੀ ਵੱਧ ਤੋਂ ਵੱਧ ਸ਼ਬਦ ਸੀਮਾਂ 200 ਸ਼ਬਦਾਂ ਤੋਂ ਲੈ ਕੇ 300 ਸ਼ਬਦਾਂ ਤਕ ਹੋਵੇ। ਅਜੇ ਤਕ ਆਮ ਰਾਏ ਇਹੀ ਹੈ ਕਿ ਮਿੰਨੀ ਕਹਾਣੀ ਆਮ ਪੁਸਤਕ ਦੇ ਅੱਧੇ ਪੰਨੇ ਤੋਂ ਲੈ ਕੇ ਇਕ ਪੰਨੇ ਵਿਚ ਸੀਮਾਂ ਦਾ ਹੋਵੇ। ਮਿੰਨੀ ਕਹਾਣੀ ਵਿਚ ਸੰਖੇਪਤਾ, ਸਰਲਤਾ, ਸਪਸ਼ਟਤਾ ਅਤੇ ਸ਼ੁੱਧਤਾ ਲਈ ਸੁਹਜਮਈ, ਸਾਰਥਕ ਭਾਸ਼ਾ ਦਾ ਪ੍ਰਯੋਗ ਹੋਰ ਵੀ ਜ਼ਰੂਰੀ ਹੈ। ਛੋਟੀ ਕਹਣੀ ਵਿਚ ਅਨੇਕਾਂ ਮੁਹਾਵਰਿਆਂ ਦੀ ਵਰਤੋਂ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਨਿੱਕੀ ਕਹਾਣੀ ਦੇ ਲੇਖਕ ਨੂੰ ਕਹਾਣੀ ਵਿਚ ਇਕ ਜਾਂ ਦੋ ਭਾਸ਼ਾਈ ਮੋਟਿਫ਼ਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਜਿਵੇਂ ਗੁਲਾਮ ਔਰਤ ਦੀ ਮਨੋਦਿਸ਼ਾ ਦਾ ਭਾਸ਼ਾਈ ਮੋਟਿਫ਼ ਘੱਟ ਪਾਣੀ ਵਾਲੇ ਬਰਤਨ ਵਿਚ ਤੜਪਦੀ ਮੱਛੀ, ਲੋਕਾਂ ਵਿਚ ਪੈਦਾ ਹੁੰਦੀ ਜਾਗ੍ਰਤੀ ਲਈ ਚੜ੍ਹਦੇ ਸੂਰਜ ਦਾ ਮੋਟਿਫ਼।

ਪ੍ਰਤੀਕ ਨਿਰੋਲ ਇਕ ਭਾਸ਼ਕ ਜੁਗਤ ਹੈ। ਨਿੱਕੀ ਕਹਾਣੀ ਦੇ ਲੇਖਕ ਨੂੰ ਇਨ੍ਹਾਂ ਦੀ ਵਰਤੋਂ ਭਾਵਾਤਮਕ ਪ੍ਰਤਿਕਿਰਿਆ ਪੈਦਾ ਕਰਨ, ਸਭਿਆਚਾਰ ਦੀ ਪਹਿਚਾਣ ਕਰਵਾਉਣ, ਜਾਂ ਬਿਰਤਾਂਤ ਵਿਸਥਾਰ ਦੀ ਥਾਂ ਸੰਖੇਪ ਵਿਚ ਅਰਥ ਸੰਚਾਰਨ ਲਈ ਕਰਨੀ ਚਾਹੀਦੀ ਹੈ। ਪ੍ਰਤੀਕਾਂ ਦਾ ਪ੍ਰਯੋਗ ਕਲਾਤਮਕ ਪ੍ਰਗਟਾਓ ਦੇ ਉਦੇਸ਼ ਲਈ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਪਰਕਥਨ ਸ਼ੈਲੀ ਦੀ ਵਰਤੋਂ ਨਿੱਕੀ ਕਹਾਣੀ ਦੀ ਰਚਨਾ ਕਰਨ ਸਮੇਂ ਕਹਾਣੀਕਾਰ ਕਰਦਾ ਹੈ। ਇਸ ਰਾਹੀਂ ਲੇਖਕ ਕਿਸੇ ਤੀਸਰੇ ਵਿਅਕਤੀ ਦੇ ਵਸਤੂ ਘਟਨਾ ਸਥਿਤੀ ਦਾ ਕਥਾ ਬਿੰਬ ਬਣਾਕੇ ਵਰਣਨ ਕਰਦਾ ਹੈ। ਮਿੰਨੀ ਕਹਾਣੀ ਲਈ ਬਿਰਤਾਂਤਕ ਸ਼ੈਲੀ ਵਿਚ ਵਿਸਥਾਰ ਤੇ ਵਧੇਰੇ ਬਿੰਬ ਚਿਤਰਣ ਦੀ ਗੁੰਜਾਇਸ਼ ਨਹੀਂ ਹੁੰਦੀ। ਇਸ ਲਈ ਮਿੰਨੀ ਕਹਾਣੀ ਦਾ ਲੇਖਕ ਸੰਖੇਪ ਪਰਕਥਨ ਸ਼ੈਲੀ ਰਾਹੀਂ ਕਹਾਣੀ ਦਾ ਆਰੰਭ, ਮੱਧ ਅਤੇ ਅੰਤ ਬੜੀ ਸੁਚੱਜਤਾ ਤੋਂ ਜੁਗਤ ਨਾਲ ਕਰਦਾ ਹੈ। ਕਹਾਣੀਕਾਰ

ਕਿਸੇ ਅਨਯ-ਪੁਰਸ਼ ਦੀ ਕਹਾਣੀ ਵਿਚ ਘਟਨਾਵਾਂ, ਸਥਿਤੀ ਚਿਤਰਣ, ਪਾਤਰ ਆਦਿ ਦਾ ਸੰਖੇਪ ਸ਼ੈਲੀ ਵਿਚ ਸਮੇਟਨ ਕਰਦਾ ਹੈ। ਪਰਕਥਨ ਵਿਧੀ ਰਾਹੀਂ ਕਹਾਣੀਕਾਰ ਸਪਸ਼ਟਤਾ ਅਧੀਨ ਆਪ ਘੱਟ ਬੋਲੇ ਪਰ ਕਹਾਣੀ ਆਪਣੇ ਭਾਵ ਆਪ ਪ੍ਰਗਟ ਕਰਦੀ ਹੈ। ਇਸ ਵਿਧੀ ਨਾਲ ਲੇਖਕ ਪਾਤਰਾਂ ਦੀ ਮਾਨਸਿਕਤਾ ਰਾਹੀਂ ਹੁੰਦੇ ਸੰਘਰਸ਼ ਦਾ ਸਹੀ ਢੰਗ ਨਾਲ ਰੂਪਮਾਨ ਕਰਦਾ ਹੈ। ਇਸ ਕਰਕੇ ਇਸ ਵਿਧੀ ਰਾਹੀਂ ਹੀ ਜ਼ਿਆਦਾਤਰ ਨਿੱਕੀ ਕਹਾਣੀਆਂ ਰਚੀਆਂ ਜਾਂਦੀਆਂ ਹਨ।

ਇਸ ਤੋਂ ਇਲਾਵਾ ਨਾਟਕੀ ਅੰਸ਼ ਵਾਲੀ ਸ਼ੈਲੀ ਵੀ ਨਿੱਕੀ ਕਹਾਣੀ ਦੀ ਰਚਨਾ ਵਿਚ ਆਪਣਾ ਯੋਗਦਾਨ ਪਾਉਂਦੀ ਹੈ। ਜਿਸ ਪ੍ਰਕਾਰ ਨਾਟਕ ਲਈ ਨਾਟਕੀ ਦ੍ਰਿਸ਼ ਜਾਂ ਨਾਟਕੀ ਵਾਤਾਵਰਣ ਤੇ ਘਟਨਾਵਾਂ ਆਦਿ ਦਾ ਸੁਮੇਲ ਹੁੰਦਾ ਹੈ ਉਸੇ ਪ੍ਰਕਾਰ ਇਸ ਸ਼ੈਲੀ ਨਾਲ ਨਿੱਕੀ ਕਹਾਣੀ ਵੀ ਇਸਦਾ ਪ੍ਰਯੋਗ ਕਰਦੀ ਹੈ ਪਰੰਤੂ ਨਿੱਕੀ ਕਹਾਣੀ ਵਿਚ ਦ੍ਰਿਸ਼ ਜਾਂ ਵਾਤਾਵਰਣ ਨੂੰ ਵਾਰਤਾਲਾਪ ਰਾਹੀਂ ਹੀ ਬਿਆਨ ਕੀਤਾ ਜਾਂਦਾ ਹੈ। ਇਸ ਲਈ ਵਾਰਤਾਲਾਪ ਨਾਟਕੀ, ਸੰਖੇਪ, ਵਿਅੰਗਾਤਮਕ ਅਤੇ ਤਰਕਪੂਰਨ ਹੋਣੇ ਚਾਹੀਦੇ ਹਨ ਕਿਉਂਕਿ ਨਿੱਕੀ ਕਹਾਣੀ ਵਿਚ ਕਹਾਣੀ ਨੂੰ ਬਿਆਨ ਕਰਨਾ ਹੁੰਦਾ ਹੈ। ਇਸ ਤੋਂ ਇਲਾਵਾ ਆਤਮ ਕਥਨ ਸ਼ੈਲੀ ਅਰਥਾਤ ਕਹਾਣੀਕਾਰ ਕਹਾਣੀ ਲਿਖਦੇ ਸਮੇਂ ਇਹ ਖ਼ਿਆਲ ਰੱਖੇ ਕਿ ਉਹ ਆਤਮ ਕਥਨ ਦੇ ਰੂਪ ਵਿਚ ਮੈਂ ਦਾ ਪ੍ਰਯੋਗ ਕਰਦਾ ਹੈ ਪਰੰਤੂ ਇਹ ਮੈਂ ਨਿੱਜਵਾਚੀ ਨਾਂ ਹੋ ਕੇ ਸਮੂਹਵਾਚੀ ਹੋਣਾ ਅਤਿ ਜ਼ਰੂਰੀ ਹੈ ਕਿਉਂਕਿ ਕਹਾਣੀ ਦਾ ਮਨੋਰਥ ਨਿੱਜਪਰਕ ਨਾ ਹੋ ਕੇ ਸਮੂਹਪਰਕ ਹੋਣਾ ਲਾਜ਼ਮੀ ਹੈ। ਮਿਥਕੀ ਸ਼ੈਲੀ ਕਿਸਮ ਦੀ ਕਹਾਣੀ ਵਿਚ ਇਤਿਹਾਸਕ ਨਾਵਾਂ ਦੇ ਰੂਪ ਵਾਲੇ ਪਾਤਰ ਪੇਸ਼ ਯਥਾਰਥ ਨੂੰ ਨਿਰਗੁਣ, ਨਿਰਾਕਾਰ ਰੂਪ ਵਿਚ ਵਿਅਕਤ ਕਰਨ ਦਾ ਕਾਰਜ ਕੀਤਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਪੁਰਾਣੀ ਮਿਥਕੀ ਕਥਾ ਨੂੰ ਨਵੀਂ ਕਹਾਣੀ ਦੇ ਚੌਖਟੇ ਵਿਚ ਰੱਖਕੇ ਨਵੇਂ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਨਿੱਕੀ ਕਹਾਣੀ ਵਿਚ ਮਿਥਕੀ ਸ਼ੈਲੀ ਦੀ ਵਰਤੋਂ ਸਮੇਂ ਸੰਖੇਪਤਾ, ਸਪਸ਼ਟਤਾ ਤੇ ਸਰਲਤਾ ਬਣਾਈ ਰੱਖਣ ਦੀ ਵਧੇਰੇ ਲੋੜ ਹੈ। ਪ੍ਰਤੀਕ ਰੂਪ ਵਿਚ ਮਿਥਕੀ ਇਤਿਹਾਸਕ ਨਾਮ ਰੂਪ ਵਾਲੇ ਪਾਤਰ ਨਵੀਂ ਸਮਾਜਿਕ ਸਥਿਤੀ ਵਿਚ ਕਿਰਿਆ ਕਰਦੇ ਵਿਖਾਏ ਜਾ ਸਕਦੇ ਹਨ।

ਨਿੱਕੀ ਕਹਾਣੀ ਸਾਹਿਤ ਦਾ ਸਭ ਤੋਂ ਨਵੀਨਤਮ ਰੂਪ ਹੈ। ਪੰਜਾਬੀ ਨਿੱਕੀ ਕਹਾਣੀ ਦਾ ਨਿਕਾਸ ਇਨ੍ਹਾਂ ਪੁਸਤਕਾਂ ਰਾਹੀਂ ਹੋਇਆ ਹੈ ਜਿਵੇਂ 'ਜੀਵਨ ਕਣੀਆਂ' ਕਰਤਾ ਜਸਵੰਤ ਸਿੰਘ ਕੰਵਲ, 'ਧੂੰਆਂ ਤੇ ਬੱਦਲ' ਕਰਤਾ ਜਗਦੀਸ਼ ਅਰਮਾਨੀ, 'ਚੋਭਾਂ' ਕਰਤਾ ਬਿਸ਼ਨ ਸਿੰਘ ਉਪਾਸ਼ਕ ਆਦਿ। ਮੁੱਢਲੇ ਸੰਪਾਦਿਤ ਪੰਜਾਬੀ ਨਿੱਕੀ ਕਹਾਣੀ ਸੰਗ੍ਰਹਿਆਂ ਵਿਚ ਰੌਸ਼ਨ ਫੂਲਵੀ ਦਾ 'ਤਰਕਸ਼' ਅਤੇ ਅਨੰਤ ਕੌਰ ਦਾ 'ਅਬ ਜੂਝਣ ਕੋ ਦਾਓ' ਵਿਸ਼ੇਸ਼ ਸਥਾਨ ਰਖਦੇ ਹਨ। ਪੰਜਾਬੀ ਸਾਹਿਤ ਸਭਾ ਮਾਨਸਾ ਵੱਲੋਂ ਪ੍ਰਕਾਸ਼ਿਤ ਸੰਗ੍ਰਹਿ 'ਤਰਕਸ਼' ਵਿਚ ਰੌਸ਼ਨ ਫੂਲਵੀ ਅਤੇ ਓਮ ਪ੍ਰਕਾਸ਼ ਗਾਸੋ ਨੇ ਅਠਤਾਲੀ ਲੇਖਕਾਂ ਦੀਆਂ 76 ਮਿੰਨੀ ਕਹਾਣੀਆਂ ਮਲਸ਼ਾ ਕੀਤੀਆਂ ਹਨ। ਇਹ ਸੰਗ੍ਰਹਿ 1973 ਵਿਚ ਪ੍ਰਕਾਸ਼ਿਤ ਹੋਇਆ। 1975 ਵਿਚ ਅਨੰਤ ਕੌਰ ਅਤੇ ਸ਼ਰਨ ਮੱਕੜ ਦੁਆਰਾ ਸੰਪਾਦਿਤ ਪੰਜਾਬੀ

ਕਹਾਣੀ ਸੰਗ੍ਰਹਿ 'ਅਬ ਜੂਝਣ ਕੋ ਦਾਓ' ਵਿਚ 63 ਕਹਾਣੀਕਾਰਾਂ ਦੀਆਂ 108 ਮਿੰਨੀ ਕਹਾਣੀਆਂ ਸ਼ਾਮਲ ਹਨ।

ਪੰਜਾਬੀ ਮਿੰਨੀ ਕਹਾਣੀ ਵਿਸ਼ੇ ਪੱਖੋਂ ਬੜੀ ਅਮੀਰ ਹੈ। ਹਰ ਤਰ੍ਹਾਂ ਦੀ ਸਮੱਸਿਆ ਤੇ ਸਮਾਜਕ, ਆਰਥਿਕ, ਰਾਜਨੀਤਿਕ ਭੈੜ, ਗਰੀਬੀ, ਬੇਕਾਰੀ, ਅਨਪੜ੍ਹਤਾ, ਦਲਾਲ, ਨੌਕਰਸ਼ਾਹੀ, ਅਫ਼ਸਰਸ਼ਾਹੀ, ਵਹਿਮ ਭਰਮ, ਫਿਕਰ, ਇੱਕਲਤਾ, ਉਦਾਸੀ ਬੇਚੈਨੀ, ਅਸੁਰੱਖਿਅਤਾ ਕਤਲ, ਹਿਜਰਤ, ਲੁੱਟਾਂ ਖੋਹਾਂ, ਮਾਸੂਮਾਂ ਦੇ ਕਤਲ, ਫਿਰੌਤੀਆਂ, ਘਾਇਲ ਹੁੰਦਾ ਸਾਂਝਾ ਸਭਿਆਚਾਰ, ਉੱਚ ਜਾਤੀ ਹੈਂਕੜ, ਬੌਧਿਕ ਨਿਪੁੰਸਕਤਾ ਹੈ। ਸਮਕਾਲੀ ਜ਼ਿੰਦਗੀ ਦੀਆਂ ਸਾਰੀਆਂ ਮੁਸ਼ਕਲਾਂ, ਸੰਤਾਪ ਤੇ ਮਾਯੂਸੀਆਂ ਨਿੱਕੀ ਕਹਾਣੀ ਦੇ ਨਾਲ ਨਾਲ ਹਨ ਪਰ ਕੋਈ ਜਵਾਬ ਨਹੀਂ।

ਜਗਦੀਸ਼ ਅਰਮਾਨੀ ਅਤੇ ਸੁਲੱਖਣ ਮੀਤ ਕਈ ਸਾਲਾਂ ਤੋਂ ਨਿੱਕੀ ਕਹਾਣੀ ਸੰਗ੍ਰਹਿ 'ਕੂੜ ਫਿਰੇ ਪ੍ਰਧਾਨ' ਵਰਨਣਯੋਗ ਹੈ। ਅਰਮਾਨੀ ਆਪਣੀ ਇਕ ਸਫ਼ਲ ਨਿੱਕੀ ਕਹਾਣੀ 'ਇੱਕੀਵੀਂ ਸਦੀ' ਵਿਚ ਅਖੌਤੀ ਆਧੁਨਿਕ ਨੌਂਹ ਦੇ ਚਰਿਤਰ ਉੱਤੇ ਵਿਅੰਗ ਕਸਦਾ ਹੈ। ਪੰਜਾਬੀ ਨਿੱਕੀ ਕਹਾਣੀ ਵਿਚ ਕੁਝ ਸਰਗਰਮ ਹਸਤਾਖਰ ਹਨ - ਇਕਬਾਲਦੀਪ, ਤੇਜਵੰਤ ਮਾਨ, ਦੇਵਿੰਦਰ ਮੰਡ, ਬਲਬੀਰ ਪਰਵਾਨਾ, ਜਸਬੀਰ ਢੰਡ, ਸੁਖਵਿੰਦਰ ਸਿੰਘ ਸੇਖੋਂ, ਸੁਰਿੰਦਰ ਕੈਲੇ, ਅਤਰ ਤਰਸਿੱਤਾ, ਹਰਭਜਨ ਖੇਮਕਰਨੀ, ਨਿਰੰਜਨ ਬੋਹਾ, ਨੂਰ ਸੰਤੋਖਪੁਰੀ, ਗੁਲਵੰਤ ਮਲੌਦਵੀ, ਦੇਵਿੰਦਰ ਬਿਮਰਾ, ਆਰ.ਐਸ.ਆਜ਼ਾਦ, ਅਵੱਲ ਸਰਹੱਦੀ, ਗੁਰਦੀਪ ਪੁਰੀ, ਰਾਮ ਮੂਰਤ ਸਿੰਘ, ਸੁਰਿੰਦਰ ਮਕਸੂਦਪੁਰੀ ਆਦਿ ਇਸ ਪ੍ਰਕਾਰ ਪੰਜਾਬੀ ਨਿੱਕੀ ਕਹਾਣੀ ਦਾ ਭਵਿੱਖ ਉਜਲਾ ਹੈ।

**ਜਗਦੀਸ਼ ਅਰਮਾਨੀ** ਪੰਜਾਬੀ ਨਿੱਕੀ ਕਹਾਣੀ ਦਾ ਮੋਢੀ ਹੈ। ਅਰਮਾਨੀ ਦੀ ਕਹਾਣੀ 'ਮਲਾਸ਼ੀਆ' ਅਤੇ 'ਮ੍ਰਿਗ ਤ੍ਰਿਸ਼ਨਾ' ਕਹਾਣੀਆਂ ਵਿਸ਼ੇ ਦੇ ਨਿਭਾਅ ਪੱਖੋਂ ਬਹੁਤ ਖੂਬਸੂਰਤ ਹਨ। 'ਜਿੰਨਾ ਨੇੜੇ, ਓਨਾ ਦੂਰ' ਕਹਾਣੀ ਸੂਰਤ ਤੇ ਸੀਰ ਦੇ ਸੱਚ ਨੂੰ ਰੂਪਮਾਨ ਕਰਦੀ ਹੈ। ਇਹ ਕਹਾਣੀ ਅਰਮਾਨੀ ਦੇ ਡੂੰਘੇ ਅਨੁਭਵ ਤੇ ਵਿਸ਼ਾਲ ਤਜਰਬੇ ਨੂੰ ਸ਼ਿੱਦਤ ਨਾਲ ਪੇਸ਼ ਕਰਦੀ ਹੈ। 'ਸਿਸਕੀਆਂ' ਰਚਨਾ 'ਜੈਸੀ ਕਰਨੀ ਵੈਸੀ ਭਰਨੀ' ਦੀ ਕਹਾਵਤ ਦੀ ਹਾਮੀ ਭਰਦੀ ਹੈ। 'ਕਮਾਨੀਚਾਰ ਚਾਕੂ' ਕਹਾਣੀ ਮਾਨਵੀ ਰਿਸ਼ਤਿਆਂ ਦਾ ਮਾਨਵੀ ਕਰਨ ਪ੍ਰਗਟਾਉਂਦੀ ਹੈ। ਇਸ ਤਰ੍ਹਾਂ ਜਗਦੀਸ਼ ਅਰਮਾਨੀ ਇਕ ਸੁਚੱਜਾ ਨਿੱਕੀ ਕਹਾਣਕਾਰ ਸਹਿਜੇ ਹੀ ਆਖਿਆ ਜਾ ਸਕਦਾ ਹੈ। ਜੇ ਲੋੜ ਹੈ ਤਾਂ ਭਾਸ਼ਾ ਸੰਜਮ ਦੀ। ਜਗਦੀਸ਼ ਅਰਮਾਨੀ ਤੋਂ ਇਲਾਵਾ ਪ੍ਰੋ. ਹਮਦਰਦਵੀਰ ਨੌਸ਼ਿਹਿਰਵੀ ਨੇ ਵੀ ਕੁਝ ਬਿੰਦੂ ਕਹਾਣੀਆਂ ਲਿਖੀਆਂ ਹਨ। ਉਸਦੀ ਕਹਾਣੀ 'ਵਰ ਲੋੜ ਮੈਚ' ਦੀ ਸਮੱਸਿਆ ਦੀ ਕਹਾਣੀ ਹੈ। ਉਸਦੀ ਇਕ ਹੋਰ ਕਹਾਣੀ ਹੈ 'ਜਾਇਜ਼ਾ ਜਾਰੀ ਹੈ।' ਇਹ ਲਘੂ ਕਥਾ ਰਾਜਨੀਤੀ ਦੇ ਆਡੰਬਰਾਂ ਤੇ ਕਟਾਖ਼ਸ਼ ਹੈ। ਚੁਸਤ ਫਿਕਰੇ ਬਾਜ਼ੀ ਇਸ ਕਹਾਣੀ ਦੀ ਮੁਖ ਸੁਰ ਹੈ। ਹਮਦਰਦਵੀਰ ਨੌਸ਼ਿਹਰਵੀ ਨੇ ਸਾਡੇ ਸਮਾਜ ਵਿਚ ਪੈਸੇ ਦੀ 'ਦੌੜ' 'ਤੇ ਸਟਾਇਰ ਕੀਤਾ ਹੈ, ਜਦੋਂ ਕਿ ਪੜ੍ਹਾਈ ਲਿਖਾਈ ਤੇ ਲਿਆਕਤ ਦਾ ਕੋਈ ਮੁੱਲ ਨਹੀਂ। ਪ੍ਰੋ. ਹਮਦਰਦਵੀਰ ਕੋਲ ਵਿਸ਼ੇ ਵੀ ਹਨ, ਵਿਅੰਗ ਵੀ ਹੈ, ਚੁਸਤ ਫਿਕਰੇ ਵੀ ਹਨ, ਪਰ

ਸੰਖੇਪਤਾ ਨਹੀਂ। ਇਸੇ ਲਈ ਉਸ ਦੀਆਂ ਨਿੱਕੀਆਂ ਕਹਾਣੀਆਂ ਥਿੜਕ ਕੇ ਬਿਖਰ ਜਾਂਦੀਆਂ ਹਨ।

**ਗੁਰਮੇਲ ਮਡਾਹੜ** ਨਿੱਕੀ ਕਹਾਣੀ ਦੇ ਖੇਤਰ ਇਕ ਜਾਣਿਆ ਪਛਾਣਿਆ ਨਾਂ ਹੈ। ਪੇਂਡੂ ਜ਼ਮੀਨ ਦਾ ਹੋਣ ਕਾਰਨ ਉਸਨੇ ਕਹਾਣੀਆਂ ਵਿਚ ਜਿੱਥੇ ਪਿੰਡਾਂ ਦੀ ਗੱਲ ਕੀਤੀ ਹੈ, ਉਥੇ ਉਸਨੇ ਸ਼ਹਿਰਾਂ ਨਾਲ ਜੁੜਨ ਤੋਂ ਬਾਅਦ ਸ਼ਹਿਰੀ ਜੀਵਨ ਦਾ ਵੀ ਸਫ਼ਲਤਾ ਪੂਰਵਕ ਚਿਤਰਨ ਕੀਤਾ ਹੈ। ਰੌਸ਼ਨੀ ਇਕ ਸਿੰਬੋਲਿਕ ਰਚਨਾ ਹੈ। ਇਕ ਬਿਹਤਰ ਜ਼ਿੰਦਗੀ ਲਈ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸੰਘਰਸ਼ ਜ਼ਰੂਰੀ ਹੈ। ਕਿਉਂਕਿ ਜ਼ਿੰਦਗੀ ਆਤਮ-ਹੱਤਿਆ ਦੀ ਦੁਕਾਨ ਨਹੀਂ ਹੁੰਦੀ। ਉਸਦੀ 'ਅਹਿਸਾਸ' ਮਿੰਨੀ ਕਹਾਣੀ ਵਿਚ ਫੁੱਲਾਂ ਦੀ ਪਰਿਭਾਸ਼ਾ ਨੂੰ ਬਹੁਤ ਸੁੰਦਰ ਢੰਗ ਨਾਲ ਰੂਪਮਾਨ ਕੀਤਾ ਗਿਆ ਹੈ।

ਇਸੇ ਪ੍ਰਕਾਰ **ਰਾਜਿੰਦਰ ਕੌਰ ਵੰਤਾ** ਨਿੱਕੀ ਕਹਾਣੀ ਖ਼ੇਤਰ ਵਿਚ ਇਕ ਉਭਰਵਾਂ ਨਾਂ ਹੈ। ਉਸਦੀ ਪਲੇਠੀ ਨਿੱਕੀ ਕਹਾਣੀ ਪੁਸਤਕ 'ਪਰਵਾਸੀ' ਪੰਛੀ' ਕਾਫ਼ੀ ਚਰਚਿਤ ਹੋਈ ਹੈ ਤੇ ਜਿਸ ਵਿਚ ਉਸਦੀਆਂ ਕਈ ਕਹਾਣੀਆਂ ਧਿਆਨ ਖਿੱਚਦੀਆਂ ਹਨ। ਵੰਤਾ ਦੀ ਕਹਾਣੀ 'ਬੰਜਰ ਧਰਤੀ' ਔਰਤ ਦੀ ਮਜ਼ਬੂਰੀ ਦੀ ਰਚਨਾ ਹੈ ਕਿਉਂਕਿ ਜੇ ਔਰਤ ਬਾਂਝ ਹੈ ਤਾਂ ਉਸਦੀ ਖ਼ੂਬਸੂਰਤੀ ਵੀ ਸਾਡੇ ਸਮਾਜ ਐਵਮ ਪਰਿਵਾਰ ਹੋ ਕੇ ਰਹਿ ਜਾਂਦੀ ਹੈ। 'ਰਿਸ਼ਵਤ' ਕਹਾਣੀ ਵਰਗੀ ਲਾਹਨਤ 'ਤੇ ਵਿਅੰਗ ਕਰਦੀ ਹੈ ਕਿਉਂਕਿ ਰਿਸ਼ਵਤ ਇਕ ਸਰਬ ਵਿਆਪੀ ਵਰਤਾਰਾ ਬਣ ਚੁੱਕੀ ਹੈ ਨੇੜੇ ਭਵਿੱਖ ਵਿਚ ਇਸ ਤੋਂ ਛੁਟਕਾਰੇ ਦੇ ਕੋਈ ਆਸਾਰ ਨਜ਼ਰ ਨਹੀਂ ਆਉਂਦੇ।

**ਦਰਸ਼ਨ ਮਿਤਵਾ** ਪ੍ਰਸਿੱਧ ਲੇਖਕ ਹੈ, ਜਿਸਨੇ ਨਿਰੰਤਰ ਕਹਾਣੀਆਂ, ਨਾਵਲੈਟ ਤੇ ਨਾਟਕਾਂ ਦੀ ਸਿਰਜਣਾ ਕੀਤੀ ਹੈ ਤੇ ਜਿਸਦੀਆਂ ਅੱਧੀ ਦਰਜਨ ਤੋਂ ਵਧੀਕ ਪੁਸਤਕਾਂ ਛਪ ਚੁੱਕੀਆਂ ਹਨ। ਉਸਦਾ ਨਿੱਕੀ ਕਹਾਣੀ ਦਾ ਸੰਗ੍ਰਹਿ 'ਸੰਵਿਧਾਨ ਰੋਂਦਾ ਹੈ' ਸੰਨ 78-79 ਵਿਚ ਛਪਿਆ ਸੀ। ਜਿਸ ਵਿਚ ਉਸ ਨੇ ਕਈ ਮਿਆਰੀ ਕਹਾਣੀਆਂ ਸ਼ਾਮਿਲ ਕੀਤੀਆਂ ਸਨ। ਉਸਦੀ ਮਿੰਨੀ ਕਹਾਣੀ 'ਤੀਵੀਂ ਤੇ ਮੋਮਬੱਤੀਆਂ' ਦਾ ਵਿਸ਼ੇਸ਼ ਤੌਰ 'ਤੇ ਉਲੇਖ ਕਰਨਾ ਬਣਦਾ ਹੈ। ਇਵੇਂ ਹੀ ਇਕ ਹੋਰ ਲਘੂ ਕਥਾ 'ਮਾਪਦੰਡ' ਹੈ। ਇਸ ਕਥਾ ਵਿਚ ਮਿੱਤਵਾ ਨੇ 'ਫ਼ਸਲ' ਦੀ ਕਮਾਈ ਤੇ ਇਕ ਸ਼ਾਹੂਕਾਰ ਤੇ ਜ਼ਿਮੀਦਾਰ ਦੀ 'ਸੋਚਣੀ' ਦੇ ਮਾਪਦੰਡਾਂ ਨੂੰ ਜਿਸ ਸ਼ਿੱਦਤ ਨਾਲ ਰੂਪਮਾਨ ਕੀਤਾ ਹੈ, ਉਹ ਇਕ ਠੋਸ ਸਚਾਈ ਹੈ। ਸ਼ਾਹੂਕਾਰ ਪੈਸੇ ਆਉਣ ਦੀ ਸੂਰਤ ਤੇ ਕੁੜੀ ਦੇ ਵਿਆਹ ਬਾਰੇ ਸੋਚਦਾ ਹੈ ਤੇ ਜ਼ਿਮੀਦਾਰ ਦੁਸ਼ਮਣਾਂ ਦੇ ਬੰਦੇ ਮਾਰਨ ਬਾਰੇ।

ਇਸੇ ਪ੍ਰਕਾਰ **ਧਰਮਪਾਲ ਸਹਿਗਲ** ਇਕ ਹੋਰ ਨਾਂ ਹੈ ਜੋ ਨਿੱਕੀ ਕਹਾਣੀ ਦੇ ਖੇਤਰ ਵਿਚ ਸਵੈ ਦ੍ਰਿੜ ਸਾਧਨਾ ਦਾ ਪ੍ਰਮੁੱਖ ਸਰੋਤ ਹੈ। ਉਹਦੀ ਇਕ ਨਿੱਕੀ ਕਹਾਣੀ ਸੰਗ੍ਰਹਿ 'ਅੱਕ ਦੇ ਬੀਅ' ਤੇ ਇਕ ਸੰਪਾਦਤ ਮਿੰਨੀ ਕਹਾਣੀ ਸੰਗ੍ਰਹਿ 'ਪੜਾਅ ਤੇ ਪੜਚੋਲ' ਛਪ ਚੁੱਕਾ ਹੈ। ਉਸਦੀ 'ਪਛਾਣ' ਨਿੱਕੀ ਕਹਾਣੀ 'ਬੰਬਾਂ ਦੀ ਰਾਜਨੀਤੀ' ਦਾ ਮੂਲੋਂ ਹੀ ਵਿਰੋਧ ਕਰਦੀ ਹੈ। ਜ਼ਿੰਦਗੀ ਵਿਚ ਹੀ ਨਹੀਂ, ਮਹਿਜ਼ ਇਕ ਸਕੂਲੀ ਨਾਟਕ ਵਿਚ ਵੀ ਵਿਤਕਰੇ ਦੀ ਕਥਾ ਹੈ। ਇਸੇ ਤਰ੍ਹਾਂ ਕੁਝ ਹੋਰ ਨਾਮਵਾਰ ਕਹਾਣੀਕਾਰ ਦੇ ਨਾਂ ਵੀ

ਉਲਖਯੋਗ ਹਨ ਜਿਵੇਂ **ਕਰਮਵੀਰ ਸਿੰਘ** ਦੀ ਕਹਾਣੀ (ਪੈਰ ਤੇ ਬੂਟ), ਕਹਾਣੀ ਸੰਗ੍ਰਹਿ 'ਮਰਦ' ਵਿਚ ਵੀ ਉਸਨੇ ਸਮਾਜ ਵਿਚ ਮਰਦ ਦੀ ਅਹਿਮੀਅਤ ਨੰ ਪੇਸ਼ ਕੀਤਾ ਹੈ। ਇਸੇ ਪ੍ਰਕਾਰ **ਮਨਮੋਹਨ ਕੌਰ** ਦਾ ਨਾਂ ਵੀ ਇਸ ਖੇਤਰ ਵਿਚ ਆਇਆ ਹੈ। ਉਸਦਾ ਕਹਾਣੀ ਸੰਗ੍ਰਹਿ 'ਔਰਤ ਤੋਂ ਔਰਤ ਤੱਕ' ਵੀ ਪ੍ਰਕਾਸ਼ਿਤ ਹੋ ਚੁੱਕਾ ਹੈ। ਇਸ ਪ੍ਰਕਾਰ ਪੰਜਾਬੀ ਨਿੱਕੀ ਕਹਾਣੀ ਪੜਾਅ ਦਰ ਪੜਾਅ ਆਪਣੀ ਮੰਜ਼ਿਲ ਵਲ ਵਧ ਰਹੀ ਹੈ।

| | | |
|---|---|---|
| 1) | ਜਗਦੀਸ਼ ਅਰਮਾਨੀ | ਧੂੰਆਂ ਤੇ ਬੱਦਲ, ਕੂੜ ਫਿਰੇ ਪਰਧਾਨੁ, ਇਕ ਕਾਫ਼ਲਾ |
| 2) | ਸਤਵੰਤ ਕੈਂਥ | ਬਰਫ਼ ਦਾ ਟੁਕੜਾ, ਕੀੜੀਆਂ ਦਾ ਭੌਣ, ਫੇਰ ਕੀ ਹੋਇਆ, ਦਸ ਰੁਪਏ, ਤਿਣਕੇ |
| 3) | ਕਰਮਵੀਰ ਸਿੰਘ | ਨਿੱਕੀਆਂ ਗੱਲਾਂ-ਵੱਡੀਆਂ ਗੱਲਾਂ, ਮਾਇਆ ਜਾਲ |
| 4) | ਰਾਜਿੰਦਰ ਕੌਰ ਵੰਤਾ | ਪਰਵਾਸੀ ਪੰਛੀ, ਸਕਤਾ |
| 5) | ਅਵੱਲ ਸਰਹੱਦੀ | ਖ਼ਬਰਨਾਮਾ |
| 6) | ਸੁਖਦੇਵ ਸਿੰਘ ਸ਼ਾਂਤ | ਸਿੰਮਲ ਰੁੱਖ |
| 7) | ਜਸਰੂਪ ਦਾਤੇਵਾਸ | ਅੰਗ ਸੰਗ |

# ਪ੍ਰਮੁੱਖ ਕਹਾਣੀਕਾਰ

## ਸੁਜਾਨ ਸਿੰਘ

ਸੁਜਾਨ ਸਿੰਘ ਪੰਜਾਬੀ ਦੇ ਮੋਢੀ ਕਹਾਣੀਕਾਰਾਂ ਵਿਚੋਂ ਇਕ ਹੈ। ਉਹ ਸਾਧਾਰਨ ਮਨੁੱਖ ਨੂੰ ਹੀ ਆਪਣੀ ਰਚਨਾ ਦਾ ਆਧਾਰ ਬਣਾਉਂਦਾ ਹੈ। ਉਹ ਨਿਮਨ ਵਰਗ ਦੇ ਮਸਲਿਆਂ ਨੂੰ ਅਭਿਵਿਅਕਤ ਕਰਕੇ ਕੋਈ ਦਿਸ਼ਾ ਪ੍ਰਦਾਨ ਕਰਨੀ ਚਾਹੁੰਦਾ ਹੈ ਤਾਂ ਜੋ ਸ਼ੋਸ਼ਤ ਵਰਗ ਦੀ ਹੋਣੀ ਨੂੰ ਬਦਲਿਆ ਜਾ ਸਕੇ।

**(ੳ) ਨਿਮਨ ਵਰਗ ਦਾ ਯਥਾਰਥ :** ਸੁਜਾਨ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਨਿਮਨ ਵਰਗ ਦੇ ਦੁਖਾਂਤਕ ਜੀਵਨ ਨੂੰ ਯਥਾਰਥਕ ਰੂਪ ਵਿਚ ਚਿਤਰਿਆ ਹੈ। ਮੁੱਢਲੇ ਕਹਾਣੀ 'ਦੁਖ ਸੁਖ' ਵਿਚ ਉਸਦੀ ਦ੍ਰਿਸ਼ਟੀ ਰੋਮਾਂਟਿਕ, ਆਦਰਸ਼ਵਾਦੀ, ਸੁਧਾਰਵਾਦੀ ਹੀ ਰਹੀ ਪਰੰਤੂ ਬਾਅਦ ਦੀਆਂ ਰਚਨਾਵਾਂ ਵਿਚ ਉਸਦਾ ਜੀਵਨ ਪਕੇਰਾ ਅਤੇ ਯਥਾਰਥਵਾਦੀ ਹੁੰਦਾ ਗਿਆ। 'ਦੁਖ ਸੁਖ ਤੋਂ ਪਿਛੋਂ' ਸੰਗ੍ਰਹਿ ਵਿਚ ਉਸਦੀ ਦ੍ਰਿਸ਼ਟੀ ਕੁਝ ਵਧੇਰੇ ਡੂੰਘੀ ਤੇ ਆਂਤਰਿਕ ਯਥਰਾਥਵਾਦੀ ਹੋਈ। ਸਭ ਰੰਗ, ਨਰਕਾਂ ਦੇ ਦੇਵਤੇ, ਮਨੁੱਖ ਤੇ ਪਸ਼ੂ ਤੇ ਨਵਾਂ ਰੰਗ (ਡੇਢ ਆਦਮੀ) ਇਸ ਦੌਰ ਦੇ ਵਰਣਨਯੋਗ ਕਹਾਣੀ ਸੰਗ੍ਰਹਿ ਹਨ। ਸੁਜਾਨ ਸਿੰਘ ਨੇ ਆਪਣੇ ਸਮਕਾਲੀ ਸਮਾਜ ਵਿਚ ਨੀਵੀਆਂ ਸ਼੍ਰੇਣੀਆਂ ਨਾਲ ਹੁੰਦੇ ਅਜਿਹੇ ਅਨਿਆਂ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਕੀਤਾ। ਉਸ ਨੇ ਆਪਣੀਆਂ ਰਚਨਾਵਾਂ ਵਿਚ ਇਸ ਸਮੱਸਿਆ ਨੂੰ ਕਲਾਤਮਕ ਢੰਗ ਨਾਲ ਪ੍ਰਸਤੁਤ ਕੀਤਾ। 'ਪ੍ਰਾਹੁਣਾ' (ਸਭ ਰੰਗ), ਇਕੋ ਰਸਤਾ' (ਮਨੁੱਖ ਤੇ ਪਸ਼ੂ), 'ਹਮਦਰਦ', 'ਕੁੱਤਾ', 'ਮਨੁੱਖ ਤੇ ਪਸ਼ੂ', (ਮਨੁੱਖ ਤੇ ਪਸ਼ੂ), 'ਇਜਤ ਦਾ ਸਵਾਲ' (ਨਰਕਾਂ ਦੇ ਦੇਵਤੇ) ਆਦਿ ਕਹਾਣੀਆਂ ਵਿਚ ਨੀਵੀਆਂ ਸ਼੍ਰੇਣੀਆਂ ਦੇ ਪਾਤਰਾਂ ਨੂੰ ਸਮਾਜਕ ਤੌਰ 'ਤੇ ਹੀਣ ਤੇ ਕਮਜ਼ੋਰ ਦਰਸਾਇਆ ਗਿਆ ਹੈ।

**ਸਮਾਜਵਾਦ ਦਾ ਚਿੱਤਰ :** ਸੁਜਾਨ ਸਿੰਘ ਦੀਆਂ ਆਪਣੀਆਂ ਕਹਾਣੀਆਂ ਵਿਚ ਆਪਣੇ ਸੁਪਨਿਆਂ ਦੇ ਸੰਸਾਰ, ਸਮਾਜਵਾਦ ਆਦਰਸ਼ਵਾਦ ਪੇਸ਼ ਕੀਤਾ ਹੈ। ਉਹ 'ਲਾਲ ਮੁਨੀ ਦਾ ਫੇਰਾ', 'ਹਮਦਰਦ', 'ਪਰਦਾ', 'ਇਮਤਿਹਾਨ', 'ਇਕੋ ਰਸਤਾ', 'ਗਰਮ ਕੋਟ', 'ਮਹਾਂ ਕਵੀ', 'ਗਲਤੀ', 'ਡੇਢ ਆਦਮੀ', 'ਮਨੁੱਖ ਤੇ ਪਸ਼ੂ', 'ਪਹੁ ਫੁੱਟ ਪਈ', 'ਹੱਲ', 'ਭੀਸ਼ਮ ਤਪੱਸਿਆ', 'ਚੋਰ ਤੇ ਸਾਧ', 'ਮਹਾਤਮਾ' ਆਦਿ ਕਹਾਣੀਆਂ ਵਿਚ ਭਵਿੱਖ ਦੇ ਚੰਗੇਰੇ ਸਮਾਜ ਵੱਲ ਸੰਕੇਤ ਕਰਦਾ ਹੈ।

**ਔਰਤ ਦਾ ਯਥਾਰਥ :** ਸੁਜਾਨ ਸਿੰਘ ਨੇ ਔਰਤ ਦੇ ਦੁਖਾਂਤ, ਉਸ ਦੀ ਵੇਦਨਾ ਤੇ ਉਸ ਦੀ ਸਮਾਜਕ, ਆਰਥਿਕ ਤੇ ਮਾਨਸਿਕ ਸਥਿਤੀ ਨੂੰ ਬਹੁਤ ਸਾਰੀਆਂ ਕਹਾਣੀਆਂ ਦਾ ਕੇਂਦਰੀ ਥੀਮ ਬਣਾਇਆ ਹੈ। 'ਰੱਬ ਦੀ ਮੌਤ' (ਦੁੱਖ ਸੁਖ ਤੋਂ ਪਿਛੋਂ), 'ਬੰਦ

ਖਲਾਸ','ਐਕਸੀਡੈਂਟ', 'ਕੁੱਤਾ', 'ਨਰਸ' ਆਤਮਾ ਦੀ ਸ਼ਾਂਤੀ ਆਦਿ ਕਹਾਣੀਆਂ ਅਜਿਹੇ ਹੀ ਭਾਵ ਉਤਪੰਨ ਕਰਦੀਆਂ ਹਨ।

**ਲੇਖਕ ਤੇ ਸਮਾਜ :** ਸੁਜਾਨ ਸਿੰਘ ਇਕ ਮਨੋਰਥ ਦੀ ਪ੍ਰਾਪਤੀ ਲਈ ਸਾਹਿਤ ਰਚਨਾ ਕਰਦਾ ਹੈ। 'ਮਹਾਂ ਕਵੀ', 'ਦੋਸਤ' (ਡੇਢ ਆਦਮੀ), 'ਗਰਮ ਕੋਟ' (ਨਰਕਾਂ ਦੇ ਦੇਵਤੇ), 'ਕਲਮ ਜਾਗ ਪਈ' (ਸ਼ਹਿਰ ਤੇ ਗ੍ਰਾਂ), ਘੜੀ ਦੀ ਦੁਨੀਆਂ (ਦੁਖ ਸੁਖ) ਆਦਿ ਕਹਾਣੀਆਂ ਲੇਖਕ ਦੇ ਸਮਾਜਿਕ ਕਰਤੱਵ ਅਤੇ ਉਸ ਦੀਆਂ ਆਰਥਿਕ ਮੰਦਹਾਲੀ ਨੂੰ ਪ੍ਰਸਤੁਤ ਕਰਦੀਆਂ ਹਨ।

**ਜੰਗ ਦਾ ਵਿਰੋਧ :** ਸੁਜਾਨ ਸਿੰਘ ਨੇ 'ਗਲਤੀ' (ਡੇਢ ਆਦਮੀ), 'ਮਹਾਂ ਕਵੀ' (ਡੇਢ ਆਦਮੀ), 'ਝੂਠ ਤੇ ਸੱਚ' (ਡੇਢ ਆਦਮੀ), 'ਗੁਲਾਬ' (ਸਵਾਲ ਜਵਾਬ), 'ਗਰਮ ਕੋਟ' (ਨਰਕਾਂ ਦੇ ਦੇਵਤੇ) ਆਦਿ ਕਹਾਣੀਆਂ ਵਿਚ ਜੰਗ ਦੇ ਕਰੂਰ ਯਥਾਰਥ ਦੀ ਪੇਸ਼ਕਾਰੀ ਕਰਕੇ ਅਮਨ ਨੂੰ ਮਨੁੱਖੀ ਵਿਕਾਸ ਦੀ ਅਹਿਮ ਜ਼ਰੂਰਤ ਵਜੋਂ ਪ੍ਰਸਤੁਤ ਕੀਤਾ ਹੈ।

**ਪਿਆਰ ਅਨੁਭਵ :** ਸੁਜਾਨ ਸਿੰਘ ਦੀਆਂ ਮੁੱਢਲੇ ਦੌਰ ਦੀਆਂ ਕਹਾਣੀਆਂ ਵਿਚ ਰੁਮਾਂਸਵਾਦੀ ਪ੍ਰਵਿਰਤੀ ਭਾਰੂ ਰਹੀ ਹੈ। 'ਘੜੀ ਦੀ ਦੁਨੀਆਂ', 'ਲੁਕਣ ਮੀਚੀ', 'ਰਾਸ ਲੀਲਾ', 'ਪੁਨਰ ਜਨਮ', 'ਚਿੱਠੀ ਦੀ ਉਡੀਕ', 'ਭੁਲੇਖਾ', ਤੇ 'ਐਕਸੀਡੈਂਟ' ਆਦਿ ਕਹਾਣੀਆਂ ਵਿਚੋਂ ਲੇਖਕ ਦਾ ਪਿਆਰ ਅਨੁਭਵ ਪ੍ਰਗਟ ਹੁੰਦਾ ਹੈ।

**ਦੇਸ਼ ਦੀ ਵੰਡ ਦਾ ਯਥਾਰਥ :** ਸੁਜਾਨ ਸਿੰਘ ਨੇ ਦੇਸ਼ ਵੰਡ ਨਾਲ ਸੰਬੰਧਿਤ ਕਹਾਣੀਆਂ ਦੀ ਰਚਨਾ ਵੀ ਕੀਤੀ ਹੈ। ਜਿਵੇਂ 'ਗਊ ਮਾਤਾ', 'ਮੁਗ਼ਲ ਖਾਲਸਾ' 'ਰੋਲ ਨੰਬਰ ਇਕ' (ਨਰਕਾਂ ਦੇ ਦੇਵਤੇ), 'ਮਨੁੱਖ ਤੇ ਪਸ਼ੂ' (ਮਨੁੱਖ ਤੇ ਪਸ਼ੂ), 'ਪਹੁ ਫੁੱਟ ਪਈ', (ਡੇਢ ਆਦਮੀ ਤੇ ਹੋਰ ਕਹਾਣੀਆਂ), 'ਖੁਸ਼ੀ ਦਾ ਦਿਨ' (ਡੇਢ ਆਦਮੀ ਤੇ ਹੋਰ ਕਹਾਣੀਆਂ) ਆਦਿ ਵਿਚ ਦੇਸ਼ ਵੰਡ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ।

**ਸਿੱਖ ਗੁਰੂਆਂ ਨਾਲ ਸੰਬੰਧਿਤ ਕਹਾਣੀਆਂ :** ਸੁਜਾਨ ਸਿੰਘ ਨੇ ਗੁਰੂ ਅਮਰਦਾਸ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਦੇ ਆਧਾਰ 'ਤੇ ਦੋ ਕਹਾਣੀ ਸੰਗ੍ਰਹਿ ਲਿਖੇ ਹਨ। 'ਇਕ ਕਲਗੀ ਦੀਆਂ ਅਣੀਆਂ' ਤੇ ਦੂਜਾ 'ਅਮਰ-ਗੁਰ-ਰਿਸ਼ਮਾ'।

ਸੁਜਾਨ ਸਿੰਘ ਨੇ ਵੀ ਕਹਾਣੀ ਦੇ ਖੇਤਰ ਵਿਚ ਮਹਾਨ ਰਚਨਾ ਕੀਤੀ। ਸਮਾਜਵਾਦ, ਸਮਾਜਵਾਦੀ ਯਥਾਰਥਵਾਦ, ਸਮਾਜਕ ਚੇਤਨਤਾ, ਮਾਨਵਵਾਦ, ਆਰਥਕ ਸਿਧਾਂਤ ਆਦਿ ਪੱਖਾਂ ਤੋਂ ਉਸ ਦੀਆਂ ਕਹਾਣੀਆਂ ਨੂੰ ਜਾਂਚਿਆ ਜਾ ਸਕਦਾ ਹੈ। ਰਜਾਈ, ਗਰਮਕੋਟ, ਰਾਸਲੀਲਾ, ਕੁਲਫੀ, ਪਠਾਨ ਦੀ ਧੀ ਆਦਿ ਕੁਝ ਕੁ ਪ੍ਰਸਿੱਧ ਹਨ। ਮੁਢਲੀਆਂ ਕਹਾਣੀਆਂ ਵਿਚ ਉਸਨੇ ਜੀਵਨ ਦੀਆਂ ਸਮਾਜਕ ਅਤੇ ਆਰਥਕ ਅਹੁਰਾਂ ਦਾ ਯਥਾਰਥਕ ਵਰਣਨ ਕੀਤਾ ਹੈ। ਇਸ ਨੇ ਸ਼ੋਸ਼ਣ, ਠਗੇਬਾਜ਼ੀ, ਸਮਾਜਿਕ ਅਨਿਆਂ, ਨਿੱਜੀ ਮਾਲਕੀ, ਕਲਾ ਜੀਵਨ ਲਈ, ਔਰਤ ਜਾਤ ਦੀ ਨਿਰਬਲਤਾ ਤੇ ਜ਼ੁਲਮ ਸਹਿਣ ਦੀ ਵੰਡ, ਧਰਮ ਦਾ ਅਖਾਉਤੀਪਣ ਅਨੇਕਾਂ ਮਸਲਿਆਂ ਨੂੰ ਲਿਆ ਹੈ। ਇਹ

ਕਹਾਣੀਆਂ ਭਾਰਤ ਦੀ ਸੁਤੰਤਰਤਾ ਤੋਂ ਪਹਿਲੇ ਦੀਆਂ ਵਧੇਰੇ ਸਫ਼ਲ ਸਮਾਜਿਕ ਕਹਾਣੀਆਂ ਹਨ।

ਸੁਜਾਨ ਸਿੰਘ ਦੇ ਨਾਰੀ ਪਾਤਰ ਗਰੀਬੀ, ਭੁੱਖ, ਦੁੱਖ ਸਰਮਾਏਦਾਰ ਦੀਆਂ ਵਧੀਕੀਆਂ, ਕਾਮਿਆਂ ਦੀ ਮੁਸ਼ਕਲਾਂ ਦੇ ਸ਼ਿਕਾਰ ਹਨ। ਇਸਤਰੀ ਜਾਤੀ ਨਾਲ ਸਮਾਜ ਵੱਲੋਂ ਹੋ ਰਹੀਆਂ ਜ਼ੋਰ ਜ਼ਬਰਦਸਤੀਆਂ ਦਾ ਚਿਤਰਨ ਕੀਤਾ ਹੈ। ਔਰਤ ਦਾ ਮਨੋ-ਵਿਸ਼ਲੇਸ਼ਣ ਬਹੁਤ ਹੀ ਖ਼ੂਬਸੂਰਤੀ ਨਾਲ ਕੀਤਾ ਹੈ। ਮਾਰਕਸਵਾਦ ਦਾ ਪ੍ਰਭਾਵ ਵਿਸ਼ੇਸ਼ ਰੂਪ 'ਚ ਕਬੂਲ ਕੀਤਾ ਜੋ ਉਸ ਦੀ ਸਮੁੱਚੀ ਰਚਨਾ ਵਿਚੋਂ ਝਲਕਦਾ ਹੈ। ਸੁਜਾਨ ਸਿੰਘ ਨੇ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਮਜ਼ਦੂਰ, ਕਿਸਾਨ ਅਤੇ ਹੋਰ ਨਿਮਨ ਵਰਗਾਂ ਦੀ ਆਰਥਿਕ ਤੇ ਸਮਾਜਿਕ ਮੰਦਹਾਲੀ ਦਾ ਚਿਤਰਣ ਬਹੁਤ ਸਿੱਦਤ ਨਾਲ ਕੀਤਾ ਹੈ।

ਤਕਨੀਕ ਦੇ ਪੱਖ ਤੋਂ ਸੁਜਾਨ ਸਿੰਘ ਦੀਆਂ ਕਹਾਣੀਆਂ ਵਿਚ ਸਭ ਤੋਂ ਵਧੇਰੇ ਬਲ ਕਥਾਨਕ-ਸਿਰਜਣ ਉਤੇ ਦਿੱਤਾ ਜਾਂਦਾ ਹੈ। ਕਥਾ ਰੰਗ ਅਤੇ ਵਿਅੰਗ ਸਿਰਜਣਾ ਉਸ ਦੀਆਂ ਕਹਾਣੀਆਂ ਦੀਆਂ ਦੋ ਉਭਰਵੀਆਂ ਜੁਗਤਾਂ ਹਨ। ਸੁਜਾਨ ਸਿੰਘ ਪ੍ਰਗਤੀਵਾਦੀ ਸਾਹਿਤਕ ਲਹਿਰ ਦੇ ਪ੍ਰਭਾਵ ਅਧੀਨ ਸਾਹਿਤ ਰਚਨਾ ਕਰਦਾ ਹੈ। ਉਹ ਇਕ ਪ੍ਰਤੀਬੱਧ ਕਹਾਣੀਕਾਰ ਹੈ, ਜੋ ਨਾ ਸਿਰਫ਼ ਨਿਮਨ ਸ਼ੋਸ਼ਿਤ ਵਰਗ ਦੀਆਂ ਸਮਾਜਕ-ਆਰਥਿਕ ਔਕੜਾਂ ਨੂੰ ਆਪਣੀਆਂ ਰਚਨਾਵਾਂ ਵਿਚ ਅਭਿਅਕਤੀ ਦੇ ਕੇ ਸੰਤਸ਼ਟ ਹੋ ਜਾਂਦਾ ਹੈ, ਸਗੋਂ ਆਪਣੇ ਅਮਲੀ ਜੀਵਨ ਵਿਚ ਵੀ ਕਿਰਤੀ-ਕਾਮਿਆਂ ਦੇ ਸੰਘਰਸ਼ ਨਾਲ ਡੱਟ ਕੇ ਖਲੋਂਦਾ ਰਿਹਾ ਹੈ।

### ਕਰਤਾਰ ਸਿੰਘ ਦੁੱਗਲ

ਕਰਤਾਰ ਸਿੰਘ ਦੁੱਗਲ ਨੇ ਨਾਵਲ, ਨਾਟਕ, ਕਵਿਤਾ ਅਤੇ ਵਾਰਤਕ ਦੇ ਖੇਤਰ ਵਿਚ ਵੀ ਭਰਪੂਰ ਰਚਨਾ ਕੀਤੀ ਹੈ। ਉਸਦੀ ਕਹਾਣੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ : ਸਵੇਰ ਸਾਰ, ਪਿੱਪਲ ਪੱਤੀਆਂ, ਕੁੜੀ ਕਹਾਣੀ ਕਰਦੀ ਗਈ, ਡੰਗਰ, ਕੱਚਾ ਦੁੱਧ, ਅੱਗ ਖਾਣ ਵਾਲੇ, ਨਵਾਂ ਘਰ, ਨਵਾਂ ਆਦਮੀ, ਲੜਾਈ ਨਹੀਂ, ਫੁੱਲ ਤੋੜਨਾ ਮਨ੍ਹਾਂ ਹੈ, ਕਰਾਮਾਤ, ਗਰਜ, ਪਾਰੇ ਮੈਰੇ, ਇੱਕ ਛਿੱਟ ਚਾਨਣ ਦੀ, ਸਭੈ ਸਾਂਝੀਵਾਲ ਸਦਾਇਣ, ਮਾਜ੍ਹਾ ਨਹੀਂ ਮੋਇਆ, ਸੋਨਾਰ ਬੰਗਲਾ, ਢੋਇਆ ਹੋਇਆ ਬੂਹਾ, ਇਕਰਾਰਾਂ ਵਾਲੀ ਰਾਤ, ਤ੍ਰਿਕਾਲਾਂ ਵੇਲੇ, ਹੰਸਾ ਆਦਮੀ, ਪੈਣਗੇ ਵੈਣ ਡੂੰਘੇ, ਭਾਬੀ ਦਾਨ, ਮਤ ਇਕ ਗੁੰਚੇ ਦੀ, ਮਿੱਟੀ ਮੁਸਲਮਾਨ ਕੀ, ਚੋਣਵੀਆਂ ਕਹਾਣੀਆਂ ਦੀਆਂ ਪੁਸਤਕਾਂ ਦਾ ਵੇਰਵਾ, ਟੋਏ ਟਿੱਬੇ, ਸਿਲਵੱਟੇ, ਮੀਲ ਪੱਥਰ, ਤਿਲ ਚੱਟ, ਮੇਰੀਆਂ ਸ੍ਰੇਸ਼ਟ ਕਹਾਣੀਆਂ, ਕਰਤਾਰ ਸਿੰਘ ਦੁੱਗਲ ਨੂੰ ਪੰਜਾਬੀ ਵਿਚ ਸਭ ਤੋਂ ਵੱਧ ਕਹਾਣੀਆਂ ਲਿਖਣ ਵਾਲਾ ਕਹਾਣੀਕਾਰ ਮੰਨਿਆ ਜਾਂਦਾ ਹੈ। ਉਸ ਦੀ ਰਚਨਾ ਨੂੰ ਤਿੰਨ ਪੜਾਵਾਂ ਵਿਚ ਵੰਡ ਕੇ, ਹਰੇਕ ਪੜਾਅ ਦੀਆਂ ਚੋਣਵੀਆਂ/ਪ੍ਰਤੀਨਿਧ ਕਹਾਣੀਆਂ ਦੇ ਆਧਾਰ 'ਤੇ ਉਸ ਦੀ ਵਿਚਾਰਧਾਰਾ ਦਾ ਜਾਇਜ਼ਾ ਲਿਆ ਜਾ ਸਕਦਾ ਹੈ। ਇਸ ਤੋਂ ਇਲਾਵਾ 'ਇਕ ਛਿਟ ਚਾਨਣ ਦੀ' ਉਤੇ 1965 'ਚ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ।

**ਪਹਿਲਾ ਪੜਾਅ :** ਪੰਜਾਵਹਿਆਂ ਵਿਚ ਜਦੋਂ 'ਸਵੇਰ ਸਾਰ' ਕਹਾਣੀ ਸੰਗ੍ਰਹਿ ਛਪਿਆ ਤਾਂ 'ਕਲਾ ਕਲਾ ਲਈ' ਦੇ ਨਾਹਰੇ ਦਾ ਜ਼ੋਰ ਸੀ। ਸਰਮਾਏਦਾਰ ਸਮਾਜ ਦੇ ਰਖਵਾਲੇ ਅਤੇ ਇਸ ਸਮਾਜ ਦੇ ਅੰਗ ਬਣ ਚੁੱਕੇ ਸਾਹਿਤਕਾਰਾਂ ਨੇ ਇਸ ਸਿਧਾਂਤ ਨੂੰ ਅਪਣਾਇਆ ਅਤੇ ਇਸ ਦਾ ਪ੍ਰਚਾਰ ਕੀਤਾ। ਇਸ ਸਿਧਾਂਤ ਦਾ ਮੁੱਖ ਪ੍ਰਯੋਜਨ ਅਜਿਹਾ ਸਾਹਿਤ ਰਚਨਾ ਸੀ, ਜੋ ਲੋਕਾਂ ਨੂੰ ਸੁਹਜ-ਸੁਆਦ ਪ੍ਰਦਾਨ ਕਰੇ। ਇਸ ਸਾਹਿਤ ਦਾ ਮੰਤਵ ਲੋਕਾਂ ਨੂੰ ਧਰਮ, ਵਹਿਮ, ਲਿੰਗ, ਹੋਣੀ ਆਦਿ ਮਸਲਿਆਂ ਵਿਚ ਉਲਝਾਈ ਰੱਖਣਾ ਸੀ। ਇਨ੍ਹਾਂ ਵਰ੍ਹਿਆਂ ਵਿਚ ਦੁੱਗਲ ਨੇ ਪ੍ਰਕਿਰਤੀਵਾਦੀ ਅਤੇ ਨੰਗੇਜਵਾਦੀ ਕਹਾਣੀਆਂ ਦੀ ਰਚਨਾ ਵੀ ਕੀਤੀ। 'ਕੁੜੀ ਕਹਾਣੀ ਕਰਦੀ ਗਈ' ਅਤੇ 'ਡੰਗਰ' ਕਹਾਣੀ ਸੰਕਲਨ ਪ੍ਰਕਿਰਤੀਵਾਦੀ ਰੁਝਾਨ ਵਾਲੇ ਹਨ। ਦੁੱਗਲ ਦੀਆਂ ਪਹਿਲੀਆਂ ਕਹਾਣੀਆਂ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਵਾਲੀ ਪ੍ਰਵਿਰਤੀ ਦੀ ਝਲਕ ਮਿਲਦੀ ਹੈ। 'ਸਵੇਰ ਸਾਰ' ਵਿਚ ਕਿਰਤੀਆਂ ਦੇ ਜੀਵਨ ਦੀਆਂ ਵਾਸਤਵਿਕ ਔਕੜਾਂ ਦਾ ਵਰਨਣ ਕੀਤਾ ਗਿਆ ਹੈ। 'ਤ੍ਰੇਲ ਤੁਪਕੇ' ਵਿਚ ਸ਼੍ਰੇਣਿਕ ਵਿਤਕਰੇ ਦਾ ਚਿਤਰ ਪੇਸ਼ ਹੋਇਆ ਹੈ। 'ਉੱਚੀ ਅੱਡੀ ਵਾਲੀ ਗੁਰਗਾਬੀ' ਵਿਚ ਨਿਮਨ ਮੱਧ ਵਰਗ ਦੀਆਂ ਔਕੜਾਂ ਵੱਲ ਸੰਕੇਤ ਹੋਇਆ ਹੈ। 'ਪੁਣਛ ਦੇ ਪੁੱਤਰ' ਪਹਾੜੀ ਨੌਕਰਾਂ ਦੀਆਂ ਜੀਵਨ ਸਥਿਤੀਆਂ ਅਤੇ ਔਕੜਾਂ ਬਾਰੇ ਜਾਣਕਾਰੀ ਦੇਣ ਵਾਲੀ ਕਹਾਣੀ ਹੈ। ਇਨ੍ਹਾਂ ਕਹਾਣੀਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਵਿਚ ਮਨੁੱਖੀ ਸ਼ਖ਼ਸੀਅਤ ਜੀਵਨ ਦੇ ਹਾਣ ਦੀ ਹੋਣ ਲਈ ਪ੍ਰਬਲ ਹੈ। ਇਸ ਦੌਰ ਵਿਚ ਕੁਝ ਅਜਿਹੀਆਂ ਕਹਾਣੀਆਂ ਵੀ ਹਨ, ਜਿਹੜੀਆਂ ਕਾਮ ਵਾਸ਼ਨਾ ਨੂੰ ਉਤੇਜਿਤ ਕਰਕੇ ਖਿਆਲੀ ਖੁਸ਼ੀ ਦੇਣ ਤੋਂ ਵੱਧ ਕੁਝ ਨਹੀਂ ਸਿਰਜਦੀਆਂ। 'ਖ਼ਰੀਂਢ' ਅਤੇ 'ਗੁਲਾਮ' ਵਿਚ ਪੇਸ਼ ਹੋਏ ਵਿਅਕਤੀਆਂ ਦਾ ਕੋਈ ਅਰਥ ਨਹੀਂ। 'ਇਕ ਕੁੜੀ ਦੀ ਗੱਲ', ਮੈਂ ਬੜਾ ਬੇਵਕੂਫ਼ ਹਾਂ' ਅਤੇ 'ਕੋਹਮਰੀ ਵਿਚ' ਮੁੰਡੇ-ਕੁੜੀ ਦੀ ਪਰਸਪਰ ਖਿੱਚ ਦਾ ਬਿਆਨ ਕਰਕੇ ਮਨੁੱਖੀ ਭਾਵਨਾਵਾਂ ਦਾ ਨਿਰਾਰਥਕ ਵਰਨਣ ਕੀਤਾ ਗਿਆ ਹੈ।

**ਦੂਜਾ ਪੜਾਅ :** ਦੂਜੇ ਪੜਾਅ ਵਿਚ ਦੇਸ਼ ਦੀ ਵੰਡ ਤੋਂ ਪ੍ਰਭਾਵਿਤ ਹੋ ਕੇ ਲਿਖੀਆਂ ਗਈਆਂ ਕਹਾਣੀਆਂ ਹਨ। 'ਅੱਗ ਖਾਣ ਵੇਲੇ' ਕਹਾਣੀ ਸੰਗ੍ਰਹਿ ਵਿਚ ਉਸਨੇ ਦੇਸ਼ ਦੀ ਵੰਡ ਦੌਰਾਨ ਹੋਈ ਉਥਲ-ਪੁਥਲ ਦੇ ਕੀਰਨੇ ਪਾਏ ਹਨ। ਆਪਣੀਆਂ ਸਾਰੀਆਂ ਕੀਮਤਾਂ ਨੂੰ ਵੰਗਾਰਿਆ ਹੈ। 'ਅੱਗ ਖਾਣ ਵਾਲੇ' ਕਹਾਣੀ ਸੰਗ੍ਰਹਿ ਦੇਸ਼ ਦੀ ਵੰਡ ਦੇ ਫ਼ਸਾਦਾਂ ਦੀਆਂ ਡਰਾਉਣੀਆਂ ਵਾਰਦਾਤਾਂ ਨਾਲ ਸੰਬੰਧਿਤ ਹੈ। ਇਨ੍ਹਾਂ ਕਹਾਣੀਆਂ ਵਿਚ ਮਨੁੱਖ ਦੇ ਡੁੱਲ੍ਹੇ ਖ਼ੂਨ ਅਤੇ ਉਸ ਦੀਆਂ ਪਾਸ਼ਵਿਕ ਬਿਰਤੀਆਂ ਨੂੰ ਨਿਸੰਗ ਹੋ ਕੇ ਬਿਆਨਿਆ ਹੈ। 'ਪਾਕਿਸਤਾਨ ਹਮਾਰਾ ਹੈ' ਵਿਚ ਹਿੰਦੂ-ਮੁਸਲਿਮ ਇਕ-ਮੁੱਠਤਾ ਦੀ ਗੱਲ ਕੀਤੀ ਹੈ, 'ਤੈਂ ਕੀ ਦਰਦ ਨਾ ਆਇਆ ?' ਵਿਚ ਸੰਪਰਦਾਇਕ ਪਾਰਟੀਆਂ 'ਤੇ ਕਰਾਰੀ ਚੋਟ ਕੀਤੀ ਹੈ। 'ਝੂਠ ਵਰਗਾ ਸੱਚ' ਵਿਚ ਵੀ ਹਿੰਦੂ-ਮੁਸਲਿਮ ਇਤਫ਼ਾਕ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ।

'ਨਵਾਂ ਘਰ' ਵਿਚਲੀਆਂ ਵਧੇਰੇ ਕਹਾਣੀਆਂ ਫਸਾਦਾਂ ਨਾਲ ਸੰਬੰਧਿਤ ਹਨ। 'ਨਵਾਂ ਘਰ' ਕਹਾਣੀ ਵਿਚ ਇਕ ਅਫ਼ਸਰ ਦੀ ਮਾਂ ਦੇ ਮਨ ਵਿਚ, ਫਸਾਦਾਂ ਦੌਰਾਨ ਮਾਰੇ ਗਏ ਅਤੇ ਬਰਬਾਦ ਹੋ ਗਏ ਲੋਕਾਂ ਪ੍ਰਤੀ ਪੈਦਾ ਹੋਏ ਕਰੁਣਾ-ਭਾਵ ਨੂੰ ਪ੍ਰਗਟਾਇਆ ਹੈ। 'ਉਸ ਦੀਆਂ ਚੂੜੀਆਂ' ਕਹਾਣੀ ਵਿਚ ਕਾਂਗਰਸ ਹਕੂਮਤ ਦੇ ਪ੍ਰਬੰਧਕਾਂ 'ਤੇ ਵਿਅੰਗ ਕੀਤਾ ਗਿਆ ਹੈ। ਕੈਂਪਾਂ ਵਿਚ ਰੁਲ ਰਹੇ ਸ਼ਰਨਾਰਥੀਆਂ ਦੀ ਹਾਲਤ ਦਾ ਜ਼ਿਕਰ ਵੀ ਇਸ ਕਹਾਣੀ ਵਿਚ ਹੋਇਆ ਹੈ। ਕੁਲਸੁਮ, ਮੈਂਡਾ ਨਾਂ ਰਾਜਕਰਣੀ ਅਤੇ ਉਹ ਕਹਾਣੀਆਂ ਵਿਚ ਵੀ 1947 ਵਿਚ ਦੇਸ਼ ਦੀ ਵੰਡ ਨਾਲ ਸੰਬੰਧਿਤ ਕਹਾਣੀਆਂ ਵਿਚਲੇ ਪਾਤਰ ਅਸਾਧਾਰਣ ਤੇ ਅਸੰਤੁਲਿਤ ਮਨੋ-ਬਿਰਤੀ ਵਾਲੇ ਅਰਥਾਤ ਉਲਾਰ ਪਾਤਰ ਹਨ ਪੱਧਰ ਹੋਣ ਤੋਂ ਪਹਿਲੇ, (ਅੱਗ ਖਾਣ ਵਾਲੇ) ਤੇ 'ਕਾਫਲੇ' (ਡੰਗਰ) ਵਿਚ ਉਸਨੇ ਫਸਾਦਾਂ ਸਮੇਂ ਇਨਸਾਨੀਅਤ ਦੀ ਹਾਰ ਵਿਖਾਈ ਹੈ। 'ਨਵਾਂ ਘਰ' ਵਿਚ ਲੋਕਾਂ ਨੂੰ ਭਰੇ-ਭਰਾਏ, ਸੱਜੇ-ਸਜਾਏ ਘਰ ਛੱਡਣੇ ਪੈਂਦੇ ਹਨ।

**ਤੀਜਾ ਪੜਾਅ :** ਦੁੱਗਲ ਦੀ ਕਹਾਣੀ-ਰਚਨਾ ਦਾ ਤੀਜਾ ਪੜਾਅ 'ਕੱਚਾ ਦੁੱਧ' ਕਹਾਣੀ ਸੰਗ੍ਰਹਿ ਤੋਂ ਸ਼ੁਰੂ ਹੁੰਦਾ ਹੈ। ਇਸ ਦੌਰ ਵਿਚ ਉਸਨੇ ਆਪਣੀ ਕਹਾਣੀ ਦੇ ਵਿਸ਼ੇ ਨੂੰ ਵਿਸਥਾਰ ਦਿੱਤਾ ਹੈ। ਚਾਨਣੀ ਰਾਤ ਦਾ ਦੁਖਾਂਤ, ਅੱਧੀ ਰਾਤ ਕਤਲ, ਸੱਤ ਦਿਨ ਸਵਰਗ ਵਿਚ, ਇਕ ਛਿੱਟ ਚਾਣਨ ਦੀ ਆਦਿ ਕਹਾਣੀਆਂ ਦੁੱਗਲ ਦੀ ਫਰਾਇਡਵਾਦੀ ਵਿਚਾਰਧਾਰਾ ਦੀਆਂ ਪ੍ਰਤਿਨਿਧ ਕਹਾਣੀਆਂ ਹਨ। ਇਨ੍ਹਾਂ ਵਿਚ ਦੁੱਗਲ ਨੇ ਆਧੁਨਿਕ ਯੁੱਗ ਵਿਚਲੇ ਲਿੰਗ ਵਿਸ਼ਾਦ ਦੀ ਭਰਪੂਰ ਸਮਾਲੋਚਨਾ ਪ੍ਰਸਤੁਤ ਕੀਤੀ ਹੈ।

'ਚਾਣਨੀ ਰਾਤ ਦਾ ਇਕ ਦੁਖਾਂਤ', 'ਅੱਧੀ ਰਾਤ ਦਾ ਕਤਲ' 'ਸੱਤ ਦਿਨ ਸਵਰਗ ਵਿਚ' (ਇਕ ਛਿੱਟ ਚਾਣਨ ਦੀ) ਆਦਿ ਕਹਾਣੀਆਂ ਦੁੱਗਲ ਦੀ ਫਰਇਡਵਾਦੀ ਵਿਚਾਰਧਾਰਾ ਦੀਆਂ ਪ੍ਰਤਿਨਿਧ ਕਹਾਣੀਆਂ ਹਨ। ਇਨ੍ਹਾਂ ਵਿਚ ਦੁੱਗਲ ਨੇ ਆਧੁਨਿਕ ਯੁੱਗ ਵਿਚਲੇ ਲਿੰਗ, ਵਿਸ਼ਾਦ ਦੀ ਭਰਪੂਰ ਸਮਾਲੋਚਨਾ ਪ੍ਰਸਤੁਤ ਕੀਤੀ ਹੈ। ਦੁੱਗਲ ਮਨੁੱਖ ਦੀਆਂ ਅਤ੍ਰਿਪਤੀਆਂ, ਗਿਲ੍ਹਿਆਂ, ਸ਼ਿਕਵਿਆਂ ਅਤੇ ਨਾ-ਪਸੰਦੀਆਂ ਨੂੰ ਲੈ ਕੇ ਸਾਹਿਤ ਦੇ ਮਾਧਿਅਮ ਰਾਹੀਂ ਬੋਲ ਉਠਿਆ ਹੈ। ਮਨੋਵਿਗਿਆਨਕ ਯਥਾਰਥਵਾਦ ਦੇ ਆਰੰਭ ਅਤੇ ਵਿਕਾਸ ਨੂੰ ਕਰਤਾਰ ਸਿੰਘ ਦੁੱਗਲ ਦੇ ਨਾਂ ਨਾਲ ਜੋੜਿਆ ਜਾਂਦਾ ਹੈ। 'ਔਂਤਰੀ', 'ਹਵਾਲਦਾਰ ਦੀ ਵਹੁਟੀ', 'ਪੰਜ ਗੀਟੜਾ', 'ਪੁਣਛ ਦੇ ਪੁੱਤਰ', 'ਅੰਮੀ ਨੂੰ ਕੀ ਹੋ ਗਿਐ' ਅਸਲ ਵਿਚ ਮਨੋਵਿਗਿਆਨਕ ਯਥਾਰਥਵਾਦ ਦੇ ਆਰੰਭ ਅਤੇ ਵਿਕਾਸ ਨੂੰ ਉਲੀਕਦੀਆਂ ਕਹਾਣੀਆਂ ਹਨ। ਕਾਮ ਜਜ਼ਬੇ ਤੋਂ ਪ੍ਰਭਾਵਿਤ ਹੋ ਕੇ ਲਿਖੀਆਂ ਦੁੱਗਲ ਦੀਆਂ ਕਹਾਣੀਆਂ ਵਿਚੋਂ ਬੁਜ਼ਦਿਲ, ਸਹੁਰੀ, ਕਹਾਣੀ-ਲੇਖਕਾ, ਗੁਲਾਮ, ਮਾਮ ਟੂਟਣਾ, ਮੀਰਾਂ ਮੁਸੱਲੀ, ਇਕ ਕੁੜੀ ਦੀ ਗੱਲ, ਮੈਂ ਬੜਾ ਬੇਵਕੂਫ ਹਾਂ, ਵੱਢ ਵਿਚ ਇਕ ਸਵੇਰ, ਜ਼ੀਨਤ ਆਪਾ, ਇੰਦੂ ਸੋਚ ਰਹੀ ਸੀ ਆਦਿ ਪ੍ਰਤੀਨਿਧ ਕਹਾਣੀਆਂ ਹਨ।

ਇਸ ਪ੍ਰਕਾਰ ਦੁੱਗਲ ਦੇ ਕਹਾਣੀ ਜਗਤ ਵਿਚ ਵਿਚਰਨ ਉਪਰੰਤ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਉਸਨੇ 'ਕਲਾ ਕਲਾ ਲਈ' ਦੇ ਸਿਧਾਂਤ 'ਤੇ ਚੱਲ ਕੇ ਕਹਾਣੀ ਲਿਖਣੀ ਸ਼ੁਰੂ ਕਰ ਕੀਤੀ। ਦੇਸ਼-ਵੰਡ ਅਤੇ ਫਿਰਕੂ ਫੁੱਟ ਨੇ ਵੀ ਉਸਦਾ ਧਿਆਨ

ਖਿੱਚਿਆ। 'ਕੜਾ ਤੇ ਕਰਾਮਾਤ' (ਇਕਰਾਰਾਂ ਵਾਲੀ ਰਾਤ) ਤਕ ਦੀਆਂ ਕਹਾਣੀਆਂ 'ਤੇ ਦੇਸ਼-ਵੰਡ ਦਾ ਪ੍ਰਭਾਵ ਪ੍ਰਤੱਖ ਵਿਖਾਈ ਦਿੰਦਾ ਹੈ। ਧਾਰਮਿਕ ਦਿਖਾਵੇ, ਕਰਮ-ਕਾਂਡ ਅਤੇ ਅਡੰਬਰਾਂ ਬਾਰੇ ਦੁੱਗਲ ਨੇ ਅਨੇਕ ਟਿੱਪਣੀਆਂ ਕੀਤੀਆਂ ਹਨ। ਮਨੁੱਖੀ ਮਨੋ-ਵਿਗਿਆਨ, ਵਿਸ਼ੇਸ਼ ਕਰਕੇ ਨਾਰੀ-ਮਨੋਵਿਗਿਆਨ ਨੂੰ ਦੁੱਗਲ ਨੇ ਆਪਣੀਆਂ ਕਹਾਣੀਆਂ ਵਿਚ ਜਨੂੰਨ ਦੀ ਹੱਤ ਤਕ ਨਿਭਾਇਆ ਹੈ। ਲਿੰਗਕ-ਰੁਚੀਆਂ, ਕਾਮ ਵਾਸ਼ਨਾਂ ਅਤੇ ਹੋਰ ਸਾਮਿਅਕ ਸਮੱਸਿਆਵਾਂ ਨੂੰ ਦੁੱਗਲ ਨੇ ਛੋਹਿਆ ਹੈ। ਬਹੁਤੀ ਥਾਈਂ ਉਸਦੀਆਂ ਕਹਾਣੀਆਂ ਆਦਰਸ਼ ਨਿਰਮਾਣ ਦਾ ਭਰਮ ਉਪਜਾਉਂਦੀਆਂ ਹਨ। ਫਰਾਇਡਵਾਦੀ ਅਤੇ ਪੈਟੀ-ਬੁਰਜੂਆ ਵਿਚਾਰਧਾਰਾ ਦੇ ਸਮਰਥਕ ਦੁੱਗਲ ਦੀਆਂ ਕਹਾਣੀਆਂ ਕਈ ਵਾਰ ਪਾਠਕ ਨੂੰ ਅਸਲੀਅਤ ਤੋਂ ਦੂਰ ਲੈ ਜਾਂਦੀਆਂ ਹਨ।

ਦੁੱਗਲ ਦੀ 'ਨੀਲੀ' ਕਹਾਣੀ ਨੂੰ ਦੁਨੀਆਂ ਭਰ ਦੀਆਂ ਮਹਾਨ ਕਹਾਣੀਆਂ ਦੇ ਸੰਗ੍ਰਹਿ ਵਿਚ ਸ਼ਾਮਲ ਕੀਤਾ ਗਿਆ ਹੈ। ਦੁੱਗਲ ਦੀ ਕਹਾਣੀ 'ਕਰਾਮਾਤ' ਨੂੰ ਸੰਸਾਰ ਦੀਆਂ ਕਈ ਕਹਾਣੀਆਂ ਵਿਚ ਉਲਥਾਇਆ ਗਿਆ ਹੈ। 'ਨਹੁੰ ਤੇ ਮਾਸ' ਦੇ ਰੂਸੀ ਅਨੁਵਾਦ ਦਾ ਪਹਿਲਾ ਐਡੀਸ਼ਨ ਜਿਸ ਵਿਚ 50 ਹਜ਼ਾਰ ਕਾਪੀਆਂ ਸਨ ਸਾਰੇ ਦਾ ਸਾਰਾ ਦੋ ਮਹੀਨੇ ਵਿਚ ਹੀ ਵਿਕ ਗਿਆ। ਦੁੱਗਲ ਵਚਿੱਤਰਤਾ ਦਾ ਕਹਾਣੀਕਾਰ ਹੈ।

## ਕੁਲਵੰਤ ਸਿੰਘ ਵਿਰਕ

ਕੁਲਵੰਤ ਸਿੰਘ ਵਿਰਕ ਪੰਜਾਬੀ ਦੀ ਆਧੁਨਿਕ ਨਿੱਕੀ ਕਹਾਣੀ ਦਾ ਸਿਖਰ ਹੈ। ਉਸ ਦਾ ਲਿਖਣ-ਕਾਲ 45 ਕੁ ਵਰ੍ਹੇ ਬਣਦਾ ਹੈ। ਉਸ ਨੇ ਆਪਣੀ ਪਹਿਲੀ ਕਹਾਣੀ 'ਚਾਚਾ' ਰਾਹੀਂ ਆਧੁਨਿਕ ਕਹਾਣੀ ਵਿਚ ਪੈਰ ਪਾਇਆ ਜੋ ਨਵੰਬਰ 1944 ਵਿਚ 'ਪੰਜ ਦਰਿਆ' ਵਿਚ ਛਪੀ। ਉਸਦਾ ਪਹਿਲਾ ਕਹਾਣੀ ਸੰਗ੍ਰਹਿ 'ਛਾਹ ਵੇਲਾ' 1950 ਵਿਚ ਪ੍ਰਕਾਸ਼ਿਤ ਹੋਇਆ ਜਿਸ ਵਿਚ ਉਸਦੀਆਂ 17 ਕਹਾਣੀਆਂ ਪ੍ਰਕਾਸ਼ਿਤ ਹੋਈਆਂ- ਛੇ ਪੇਂਡੂ ਕਿਰਸਾਨੀ ਜੀਵਨ ਨਾਲ ਅਤੇ ਗਿਆਰਾਂ ਸ਼ਹਿਰੀ ਜੀਵਨ ਨਾਲ ਸੰਬੰਧਿਤ ਹਨ। ਕੁਲਵੰਤ ਸਿੰਘ ਵਿਰਕ ਨੇ ਸੁਚੇਤ ਭਾਂਤ ਮਾਰਕਸਵਾਦੀ ਵਿਚਾਰਧਾਰਾ ਨੂੰ ਨਹੀਂ ਅਪਣਾਇਆ ਸਗੋਂ ਉਸ ਦਾ ਅਨੁਭਵ ਹੀ ਕੁਝ ਅਜਿਹਾ ਹੈ ਕਿ ਉਹ ਇਸ ਵਿਚਾਰਧਾਰਾ ਦੀਆਂ ਕਈ ਬੁਨਿਆਦੀ ਧਾਰਨਾਵਾਂ ਨੂੰ ਸਹਿਜ-ਭਾਅ ਹੀ ਆਪਣੀਆਂ ਕਹਾਣੀਆਂ ਵਿਚ ਪ੍ਰਗਟ ਕਰ ਜਾਂਦਾ ਹੈ। 1958 ਵਿਚ ਅਤਰ ਸਿੰਘ ਨੇ ਵਿਰਕ ਦੀਆਂ ਚੋਣਵੀਆਂ ਕਹਾਣੀਆਂ ਦਾ ਇਕ ਸੰਗ੍ਰਹਿ 'ਦੁਆਦਸ਼ੀ' ਤਿਆਰ ਕੀਤਾ। 'ਛਾਹ ਵੇਲਾ' ਵਿਰਕ ਦਾ ਪਹਿਲਾ ਕਹਾਣੀ ਸੰਗ੍ਰਹਿ ਸੀ। ਉਸ ਤੋਂ ਪਿਛੋਂ ਧਰਤੀ ਤੇ ਆਕਾਸ਼, ਤੂੜੀ ਦੀ ਪੰਡ, ਏਕਸ ਕੇ ਹਮ ਬਾਰਿਕ, ਵਿਰਕ ਦੀਆਂ ਕਹਾਣੀਆਂ ਤੇ ਨਵੇਂ ਲੋਕ ਆਦਿ ਹੋਰ ਸੰਗ੍ਰਹਿ ਹਨ।

ਵਿਰਕ ਸੇਖੋਂ ਤੋਂ ਕਾਫ਼ੀ ਪ੍ਰਭਾਵਿਤ ਹੈ। 'ਤੂੜੀ ਦੀ ਪੰਡ' ਦੇ ਮੁਖਬੰਦ ਵਿਚ ਉਸਨੇ ਸੇਖੋਂ ਦੇ ਪ੍ਰਭਾਵ ਨੂੰ ਮੰਨਦਿਆਂ ਕਿਹਾ ਹੈ ਕਿ ਸੇਖੋਂ ਜੋ ਕਹੇ ਉਸ ਨੂੰ ਰੱਬ ਦੇ ਸੁਨੇਹੇ ਵਾਂਗ ਲੱਗਦਾ ਹੈ। ਚੈਖੋਵ, ਗੋਰਕੀ, ਸਮਰਸੈਂਟ ਮਾਅਮ, ਦੁੱਗਲ ਤੇ ਨਰੂਲਾ ਆਦਿ ਦਾ ਪ੍ਰਭਾਵ ਵੀ ਉਸ ਉੱਤੇ ਪ੍ਰਤੱਖ ਹੈ। ਵਿਰਕ ਦੀਆਂ ਕਹਾਣੀਆਂ ਦਾ ਮੂਲ ਰੂਪ ਨਹੀਂ ਬਦਲਿਆ।

ਉਹ ਅੱਜ ਵੀ ਕਿਸੇ ਇਕਹਰੀ ਘਟਨਾ, ਕਿਸੇ ਇਕ ਮਧ-ਪਾਤਰ ਦੀ ਇਹੋ ਜਿਹੀ ਪੇਸ਼ਕਾਰੀ ਹੈ ਕਿ ਉਸ ਵਿਚੋਂ ਮਨੁੱਖ ਦਾ ਸੁਭਾਅ, ਮਨੁੱਖ ਦੀ ਹੋਣੀ ਜਾਂ ਉਸ ਦੀਆਂ ਸਮਾਜਕ ਸਮੱਸਿਆਵਾਂ ਉੱਤੇ ਕੋਈ ਫਲੈਸ਼ ਰੋਸ਼ਨੀ ਪੈਂਦੀ ਹੈ। ਵਿਰਕ ਦੀਆਂ ਕਹਾਣੀਆਂ ਦੀ ਖਾਸ ਵਿਸ਼ੇਸ਼ਤਾ ਸਮੇਂ, ਸਥਾਨ ਤੇ ਕਾਰਜ ਦੀ ਏਕਤਾ ਹੈ। ਉਹ ਕਿਸੇ ਹਲੇ ਫੁੱਲ ਜਿਹੇ ਪਲਾਟ ਨੂੰ ਲੈਂਦਾ ਹੈ। ਬਿਆਨ ਵਿਚ ਸੁੰਦਰਤਾ ਹੈ। ਅੰਤ ਸੂਖ਼ਮ ਜਿਹੇ ਝਟਕੇ ਨਾਲ ਕਰਦਾ ਹੈ। ਉਸ ਦੀ ਨਿੱਕੀ ਕਹਾਣੀ ਵਿਚ ਚੋਭ ਜਾਂ ਡੰਗ ਮਿਲਦਾ ਹੈ। ਉਸਨੇ ਅਨੇਕ ਤਰ੍ਹਾਂ ਤੇ ਵਿਸ਼ੇ ਲਏ ਹਨ, ਜਿਵੇਂ ਉਪਰਲੀ ਸ਼੍ਰੇਣੀ ਬਾਰੇ, ਮੱਧ ਸ਼੍ਰੇਣੀ ਦਾ ਜ਼ਿਕਰ, ਨੀਵੀਆਂ ਜਾਤਾਂ ਦੀ ਲੁੱਟ-ਖਸੁੱਟ, ਇਸਤਰੀ-ਸੰਬੰਧੀ, ਮਨੋਵਿਗਿਆਨਕ ਪੱਖ, ਬੱਚਿਆਂ ਦੇ ਮਨੋਵਿਗਿਆਨ ਬਾਰੇ ਸ੍ਵੈ ਜੀਵਨਕ ਅੰਸ਼ ਵਾਲੇ ਵਿਸ਼ੇ, ਸ਼ਹਿਰੀ ਜੀਵਨ ਬਾਰੇ ਪੱਛਮੀ ਪੰਜਾਬ ਵਿਚੋਂ ਉਧਲੀਆਂ ਇਸਤਰੀਆ ਬਾਰੇ ਤੇ ਨਿਆਸਰੇ ਜੀਵਨ ਦਾ ਵਰਣਨ ਆਦਿਕ ਅਨੇਕ ਵਿਸ਼ੇ ਲਏ ਹਨ।

ਕੁਲਵੰਤ ਸਿੰਘ ਵਿਰਕ ਦੇ ਹੇਠ ਲਿਖੇ ਅੱਠ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ :

**ਛਾਹ ਵੇਲਾ (1950) :** ਇਹ ਵਿਰਕ ਦਾ ਸਭ ਤੋਂ ਪਹਿਲਾ ਕਹਾਣੀ ਸੰਗ੍ਰਹਿ ਹੈ। ਪਹਿਲੀ ਵਾਰ ਇਸਦੀ ਪ੍ਰਕਾਸ਼ਨਾ ਨਵੰਬਰ 150 ਵਿਚ ਹੋਈ ਸੀ। ਇਸ ਵੇਲੇ ਇਸ ਦਾ ਤੀਜਾ ਸੰਸਕਰਣ 174 ਦੀ ਪ੍ਰਕਾਸ਼ਨਾ ਹੈ। ਇਸਨੂੰ ਆਰਸੀ ਪਬਲੀਕੇਸ਼ਨ ਚਾਦਨੀ ਚੌਂਕ ਦਿੱਲੀ ਨੇ ਪ੍ਰਕਾਸ਼ਿਤ ਕੀਤਾ ਹੈ। ਇਸ ਦਾ ਮੁੱਖ ਬੰਦ ਸੰਤ ਸਿੰਘ ਸੇਖੋਂ ਦੁਆਰਾ ਲਿਖਿਆ ਹੋਇਆ ਹੈ। ਇਸ ਪੁਸਤਕ ਵਿਚ ਸਤਾਰਾਂ ਕਹਾਣੀਆਂ ਹਨ ਅਤੇ ਇਸ ਦੇ ਇਕ ਸੌ ਗਿਆਰਾਂ ਪੰਨੇ ਹਨ।

ਵਿਰਕ ਨੇ ਇਸ ਕਹਾਣੀ ਸੰਗ੍ਰਹਿ ਵਿਚ ਅਤ੍ਰਿਪਤ ਰੁਚੀਆਂ ਵਾਲੇ ਪਾਤਰ ਪੇਸ਼ ਕੀਤੇ ਹਨ। ਇਹਨਾਂ ਵਿਚੋਂ ਜ਼ਿਆਦਾ ਵਿਰੋਧੀ ਲਿੰਗ ਦੀ ਪਿਆਰ ਪ੍ਰਾਪਤੀ ਲਈ ਤਰਸਦੇ ਹਨ। ਜੀਵਨ ਵਿਚ ਬਹੁਤ ਸਾਰੀਆਂ ਤਲਖੀਆਂ ਦਾ ਕਾਰਨ ਅਨਜੋੜ ਵਿਆਹ ਬਣਦੇ ਹਨ। ਵਿਰਕ ਨੇ ਅਜਿਹੀਆਂ ਘਟਨਾਵਾਂ ਦਾ ਵਰਣਨ ਕੀਤਾ ਹੈ, ਜੋ ਮਨ-ਇੱਛਤ ਫਲ ਦੀ ਅਪ੍ਰਾਪਤੀ ਕਾਰਨ ਭਟਕਦੀਆਂ ਰਹਿੰਦੀਆਂ ਹਨ। ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਉਸ ਨੇ ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਨਾ ਢਾਲ ਸਕਣ ਕਾਰਨ ਮਾਨਸਿਕ ਸੰਕਟ ਦਾ ਸ਼ਿਕਾਰ ਹੋਏ ਪਾਤਰ ਸਿਰਜੇ ਹਨ। ਜਿਵੇਂ ਆਲਾ ਸਿੰਘ ਅਤੇ ਭੋਲਾ ਰਾਮ। ਇਸ ਸੰਗ੍ਰਹਿ ਵਿਚ ਇਕ ਕਹਾਣੀ 'ਚੌਬੜ' ਹੈ ਜਿਸ ਵਿਚ ਵਿਰਕ ਨੇ ਫਰਾਇਡਵਾਦੀ ਧਾਰਾ ਅਧੀਨ ਕਾਮ ਜਜ਼ਬੇ ਦੀਆਂ ਤਰੰਗਾਂ ਪੇਸ਼ ਕੀਤੀਆਂ ਹਨ। ਇਸ ਕਹਾਣੀ-ਸੰਗ੍ਰਹਿ ਨੂੰ ਆਪਣਾ ਨਾਂ ਦੇਣ ਵਾਲੀ ਕਹਾਣੀ 'ਛਾਹ ਵੇਲਾ' ਵਿਰਕ ਦੀਆਂ ਉੱਤਮ ਕਹਾਣੀਆਂ ਵਿਚੋਂ ਇਕ ਹੈ ਅਤੇ ਇਸ ਲੇਖਕ ਨੇ ਖੇਤੀ-ਬਾੜੀ ਵਿਚ ਰੁਝੇ ਕਿਸਾਨ ਦੇ ਕਠੋਰ ਜੀਵਨ ਅਤੇ ਮਾਨਸਿਕ ਅਕਾਂਖਿਆਵਾਂ ਦਾ ਜ਼ਿਕਰ ਕੀਤਾ ਹੈ।

**(ਅ) ਧਰਤੀ ਤੇ ਅਕਾਸ਼ :** ਇਹ ਵਿਰਕ ਦਾ ਦੂਜਾ ਕਹਾਣੀ-ਸੰਗ੍ਰਹਿ ਹੈ। ਇਸ ਨੂੰ ਲਾਹੌਰ ਬੁੱਕ ਸ਼ਾਪ, ਘੰਟਾ ਘਰ ਲੁਧਿਆਣਾ ਨੇ ਦਸੰਬਰ 1951 ਵਿਚ ਪ੍ਰਕਾਸ਼ਿਤ

ਕੀਤਾ ਹੈ। ਇਸ ਵਿਚ ਬਾਰਾਂ ਕਹਾਣੀਆਂ ਹਨ। ਇਸ ਸੰਗ੍ਰਹਿ ਦੇ ਅੰਤ ਵਿਚ ਲੇਖਕ ਨੇ 'ਨਿੱਕੀ ਕਹਾਣੀ ਬਾਰੇ' ਸਿਰਲੇਖ ਅਧੀਨ ਆਪਣੇ ਵਿਚਾਰ ਵਿਅਕਤ ਕੀਤੇ ਹਨ। ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਦੇਸ਼ ਦੀ ਵੰਡ ਕਾਰਣ ਉਪਜੇ ਦੁਖਾਂਤ ਨਾਲ ਪੀੜਤ ਪਾਤਰਾਂ ਦੀ ਮਾਨਸਿਕਤਾ ਨੂੰ ਵਿਰਕ ਨੇ ਆਪਣੀ ਕਲਾਤਮਕ ਸੂਝ ਅਨੁਸਾਰ ਪੇਸ਼ ਕੀਤਾ ਹੈ। ਇਸ ਪੁਸਤਕ ਵਿਚਲੀ 'ਖੱਬਲ' ਕਹਾਣੀ, ਵੰਡ ਸੰਬੰਧੀ ਲਿਖੀਆਂ ਗਈਆਂ ਸੰਸਾਰ ਪੱਧਰ ਦੀਆਂ ਉੱਤਮ ਕਹਾਣੀਆਂ ਦੀ ਸ਼੍ਰੇਣੀ ਵਿਚ ਆਉਂਦੀ ਹੈ। ਇਨ੍ਹਾਂ ਕਹਾਣੀਆਂ ਦੀਆਂ ਘਟਨਾਵਾਂ ਪੇਂਡੂ ਜੀਵਨ ਦੇ ਨਾਲ-ਨਾਲ ਸ਼ਹਿਰੀ ਜੀਵਨ ਦੀਆਂ ਵੀ ਹਨ। ਸ਼ਹਿਰੀ ਜੀਵਨ ਦੀ ਭੱਜ ਦੌੜ ਤੋਂ ਤੰਗ ਆਇਆ ਵਿਅਕਤੀ ਉਸ 'ਸਿਸਟਿਮ' ਪ੍ਰਤੀ ਬਗਾਵਤ ਕਰਕੇ ਕੁਦਰਤੀ ਜੀਵਨ ਦਾ ਆਨੰਦ ਮਾਣਨਾ ਚਾਹੁੰਦਾ ਹੈ। ਇਸ ਪੁਸਤਕ ਵਿਚ ਵਿਰਕ ਨੇ ਇਕ ਨਵਾਂ ਵਿਚਾਰ ਪਤੀ-ਪਤਨੀ ਦੇ ਪਿਆਰ ਅਤੇ ਮਮਤਾ ਵਿਚ ਮੁਕਾਬਲੇ ਦਾ ਦਿੱਤਾ ਹੈ।

**(ੲ) ਤੂੜੀ ਦੀ ਪੰਡ :** ਵਿਰਕ ਦੁਆਰਾ ਰਚਿਤ ਪੁਸਤਕ ਮਾਲਾ ਵਿਚ ਇਸ ਦਾ ਤੀਜਾ ਸਥਾਨ ਹੈ। ਪਹਿਲੀ ਵਾਰ ਇਹ ਕਹਾਣੀ-ਸੰਗ੍ਰਹਿ ਮਈ 1954 ਵਿਚ ਪ੍ਰਕਾਸ਼ਿਤ ਹੋਇਆ। ਇਸ ਕਹਾਣੀ ਅਨੁਸਾਰ ਲੇਖਕ ਅੱਧੇ ਤੋਂ ਜ਼ਿਆਦਾ ਸ਼ਹਿਰੀ ਜ਼ਿੰਦਗੀ ਵਿਚ ਰਚ ਗਿਆ ਹੈ, ਕਿਉਂਕਿ ਸੋਲ੍ਹਾਂ ਵਿਚੋਂ ਕੇਵਲ ਛੇ ਕਹਾਣੀਆਂ ਹੀ ਅਜਿਹੀਆਂ ਹਨ, ਜਿੰਨ੍ਹਾਂ ਦਾ ਘਟਨਾ-ਸਥਾਨ ਪੇਂਡੂ ਜੀਵਨ ਹੈ ਅਤੇ ਇੰਨ੍ਹਾਂ ਬਾਰੇ ਵੀ ਵਿਰਕ ਜ਼ਿਕਰ ਕਰਦਾ ਹੈ ਕਿ ਕਈ ਵਿਚਾਰ ਉਸਨੂੰ ਸ਼ਹਿਰੀ ਜੀਵਨ ਵਿਚੋਂ ਮਿਲੇ ਪਰ ਉਸ ਨੇ ਇੰਨ੍ਹਾਂ ਨੂੰ ਪਿੰਡ ਦੀ ਘਟਨਾ ਬਣਾ ਕੇ ਕਹਾਣੀਆਂ ਲਿਖੀਆਂ ਹਨ। ਇੰਨ੍ਹਾਂ ਕਹਾਣੀਆਂ ਵਿਚ ਉਸਨੇ ਪਰੰਪਰਿਕ ਧਾਰਨਾਵਾਂ ਨੂੰ ਆਧੁਨਿਕ ਸਮੇਂ ਵਿਚ ਦਮ-ਤੋੜਦੀਆਂ ਵਿਖਾਇਆ ਹੈ। ਮੱਧ-ਵਰਗੀ ਪਾਤਰ ਦੀ ਆਪਣੇ ਹੀ ਸਕੇ ਸਬੰਧੀਆਂ ਵਿਚ ਰਚ-ਮਿਚ ਨਾ ਸਕਣ ਦੀ ਮਾਨਸਿਕ ਟੁਟ-ਭੱਜ ਨੂੰ ਚਿਤਰਿਆ ਹੈ। ਕਈ ਕਹਾਣੀਆਂ ਵਿਚ ਵਿਰਕ ਨੇ ਤਕਨੀਕ ਦੇ ਪੱਖ ਤੋਂ ਨਵੇਂ ਤਜ਼ਰਬੇ ਕੀਤੇ ਹਨ। ਉਹ ਵਿਰੋਧੀ ਭਾਵਾਂ ਵਾਲੀਆਂ ਘਟਨਾਵਾਂ ਨੂੰ ਸਨਮੁੱਖ ਰੱਖ ਕੇ ਉਨ੍ਹਾਂ ਵਿਚਲੇ ਅੰਤਰ-ਵਿਰੋਧ ਪ੍ਰਗਟ ਕਰਦਾ ਹੈ। ਕਈ ਥਾਈਂ ਵੱਖ-ਵੱਖ ਥਾਵਾਂ ਤੇ ਮਨ ਦੀ ਸੋਚ ਵਿਚਲੀ ਏਕਤਾ ਨੂੰ ਦਰਸਾਉਂਦਾ ਹੈ। ਵੰਡ ਨਾਲ ਸੰਬੰਧਿਤ ਦੋ ਕਹਾਣੀਆਂ 'ਮੈਨੂੰ ਜਾਣਨੈ' ਅਤੇ 'ਕੁੜੀ ਦਾ ਦਾਜ' ਵੀ ਇਸ ਕਹਾਣੀ ਸੰਗ੍ਰਹਿ ਵਿਚ ਸ਼ਾਮਿਲ ਹੈ।

**(ਸ) ਏਕਸ ਕੇ ਹਮ ਬਾਰਿਕ :** ਕੁਲਵੰਤ ਸਿੰਘ ਵਿਰਕ ਦਾ ਚੌਥਾ ਕਹਾਣੀ ਸੰਗ੍ਰਹਿ ਹੈ। ਇਸਨੂੰ ਪਹਿਲੀ ਵਾਰ ਜੁਲਾਈ 1955 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿਚ ਸੋਲ੍ਹਾਂ ਕਹਾਣੀਆਂ ਹਨ। ਇਸਦਾ ਮੁਖਬੰਦ 'ਮੇਰੀ ਨਜ਼ਰ ਵਿਚ' ਉਹੀ ਹੈ ਜੋ 'ਤੂੜੀ ਦੀ ਪੰਡ' ਕਹਾਣੀ ਸੰਗ੍ਰਹਿ ਦਾ 'ਲੇਖਕ ਵੱਲੋਂ' ਕਥਨ ਹੈ। ਇਸ ਪੁਸਤਕ ਦੇ ਕੁਲ 141 ਪੰਨੇ ਹਨ। ਇਹਨਾਂ ਦੋਵਾਂ ਕਹਾਣੀਆਂ ਵਿਚ ਵਿਰਕ ਨੇ ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖ ਰਹੇ ਮੁੰਡੇ ਤੇ ਕੁੜੀਆਂ ਦੀ ਮਾਨਸਿਕ ਭਾਵਨਾ ਦਾ ਚਿਤਰਣ ਕੀਤਾ ਹੈ। ਅੱਲੜ੍ਹ ਅਵਸਥਾ ਵਿਚ ਮਾਪਿਆਂ ਦੇ ਅਨੁਭਵੀ ਵਿਹਾਰ ਪ੍ਰਤਿ ਵਰਤਮਾਨ ਪੀੜ੍ਹੀ ਦੇ

ਜਵਾਨ ਮੁੰਡੇ ਕੁੜੀਆਂ ਦਾ ਦ੍ਰਿਸ਼ਟੀਕੋਣ ਲੇਖਕ ਨੇ ਅਭਿਵਿਅਕਤ ਕੀਤਾ ਹੈ। ਉਸਨੇ ਬਦਲੀਆਂ ਹੋਈਆਂ ਕੀਮਤਾਂ ਅਨੁਸਾਰ ਮਾਪਿਆਂ ਦੇ ਕੱਟੜ ਵਿਚਾਰ ਨੂੰ ਰੱਦ ਕਰਕੇ ਬੱਚਿਆਂ ਦਾ ਸਾਥ ਦੇਣ ਦੀ ਵਕਾਲਤ ਕੀਤੀ ਹੈ।

**(ਹ) ਦੁੱਧ ਦਾ ਛੱਪੜ :** ਇਸ ਸੰਗ੍ਰਹਿ ਦੀਆਂ ਕਹਾਣੀਆਂ ਵੱਖ-ਵੱਖ ਪਰਸਥਿਤੀਆਂ ਅਧੀਨ ਜੀਵਨ ਨਾਲ ਦੋ ਚਾਰ ਹੋ ਰਹੇ ਮਨੁੱਖ ਦੀ ਵਿਦਿਆ ਵਿਦਮਾਨ ਹੈ। ਇਸ ਸੰਗ੍ਰਹਿ ਵਿਚ 'ਸ਼ੇਰਨੀਆਂ', 'ਦੁੱਧ ਦਾ ਛੱਪੜ' ਅਤੇ ਧਰਤੀ ਹੇਠਾਂ ਬੌਲਦ ਵਿਰਕ ਦੀਆਂ ਪ੍ਰਸਿੱਧ ਅਤੇ ਚਰਚਿਤ ਕਹਾਣੀਆਂ ਹਨ। ਇਸ ਕਹਾਣੀ ਵਿਚ ਲੇਖਕ ਨੇ ਮਨੁੱਖੀ ਮਨ ਦੀਆਂ ਵੱਖ-ਵੱਖ ਪਰਤਾਂ ਨੂੰ ਫਰੋਲਿਆ ਹੈ। ਇਸ ਸੰਗ੍ਰਹਿ ਨੂੰ ਨਾਂ ਦੇਣ ਵਾਲੀ ਕਹਾਣੀ 'ਦੁੱਧ ਦਾ ਛੱਪੜ' ਵਿਚ ਪੰਜਾਬੀ ਜੀਵਨ ਤੌਰ ਅਤੇ ਭਾਈਚਾਰੇ ਦਾ ਵਰਣਨ ਮਿਲਦਾ ਹੈ। 'ਦੁੱਧ ਦਾ ਛੱਪੜ' ਕਹਾਣੀ ਸੰਗ੍ਰਹਿ ਨੂੰ 1959 ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਕਹਾਣੀ-ਸਾਹਿਤ ਵਿਚ ਉਤਮ ਕਿਰਤ ਵਜੋਂ ਪੁਰਸਕਾਰ ਪ੍ਰਾਪਤ ਹੋ ਚੁੱਕਾ ਹੈ।

**(ਕ) ਗੋਲ੍ਹਾਂ :** ਇਹ ਵਿਰਕ ਦਾ ਛੇਵਾਂ ਕਹਾਣੀ ਸੰਗ੍ਰਹਿ ਪਹਿਲੀ ਵਾਰ 1961 ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਦੀਆਂ 'ਮਿੰਨੀ ਦੀ ਸਟੇਟ' ਅਤੇ 'ਕੁੜੀ ਦਾ ਦਾਜ' ਕਹਾਣੀਆਂ 'ਤੂੜੀ ਦੀ ਪੰਡ' ਕਹਾਣੀ ਸੰਗ੍ਰਹਿ ਵਿਚ ਪਹਿਲਾਂ ਆ ਚੁੱਕੀਆਂ ਹਨ। ਇੰਨ੍ਹਾਂ ਕਹਾਣੀਆਂ ਵਿਚ ਵਿਚ ਵਿਰਕ ਨੇ ਆਜ਼ਾਦੀ ਤੋਂ ਬਾਅਦ ਤੇਜ਼ੀ ਨਾਲ ਫੈਲ ਰਹੀ ਭ੍ਰਿਸ਼ਟਾਚਾਰ ਦੀ ਬਿਮਾਰੀ ਨੂੰ ਚਿਤਰਿਆ ਹੈ। ਮਿਹਨਤ ਮਜ਼ਦੂਰਾਂ ਦਾ ਪੂੰਜੀਪਤੀਆਂ ਵੱਲੋਂ ਸ਼ੋਸ਼ਣ ਦਾ ਜ਼ਿਕਰ ਹੈ। ਆਜ਼ਾਦੀ ਉਪਰ ਲੱਗੀਆ ਆਸਾਂ ਦੇ ਤਲਿਸਮ ਟੁੱਟਣ ਦੀ ਕਹਾਣੀ ਹੈ। ਦੇਸ਼ ਦੇ ਵਿਕਾਸ ਸਕੀਮਾਂ ਲਈ ਬੱਚਤ ਕਰਕੇ ਚੰਦਾ ਦੇਣ ਵਾਲੇ ਲੋਕਾਂ ਦਾ ਧਨ ਦੀ ਕਾਣੀ ਵੰਡ ਵੇਖ ਕੇ ਭਰੋਸਾ ਖ਼ਤਮ ਹੋਣ ਦਾ ਵਰਣਨ ਹੈ। ਇਸ ਕਹਾਣੀ ਨਾਲ ਵਿਰਕ ਪੂਰੀ ਤਰ੍ਹਾਂ ਸ਼ਹਿਰ ਵਿਚ ਪਰਵਾਸ ਕਰ ਗਿਆ ਹੈ। ਵਿਰਕ ਦੀਆਂ ਬੱਚਿਆਂ ਦੀ ਮਾਨਸਿਕਤਾ ਬਾਰੇ 'ਮਿਨੀ ਦੀ ਸਲੇਟ' ਅਤੇ 'ਦਾਤੇ' ਕਹਾਣੀਆਂ ਇਸੇ ਸੰਗ੍ਰਹਿ ਦਾ ਸ਼ਿੰਗਾਰ ਹਨ।

**(ਖ) ਨਵੇਂ ਲੋਕ :** ਕੁਲਵੰਤ ਸਿੰਘ ਵਿਰਕ ਦਾ ਇਹ ਸੱਤਵਾਂ ਕਹਾਣੀ ਸੰਗ੍ਰਹਿ ਹੈ। ਇਸ 'ਨਵੇਂ ਲੋਕ' ਕਹਾਣੀ ਸੰਗ੍ਰਹਿ ਵਿਚ ਵਿਰਕ ਨੇ ਠੀਕ ਹੀ ਨਵੇਂ ਲੋਕ ਪੇਸ਼ ਕੀਤੇ ਹਨ। ਇਹ ਨਵੇਂ ਲੋਕ, ਨਵੀ ਜ਼ਿੰਦਗੀ ਦੀਆਂ ਨਵੀਆਂ ਹਕੀਕਤਾਂ ਨਾਲ ਜੂਝਦੇ ਨਵੇਂ ਮਾਪ ਦੰਡ ਨਿਰਧਾਰਤ ਕਰਦੇ ਹਨ। ਵਿਆਹ ਤੋਂ ਪਹਿਲੀ ਪਿਆਰ ਨਾਲ ਗੜੂੰਦ ਜ਼ਿੰਦਗੀ ਨਾਲੋਂ ਨਿਤ-ਦਿਹਾੜੀ ਦੀ ਪਤੀ ਦੀ ਮਾਰ ਅਤੇ ਗਾਲ੍ਹਾਂ ਝਿੜਕਾਂ ਨਾਲ ਭਰਿਆ ਜੀਵਨ ਪਸੰਦ ਹੈ, ਕਿਉਂਕਿ ਇਸ ਵਿਚ ਬੱਚੇ ਹੁੰਦੇ ਹਨ ਅਤੇ ਪ੍ਰੇਮੀ ਵੱਲੋਂ ਵਿਆਹ ਤੋਂ ਨਾਹ ਕਰ ਦੇਣ ਦਾ ਤੌਖਲਾ ਨਹੀਂ ਹੁੰਦਾ। ਵਿਰਕ ਨੇ ਸੁਝਾਅ ਦਿੱਤਾ ਹੈ ਕਿ ਨਵੀਆਂ ਹਾਲਤਾਂ ਵਿਚ ਔਰਤ ਮਰਦ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਹੈ। ਉਸ ਨਿਸ਼ੰਗ ਹੋ ਕੇ ਜੀਵਨ ਪਿੜ ਵਿਚ ਨਿਤਰ ਆਈ ਹੈ। ਦਫ਼ਤਰਾਂ ਵਿਚ ਕੰਮ ਕਰਦੀਆਂ ਕੁੜੀਆਂ ਨੂੰ

ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਅਤੇ ਲਾਭ ਹੁੰਦੇ ਹਨ। ਨਵੇਂ ਜਵਾਨ ਮੁੰਡੇ ਕੁੜੀਆਂ ਮਾਣ-ਮਰਯਾਦਾ ਦੀ ਲਕੀਰ ਟੱਪਣ ਤੋਂ ਬਿਲਕੁਲ ਗੁਰੇਜ਼ ਨਹੀਂ ਕਰਦੇ।

**(ਜ) ਅਸਤਬਾਜੀ :** ਇਹ ਵਿਰਕ ਦਾ ਅਖੀਰਲਾ ਅਤੇ ਅੱਠਵਾਂ ਕਹਾਣੀ ਸੰਗ੍ਰਹਿ ਹੈ। ਇਸ ਸੰਗ੍ਰਹਿ ਦੀਆਂ ਤੇਰ੍ਹਾਂ ਕਹਾਣੀਆਂ ਹਨ ਅਤੇ ਇਸ ਦੇ 131 ਪੰਨੇ ਹਨ। ਇੰਨ੍ਹਾਂ ਤੇਰ੍ਹਾਂ ਕਹਾਣੀਆ ਵਿਚੋਂ ਅੱਠਾਂ ਵਿਚ ਵਿਰਕ ਨੇ ਔਰਤ ਦਾ ਮਨੋ-ਵਿਸ਼ਲੇਸ਼ਣ ਪੇਸ਼ ਕੀਤਾ ਹੈ। ਇਹ ਅਜੋਕੀ ਆਧੁਨਿਕ ਔਰਤ ਦਾ ਚਿਤਰ ਹੈ, ਜਿਹੜੀ ਮਨਮਰਜ਼ੀ ਦਾ ਜੀਵਨ ਬਤੀਤ ਕਰਦੀ ਹੈ। ਦੁਨੀਆਂ ਭਰ ਦੇ ਭੋਗ ਵਿਲਾਸ ਤੋਂ ਬਾਅਦ ਦੰਪਤੀ ਜੀਵਨ ਦੀ ਮਹੱਤਤਾ ਨੂੰ ਸਮਝਦੀ ਤੇ ਸਵੀਕਾਰਦੀ ਹੈ। ਇਸ ਕਹਾਣੀ ਸੰਗ੍ਰਹਿ ਵਿਚ ਵਿਰਕ ਦੇ ਮਨ ਦੇ ਵਹਿਮ ਬਾਰੇ ਵੀ ਗੱਲ ਕੀਤੀ ਹੈ-(ਨਿਕੜਮਾ)। ਵਿਰਕ ਸੁਸਿਖਿਅਤ ਅਤੇ ਅਣ-ਸਿਖਿਅਤ ਮਜ਼ਦੂਰਾਂ ਦੀ ਬੇਕਾਰੀ ਦੀ ਅੰਤਰ-ਰਾਸ਼ਟਰੀ ਪੱਧਰ 'ਤੇ ਸੰਕਟਮਈ ਸਥਿਤੀ ਨੂੰ ਪੇਸ਼ ਕਰਦਾ ਹੈ – (ਲੇਬਰ ਚੌਂਕ)।

ਕੁਲਵੰਤ ਸਿੰਘ ਵਿਰਕ ਦੇ ਕਹਾਣੀ ਸੰਗ੍ਰਹਿ 'ਦੁੱਧ ਦਾ ਛੱਪੜ' ਨੂੰ 1959 ਵਿਚ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਰਵੋਤਮ ਇਨਾਮ ਮਿਲਿਆ ਅਤੇ 'ਨਵੇਂ ਲੋਕ' ਨੂੰ 1969 ਵਿਚ ਸਾਹਿਤ ਅਕਾਦਮੀ ਦੁਆਰਾ ਪੁਰਸਕ੍ਰਿਤ ਕੀਤਾ ਗਿਆ। ਉਸ ਦੀਆਂ ਬਹੁਤੀਆਂ ਕਹਾਣੀਆਂ ਦਾ ਰਚਨਾ-ਵਸਤੂ ਇਸਤਰੀ-ਪੁਰਸ਼ ਵਿਚਕਾਰ ਕਾਮ-ਖਿੱਚ ਹੈ। ਉਸ ਦੀ ਪਹਿਲੀ ਕਹਾਣੀ 'ਚਾਚਾ' ਇਸੇ ਵਿਸ਼ੇ ਦੇ ਧੁਰੇ ਦੁਆਲੇ ਹੀ ਉਸਰੀ ਹੋਈ ਹੈ। ਵਿਰਕ 'ਇਸ਼ਕ ਜਾਂ ਜਿਨਸੀ ਸ਼ੋਸ਼ਣ' ਦਾ ਕਹਾਣੀਕਾਰ ਨਹੀਂ 'ਕਾਮ ਸੰਬੰਧਾਂ' ਦੇ ਸੁਹਜ ਦਾ ਕਹਾਣੀਕਾਰ ਹੈ। ਵਿਆਹ-ਬਾਹਰੇ ਕਾਮ-ਸੰਬੰਧ ਉਸ ਨੂੰ ਗੁਨਾਹ ਪ੍ਰਤੀਤ ਨਹੀਂ ਹੁੰਦੇ ਪਰ ਇੰਨ੍ਹਾਂ ਸੰਬੰਧਾਂ ਨੂੰ ਨਾ ਮੁਹੱਬਤ ਵਿਚ ਬਦਲਦਾ ਹੈ ਨਾ ਕਾਮ ਉਲਾਰ ਵਿਚ। ਜਿਨਸੀ ਲੋੜਾਂ ਅਤੇ ਰਿਸ਼ਤਿਆਂ ਵਿਚ ਵੀ ਇਸੇ ਸੀਵੀ ਅਤੇ ਸਰਵਵਿਆਪੀ ਵਤੀਰੇ ਦਾ ਵਖਰੇ-ਵਖਰੇ ਪ੍ਰਸੰਗਾਂ ਵਿਚ ਪ੍ਰਗਟਾਵਾ ਹੋਇਆ ਹੈ। 'ਏਕਸ ਕੇ ਹਮ ਬਾਰਿਕ' ਵਿਚ ਉਹ ਮਨੁੱਖ ਦੀ ਸਾਂਝ ਇਸ ਤੱਥ ਦੇ ਆਧਾਰ 'ਤੇ ਹੀ ਸਥਾਪਿਤ ਕਰਦਾ ਹੈ। 'ਤਿੰਨ ਰੰਗ' ਦਾ ਕੇਂਦਰੀ ਨੁਕਤਾ ਵੀ ਇਹੀ ਹੈ ਅਤੇ 'ਨਵੇਂ ਲੋਕ' ਜਾਂ 'ਮਿਰਚਾਂ' ਵਿਚ ਵੀ ਜਿਨਸੀ ਆਕਰਸ਼ਣ ਨੂੰ ਮੂਰਤੀਮਾਨ ਕੀਤਾ ਗਿਆ ਹੈ। ਪੰਜਾਬ ਦੇ ਇਤਿਹਾਸਕ ਦੁਖਾਂਤ ਬਾਰੇ ਵੀ ਵਿਰਕ ਨੇ ਕਹਾਣੀਆਂ ਲਿਖੀਆਂ ਹਨ ਪਰ ਇਥੇ ਵੀ ਉਸ ਦੀ ਦ੍ਰਿਸ਼ਟੀ ਸਾਧਾਰਨ ਮਨੁੱਖ ਦੇ ਵਤੀਰੇ ਉਪਰ ਹੀ ਕੇਂਦਰਤ ਰਹਿੰਦੀ ਹੈ। ਭੂਪਵਾਦ ਦੇ ਪੂੰਜੀਵਾਦ ਵਿਚ ਇਤਿਹਾਸਿਕ ਤੌਰ 'ਤੇ ਅਨਿਵਾਰੀ ਰੂਪਾਂਤਰਣ ਦਾ ਪ੍ਰਗਟਾਵਾ ਵਿਰਕ ਨੇ ਆਪਣੀ ਕਹਾਣੀ 'ਮਾਸਟਰ ਭੋਲਾ ਰਾਮ' ਵਿਚ ਵੀ ਕੀਤਾ ਹੈ। ਕੁਲਵੰਤ ਸਿੰਘ ਵਿਰਕ ਪੰਜਾਬੀ ਦਾ ਦੂਸਰਾ ਕਹਾਣੀਕਾਰ ਹੈ ਜਿਸ ਨੂੰ ਉਸ ਦੇ ਕਹਾਣੀ-ਸੰਗ੍ਰਹਿ ਨਵੇਂ ਲੋਕ ਉਤੇ 1969 ਈ. ਵਿਚ ਸਾਹਿਤ ਅਕਾਦਮੀ ਦਾ ਸਰਵੋਤਮ ਪੁਰਸਕਾਰ ਪ੍ਰਾਪਤ ਹੋਇਆ। ਵਿਰਕ ਦੀਆਂ ਕਹਾਣੀਆਂ 'ਛਾਹ ਵੇਲਾ', 'ਕਸ਼ਟ ਨਿਵਾਰਨ', 'ਲੇਂਝ' ਜਾਂ 'ਊਠ' ਪ੍ਰਗਤੀਵਾਦੀ ਜਾਂ ਆਧੁਨਿਕਵਾਦੀ ਪੰਜਾਬੀ ਕਹਾਣੀ ਦੀ ਢਾਲ ਅਨੁਸਾਰ ਹੋਣ ਦੇ ਬਾਵਜੂਦ ਵਖਰੀ ਨੁਹਾਰ ਰਖਦੀਆਂ ਹਨ।

ਉਸ ਦਾ ਆਖਰੀ ਕਹਾਣੀ-ਸੰਗ੍ਰਹਿ ਅਸਤਬਾਜੀ 1984 ਈ. ਵਿਚ ਪ੍ਰਕਾਸ਼ਿਤ ਹੋਇਆ ਸੀ। ਉਸ ਨੇ ਆਪਣੀ ਕਹਾਣੀ 'ਚਾਚਾ' ਰਾਹੀਂ ਕਹਾਣੀ ਕਲਾ ਦਾ ਜੋ ਮਿਆਰ ਸਥਾਪਿਤ ਕਰ ਲਿਆ ਸੀ ਉਸ ਮਿਆਰ ਨੂੰ ਉਸ ਨੇ ਆਪਣੇ ਆਖ਼ਰੀ ਕਹਾਣੀ-ਸੰਗ੍ਰਹਿ ਅਸਤਬਾਜੀ ਤਕ ਕਾਇਮ ਰੱਖਿਆ ਸੀ। ਉਸ ਦੀ ਕਹਾਣੀ-ਕਲਾ ਦੇ ਗੁਣ ਕਰਕੇ ਹੀ ਅਜੀਤ ਕੌਰ ਵਿਰਕ ਨੂੰ 'ਨਿੱਕੀ ਕਹਾਣੀ ਦਾ ਬਾਦਸ਼ਾਹ' ਸਵੀਕਾਰ ਕਰਦੀ ਹੈ। ਸੰਤ ਸਿੰਘ ਸੇਖੋਂ ਵਰਗਾ ਆਲੋਚਕ-ਸਾਹਿਤਕਾਰ ਉਸ ਨੂੰ ਆਪਣੇ ਪੋਚ ਵਿਚ ਸ਼ਾਮਲ ਕਰ ਕੇ ਫ਼ਖ਼ਰ ਮਹਿਸੂਸ ਕਰਦਾ ਹੈ। ਪ੍ਰੇਮ ਪ੍ਰਕਾਸ਼ ਪੰਜਾਬੀ ਕਹਾਣੀ ਦੀ ਇਕੋ ਇਕ ਪ੍ਰਾਪਤੀ ਕੁਲਵੰਤ ਸਿੰਘ ਵਿਰਕ ਨੂੰ ਸਵੀਕਾਰ ਕਰਦਾ ਹੈ।

### ਅਜੀਤ ਕੌਰ

ਅਜੀਤ ਕੌਰ ਨੇ ਜਿੰਨੀਆਂ ਵੀ ਰਚਨਾਵਾਂ ਕੀਤੀਆਂ ਹਨ ਉਹ ਸਭ ਉੱਚ ਵਰਗ ਨਾਲ ਸੰਬੰਧਿਤ ਹਨ। ਉਸਦੀਆਂ ਰਚਨਾਵਾਂ ਵਿਚੋਂ ਉਸਦਾ ਆਪਣਾ ਇਕ ਵਿਅਕਤੀਤਵ ਉੱਘੜ ਕੇ ਸਾਹਮਣੇ ਆਉਂਦਾ ਹੈ। ਅਜੋਕੇ ਸਮਾਜ ਵਿਚ ਨਿਸ਼ੰਗ ਹੋ ਕੇ ਲੜਕੇ ਲੜਕੀ ਦੇ ਸੰਬੰਧਾਂ ਨੂੰ ਉਸਨੇ ਇੰਨੀ ਖ਼ੂਬਸੂਰਤੀ ਨਾਲ ਚਿਤਰਿਆ ਹੈ। ਅਜੀਤ ਕੌਰ ਨੇ ਆਪਣੀਆਂ ਰਚਨਾਵਾਂ ਸ਼ਹਿਰੀ ਤਬਕੇ ਬਾਰੇ ਰਚੀਆਂ ਹਨ। ਉਸਨੇ ਆਪਣੀਆਂ ਰਚਨਾਵਾਂ ਸਿਵਾਏ ਇਕ ਦੋ ਰਚਨਾਵਾਂ ਦੇ ਔਰਤਾਂ ਬਾਰੇ ਹੀ ਲਿਖੀਆਂ ਹਨ। ਇਹ ਔਰਤਾਂ ਵੀ ਇਕ ਖ਼ਾਸ ਵਰਗ ਦੀਆ ਹੀ ਹਨ। ਪੇਂਡੂ ਔਰਤਾਂ ਬਾਰੇ ਉਸ ਨੇ ਬਹੁਤ ਘੱਟ ਲਖਿਆ ਹੈ।

**ਇਸਤਰੀਆਂ ਦੀ ਕਹਾਣੀਕਾਰ :** ਅਜੀਤ ਕੌਰ ਨੇ 'ਗੁਲਬਾਨੋ', 'ਬੁੱਤ ਸ਼ਿਕਨ', 'ਮਹਿਕ ਦੀ ਮੌਤ', 'ਫਾਲਤੂ ਔਰਤ', 'ਧੁੱਪ ਵਾਲਾ ਸ਼ਹਿਰ', 'ਪੋਸਟ-ਮਾਰਟਮ', ਆਦਿ ਪੁਸਤਕਾਂ ਪੰਜਾਬੀ ਜਗਤ ਨੂੰ ਦਿੱਤੀਆਂ ਹਨ। ਇੰਨ੍ਹਾਂ ਵਿਚੋਂ 'ਧੁੱਪ ਵਾਲਾ ਸ਼ਹਿਰ', 'ਫਾਲਤੂ ਔਰਤ', 'ਕਟੀਆਂ ਲਕੀਰਾਂ', 'ਟੁੱਟੇ ਤਿਕੋਣ' ਅਤੇ ਪੋਸਟ ਮਾਰਟਮ' ਨੂੰ ਉਸਨੇ ਨਾਵਲਿਟ ਕਿਹਾ ਹੈ। ਪਰ ਆਲੋਚਨਾਤਮਕ ਦਿਸ਼ਟੀ ਤੋਂ ਪਰਖਿਆ ਇਹ ਕਹਾਣੀਆਂ ਲੰਬੀਆਂ ਹਨ। ਇਹਨਾਂ ਵਿਚੋਂ ਬਹੁਤੀਆਂ ਕਹਾਣੀਆਂ 'ਗੁਲਬਾਨੋ', 'ਸਫੈਦ ਫੁੱਲ' ਤੇ ਸ਼ਬਨਮ', 'ਪਾਣੀ ਤੇ ਪੱਥਰ', 'ਇਕ ਪੀੜ ਕਿ ਪਿਆਸ', 'ਗੁਲਾਬੀ ਚੱਪਲਾਂ', 'ਧੂਆਂ ਖੋ ਰਾਹ', 'ਪੰਛੀ ਬੋਟ ਤੇ ਆਲ੍ਹਣੇ', 'ਜਿੰਦ ਦਾ ਕੈਨਵਸ', 'ਵਿਚਲਾ ਬੂਹਾ', ਇਕ ਮਕਾਨ ਇਕ ਘਰ', 'ਬੁੱਤ ਸ਼ਿਕਨ', 'ਸੂਲੀ ਉੱਤੇ ਲਟਕਦੇ ਪਲ', 'ਇਕ ਜਰਨਾਲਿਸਟ ਕੁੜੀ ਕਹਾਣੀ ਦੀ ਤਲਾਸ਼ ਵਿਚ', 'ਸੁਲਘਦੇ ਸਾਹ', 'ਮਾਮੀ', 'ਤਰੇੜ', 'ਧਰਤੀ ਮੁੜ ਆਈ', 'ਇਕ ਪਿਆਲਾ ਦੋ ਹੋਂਠ', 'ਇਕ ਮਰਿਆ ਹੋਇਆ ਪਲ', 'ਮਾਂ-ਪੁੱਤ', ਮਿਸਜ਼ ਸੇਠੀ', 'ਆਦਮੀ', 'ਸੂਹਾ ਸਾਲੂ', 'ਵੈਰਨ', 'ਇਕ ਪੋਰਟਰੇਟ', 'ਵਾਟਰ ਬੋਟਲ', 'ਮਹਿਕ ਦੀ ਮੌਤ', 'ਫਾਲਤੂ ਔਰਤ', 'ਪੰਜ ਰੁਪਏ ਵਾਲਾ ਕੰਮ', 'ਖੋਪੇ ਦੀ ਠੂਠੀ', 'ਅੱਧਾ ਆਦਮੀ ਸਾਬਤ ਆਦਮੀ', 'ਦਿਉਰ-ਭਰਜਾਈ', 'ਧੁੱਪ ਵਾਲਾ ਸ਼ਹਿਰ', 'ਕਟੀਆਂ ਲਕੀਰਾਂ ਟੁੱਟੇ ਤਿਕੋਣ ਆਦਿ ਕਿਸੇ ਨਾ ਕਿਸੇ ਤਰੀਕੇ ਨਾਲ ਔਰਤ ਨਾਲ ਹੀ ਸੰਬੰਧ ਰੱਖਦੀਆਂ ਹਨ। ਇਨ੍ਹਾਂ ਔਰਤਾਂ ਦਾ ਵਰਣਨ ਕਰਨ ਲੱਗਿਆਂ ਅਜੀਤ ਕੌਰ ਨੇ

ਉਨ੍ਹਾਂ ਲੋਕਾਂ ਦਾਂ ਜੋ ਕਿ ਅਖਾਉਤੀ ਉੱਚਵਰਗ ਦੇ ਲੋਕ ਹਨ ਪਰ ਉਨ੍ਹਾਂ ਵਿਚ ਜਿੰਨ੍ਹਾਂ ਕੋਲ ਭੈੜ ਹੈ, ਨੂੰ ਨੰਗਿਆਂ ਕੀਤਾ ਹੈ। ਪੰਜਾਬੀ ਕਹਾਣੀ ਖੇਤਰ ਵਿਚ ਹੋਰ ਕੋਈ ਵੀ ਇਸ ਤਰ੍ਹਾਂ ਦੀ ਔਰਤ ਕਹਾਣੀਕਾਰ ਨਹੀਂ ਹੈ, ਜਿਸਨੇ ਔਰਤ ਦੀ ਕਾਮੁਕ ਭਾਵਨਾ ਦਾ ਬਿਆਨ ਕੀਤਾ ਹੈ, ਇਹ ਦਲੇਰੀ ਅਜੀਤ ਕੌਰ ਦੇ ਹਿੱਸੇ ਆਈ ਹੈ। ਇਸ ਪ੍ਰਕਾਰ ਜੇਕਰ ਅਜੀਤ ਕੌਰ ਨੂੰ ਇਸਤਰੀਆਂ ਦੀ ਕਹਾਣੀਕਾਰ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

**ਸਮਾਜ ਵਿਚ ਅਜੋੜ ਰਿਸ਼ਤਿਆਂ ਬਾਰੇ :** ਸਮਾਜ ਦੇ ਇਸ ਕੋਹਜ ਤੋਂ ਅਜੀਤ ਕੌਰ ਨੇ ਆਪਣੀ ਕਹਾਣੀ 'ਸਫੇਦ ਫੁੱਲ ਤੇ ਸ਼ਬਨਮ' ਰਾਹੀਂ ਬੜੇ ਖ਼ੂਬਸੂਰਤ ਤਰੀਕੇ ਨਾਲ ਪਰਦਾ ਲਾਹਿਆ ਹੈ ਅਤੇ ਉਸਨੇ ਇਸ ਕਹਾਣੀ ਵਿਚ ਔਰਤ ਦੀ ਇਸ ਅਵਸਥਾ ਨੂੰ ਚਿਤਰਿਆ ਹੈ ਕਿ ਕਿਵੇਂ ਅੱਜ ਵੀ ਔਰਤ ਨੂੰ ਪਸ਼ੂਆਂ ਵਾਂਗ ਖਰੀਦਿਆ ਅਤੇ ਵੇਚਿਆ ਜਾਂਦਾ ਹੈ ਅਤੇ ਕਿਸ ਤਰ੍ਹਾਂ ਆਪਣੇ ਧੀ ਦੇ ਹਾਣ ਦੀ ਬੀਵੀ ਸ਼ਾਂਤੀ ਨਾਲ ਇਸ ਕਹਾਣੀ ਦਾ ਪਾਤਰ ਬੁੱਢਾ ਚੌਂਕੀਦਾਰ ਕਿਵੇਂ ਸਲੂਕ ਕਰਦਾ ਹੈ ਤੇ ਚੌਕੀਦਾਰ ਦੀ ਮੌਤ ਤੋਂ ਬਾਅਦ ਉਸ ਔਰਤ ਨਾਲ ਕਿਸ ਤਰ੍ਹਾ ਦਾ ਸਲੂਕ ਕੀਤਾ ਜਾਂਦਾ ਹੈ।

'ਪੰਛੀ ਬੋਟ ਦੇ ਆਲ੍ਹਣੇ' ਵਿਚ ਵੀ ਅਜੀਤ ਕੌਰ ਨੇ ਇਹੋ ਹੀ ਦਰਸਾਇਆ ਹੈ ਕਿ ਕਿਸ ਤਰ੍ਹਾਂ ਮਾਪਿਆਂ ਦੀ ਗਲਤ ਚੋਣ ਸਦਕਾ ਮੀਆਂ-ਬੀਵੀ ਦੋਹਾਂ ਨੂੰ ਹੀ ਔਖਿਆਂ ਹੋਣਾ ਪੈਂਦਾ ਹੈ। ਅਜੀਤ ਕੌਰ ਨੇ ਔਰਤ ਦੀ ਇਸ ਅਵਸਥਾ ਨੂੰ ਬੜੇ ਖ਼ੂਬਸੂਰਤ ਤਰੀਕੇ ਨਾਲ ਆਪਣੀ ਕਹਾਣੀ 'ਰੂਹ ਦਾ ਰੰਗ' ਵਿਚ ਚਿਤਰਿਆ ਹੈ ਕਿ ਕਿਸ ਤਰ੍ਹਾਂ ਸੰਗੀ ਦਾ ਪਤੀ ਨਿਪੁੰਸਕ ਹੋਣ ਕਰਕੇ ਉਸ ਤੇ ਦੂਸ਼ਣ ਲਾਉਂਦਾ ਹੈ ਅਤੇ ਕਿਵੇਂ ਡਾਕਟਰ ਕੰਵਰ ਨਰਾਇਣ ਗੁਪਤਾ ਵਰਗੇ ਇਸ ਗੱਲ ਤੋਂ ਨਜਾਇਜ਼ ਫਾਇਦਾ ਉਠਾ ਕੇ ਸੰਗੀ ਨਾਲ ਸਰੀਰਿਕ ਸੰਬੰਧ ਪੈਦਾ ਕਰਦੇ ਹਨ।

**ਭਾਰਤੀ ਔਰਤਾਂ ਦਾ ਦੁਖਾਂਤ :** ਅਜੀਤ ਕੌਰ ਨੇ ਭਾਰਤੀ ਔਰਤ ਦੇ ਇਸ ਦੁਖਾਂਤ ਤੋਂ ਵੀ ਪਰਦਾ ਲਾਹਿਆ ਹੈ। ਉਸ ਨੇ ਆਪਣੀ ਇਕ ਕਹਾਣੀ 'ਦੀਵਾ ਬਲੇ ਸਾਰੀ ਰਾਤ' ਵਿਚ ਇਕ ਪੇਂਡੂ ਲੜਕੀ ਨੀਲੋ ਦੇ ਹਾਵ-ਭਾਵ ਉਲੀਕੇ ਹਨ। ਜਿਹੜੀ ਬੰਤੋ ਨੂੰ ਉਡੀਕਦੀ ਰਹਿੰਦੀ ਹੈ ਇਸ ਗੱਲ ਦਾ ਪਤਾ ਲੱਗਣ ਤੇ ਵੀ ਕਿ ਬੰਤਾ ਇਕ ਹੋਰ ਕੁੜੀ ਨੂੰ ਪਿਆਰ ਕਰਦਾ ਹੈ ਉਹ ਬੰਤੇ ਦਾ ਇੰਤਜ਼ਾਰ ਕਰਦੀ ਹੈ ਕਿਉਂਕਿ ਨੀਲੋ ਭਾਰਤੀ ਨਾਰੀ ਦੀ ਪ੍ਰਤੀਨਿਧਤਾ ਕਰਦੀ ਹੈ ਕਿ ਜਿਸ ਨੂੰ ਪਹਿਲਾਂ ਮਨ ਵਿਚ ਪਤੀ ਕਿਆਸ ਲਿਆ ਸਾਰੀ ਉਮਰ ਉਸੇ ਦੀ ਹੋਕੇ ਰਹਿਣਾ ਹੈ।

ਅਜੀਤ ਕੌਰ ਨੇ ਇਸੇ ਤਰ੍ਹਾਂ ਆਪਣੀ ਕਹਾਣੀ 'ਜਿੰਦ ਦਾ ਕੈਨਵਸ' ਵਿਚ ਉਸਨੇ ਅਮੀਤਾ ਨਾਮ ਦੀ ਲੜਕੀ ਪਾਤਰ ਨੂੰ ਵਿਖਾਇਆ ਹੈ ਜਿਹੜੀ ਆਪਣੇ ਪਤੀ ਦੀ ਖੁਸ਼ੀ ਲਈ, ਇਕ ਹੋਰ ਕੁੜੀ ਬੀਨਾਂ ਨੂੰ ਆਪਣੇ ਸੰਪਰਕ ਵਿਚ ਲਿਆਉਂਦੀ ਹੈ। 'ਮਾਂ-ਪੁੱਤ' ਕਹਾਣੀ ਵਿਚ ਵੀ ਅਜੀਤ ਕੌਰ ਐਸਾ ਹੀ ਵਿਸ਼ਾ ਲੈਂਦੀ ਹੈ। ਸ਼ਾਂਤੀ ਅਤੇ ਮਿਸਟਰ ਕੁਮਾਰ ਮੀਆਂ-ਬੀਵੀ ਹਨ ਪਰ ਸਮਾਜਕ ਬੰਧਨਾਂ ਸਦਕਾ ਆਪਣੇ ਪਤੀ ਤੋਂ ਵੱਖ ਨਹੀਂ ਹੋ ਸਕਦੀ। 'ਮਾਮੀ' ਕਹਾਣੀ ਦੀ ਪਾਤਰ ਮਾਤੀ ਵੀ ਚਾਰ ਲਾਵਾਂ ਦੀ ਹੀ ਚੋਰ ਹੈ ਪਰ

ਉਹ ਉਮਰ ਖੁਰ-ਖੁਰ ਕੇ ਆਪਣਾ ਆਪ ਖਤਮ ਕਰ ਲੈਂਦੀ ਹੈ ਪਰ ਪਤੀ-ਬਰਤਾ ਧਰਮ ਨੂੰ ਆਂਚ ਨਹੀਂ ਆਉਣ ਦਿੰਦੀ। 'ਪਾਣੀ ਅਤੇ ਪੱਥਰ' ਕਹਾਣੀ ਵਿਚ ਵੀ ਭਾਰਤੀ ਔਰਤ ਦੇ ਸਮਾਜਕ ਬੰਧਨਾਂ ਵਿਚ ਰਹਿਣ ਦੀ ਮਜ਼ਬੂਰੀ ਅਜੀਤ ਕੌਰ ਬੜੇ ਖ਼ੂਬਸੂਰਤ ਤਰੀਕੇ ਨਾ ਬਿਆਨ ਕਰਦੀ ਹੈ ਕਿ ਕਿਸ ਤਰ੍ਹਾਂ ਅੰਜੂ ਵਰਗੀਆਂ ਕੁੜੀਆਂ ਵਰਿਆਂ ਬੱਧੀ ਰਸ਼ੀਦ ਵਰਗੇ ਮੁੰਡਿਆਂ ਨਾਲ ਬੱਝੀਆਂ ਰਹਿੰਦੀਆਂ ਹਨ ਪਰ ਸਮਾਜ ਵਿਚ ਬੇਇਜ਼ਤੀ ਦੇ ਡਰੋਂ ਰਸ਼ੀਦ ਵਰਗੇ ਲੜਕੇ ਨੂੰ ਘਰ ਆਉਣ ਤਾਂ ਕੀ ਚਿੱਠੀ ਪਾਉਣ ਦੀ ਇਜ਼ਾਜਤ ਵੀ ਨਹੀਂ ਦਿੰਦੀਆਂ।

**ਅਜੋਕੀ ਮੱਧ ਸ਼੍ਰੇਣੀ ਔਰਤ ਦੀ ਅਵਸਥਾ :** ਇਸ ਸ਼੍ਰੇਣੀ ਦੀ ਔਰਤ ਦੀ ਅਵਸਥਾ ਨੂੰ ਅਜੀਤ ਕੌਰ ਚਿਤਰਣ ਵਿਚ ਕਾਮਯਾਬ ਰਹੀ ਹੈ। 'ਇਕ ਮਕਾਨ ਇਕ ਘਰ' ਕਹਾਣੀ ਦੀ ਪਾਤਰ 'ਬੋਸਤੀ' ਵੀ ਇਸ ਮੱਧ ਸ਼੍ਰੇਣੀ ਦੀ ਹੀ ਪਾਤਰ ਹੈ। ਕਹਾਣੀ ਪੜ੍ਹਣ ਤੋਂ ਇਹ ਪਤਾ ਲੱਗਦਾ ਹੈ ਕਿ ਗੋਮਤੀ ਕੋਲ' ਪੈਸਾ ਵੀ ਹੈ ਜਿਸ ਨਾਲ ਉਹ ਮਨ ਮਰਜ਼ੀ ਦਾ ਮਕਾਨ ਬਣਾ ਸਕੇ। ਉਹ ਕਾਫ਼ੀ ਅਯਾਸ਼ ਹੈ ਪਰ ਉਹ ਬੇਚੈਨ ਹੈ ਅਖੀਰ ਨੂੰ ਆਤਮ-ਹੱਤਿਆ ਕਰ ਲੈਂਦੀ ਹੈ। 'ਇਕ ਜਰਨਲਿਸਟ ਕੁੜੀ ਦੀ ਤਲਾਸ਼ ਵਿਚ' ਵਿਚੋਂ ਕਹਾਣੀ ਦੀ ਪਾਤਰ ਅਨੀਤਾ ਵੀ ਅਜਿਹੀ ਸ਼੍ਰੇਣੀ ਦੀ ਪਾਤਰ ਹੈ ਜਿਹੜੀ ਸ਼ੌਂਕ ਨਾਲ ਨੌਕਰੀ ਕਰਦੀ ਹੈ

**ਸਮਾਜਕ ਕੋਹੜ ਬਾਲ ਵਿਧਵਾ ਔਰਤ ਦਾ ਮਾਨਸਿਕ ਵਿਸ਼ਲੇਸ਼ਣ :** ਪੱਛਮ ਵਿਚ ਔਰਤ ਨੂੰ ਪੁਸ਼ਾਕ ਵਾਂਗ ਬਦਲਿਆ ਜਾ ਸਕਦਾ ਹੈ ਅਤੇ ਉਸ ਪੱਛਮੀਂ ਔਰਤ ਤੇ ਕੋਈ ਵੀ ਊਂਝ ਨਹੀਂ ਲਗਦੀ ਲੇਕਿਨ ਭਾਰਤੀ ਸਮਾਜ ਵਿਚ ਇਸ ਤਰ੍ਹਾਂ ਦੀ ਔਰਤ ਦਾ ਵਿਚਰਨਾ ਡਾਢਾ ਕਠਿਨ ਹੋ ਜਾਂਦਾ ਹੈ। ਅਜੀਤ ਕੌਰ ਨੇ ਵੀ ਸਮਾਜ ਦੇ ਇਸ ਕੋਹੜ ਤੋਂ ਪਰਦਾ ਲਾਹਿਆ ਹੈ ਆਪਣੀ ਕਹਾਣੀ 'ਸੁਲਗਦੇ ਰਾਹ' ਵਿਚ ਉਸਨੇ ਵਿਧਵਾ ਦਾ ਮਾਨਸਿਕ ਚਿਤਰਣ ਬੜੇ ਵਧੀਆ ਢੰਗ ਨਾਲ ਕੀਤਾ ਹੈ।

**ਦੂਜੇ ਵਿਆਹ ਦੀ ਸਮੱਸਿਆ :** ਅਜੀਤ ਕੌਰ ਦੀ ਕਹਾਣੀ 'ਸਫੈਦ ਫੁੱਲ ਤੇ ਸ਼ਬਨਮ', ਵਿਚੋਂ ਵੇਖੀ ਜਾ ਸਕਦੀ ਹੈ। ਇਸੇ ਪ੍ਰਕਾਰ ਹੀ ਅਜੀਤ ਕੌਰ ਨੇ ਆਪਣੀ ਕਹਾਣੀ 'ਮਾਮੀ' ਵਿਚ ਦੂਜੇ ਵਿਆਹ ਦੇ ਬਾਰੇ 'ਚ ਦੱਸਿਆ ਹੈ। 'ਇਕ ਪਿਆਲਾ ਦੋ ਹੋਂਠ' ਵਿਚ ਵੀ ਅਜੀਤ ਕੌਰ ਨੇ ਇਸੇ ਸਮੱਸਿਆ ਨੂੰ ਛੋਹਿਆ ਹੈ।

**ਅਜੋਕੇ ਯੁੱਗ ਵਿਚ ਫਰਸਟ੍ਰੈਸ ਹੋਈਆਂ ਔਰਤਾਂ ਦਾ ਚਿਤਰਣ :** 'ਬੁੱਤ ਸ਼ਿਕਨ' ਵਿਚ ਕਹਾਣੀਕਾਰਾ ਨੇ ਇਸ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਸ ਵਰਗ ਦੇ ਲੋਕਾਂ ਵਿਚਲੀ ਸਾੜੇ ਦੀ ਭਾਵਨਾ ਨੂੰ ਉਸ ਨੇ ਆਪਣੀ ਕਹਾਣੀ 'ਬੁੱਤ ਸ਼ਿਕਨ' ਵਿਚ ਬੜੇ ਖ਼ੂਬਸੂਰਤ ਤਰੀਕੇ ਨਾਲ ਕੀਤਾ ਹੈ। 'ਸੂਲੀ ਤੇ ਲਟਕਦੇ ਪਲ' ਕਹਾਣੀ ਵੀ ਇਸ ਵਰਗ ਦੀ ਤਸਵੀਰ ਹੈ ਕਿ ਕਿਸ ਤਰ੍ਹਾਂ ਮੀਆਂ ਬੀਵੀ ਵਿਚਾਰਧਾਰਕ ਤੌਰ 'ਤੇ ਵਖਰੇ ਹੋਣ ਅਤੇ ਮਾਨਸਿਕ ਦੁੱਖ ਦਾ ਸ਼ਿਕਾਰ ਹੁੰਦੇ ਹਨ। 'ਮਿਸਿਜ਼ ਸੇਠੀ' ਵੀ ਇਸੇ ਵਰਗ ਦੀ ਕਹਾਣੀ ਹੈ ਜਿਸ ਤਰ੍ਹਾਂ ਇਸ ਵਰਗ ਦੀਆਂ ਸਾਰੀਆਂ ਔਰਤਾਂ ਨੂੰ ਭੁਲੇਖਾ ਹੁੰਦਾ ਹੈ ਕਿਸੇ ਪਰੀ

ਦੇਸ਼ ਵਿਚੋਂ ਇਥੇ ਸੈਰ ਕਰਨ ਆਈਆਂ ਹਨ। ਉਹ ਆਪਣਾ ਸਾਰਾ ਧਿਆਨ ਹਾਰ ਸ਼ਿੰਗਾਰ ਤੇ ਲਾਉਂਦੀਆਂ ਹਨ।

ਇਸ ਤਰ੍ਹਾਂ ਫਰਸਟਰੇਟ ਹੋਏ ਲੋਕਾਂ ਲਈ ਕਿਸੇ ਵੀ ਮਰਦ ਨਾਲ ਸਰੀਰਿਕ ਸੰਬੰਧ ਕਾਇਮ ਕਰ ਲੈਣੇ ਬੜੀ ਸਧਾਰਣ ਗੱਲ ਹੈ। ਉਹ ਇਸ ਜਿਨਸੀ ਭੁੱਖ ਨੂੰ ਸ਼ਰੀਰ ਦਾ ਇਕ ਅੰਗ ਮੰਨਦੇ ਹਨ ਅਤੇ ਜਦੋਂ ਵੀ ਕਿਸੇ ਨੂੰ ਭੁੱਖ ਲਗਦੀ ਹੈ ਤਾਂ ਉਹ ਜਿੱਥੋਂ ਵੀ ਚਾਹੇ ਆਪਣੇ ਪੇਟ ਦੀ ਪੂਰਤੀ ਕਰ ਸਕਦਾ ਹੈ। ਅਜੀਤ ਕੌਰ ਨੇ ਆਪਣੀਆਂ ਕਈ ਕਹਾਣੀਆਂ ਵਿਚ ਅਜਿਹੇ ਲੋਕਾਂ ਦੇ ਪਰਦੇ ਫਾਸ਼ ਕੀਤੇ ਹਨ ਆਪਣੀ ਕਹਾਣੀ 'ਗੇਟ ਵਾਟਰ ਬਾਦਲ' ਵਿਚ ਵੀ ਇਸ ਤਰ੍ਹਾਂ ਦੇ ਪਰਿਵਾਰ ਦੀ ਇਕ ਕੁੜੀ ਮੰਜਰੀ ਦੀ ਕਹਾਣੀ ਹੈ ਜਿਹੜੀ ਕਾਮ ਵਿਚ ਗਬੜੀ ਹੋਈ ਹੈ। 'ਖੋਪੇ ਦੀ ਠੂਠੀ' ਕਹਾਣੀ ਦੀ ਪਾਤਰ ਜੂਹੀ ਵੀ ਇਸੇ ਮਰਜ਼ ਦੀ ਸ਼ਿਕਾਰ ਹੋਈ ਹੈ। 'ਫਾਲਤੂ ਔਰਤ' ਵੀ ਇਸੇ ਤਰ੍ਹਾਂ ਦੀ ਕਹਾਣੀ ਹੈ। 'ਪੋਸਟ ਮਾਰਟਮ' ਵਿਚ ਵੀ ਮੀਰਾ ਦੀ ਕਹਾਣੀ ਹੈ ਜਿਹੜੀ ਵਿਆਹੁਤਾ ਮਿਸਟਰ ਅਵੀਨਾਸ਼ ਬਾਜਵਾ ਨਾਲ ਸਿਰਫ ਸਰੀਰਿਕ ਭੁੱਖ ਮਿਟਾਉਣ ਲਈ ਹੀ ਜੁੜੀ ਹੈ। 'ਦਿਉਰ ਭਾਬੀਆਂ' ਕਹਾਣੀ ਵੀ ਇਸ ਤਰ੍ਹਾਂ ਦੇ ਅਖਾਉਤੀ ਸ਼ਰੀਫ ਲੋਕਾਂ ਦੇ ਮੂੰਹ ਤੋਂ ਨਕਾਬ ਉਤਾਰਦੀ ਹੈ।

**ਅਜੀਤ ਕੌਰ ਦੀਆਂ ਕਹਾਣੀਆਂ ਵਿਚ ਮਨੋਵਿਗਿਆਨਕ :** ਅਜੀਤ ਕੌਰ ਦੀਆਂ ਬਹੁਤੀਆਂ ਕਹਾਣੀਆਂ ਮਨੋਵਿਗਿਆਨਕ ਹਨ ਅਤੇ ਉਹ ਮਨੁੱਖ ਦੇ ਮਨ ਦੀਆਂ ਅੰਤਰੀਵ ਭਾਵਨਾਵਾਂ ਨੂੰ ਬੜੇ ਖ਼ੂਬਸੂਰਤ ਤਰੀਕੇ ਨਾਲ ਉਲੀਕਦੀ ਹੈ। 'ਸੂਲੀ ਤੇ ਲਟਕਦੇ ਪਲ' ਕਹਾਣੀ ਵਿਚ ਅਜੀਤ ਕੌਰ ਨੇ ਇਸ ਕਹਾਣੀ ਦੀ ਪਾਤਰ ਦੀ ਮਾਨਸਿਕ ਦਸ਼ਾ ਨੂੰ ਬੜੇ ਖ਼ੂਬਸੂਰਤ ਤਰੀਕੇ ਨਾਲ ਚਿਤਰਿਆ ਹੈ। 'ਪਾਣੀ ਤੇ ਪੱਥਰ' ਕਹਾਣੀ ਦੀ ਪਾਤਰ ਅੰਜੂ ਦੀ ਵੀ ਇਹੋ ਮਾਨਸਿਕ ਪੀੜ ਹੈ। 'ਇਕ ਮਰਿਆ ਹੋਇਆ ਪਲ' ਕਹਾਣੀ ਵਿਚ ਅਜੀਤ ਕੌਰ ਨੇ ਬੜੇ ਵਧੀਆ ਤਰੀਕੇ ਨਾਲ ਅਰਪਣਾਂ ਦੇ ਮਨ ਵਿਚਲੇ ਉਸ ਹਾਵ ਭਾਵ ਨੂੰ ਇਸ ਤਰੀਕੇ ਨਾਲ ਉਜਾਗਰ ਕੀਤਾ ਹੈ ਕਿ ਪਾਠਕ ਨੂੰ ਵੀ ਉਸ ਪਲ ਦੀ ਹੋਂਦ ਦਾ ਅਹਿਸਾਸ ਹੋ ਜਾਂਦਾ ਹੈ। 'ਮਹਿਕ ਦੀ ਮੌਤ' ਵਿਚ ਵੀ ਲੇਖਿਕਾ ਨੇ ਇਕ ਪਾਤਰ ਮੇਨਿਕਾ ਦਾ ਇਸ ਤਰ੍ਹਾਂ ਦਾ ਮਾਨਸਿਕ ਵਿਸ਼ਲੇਸ਼ਣ ਕੀਤਾ ਹੈ ਕਿ ਖੁਸ਼ੀ ਦੀ ਅਵਸਥਾ ਵਚ ਉਸਨੂੰ ਕਸ਼ਮੀਰ ਵਾਦੀ ਮਹਿਕਾਂ ਖਿਲਾਰਦੀ ਪ੍ਰਤੀਤ ਹੁੰਦੀ ਹੈ। ਇਸ ਤੋਂ ਇਲਾਵਾ 'ਵਿਚਲਾ ਬੂਹਾ', 'ਸੁਲਘਦੇ ਸਾਹ', 'ਫਾਲਤੂ ਔਰਤ', 'ਖੋਪੇ ਦੀ ਠੂਠੀ' 'ਪੋਸਟ ਮਾਰਟਮ' ਆਦਿ ਕਹਾਣੀਆਂ ਵਿਚ ਮਨੋਵਿਗਿਆਨਕ ਅੰਸ਼ ਮਿਲ ਜਾਂਦੇ ਹਨ ਜਿੰਨ੍ਹਾਂ ਵਿਚ ਹੇਠਲੀ ਸ਼੍ਰੇਣੀ ਦੀਆਂ ਔਰਤਾਂ ਦਾ ਮਾਨਸਿਕ ਵਿਸ਼ਲੇਸ਼ਣ ਕੀਤਾ ਮਿਲਦਾ ਹੈ।

**ਨਿਚਲੀ ਸ਼੍ਰੇਣੀ ਦੇ ਲੋਕਾਂ ਬਾਰੇ :** ਇਸ ਵਰਗ ਦੀ ਕਹਾਣੀ 'ਨੰਦੂ' ਦੀ ਚਰਚਾ ਕੀਤੀ ਜਾ ਸਕਦੀ ਹੈ। ਇਸ ਕਹਾਣੀ ਵਿਚ ਅਜੀਤ ਕੌਰ ਨੇ ਅਜੋਕੇ ਭਾਰਤ ਦੇ ਹੇਠਲੇ ਵਰਗ ਦਾ ਚਰਿੱਤਰ ਚਿਤਰਣ ਕੀਤਾ ਹੈ। ਇਸੇ ਤਰ੍ਹਾਂ ਅਜੀਤ ਕੌਰ ਨੇ ਹੇਠਲੇ ਤਬਕੇ ਦੇ ਮਜ਼ਦੂਰਾਂ ਬਾਰੇ ਇਕ ਕਹਾਣੀ 'ਦਾਇਰੇ' ਲਿਖੀ ਹੈ। 'ਤਰੇੜ' ਅਤੇ 'ਵੈਰਨ' ਕਹਾਣੀ ਵੀ

ਇਸੇ ਪ੍ਰਕਾਰ ਦੀ ਹੈ। 'ਸੂਹਾ ਸਾਲੂ' ਤੇ 'ਗੁਲਬਾਨੋ', 'ਆਂਦਰਾਂ' ਵੀ ਇਸੇ ਪ੍ਰਕਾਰ ਦੀਆਂ ਕਹਾਣੀਆਂ ਹਨ।

## ਪ੍ਰੇਮ ਪ੍ਰਕਾਸ਼

ਪੰਜਾਬੀ ਕਹਾਣੀ ਵਿਚ 1960 ਤੋਂ ਬਾਅਦ ਵੱਧ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਕਹਾਣੀਕਾਰਾਂ ਵਿਚ ਪ੍ਰੇਮ ਪ੍ਰਕਾਸ਼ ਦਾ ਨਾਂ ਖ਼ਾਸ ਹੈ। ਉਸ ਦੇ ਕਹਾਣੀ-ਸੰਗ੍ਰਹਿ ਮੁਕਤੀ ਦੇ ਆਉਣ ਨਾਲ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਨਵੀਂ ਸੁਰ ਦਾ ਆਗਾਜ਼ ਹੋਇਆ। ਜ਼ਿੰਦਗੀ ਦੀ ਵਿਡੰਬਨਾ, ਪੂਰਨਤਾ, ਅਪੂਰਨਤਾ, ਅਖੌਤੀ ਨੈਤਿਕਤਾ, ਦੋਗਲੇ ਵਿਹਾਰ, ਖੰਡਿਤ ਮਾਨਸਿਕਤਾ, ਸੰਸਕਾਰਾਂ ਦੇ ਮੋਹ ਨਿਰਮੋਹ ਨੂੰ ਉਸ ਨੇ ਆਪਣੀਆਂ ਕਹਾਣੀਆਂ ਵਿਚ ਬਹੁਤ ਖ਼ੂਬਸੂਰਤੀ ਅਤੇ ਜੁਗਤਮਈ ਢੰਗ ਨਾਲ ਚਿਤਰਿਆ। ਪ੍ਰੇਮ ਪ੍ਰਕਾਸ਼ ਤੇ ਵਰਿਆਮ ਸੰਧੂ ਜਿਹੇ ਕਹਾਣੀਕਾਰਾਂ ਨੇ ਕਹਾਣੀ ਵਿਚ ਵਿਸ਼ੇ ਤੇ ਤਕਨੀਕ ਪੱਖੋਂ ਨਵੇਂ ਰੁਝਾਨ ਪੈਦਾ ਕੀਤੇ। ਪ੍ਰੇਮ ਪ੍ਰਕਾਸ਼ ਪੰਜਾਬੀ ਕਹਾਣੀ ਸਿਰਜਣਧਾਰਾ ਵਿਚ ਤੀਜੇ ਦੌਰ ਦਾ ਕਹਾਣੀਕਾਰ ਮੰਨਿਆ ਜਾਂਦਾ ਹੈ। ਪ੍ਰੇਮ ਪ੍ਰਕਾਸ਼ ਨੇ ਪੰਜਾਹਵਿਆਂ ਦੇ ਅੰਤ ਵਿਚ ਕਹਾਣੀ ਲਿਖਣੀ ਸ਼ੁਰੂ ਕੀਤੀ ਜਦੋਂ ਪ੍ਰਗਤੀਵਾਦੀ ਲਹਿਰ ਸਿਖਰ 'ਤੇ ਸੀ।

ਪ੍ਰੇਮ ਪ੍ਰਕਾਸ਼ ਨੇ ਪੰਜਾਬੀ ਜਗਤ ਨੂੰ ਕੱਚਕੜੇ, ਨਮਾਜ਼ੀ, ਮੁਕਤੀ, ਸ਼ਵੇਤਾਂਬਰ ਨੇ ਕਿਹਾ ਸੀ, ਪ੍ਰੇਮ ਕਹਾਣੀਆਂ (ਚੋਣਵੀਆਂ ਕਹਾਣੀਆਂ), ਕੁਝ ਅਣਕਿਹਾ ਵੀ, ਸੁਣਦੈ ਖ਼ਲੀਫ਼ਾ, ਪਦਮਾ ਦਾ ਪੈਰ ਕਹਾਣੀ-ਸੰਗ੍ਰਹਿ ਦਿੱਤੇ ਹਨ। ਉਸਨੇ ਨਕਸਲਬਾੜੀ ਲਹਿਰ ਦੇ ਪ੍ਰਭਾਵ ਹੇਠ ਇਕ ਨਾਵਲ ਦਸਤਾਵੇਜ਼ ਲਿਖਿਆ। ਪ੍ਰੇਮ ਪ੍ਰਕਾਸ਼ ਮਨੁੱਖ ਦੇ ਅੰਤਰ ਮਨ ਦੀਆਂ ਸੂਖ਼ਮ ਤੰਦਾਂ ਨੂੰ ਨਵੇਂ ਢੰਗ ਨਾਲ ਪੇਸ਼ ਕਰਨ ਵੱਲ ਯਤਨਸ਼ੀਲ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਆਦਿ ਬਿੰਦੂ ਦੁੱਗਲ ਦੀਆਂ ਕਹਾਣੀਆਂ ਨਾਲ ਜੁੜ ਜਾਂਦਾ ਹੈ। ਉਸਦੀਆਂ ਕਹਾਣੀਆਂ ਮਨੁੱਖੀ ਜੀਵਨ ਦੇ ਇਕ ਨੁਕਤੇ ਨੂੰ ਨਹੀਂ ਸਗੋਂ ਮਨੁੱਖੀ ਜੀਵਨ ਨਾਲ ਸੰਬੰਧਿਤ ਵਿਰਾਟ ਦ੍ਰਿਸ਼ਟੀਆਂ ਨੂੰ ਪੇਸ਼ ਕਰਦੀਆਂ ਹਨ। ਅਜੋਕੇ ਮਨੁੱਖ ਦੀਆਂ ਅਤ੍ਰਿਪਤੀਆਂ ਵਿਚੋਂ ਉਪਜਿਆ ਤਨਾਉ ਤੇ ਸੰਤਾਪ ਉਸ ਦੀ ਕਹਾਣੀ ਦਾ ਮੂਲ ਸਰੋਕਾਰ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਅਜੋਕੇ ਮਨੁੱਖੀ ਜੀਵਨ ਵਿਚਲੀ ਨਿਰੰਤਰ ਪਰਿਵਰਤਨਸ਼ੀਲਤਾ ਨੂੰ ਪ੍ਰਗਟਾਇਆ ਗਿਆ ਹੈ। ਉਸ ਦੇ ਆਰੰਭਲੇ ਕਹਾਣੀ-ਸੰਗ੍ਰਹਿ ਇਸ ਪਰਿਵਰਤਨਸ਼ੀਲਤਾ ਦੇ ਆਦਿ-ਬਿੰਦੂ ਨੂੰ ਸਿਰਜਦੇ ਪ੍ਰਤੀਤ ਹੁੰਦੇ ਹਨ। ਕਹਾਣੀ ਸੰਗ੍ਰਹਿ ਕੱਚਕੜੇ ਅਤੇ ਨਮਾਜ਼ੀ ਦੀਆਂ ਕਹਾਣੀਆਂ ਵਿਚ ਨਿਮਨ-ਵਰਗ ਦੀਆਂ ਆਰਥਿਕ ਊਣਾ, ਜਾਤ-ਪਾਤ ਸੰਬਧੀ ਲੋਕਾਂ ਦੀ ਕਰਵਟਾਂ ਲੈਂਦੀ ਸੋਚ, ਮਨੁੱਖੀ ਮਨ 'ਦੇ ਵਿਚਲਿਤ ਹੋਣ ਦੇ ਕਾਰਨ, ਸੰਸਕ੍ਰਿਤੀ ਵਿਚ ਮਿਲੇ ਸੰਸਕਾਰਾਂ ਪ੍ਰਤੀ ਰੋਧ-ਪ੍ਰਤੀਰੋਧ ਤੇ ਮਨ ਦੀ ਆਜ਼ਾਦੀ ਲਈ ਤੜਪਦੇ ਮਨੁੱਖ ਦੇ ਮਨੋਵੇਗ ਨੂੰ ਪੇਸ਼ ਕੀਤਾ ਗਿਆ ਹੈ।

ਪ੍ਰੇਮ ਪ੍ਰਕਾਸ਼ ਦੀਆਂ ਮੁੱਢਲੀਆਂ ਕਹਾਣੀਆਂ ਸਮਾਜਿਕ ਆਰਥਿਕ ਮਸਲਿਆਂ ਨਾਲ ਸੰਬੰਧਿਤ ਹਨ ਪਰ ਲੇਖਕ ਇਹਨਾਂ ਕਹਾਣੀਆਂ ਵਿਚ ਕਿਤੇ ਨਾ ਕਿਤੇ ਮਨੁੱਖ ਦੀ ਅੰਤਰ-ਪੀੜਾ ਦਾ ਚਿਤਰਣ ਕਰਨ ਵਿਚ ਰੁਚਿਤ ਪ੍ਰਤੀਤ ਹੁੰਦਾ ਹੈ। ਉਸ ਦੁਆਰਾ

ਰਚਿਤ ਮੁਢਲੀਆਂ ਕਹਾਣੀਆਂ ਵਿਚ ਵੀ ਮਨੁੱਖ ਦੇ ਵਿਰਾਟ ਅਤੇ ਵਾਮਨ ਜਗਤ ਦੋਹਾਂ ਦੀ ਪੇਸ਼ਕਾਰੀ ਮਿਲਦੀ ਹੈ। ਉਸ ਦੀਆਂ ਕਹਾਣੀਆਂ ਵਿਚਲੀ ਕੇਂਦਰੀ ਚੂਲ ਔਰਤ-ਮਰਦ ਸੰਬੰਧਾਂ ਦੇ ਜਟਿਲ ਵਰਤਾਰੇ ਨੂੰ ਸੁਹਜਮਈ ਢੰਗ ਨਾਲ ਪੇਸ਼ ਕਰਨਾ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਔਰਤ-ਮਰਦ ਸੰਬੰਧਾਂ ਨੂੰ ਵਿਸ਼ਾਲ ਤੇ ਵਿਭਿੰਨ ਦ੍ਰਿਸ਼ਟੀਆਂ ਰਾਹੀਂ ਪ੍ਰਗਟਾਇਆ ਗਿਆ ਹੈ। ਉਸਨੇ ਕਹਾਣੀਆਂ ਵਿਚ ਦੁਬਿਧਾਗ੍ਰਸਤ ਮਨੁੱਖ ਦੀਆਂ ਅਤ੍ਰਿਪਤ ਅਕਾਂਖਿਆਵਾਂ ਵਿਚੋਂ ਉਪਜੇ ਮਨੋਸੰਕਟ ਦੇ ਅਨੁਭਵ ਨੂੰ ਪ੍ਰਗਟਾਇਆ ਹੈ। ਉਸ ਦੁਆਰਾ ਆਪਣੀਆਂ ਕਹਾਣੀਆਂ ਵਿਚ ਮਨੁੱਖ ਦੀ ਸਰੀਰਿਕ ਤ੍ਰਾਸਦੀ ਨਾਲੋਂ ਮਾਨਸਿਕ ਤ੍ਰਾਸਦੀ ਨੂੰ ਵਧੇਰੇ ਉਘੜਵੇਂ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਉਸ ਦੀਆਂ ਕਹਾਣੀਆਂ ਕਾਮ ਭਾਵਨਾਵਾਂ ਵਿਚ ਭਟਕਦੇ ਮਨੁੱਖ ਦੀ ਮਨੋਸਥਿਤੀ ਅਤੇ ਉਸ ਦੇ ਆਂਤਰਿਕ ਸੱਚ ਨੂੰ ਚਿਤਰਦੀਆਂ ਹਨ। ਇਹਨਾਂ ਸਥਿਤੀਆਂ ਵਿਚ ਵਿਚਰਦੇ ਪਾਤਰ ਨੈਤਿਕ ਮੁੱਲਾਂ ਨੂੰ ਤਿਆਗਦੇ ਹੋਏ ਸਭਿਆਚਾਰਕ ਮੁੱਲ-ਵਿਧਾਨ ਦੀ ਉਲੰਘਣਾ ਕਰਦੇ ਪ੍ਰਤੀਤੀ ਹੁੰਦੇ ਹਨ। ਮਨੁੱਖ ਦੇ ਮਨ ਦੀ ਭਟਕਣ ਤਨ ਦੀ ਅਤ੍ਰਿਪਤੀ ਦਾ ਕਾਰਨ ਬਣ ਜਾਂਦੀ ਹੈ।

ਪ੍ਰੇਮ ਪ੍ਰਕਾਸ਼ ਨਿਵੇਕਲੀ ਦ੍ਰਿਸ਼ਟੀ ਦਾ ਧਾਰਨੀ ਹੋਣ ਕਰਕੇ ਮਨੁੱਖੀ ਰਿਸ਼ਤਿਆਂ ਦੀ ਨਵੀਂ ਵਿਆਕਰਣ ਸਿਰਜਣ ਵਿਚ ਯਤਨਸ਼ੀਲ ਪ੍ਰਤੀਤ ਹੁੰਦਾ ਹੈ। ਪ੍ਰੇਮ ਪ੍ਰਕਾਸ਼ ਕਹਾਣੀਆਂ ਵਿਚ ਔਰਤ ਮਰਦ ਦੇ ਜਿਹੜੇ ਸੰਬੰਧਾਂ ਨੂੰ ਪੇਸ਼ ਕਰਦਾ ਹੈ, ਉਨ੍ਹਾਂ ਵਿਚ ਸੰਸਕ੍ਰਿਤੀ ਦੇ ਨਵੇਂ ਆਯਾਮ ਰਚਣ ਵਿਚ ਯਤਨਸ਼ੀਲ ਲੱਗਦਾ ਹੈ। ਪ੍ਰੇਮ ਪ੍ਰਕਾਸ਼ ਦੁਆਰਾ ਚਿਤ ਮੁੱਢਲੇ ਕਹਾਣੀ-ਸੰਗ੍ਰਹਿ 'ਕੱਚਕੜੇ' ਅਤੇ 'ਨਮਾਜ਼' ਵਿਚ ਸਮਾਜਕ-ਰਾਜਨੀਤਿਕ ਸਰੋਕਾਰਾਂ ਨਾਲ-ਨਾਲ ਔਰਤ ਮਰਦ ਸੰਬੰਧਾਂ ਦਾ ਜ਼ਿਕਰ ਵੀ ਉੱਭਰਵੇਂ ਰੂਪ ਵਿਚ ਮਿਲਦਾ ਹੈ। 'ਮੁਕਤੀ' ਕਹਾਣੀ ਸੰਗ੍ਰਹਿ ਦੀ ਆਮਦ ਨੇ ਸਮੁੱਚੇ ਕਹਾਣੀ-ਜਗਤ ਵਿਚ ਪ੍ਰੇਮ ਪ੍ਰਕਾਸ਼ ਦੀ ਵਿਲੱਖਣਤਾ ਨੂੰ ਸਥਾਪਿਤ ਕੀਤਾ। ਪ੍ਰੇਮ ਪ੍ਰਕਾਸ਼ ਆਰੰਭਲੀਆਂ ਕਹਾਣੀਆਂ ਵਿਚ ਪਾਤਰਾਂ ਰਾਹੀਂ ਔਰਤ ਮਰਦ ਦੇ ਸੰਬੰਧਾਂ ਪ੍ਰਤੀ ਅਨੇਕਾਂ ਸਵਾਲੀਆ ਚਿੰਨ੍ਹ ਲਗਾਉਂਦਾ ਪ੍ਰਤੀਤ ਹੰਦਾ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਮਰਦ ਪਾਤਰ ਸਰੀਰਕ ਪੱਖੋਂ ਔਰਤ ਦੇ ਜਿਸਮ ਦੀ ਪ੍ਰਾਪਤੀ ਲਈ ਤੜਪਦੇ ਨਜ਼ਰ ਆਉਂਦੇ ਹਨ। ਇਹ ਪਾਤਰ ਜਦੋਂ ਸਮਾਜਕ ਮਰਿਆਦਾ ਤਕ ਕੇ ਜਿਨਸੀ ਸੰਬੰਧੀ ਬਣਾਉਂਦੇ ਹਨ ਤਾਂ ਮਰਿਆਦਾ ਭੰਜਕ ਹੋਣ ਕਾਰਨ ਮੰਨੋਸੰਕਟ ਹੰਢਾਉਂਦੇ ਹਨ। ਕਹਾਣੀ 'ਸ਼ਾਂਤੀ' ਵਿਚ ਪੰਡਿਤ ਦੇਵੀ ਦਾਸ ਸ਼ਾਸ਼ਤਰੀ ਪਹਿਲਾਂ ਇਕ ਕਸਬੇ ਵਿਚ ਰਹਿੰਦੀ 'ਸੱਤੋ' ਨਾਲ ਜਿਨਸੀ ਸੰਬੰਧ ਬਣਾਉਂਦਾ ਹੈ, ਜਦ ਸੱਤੋ ਗਰਭਵਤੀ ਹੋ ਜਾਂਦੀ ਹੈ ਤਾਂ ਉਹ ਦੋਸਤ ਨਾਲ ਮਿਲ ਕੇ ਉਸ ਨੂੰ ਹਰਿਦੁਆਰ ਛੱਡ ਆਉਂਦਾ ਹੈ ਤਾਂ ਜੋ ਉਸ ਦਾ ਪਾਪ ਸਮਾਜ ਵਿਚ ਨਸ਼ਰ ਨਾ ਹੋ ਸਕੇ। ਸਥਿਤੀ ਦਾ ਦੁਖਾਂਤ ਇਹੀ ਹੈ ਕਿ ਸੱਤੋ ਨਾਲ ਕੀਤਾ ਵਿਹਾਰ ਪੰਡਿਤ ਦੇਵੀ ਦਾਸ ਸ਼ਾਸਤਰੀ ਦੀ ਮਾਨਸਿਕ ਅੰਸਤੁਸ਼ਟੀ ਦਾ ਕਾਰਣ ਹੋ ਨਿਬੜਦਾ ਹੈ। 'ਸੜਕਾਂ' ਕਹਾਣੀ ਵਿਚ ਮੈਂ ਪਾਤਰ ਉਂਜ ਤਾਂ ਆਰਥਿਕ ਤੰਗੀ ਹੰਢਾਉਂਦਾ ਹੈ ਪਰ ਸ਼ਾਮ ਵੇਲੇ ਉਹ ਇਕ ਮੰਗਤੀ ਨੂੰ ਜੇਬ ਵਿਚਲੇ ਪੈਸੇ ਦੇ ਕੇ ਜਿਨਸੀ ਤ੍ਰਿਪਤੀ ਕਰਦਾ ਹੈ।

ਪ੍ਰਾਪਤ ਪੈਸਿਆਂ ਤੋਂ ਮੰਗਤੀ ਦਾ ਰੋਟੀ ਖਾਣੀ ਅਜਿਹੀਆਂ ਔਰਤਾਂ ਦਾ ਦੁਖਾਂਤ ਪੇਸ਼ ਕਰਦਾ ਹੈ ਜੋ ਆਰਥਿਕ ਤੰਗੀ ਕਾਰਣ ਦੇਹ ਵਪਾਰ ਦਾ ਧੰਦਾ ਕਰਦੀਆਂ ਹਨ।

'ਪਾਰੇ ਦੀ ਪਕੜ' ਕਹਾਣੀ ਵਿਚ ਮੈਂ ਪਾਤਰ ਇਕ ਲੇਖਕ ਹੈ ਜੋ ਆਪਣੇ ਮਿੱਤਰ ਦੁਆਰਾ ਭੇਜੀਆਂ ਚਿੱਠੀਆਂ ਵਿਚੋਂ ਔਰਤ ਦੀ ਅਣਹੋਂਦ ਨੂੰ ਮਹਿਸੂਸ ਕਰਦਾ ਹੈ। ਕਹਾਣੀਕਾਰ ਦੀ ਰਚਨਾ-ਦ੍ਰਿਸ਼ਟੀ ਜੁਗਲ ਪਾਤਰ ਦੀ ਸ਼ਖ਼ਸੀਅਤ ਰਾਹੀਂ ਮਰਦ ਮਨ ਅੰਦਰ ਅਨੇਕਾਂ ਮਰਦਾਂ ਦਾ ਉਲੇਖ ਕਰਦੀ ਪ੍ਰਤੀਤ ਹੁੰਦੀ ਹੈ। ਕਹਾਣੀ ਵਿਚ ਮੈਂ ਪਾਤਰ ਜੁਗਲ ਦੀ ਫ਼ਿਤਰਤ ਦੀ ਤੁਲਨਾ 'ਪਾਰੇ' ਨਾਂਲ ਕਰਦਾ ਹੈ, ਜਿਸ ਨੂੰ ਉਸ ਦੀ ਕਲਮ ਪਕੜਨ ਤੋਂ ਅਸਮਰੱਥ ਜਾਪਦੀ ਹੈ। 'ਤਾਸ਼' ਕਹਾਣੀ ਦਾ ਪਾਤਰ ਰਸਤੇ ਵਿਚ ਇਕ ਵੱਡੀ ਲਾਸ਼ ਵੇਖ ਕੇ ਭੈਅ-ਗ੍ਰਸਤ ਹੋ ਜਾਂਦਾ ਹੈ ਪਰ ਆਪਣੀ ਪਤਨੀ ਨਾਲ ਜਿਸੀ ਸੰਬੰਧ ਬਣਾ ਕੇ ਸੰਤੁਸ਼ਟ ਨਜ਼ਰ ਆਉਂਦਾ ਹੈ। ਕਹਾਣੀ 'ਰੇਸ਼ਮ ਦਾ ਕੀੜਾ' ਵਿਚ ਮਾਸਟਰ ਸਾਗਰ ਦਾ ਇਕ-ਪਾਸੜ ਪਿਆਰ ਹੋਣ ਕਾਰਨ ਉਹ ਮਾਨਸਿਕ ਦੁਖਾਂਤ ਦਾ ਭਾਗੀ ਬਣਦਾ ਹੈ। ਕਹਾਣੀਕਾਰ ਨੇ ਰਿਸ਼ਤਿਆਂ ਦੇ ਲੁਪ ਪਸਾਰੇ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਕਹਾਣੀ ਵਿਚ ਮਨੁੱਖੀ ਰਿਸ਼ਤੇ ਮਰਿਆਦਾ ਦੇ ਪਾਤਰ ਦੀ ਲਕੀਰ ਟੱਪਦੇ ਹਨ ਪਰ ਸਮਾਜ ਵਿਚ ਨਸ਼ਰ ਨਹੀਂ ਹੁੰਦੇ।

'ਮੁਕਤੀ' ਕਹਾਣੀ-ਸੰਗ੍ਰਹਿ ਵਿਚ ਉਸ ਦੀ ਦ੍ਰਿਸ਼ਟੀ ਦੇ ਹੋਰ ਨੁਕਤੇ ਸਾਹਮਣੇ ਆਉਂਦੇ ਹਨ। ਲੇਖਕ ਨੇ ਔਰਤ-ਮਰਦ ਸੰਬੰਧਾਂ ਨੂੰ ਮਨੁੱਖ ਦੇ ਦਿਮਾਗ਼ ਵਿਚਲੇ ਕਪਾਲ ਨਾਲ ਜੋ ਜੋੜਿਆ ਹੈ। ਲੇਖਕ ਕਿਤੇ ਨਾ ਕਿਤੇ ਸਮਾਜਿਕ ਰਿਸ਼ਤਿਆਂ ਨਾਲੋਂ ਕੁਦਰਤੀ ਰਿਸ਼ਤਿਆਂ ਨੂੰ ਜ਼ਿਆਦਾ ਤਰਜੀਹ ਦਿੰਦਾ ਪ੍ਰਤੀਤ ਹੁੰਦਾ ਹੈ। ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਡੈੱਡਲਾਈਨ' ਰਿਸ਼ਤਿਆਂ ਦੀ ਨਵੀਂ ਵਿਆਕਰਣ ਸਿਰਜਦੀ ਹੈ। ਪ੍ਰੇਮ ਪ੍ਰਕਾਸ਼ ਨੇ ਇਸ ਕਹਾਣੀ ਰਾਹੀਂ ਸਮਾਜਕ ਤੇ ਮਾਨਵੀ ਰਿਸ਼ਤਿਆਂ ਵਿਚਲੇ ਦਵੰਦ ਨੂੰ ਬੜੇ ਕਲਾਤਮਕ ਢੰਗ ਨਾਲ ਪ੍ਰਗਟਾਇਆ ਹੈ। 'ਕਪਾਲ ਕਿਰਿਆ' ਕਹਾਣੀ ਨੂੰ ਬਿਰਤਾਂਤਕਾਰ ਨੇ ਪੰਜ ਭਾਗਾਂ ਵਿਚ ਵੰਡਿਆ ਹੈ ਤੇ ਹਰ ਭਾਗ ਨੂੰ 'ਸੁਰਤ' ਦਾ ਨਾਂ ਦਿੱਤਾ ਹੈ। ਕਹਾਣੀ ਵਿਚ ਮੁੱਖ ਪਾਤਰ ਅਰਧ ਬੇਹੋਸ਼ੀ ਦੀ ਹਾਲਤ ਵਿਚ ਆਪਣੇ ਅਤੀਤ ਸੰਬੰਧੀ ਚੇਤਨਾ ਨੂੰ ਜੋੜਦਾ ਹੈ। ਉਸ ਦੀ ਜ਼ਿੰਦਗੀ ਵਿਚ ਹਰ ਪਿਛਲੀ ਯਾਦ ਨੂੰ 'ਸੁਰਤ' ਦੇ ਸਿਰਲੇਖ ਰਾਹੀਂ ਅਭਿਵਿਅਕਤ ਕਰਨਾ ਕਹਾਣੀਕਾਰ ਦੀ ਕਲਾ ਜੁਗਤ ਹੈ। ਕਹਾਣੀ ਵਿਚ ਹਰ ਸੁਰਤ ਵਿਚ ਕੁਝ ਗਿਣਤੀ ਦੇ ਵਾਕ ਮੋਟੇ ਅੱਖਰਾਂ ਵਿਚ ਛਾਪੇ ਗਏ ਹਨ ਅਤੇ ਨਾਲ ਹੀ ਕਹਾਣੀਕਾਰ ਨੇ ਹੇਠਾਂ ਫੁੱਟ ਨੋਟ ਦਿੱਤਾ ਹੈ ਕਿ ਮੋਟੇ ਅੱਖਰਾਂ 'ਚ ਲਿਖੀ ਗੱਲ ਹੀ ਬੋਲੀ ਗਈ ਏ। ਕਹਾਣੀ ਵਿਚ ਜ਼ਿੰਦਗੀ ਤੋਂ ਬਾਅਦ ਮੌਤ ਵਿਚਲੀ ਕਸ਼ਮਕਸ਼ ਨੂੰ ਦਰਸਾਇਆ ਗਿਆ ਹੈ। 'ਕਪਾਲ ਕਿਰਿਆ' ਕਹਾਣੀ ਉੱਤਮ ਪੁਰਖੀ ਬਿਰਤਾਂਤ ਸ਼ੈਲੀ ਵਿਚ ਹੈ। ਕਹਾਣੀ ਦਾ ਨਾਇਕ ਤਿਆਗੀ ਸਾਧੂ ਵੈਦ ਰਾਮ ਜੀ ਦਾਸ ਪਹਿਲੀ ਸੁਰਤ ਵਿਚ ਮੌਤ ਦੀ ਉਡੀਕ ਕਰ ਰਿਹਾ ਹੈ। ਇਸ ਸਥਿਤੀ ਵਿਚ ਸੁਆਮੀ ਕਦੀ ਵਰਤਮਾਨ ਅਤੇ ਕਦੀ ਅਤੀਤ ਵਿਚ ਵਿਚਰਦਾ ਹੈ। ਚੇਤਨਾ ਪ੍ਰਵਾਹ ਦੀ ਤਕਨੀਕ ਰਾਹੀਂ ਕਹਾਣੀਕਾਰ ਸੁਆਮੀ ਦੀ ਚੇਤਨਾ ਨੂੰ ਅਤੀਤ, ਵਰਤਮਾਨ ਤੇ ਭਵਿੱਖ ਦੇ ਵਿਭਿੰਨ

ਦਾਇਰਿਆਂ ਵਿਚ ਪੇਸ਼ ਕਰਦਾ ਹੈ ਜੋ ਉਸ ਦੀ ਰਚਨਾ-ਦ੍ਰਿਸ਼ਟੀ ਦੀ ਜਟਿਲਤਾ ਨੂੰ ਉਭਾਰਦਾ ਹੈ।

ਪ੍ਰੇਮ ਪਕਾਸ਼ ਦੀਆਂ ਕਹਾਣੀਆਂ ਦੇ ਪਾਤਰ ਮਾਨਸਿਕ ਭਟਕਣਾ ਦੇ ਸ਼ਿਕਾਰ, ਧਰਮ, ਦਰਸ਼ਨ, ਸੰਸਕ੍ਰਿਤੀ ਤੋਂ ਅਕੇਵਾਂ ਮਹਿਸੂਸ ਕਰਦੇ ਤਰਕ ਸਿਰਜਦੇ ਹਨ। ਇਥੇ ਪਾਤਰ ਜਦੋਂ ਸਮਾਜਕ ਨੇਮਾਂ ਦੀ ਅਵੱਗਿਆ ਕਰਦੇ ਹਨ ਤਾਂ ਮਰਿਆ ਭੰਜਕ ਹੋਣ ਦਾ ਭੈਅ ਪਾਲਦੇ ਹਨ। ਇਹ ਤ੍ਰਾਸਦੀ ਅਜੋਕੇ ਮਨੁੱਖ ਦੀ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਨੂੰ ਅਕਸਰ ਕਾਮੁਕਤਾ ਭਰਪੂਰ ਜਾਂ ਕਾਮੁਕਤਾ ਵੱਲ ਉਲਾਰ ਕਿਹਾ ਜਾਂਦਾ ਹੈ। ਜੇਕਰ ਗਹੁ ਨਾਲ ਵਾਚੀਏ ਤਾਂ ਇਹ ਗੱਲ ਵਾਜਬ ਨਹੀਂ ਲਗਦੀ। ਅਸਲ ਵਿਚ ਪਤੀ-ਪਤਨੀ ਦੇ ਉਲਾਰੂ ਰਿਸ਼ਤਿਆਂ ਦੀ ਪੇਸ਼ਕਾਰੀ ਕਰਦਿਆਂ ਲੇਖਕ ਉਹਨਾਂ ਕਾਰਨਾਂ ਦਾ ਮੁਲਾਂਕਣ ਕਰਦਾ ਹੈ ਜਿਸ ਤੋਂ ਪਰਿਵਾਰਕ ਇਕਾਈ ਟੁੱਟੀ ਹੈ। ਔਰਤਾਂ ਪਤੀ ਤੋਂ ਅੰਸਤੁਸ਼ਟ ਹੋ ਕੇ ਗ਼ੈਰ-ਮਰਦ ਨਾਲ ਸੰਬੰਧ ਬਣਾਉਂਦੀਆਂ ਹਨ ਪਰ ਕਿਤੇ ਨਾ ਕਿਤੇ ਆਂਤਰਿਕ ਪੱਖੋਂ ਹੀਣ-ਭਾਵਨਾ ਵਿਚ ਵੀ ਵਿਚਰਦੀਆਂ ਹਨ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਕੇਂਦਰੀ ਪਛਾਣ ਔਰਤ-ਮਰਦ ਦੇ ਰਿਸ਼ਤਿਆਂ ਵਿਚ ਆਏ ਅੰਸਤੁਲਨ ਨੂੰ ਉਘਾੜਨਾ ਹੈ। ਰਿਸ਼ਤਿਆਂ ਦੀ ਅਤ੍ਰਿਪਤੀ ਵਿਚ ਜੋ ਮਨੋਤਰੰਗਾਂ ਉਪਜਦੀਆਂ ਹਨ, ਪ੍ਰੇਮ ਪ੍ਰਕਾਸ਼ ਉਹਨਾਂ ਤਰਲ ਦਰਦ ਵੇਗਾਂ ਨੂੰ ਉਸਾਰਦਾ ਹੈ। ਉਹ ਤਨ ਅਤੇ ਮਨ ਦੀਆਂ ਅਤ੍ਰਿਪਤੀਆਂ ਨੂੰ ਪਸਾਰਨ ਲਈ ਤੀਖਣ ਦ੍ਰਿਸ਼ਟੀ ਦਾ ਰਚਨਕਾਰ ਹੈ। ਇਹੀ ਕਾਰਨ ਹੈ ਕਿ ਉਹ ਆਪਣੀਆਂ ਪੈੜਾਂ ਆਪ ਸਿਰਜਦਾ ਹੈ, ਅਣਦਿਸਦੇ ਨੂੰ ਪਕੜਨ ਵਾਲਾ ਕਹਾਣੀਕਾਰ ਹੈ।

ਕਹਾਣੀਕਾਰ ਨੇ ਅਜੋਕੇ ਸਮੇਂ ਵਿਚ ਇਕੱਲਤਾ ਭੋਗਦੇ ਖੰਡਿਤ ਮਨੁੱਖ ਦੇ ਬਿਰਤਾਂਤ ਨੂੰ ਸੁਹਜਾਤਮਕ ਢੰਗ ਨਾਲ ਪੇਸ਼ ਕੀਤਾ ਹੈ। ਪ੍ਰੇਮ ਪ੍ਰਕਾਸ਼ ਦੁਆਰਾ ਰਚਿਤ ਕਹਾਣੀਆਂ ਦੇ ਬਹੁਤੇ ਔਰਤ-ਮਰਦ ਪਾਤਰ ਇਕਲਾਪਾ ਭੋਗਦੇ ਕਿਸੇ ਹਮ-ਉਮਰ ਦੋਸਤ ਦਾ ਸੰਗ ਲੋਚਦੇ ਹਨ ਪਰ ਸਮਾਜਿਕ ਰੁਤਬੇ ਦੇ ਖੀਣ ਹੋਣ ਦਾ ਡਰ ਉਹਨਾਂ ਦੇ ਨਾਲ ਹੀ ਰਹਿੰਦਾ ਹੈ। ਲੇਖਕ ਨੇ ਅਜਿਹੇ ਪਾਤਰਾਂ ਦੀ ਮਨੋਸਥਿਤੀ ਨੂੰ ਮਨੋਵਿਸ਼ਲੇਸ਼ਣੀ ਵਿਧੀ ਰਾਹੀਂ ਪੇਸ਼ ਕੀਤਾ ਹੈ। 'ਟੈਲੀਫ਼ੋਨ' ਕਹਾਣੀ ਦੀ ਨਾਇਕਾ ਪਤੀ ਦੇ ਦੇਹਾਂਤ ਬਾਅਦ ਪਤੀ ਦੇ ਦੋਸਤ ਪ੍ਰੋਫ਼ੈਸਰ ਥਾਪਰ ਨਾਲ ਮਾਨਸਿਕ ਸਾਂਝ ਬਣਾਉਂਦੀ ਹੈ। ਸਾਰੀ ਕਹਾਣੀ ਮੈਂ ਪਾਤਰ ਤੇ ਪ੍ਰੋਫ਼ੈਸਰ ਥਾਪਰ ਦੇ ਸੰਬੰਧਾਂ ਦੁਆਲੇ ਘੁੰਮਦੀ ਹੈ। 'ਸਵੇਤਾਂਬਰ ਨੇ ਕਿਹਾ ਸੀ' ਵਿਚ ਵੀ ਅਜਿਹੀ ਸਥਿਤੀ ਸਾਹਮਣੇ ਆਉਂਦੀ ਹੈ। ਮੁੱਖ ਪਾਤਰ ਸ਼ਾਰਦਾ ਦਾ ਪਤੀ ਇੰਗਲੈਂਡ ਜਾ ਕੇ ਕਿਸੇ ਹੋਰ ਇਸਤਰੀ ਨਾਲ ਵਿਆਹ ਕਰਵਾ ਲੈਂਦਾ ਹੈ ਅਤੇ ਫਿਰ ਵਾਪਸ ਨਹੀਂ ਪਰਤਦਾ। ਇਸ ਸੰਤਾਪ ਨੂੰ ਹੰਢਾਉਂਦੀ ਉਹ ਨੂੰਹ-ਪੁੱਤਰ ਦੁਆਰਾ ਲਗਾਈਆਂ ਬੰਦਿਸ਼ਾਂ ਕਾਰਣ ਅਸੰਤੁਸ਼ਟ ਹੈ। 'ਸ਼ਵੇਤਾਂਬਰ' ਕਹਾਣੀ ਵਿਚ ਸ਼ਵੇਤਾਂਬਰ ਅਸਲ ਵਿਚ ਸ਼ਾਰਦਾ ਦੀ ਅੰਤਰ ਆਤਮਾ ਸੀ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਕਿਤੇ ਔਰਤ ਤੇ ਕਿਤੇ ਮਰਦ ਜਿਨਸੀ-ਅਤ੍ਰਿਪਤੀਆਂ ਕਾਰਣ ਮਾਨਸਿਕ ਸੰਤਾਪ ਹੰਢਾਉਂਦੇ ਹਨ। ਪ੍ਰੇਮ ਪ੍ਰਕਾਸ਼ ਨੇ

ਖੰਡਿਤ ਮਨੁੱਖ ਦੀ ਸਮੱਸਿਆ ਨੂੰ ਆਪਣੀ ਰਚਨਾ ਦੁਆਰਾ ਅਭਿਵਿਅਕਤ ਕੀਤਾ ਹੈ। ਉਹ ਔਰਤ-ਮਰਦ ਦੇ ਸੰਕਟੀ ਰਿਸ਼ਤੇ ਰਾਹੀਂ ਨਿਘਰ ਚੁੱਕੇ ਮਨੁੱਖ ਦੀ, ਮਨੁੱਖ ਰਾਹੀਂ ਸਮਾਜ ਦੀ, ਸਮਾਜ ਰਾਹੀਂ ਅੱਜ ਤੇ ਭਲਕ ਦੇ ਸਮੁੱਚ ਦੀ, ਮਾਨਵੀ ਰਿਸ਼ਤਿਆਂ ਵਿਚ ਆਈ ਤ੍ਰੇੜ ਦੀ ਅਤੇ ਇਸ ਤਰੇੜ ਤੋਂ ਪੈਦਾ ਹੋਏ ਨਵੇਂ ਪੇਚੀਦਾ ਮਸਲਿਆਂ ਦੀ ਹਕੀਕਤ ਨੂੰ ਆਪਣੇ ਕਹਾਣੀ-ਸੰਗ੍ਰਹਿਆਂ ਵਿਚ ਬੜੇ ਸੁਚੱਜੇ ਢੰਗ ਨਾਲ ਵਰਣਨ ਕਰਦਾ ਹੈ। ਪ੍ਰੇਮ ਪ੍ਰਕਾਸ਼ ਮਨੁੱਖ ਨੂੰ ਸਮਾਜਕ ਬੰਧਨਾਂ ਦੇ ਵਿਪਰੀਤ ਮਨਮਰਜ਼ੀ ਦੀ ਜ਼ਿੰਦਗੀ ਜਿਉਣ ਦੀ ਸੁਤੰਤਰਤਾ ਦੇਣਾ ਚਾਹੁੰਦਾ ਹੈ। ਕਹਾਣੀਆਂ ਵਿਚ ਸਪਸ਼ਟ ਹੁੰਦਾ ਹੈ ਕਿ ਮਰਦ-ਔਰਤ ਰੋਜ਼ਾਨਾ ਵਿਚਰਦੇ ਹਨ ਤਾਂ ਉਹਨਾਂ ਦੇ ਵਿਚਾਰਾਂ ਤੇ ਵਿਹਾਰਾਂ ਦੀ ਸਥਿਰਤਾ ਉਹਨਾਂ ਦੇ ਮਾਨਸਿਕ ਸੰਕਟ ਦਾ ਕਾਰਨ ਬਣਦੀ ਹੈ। ਇਸੇ ਪ੍ਰਕਾਰ 'ਘੋੜਾ' ਕਹਾਣੀ ਦਾ ਸਿਰਲੇਖ ਮਰਦ ਦੀ ਆਪ-ਮੁਹਾਰੀ ਪ੍ਰਵਿਰਤੀ ਦਾ ਚਿਹਨ ਸਿਰਜਦੀ ਹੈ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਔਰਤਾਂ ਸੰਪੂਰਨ ਮਰਦ ਦੀ ਤਲਾਸ਼ ਵਿਚ ਵਿਭਿੰਨ ਮਰਦਾਂ ਨਾਲ ਜਿਨਸੀ-ਸੰਬੰਧ ਬਣਾਉਂਦੀਆਂ ਖੱਜਲ ਹੁੰਦੀਆਂ ਹਨ ਤੇ ਮਰਦ ਆਪਣੇ ਅਚੇਤ ਮਨ ਵਿਚ ਲੁਕੇ ਅਕਸ ਦੀ ਤਲਾਸ਼ ਵਿਚ ਸੰਸਕ੍ਰਿਤਿਕ ਕੀਮਤਾਂ ਦੀ ਉਲੰਘਣਾ ਕਰ ਜਾਂਦੇ ਹਨ। ਅਭਿਲਾਸ਼ਾ ਤੇ ਪ੍ਰਾਪਤੀ ਵਿਚਲੀ ਅਸੀਮ ਵਿੱਥ ਦੇ ਫਲਸਰੂਪ ਉਹਨਾਂ ਦਾ ਵਿਹਾਰ ਤੇ ਪਰਤੱਖਣ ਵਿਰੋਧ ਦੇ ਪ੍ਰਮਾਣ ਵਜੋਂ ਤਨ ਤੇ ਮਨ ਵਿਚਕਾਰ ਫ਼ੈਲੀ ਅਰਾਜਕਤਾ ਇਹਨਾਂ ਪਾਤਰਾਂ ਦੇ ਵਿਹਾਰ ਦਾ ਸਭ ਤੋਂ ਪ੍ਰਤੀਨਿੱਧ ਪੱਖ ਹੋ ਨਿੱਬੜਦੀ ਹੈ। 'ਬਿੰਦੀ' ਕਹਾਣੀ ਵਿਚ ਮੈਂ ਪਾਤਰ ਦੀ ਬੇਚੈਨੀ ਦਾ ਕਾਰਨ ਕਾਮੁਕ ਬਿਰਤੀ ਹੈ। ਕਹਾਣੀਕਾਰ ਨੇ ਔਰਤ-ਮਰਦ ਸੰਬੰਧਾਂ ਦੇ ਪ੍ਰਾਕਿਰਤਕ ਗੁਣ ਨੂੰ ਪੇਸ਼ ਕੀਤਾ ਹੈ। 'ਜੂਲੀ ਵਾਲਾ ਘਰ' ਕਹਾਣੀ ਵਿਚ ਮਾਸਟਰ ਕਰਮ ਸਿੰਘ ਸ਼ਹਿਰ ਰਹਿੰਦਾ ਕੰਪਿਊਟਰ 'ਤੇ ਜੂਲੀ ਦੀ ਅੰਗਰੇਜ਼ੀ ਫ਼ਿਲਮ ਦੇਖਦਾ ਹੈ ਤਾਂ ਜੂਲੀ ਉਸ ਦੇ ਅਚੇਤ ਮਨ ਦਾ ਹਿੱਸਾ ਹੋ ਨਿੱਬੜਦੀ ਹੈ। ਕਹਾਣੀ ਵਿਚ ਲੇਖਕ ਨੇ ਔਰਤ ਲਈ ਮਰਦ ਮਨ ਦੀ ਪੇਸ਼ਕਾਰੀ ਕੀਤੀ ਹੈ। ਇਸੇ ਪ੍ਰਕਾਰ 'ਸੁਰਖ਼ਰੂ' ਕਹਾਣੀ ਵਿਚ ਲੇਖਕ ਨੇ ਮੈਂ ਪਾਤਰ ਰਾਹੀਂ ਮਰਦ ਮਨ ਦੀ ਔਰਤ ਪ੍ਰਤੀ ਰੂੜ੍ਹਗਤ ਸੋਚ 'ਤੇ ਤਿੱਖਾ ਵਿਅੰਗ ਕੀਤਾ ਹੈ। 'ਪਰਫ਼ਾਰਮੈਂਸ' ਕਹਾਣੀ ਦੇ ਵਿਚ ਇੰਦਰਾਣੀ ਪਾਤਰ ਅਜਿਹੀ ਹੈ ਜੋ ਸਮਾਜਕ ਹੀਣਤਾ ਹੰਢਾਉਂਦੀ ਬਾਗ਼ੀ ਹੈ ਤੇ ਫਿਰ ਮਰਦ ਨੂੰ ਗ਼ੁਲਾਮ ਬਣਾ ਕੇ ਖ਼ੁਸ਼ੀ ਮਹਿਸੂਸ ਕਰਦੀ ਹੈ। ਲੇਖਕ ਨੇ ਸਪਸ਼ਟ ਕੀਤਾ ਹੈ ਕਿ ਮਰਦ ਵਾਂਗ ਔਰਤ ਵੀ ਕਾਮ-ਵਿਗੋਚੇ ਨੂੰ ਹੰਢਾਉਂਦੀ ਵਿਚਲਤ ਹੋ ਜਾਂਦੀ ਹੈ ਤੇ ਮਾਨਸਿਕ ਸੰਕਟ ਦੀ ਭਾਗੀ ਬਣਦੀ ਹੈ।

ਪ੍ਰੇਮ ਪ੍ਰਕਾਸ਼ ਦੁਆਰਾ ਰਚਿਤ ਕਹਾਣੀਆਂ ਮਰਦ ਪਾਤਰਾਂ ਵਾਂਗ ਔਰਤ ਪਾਤਰ ਵੀ ਗ਼ੈਰ-ਮਰਦਾਂ ਨੂੰ ਕਠਪੁਤਲੀਆਂ ਵਾਂਗ ਵਰਤਦੀਆਂ ਹੋਈਆਂ ਉਹਨਾਂ ਨਾਲ ਕਾਮ-ਵਰਤਾਰੇ ਵਿਚ ਵਿਚਰਦੀਆਂ ਹਨ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਔਰਤ ਪਾਤਰ ਪਰੰਪਰਾਗਤ ਕੀਮਤਾਂ ਨੂੰ ਤਜ ਕੇ ਮਰਦ ਦੀ ਬਰਾਬਰੀ ਵਿਚ ਵਿਚਰਨਾ ਲੋਚਦੀ ਹੈ। 'ਸ਼ੋਲਡਰ ਬੈਗ' ਕਹਾਣੀ ਮੱਧਮ ਪੁਰਖੀ ਬਿਰਤਾਂਤ ਸ਼ੈਲੀ ਵਿਚ ਲਿਖੀ ਗਈ ਹੈ।

ਇਸੇ ਪ੍ਰਕਾਰ 'ਸੁਣਦੈ ਖ਼ਲੀਫ਼ਾ' ਅਨਯ-ਪੁਰਖ ਬਿਰਤਾਂਤਕ ਸ਼ੈਲੀ ਵਿਚ ਲਿਖੀ ਗਈ ਕਹਾਣੀ ਹੈ।

'ਉਸ ਰਾਤ' ਕਹਾਣੀ ਵਿਚ ਪ੍ਰੇਮ ਪ੍ਰਕਾਸ਼ ਦੇ ਪਾਤਰ ਸਮਾਜਕ ਨੇਮਾਂ ਦੀ ਅਵੱਗਿਆ ਤਾ ਕਰਦੇ ਹਨ ਪਰ ਨਾਲ ਹੀ ਸਮਾਜ ਵਿਚ ਨਸ਼ਰ ਹੋਣ ਦੇ ਡਰ ਅਧੀਨ ਵਿਚਰਦੇ ਹਨ। ਪ੍ਰੇਮ ਪ੍ਰਕਾਸ਼ ਮਨੁੱਖੀ ਮਨ ਦੇ ਯਥਾਰਥ ਨੂੰ ਪ੍ਰਗਟਾਉਣ ਲਈ ਪੁਰਾਣੀਆਂ ਮਿਥਕ ਕਥਾਵਾਂ ਨੂੰ ਅੰਤਰ-ਪਾਠ ਵਜੋਂ ਵਰਤਦਾ ਜ਼ਿੰਦਗੀ ਦੀ ਵਿਡੰਬਨਾ ਦਰਸਾਉਣ ਦਾ ਯਤਨ ਕਰਦਾ ਹੈ। ਪ੍ਰੇਮ ਪ੍ਰਕਾਸ਼ ਪਾਤਰਾਂ ਦੇ ਨਾਂ ਜਾਂ ਕਹਾਣੀ ਦਾ ਨਾਂ ਤਾਂ ਮਿਥਿਹਾਸਕ ਰੱਖਦਾ ਹੈ ਪਰ ਉਹ ਪਵਿੱਤਰਤਾ ਦੇ ਲਖਾਇਕ ਨਹੀਂ ਹੁੰਦੇ ਸਗੋਂ ਵਾਸ਼ਨਾਵਾਂ ਅਧੀਨ ਵਿਚਰਦੇ ਹਨ। (ਸੁਮਰੋ ਬੇਗਮ) ਪ੍ਰੇਮ ਪ੍ਰਕਾਸ਼ ਨੇ ਦਿਨ ਪਤੀ ਦਿਨ ਜਟਿਲ ਹੁੰਦੇ ਜਾ ਰਹੇ ਮਨੁੱਖੀ ਜੀਵਨ ਦੀਆਂ ਮਾਨਸਿਕ ਉਲਝਣਾਂ ਨੂੰ ਬੜੇ ਸੁਹਜਾਤਮਕ ਢੰਗ ਨਾਲ ਪੇਸ਼ ਕੀਤਾ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਆਧੁਨਿਕ ਸੰਵੇਦਨਾ ਆਧੁਨਿਕ ਸਮਾਜ ਦੀਆਂ ਸਮੱਸਿਆਵਾਂ ਦੇ ਪ੍ਰਤਿ ਪਾਠਕ ਨੂੰ ਸੁਚੇਤ ਕਰਦੀ ਹੈ। ਪ੍ਰੇਮ ਪ੍ਰਕਾਸ਼ ਮਨੁੱਖੀ ਸੰਵੇਦਨਾ ਦੇ ਪ੍ਰਤਿ ਪਾਠਕ ਨੂੰ ਸੁਚੇਤ ਕਰਦੀ ਹੈ। ਪ੍ਰੇਮ ਪ੍ਰਕਾਸ਼ ਮੁੱਖੀ ਸੰਵੇਦਨਾਂ ਦੇ ਪ੍ਰਤੀ ਜਾਗਰੂਕ ਕਹਾਣੀਕਾਰ ਹੈ ਕਿਉਂਕਿ ਮਨੁੱਖੀ ਸੰਵੇਦਨਾ ਦੀਆਂ ਕਈ ਪਰਤਾਂ ਹਨ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਜਨਵਾਦੀ ਚੇਤਨਾ ਦੀ ਬਾਖ਼ੂਬੀ ਵਕਾਲਤ ਕਰਦੀਆਂ ਹਨ। ਲੇਖਕ ਦੀ ਵਿਚਾਰਧਾਰਾ ਜਨਵਾਦੀ ਹੈ। ਲੇਖਕ ਦਾ ਜੀਵਨ ਬੋਧ ਆਧੁਨਿਕ ਸੰਵੇਦਨਾ ਦੇ ਹਾਣ ਦਾ ਹੈ।

ਇਸੇ ਪ੍ਰਕਾਰ 'ਰੀਹਰਸਲ' ਕਹਾਣੀ ਵਿਚ ਈਸ਼ਰ ਸਿੰਘ ਗਰੇਵਾਲ ਆਪਣੀ ਪਤਨੀ ਦੇ ਕਿਸੇ ਨਾਲ ਉੱਧਲ ਜਾਣ ਤੋਂ ਬਾਅਦ ਆਪਣੇ ਘਰ ਦੀ ਨੌਕਰਾਣੀ ਤਾਰੋ ਨਾਲ ਜਿਨਸੀ ਸੰਬੰਧ ਬਣਾਉਂਦਾ ਹੈ। 'ਲਾਜਵੰਤੀ ਕਲਾ ਮੰਡਪਸ' ਦੇ ਬਿਰਤਾਂਤ ਵਿਚ ਲੇਖਕ ਨੇ ਅਜੋਕੇ ਪੂੰਜੀਵਾਦੀ ਯੁੱਗ ਵਿਚ ਰਿਸ਼ਤਿਆਂ ਦੇ ਵਿਡੰਬਨਾਤਮਕ ਵਿਹਾਰ ਸੰਬੰਧੀ ਟਿੱਪਣੀ ਕੀਤੀ ਹੈ। ਮਦਨ ਦੇ ਵਿਹਾਰ ਰਾਹੀਂ ਲੇਖਕ ਨੇ ਅਜੋਕੇ ਸਮੇਂ ਵਿਚ ਖ਼ੂਨ ਦੇ ਰਿਸ਼ਤਿਆਂ ਵਿਚ ਮੰਡੀਕਰਣ ਦੀ ਸਮੱਸਿਆ ਨੂੰ ਪੇਸ਼ ਕਰਦਿਆਂ ਟੁੱਟਦੀ ਪਰਿਵਾਰਕ ਇਕਾਈ ਦੇ ਸੰਕਟ ਨੂੰ ਦਰਸਾਇਆ ਹੈ। ਪ੍ਰੇਮ ਪ੍ਰਕਾਸ਼ ਨੇ ਕਹਾਣੀਆਂ ਵਿਚ ਮੱਧਵਰਗੀ ਸ਼ਹਿਰੀ ਸਭਿਆਚਾਰ ਵਿਚ ਇਕੱਲਤਾ, ਪਦਾਰਥਵਾਦ ਤੇ ਨਿਰਮੋਹੇ ਰਿਸ਼ਤਿਆਂ ਦਾ ਦੁਖਾਂਤ ਹੰਢਾਉਂਦੇ ਔਰਤ-ਮਰਦ ਮਨ ਦਾ ਯਥਾਰਥ ਬਿੰਬ ਪੇਸ਼ ਕੀਤਾ ਹੈ। ਸਾਧਾਰਨ ਤੌਰ 'ਤੇ ਇਹਨਾਂ ਕਹਾਣੀਆਂ ਦੇ ਪਾਤਰ ਮਹਾਂਨਗਰੀ ਵਿਚ ਵੱਸਦੇ ਅਜਿਹੇ ਵਿਅਕਤੀ ਹਨ ਜੋ ਵਾਸ਼ਨਾ ਅਧੀਨ ਵਿਚਰਦੇ ਮਨੋਰੋਗੀ ਹੋ ਨਿੱਬੜਦੇ ਹਨ। ਉਹ ਸਮਾਜ ਬਾਹਰੇ ਰਿਸ਼ਤੇ ਨਿਭਾਉਂਦੇ ਬੇਸ਼ੱਕ ਸਮਾਜ ਵਿਚ ਨਸ਼ਰ ਨਹੀਂ ਹੁੰਦੇ ਪਰ ਆਤਮਕ ਤੌਰ 'ਤੇ ਕਮਜ਼ੋਰ ਮਹਿਸੂਸ ਕਰਦੇ ਹਨ। 'ਬੰਗੜਾ' ਕਹਾਣੀ ਵਿਚ ਬਿਸ਼ਨ ਅਤੇ ਸੋਨੀਆਂ ਦੇ ਪਰਿਵਾਰਾਂ ਵਿਚਲੀ ਵਿਥ ਦਾ ਕਾਰਨ ਸਭਿਆਚਾਰਕ ਵਿੱਥ ਕਹਾਣੀ ਵਿਚ ਦੁਖਾਂਤ ਸਿਰਜਦੀ ਹੈ।

ਪ੍ਰੇਮ ਪਕਾਸ਼ ਇਕ ਮਨੋਵਿਗਿਆਨਕ ਅਤੇ ਆਧੁਨਿਕ ਲੇਖਕ ਹੋਣ ਦੇ ਨਾਤੇ ਮਨੁੱਖੀ ਮਾਨਸਿਕਤਾ ਅਤੇ ਮਾਨਵੀਂ ਰਿਸ਼ਤਿਆਂ ਵਿਚ ਪੈਦਾ ਹੋਈ ਖ਼ਿੜਕਣ ਨੂੰ ਪਛਾਣਨ ਵਾਲਾ

ਸਿਰਜਕ ਮੰਨਿਆ ਗਿਆ ਹੈ। ਉਹ ਮਨੁੱਖੀ ਅਵਚੇਤਨ ਦੇ ਆਂਤਰਿਕ ਬਿੰਬ ਨੂੰ ਉਸਾਰਨ ਵਿਚ ਮਾਹਿਰ ਹੈ। ਇਸ ਦੀਆਂ ਕਹਾਣੀਆਂ ਮਨੁੱਖੀ ਮਨ ਦੀ ਅੰਦਰਲੀ ਤਹਿ ਵਿਚ ਪੈਦਾ ਹੋਈਆਂ ਮਾਨਸਿਕ ਗੁੰਝਲਾਂ ਤੇ ਉਮੰਗਾਂ, ਜਿੰਨ੍ਹਾਂ ਦਾ ਸ਼ਿਕਾਰ ਮੁਨੱਖ ਹੋਇਆ ਹੀ ਰਹਿੰਦਾ ਹੈ, ਨੂੰ ਖੋਲ੍ਹਣ ਦੇ ਪ੍ਰਯਾਸ ਕਰਦੀਆਂ ਹਨ। ਹਰ ਸੰਵੇਦਨਸ਼ੀਲ ਮਨੁੱਖ ਆਪਣੇ ਅੰਦਰ ਦੀਆਂ ਖਾਈਆਂ ਨੂੰ ਕੁਰੇਦਣਾ ਚਾਹੁੰਦਾ ਹੈ, ਔਰਤ ਦੀਆਂ ਆਵਾਜ਼ਾਂ ਨੂੰ ਸੁਣਨਾ ਚਾਹੁੰਦਾ ਹੈ ਅਤੇ ਜ਼ਿੰਦਗੀ ਦਾ ਰਹੱਸ, ਮੁਹੱਬਤ ਦਾ ਭੇਤ, ਮਨੁੱਖੀ ਰਿਸ਼ਤਿਆਂ ਦੇ ਫ਼ਾਰਮੂਲੇ ਆਦਿ ਨੂੰ ਸਮਝਣ ਲਈ ਚੇਤੰਨ ਰਹਿੰਦਾ ਹੈ। ਪ੍ਰੇਮ ਪ੍ਰਕਾਸ਼ ਆਪਣੀਆਂ ਕਹਾਣੀਆਂ ਰਾਹੀਂ ਜਿਥੇ ਆਪਣੇ ਅਨੁਭਵ ਵਿਚ ਉਲਝੇ ਹੋਏ ਸੁਆਲਾਂ ਦੇ ਉੱਤਰ ਲੱਭਦਾ ਹੈ, ਉਥੇ ਉਹ ਪਾਠਕ ਸਮੇਤ ਆਪ ਵੀ ਮਨੁੱਖੀ ਮਨ ਦੀਆਂ ਹਨ੍ਹੇਰੀਆਂ ਤਹਿਆਂ ਵਿਚ ਦਾਖ਼ਲ ਹੁੰਦਾ ਹੈ।

# ਯੂਨਿਟ 9
# ਪੰਜਾਬੀ ਨਾਟਕ

ਨਾਟਕ ਹੀ ਇਕ ਅਜਿਹਾ ਸਾਹਿਤ ਰੂਪ ਹੈ ਜੋ ਬਾਕੀ ਸਾਹਿਤ ਰੂਪਾਂ ਨਾਲੋਂ ਪਹਿਲਾਂ ਹੋਂਦ ਵਿਚ ਆਇਆ। ਨਾਟਕ ਮਨਪਰਚਾਵੇ ਤੋਂ ਜ਼ਿਆਦਾ ਲੋੜ ਨੂੰ ਧਿਆਨ ਵਿਚ ਰੱਖ ਕਰਕੇ ਖੇਡੇ ਗਏ ਹਨ ਜੋ ਅੱਜ ਵੀ ਨਵੀਨਤਾ ਦੇ ਨਾਲ-ਨਾਲ ਪ੍ਰਾਚੀਨਤਾ ਨਾਲ ਵੀ ਜੁੜੇ ਹੋਏ ਹਨ। ਨਾਟਕ ਆਧੁਨਿਕ ਰੂਪ ਵੀ ਉਨੇ ਹੀ ਮਹੱਤਵਪੂਰਨ ਹਨ ਜਿੰਨ੍ਹੇ ਕਿ ਪੁਰਾਤਨ ਸਮੇਂ ਵਿਚ ਸਨ ਕਿਉਂਕਿ ਨਾਟਕ ਹੀ ਇਕ ਅਜਿਹਾ ਸਾਹਿਤ ਰੂਪ ਹੈ ਜੋ ਮਨੁੱਖੀ ਜੀਵਨ ਦੇ ਸਾਰੇ ਪੱਖਾਂ ਦੀ ਬਹੁਤ ਬਾਰੀਕੀ ਨਾਲ ਸਹੀ ਪੇਸ਼ਕਾਰੀ ਕਰਦਾ ਹੈ।

ਨਾਟਕ ਦੇ ਤੱਤਾਂ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਗਈ ਹੈ :

(ੳ)ਪਲਾਟ, ਗੋਂਦ ਜਾਂ ਕਥਾਨਕ

(ਅ)ਵਿਸ਼ਾ ਵਸਤੂ

(ੲ) ਪਾਤਰ ਅਤੇ ਪਾਤਰ ਉਸਾਰੀ

(ਸ) ਭਾਸ਼ਾ

(ਹ) ਸ਼ੈਲੀ

(ਕ) ਵਾਰਤਾਲਾਪ

(ਖ) ਰੰਗਮੰਚ

## ਇਕਾਂਗੀ

**ਆਰੰਭ, ਵਿਕਾਸ ਅਤੇ ਵਿਸ਼ੇਸ਼ਤਾਵਾਂ** ਆਧੁਨਿਕ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਨੋਰ੍ਹਾ ਰਿਚਰਡਜ਼ ਦਾ ਨਾਮ ਸਦਾ ਅਮਰ ਰਹੇਗਾ। ਇਸ ਮਹਾਨ ਰੰਗਕਰਮੀ ਔਰਤ ਨੇ ਪੰਜਾਬੀਆਂ ਨੂੰ ਇਸ ਸਾਹਿਤ ਰੂਪ ਵੱਲ ਪ੍ਰੇਰਿਤ ਕੀਤਾ। 'ਨੋਰ੍ਹਾ ਰਿਚਰਡਜ਼' ਦੇ ਮੁਢਲੇ ਵਿਦਿਆਰਥੀ ਆਈ.ਸੀ.ਨੰਦਾ ਅਤੇ ਹਰਚਰਨ ਸਿੰਘ ਹੀ ਅਸਲ ਵਿਚ ਆਧੁਨਿਕ ਪੰਜਾਬੀ ਨਾਟਕ ਦੇ ਮੋਢੀ ਹਨ। ਨਿਰਸੰਦੇਹ ਆਈ.ਸੀ.ਨੰਦਾ ਤੋਂ ਪਹਿਲਾਂ ਵੀ ਪੰਜਾਬੀ ਨਾਟਕ ਪਰੰਪਰਾਵਾਦੀ ਢੰਗ ਵਿਚ ਲਿਖੇ ਗਏ ਪਰ ਉਨ੍ਹਾਂ ਨੂੰ ਆਧੁਨਿਕ ਨਾਟਕ ਕਹਿਣਾ ਉਚਿਤ ਨਹੀਂ। ਆਈ.ਸੀ. ਨੰਦਾ ਤੋਂ ਪਹਿਲਾਂ ਦੇ ਇਨ੍ਹਾਂ ਨਾਟਕਾਂ ਵਿਚ ਕੁਝ ਨਾਟਕ ਤਾਂ ਸੰਸਕ੍ਰਿਤ ਨਾਟਕ ਦੇ ਪ੍ਰਭਾਵ ਅਧੀਨ ਲਿਖੇ ਗਏ ਅਤੇ ਕੁਝ 'ਪਾਰਸੀ ਥੀਏਟਰੀਕਲ ਕੰਪਨੀਆਂ' ਦੇ ਪ੍ਰਭਾਵ ਅਧੀਨ ਰਚੇ ਗਏ। ਹੋਰ ਸਾਹਿਤਕ ਰੂਪਾਂ ਵਾਂਗ ਪੰਜਾਬੀ ਨਾਟਕ ਦਾ ਆਰੰਭ ਵੀ ਭਾਈ ਵੀਰ ਸਿੰਘ ਨੇ 'ਰਾਜਾ ਲਖਦਾਤਾ ਸਿੰਘ' ਲਿਖ ਕੇ ਕੀਤਾ। ਬਾਵਾ ਬੁੱਧ ਸਿੰਘ ਨੇ ਭਰਥਰੀ ਹਰੀ, ਮੁੰਦਰੀ ਛੱਲ, ਦਾਮਨੀ ਅਤੇ ਨਾਰ ਨਵੇਲੀ ਆਦਿ ਮੌਲਿਕ ਨਾਟਕ ਲਿਖੇ।

ਇਸੇ ਤਰ੍ਹਾਂ ਕਿਰਪਾ ਸਾਗਰ ਨੇ 'ਮਹਾਰਾਜਾ ਰਣਜੀਤ ਸਿੰਘ' ਭਾਗ ਪਹਿਲਾ, ਭਾਗ ਦੂਜਾ ਅਤੇ 'ਡੀਡੋ ਜੰਮਵਾਲ' ਨਾਟਕ ਲਿਖੇ। ਬ੍ਰਿਜ ਲਾਲ ਸ਼ਾਸ਼ਤਰੀ ਨੇ 'ਸੁਕੰਨਿਆ',

'ਕੁਲਾਲ', 'ਸਵਿਤਰੀ' ਅਤੇ 'ਪੂਰਨ' ਆਦਿ ਸੰਸਕ੍ਰਿਤ ਰੰਗ ਦੇ ਪ੍ਰਭਾਵ ਵਾਲੇ ਨਾਟਕ ਲਿਖੇ। ਇਸੇ ਕਾਲ ਵਿਚ ਜੋਸ਼ੂਆ ਫ਼ਜ਼ਲਦੀਨ ਨੇ 'ਪਿੰਡ ਦੇ ਵੈਰੀ' ਮੌਲਿਕ ਦੁਖਾਂਤ ਨਾਟਕ ਲਿਖਿਆ। ਫ਼ੀਰੋਜ਼ਦੀਨ ਸ਼ਰਫ਼ ਨੇ 'ਹੀਰ ਸਿਆਲ' ਨਾਟਕ ਲਿਖਿਆ। ਗਿਆਨੀ ਦਿੱਤ ਸਿੰਘ ਦਾ ਨਾਟਕ 'ਸੁਪਨ ਨਾਟਕ' ਵੀ ਪੰਜਾਬੀ ਦੇ ਮੁਢਲੇ ਨਾਟਕਾਂ ਵਿਚੋਂ ਇਕ ਹੈ। ਇਥੇ ਡਾ. ਚਰਨ ਸਿੰਘ ਵੱਲੋਂ ਅਨੁਵਾਦਤ ਨਾਟਕ 'ਸ਼ਕੁੰਤਲਾ' ਦਾ ਵੀ ਜ਼ਿਕਰ ਆਉਂਦਾ ਹੈ। ਇਸ ਕਾਲ ਵਿਚ ਅੰਗਰੇਜ਼ੀ ਦੇ ਪ੍ਰਸਿੱਧ ਨਾਟਕ 'ਉਥੈਲੋ' ਦਾ ਵੀ ਪੰਜਾਬੀ ਅਨੁਵਾਦ ਹੋਇਆ।

# ਪ੍ਰਮੁੱਖ ਨਾਟਕਕਾਰ ਅਤੇ ਇਕਾਂਗੀਕਾਰ

## ਈਸ਼ਵਰ ਚੰਦਰ ਨੰਦਾ

**ਈਸ਼ਵਰ ਚੰਦਰ ਨੰਦਾ :** ਆਈ.ਸੀ.ਨੰਦਾ ਨੇ ਪੰਜਾਬੀ ਨਾਟਕ ਨੂੰ ਮਿਥਿਹਾਸ ਦੀ ਤੰਗ ਵਲਗਣ ਵਿਚੋਂ ਬਾਹਰ ਕੱਢ ਕੇ ਵਿਸ਼ਾਲ ਜ਼ਿੰਦਗੀ ਦੇ ਵਿਹੜੇ ਵਿਚ ਲਿਆ ਖੜ੍ਹਾ ਕੀਤਾ। ਉਸ ਨੇ ਪਹਿਲੀ ਵਾਰੀ ਸਮੱਸਿਆ ਨਾਟਕ ਦੀ ਰਚਨਾ ਕੀਤੀ। ਉਸ ਦੇ ਨਾਟਕਾਂ ਦੀਆਂ ਸਮੱਸਿਆਵਾਂ, ਅਨਪੜ੍ਹਤਾ, ਬਾਲ ਵਿਆਹ, ਵਿਧਵਾ ਵਿਆਹ ਅਤੇ ਪਿਆਰ ਵਿਆਹ ਆਦਿ ਸਨ। ਉਸਨੇ ਪਹਿਲੀ ਵਾਰ ਸਮਾਜ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਅਤੇ ਇਨ੍ਹਾਂ ਸਮੱਸਿਆਵਾਂ ਦਾ ਸਮਾਧਾਨ ਵੀ ਪੇਸ਼ ਕੀਤਾ। ਆਈ. ਸੀ. ਨੰਦਾ ਦੀ ਨਾਟਕਕਲਾ 1913 ਤੋਂ ਲੈ ਕੇ 1953 ਤਕ ਵਿਸਤਰਿਤ ਹੈ। ਉਸ ਨੇ 'ਸੁਭੱਦਰਾ' (1920), 'ਵਰ-ਘਰ' (1930), 'ਸ਼ੋਸ਼ਲ ਸਰਕਲ' (1947) ਅਤੇ 'ਸ਼ਾਮੂ ਸ਼ਾਹ' (1928) ਆਦਿ ਪੂਰੇ ਨਾਟਕਾਂ ਦੀ ਰਚਨਾ ਕੀਤੀ। ਉਸਨੇ ਆਪਣੇ ਨਾਟਕਾਂ ਵਿਚ ਪੇਂਡੂ ਅਤੇ ਸ਼ਹਿਰੀ ਮੱਧ ਸ਼੍ਰੇਣੀ ਦੇ ਜੀਵਨ ਨੂੰ ਬੜੇ ਹੀ ਯਥਾਰਥਕ ਰੂਪ ਵਿਚ ਪੇਸ਼ ਕੀਤਾ ਹੈ। ਆਈ.ਸੀ.ਨੰਦਾ ਦੀ ਸਭ ਤੋਂ ਵੱਡੀ ਪ੍ਰਾਪਤੀ ਉਸਦੇ ਨਾਟਕਾਂ ਦੀ ਰੰਗਮੰਚੀ ਸਥਾਪਤੀ ਹੈ। ਇਸ ਤਰ੍ਹਾਂ ਆਈ.ਸੀ. ਨੰਦਾ ਪੰਜਾਬੀ ਦਾ ਮੋਢੀ ਨਾਟਕਕਾਰ ਹੀ ਨਹੀਂ ਸਗੋਂ ਪੰਜਾਬੀ ਰੰਗਮੰਚ ਦਾ ਮੋਢੀ ਵੀ ਹੈ।

ਨੰਦਾ ਦੇ ਸਾਰੇ ਸਾਰੇ ਨਾਟਕ ਰੰਗਮੰਚ ਉੱਤੇ ਖੇਡੇ ਗਏ ਹਨ। ਉਹ 1965 ਤਕ ਖੁਦ ਨਾਟਕ ਖੇਡਦਾ ਰਿਹਾ। ਆਪਣੀ ਨਾਟ-ਰਚਨਾ ਵਿਚ ਉਹ ਪਾਤਰਾਂ ਦੀ ਥਾਂ ਕਥਾਨਕ ਉੱਤੇ ਵਧੇਰੇ ਜ਼ੋਰ ਦਿੰਦਾ ਹੈ। ਆਪਣੀ ਨਾਟ-ਰਚਨਾ ਵਿਚ ਉਹ ਪਾਤਰਾਂ ਦੀ ਥਾਂ ਕਥਾਨਕ ਉੱਤੇ ਵਧੇਰੇ ਜ਼ੋਰ ਦਿੰਦਾ ਹੈ। ਉਸ ਦੇ ਸਾਰੇ ਦੇ ਸਾਰੇ ਨਾਟਕ ਸੁਖਾਂਤਕ ਹਨ। ਆਪਣੀ ਨਾਟਕੀ ਟੱਕਰ ਵਿਚ ਉਹ ਚਲਾਕੀ ਨਾਲ ਪੁਰਾਣੀ ਪੀੜ੍ਹੀ ਨੂੰ ਨਵੇਂ ਪੀੜ੍ਹੀ ਦੇ ਜਾਲ ਵਿਚ ਫਸਾ ਦਿੰਦਾ ਹੈ। ਉਸ ਦੇ ਨਾਟਕਾਂ ਦੇ ਚੁਸਤ ਵਾਤਾਲਾਪ ਦਰਸ਼ਕਾਂ ਦਾ ਧਿਆਨ ਆਕਰਸ਼ਿਤ ਕਰਦੇ ਹਨ। ਨੰਦਾ ਦੇ ਨਾਟਕ ਅਤੇ ਇਕਾਂਗੀ ਇਨਕਲਾਬੀ ਚੇਤਨਾ ਨਾਲ ਭਰਪੂਰ ਹਨ। ਉਸ ਵੱਲੋਂ ਉਠਾਈਆਂ ਗਈਆਂ ਕਈ ਸਮੱਸਿਆਵਾਂ ਦੀ ਅੱਜ ਵੀ ਪੂਰੀ ਸਾਰਥਿਕਤਾ ਹੈ। ਮਿਸਾਲ ਵਜੋਂ ਵਿਧਵਾ ਵਿਆਹ ਦੀ ਸਮੱਸਿਆ ਸਮੇਂ ਨਾਲ ਘਟੀ ਹੈ ਪਰ ਸਾਡੇ ਸਮਾਜ ਵਿਚ ਪੂਰੀ ਤਰ੍ਹਾਂ ਹੱਲ ਨਹੀਂ ਹੋਈ। ਇਸੇ ਤਰ੍ਹਾਂ 'ਮਾਂ ਦਾ ਡਿਪਟੀ' ਵਿਚ ਉਠਾਈ ਸਮੱਸਿਆ ਬੇਰੁਜ਼ਗਾਰੀ, ਸਮੇਂ ਦੇ ਨਾਲ ਹੋਰ ਵੀ ਭਿਆਨਕ ਹੋਈ ਹੈ। ਨੰਦਾ ਆਪਣੇ ਜੀਵਨ ਦੇ ਅੰਤਿਮ ਸਾਲਾਂ ਤਕ ਨਾਟਕ ਨਾਲ ਜੁੜਿਆ ਰਿਹਾ।

ਉਸ ਵੱਲੋਂ ਅਪਣਾਈ ਯਥਾਰਥਵਾਦੀ ਸ਼ੈਲੀ ਨੂੰ ਅੱਗੋਂ ਹਰਚਰਨ ਸਿੰਘ ਅਤੇ ਗੁਰਦਿਆਲ ਸਿੰਘ ਖੋਸਲਾ ਨੂੰ ਬਹੁਤ ਪ੍ਰਭਾਵਿਤ ਕੀਤਾ।

## ਸੰਤ ਸਿੰਘ ਸੇਖੋਂ

ਸੰਤ ਸਿੰਘ ਸੇਖੋਂ ਇਕ ਮਹਾਨ ਲੇਖਕ ਅਤੇ ਸਰੇਸ਼ਟ ਵਿਦਵਾਨ ਹੈ, ਪਰ ਉਸ ਦੀ ਵਿਦਵਤਾ ਵਿਚ ਦੁਬਿੱਧਾ ਅਤੇ ਸੰਕਟ ਗਰੱਸੀ ਚੇਤਨਤਾ ਦੇ ਕੁਝ ਅੰਸ਼ ਹਨ। ਸੇਖੋਂ ਪਹਿਲਾ ਸਮਾਜਵਾਦੀ ਪਦਾਰਥਵਾਦ ਦਾ ਅਨੁਆਈ ਸੀ। ਨਾਟਕ ਦੇ ਖੇਤਰ ਵਿਚ ਉਸ ਨੇ ਦਸ ਨਾਟਕਾਂ ਦੀ ਸਿਰਜਦਾ ਕੀਤੀ ਹੈ, ਜਿੰਨ੍ਹਾਂ ਦਾ ਵੇਰਵੇ ਇਸ ਪ੍ਰਕਾਰ ਹੈ :

1. ਕਲਾਕਾਰ (1946), 2. ਨਾਰਕੀ (1951), 3. ਵਾਰਿਸ (1955), 4. ਬੇੜਾ ਬੰਧਿ ਨਾ ਸਕਿਓ : ਇਹ ਨਾਟਕ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਮਗਰਲੇ ਅਰਾਜਕਤਾ ਦੇ ਸਮੇਂ ਨਾਲ ਸੰਬੰਧਿਤ ਹੈ। (1955), 5.ਮੁਇਆਂ ਸਾਰ ਨ ਕਾਈ (1958), 6. ਦਮਯੰਤੀ (1960), 7. ਸਿਆਲਾਂ ਦੀ ਨੱਢੀ (1968), 8. ਮਿੱਤਰ ਪਿਆਰਾ (1970), ਭੂਦਾਨ (1970), ਬੰਦਾ ਬਹਾਦਰ (1985)

'ਮੋਇਆਂ ਸਾਰ ਨ ਕਾਈ' ਨਾਟਕ ਵਿਚ ਉਲੀਕੇ ਇਤਿਹਾਸ ਦੀ ਨਵੀਂ ਵਿਆਖਿਆ ਹੈ। ਇਹ ਵਿਆਖਿਆ ਇਤਿਹਾਸ ਦੇ ਸੰਪਰਦਾਇਕ ਅਰਥਾਂ ਨੂੰ ਤਿਆਗ ਕੇ ਡੂੰਘੇ ਮਾਨਵਵਾਦੀ-ਪਦਾਰਥਵਾਦੀ ਅਰਥਾਂ ਨੂੰ ਦ੍ਰਿੜ ਕਰਵਾਉਣ ਦਾ ਉਪਰਾਲਾ ਕਰਦੀ ਹੈ।ਨਾਰਕੀ, ਭੂਦਾਨ ਇਤਿਹਾਸਿਕ ਜਾਂ ਮਿਥਿਹਾਸਿਕ ਨਾਟਕ ਨਹੀਂ ਹਨ। ਕਲਾਕਾਰ ਨਾਟਕ ਮਿਥਿਹਾਸਕ ਕਥਾ ਨੂੰ ਨਹੀਂ ਚਿਤਰਦਾ ਸਗੋਂ ਮਿਥਿਹਾਸਕ ਕਥਾ ਦੇ ਆਧੁਨਿਕ ਰੂਪਾਂਤਕ ਨੂੰ ਆਧੁਨਿਕ ਸੰਦਰਭ ਵਿਚ ਚਿਤਰਦਾ ਹੈ। ਦਮਯੰਤੀ : ਇਹ ਨਾਟਕ ਮਿਥਿਹਾਸਕ ਕਥਾ ਦੇ ਪੁਰਾਤਨ, ਪਰਚਲਿਤ ਰੂਪ ਨੂੰ ਪੁਰਾਤਨ ਸੰਦਰਭ ਵਿਚ ਚਿਤਵ ਅਤੇ ਚਿਤਰ ਕੇ ਆਧੁਨਿਕ ਅਰਥ ਲੱਭਣ ਦਾ ਉਪਰਾਲਾ ਕਰਦਾ ਹੈ।

ਸੰਤ ਸਿੰਘ ਸੇਖੋਂ ਦੇ ਸਾਹਿਤਕ ਸਫ਼ਰ ਦਾ ਆਗ਼ਾਜ਼ ਇਕਾਂਗੀ ਲਿਖਣ ਨਾਲ ਹੋਇਆ। ਉਸਦੀ ਪ੍ਰਥਮ ਪੁਸਤਕ ਇਕਾਂਗੀ ਸੰਗ੍ਰਹਿ 'ਛੇ ਘਰ' 1941 ਵਿਚ ਛਪੀ ਅਤੇ ਦੂਸਰੀ ਪੁਸਤਕ ਕਹਾਣੀ ਸੰਗ੍ਰਹਿ 'ਸਮਾਚਾਰ' 1943 ਵਿਚ ਛਪੀ। ਛੇ ਘਰ ਇਕਾਂਗੀ-ਸੰਗ੍ਰਹਿ ਵਿਚ 5 ਇਕਾਂਗੀ-ਨਾਟਕ 'ਮਹਾਤਮਾ', ਪੁੱਤਰ', 'ਇਕ ਐਤਵਾਰ', 'ਹੜਤਾਲ', 'ਭਾਵੀ' ਅਤੇ 'ਬਾਬਾ ਬੋਹੜ' ਦੇ ਵਿਸ਼ੇ ਕ੍ਰਮਵਾਰ ਮਿਥਿਹਾਸਕ ਤੇ ਇਤਿਹਾਸਕ ਹਨ। 'ਇਕ ਐਤਵਾਰ', 'ਹੜਤਾਲ' ਅਤੇ 'ਪੁੱਤਰ' ਇਕਾਂਗੀਆਂ ਦੇ ਵਿਸ਼ੇ ਸਮਾਜਿਕ ਹਨ। ਤਪਿਆ ਕਿਉਂ ਖਪਿਆ 1949 ਇਕਾਂਗੀ-ਸੰਗ੍ਰਹਿ ਵਿਚ ਪੰਜ ਇਕਾਂਗੀ-ਨਾਟਕ 'ਨਿਸ਼ਾਂਤ ਬਾਗ ਵਿਚ', ਤਪਿਆ ਕਿਉਂ ਖਪਿਆ', ਡਾਕਟਰ', 'ਵੀਹ ਆਨੇ', 'ਚੋਰ ਬਾਜ਼ਾਰੀਏ' ਅਤੇ ਇਕ ਕਾਵਿ-ਨਾਟ 'ਵਿਆਹੁਲੀ' ਹੈ। ਸਨਿਸ਼ਾਂਤ ਬਾਗ' ਅਤੇ 'ਤਪਿਆ ਕਿਉਂ ਖਪਿਆ' ਇਕਾਂਗੀਆਂ ਦੇ ਵਿਸ਼ੇ ਕ੍ਰਮਵਾਰ ਇਤਿਹਾਸਕ ਤੇ ਮਿਥਿਹਾਸਕ ਹਨ। 'ਵੀਹ ਆਨੇ', 'ਚੋਰ ਬਜ਼ਾਰੀਏ' ਅਤੇ 'ਵਿਆਹੁਲੀ' ਦੇ ਵਿਸ਼ੇ ਸਮਕਾਲੀ ਸਮਾਜਕ ਹਨ। ਇਸੇ ਪ੍ਰਕਾਰ ਵਾਰਿਸ ਨਾਟਕ ਵਾਰਿਸ ਸ਼ਾਹ ਅਤੇ ਭਾਗਭਰੀ ਦੀ ਪ੍ਰੇਮ ਕਹਾਣੀ ਦੀ ਦੇ ਨਾਲ ਨਾਲ ਅਠਾਰਵੀਂ ਸਦੀ ਦੇ ਸਿਖ ਇਤਿਹਾਸ ਨੂੰ ਨਾਟਕ

ਦਾ ਵਿਸ਼ਾ ਬਣਾਇਆ ਹੈ। ਮੇਰੇ ਦਸ ਇਕਾਂਗੀ ਵਿਚ ਸੰਤ ਸਿੰਘ ਸੇਖੋਂ ਦੇ ਪਹਿਲੇ ਛਪੇ ਇਕਾਂਗੀ-ਸੰਗ੍ਰਹਿਆਂ ਵਿਚੋਂ ਹੀ ਚੋਣਵੇਂ ਦਸ ਇਕਾਂਗੀ 'ਮਹਾਤਮਾ', 'ਪੁੱਤਰ', 'ਭਾਵੀ', 'ਹੜਤਾਲ', 'ਸ਼ੇਖ ਚਿਲੀ', 'ਦਮਯੰਤੀ', 'ਦੂਜਾ ਵਿਆਹ', 'ਰੈਣ ਬਸੇਰਾ', 'ਪਿਤਾ-ਪੁਰਖੀ', 'ਸਿਆਲਾਂ ਦੀ ਨੱਢੀ' ਸ਼ਾਮਲ ਹਨ।

## ਹਰਚਰਨ ਸਿੰਘ

**ਹਰਚਰਨ ਸਿੰਘ** : ਡਾ. ਹਰਚਰਨ ਸਿੰਘ ਨੂੰ ਸ਼੍ਰੀਮਤੀ ਨੋਰ੍ਹਾ ਰਿਚਰਡਜ਼ ਦਾ ਮੁਢਲਾ ਸ਼ਿਸ਼ ਹੋਣ ਦਾ ਮਾਣ ਪ੍ਰਾਪਤ ਹੈ। ਆਧੁਨਿਕ ਪੰਜਾਬੀ ਨਾਟਕ ਦੀ ਪਹਿਲੀ ਪੀੜ੍ਹੀ ਦੇ ਨਾਟਕਕਾਰਾਂ ਵਿਚੋਂ ਉਸ ਨੇ ਗਿਣਤੀ ਵਿਚ ਸਭ ਤੋਂ ਵੱਧ ਨਾਟਕ ਅਤੇ ਇਕਾਂਗੀ ਲਿਖੇ ਹਨ। ਉਸਨੇ ਪਹਿਲੀ ਵਾਰ ਆਪਣੀ ਧਰਮ ਪਤਨੀ ਸ਼੍ਰੀਮਤੀ ਧਰਮ ਕੌਰ ਨੂੰ ਪੰਜਾਬੀ ਰੰਗਮੰਚ ਉੱਤੇ ਲਿਆਂਦਾ। ਉਨ੍ਹਾਂ ਦੇ ਇਸ ਦਲੇਰਾਨਾ ਕਦਮ ਨਾਲ ਪੰਜਾਬੀ ਨਾਟਕ ਦੀ ਇਸਤਰੀ ਪਾਤਰਾਂ ਦੀ ਸਮੱਸਿਆ ਦਾ ਹੱਲ ਹੋ ਗਿਆ। ਇਸ ਤੋਂ ਪਹਿਲਾਂ ਪੰਜਾਬੀ ਨਾਟਕਾਂ ਵਿਚ ਇਸਤਰੀ ਪਾਤਰ ਦੀ ਭੂਮਿਕਾ ਮਰਦ ਹੀ ਨਿਭਾਉਂਦੇ ਸਨ। ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਉਸ ਦਾ ਸਮੁੱਚਾ ਜੀਵਨ ਸਮਰਪਿਤ ਹੈ। ਉਸ ਵਰਗਾ ਸੁਹਿਰਦ, ਮਾਨਵੀ ਕਦਰਾਂ ਕੀਮਤਾਂ ਨਾਲ ਭਰਪੂਰ ਸਾਹਿਤਕਾਰ ਕਦੀ ਕਦੀ ਹੀ ਵੱਡੇ ਭਾਗਾਂ ਨਾਲ ਕਿਸੇ ਬੋਲੀ ਨੂੰ ਮਿਲਦਾ ਹੈ।

ਉਸ ਨੇ 'ਕਮਲਾ ਕੁਮਾਰੀ' ਨਾਟਕ ਲਿਖ ਕੇ ਪੰਜਾਬੀ ਨਾਟਕ ਦੇ ਖੇਤਰ ਵਿਚ ਪ੍ਰਵੇਸ਼ ਕੀਤਾ। ਉਸ ਦੇ ਮੁੱਖ ਨਾਟਕ ਹਨ 'ਰਾਜਾ ਪੋਰਸ' (1938), 'ਅਨਜੋੜ' (1941), 'ਖੇਡਣ ਦੇ ਦਿਨ ਚਾਰ' (1942), 'ਰੱਤਾ ਸਾਲੂ' (1952), 'ਤੇਰਾ ਘਰ ਸੋ ਮੇਰਾ ਘਰ' (1954), 'ਪੁੰਨਿਆ ਦਾ ਚੰਨ' (1956), 'ਸ਼ੋਭਾ ਸ਼ਕਤੀ' (1962), 'ਚਮਕੌਰ ਦੀ ਗੜ੍ਹੀ (1969), 'ਕੱਲ ਅੱਜ ਤੇ ਭਲਕ' (1972) ਮਿਟੀ ਧੁੰਧ ਜਗਿ ਚਾਨਣੁ ਹੋਆ' (1981), ਆਦਿ ਪੂਰੇ ਨਾਟਕ ਲਿਖੇ ਹਨ। ਹਰਚਰਨ ਸਿੰਘ ਦੀ ਪੰਜਾਬੀ ਨਾਟਕ ਦੇ ਖੇਤਰ ਵਿਚ ਮਹੱਤਤਾ ਉਸਦੇ ਇਤਿਹਾਸਿਕ ਨਾਟਕਾਂ ਕਰਕੇ ਬਹੁਤ ਹੈ। 'ਕੱਲ ਅੱਜ ਤੇ ਭਲਕ' ਨਾਟਕ 'ਤੇ 'ਭਾਰਤੀ ਸਾਹਿਤ ਅਕਾਦਮੀ ਪੁਰਸਕਾਰ' ਵੀ ਪ੍ਰਾਪਤ ਹੋਇਆ ਹੈ। ਉਸ ਦਾ ਕੋਈ ਵੀ ਨਾਟਕ ਅਜਿਹਾ ਨਹੀਂ ਜੋ ਰੰਗਮੰਚ 'ਤੇ ਖੇਡਿਆ ਨਾ ਜਾ ਸਕੇ। ਉਹ ਵਿਚਾਰ, ਘਟਨਾ ਤੇ ਅੰਤ ਤਿਨਾਂ ਨੂੰ ਸਾਹਮਣੇ ਰੱਖ ਕੇ ਨਾਟਕ ਦੀ ਸਿਰਜਣਾ ਕਰਦਾ ਹੈ। ਉਸਦੀ ਘਟਨਾ ਨਾਟਕੀ ਹੁੰਦੀ ਹੈ ਪਰ ਨਾਟਕ ਵਿਚ ਪੇਸ਼ ਕੀਤੇ ਵਿਚਾਰ ਲੋਕ ਪੱਧਰ ਦੇ ਹੁੰਦੇ ਹਨ। ਸ਼ਾਇਦ ਇਸੇ ਕਰਕੇ ਉਸਨੂੰ 'ਜਨਤਾ ਦਾ ਨਾਟਕਕਾਰ' ਕਿਹਾ ਜਾਂਦਾ ਹੈ। ਉਸ ਦੇ ਨਾਟਕ ਕਿਸੇ ਵਾਦ ਨਾਲ ਨਹੀਂ ਜੁੜੇ ਹੋਏ। ਉਹ ਮਾਨਵਵਾਦੀ ਪ੍ਰਗਤੀਵਾਦੀ ਦ੍ਰਿਸ਼ਟੀ ਵਾਲਾ ਨਾਟਕਕਾਰ ਹੈ। ਆਪਣੇ ਨਾਟਕਾਂ ਵਿਚ ਉਹ ਪਾਤਰਾਂ ਦੀ ਥਾਂ ਗੁੰਦੇ ਹੋਏ ਕਥਾਨਕ ਨੂੰ ਪ੍ਰਮੁੱਖਤਾ ਦਿੰਦਾ ਹੈ। ਉਸ ਦਾ ਕਥਾਨਕ ਵੀ ਆਮ ਤੌਰ 'ਤੇ ਲਕੀਰੀ ਬਿਰਤਾਂਤ ਵਾਲਾ ਹੁੰਦਾ ਹੈ। ਹਰਪਾਲ ਟਿਵਾਣਾ ਨੇ ਉਸ ਦੇ ਨਾਟਕਾਂ ਨੂੰ ਨਿਰਦੇਸ਼ਿਤ ਕਰਕੇ ਹਰ ਕਿਸਮ ਦੇ ਰੰਗਮੰਚ ਉੱਤੇ ਖੇਡਿਆ ਹੈ। ਪੰਜਾਬ ਰੰਗਮੰਚ ਦੇ ਖੇਤਰ ਵਿਚ ਉਸ ਦਾ ਯੋਗਦਾਨ ਇਸ ਪੱਖੋਂ ਵੀ ਹੈ ਕਿ ਉਸ ਨੇ ਇਸਤਰੀ ਪਾਤਰ ਦਾ

ਅਭਿਨੈ ਇਸਤਰੀ ਵੱਲੋਂ ਹੀ ਕਰਨ ਦੀ ਪਿਰਤ ਪਾਈ। ਪਹਿਲਾਂ ਇਸਤਰੀ ਕਿਰਦਾਰਾਂ ਨੂੰ ਪੁਰਸ਼ ਹੀ ਨਿਭਾਉਂਦੇ ਸਨ ਪਰ ਹਰਚਰਨ ਸਿੰਘ ਨੇ ਆਪਣੇ 'ਅਣਜੋੜ' ਨਾਟਕ ਵਿਚ ਆਪਣੀ ਪਤਨੀ ਧਰਮ ਕੌਰ ਨੂੰ ਸਟੇਜ 'ਤੇ ਚੜ੍ਹਾ ਕੇ ਇਸ ਰੁਕਾਵਟ ਨੂੰ ਵੀ ਦੂਰ ਕਰ ਦਿੱਤਾ। ਇਉਂ ਉਸ ਦੀ ਪ੍ਰਤੀਬੱਧ, ਯਥਾਰਥਕ ਅਤੇ ਸਰਲ ਸਧਾਰਨ ਨਾਟਕਕਲਾ ਨੇ ਪੰਜਾਬੀ ਨਾਟਕ ਨੂੰ ਵਿਕਸਿਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ ਹੈ।

**ਬਲਵੰਤ ਗਾਰਗੀ**

**ਬਲਵੰਤ ਗਾਰਗੀ** : ਬਲਵੰਤ ਗਾਰਗੀ ਪੰਜਾਬੀ ਦਾ ਅੰਤਰਰਾਸ਼ਟਰੀ ਨਾਟਕਕਾਰ ਹੈ। ਉਸ ਨੇ ਪੰਜਾਬੀ ਨਾਟਕ ਨੂੰ ਵਿਸ਼ਵ ਦੇ ਵਿਭਿੰਨ ਦੇਸ਼ਾਂ ਦੇ ਰੰਗਮੰਚ ਉੱਪਰ ਖੇਡਿਆ ਹੈ। ਪੰਜਾਬੀ ਨਾਟਕ ਵਿਚ ਉਹ ਬੇਸ਼ਕ ਦੂਸਰੇ ਦੌਰ ਵਿਚ ਪ੍ਰਵੇਸ਼ ਕਰਕੇ ਨਾਟਕਕਾਰਾਂ ਦੀ ਪਹਿਲੀ ਸ਼੍ਰੇਣੀ ਵਿਚ ਸ਼ਾਮਿਲ ਹੋ ਜਾਂਦਾ ਹੈ। ਪਰ ਉਸ ਦੀ ਨਾਟਕ ਕਲਾ, ਪੰਜਾਬੀ ਨਾਟਕ ਦੇ ਤੀਸਰੇ ਦੌਰ (1947–1975) ਵਿਚ ਵਧੇਰੇ ਵਿਕਸਿਤ ਹੋਈ। ਬਲਵੰਤ ਗਾਰਗੀ ਨੇ 1937 ਤੋਂ 1941 ਈ: ਵਿਚ ਪ੍ਰੀਤ ਨਗਰ ਵਿਚ ਲੇਖਕਾਂ ਦੀਆਂ ਪ੍ਰੀਤ ਮਿਲਣੀਆਂ ਸਮੇਂ ਖੇਡੇ ਜਾਂਦੇ ਨਾਟਕਾਂ ਤੋਂ ਪ੍ਰਭਾਵਿਤ ਹੋ ਕੇ ਨਾਟਕ ਲਿਖਣੇ ਸ਼ੁਰੂ ਕੀਤੇ। ਪੰਜਾਬੀ ਵਿਚ ਉਸਦਾ ਪ੍ਰਵੇਸ਼ 1944 ਵਿਚ ਪ੍ਰਮੁੱਖ ਨਾਟਕ 'ਲੋਹਾ ਕੁੱਟ' (1944), ਤੋਂ ਹੁੰਦਾ ਹੈ। ਇਸ ਤੋਂ ਬਾਅਦ ਉਸ ਨੇ 'ਬਿਸਵੇਦਾਰ' (1948), 'ਸੈਲ ਪੱਥਰ' (1949), 'ਦਸਵੰਦ' (1949), 'ਨਵਾਂ ਮੁੱਢ' (1949), 'ਕੇਸਰੋ' (1952), 'ਕਣਕ ਦੀ ਬੱਲੀ' (1954), 'ਗਗਨ ਮੈ ਥਾਲੁ'(1969), 'ਧੂਣੀ ਦੀ ਅੱਗ' (1963) ਆਦਿ ਨਾਟਕ ਲਿਖੇ।

ਇਸ ਪ੍ਰਕਾਰ ਬਲਵੰਤ ਗਾਰਗੀ ਆਪਣੀ ਵਿਸ਼ਾਲ ਨਾਟ-ਰਚਨਾ ਰਾਹੀਂ ਪੰਜਾਬੀ ਨਾਟਕਕਾਰਾਂ ਦੀਆਂ ਚਾਰ ਪੀੜ੍ਹੀਆਂ ਦੇ ਸਮਵਿਥ ਨਾਟ-ਰਚਨਾ ਕਰਦਾ ਰਿਹਾ ਹੈ। ਪੰਜਾਬੀ ਨਾਟਕ ਵਿਚ ਉਸ ਨੇ ਮਨੋਵਿਗਿਆਨਕ ਵਿਸ਼ਿਆਂ ਨੂੰ ਲਿਆਂਦਾ ਹੈ। ਪੱਛਮੀ ਨਾਟਕ ਦੀਆਂ ਚਿੰਨ੍ਹਾਤਮਕ ਅਤੇ ਹੰਗਾਮੀ ਥੀਏਟਰ ਦੀਆਂ ਸ਼ੈਲੀਆਂ ਉਸ ਨੇ ਹੀ ਪੰਜਾਬੀ ਨਾਟਕ ਵਿਚ ਪ੍ਰਵੇਸ਼ ਕਰਵਾਈਆਂ। ਗਾਰਗੀ ਨੇ ਇਤਿਹਾਸਕ ਅਤੇ ਪ੍ਰਗੀਵਾਦੀ ਵਿਸ਼ਿਆਂ ਵਾਲੇ ਨਾਟਕ ਵੀ ਲਿਖੇ ਪਰ ਉਸ ਦਾ ਮਨਪਸੰਦ ਵਿਸ਼ਾ ਮਨੁੱਖੀ ਮਨੋਵਿਗਿਆਨ ਹੈ। ਉਹ ਇਸੇ ਵਿਚ ਹੀ ਕਾਮਯਾਬ ਵੀ ਹੈ। ਉਹ ਲੋਹਾ ਕੁੱਟ ਤੋਂ ਆਪਣੀ ਨਾਟ-ਯਾਤਰਾ ਸ਼ੁਰੂ ਕਰਦਾ ਹੈ ਅਤੇ ਧੂਣੀ ਦੀ ਅੱਗ ਰਾਹੀਂ ਬਲਦੇ ਟਿੱਬੇ 'ਤੇ ਆਪਣੀ ਨਾਟ-ਯਾਤਰਾ ਨੂੰ ਸਮਾਪਤ ਕਰਦਾ ਹੈ। ਇਸ ਦੌਰਾਨ ਉਸ ਨੇ ਬਿਸਵੇਦਾਰ, ਕਣਕ ਦੀ ਬੱਲੀ ਅਤੇ ਘੁੱਗੀ ਵਿਚ ਪ੍ਰਗਤੀਵਾਦੀ ਵਿਚਾਰਾਂ ਨੂੰ ਪੇਸ਼ ਕੀਤਾ ਹੈ। ਉਸ ਦੀ ਇਸ ਕਰਕੇ ਆਲੋਚਨਾ ਵੀ ਹੁੰਦੀ ਰਹੀ ਹੈ ਕਿ ਉਹ ਮਨੁੱਖ ਦੀਆਂ ਮੁੱਢਲੀਆਂ ਅਤੇ ਸਮਾਜਿਕ, ਆਰਥਿਕ ਸਮੱਸਿਆਵਾਂ ਨੂੰ ਛੱਡ ਕੇ ਅਸਲੋਂ ਵੱਖਰੀ ਸਮੱਸਿਆ ਕਾਮ ਨੂੰ ਹੱਥ ਪਾਉਂਦਾ ਹੈ। ਦਲੇਰੀ, ਗਾਰਗੀ ਦੇ ਨਾਟਕਾਂ ਦਾ ਮੀਰੀ ਗੁਣ ਹੈ। ਇਹ ਦਲੇਰੀ ਉਸ ਦੇ ਨਾਟਕਾਂ ਦੇ ਵਿਸ਼ਿਆਂ ਵਿਚ ਵੀ ਹੈ ਅਤੇ ਪੇਸ਼ਕਾਰੀ ਵਿਚ ਵੀ। ਇਸ ਕਰਕੇ ਉਹ ਪ੍ਰਯੋਗ ਕਰਦਾ ਹੋਇਆ ਪੂਰਬੀ, ਪੱਛਮੀ ਅਤੇ ਰੂਸੀ ਨਾਟ ਵਿਧੀਆਂ ਦੀ ਵਰਤੋਂ

ਕਰਦਾ ਹੈ। ਨਾਟਕ ਅਤੇ ਰੰਗਮੰਚ ਦੀ ਡੂੰਘੀ ਅਤੇ ਅੰਤਰ-ਰਾਸ਼ਟਰੀ ਪੱਧਰ ਦੀ ਸਮਝ ਉਸ ਦੀ ਸਫ਼ਲਤਾ ਦਾ ਮੁੱਖ ਕਾਰਨ ਹੈ। ਉਸ ਨੇ ਆਪਣੇ ਨਾਟਕ ਖੇਡਣ ਲਈ ਆਪ ਯਤਨ ਨਹੀਂ ਕੀਤੇ। ਉਸ ਦੇ ਨਾਟਕ ਭਾਰਤ ਦੇ ਪ੍ਰਸਿੱਧ ਨਿਰਦੇਸ਼ਕ, ਅਲਕਾਜ਼ੀ ਵੱਲੋਂ ਵੀ ਖੇਡੇ ਗਏ ਹਨ।

ਇਉਂ ਬਲਵੰਤ ਗਾਰਗੀ ਆਪਣੀ ਵਿਸ਼ਾਲ ਨਾਟ-ਰਚਨਾ ਰਾਹੀਂ ਪੰਜਾਬੀ ਨਾਟਕਕਾਰਾਂ ਦੀਆਂ ਚਾਰ ਪੀੜ੍ਹੀਆਂ ਦੇ ਸਮਵਿਥ ਨਾਟ-ਰਚਨਾ ਕਰਦਾ ਰਿਹਾ ਹੈ। ਨਾਟਕ ਅਤੇ ਰੰਗਮੰਚ ਦੀ ਡੂੰਘੀ ਅਤੇ ਅੰਤਰਰਾਸ਼ਟਰੀ ਪੱਧਰ ਦੀ ਸਮਝ ਉਸਦੀ ਸਫ਼ਲਤਾ ਦਾ ਪ੍ਰਮੁੱਖ ਕਾਰਨ ਹੈ। ਉਸ ਦੇ ਨਾਟਕ ਭਾਰਤ ਦੇ ਪ੍ਰਸਿੱਧ ਨਿਰਦੇਸ਼ਕ 'ਅਲਕਾਜ਼ੀ' ਵੱਲੋਂ ਵੀ ਖੇਡੇ ਗਏ ਹਨ। ਉਹ ਅਜਿਹਾ ਪਹਿਲਾ ਨਾਟਕਕਾਰ ਹੈ ਜੋ ਪੰਜਾਬੀ ਨਾਟਕ ਨੂੰ ਬਠਿੰਡੇ ਤੋਂ ਪਟਿਆਲਾ, ਚੰਡੀਗੜ੍ਹ, ਦਿੱਲੀ ਅਤੇ ਬੰਬਈ ਦੇ ਰਸਤੇ ਅਮਰੀਕਾ, ਇੰਗਲੈਂਡ, ਫ਼ਰਾਂਸ ਆਦਿ ਦੇਸ਼ਾਂ ਤਕ ਲੈ ਗਿਆ। ਪੰਜਾਬੀ ਨਾਟਕ ਵਿਚ ਬਲਵੰਤ ਗਾਰਗੀ ਦਾ ਸਥਾਨ ਅਤੇ ਦੇਣ ਵਿਲੱਖਣ ਹੈ।

## ਗੁਰਚਰਨ ਸਿੰਘ ਜਸੂਜਾ

**ਗੁਰਚਰਨ ਸਿੰਘ ਜਸੂਜਾ :** ਗੁਰਚਰਨ ਸਿੰਘ ਜਸੂਜਾ ਹਰਸਰਨ ਸਿੰਘ ਵਾਂਗ ਅਜਿਹਾ ਨਾਟਕਕਾਰ ਹੈ ਜਿਸ ਨੇ ਆਪਣੇ ਨਾਟਕ ਆਪ ਨਹੀਂ ਖੇਡੇ ਸਗੋਂ ਦੂਸਰਿਆਂ ਤੋਂ ਖਿਡਵਾਏ ਹਨ ਪਰ ਇਸ ਦੇ ਬਾਵਜੂਦ ਵੀ ਉਸ ਦਾ ਪੰਜਾਬੀ ਨਾਟਕਕਾਰੀ ਵਿਚ ਮਹੱਤਵਪੂਰਨ ਸਥਾਨ ਹੈ। ਖਾਮੋਸ਼ ਤਬੀਅਤ ਦਾ ਹੋਣ ਕਰਕੇ ਉਹ ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ ਅਤੇ ਹਰਸਰਨ ਸਿੰਘ ਜਿੰਨਾਂ ਚਰਚਿਤ ਨਹੀਂ ਹੋਇਆ। ਉਸ ਨੇ 'ਗਊਮੁਖਾ ਸ਼ੇਰਮੁਖਾ' (1955), 'ਮਕੜੀ ਜਾਲ' (1957), 'ਚਾਰ ਦੀਵਾਰੀ' (1964), 'ਪਛਤਾਵਾ' (1965), 'ਅੰਧਕਾਰ' (1968), 'ਚੜ੍ਹਿਆ ਸੋਧਣ ਧਰਤ ਲੋਕਾਈ' (1969), 'ਉਮਰਾਂ ਲੰਮੀ ਦੌੜ' (1980), 'ਪਰੀਆਂ' (2002) ਆਦਿ ਨਾਟ-ਰਚਨਾਵਾਂ ਰਚੀਆਂ ਹਨ।

ਗੁਰਚਰਨ ਸਿੰਘ ਜਸੂਜਾ ਯਥਾਰਥਵਾਦੀ ਨਾਟਕਕਾਰ ਹੈ ਜੋ ਪੂੰਜੀਵਾਦੀ ਵਿਵਸਥਾ ਵਿਚਲੀ ਆਰਥਿਕ ਨਾ-ਬਰਾਬਰੀ ਅਤੇ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਦਾ ਹੈ। ਉਸ ਦਾ ਨਾਟਕ 'ਮਕੜੀ ਜਾਲ' ਸਮਾਜ ਵਿਚ ਵੱਧ ਰਹੇ ਭ੍ਰਿਸ਼ਟਾਚਾਰ, ਅਮੀਰਾਂ ਵੱਲੋਂ ਗਰੀਬਾਂ ਦਾ ਸ਼ੋਸ਼ਣ ਅਤੇ ਛੋਟੇ ਮਜ਼ਦੂਰਾਂ ਦੀ ਦੁਰਦਸ਼ਾ ਨੂੰ ਬਿਆਨ ਕਰਦਾ ਹੈ। ਇਸੇ ਭ੍ਰਿਸ਼ਟਾਚਾਰ ਨੂੰ 'ਕੰਧਾਂ ਰੇਤ ਦੀਆਂ', ਨਾਟਕ ਵਿਚ ਵੀ ਪੇਸ਼ ਕੀਤਾ ਗਿਆ ਹੈ। 'ਅੰਧਕਾਰ' ਨਾਟਕ ਵਿਚ ਸ਼ਹਿਰੀ ਮੱਧ ਸ਼੍ਰੇਣੀ ਦੇ ਲੋਕਾਂ ਦੀ ਮਾਨਸਿਕ ਤਣਾਉ ਭਰੀ ਜ਼ਿੰਦਗੀ ਨੂੰ ਪੇਸ਼ ਕੀਤਾ ਗਿਆ ਹੈ। ਜਸੂਜੇ ਦੀ ਨਾਟਕਕਾਰ ਦਾ ਅਨੁਭਵ ਸ਼ਹਿਰੀ ਮੱਧ ਸ਼੍ਰੇਣੀ, ਖ਼ਾਸ ਤੌਰ 'ਤੇ ਵਪਾਰ ਨਾਲ ਜੁੜੇ ਲੋਕਾਂ ਨਾਲ ਸੰਬੰਧਿਤ ਹੈ। ਆਪ ਇਸ ਸ਼੍ਰੇਣੀ ਵਿਚੋਂ ਹੋਣ ਕਾਰਨ, ਉਸ ਨੂੰ ਇਸ ਸ਼੍ਰੇਣੀ ਦਾ ਡੂੰਘਾ ਅਨੁਭਵ ਹੈ। ਉਸ ਦਾ ਪਹਿਲਾ ਇਕਾਂਗੀ 'ਗਊਮੁਖਾ ਸ਼ੇਰਮੁਖਾ' ਵਪਾਰਕ ਮੱਧ ਸ਼੍ਰੇਣੀ ਦੇ ਅਨੁਭਵ ਦੀ ਉਪਜ ਹੈ। ਉਹ ਪ੍ਰਤੀਕਾਤਮਕ ਸ਼ੈਲੀ ਵਿਚ ਯਥਾਰਥ ਨੂੰ ਪੇਸ਼ ਕਰਨ ਵਾਲਾ ਨਾਟਕਕਾਰ ਹੈ। ਇਸ ਤੋਂ

ਇਲਾਵਾ ਧਰਮ ਵੀ ਉਸਦਾ ਮਨਪਸੰਦ ਵਿਸ਼ਾ ਹੈ। 'ਚੜ੍ਹਿਆ ਸੋਧਣ ਧਰਤ ਲੋਕਾਈ' 'ਬਾਦਸ਼ਾਹ ਦਰਵੇਸ਼', 'ਜਿਸ ਡਿਠੇ ਸਭ ਦੁਖ ਜਾਇ', 'ਪਾਰਸ ਦੀ ਛੋਹ' ਮੱਖਣ ਸ਼ਾਹ ਲੁਬਾਣਾ' ਉਸ ਦੇ ਧਰਮ ਨਾਲ ਸੰਬੰਧਿਤ ਨਾਟਕ ਹਨ। ਉਹ ਪ੍ਰਤੀਕਾਤਮਕ ਸ਼ੈਲੀ ਵਿਚ ਯਥਾਰਥ ਨੂੰ ਪੇਸ਼ ਕਰਨ ਵਾਲਾ ਨਾਟਕਕਾਰ ਹੈ। 'ਰਚਨਾ ਰਾਮ ਬਣਾਈ', 'ਇਕ ਹੀਰੋ ਦੀ ਤਲਾਸ਼', 'ਉਮਰਾ ਲੰਮੀ ਦੌੜ' ਆਦਿ ਉੱਤਮ ਕਿਸਮ ਦੇ ਨਾਟਕ ਰਚ ਕੇ ਉਹ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਆਪਣਾ ਨਾਮ ਸੁਰੱਖਿਅਤ ਕਰ ਗਿਆ ਹੈ।

## ਸੁਰਜੀਤ ਸਿੰਘ ਸੇਠੀ

**ਸੁਰਜੀਤ ਸਿੰਘ ਸੇਠੀ :** ਸੁਰਜੀਤ ਸਿੰਘ ਸੇਠੀ ਪੰਜਾਬੀ ਨਾਟਕ ਦੀ ਦੂਜੀ ਪੀੜ੍ਹੀ ਦਾ ਪ੍ਰਮੁੱਖ ਨਾਟਕਕਾਰ ਹੈ। ਉਸ ਨੂੰ ਅਧਿਆਪਨ, ਰੇਡੀਓ, ਫ਼ਿਲਮ ਤੇ ਥੀਏਟਰ ਦੀ ਡੂੰਘੀ ਜਾਣਕਾਰੀ ਸੀ। ਇਸੇ ਕਰਕੇ ਉਸ ਨੇ ਕਮਾਲ ਦੇ ਨਾਟਕਾਂ ਦੀ ਸਿਰਜਣਾ ਕੀਤੀ। ਉਹ ਪੰਜਾਬੀ ਯੂਨੀਵਰਸਿਟੀ ਦੇ ਥੀਏਟਰ ਵਿਭਾਗ ਦਾ ਮੁਖੀ ਰਿਹਾ ਹੈ। ਉਹ ਪੰਜਾਬੀ ਨਾਟਕਾਂ ਵਿਚ 'ਐਬਸਰਡ ਥੀਏਟਰ' ਦੀ ਸ਼ੈਲੀ ਨੂੰ ਸੁਯੋਗ ਢੰਗ ਨਾਲ ਵਰਤਣ ਵਾਲਾ ਪਹਿਲਾ ਨਾਟਕਕਾਰ ਹੈ। ਉਸ ਦੇ ਨਾਟਕਾਂ ਵਿਚ 'ਪਰਦੇ ਪਿਛੇ' (1946), 'ਕਾਫੀ ਹਾਊਸ' (1958), 'ਚਲਦੇ ਫਿਰਦੇ ਬੁੱਤ' (1958), 'ਕੱਚਾ ਘੜਾ' (1960), 'ਕਾਦਰਯਾਰ' (1960), 'ਕਿੰਗ ਮਿਰਜ਼ਾ ਤੇ ਸਪੇਰਾ' (1965) 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ" (1969), 'ਪੈਬਲ ਬੀਚ ਤੇ ਲੌਂਗ ਗੁਆਚਾ' ਆਦਿ ਪ੍ਰਮੁੱਖ ਹਨ।

ਸੁਰਜੀਤ ਸਿੰਘ ਸੇਠੀ ਨੇ ਆਪਣੀ ਨਾਟ-ਯਾਤਰਾ ਯਥਾਰਥਵਾਦੀ ਨਾਟਕਾਂ ਨਾਲ ਹੀ ਕੀਤੀ ਸੀ ਪਰ ਹੌਲੀ ਹੌਲੀ ਉਹ ਪੱਛਮ ਦੀਆਂ ਨਵੀਨ ਨਾਟ-ਸ਼ੈਲੀਆਂ ਵੱਲ ਆਕਰਸ਼ਿਤ ਹੁੰਦਾ ਗਿਆ ਜਿੰਨ੍ਹਾਂ ਵਿਚ 'ਐਬਸਰਡ ਥੀਏਟਰ' ਪ੍ਰਮੁੱਖ ਹੈ। ਉਸ ਨੇ 'ਗੁਰ ਬਿਨ ਘੋਰ ਅੰਧਾਰ' ਤੇ 'ਮੇਰਾ ਮੁਰਸ਼ਦ ਮੋੜ ਲਿਆਓ' ਵਰਗੇ ਧਾਰਮਿਕ (ਸ਼ਤਾਬਦੀ) ਨਾਟਕਾਂ ਦੀ ਸਿਰਜਣਾ ਵੀ ਕੀਤੀ ਹੈ ਪਰ ਉਸਦਾ ਪ੍ਰਮੁੱਖ ਰੁਝਾਨ ਆਪਣੇ ਨਾਟਕਾਂ ਦੇ ਪਾਤਰਾਂ ਦਾ ਅੰਤਰਮਨ ਫਰੋਲਣ ਵੱਲ ਰਿਹਾ। 'ਕੱਚਾ ਘੜਾ' ਅਤੇ 'ਕਾਦਰਯਾਰ' ਕਾਵਿਕ ਪ੍ਰਤੀਕਾਂ ਨਾਲ ਭਰਪੂਰ ਮਨੋਵਿਗਿਆਨਕ ਨਾਟਕ ਹਨ। 'ਕਿੰਗ ਮਿਰਜ਼ਾ ਤੇ ਸਪੇਰਾ', ਉਸ ਦਾ ਨਿਰੋਲ ਐਬਸਰਡ ਨਾਟਕ ਹੈ। ਜਿਸ ਵਿਚ ਤਿੰਨ ਪਾਤਰ ਜ਼ਿੰਦਗੀ ਤੋਂ ਤੰਗ ਆ ਕੇ ਬਹੁ-ਮੰਜ਼ਲੀ ਇਮਾਰਤ ਤੋਂ ਕੁੱਦ ਕੇ ਖੁਦਕੁਸ਼ੀ ਕਰਨ ਬਾਰੇ ਸੋਚਦੇ ਹਨ। 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ" ਵਿਚ ਜ਼ਿੰਦਗੀ ਉੱਤੇ ਲੱਗੇ ਧਾਰਮਿਕ, ਸਮਾਜਿਕ ਅਤੇ ਕਾਨੂੰਨੀ ਬੰਧਨਾਂ ਨੂੰ ਵਿਸ਼ਾ ਬਣਾਇਆ ਗਿਆ। ਜਿਸ ਵਿਚ ਫਸ ਕੇ ਮਰਦ ਅਤੇ ਤੀਵੀਂ ਦੋਵੇਂ ਹੀ ਆਪਣੀਆਂ ਮਾਨਸਿਕ ਅਤੇ ਕਾਮੁਕ ਇੱਛਾਵਾਂ ਦੀ ਪੂਰਤੀ ਨਹੀਂ ਕਰ ਸਕਦੇ। ਸੇਠੀ ਦੇ ਦੂਸਰੇ ਨਾਟਕ ਵਿਚ ਵੀ ਇਸ ਕਿਸਮ ਦੇ ਮਨੋਵਿਗਿਆਨਕ ਵਿਸ਼ਿਆਂ ਨਾਲ ਭਰਪੂਰ ਹਨ। ਪਰ ਉਸਦਾ ਅੰਤਮ ਨਾਟਕ 'ਪੈਬਲ ਬੀਚ ਦੇ ਲੌਂਗ ਗੁਆਚਾ' ਪਰਦੇਸਾਂ ਵਿਚ ਵਸੇ ਮਨੁੱਖ ਦੀ ਗੁਆਚ ਚੁੱਕੀ ਹੋਂਦ ਦੀ ਪੇਸ਼ਕਾਰੀ ਕਰਦਾ ਹੈ। ਇਉਂ ਸੁਰਜੀਤ ਸਿੰਘ ਸੇਠੀ ਪੰਜਾਬੀ ਦਾ ਮਹਾਂਨਗਰੀ ਚੇਤਨਾ ਵਾਲਾ ਨਾਟਕਕਾਰ ਹੈ। ਭਾਵੇਂ ਕਿ ਉਸ ਦੇ ਨਾਟਕ ਆਮ ਦਰਸ਼ਕਾਂ ਨੂੰ ਆਕਰਸ਼ਿਤ

ਨਹੀਂ ਕਰਦੇ ਪਰ ਇਸ ਦੇ ਬਾਵਜੂਦ ਪੰਜਾਬੀ ਨਾਟਕ ਨੂੰ ਪੱਛਮੀਂ ਰੰਗਤ ਦੇਣ ਵਿਚ ਉਸ ਦਾ ਮਹੱਤਵਪੂਰਨ ਯੋਗਦਾਨ ਹੈ।

## ਗੁਰਦਿਆਲ ਸਿੰਘ ਖੋਸਲਾ

**ਗੁਰਦਿਆਲ ਸਿੰਘ ਖੋਸਲਾ :** ਗੁਰਦਿਆਲ ਸਿੰਘ ਖੋਸਲਾ ਪੰਜਾਬੀ ਨਾਟਕ ਦਾ ਇਕ ਹੋਰ ਮਹੱਤਵਪੂਰਨ ਨਾਟਕਕਾਰ ਹੈ। ਉਸ ਨੇ ਯਥਾਰਥਵਾਦੀ ਸ਼ੈਲੀ ਅਧੀਨ ਬਹੁਤ ਸਾਰੇ ਨਾਟਕਾਂ ਦੀ ਰਚਨਾ ਕੀਤੀ। ਗੁਰਦਿਆਲ ਸਿੰਘ ਖੋਸਲਾ ਨੇ 1938 ਈ: ਵਿਚ ਜਗਤ ਪ੍ਰਸਿੱਧ ਨਾਟਕਕਾਰ 'ਗੁਲਾਜ਼ਵਰਦੀ' ਦੇ ਨਾਟਕ 'ਸਿਲਵਰ ਬਾਕਸ' ਦਾ ਪੰਜਾਬੀ ਅਨੁਵਾਦ 'ਚਾਂਦੀ ਦਾ ਡੱਬਾ' ਦੇ ਰੂਪ ਵਿਚ ਕੀਤਾ। ਉਸਦੇ ਪ੍ਰਸਿੱਧ ਨਾਟਕਾਂ 'ਬਾਕੀ ਫੇਰ', 'ਬੂਹੇ ਬੈਠੀ ਧੀ', 'ਮੁਰਦੇ ਦਾ ਰਾਸ਼ਨ', 'ਜੁੱਤੀਆਂ ਦਾ ਜੋੜਾ', 'ਮਰ ਮਿਟਣ ਵਾਲੇ', 'ਪਰਲੋ ਤੋਂ ਪਹਿਲਾਂ' ਆਦਿ ਹਨ। ਇਹ ਸਾਰੇ ਨਾਟਕ ਰੰਗਮੰਚ ਪੱਖੋਂ ਵੀ ਬੜੇ ਸਫ਼ਲ ਨਾਟਕ ਹਨ। ਗੁਰਦਿਆਲ ਸਿੰਘ ਖੋਸਲਾ ਨੇ ਮੱਧ ਸ਼੍ਰੇਣਿਕ ਜੀਵਨ ਦਾ ਡੂੰਘਾ ਮੁਤਾਲਿਆ ਕੀਤਾ ਹੈ। ਇਸ ਲਈ ਉਸ ਨੇ ਮੱਧ ਸ਼੍ਰੇਣਿਕ ਲੜਕੀਆਂ ਦੇ ਵਿਆਹ ਦੀ ਸਮੱਸਿਆ, ਆਰਥਿਕ ਮਾੜੀ ਹਾਲਤ, ਆਜ਼ਾਦੀ ਦੇ ਪਰਵਾਨੇ, ਦਿਨੋਂ ਦਿਨ ਵਧਦੀ ਆਬਾਦੀ ਅਤੇ ਡਿਗ ਰਹੀਆਂ ਸਦਾਚਾਰਕ ਕੀਮਤਾਂ ਨੂੰ ਆਪਣੇ ਨਾਟਕਾਂ ਵਿਚ ਪੇਸ਼ ਕੀਤਾ ਹੈ। 'ਉਮੀਦਵਾਰ', 'ਢਾਈ ਘਰ', ਪੁਲਿਸ ਚੌਕੀ ਤੇ ਹੋਰ ਇਕਾਂਗੀ ਆਦਿ ਨਾਟ ਰਚਨਾਵਾਂ ਲਿਖੀਆਂ। ਖੋਸਲੇ ਨੇ ਆਪ ਵੀ ਨਾਟਕ ਖੇਡੇ ਹਨ। ਦਿੱਲੀ ਵਿਚ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਹਰਮਨ ਪਿਆਰਾ ਬਣਾਉਣ ਵਿਚ ਉਸ ਦਾ ਬੜਾ ਯੋਗਦਾਨ ਹੈ।

## ਕਪੂਰ ਸਿੰਘ ਘੁੰਮਣ

**ਕਪੂਰ ਸਿੰਘ ਘੁੰਮਣ** : ਪੰਜਾਬੀ ਨਾਟਕ ਸਾਹਿਤ ਦੇ ਖੇਤਰ ਵਿਚ ਕਪੂਰ ਸਿੰਘ ਘੁੰਮਣ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਕਪੂਰ ਸਿੰਘ ਘੁੰਮਣ ਨੇ ਪੰਜਾਬੀ ਨਾਟਕ ਤੇ ਰੰਗਮੰਚ ਦੇ ਵਿਕਾਸ ਲਈ ਆਪਣਾ ਸਾਰਾ ਜੀਵਨ ਸਮਰਪਿਤ ਕਰ ਦਿੱਤਾ। ਉਸ ਦੇ ਨਾਟਕਾਂ ਵਿਚ ਸਮਕਾਲੀ ਜੀਵਨ ਦਾ ਬਹੁ-ਪੱਖੀ ਬੋਧ ਪ੍ਰਾਪਤ ਹੈ। ਮਨੁੱਖ ਦੀ ਹੋਣੀ, ਇਸ ਦੀਆਂ ਪਰਿਸਥਿਤੀਆਂ ਦੀ ਮਜਬੂਰੀ ਅਤੇ ਮਨੁੱਖ ਦੀ ਦਵੰਦਾਤਮਕ ਸੋਚ ਉਸਦੇ ਨਾਟਕਾਂ ਦੇ ਪ੍ਰਮੁੱਖ ਵਿਸ਼ੇ ਹਨ। ਉਸ ਨੇ ਆਪਣੇ ਸਮਕਾਲੀ ਜੀਵਨ ਵਿਚ ਆਰਥਿਕ ਕਾਣੀ ਵੰਡ, ਸਮਾਜਿਕ ਬੇਇਨਸਾਫ਼ੀ, ਭ੍ਰਿਸ਼ਟਾਚਾਰ ਅਤੇ ਲੁੱਟ-ਖਸੁੱਟ ਬਾਰੇ ਭਰਪੂਰ ਜਾਣਕਾਰੀ ਆਪਣੇ ਨਾਟਕਾਂ ਵਿਚ ਦਿੱਤੀ ਹੈ। ਇਕ ਨਵੀਨ ਪ੍ਰਯੋਗਵਾਦੀ ਨਾਟਕਕਾਰ ਦੇ ਤੌਰ 'ਤੇ ਘੁੰਮਣ ਪਰੰਪਰਾਗਤ ਸਮਾਜ-ਸੁਧਾਰ ਦੇ ਭਾਵਨਾ-ਯੁਕਤ ਨਾਟਕ ਤੋਂ ਇਕ ਨਵੀਂ ਤੇ ਵੱਖਰੀ ਦਿਸ਼ਾ ਵਲ ਸਫ਼ਰ ਕਰਦਾ ਹੈ। 'ਅਣਹੋਣੀ', 'ਜਿਉਂਦੀ ਲਾਸ਼', 'ਪੁਤਲੀ ਘਰ', 'ਜ਼ਿੰਦਗੀ ਤੋਂ ਦੂਰ', 'ਅਤੀਤ ਦੇ ਪਰਛਾਵੇਂ", ਬੁਝਾਰਤ, 'ਪਾਣੀ ਉੱਤੇ ਟੁਰਨਾ' (ਅਣਛਪੀ), ਆਦਿ ਉਸਦੇ ਮਹੱਤਵਪੂਰਨ ਨਾਟਕ ਹਨ। ਉਸਦੇ ਨਾਟਕਾਂ ਦੀ ਭਾਸ਼ਾ ਅਤੇ ਪਾਤਰ ਆਮ ਤੌਰ 'ਤੇ ਚਿੰਨ੍ਹਵਾਦੀ ਹੁੰਦੇ ਹਨ। ਉਸਨੇ ਸਟਰਿੰਡਬਰਗ, ਇਬਸਨ, ਬਾਰਤੋ, ਬਰੈਖ਼ਤ ਆਦਿ ਨਾਟਕਕਾਰਾਂ ਦਾ ਪ੍ਰਭਾਵ ਕਬੂਲ ਕੀਤਾ ਹੈ।

ਕਪੂਰ ਸਿੰਘ ਘੁੰਮਣ ਨੇ ਆਪਣੀ ਨਾਟ-ਯਾਤਰਾ ਯਥਾਰਥਵਾਦੀ ਨਾਟ-ਸ਼ੈਲੀ ਤੋਂ ਸ਼ੁਰੂ ਕੀਤੀ ਪਰ ਪਿਛੋਂ ਪੱਛਮੀ ਨਾਟ-ਸ਼ੈਲੀਆਂ ਦੇ ਅਧਿਐਨ ਤੋਂ ਬਾਅਦ ਉਸ ਨੇ ਵੀ ਸਮਾਜਿਕ ਸਮੱਸਿਆਵਾਂ ਦੀ ਥਾਂ ਪਾਤਰਾਂ ਦੇ ਅਧਿਐਨ ਵਿਸ਼ਾਦ ਨੂੰ ਆਪਣੇ ਨਾਟਕਾਂ ਵਿਚ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਉਸ ਦੀ ਪਹਿਲੀ ਨਾਟ ਰਚਨਾ 'ਜ਼ੈਲਦਾਰ' ਹੈ। ਇਹ ਇਕ ਯਥਾਰਥਵਾਦੀ ਅਤੇ ਸਮਾਜਿਕ ਨਾਟਕ ਸੀ। ਛੇਵੇਂ ਦਹਾਕੇ ਦੇ ਅਖ਼ੀਰ ਅਤੇ ਸੱਤਵੇਂ ਦਹਾਕੇ ਦੇ ਮੁੱਢ ਵਿਚ ਉਸਦੇ ਨਾਟਕਾਂ ਉੱਤੇ ਬਰਤੋਲਤ ਬਰੈਖ਼ਤ, ਸੈਮੂਅਲ ਬੈਕਟ, ਐਤੋਨਿਨ ਆਰਤੋ ਆਦਿ ਪੱਛਮੀ ਨਾਟਕਕਾਰਾਂ ਦਾ ਪ੍ਰਭਾਵ ਪਿਆ। ਪਰ ਸਟਰਿੰਡਬਰਗ ਦਾ ਉਸ ਨੇ ਵਿਸ਼ੇਸ਼ ਤੌਰ 'ਤੇ ਪ੍ਰਭਾਵ ਕਬੂਲਿਆ ਹੈ। 1971 ਵਿਚ ਉਸ ਵੱਲੋਂ ਲਿਖਿਆ ਨਾਟਕ 'ਬੁਝਾਰਤ' ਇਸ ਨਾਟਕਕਾਰ ਦੀ ਜੀਵਨੀ ਤੇ ਅਧਾਰਿਤ ਹੈ। ਉਸ ਦੇ ਦੂਸਰੇ ਨਾਟਕ 'ਜਿਉਂਦੀ ਲਾਸ਼', ਪੁਤਲੀ ਘਰ, ਜ਼ਿੰਦਗੀ ਤੋਂ ਦੂਰ, ਅਤੀਤ ਦੇ ਪਰਛਾਵੇਂ, ਮੂਕ ਸੰਸਾਰ, ਮਨ ਅੰਤਰ ਕੀ ਪੀੜ, ਸੰਤਾਪ ਆਦਿ ਵਿਚ ਉਸ ਨੇ ਮਨੁੱਖੀ ਅਵਚੇਤਨ ਦੀਆਂ ਵਿਭਿੰਨ ਪਰਤਾਂ ਨੂੰ ਉਜਾਗਰ ਕੀਤਾ ਹੈ। 'ਅਤੀਤ ਦੇ ਪਰਛਾਵੇਂ" ਨੂੰ ਘੁੰਮਣ ਦੀ ਸ਼ਾਹਕਾਰ ਨਾਟ-ਰਚਨਾ ਮੰਨਿਆ ਜਾਂਦਾ ਹੈ। ਇਸ ਦੀ ਮੁੱਖ-ਪਾਤਰ ਆਪਣੀਆਂ ਲਾਲਸਾਵਾਂ ਅਤੇ ਪ੍ਰਸਥਿਤੀਆਂ ਦੇ ਵਿਚਕਾਰ ਫਸੀ ਹੋਈ ਹੈ। ਇਸ ਦੇ ਫਲਸਰੂਪ ਉਹ ਗੁਨਾਹ ਕਰਦੀ ਹੈ। ਅਤੀਤ ਵਿਚ ਉਸ ਵੱਲੋਂ ਕੀਤੇ ਇਹ ਗੁਨਾਹ ਉਸ ਦਾ ਖਹਿੜਾ ਨਹੀਂ ਛੱਡਦੇ। ਇਸ ਨਾਲ ਉਹ ਹੋਣੀ ਦੇ ਹੱਥ ਵਿਚ ਖਿਡੌਣਾ ਬਣ ਕੇ ਰਹਿ ਜਾਂਦੀ ਹੈ। ਮੂਕ ਸੰਸਾਰ ਵਿਚ ਤਿੰਨ ਵਿਅਕਤੀਆਂ ਦੇ ਵਿਅਕਤੀਗਤ ਦੁਖਾਂਤ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। 'ਪਾਗਲ ਲੋਕ' ਨਾਟਕ 'ਤੇ ਘੁੰਮਣ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਐਵਾਰਡ ਮਿਲਿਆ ਹੈ। ਇਉਂ ਘੁੰਮਣ ਦੇ ਨਾਟਕ ਅਤੇ ਇਕਾਂਗੀ ਚਿੰਨ੍ਹਾਤਮਕ ਢੰਗ ਨਾਲ ਪਾਤਰਾਂ ਦਾ ਮਨੋਵਿਸ਼ਲੇਸ਼ਣ ਕਰਦੇ ਹਨ।

## ਚਰਨ ਦਾਸ ਸਿੱਧੂ

**ਚਰਨ ਦਾਸ ਸਿੱਧੂ :** ਚਰਨਦਾਸ ਸਿੱਧੂ ਤੀਸਰੀ ਪੀੜ੍ਹੀ ਨਾਲ ਸੰਬੰਧਿਤ ਅਜਿਹਾ ਨਾਟਕਕਾਰ ਹੈ ਜਿਸ ਨੇ ਆਪਣੀ 'ਕਾਲਜੀਏਟ ਡਰਾਮਾ ਸੁਸਾਇਟੀ' ਰਾਹੀਂ ਦਿੱਲੀ ਨੂੰ ਆਪਣੀਆਂ ਨਾਟ-ਸਰਗਰਮੀਆਂ ਦਾ ਕੇਂਦਰ ਬਣਾਇਆ। ਅੱਠਵੇਂ ਦਹਾਕੇ ਵਿਚ 'ਭਜਨੋ' ਨਾਟਕ ਰਾਹੀਂ ਉਸ ਨੇ ਆਪਣੀ ਨਾਟ-ਯਾਤਰਾ ਸ਼ੁਰੂ ਕੀਤੀ। ਇਸ ਤੋਂ ਬਾਅਦ ਉਸ ਨੇ 'ਇੰਦੂਮਤੀ ਸਤਿਦੇਵ', 'ਸੁਆਮੀ ਜੀ', 'ਕੱਲ੍ਹ ਕਾਲਜ ਬੰਦ ਰਵ੍ਹੇਗਾ', 'ਜੀਤਾ ਫਾਹੇ ਲੱਗਣਾ', 'ਚੰਨੋ ਬਾਜ਼ੀਗਰਨੀ', 'ਭਗਤ ਸਿੰਘ ਸ਼ਹੀਦ ਨਾਟਕ ਤਿਕੜੀ', 'ਬਾਤ ਫੱਤੂ ਝੀਰ ਦੀ', 'ਮਸਤ ਮੇਘੋਵਾਲੀਆ', 'ਭਾਈਆ ਹਾਕਮ ਸਿਹੁੰ', 'ਲਾਠੀ', 'ਜੀਤਾ ਫਾਹੇ ਲੱਗਣਾ', 'ਕਿਰਪਾ ਬੌਣਾ', 'ਨੀਨਾ ਮਹਾਂਵੀਰ', 'ਏਕਲਵਯ ਬੋਲਿਆ', 'ਮੰਗੂ ਤੇ ਬਿੱਕਰ', 'ਪਰੇਮ ਪਿਕਾਸੋ', 'ਇੱਕੀਵੀਂ ਮੰਜ਼ਿਲ', 'ਕਿੱਸਾ ਪੰਡਿਤ ਕਾਲੂ ਘੁਮਾਰ', 'ਬਾਬਲ ਮੇਰਾ ਡੋਲਾ ਅੜਿਆ, ਵਤਨਾਂ ਵੱਲ ਫੇਰਾ', 'ਪੂਨਮ ਦੇ ਬਿਛੂਏ' ਆਦਿ ਨਾਟਕਾਂ ਦੀ ਰਚਨਾ ਕੀਤੀ। ਜੇਕਰ ਅਜਮੇਰ ਸਿੰਘ ਔਲਖ ਆਪਣੇ ਲਘੂ-ਨਾਟਕਾਂ ਵਿਚ ਸਮਾਜ ਵੱਲੋਂ ਅਣਗੌਲੇ ਪਾਤਰਾਂ ਨੂੰ ਆਪਣੇ ਨਾਟ-ਸੰਦੇਸ਼ ਦਾ ਆਧਾਰ ਬਣਾਉਂਦਾ ਹੈ ਤਾਂ

ਚਰਨਦਾਸ ਸਿੱਧੂ ਨੇ ਆਪਣੇ ਨਾਟਕਾਂ ਨੂੰ ਹੀ ਆਰਥਿਕ ਤੌਰ 'ਤੇ ਨਪੀੜੇ ਅਤੇ ਸਮਾਜਿਕ ਤੇ ਵਿਛੁੰਨੇ ਲੋਕਾਂ ਨੂੰ ਹੀ ਸਮਰਪਿਤ ਕਰ ਦਿੱਤਾ ਹੈ। ਇਸੇ ਤਰ੍ਹਾਂ 'ਕੱਲ ਕਾਲਜ ਬੰਦ ਰਵ੍ਹੇਗਾ' ਨਾਟਕ ਵਿਚ ਉਸਨੇ ਅਕਾਦਮਿਕ ਖੇਤਰ ਵਿਚ ਫ਼ੈਲੇ ਭ੍ਰਿਸ਼ਟਾਚਾਰ ਨੂੰ ਨੰਗਾ ਕੀਤਾ ਹੈ। ਆਪਣੇ ਇਨ੍ਹਾਂ ਨਾਟਕਾਂ ਵਿਚ ਉਸ ਨੇ ਪ੍ਰਮੁੱਖ ਰੂਪ ਵਿਚ ਪੇਂਡੂ ਯਥਾਰਥ ਨੂੰ ਪੇਸ਼ ਕੀਤਾ ਹੈ। ਇਹ ਪੇਂਡੂ ਯਥਾਰਥ ਦੁਆਬਾ ਆਂਚਲ ਦਾ ਹੈ। ਕਿਧਰੇ-ਕਿਧਰੇ ਉਸ ਨੇ ਮਹਾਂਨਗਰਾਂ ਦੇ ਦੋਗਲੇ ਅਤੇ ਦੰਭ ਭਰਪੂਰ ਜੀਵਨ ਨੂੰ ਵੀ ਆਪਣੀ ਨਾਟ-ਰਚਨਾ ਦਾ ਆਧਾਰ ਬਣਾਇਆ ਹੈ। ਇਹ ਸਾਰੇ ਨਾਟਕ ਇਨ੍ਹਾਂ ਲੋਕਾਂ (ਭਜਨੋ, ਲੇਖੂ, ਬਾਬਾ ਬੰਤੂ, ਫੱਤੂ ਝਿਉਰ, ਹਾਕਮ ਸਿਹੁੰ, ਜੀਤਾ, ਕਿਰਪਾ, ਬਾਜੀਗਰਨੀ, ਚੰਨੋ, ਮਹਾਂਵੀਰ, ਨੀਨਾ, ਮੰਗੂ, ਬਿੱਕਰ, ਕਾਲੂ ਘੁਮਾਰ, ਪੂਨਮ ਅਤੇ ਸ਼ਾਸਤਰੀ) ਦੀ 'ਬਾਤ' ਜਾਂ 'ਕਿੱਸਾ' ਹੈ। ਸਮਾਜ ਵਿਚ ਇਨ੍ਹਾਂ ਲੋਕਾਂ ਦੀ ਹੋਣੀ, ਨੂੰ ਉਸ ਨੇ ਆਪਣੇ ਨਾਟਕਾਂ ਦਾ ਵਸਤੂ ਬਣਾਇਆ ਹੈ। ਉਸ ਦਾ ਨਾਟਕ 'ਬਾਬਾ ਬੰਤੂ' ਕਾਫੀ ਪ੍ਰਸਿੱਧ ਹੋਇਆ ਹੈ। ਇਸੇ ਪ੍ਰਕਾਰ 'ਕੱਲ ਕਾਲਜ ਬੰਦ ਰਵੇਗਾ' ਨਾਟਕ ਵਿਚ ਉਸ ਨੇ ਅਕਾਦਮਿਕ ਖੇਤਰ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਨੰਗਾ ਕੀਤਾ ਹੈ। ਇਹ ਨਾਟਕ ਸਮੁੱਚੇ ਪੰਜਾਬ ਸੰਕਟ ਨਾਲ ਸੰਬੰਧਿਤ ਨਾਟਕ ਹੈ। ਇਸ ਨਾਟਕ ਵਿਚ ਉਹ ਅੱਤਵਾਦ ਦੀ ਸਮੱਸਿਆ ਦਾ ਵਿਸ਼ਲੇਸ਼ਣ ਕਰਦਿਆਂ, ਇਸ ਦੀਆਂ ਜੜ੍ਹਾਂ ਆਰਥਿਕਤਾ ਵਿਚੋਂ ਤਲਾਸ਼ਦਾ ਹੈ। ਇਸ ਤਰ੍ਹਾਂ 'ਪੰਜ ਖੂਹ ਵਾਲੇ' ਨਾਟਕ ਵਿਚ ਉਹ ਪੰਜਾਬ ਦੀਆਂ ਆਪਸੀ ਭਾਈਚਾਰਕ ਸਾਂਝ ਨੂੰ ਤੋੜਨ ਵਾਲੀਆਂ ਸ਼ਕਤੀਆਂ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਪ੍ਰਕਾਰ ਚਰਨ ਦਾਸ ਸਿੱਧੂ ਨੇ ਪੰਜਾਬੀ ਨਾਟ-ਸਿਰਜਣਾ ਅਤੇ ਰੰਗਮੰਚੀ ਸਰਗਰਮੀ ਵਿਚ ਆਪਣੀ ਭਰਪੂਰ ਹਾਜ਼ਰੀ ਦਰਜ ਕਰਵਾਈ ਹੈ। ਉਸ ਦੇ ਨਾਟਕ 'ਭਗਤ ਸਿੰਘ ਸ਼ਹੀਦ ਨਾਟਕ ਤਿੱਕੜੀ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਐਵਾਰਡ ਮਿਲਣ ਨਾਲ ਉਸ ਦੀ ਨਾਟ-ਸਿਰਜਣਾ ਦੀ ਮਹੱਤਤਾ ਉਜਾਗਰ ਹੋਈ ਹੈ।

# ਪੰਜਾਬੀ ਰੰਗਮੰਚ : ਆਰੰਭ,ਵਿਕਾਸ, ਸਮੱਸਿਆਵਾਂ ਅਤੇ ਨਵੀਨਤਮ ਸ਼ੈਲੀਆਂ ਤੇ ਜੁਗਤਾਂ

'ਰੰਗਮੰਚ' ਮੂਲ ਰੂਪ ਵਿਚ ਇਕ ਸੰਕਲਪੀ ਸ਼ਬਦ ਹੈ ਜਿਸਦੀ ਪਰਿਭਾਸ਼ਾ ਸੰਕੁਚਿਤ ਅਤੇ ਵਿਆਪਕ ਦੋਹਾਂ ਅਰਥਾਂ ਵਿਚ ਕੀਤੀ ਜਾਂਦੀ ਹੈ। ਨਿੱਤ ਵਰਤੋਂ ਵਿਚ ਆਮ ਤੌਰ 'ਤੇ ਰੰਗਮੰਚ ਨੂੰ ਮੰਚ ਜਾਂ ਕਲਾ ਦਾ ਸਮਾਨਾਰਥਕ ਮੰਨ ਲਿਆ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੰਚਨ ਕਲਾ ਆਪਣੇ ਆਪ ਵਿਚ ਇਕ ਸੁਤੰਤਰ ਕਲਾ ਵਿਧਾ ਹੈ ਜੋ ਸਮੂਹ ਪ੍ਰਦਰਸ਼ਨਕਾਰੀ ਕਲਾਵਾਂ ਜਿਵੇਂ ਸੰਗੀਤ, ਨ੍ਰਿਤ, ਭਾਸ਼ਣ, ਮੂਕ-ਅਭਿਨੈ, ਨਾਟਕ ਆਦਿ ਦੀ ਪ੍ਰਸਤੁਤੀ ਨਾਲ ਸੰਬੰਧ ਰੱਖਦੀ ਹੈ। ਵਿਆਪਕ ਅਰਥਾਂ ਵਿਚ ਰੰਗਮੰਚ ਇਕ ਅਜਿਹੀ ਸੰਪੂਰਨ ਤੇ ਸੰਯੁਕਤ ਕਲਾ ਹੈ ਜਿਸ ਵਿਚ ਮਨੁੱਖੀ ਮੰਨੋਰੰਜਨ ਦਾ ਹਰੇਕ ਪੱਖ ਸ਼ਾਮਿਲ ਕੀਤਾ ਜਾ ਸਕਦਾ ਹੈ।

ਰੰਗਮੰਚ ਨਾਟਕ ਦਾ ਤੱਤ ਨਹੀਂ ਇਸਦੀ ਵੱਖਰੀ ਹੋਂਦ ਹੈ। ਨਾਟਕ ਦੀ ਸਫ਼ਲਤਾ ਤਾਂ ਹੀ ਮੰਨੀ ਜਾ ਸਕਦੀ ਹੈ ਜੇਕਰ ਉਹ ਰੰਗਮੰਚ ਉੱਤੇ ਪੇਸ਼ ਕੀਤਾ ਜਾ ਸਕੇ। ਉਹੀ ਨਾਟਕ ਸਹੀ ਅਰਥਾਂ ਵਿਚ ਨਾਟਕ ਅਖਵਾ ਸਕਦਾ ਹੈ ਜੋ ਰੰਗਮੰਚ 'ਤੇ ਖੇਡਿਆ ਜਾ ਸਕਦਾ ਹੋਵੇ ਕਿਉਂਕਿ ਨਾਟਕ ਰੰਗਮੰਚ 'ਤੇ ਖੇਡੇ ਜਾਣ ਲਈ ਹੀ ਲਿਖਿਆ ਜਾਂਦਾ ਹੈ। ਰੰਗਮੰਚ ਉੱਤੇ ਪੇਸ਼ਕਾਰੀ ਕਰਨ ਲਈ ਸਕਰਿਪਟ ਦਾ ਹੋਣਾ ਜ਼ਰੂਰੀ ਹੈ। ਰੰਗਮੰਚ ਤਦ ਹੀ ਸਫ਼ਲ ਹੋ ਸਕਦਾ ਹੈ ਜਦ ਨਾਟਕ ਪੇਸ਼ ਕਰਨ ਵਾਲੇ ਪਾਤਰ ਸੂਝ ਵਾਲੇ, ਚੰਗੇ ਗੁਣਾਂ ਦੇ ਧਾਰਨੀ ਹੋਣ। ਨਾਟਕ ਦੀ ਕਲਪਨਾ ਰੰਗਮੰਚ ਤੋਂ ਬਿਨਾਂ ਕਰਨੀ ਅਸੰਭਵ ਹੈ। ਇਸ ਗੱਲ ਦੀ ਪੁਸ਼ਟੀ ਲਈ ਬਹੁਤ ਸਾਰੇ ਨਾਟਕਕਾਰ ਹਾਮੀਂ ਭਰਦੇ ਹਨ। ਨਾਟਕ ਆਪਣੀ ਪੇਸ਼ਕਾਰੀ ਜਾਂ ਰੰਗਮੰਚ ਦੇ ਕਾਰਨ ਅਜਿਹੀ ਸੰਯੁਕਤ ਕਲਾ ਹੈ ਜੋ ਕਈ ਹੁਨਰਾਂ, ਕਲਾਵਾਂ, ਗਿਆਨਾਂ ਅਤੇ ਸ਼ਿਲਪਾਂ ਨੂੰ ਨਾਟਕੀ-ਜੁਗਤ ਜਾਂ ਵਿਉਂਤ ਬਣਾ ਕੇ ਆਪਣੇ 'ਸਮੁੱਚ' ਨੂੰ ਸਿਰਜਦੀ ਹੈ। ਇਸ ਲਈ ਇੱਥੇ ਇਹ ਕਹਿਣਾ ਪ੍ਰਾਸੰਗਿਕ ਹੈ ਕਿ ਹਰ ਪ੍ਰਕਾਰ ਦਾ ਗਿਆਨ, ਸ਼ਿਲਪ, ਹੁਨਰ, ਕਲਾ ਆਦਿ ਨਾਟਕ ਲਈ ਕੱਚਾ ਪਦਾਰਥ ਹੁੰਦਾ ਹੈ ਜਿਸ ਦੀ ਮੰਚ ਉੱਤੇ ਸਹੀ ਵਰਤੋਂ ਸਹੀ ਨਾਟਕੀ ਅਨੁਭਵ ਨੂੰ ਜਨਮ ਦਿੰਦੀ ਹੈ। ਜਿਸ ਤਰ੍ਹਾਂ ਨਾਟਕ ਵਿਚ 'ਸ਼ਬਦ ਸਮੂਹ' ਨੂੰ ਲਿਆ ਜਾ ਸਕਦਾ ਹੈ। ਇਸ ਸ਼ਬਦ ਸਮੂਹ ਭਾਵ ਨਾਟਕੀ ਵਾਰਤਾਲਾਪ ਨੂੰ ਜਦੋਂ ਤਕ ਨਾਟਕੀਅਤਾ ਭਰਪੂਰ ਲਹਿਜ਼ੇ ਨਾਲ ਅਰਥਾਤ ਨਾਟਕੀ-ਜੁਗਤ ਵਾਂਗ ਨਾ ਵਰਤਿਆ ਜਾਵੇ ਇਸ ਦੀ ਨਾਟਕੀ ਸਾਰਥਿਕਤਾ ਨਹੀਂ ਬਣਦੀ। ਕਿਸੇ ਲਿਖੇ ਪਾਠ ਨੂੰ ਪੜ੍ਹ ਦੇਣਾ ਜਾਂ ਬੋਲ ਦੇਣਾ ਹੋਰ ਗੱਲ ਹੈ। ਪਰ ਨਾਟਕੀ ਪਾਠ ਵਿਚੋਂ ਉਸ ਦੀ ਰੰਗਮੰਚੀ ਯੋਗਤਾ ਜਾਂ ਸਮਰੱਥਾ ਨੂੰ ਜਗਾਉਂਦਿਆਂ ਸ਼ਬਦਾਂ ਨੂੰ ਉਚਾਰਨਾ ਹੋਰ ਗੱਲ ਹੈ। ਅਸਲੀਅਤ ਤਾਂ ਇਹ ਹੈ ਕਿ ਅਭਿਨੇਤਾ ਦੀ ਆਵਾਜ਼ ਦੇ ਉਤਰਾਅ-ਚੜ੍ਹਾਅ ਅਤੇ ਹੋਰ ਧੁਨੀਗਤ ਗੁਣਾਂ ਨਾਲ ਲੈਸ ਹੋ ਕੇ ਸ਼ਬਦਾਂ ਵਿਚ ਸ਼੍ਰਵਣੀ ਅਤੇ ਦ੍ਰਿਸ਼ਟਗਤ (ਸੁਣਨ ਅਤੇ ਦੇਖਣ) ਦੋਵੇਂ ਪ੍ਰਕਾਰ ਦੇ ਬਿੰਬ ਸਿਰਜਣ ਦੀ ਸਮਰੱਥਾ

ਥੀਏਟਰ' ਭਾਵਨਾ ਦੀ ਥਾਂ ਮਨੁੱਖੀ ਵਿਵੇਕ ਨੂੰ ਸੰਬੋਧਨ ਕਰੇਗਾ। 'ਐਪਿਕ ਥੀਏਟਰ' ਨਾ ਕੇਵਲ ਨਾਟਕੀ ਚਰਚਾ ਅਤੇ ਰੰਗਮੰਚ ਦਾ ਸਿਧਾਂਤ ਹੈ ਸਗੋਂ ਇਹ ਧਾਰਨਾ ਨਾਟਕ ਦੀ ਪੂਰਨਤਾ ਦਾ ਲਖਾਇਕ ਹੈ ਜਿਸਦਾ ਵਿਸਤਾਰ ਖੇਤਰ ਪਾਠਕ ਤੋਂ ਦਰਸ਼ਕ ਤਕ ਫ਼ੈਲਿਆ ਹੋਇਆ ਹੈ। ਇਹੀ ਕਾਰਣ ਹੈ ਕਿ ਇਸ ਸਿਧਾਂਤ ਵਿਚ ਕਿਸੇ ਵੀ ਪੱਖ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਤੇ ਇਉਂ ਇਹ ਸਿਧਾਂਤ ਇਕ ਪੂਰਨ ਸਿਧਾਂਤ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਵਿਚ ਕਥਾਕਾਰ, ਗੀਤ, ਕੋਰਸ, ਵੱਡੇ ਸੀਨ, ਸਾਈਨ ਬੋਰਡ, ਫ਼ਿਲਮ ਪ੍ਰੋਜੈਕਸ਼ਨ, ਮਖੌਟੇ, ਮੂਕ ਅਭਿਨੈ, ਸਪਾਟ ਪਾਤਰ, ਖੰਡਿਤ ਪ੍ਰਸੰਗ, ਵਿਅੰਗਾਤਮਕ ਵਾਰਤਾਲਾਪ, ਸੰਗੀਤ ਰੋਸ਼ਨੀ, ਸਟੇਜ ਡਿਜ਼ਾਈਨਿੰਗ ਆਦਿ ਦੀ ਪੂਰਤੀ ਲਈ ਵਿਸ਼ੇਸ਼ ਢੰਗ ਵਰਤੇ ਜਾਂਦੇ ਹਨ।

ਬਰੈਖ਼ਤ ਦੇ 'ਐਪਿਕ ਥੀਏਟਰ' ਵਿਚ ਨਾਟਕੀਅਤਾ ਦੀ ਥਾਂ ਵਿਵਰਣਾਤਮਕ ਗੁਣ ਵਧੇਰੇ ਹਨ। ਨਾਟਕ ਵਿਚ ਗੁੰਥਵਾਪਨ ਦੀ ਥਾਂ ਖੰਡਿਤ ਪ੍ਰਸੰਗ ਹੁੰਦੇ ਹਨ ਤੇ ਇਉਂ ਹਰ ਦ੍ਰਿਸ਼ ਆਪਣੇ ਆਪ ਵਿਚ ਸੰਪੂਰਨ ਹੁੰਦਾ ਹੈ। ਪਰ ਉਸ ਦੀ ਸਮੁੱਚੀ ਮਹੱਤਤਾ ਬਾਕੀਆਂ ਨਾਲ ਜੁੜ ਕੇ ਹੀ ਉਜਾਗਰ ਹੁੰਦੀ ਹੈ ਜਿਸ ਲਈ ਉਹ ਸੰਸਕ੍ਰਿਤ ਨਾਟਕ ਦੀ ਪਰੰਪਰਾ ਵਿਚਲੇ ਸੂਤਰਧਾਰ ਵਾਂਗ ਕਥਾਨਕ ਨੂੰ ਵਰਤਦਾ ਹੈ। ਜੋ ਨਾਟਕ ਦੇ ਕਾਰਜ ਬਾਰੇ ਟਿਪਣੀ ਕਰਦਾ ਹੈ ਅਤੇ ਸਾਰੇ ਨਾਟਕ ਦੇ ਕਾਰਜ ਆਪਣੇ ਹੱਥ ਵਿਚ ਲੈ ਵੱਖਰੇ-ਵੱਖਰੇ ਦ੍ਰਿਸ਼ਾਂ ਵਿਚਕਾਰ ਮੇਲ ਸਥਾਪਿਤ ਕਰਦਾ ਹੈ। ਇਸੇ ਤਰ੍ਹਾਂ ਬਰੈਖ਼ਤ ਸ਼ੈਲੀ ਦੇ ਨਾਟਕਾਂ ਵਿਚ ਗੀਤ ਅਤੇ ਕੋਰਸ, ਨਾਟਕ ਵਿਚ ਭਾਵਨਾਤਮਕ ਉਤੇਜਨਾ ਲਿਆਉਣ ਲਈ ਨਹੀਂ ਸਗੋਂ ਦਰਸ਼ਕਾਂ ਨੂੰ ਨਿਰਲੇਪ ਰੱਖਣ ਹਿਤ ਵਰਤੇ ਜਾਂਦੇ ਹਨ। ਇਹ ਥਾਂ-ਥਾਂ ਕਾਰਜ ਨੂੰ ਤੋੜਦੇ ਤੇ ਸਮਕਾਲੀ ਹਾਲਤ 'ਤੇ ਟਿਪਣੀ ਕਰਦੇ ਹਨ। ਅਸਲ ਵਿਚ ਬਰੈਖ਼ਤ ਦੀ ਐਪਿਕ ਥੀਏਟਰ ਨਾਟ-ਸ਼ੈਲੀ ਵਿਚ ਜਜ਼ਬਾਤ ਦੀ ਕੋਈ ਥਾਂ ਨਹੀਂ ਹੈ ਸਗੋਂ ਇਹ ਤਰਕਾਂ ਦੀ ਉਸਾਰੀ ਨਾਲ ਸੰਬੰਧਿਤ ਹੈ।

### ਜੁਗਤਾਂ

**ਸੂਤਰਧਾਰ :** ਸੂਤਰਧਾਰ ਦੀ ਜੁਗਤ ਨੂੰ ਬਰੈਖ਼ਤ ਨੇ ਸੰਸਕ੍ਰਿਤ ਨਾਟਕਾਂ ਵਿਚੋਂ ਗ੍ਰਹਿਣ ਕਰਕੇ ਆਧੁਨਿਕ ਸੰਕਲਪ ਰਾਹੀਂ ਪੇਸ਼ ਕੀਤਾ ਹੈ। ਭਾਰਤੀ ਨਾਟ-ਪਰੰਪਰਾ ਵਿਚ ਸੂਤਰਧਾਰ ਨੂੰ ਅਹਿਮ ਸਥਾਨ ਹਾਸਿਲ ਹੈ। ਸੂਤਰਧਾਰ ਇਕ ਅਜਿਹਾ ਪ੍ਰਬੰਧਕੀ ਪਾਤਰ ਹੈ ਜੋ ਨਾਟਕ ਦਾ ਆਰੰਭ ਕਰਦਾ ਹੋਇਆ। ਇਸ ਨੂੰ ਵਿਕਾਸ ਵੱਲ ਤੋਰਦਾ ਹੈ। ਨਾਟਕ ਦੇ ਪ੍ਰਸਿੱਧ ਗ੍ਰੰਥ 'ਨਾਟਯ ਸ਼ਾਸਤਰ' ਦੀ ਭੂਮਿਕਾ ਵਿਚ ਪਾਤਰ ਵਿਕਲਪਾਧਿਆਇ ਵਿਚ ਅਨੇਕ ਪਾਤਰਾਂ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰਦੇ ਹੋਏ ਸੂਤਰਧਾਰ ਦਾ ਵਰਣਨ ਵੀ ਕੀਤਾ ਗਿਆ ਹੈ। ਉਸ ਵਿਚ ਭਰਤਮੁਨੀ ਨੇ ਸੂਤਰਧਾਰ ਦੀਆਂ ਕਈ ਵਿਸ਼ੇਸ਼ਤਾਵਾਂ ਨਿਰਧਾਰਿਤ ਕੀਤੀਆਂ ਹਨ। ਅਸਲ ਵਿਚ ਜਿਹੜਾ ਵਿਅਕਤੀ ਨਾਟ-ਕ੍ਰਿਤੀ ਵਿਚ ਨਿਹਿਤ ਕਥਾ-ਵਸਤੂ ਚਰਿੱਤਰ ਅਤੇ ਰਸਾਂ ਨੂੰ ਭਲੀਭਾਂਤ ਵਿਵਸਥਿਤ ਕਰਦਾ ਹੈ ਉਸਨੂੰ ਸੂਤਰਧਾਰ ਕਿਹਾ ਜਾਂਦਾ ਹੈ। ਸੂਤਰਧਾਰ ਹੀ ਨਾਟਕਕਾਰ ਅਤੇ ਨਾਟਕ ਦੇ ਉਦੇਸ਼ਾਂ ਬਾਰੇ ਦਰਸ਼ਕਾਂ ਨੂੰ ਜਾਣੂ ਕਰਵਾਉਂਦਾ ਹੈ।

**ਫਲੈਸ਼ ਬੈਕ ਵਿਧੀ :** ਫਲੈਸ਼ ਬੈਕ ਵਿਧੀ ਰੰਗਮੰਚ ਦੀ ਉਹ ਵਿਧੀ ਹੈ ਜਿਸ ਵਿਚ ਨਾਟਕਕਾਰ ਵੱਲੋਂ ਅਤੀਤ ਦੀਆਂ ਕੁਝ ਘਟਨਾਵਾਂ ਜਾਂ ਗੱਲਾਂ ਨੂੰ ਪਾਤਰਾਂ ਦੀ ਯਾਦ ਵਿਚੋਂ ਲੰਘਦਿਆਂ ਰੰਗਮੰਚ 'ਤੇ ਪੇਸ਼ ਕੀਤਾ ਜਾਂਦਾ ਹੈ। ਇਸ ਵਿਧੀ ਨਾਲ ਨਾਟਕਕਾਰ ਭੂਤਕਾਲ ਵਿਚ ਵਾਪਰੀਆਂ ਘਟਨਾਵਾਂ ਨੂੰ ਅਸਾਨੀ ਨਾਲ ਮੰਚ 'ਤੇ ਪੇਸ਼ ਕਰ ਸਕਦਾ ਹੈ।

**ਰੋਸ਼ਨੀ :** ਰੋਸ਼ਨੀ ਥੀਏਟਰ ਦੀ ਤਕਨੀਕ ਤੋਂ ਵੱਧ ਇਕ ਕਲਾ ਹੈ। ਰੋਸ਼ਨੀ ਮੰਚ ਉੱਪਰਲੀ ਹਰ ਚੀਜ਼ ਨੂੰ ਵੇਖਣ ਯੋਗ ਬਣਾ ਕੇ ਦਰਸ਼ਕਾਂ ਨੂੰ ਵਧੇਰੇ ਸਮਝਾਉਣ ਲਈ ਸਹਾਈ ਹੁੰਦੀ ਹੈ। ਰੋਸ਼ਨੀ ਨਾਲ ਹੀ ਪਤਾ ਲਗਦਾ ਹੈ ਕਿ ਨਾਟਕ ਦੇ ਕਿਸੇ ਦ੍ਰਿਸ਼ ਦਾ ਦਿਨ ਦੇ ਕਿਹੜੇ ਸਮੇਂ ਨਾਲ ਸੰਬੰਧ ਹੈ। ਰੋਸ਼ਨੀ-ਵਿਉਂਤ ਕਾਰਨ ਹੀ ਪੇਸ਼ਕਾਰੀ ਨੂੰ ਕਈ ਅਰਥ ਦੇ ਕੇ ਅਭਿਨੇਤਾ ਆਪਣੇ ਕਈ ਬਾਰੀਕ ਤੋਂ ਬਾਰੀਕ ਹਾਵ-ਭਾਵ ਵੀ ਦੂਰ ਬੈਠੇ ਦਰਸ਼ਕ ਤਕ ਪਹੁੰਚਾ ਦਿੰਦਾ ਹੈ। ਨਾਟਕ ਵਿਚ ਰੋਸ਼ਨੀ ਦੀ ਵਰਤੋਂ ਮੰਚ ਉਪਰਲੀ ਸੰਖੇਪ ਸਮੱਗਰੀ ਨੂੰ ਰੋਸ਼ਨ ਕਰਨ ਲਈ, ਚਲਦੇ ਨਾਟਕ ਵਿਚ ਵੱਖ-ਵੱਖ ਪੜਾਵਾਂ ਦਾ ਮੂਡ ਰੌਂਅ ਉਘਾੜਨ ਲਈ ਫੇਡ ਇਨ (ਦ੍ਰਿਸ਼-ਆਰੰਭ), ਫੇਡ ਆਊਟ (ਦ੍ਰਿਸ਼-ਅੰਤ) ਲਈ ਅਭਿਨੇਤਾ ਦੀ ਕਲਾ ਨੂੰ ਤਿੰਨ ਵਿਸਤਾਰੀ ਬਣਾਉਣ ਲਈ ਕੀਤੀ ਜਾਂਦੀ ਹੈ।

**ਗੀਤ-ਸੰਗੀਤ :** ਨਾਟਕ ਦੀ ਪੇਸ਼ਕਾਰੀ ਵਿਚ ਸੰਗੀਤ ਦਾ ਬਹੁਤ ਜ਼ਿਆਦਾ ਮਹੱਤਵ ਹੈ। ਇਹ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਇਤਫ਼ਾਕੀਆ ਸੰਗੀਤ ਅਤੇ ਇਕ ਨਾਟਕੀ ਸੰਗੀਤ। ਇਤਫ਼ਾਕੀਆ ਸੰਗੀਤ ਨਾਟਕ ਦੀ ਵਿਆਖਿਆ ਕਰਨ ਵੱਲ ਜਾਂ ਕੋਈ ਖਾਸ ਤਰ੍ਹਾਂ ਦਾ ਮਾਹੌਲ ਸਿਰਜਣ ਲਈ ਵਰਤਿਆ ਜਾਂਦਾ ਹੈ। ਪਾਤਰਾਂ ਦੀ ਮਾਨਸਿਕ ਸਥਿਤੀ ਨੂੰ ਵੀ ਵਧੇਰੇ ਸਪਸ਼ਟਤਾ ਨਾਲ ਦਰਸ਼ਕਾਂ ਤਕ ਪੁੱਜਣ ਲਈ ਇਤਫ਼ਾਕੀਆ ਸੰਗੀਤ ਦੀ ਲੋੜ ਪੈਂਦੀ ਹੈ। ਸੰਗੀਤ ਨਾਲ ਨਾਟਕ ਦੀ ਭਾਵੁਕ ਸਾਂਝ ਜੋੜੀ ਜਾਂਦੀ ਹੈ। ਇਹ ਨਾਟਕੀ ਕਾਰਜ ਨੂੰ ਤਿੱਖਾ ਕਰਦਾ ਹੈ। ਕਿਸੇ ਬਹੁਤ ਦੁਖੀ ਵਿਅਕਤੀ ਦੀ ਵਿਆਖਿਆ ਕੇਵਲ ਸੰਗੀਤ ਰਾਹੀਂ ਹੋ ਸਕਦੀ ਹੈ। ਇਥੇ ਇਹ ਸਪਸ਼ਟ ਕਰਨਾ ਬਣਦਾ ਹੈ ਕਿ ਨਾਟਕ ਦੇ ਮੰਚਗਤ ਸਰੋਕਾਰਾਂ ਵਿਚ ਰੰਗਮੰਚ ਦੇ ਉਨ੍ਹਾਂ ਤੱਤਾਂ ਬਾਰੇ ਵੀ ਚਰਚਾ ਕਰਨੀ ਬਣਦੀ ਹੈ ਜਿੰਨ੍ਹਾਂ ਵਿੱਚ ਨਿਰਦੇਸ਼ਕ ਦੀ ਵਿਆਖਿਆ, ਅਭਿਨੇਤਾ, ਸੰਗੀਤ ਰੋਸ਼ਨੀ, ਆਵਾਜ਼, ਦ੍ਰਿਸ਼-ਵਿਉਂਤ, ਵੇਸ਼-ਭੂਸ਼ਾ (ਪਹਿਰਾਵਾ), ਮੇਕ-ਅਪ (ਰੂਪ-ਸੱਜਾ) ਆਦਿ ਸ਼ਾਮਲ ਹੈ। ਨਾਟਕਕਾਰ ਆਪਣੇ ਨਾਟਕਾਂ ਵਿਚ ਆਮ ਜ਼ਿੰਦਗੀ ਨੂੰ ਪੇਸ਼ ਕਰਦਾ ਹੋਇਆ ਇਸ ਦੀ ਵਿਆਖਿਆ ਕਰਦਾ ਹੈ। ਨਾਟਕ ਦੀ ਸਫ਼ਲਤਾ ਕਾਫ਼ੀ ਹੱਦ ਤਕ ਨਿਰਦੇਸ਼ਕ ਦੀ ਕਾਬਲੀਅਤ 'ਤੇ ਨਿਰਭਰ ਹੁੰਦੀ ਹੈ। ਇਕ ਯੋਗ ਨਿਰਦੇਸ਼ਕ ਆਪਣੀ ਨਿਰਦੇਸ਼ਨਾ ਹੇਠ ਨਾਟਕ ਨੂੰ ਰੰਗਮੰਚ 'ਤੇ ਸਫ਼ਲ ਬਣਾਉਂਦਾ ਹੈ। ਨਿਰਦੇਸ਼ਕ ਰੰਗਮੰਚ ਦਾ ਇਕ ਅਜਿਹਾ ਕਲਾਕਾਰ ਹੈ ਜੋ ਨਾਟਕ ਨੂੰ ਇਕ ਸਾਧਾਰਨ ਕਿਰਤ ਤੋਂ ਆਪਣੀ ਸੂਝ ਅਤੇ ਸੰਵੇਦਨਸ਼ੀਲਤਾ ਰਾਹੀਂ ਮੰਚ ਤਕਨੀਕਾਂ ਜ਼ਰੀਏ ਉਸਦਾ ਪੁਨਰ ਨਿਰਮਾਣ ਕਰਦਾ ਹੈ।

# ਯੂਨਿਟ 10
# ਪੰਜਾਬੀ ਖੋਜ ਆਲੋਚਨਾ ਤੇ ਵਿਹਾਰਿਕ ਸਮੀਖਿਆ ਆਰੰਭ ਤੇ ਵਿਕਾਸ (ਪੱਛਮੀ ਤੇ ਭਾਰਤੀ ਦ੍ਰਿਸ਼ਟੀਆਂ)

ਵਿਸ਼ਵ-ਸਾਹਿਤ ਦੇ ਪ੍ਰਸੰਗ ਵਿਚ ਆਲੋਚਨਾ ਦਾ ਜਨਮ ਸਾਹਿਤਿਕ ਕਿਰਤਾਂ ਦੇ ਤੁਲਨਾਤਮਕ ਅਧਿਐਨ, ਮੁਲੰਕਣ, ਵਿਵੇਚਨ ਅਤੇ ਵਿਸ਼ਲੇਸ਼ਣ ਕਰਨ ਦੇ ਸੰਕਲਪ ਦੁਆਰਾ ਹੋਇਆ। ਆਲੋਚਨਾ ਦਾ ਆਰੰਭ ਯੂਨਾਨੀ ਚਿੰਤਕਾਂ ਨੇ ਕੀਤਾ ਪਰੰਤੂ ਯੂਨਾਨੀ ਆਲੋਚਨਾ ਨਾਲ ਸੰਬੰਧਿਤ ਬਹੁਤੀਆਂ ਕਿਰਤਾਂ ਗੁੰਮ-ਗੁਆਚ ਗਈਆਂ ਲਗਦੀਆਂ ਹਨ। ਅਰਸਤੂ ਦੀ 'ਪੋਇਟਿਕਸ', ਨਾਟਕ ਦੇ ਵਿਸ਼ਲੇਸ਼ਣ ਅਤੇ ਮੁਲੰਕਣ ਨਾਲ ਸੰਬੰਧਿਤ ਹੈ ਜਦੋਂ ਕਿ ਪਲੈਟੋ ਦੀਆਂ ਧਾਰਨਾਵਾਂ ਨੂੰ ਸਾਹਿਤਕ ਆਲੋਚਨਾ ਦਾ ਨਾਮ ਦੇਣਾ ਕਠਿਨ ਪ੍ਰਤੀਤ ਹੁੰਦਾ ਹੈ। ਰੋਮ ਵਿਚ ਹੱਰੇਸ ਦੀ 'ਆਰਸ ਪੋਇਟਿਕਾ' ਅਤੇ ਸਿਸਰੋ ਦੇ 'ਸੰਭਾਲਣ ਸ਼ਾਸ਼ਤਰ' ਨੂੰ ਸਿਧਾਂਤਿਕ ਆਧਾਰ ਪ੍ਰਦਾਨ ਕੀਤਾ। ਪੰਜਾਬੀ ਵਿਚ ਰਚਨਾਤਮਕ ਸਾਹਿਤ ਦੇ ਸਮਾਨਾਂਤਰ ਹੀ ਆਲੋਚਨਾ ਦੀ ਪਰੰਪਰਾ ਵੀ ਗਤੀਸ਼ੀਲ ਰਹੀ ਹੈ। ਇਹ ਵੱਖਰੀ ਗੱਲ ਹੈ ਕਿ ਮੁੱਢਲੀ ਆਲੋਚਨਾ ਵਿਚ ਪੱਛਮੀ ਆਲੋਚਨਾ ਵਾਲੇ ਲੱਛਣ ਜਾਂ ਤੱਤ ਵੀਹਵੀਂ ਸਦੀ ਵਿਚ ਹੀ ਪ੍ਰਵੇਸ਼ ਕਰ ਸਕੇ। ਉਸ ਤੋਂ ਪਹਿਲਾਂ ਸਿੱਖ ਗੁਰੂ ਸਹਿਬਾਨ ਅਤੇ ਕਿੱਸਾ ਕਵੀਆਂ ਨੇ ਉੱਤਮ ਅਤੇ ਮੱਧਮ ਕੋਟੀ ਦੇ ਸਾਹਿਤ ਬਾਰੇ ਕੁਝ ਪ੍ਰਤੀਮਾਨ ਜ਼ਰੂਰ ਨਿਸ਼ਚਿਤ ਕਰ ਦਿੱਤੇ ਸਨ।

'ਆਲੋਚਨਾ' ਦਾ ਸ਼ਾਬਦਿਕ ਆਰਥ ਹੈ ਕਿਸੇ ਚੀਜ਼ ਨੂੰ ਧਿਆਨ ਨਾਲ ਦੇਖਣਾ ਜਾਂ ਉਸ ਬਾਰੇ ਵਿਚਾਰ ਕਰਨਾ। ਵਿਹਾਰਕ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵਸਤੂ ਜਾਂ ਵਿਧਾ ਬਾਰੇ ਕੁਝ ਵਿਸ਼ੇਸ਼ ਆਧਾਰਾਂ ਤੋਂ ਵਿਚਾਰ ਕਰਨਾ ਹੀ ਆਲੋਚਨਾ ਹੈ। ਪੂਰਵ-ਪ੍ਰਗਤੀਵਾਦੀ ਪੰਜਾਬੀ ਤੋਂ ਸਾਡਾ ਭਾਵ ਪੰਜਾਬੀ ਵਿਚ ਮਿਲਦੀ ਉਸ ਪ੍ਰਗਤੀਵਾਦੀ ਪੰਜਾਬੀ ਆਲੋਚਨਾ ਤੋਂ ਹੈ ਜੋ ਇਤਿਹਾਸਕ ਰੂਪ ਵਿਚ ਪ੍ਰਗਤੀਵਾਦੀ ਪੰਜਾਬੀ ਆਲੋਚਨਾ ਦੇ ਪ੍ਰਫੁੱਲਣ ਜਾਂ ਵਿਕਸਿਤ ਹੋਣ ਤੋਂ ਪਹਿਲਾਂ ਕੀਤੀ ਗਈ।

ਦੇਸ਼ ਆਜ਼ਾਦ ਹੋਣ ਪਿੱਛੋਂ ਪੰਜਾਬੀ ਸਾਹਿਤ ਨਾਲ ਸੰਬੰਧਿਤ ਪੋਸਟਗਰੈਜੂਏਟ ਪੱਧਰ ਦੀ ਪੜ੍ਹਾਈ ਸ਼ੁਰੂ ਹੋ ਗਈ, ਤਾਂ ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਕਿਸ਼ਨ ਸਿੰਘ, ਡਾ. ਹਰਿਭਜਨ ਸਿੰਘ, ਡਾ. ਅਤਰ ਸਿੰਘ ਅਤੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਵਰਗੇ ਅਧਿਆਪਕ-ਆਲੋਚਕਾਂ ਨੇ ਪੰਜਾਬੀ ਆਲੋਚਨਾ ਦੇ ਉੱਤਮ ਮਿਆਰ ਸਥਾਪਿਤ ਕਰਨ ਵਿਚ ਦੇਰ ਨਾ ਲਾਈ।

### ਪੰਜਾਬੀ ਵਿਚ ਆਲੋਚਨਾਤਮਕ ਪ੍ਰਵਿਰਤੀ ਦਾ ਆਰੰਭ

ਪੰਜਾਬੀ ਵਿਚ ਆਲੋਚਨਾਤਮਕ ਪ੍ਰਵਿਰਤੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਕਵਿਤਵ ਨਾਲ ਹੀ ਹੋ ਜਾਂਦਾ ਹੈ। ਆਪ ਆਪਣੇ ਆਪ ਨੂੰ 'ਨਾਨਕ ਸਾਇਰ' ਕਹਿਣ

ਵਿਚ ਗੌਰਵ ਮਹਿਸੂਸ ਕਰਦੇ ਸਨ। ਗੁਰੂ ਨਾਨਕ ਦੇਵ ਜੀ ਅਜਿਹੇ ਅਧਿਆਤਮਕ ਕਾਵਿ-ਸ਼ਾਸਤਰ ਨੂੰ ਜਨਮ ਦੇ ਰਹੇ ਸਨ, ਜਿਸ ਦੀਆਂ ਜੜ੍ਹਾਂ, ਪੰਜਾਬੀ ਅਤੇ ਭਾਰਤੀ ਸਭਿਆਚਾਰ ਵਿਚ ਬਹੁਤ ਡੂੰਘੀਆਂ ਗੱਡੀਆਂ ਹੋਈਆਂ ਸਨ। ਅਜਿਹੇ 'ਰੱਬੀ' ਬੰਦੇ ਦੀਆਂ ਰੀਝਾਂ, ਅਕਾਂਖਿਆਵਾਂ ਅਤੇ ਸੋਚਾਂ-ਸੁਪਨਿਆਂ ਨੂੰ ਆਪਣੇ ਸਾਹਮਣੇ ਰੱਖਕੇ ਗੁਰੂ ਸਹਿਬਾਨ ਨੇ ਗੁਰੂ ਸਹਿਬਾਨ ਨੇ ਗੁਰਮਤਿ ਦੇ ਵਿਚਾਰਧਾਰਕ ਪਰਿਪੇਖ ਦੀ ਸਿਰਜਣਾ ਕੀਤੀ ਅਤੇ ਇਸੇ ਵਿਚਾਰਧਾਰਕ ਪਰਿਪੇਖ ਦੀ ਸਿਰਜਣਾ ਕੀਤੀ ਅਤੇ ਇਸੇ ਵਿਚਾਰਧਾਰਕ ਪਰਿਪੇਖ ਨੂੰ ਦ੍ਰਿਸ਼ਟੀ ਵਿਚ ਰੱਖਦੇ ਹੋਏ ਮੱਧਕਾਲ ਦੇ ਕੁਝ ਸੂਫ਼ੀਆਂ ਸੂਫ਼ੀਆਂ, ਸੰਤਾਂ ਅਤੇ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤਾ ਅਤੇ ਹੋਰਨਾਂ ਦੀ ਬਾਣੀ ਨੂੰ ਸੰਕਲਿਤ ਕਰਨ ਤੋਂ ਇਨਕਾਰ ਵੀ ਕੀਤਾ।

## ਕਿੱਸਾ ਕਾਵਿ ਵਿੱਚ ਆਲੋਚਨਾਤਮਕ ਟਿੱਪਣੀਆਂ

ਪੰਜਾਬੀ ਦੇ ਕੁਝ ਕਿੱਸਾ ਕਵੀਆਂ ਨੇ ਆਪਣੇ ਪੂਰਵਕਾਲੀ ਕਿੱਸਾ ਕਵੀਆਂ ਦੀ ਪ੍ਰਤਿਭਾ ਬਾਰੇ ਆਪਣੇ-ਆਪਣੇ ਕਿੱਸਿਆਂ ਵਿੱਚ ਕੁਝ ਆਲੋਚਨਾਤਮਕ ਟਿੱਪਣੀਆਂ ਵੀ ਦਰਜ ਕੀਤੀਆਂ ਹਨ। ਇਹ ਟਿੱਪਣੀਆਂ ਪ੍ਰਭਾਵਵਾਦੀ ਆਰੰਭ ਦੀਆਂ ਸੂਚਕ ਹਨ। ਇਹਨਾਂ ਟਿੱਪਣੀਆਂ ਤੋਂ ਇਹ ਪਤਾ ਚਲਦਾ ਹੈ ਕਿ ਸਾਡੇ ਮਧਕਾਲੀ ਕਵੀਆਂ ਨੂੰ ਉੱਤਮ ਕਾਵਿ ਗੁਣਾਂ-ਲੱਛਣਾਂ ਦੀ ਭਰਪੂਰ ਜਾਣਕਾਰੀ ਸੀ। ਅਹਿਮਦਯਾਰ 'ਸੋਜ਼' ਉੱਤਮ ਕਾਵਿ ਦਾ ਪ੍ਰਮੁੱਖ ਲੱਛਣ ਮੰਨਦਾ ਹੈ। ਮੁਹੰਮਦ ਬਖ਼ਸ਼ 'ਗੁੱਝੀ ਰਮਜ਼' ਨੂੰ ਉੱਤਮ ਕਸੌਟੀ ਮੰਨਦਾ ਹੈ। ਹਾਮਦ ਫ਼ਾਰਸੀ ਦੀ ਬਜਾਇ ਆਪਣੀ ਮਾਂ-ਬੋਲੀ 'ਪੰਜਾਬੀ' ਵਿਚ ਕਾਵਿ ਸਿਰਜਣਾ ਦਾ ਮੁੱਦਈ ਹੈ। ਇਨ੍ਹਾਂ ਕਵੀਆਂ ਨੇ ਆਪਣੇ-ਆਪਣੇ ਕਿੱਸਿਆਂ ਦੇ ਆਰੰਭ ਵਿਚ ਆਪਣੇ ਆਲੋਚਨਾਤਮਕ ਪ੍ਰਤਿਮਾਨਾਂ ਨੂੰ ਵੀ ਦਰਜ ਕੀਤਾ ਹੈ। ਇੰਨ੍ਹਾਂ ਵਿਚੋਂ ਕੁਝ ਟਿੱਪਣੀਆਂ ਦਾ ਮਿਜ਼ਾਜ਼ ਦੇਖੋ :

> ਯਾਰੋ ਪੀਲੂ ਨਾਲ ਬਰਾਬਰੀ ਸ਼ਾਇਰ ਭੁਲ ਕਰੇਨ।
> ਜਿਨ੍ਹੂੰ ਪੰਜਾਂ ਪੀਰਾਂ ਦੀ ਥਾਪਨਾ ਤੇ ਕੰਧੀਂ ਦਸਤ ਧਰੇਨ।
>
> (ਹਾਫ਼ਿਜ਼ ਬਰਖ਼ੁਦਾਰ)

> ਪੀਲੂ ਨਾਲ ਨਾ ਰੀਸ ਕਿਸੇ ਦੀ, ਉਸ ਵਿਚ ਸੋਚ ਅਲੈਹਦੀ।
> ਮਸਤ ਨਿਗਾਹ ਕੀਤੀ ਉਸ ਪਾਸੇ ਕਿਸੇ ਫ਼ਕੀਰ ਵਲੀ ਦੀ।
>
> (ਅਹਿਮਦ ਯਾਰ)

> ਵਾਰਿਸ ਸ਼ਾਹ ਸੁਖਨ ਦਾ ਵਾਰਿਸ ਕਿਤੇ ਨਾ ਅਟਕਿਆ ਵਲਿਆ।
> ਪਰ ਮਿਨਰਾਹ ਚੱਕੀ ਵਾਂਗੂੰ ਨਿੱਕਾ ਮੋਟਾ ਦਲਿਆ।
>
> (ਅਹਿਮਦ ਯਾਰ)

> ਹੁਕਮ ਮੰਨ ਕੇ ਸਜਣਾ ਪਿਆਰਿਆਂ ਦਾ,
> ਕਿੱਸਾ ਅਜਬ ਬਹਾਰ ਦਾ ਜੋੜਿਆ ਮੈਂ।
> ਫਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ,
> ਨਵਾਂ ਫੁੱਲ ਗੁਲਾਬ ਦਾ ਤੋੜਿਆ ਮੈਂ। (ਵਾਰਿਸ ਸ਼ਾਹ : ਸ੍ਵੈ-ਟਿੱਪਣੀ)

ਜਿਸ ਵਿਚ ਗੁੱਝੀ ਰਮਜ਼ ਨਾ ਹੋਵੇ, ਦਰਦ ਮੰਦਾਂ ਦੇ ਹਾਲੋਂ।
ਬਿਹਤਰ ਚੁਪ ਮੁਹੰਮਦ ਬਖ਼ਸ਼ਾ, ਸੁਖ਼ਨ ਅਜਿਹੇ ਨਾਲੋਂ। (ਮੁਹੰਮਦ ਬਖ਼ਸ਼)
ਹਰ ਹਰ ਇਕ ਬਣਾਏ ਸ਼ੀਸ਼ਾ, ਮਾਰ ਵੱਟਾ ਇਕ ਭੰਨਦੇ।
ਦੁਨੀਆਂ ਉਤੇ ਥੋੜੇ ਰਹਿੰਦੇ, ਕਦਰ ਸ਼ਨਾਸ ਹੁਨਰ ਦੇ। (ਮੁਹੰਮਦ ਬਖ਼ਸ਼)
ਨਾ ਜਾਣਾ ਮੈਂ ਸ਼ਾਇਰੀ ਸ਼ੇਅਰ ਅੰਦਰ ਅਸਲੂਬ।
ਵਿਚ ਪੰਜਾਬੀ ਆਪਣੀ ਕਿੱਸਾ ਹੈ ਮਤਨੂਬ।
ਹੈ ਗੀ ਅਰਬੀ ਫ਼ਾਰਸੀ ਅਸਾਂ ਨਾ ਮਤਨੂਬ।
ਆਮ ਲੋਕਾਂ ਵਾਸਤੇ ਹੈ ਪੰਜਾਬੀ ਖ਼ੂਬ। (ਹਾਮਦ : ਸ੍ਵੈ-ਟਿੱਪਣੀ)

## ਪੰਜਾਬੀ ਦੇ ਮੁਢਲੇ ਵਿਧੀਵਤ ਆਲੋਚਕ

ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਪੰਜਾਬੀ ਦੀ ਵਿਧੀਵਤ ਆਲੋਚਨਾ ਦੀ ਰੂਪ ਰੇਖਾ ਤਿਆਰ ਹੋਣ ਲੱਗੀ ਸੀ। ਇਸ ਪਰੰਪਰਾ ਦੇ ਨਿਰਮਾਣ ਵਿਚ ਬਾਵਾ ਬੁੱਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਡਾ. ਰੌਸ਼ਨ ਲਾਲ ਆਹੂਜਾ, ਗਿਆਨੀ ਸ਼ੇਰ ਸਿੰਘ, ਪ੍ਰੋ. ਹਰਦਿਆਲ ਸਿੰਘ, ਡਾ. ਸੁਰਿੰਦਰ ਸਿੰਘ ਨਰੂਲਾ ਨੇ ਮਹੱਤਵਪੂਰਨ ਯੋਗਦਾਨ ਦਿਤਾ। ਇਨ੍ਹਾਂ ਆਲੋਚਕਾਂ ਨੇ ਪੰਜਾਬੀ ਸਾਹਿਤ ਨੂੰ ਵੱਖ-ਵੱਖ ਕਾਲਾਂ ਵਿਚ ਵੰਡ ਕੇ ਪ੍ਰਵਿਰਤੀਆਂ ਦੀ ਦ੍ਰਿਸ਼ਟੀ ਤੋਂ ਇੰਨ੍ਹਾਂ ਦਾ ਇਤਿਹਾਸਿਕ ਸਰਵੇਖਣ ਕੀਤਾ ਅਤੇ ਸਾਹਿਤ ਆਲੋਚਨਾ ਨਾਲ ਸੰਬੰਧਿਤ ਕੁਝ ਮੁਢਲੇ ਸਵਾਲ ਪੁੱਛੇ, ਜਿਵੇਂ ਕਿ ਸਾਹਿਤ ਕੀ ਹੈ ? ਸਾਹਿਤ ਰੂਪਾਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ ਜਿੰਨ੍ਹਾਂ ਦੇ ਆਧਾਰ ਤੇ ਇਕ ਸਾਹਿਤ ਰੂਪ ਨੂੰ ਦੂਜੇ ਨਾਲੋਂ ਨਿਖੇੜਿਆ ਜਾ ਸਕਦਾ ਹੈ।

**ਪ੍ਰਭਾਵਵਾਦੀ ਆਲੋਚਨਾ :** ਪੰਜਾਬੀ ਆਲੋਚਨਾ ਦਾ ਆਰੰਭ ਪ੍ਰਭਾਵਵਾਦੀ ਆਲੋਚਨਾ ਪ੍ਰਣਾਲੀ ਨਾਲ ਹੁੰਦਾ ਹੈ। ਇਸ ਪ੍ਰਣਾਲੀ ਦੇ ਆਲੋਚਕ ਆਲੋਚਨਾ ਪ੍ਰਤਿ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਕਿਸੇ ਵਿਚਾਰਧਾਰਾ ਜਾਂ ਸਾਹਿਤ-ਸ਼ਾਸ਼ਤਰੀ ਪਰਿਪੇਖ ਦਾ ਪ੍ਰਯੋਗ ਨਹੀਂ ਕਰਦੇ ਸਨ। ਅਜਿਹੇ ਆਲੋਚਕਾਂ ਵਿਚ ਬਾਵਾ ਬੁੱਧ ਸਿੰਘ, ਪ੍ਰਿੰ. ਤੇਜਾ ਸਿੰਘ, ਸੁਰਿੰਦਰ ਸਿੰਘ ਕੋਹਲੀ ਅਤੇ ਡਾ. ਜੀਤ ਸਿੰਘ ਸੀਤਲ ਆਦਿ ਦਾ ਨਾਮ ਲਿਆ ਜਾ ਸਕਦਾ ਹੈ।

ਪੰਜਾਬੀ ਦੇ ਮੁੱਢਲੇ ਆਲੋਚਕ ਬਾਵਾ ਬੁੱਧ ਸਿੰਘ ਨੇ ਤਿੰਨ ਆਲੋਚਨਾਤਮਕ ਪੁਸਤਕਾਂ 'ਹੰਸ ਚੋਗ', ਬੰਬੀਹਾ ਬੋਲ' ਅਤੇ 'ਕੋਇਲ ਕੂ' ਲਿਖੀਆਂ, ਜਿੰਨ੍ਹਾਂ ਵਿਚ ਪੰਜਾਬੀ ਕਵਿਤਾ ਦਾ ਮੁਲੰਕਣ ਕਰਨ ਦੇ ਨਾਲ-ਨਾਲ ਭੁੱਲੇ-ਵਿਸਰੇ ਕਵੀਆਂ ਦੀਆਂ ਕਵਿਤਾਵਾਂ ਲੱਭ ਕੇ ਛਾਪੀਆਂ ਅਤੇ ਉਨ੍ਹਾਂ ਬਾਰੇ ਆਲੋਚਨਾਤਮਕ ਟਿੱਪਣੀਆਂ ਲਿਖੀਆਂ। ਉਸ ਦੇ ਆਲੋਚਨਾਤਮਕ ਲੇਖਾਂ ਵਿਚ ਪਲੈਟੋ, ਅਰਸਤੂ, ਸ਼ੈਕਸਪੀਅਰ ਤੇ ਮਿਲਟਨ ਵਰਗੇ ਕਵੀਆਂ ਦੇ ਹਵਾਲੇ ਵੀ ਮਿਲਦੇ ਹਨ। ਉਹ ਕਵਿਤਾ ਦੇ ਤਿੰਨ ਪ੍ਰਮੁੱਖ ਤੱਤਾਂ ਨੂੰ ਪ੍ਰਮੁੱਖ ਮੰਨਦਾ ਹੈ- ਖ਼ਿਆਲ ਤੇ ਸੋਚ, ਸ਼ਾਇਰਾਨਾ ਖਿਆਲ ਤੇ ਕਾਰੀਗਰੀ। 'ਕੋਇਲ ਕੂ' ਵਿਚ ਉਸਨੇ ਭਾਰਤੀ ਕਾਵਿ-ਸ਼ਾਸਤਰ ਦੀ ਦ੍ਰਿਸ਼ਟੀ ਤੋਂ ਕਾਵਿ ਦੇ ਸਰੂਪ ਅਤੇ ਤੱਤਾਂ ਬਾਰੇ ਗੰਭੀਰ ਵਿਚਾਰ-ਚਰਚਾ ਕੀਤੀ ਹੈ। ਬਾਵਾ ਬੁੱਧ ਸਿੰਘ ਦੇ ਆਲੋਚਨਾਤਮਕ ਕਾਰਜ ਦਾ

ਖੇਤਰ ਮੱਧਕਾਲੀ ਪੰਜਾਬੀ ਸਾਹਿਤ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਤਕ ਹੀ ਸੀਮਿਤ ਰਿਹਾ।

ਬਾਵਾ ਬੁੱਧ ਸਿੰਘ ਤੋਂ ਪਿਛੋਂ ਪ੍ਰਿੰਸੀਪਲ ਤੇਜਾ ਸਿੰਘ ਨੇ ਆਧੁਨਿਕ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਦੀ ਪ੍ਰਕ੍ਰਿਤੀ ਨੂੰ ਸਪਸ਼ਟ ਕਰਨ ਵਾਲੇ ਆਲੋਚਨਾਤਮਕ ਲੇਖ ਲਿਖੇ। ਉਸ ਵਿਚ ਪੰਜਾਬੀ ਸਾਹਿਤਕਾਰਾਂ ਨੂੰ ਸਮਕਾਲੀ ਯਕਾਰਥ ਵੱਲ ਮੁੜਨ ਦੀ ਸਲਾਹ ਦਿੱਤੀ। ਪ੍ਰਿੰਸੀਪਲ ਤੇਜਾ ਸਿੰਘ ਨੇ ਆਧੁਨਿਕ ਪੰਜਾਬੀ ਸਾਹਿਤ ਦੇ ਕੁਝ ਨਵੇਂ ਰੂਪਾਂ ਨਾਵਲ, ਨਾਟਕ ਅਤੇ ਨਵੀਨ ਕਵਿਤਾ ਦਾ ਸਰੂਪ ਨਿਸ਼ਚਿਤ ਕਰਨ ਵਿਚ ਵੀ ਕਾਫ਼ੀ ਵਡਮੁੱਲਾ ਕੰਮ ਕੀਤਾ ਹੈ। ਉਹ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਲੇਖਕ ਦੀ ਸੰਪਰਦਾਇਕ ਦ੍ਰਿਸ਼ਟੀ ਕਾਰਨ ਮਹਾਨ ਰਚਨਾਵਾਂ ਦਾ ਦਰਜਾ ਦੇਣ ਤੋਂ ਇਨਕਾਰੀ ਹੈ। ਉਸਦਾ ਵਿਚਾਰ ਹੈ ਕਿ ਨਾਵਲਿਸਟ ਦਾ ਕੰਮ ਨਿਰਾ ਕਹਾਣੀ ਨੂੰ ਘੜਨਾ ਹੀ ਨਹੀਂ ਹੈ ਸਗੋਂ ਸਥਿਤੀ ਅਨੁਸਾਰ ਪਾਤਰ ਦੇ ਚਰਿੱਤਰ ਨੂੰ ਉਸਾਰਨਾ ਵੀ ਹੈ। ਪੰਜਾਬੀ ਆਲੋਚਨਾ ਦੇ ਖੇਤਰ ਵਿਚ ਕੇਵਲ ਦੋ ਪੁਸਤਕਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ : ਸਾਹਿਤ ਦਰਸ਼ਨ ਅਤੇ ਪੰਜਾਬੀ ਕਿਵੇਂ ਲਿਖੀਏ। ਤੇਜਾ ਸਿੰਘ ਦੀ ਸਾਹਿਤ ਆਲੋਚਨਾ ਦਾ ਮੁਲੰਕਣ ਕਰਦਾ ਹੋਇਆ ਸੰਤ ਸਿੰਘ ਸੇਖੋਂ ਲਿਖਦਾ ਹੈ ਕਿ ਉਸਦਾ ਕੰਮ ਜ਼ਿਆਦਾ ਕਰਕੇ ਇਕ ਉਤਸ਼ਾਹਕਾਰ ਜਾਂ ਵਿਚੋਲੇ ਦਾ ਹੀ ਸੀ। ਡਾ. ਹਰਿਭਜਨ ਸਿੰਘ ਭਾਈਆ ਉਸਦੀ ਆਲੋਚਨਾਤਮਕ ਪ੍ਰਤਿਭਾ ਉੱਪਰ ਟਿੱਪਣੀ ਕਰਦਾ ਹੋਇਆ ਲਿਖਦਾ ਹੈ ਕਿ ਉਸਨੇ ਸਾਹਿਤ ਸੰਬੰਧੀ ਫ਼ਿਰਕੂ ਪੱਖ-ਪਾਤ ਤੋਂ ਉੱਪਰ ਉੱਠ ਕੇ ਸੋਚਿਆ।

ਨਵੀਨ ਪੰਜਾਬੀ ਕਵਿਤਾ ਦੇ ਸੰਦਰਭ ਵਿਚ ਪ੍ਰਿੰਸੀਪਲ ਤੇਜਾ ਸਿੰਘ ਨੇ ਭਾਈ ਵੀਰ ਸਿੰਘ, ਲਾਲਾ ਧਨੀਰਾਮ ਚਾਤ੍ਰਿਕ, ਲਾਲਾ ਕ੍ਰਿਪਾ ਸਾਗਰ, ਪ੍ਰੋ. ਪੂਰਨ ਸਿੰਘ, ਮੋਹਨ ਸਿੰਘ, ਬਾਵਾ ਬਲਵੰਤ ਅਤੇ ਅੰਮ੍ਰਿਤਾ ਪ੍ਰੀਤਮ ਦੇ ਕਵਿ-ਲੋਕ ਬਾਰੇ ਚਰਚਾ ਛੇੜੀ ਹੈ। ਪ੍ਰਿੰਸੀਪਲ ਤੇਜਾ ਸਿੰਘ ਕਵਿ ਕਲਾ ਦੇ ਸੰਦਰਭ ਵਿਚ ਕਲਪਨਾ ਦੇ ਮਹੱਤਵ 'ਤੇ ਜ਼ੋਰ ਦਿੰਦਾ ਹੈ। ਇਸ ਪ੍ਰਸੰਗ ਵਿਚ ਉਸਦੀ ਪਹੁੰਚ ਰੋਮਾਂਟਿਕ ਕਵੀਆਂ ਵਾਲੀ ਹੀ ਹੈ।

**ਪੰਜਾਬੀ ਸਾਹਿਤ ਦੇ ਇਤਿਹਾਸਕਾਰ**

ਪੂਰਵ-ਪ੍ਰਗਤੀਵਾਦੀ ਪੰਜਾਬੀ ਆਲੋਚਨਾ ਦੇ ਸੰਸਥਾਪਕਾਂ ਵਿਚ ਡਾ. ਮੋਹਨ ਸਿੰਘ ਦੀਵਾਨਾ ਦਾ ਨਾਮ ਬੜਾ ਮਹੱਤਵਪੂਰਨ ਹੈ। ਬੇਸ਼ਕ ਉਸਨੇ ਆਪਣੀ ਆਲੋਚਨਾਤਮਕ ਪ੍ਰਤਿਭਾ ਦਾ ਵਡੇਰਾ ਭਾਗ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੇ ਨਿਰਮਾਣ ਵਿਚ ਖ਼ਰਚ ਦਿੱਤਾ ਪਰੰਤੂ ਤਾਂ ਵੀ ਸਾਹਿਤ ਦੇ ਇਤਿਹਾਸ ਵਿਚੋਂ ਉਸ ਦੀ ਆਲੋਚਨਾ ਨਾਲ ਸੰਬੰਧਿਤ ਕਈ ਉਲੇਖਯੋਗ ਸੂਤਰ ਪਕੜੇ ਜਾ ਸਕਦੇ ਹਨ। ਕਿਸੇ ਲੇਖਕ ਦੀ ਰਚਨਾ ਦਾ ਮੁਲਾਂਕਣ ਕਰਨ ਸਮੇਂ ਉਹ ਉਸਦੀ ਸ਼ਖ਼ਸੀਅਤ ਅਤੇ ਸਮਾਜਿਕ ਦੋਵੇਂ ਤਰ੍ਹਾਂ ਦੀਆਂ ਜ਼ਿੰਦਗੀਆਂ ਦੇ ਅਧਿਐਨ ਨੂੰ ਜ਼ਰੂਰੀ ਮੰਨਦਾ ਹੈ। ਉਸ ਦਾ ਵਿਚਾਰ ਹੈ ਕਿ ਕਿਸੇ ਰਚਨਾ ਦੇ ਅਧਿਐਨ ਕਰਨ ਲਈ ਸਾਨੂੰ ਜਿੱਥੇ ਕਿਸੇ ਲੇਖਕ ਦੇ ਜਨਮ, ਪਾਲਣ, ਦੇਸ਼ਰਟਨ, ਵਿਦਿਆ ਗ੍ਰਹਿਣ, ਸੰਗਤ, ਮੇਲ-ਟਾਕਰੇ, ਅਨੁਭਵ ਅਤੇ ਲੈਣ-ਦੇਣ ਦਾ ਅਧਿਐਨ ਜ਼ਰੂਰੀ ਹੈ, ਉਥੇ ਉਸਦੇ ਸਮਾਜੀ, ਰਾਜਨੀਤਿਕ ਤੇ ਧਾਰਮਿਕ

ਪਿੜ-ਪਿਛਵਾੜੇ ਦਾ ਮੁਤਾਲਿਆ ਵੀ, ਖੋਜ-ਨਿਖੇੜ ਵੀ, ਸਾਡੇ ਲਈ ਅਤੀ ਲੋੜਵੰਦ ਹੈ। ਡਾ. ਦੀਵਾਨਾ (1899-1984) ਦਾ ਬਹੁਤ ਕੰਮ ਮੱਧਕਾਲੀਨ ਪੰਜਾਬੀ ਸਾਹਿਤ ਦੀਆਂ ਕੁਝ ਹੱਥਲਿਖਤਾਂ ਨੂੰ ਸੰਭਾਲਣ ਅਤੇ ਇੰਨ੍ਹਾਂ ਦਾ ਸੰਪਾਦਨ ਕਰਨ ਨਾਲ ਸੰਬੰਧਿਤ ਰਿਹਾ। ਉਸ ਦੀਆਂ ਕੁਝ ਪ੍ਰਮੁੱਖ ਪੁਸਤਕਾਂ ਇਹ ਹਨ : ਪੰਜਾਬੀ ਭਾਸ਼ਾ ਤੇ ਛੰਦਾਬੰਦੀ (1937), ਬੁੱਲ੍ਹੇ ਸ਼ਾਹ (1939), ਆਧੁਨਿਕ ਪੰਜਾਬੀ ਕਵਿਤਾ (1941), ਸੂਫ਼ੀਆਂ ਦਾ ਕਲਾਮ (1941), ਪੰਜਾਬੀ ਅਦਬ ਦੀ ਮੁਖਤਸਰ ਤਾਰੀਖ਼ (1948), ਜਤਿੰਦਰ ਸਾਹਿਤ ਸਰੋਵਰ (1950), ਸ਼ਾਹ ਹੁਸੈਨ (ਰਚਨਾ, ਨਰੀਖਣ ਤੇ ਵਿਚਾਰ) ਆਦਿ। ਡਾ. ਦੀਵਾਨਾ ਦੀ ਆਲੋਚਨਾਤਮਕ ਪਹੁੰਚ ਵਿਚ ਸੰਪਰਦਾਇਕ ਝੁਕਾਉ ਦ੍ਰਿਸ਼ਟੀਗੋਚਰ ਹੁੰਦੇ ਹਨ। ਅਕਸਰ ਹੀ ਉਹ ਹਿੰਦੂ-ਸਿੱਖ ਕਵੀਆਂ ਦੀ ਪ੍ਰਸ਼ੰਸ਼ਾ ਅਤੇ ਮੁਸਲਮਾਨ ਕਵੀਆਂ ਦੀ ਆਲੋਚਨਾ ਕਰਦਾ ਹੋਇਆ ਨਜ਼ਰ ਆਉਂਦਾ ਹੈ। ਉਹ ਵਲੀ ਰਾਮ ਨੂੰ ਹੁਸੈਨ, ਬੁੱਲ੍ਹਾ ਅਤੇ ਸ਼ਰਫ਼ ਆਦਿ ਸੂਫ਼ੀ ਕਵੀਆਂ ਤੋਂ ਉਚੇਰਾ ਮੰਨਦਾ ਹੈ। ਉਹ ਵਾਰਿਸ ਵਰਗੇ ਕਵੀਆਂ ਉੱਤੇ ਦੁਨੀਆਂ ਭਰ ਦੀਆਂ ਫ਼ਾਲਤੂ ਬਹਿਸਾਂ ਭਰਨ ਦਾ ਆਰੋਪ ਲਾਉਂਦਾ ਹੈ। ਡਾ. ਮੋਹਨ ਸਿੰਘ ਦੀਵਾਨਾ ਦੇ ਅਧਿਐਨ ਖੇਤਰ ਵਿਚ ਸੂਫ਼ੀ ਕਾਵਿ ਅਤੇ ਕਿੱਸਾ ਕਾਵਿ ਵਿਸ਼ੇਸ਼ ਰੂਪ ਵਿਚ ਸ਼ਾਮਿਲ ਰਹੇ ਹਨ।

ਪੰਜਾਬੀ ਕਿੱਸਾ ਕਾਵਿ ਦੀ ਵਿਆਖਿਆ-ਵਿਸ਼ਲੇਸ਼ਣ ਨਾਲ ਸੰਬੰਧਿਤ ਇਕ ਹੋਰ ਵਿਦਵਾਨ ਡਾ. ਬਨਾਰਸੀ ਦਾਸ ਜੈਨ ਹੈ। ਇਸ ਵਿਦਵਾਨ ਨੇ ਪੰਜਾਬੀ ਕਿੱਸਿਆਂ ਦੇ ਪ੍ਰਮਾਣਿਕ ਮਤਨ ਤਿਆਰ ਕਰਨ ਅਤੇ ਵੱਖ-ਵੱਖ ਵਿਦਵਾਨਾਂ ਦਾ ਤੁਲਨਾਤਮਕ ਅਧਿਐਨ ਕਰਨ ਵਿਚ ਕਾਫ਼ੀ ਕੰਮ ਕੀਤਾ।

ਗੁਰਬਾਣੀ ਅਤੇ ਹੋਰ ਗੁਰਮਤਿ ਕਵਿਤਾ ਦੇ ਵਿਸ਼ਲੇਸ਼ਣ ਲਈ ਡਾ. ਸੁਰਿੰਦਰ ਸਿੰਘ ਕੋਹਲੀ ਨੇ ਵੀ ਕਈ ਮੁੱਲਵਾਨ ਅੰਤਰ-ਦ੍ਰਿਸ਼ਟੀਆਂ ਪੇਸ਼ ਕੀਤੀਆਂ ਹਨ। 'ਪੰਜਾਬੀ ਸਾਹਿਤ ਦਾ ਇਤਿਹਾਸ' (1950) ਵਿਚ ਉਸਨੇ ਪੰਜਾਬੀ ਸਾਹਿਤ ਦੀਆਂ ਭਿੰਨ-ਭਿੰਨ ਪ੍ਰਵਿਰਤੀਆਂ ਬਾਰੇ ਬੜੀਆਂ ਸੰਤੁਲਿਤ ਰਾਵਾਂ ਪੇਸ਼ ਕੀਤੀਆਂ ਹਨ।

ਡਾ. ਗੋਪਾਲ ਸਿੰਘ ਦਰਦੀ ਨੇ 'ਪੰਜਾਬੀ ਸਾਹਿਤ ਦਾ ਇਤਿਹਾਸ', 'ਰੋਮਾਂਚਿਕ ਪੰਜਾਬੀ ਕਵੀ' ਅਤੇ 'ਸਾਹਿਤ ਦੀ ਪਰਖ' ਆਦਿ ਪੁਸਤਕਾਂ ਵਿਚ ਪੰਜਾਬੀ ਸਾਹਿਤ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਅਤੇ ਰੂਪਾਂ ਬਾਰੇ ਬੜੀ ਵਿਸਤ੍ਰਿਤ ਚਰਚਾ ਕੀਤੀ ਹੈ। ਉਹ ਸਾਹਿਤ ਵਿਚ 'ਭਵਯਤਾ' ਅਤੇ 'ਰੋਮਾਂਸ' ਨੂੰ ਮਹਾਨ ਸਾਹਿਤ ਦੇ ਉਤਪ੍ਰੇਰਕ ਸੋਮੇ ਮੰਨਦਾ ਹੈ। ਇਸ ਤਰ੍ਹਾਂ ਡਾ. ਦਰਦੀ ਦੀ ਆਲੋਚਨਾਤਮਕ ਦ੍ਰਿਸ਼ਟੀ ਵਿਚ 'ਕਲਾਸੀਸਿਜ਼ਮ' ਅਤੇ 'ਰੋਮਾਂਸਵਾਦ' ਦੀ ਮਿੱਸ ਹੈ।

ਖੋਜ ਅਤੇ ਆਲੋਚਨਾ ਦੇ ਖੇਤਰ ਵਿਚ ਕੁਝ ਅੰਗਰੇਜ਼ ਲੇਖਕਾਂ ਨੇ ਵੀ ਬਹੁਮੁੱਲਾ ਯੋਗਦਾਨ ਪਾਇਆ। ਰਿਚਰਡ ਟੈਂਪਲ ਨੇ 'ਲੀਜ਼ੈਂਡਜ਼ ਆਫ਼ ਪੰਜਾਬ' ਵਿਚ ਪੰਜਾਬ ਦੀਆਂ 118 ਦੰਤ-ਕਥਾਵਾਂ ਨੂੰ ਇਕੱਤਰ ਕੀਤਾ ਸੀ। ਇੰਨ੍ਹਾਂ ਵਿਚ ਸਾਡੇ ਪਾਸ ਕੇਵਲ 58 ਦੰਤ-ਕਥਾਵਾਂ ਹੀ ਪਹੁੰਚੀਆਂ ਹਨ।

## ਅਕਾਦਮਿਕ ਆਲੋਚਨਾ

ਪੂਰਵ-ਪ੍ਰਗਤੀਵਾਦੀ ਆਲੋਚਨਾ ਦੀ ਰੂਪ ਰੇਖਾ ਤਿਆਰ ਕਰਨ ਵਿਚ ਅੰਗਰੇਜ਼ੀ ਸਾਹਿਤ ਅਤੇ ਪੱਛਮੀ ਗਿਆਨ-ਵਿਗਿਆਨ ਨਾਲ ਜੁੜੇ ਕੁਝ ਇਕ ਅਕਾਦਮਿਕ ਆਲੋਚਕਾਂ ਨੇ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਡਾ. ਸ਼ੇਰ ਸਿੰਘ ਗਿਆਨੀ ਨੇ 'ਸਾਹਿਤ ਸਮਾਲੋਚਨਾ' ਨਾਮ ਦੀ ਪੁਸਤਕ ਵਿਚ ਪੱਛਮ ਦੇ ਕੁਝ ਪ੍ਰਸਿੱਧ ਦਾਰਸ਼ਨਿਕਾਂ, ਮਨੋਵਿਗਿਆਨੀਆਂ ਅਤੇ ਸਾਹਿਤ-ਸ਼ਾਸ਼ਤਰੀਆਂ ਦੇ ਵਿਚਾਰਾਂ ਨੂੰ ਪ੍ਰਿਸ਼ਟਭੂਮੀ ਵਜੋਂ ਵਰਤ ਕੇ ਪੰਜਾਬੀ ਆਲੋਚਨਾ ਨੂੰ ਕੁਝ ਨਵੇਂ ਵਿਚਾਰਧਾਰਾਈ ਆਧਾਰ ਪ੍ਰਦਾਨ ਕੀਤੇ। ਉਸ ਨੇ ਸੁਕਰਾਤ, ਪਲੈਟੋ, ਅਰਸਤੂ, ਦਾਂਤੇ, ਲੋਜਾਈਨਸ, ਫਿਲਿਪ ਸਿਡਨੀ, ਬੇਕਨ, ਬੈਨ ਜਾਨਸਨ, ਪੋਪ ਅਤੇ ਵਰਡਜ਼ਵਰਥ ਵਰਗੇ ਕਲਾ-ਸ਼ਾਸਤਰੀਆਂ ਦੀ ਆਲੋਚਨਾਤਮਕ ਪੰਰਪਰਾ ਦਾ ਵਿਧੀਪੂਰਕ ਅਧਿਐਨ ਪੇਸ਼ ਕਰਕੇ ਪੰਜਾਬੀ ਆਲੋਚਨਾ ਨੂੰ ਵਿਚਾਰਾਂ ਅਤੇ ਵਿਧੀਆਂ ਦੀ ਦ੍ਰਿਸ਼ਟੀ ਤੋਂ ਕਾਫ਼ੀ ਅਮੀਰ ਬਣਾਇਆ।

ਪ੍ਰੋ. ਹਰਦਿਆਲ ਸਿੰਘ ਦੀ ਆਲੋਚਨਾਤਮਕ ਪੁਸਤਕ ਸਾਹਿਤਕ ਸਿੱਖਿਆ ਵਿਚ ਸਾਹਿਤ ਅਧਿਐਨ ਦੀਆਂ ਕੁ ਵਿਧੀਆਂ ਪੇਸ਼ ਕੀਤੀਆਂ ਗਈਆਂ ਹਨ। ਇਸ ਪੁਸਤਕ ਦੇ ਕੁਝ ਮੁੱਢਲੇ ਲੇਖਾਂ ਵਿਚ ਸਾਹਿਤ ਦੀ ਪ੍ਰਕਿਤੀ ਅਤੇ ਪ੍ਰਯੋਜਨ ਬਾਰੇ ਆਪਣੇ ਵਕਤ ਦੇ ਹਿਸਾਬ ਨਾਲ ਬੜੇ ਨਵੇਂ ਨੁਕਤੇ ਉਠਾਏ ਗਏ ਸਨ।

ਪ੍ਰੋ. ਸੁਰਿੰਦਰ ਸਿੰਘ ਨਰੂਲਾ ਰਚਿਤ ਆਲੋਚਨਾਤਮਕ ਪੁਸਤਕ 'ਸਾਹਿਤ ਸਮਾਚਾਰ' ਪੂਰਵ-ਪ੍ਰਗਤੀਵਾਦੀ ਪੰਜਾਬੀ ਆਲੋਚਨਾ ਦਾ ਇਕ ਹੋਰ ਉੱਤਮ ਪ੍ਰਮਾਣ ਹੈ। ਇਸ ਪੁਸਤਕ ਵਿਚ ਦਮੋਦਰ, ਪ੍ਰੋ. ਪੂਰਨ ਸਿੰਘ, ਸ. ਨਾਨਕ ਸਿੰਘ, ਪ੍ਰੋ. ਮੋਹਨ ਸਿੰਘ ਅਤੇ ਪ੍ਰੋ. ਸੰਤ ਸਿੰਘ ਸੇਖੋਂ ਦੀਆਂ ਰਚਨਾਵਾਂ ਬਾਰੇ ਵਿਚਾਰ ਕੀਤੀ ਗਈ ਹੈ। ਪ੍ਰੋ. ਨਰੂਲਾ ਪਹਿਲਾ ਆਲੋਚਕ ਹੈ ਜਿਸ ਨੇ ਮਾਰਕਸਵਾਦ, ਅਗਾਂਹਵਧੂ ਸਾਹਿਤ ਅਤੇ ਸਮਾਜਿਕ ਬੌਧਿਕਵਾਦ ਬਾਰੇ ਗੱਲ ਕੀਤੀ। ਇਸੇ ਪੁਸਤਕ ਵਿਚ 'ਮਾਰਕਸਵਾਦ' ਨਾਲ ਸੰਬੰਧਿਤ ਲੇਖ ਵਿਚ ਪ੍ਰੋ. ਨਰੂਲਾ ਮਾਰਕਸ ਦੇ ਥੀਸਿਸ 'ਕੈਪੀਟਲ' ਵਿਚ ਪੇਸ਼ ਸਿੱਟਿਆਂ ਦੇ ਪ੍ਰਭਾਵਾਂ ਬਾਰੇ ਚਰਚਾ ਕਰਦਾ ਹੈ। ਪ੍ਰੋ. ਨਰੂਲਾ ਨੇ ਪ੍ਰੋ. ਸੰਤ ਸਿੰਘ ਸੇਖੋਂ ਅਤੇ ਕਈ ਹੋਰ ਪ੍ਰਗਤੀਵਾਦੀ ਆਲੋਚਕਾਂ ਤੋਂ ਪਹਿਲਾਂ ਹੀ ਪ੍ਰਗਤੀਵਾਦੀ ਆਲੋਚਨਾ ਦੇ ਮੁੱਲ ਅਤੇ ਮਹੱਤਵ ਦਾ ਬੋਧ ਕਰਵਾ ਦਿੱਤਾ ਸੀ। ਅਕਾਦਮਿਕ ਆਲੋਚਨਾ ਦੀ ਪਰੰਪਰਾ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਰਤਨ ਸਿੰਘ ਜੱਗੀ, ਡਾ. ਗੁਰਚਰਨ ਸਿੰਘ, ਡਾ. ਰਾਮ ਸਿੰਘ, ਡਾ. ਪਿਆਰ ਸਿੰਘ, ਡਾ. ਧਰਮ ਪਾਲ ਸਿੰਗਲ ਅਤੇ ਡਾ. ਬਿਕਰਮ ਸਿੰਘ ਘੁੰਮਣ ਆਦਿਕ ਆਲੋਚਕਾਂ ਦਾ ਵਿਸ਼ੇਸ਼ ਮੁਕਾਮ ਰਿਹਾ ਹੈ।

## ਕਾਵਿ-ਸ਼ਾਸਤਰੀ ਲੇਖ

ਪੰਜਾਬੀ ਦੇ ਮਹਾਨ ਕਵੀਆਂ ਪ੍ਰੋ. ਪੂਰਨ ਸਿੰਘ ਅਤੇ ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਸਾਹਿਤ ਦੀ ਪਰਿਭਾਸ਼ਾ ਅਤੇ ਸਰੂਪ ਨੂੰ ਪ੍ਰਗਟ ਕਰਨ ਵਾਲੀਆਂ ਬੜੀਆਂ ਮੌਲਿਕ ਟਿੱਪਣੀਆਂ ਕੀਤੀਆਂ ਹਨ। ਅੰਗਰੇਜ਼ੀ ਵਿਚ ਲਿਖੀ ਕਾਵਿ ਪੁਸਤਕ (The Spirit Of Oriental Poery) ਤੋਂ ਬਿਨ੍ਹਾਂ ਪੰਜਾਬੀ ਵਿਚ ਰਚੇ ਗਏ ਉਸਦੇ ਲੇਖ-ਸੰਗ੍ਰਹਿ 'ਖੁੱਲੇ ਲੇਖ' ਵਿਚ ਵੀ ਕੁਝ ਇਕ ਮਹੱਤਵਪੂਰਨ ਆਲੋਚਨਾਤਮਕ ਲੇਖ ਸੰਕਲਿਤ ਹਨ। ਡਾ.

ਦੀਵਾਨ ਸਿੰਘ ਕਾਲੇਪਾਣੀ ਨੇ ਪੰਜਾਬੀ ਵਿਚ ਆਲੋਚਨਾ ਦੀ ਰੋਮਾਂਟਿਕ ਪਰੰਪਰਾ ਨੂੰ ਪੁਸ਼ਟ ਕਰਨ ਵਿਚ ਮਹੱਤਪੂਰਨ ਯੋਗਦਾਨ ਦਿੱਤਾ। ਉਸਨੇ ਵੀ ਪ੍ਰੋ. ਪੂਰਨ ਸਿੰਘ ਵਾਂਗ ਕਵਿਤਾ ਦੇ ਸਰੂਪ ਅਤੇ ਲੱਛਣਾਂ ਬਾਰੇ ਬੜੇ ਭਾਵੁਕ ਬਿਆਨ ਅੰਕਿਤ ਕੀਤੇ ਹਨ। ਉਸ ਅਨੁਸਾਰ ਕਵਿਤਾ ਦਿਲ ਦੇ ਅੰਦਰ ਦੇ ਉਬਲਦੇ ਲਹੂ ਦੀ ਹਵਾੜ ਤੇ ਸੀਨੇ ਅੰਦਰ ਧੁੱਖਦੀ ਅੱਗ ਦਾ ਧੂੰਆਂ ਹੈ। ਕਵਿਤਾ ਇਕ ਸੁੰਦਰਤਾ ਏ, ਜਿਦ੍ਹੇ ਲਿਸ਼ਕਾਰੇ ਨਾਲ ਅੱਖੀਆਂ ਵਾਲਿਆਂ ਨੂੰ 'ਸੁੰਦਰ ਪੁਰਖ' ਦੇ ਝਾਵਲੇ ਪੈਂਦੇ ਹਨ। ਕਵਿਤਾ ਸੋਚ ਦਾ ਸਿੱਟਾ ਨਹੀਂ ਇਹ ਦਿਲ ਦੀ ਬੇਵੱਸ ਤੜਫਣੀ ਹੁੰਦੀ ਹੈ। ਕਵਿਤਾ ਨੂੰ ਪੜ੍ਹਨਾ ਤੇ ਸਮਝਣਾ ਇਕ ਦਾਤਏ।

ਪੰਜਾਬੀ ਸਾਹਿਤ ਦੇ ਮੁਢਲੇ ਆਲੋਚਕਾਂ ਵਿਚ ਮੌਲਾ ਬਖ਼ਸ਼ ਕੁਸ਼ਤਾ ਨੇ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਉਸ ਦਾ ਆਲੋਚਨਾਤਮਕ ਕਾਰਜ ਤਿੰਨ ਪੁਸਤਕਾਂ ਵਿਚ ਅੰਕਿਤ ਹੋਇਆ ਹੈ ਚਸ਼ਮਾ-ਏ-ਹਯਾਤ, ਪੰਜਾਬ ਦੇ ਹੀਰੇ ਅਤੇ ਪੰਜਾਬੀ ਸ਼ਾਇਰਾਂ ਦਾ ਤਜ਼ਕਰਾ। ਪੰਜਾਬੀ ਸੂਫ਼ੀ ਕਾਵਿ ਦੇ ਵਿਸ਼ਲੇਸ਼ਣ ਬਾਰੇ ਪਹਿਲਾ ਗੰਭੀਰ ਪ੍ਰਯਤਨ ਡਾ. ਲਾਜਵੰਤੀ ਰਾਮਾ ਕ੍ਰਿਸ਼ਨ ਨੇ ਕੀਤਾ। ਪੰਜਾਬੀ ਸੂਫ਼ੀ ਕਵੀਆਂ ਬਾਰੇ ਉਸਦਾ ਖੋਜ-ਪ੍ਰਬੰਧ ਸਾਰਬੋਨ ਯੂਨੀਵਰਸਿਟੀ, ਪੈਰਿਸ ਵੱਲੋਂ ਪ੍ਰਵਾਨ ਕੀਤਾ ਗਿਆ। ਉਸਦੀ ਪੁਸਤਕ 'ਪੰਜਾਬੀ ਸੂਫ਼ੀ ਪੋਇਟਸ' 1938 ਈ. ਵਿਚ ਪ੍ਰਕਾਸ਼ਿਤ ਹੋਈ। ਉਸ ਨੇ ਗੁਰੂ ਗੋਬਿੰਦ ਸਿੰਘ ਰਚਿਤ 'ਬਚਿਤ੍ਰ ਨਾਟਕ' ਦਾ ਹਿੰਦੀ ਵਿਚ ਇਕ ਟੀਕਾ ਵੀ ਲਿਖਿਆ। ਉਕਤ ਆਲੋਚਕਾਂ ਦੇ ਨਾਲ-ਨਾਲ, ਡਾ. ਰੌਸ਼ਨ ਲਾਲ ਆਹੂਜਾ, ਪ੍ਰੋ. ਗੁਰਬਚਨ ਸਿੰਘ ਤਾਲਿਬ ਅਤੇ ਡਾ. ਬਲਬੀਰ ਸਿੰਘ ਵਰਗੇ ਵਿਦਵਾਨਾਂ ਨੇ ਵੀ ਪੂਰਵ-ਪੰਜਾਬੀ ਆਲੋਚਨਾ ਨੂੰ ਵਿਸਤ੍ਰਿਤ ਅਤੇ ਗਹਿਰ-ਗੰਭੀਰ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਆਲੋਚਨਾ-ਪਰੰਪਰਾ ਨੇ ਪ੍ਰਗਤੀਵਾਦੀ ਆਲੋਚਨਾ-ਪਰੰਪਰਾ ਨੇ ਪ੍ਰਗਤੀਵਾਦੀ ਆਲੋਚਨਾ ਪਰੰਪਰਾ ਲਈ ਜ਼ਮੀਨ ਤਿਆਰ ਕੀਤੀ ਅਤੇ ਸਾਹਿਤ-ਸ਼ਾਸਤਰ ਦੇ ਵਖ-ਵੱਖ ਪਹਿਲੂਆਂ ਬਾਰੇ ਮੁਢਲੀ ਜਾਣਕਾਰੀ ਪ੍ਰਦਾਨ ਕੀਤੀ। ਇਸ ਪਰੰਪਰਾ ਦੇ ਇਤਿਹਾਸਕ ਸਰਵੇਖਣ ਉਪਰੰਤ ਜੋ ਨਿਸ਼ਕਰਸ਼ ਪ੍ਰਾਪਤ ਹੁੰਦੇ ਹਨ, ਉਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

1. ਪੂਰਵ ਪ੍ਰਗਤੀਵਾਦੀ ਪੰਜਾਬੀ ਆਲੋਚਨਾ, ਭਾਰਤੀ ਆਲੋਚਨਾ ਦੀਆਂ ਪਰੰਪਰਾਵਾਂ ਨਾਲ ਆਪਣਾ ਕੋਈ ਸੰਬੰਧ-ਸੂਤਰ ਸਥਾਪਿਤ ਨਹੀਂ ਕਰ ਸਕੀ। ਵਿਰਸੇ ਨਾਲੋਂ ਟੁੱਟੀ ਹੋਣ ਕਰਕੇ ਇਸ ਵਿਚ ਲੋੜੀਂਦਾ ਵਿਸਤਾਰ ਅਤੇ ਗਹਿਰਾਈ ਨਹੀਂ ਆ ਸਕੀ।

2. ਸਿਧਾਂਤ ਅਤੇ ਵਿਹਾਰ ਵਿਚ ਸੰਤੁਲਨ ਪੈਦਾ ਨਾ ਹੋ ਸਕਿਆ। ਸਿਧਾਂਤਕ ਪਹਿਲੂਆਂ ਬਾਰੇ ਵਿਚਾਰ ਕਰਨ ਵਾਲੇ ਆਲੋਚਕ ਆਪਣੀ ਮਰਜ਼ੀ ਨਾਲ ਕਿਸੇ ਇਕੱਲੇ ਇਕਹਿਰੇ ਪੱਛਮੀ ਸੰਕਲਪ ਦੀ ਪੇਸ਼ਕਾਰੀ ਅਤੇ ਵਿਸ਼ਲੇਸ਼ਣ ਕਰਦੇ ਰਹੇ, ਜਦੋਂ ਕਿ ਵਿਹਾਰਕ ਪੱਖ ਨਾਲ ਸੰਬੰਧ ਰੱਖਣ ਵਾਲੇ ਕੁਝ ਆਲੋਚਕਾਂ ਨੇ ਕਿਸੇ ਸਾਹਿਤ ਰੂਪ ਬਾਰੇ ਆਪਣੇ ਨਿੱਜੀ ਪ੍ਰਭਾਵਾਂ ਨੂੰ ਆਲੋਚਨਾ ਦਾ ਨਾਮ ਦੇ ਕੇ ਪ੍ਰਚਾਰਨਾ ਸ਼ੁਰੂ ਕਰ ਦਿੱਤਾ।

3. ਹਰ ਆਲੋਚਕ ਕਿਸੇ ਨਾ ਕਿਸੇ ਪੂਰਵਗ੍ਰਹਿ ਦਾ ਸ਼ਿਕਾਰ ਹੋਇਆ ਰਿਹਾ। ਕਿਸੇ ਨੇ ਵੀ ਵਿਗਿਆਨਕ ਜਾਂ ਵਸਤੂਮੁਖ ਹੋ ਕੇ ਆਲੋਚਨਾ ਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਕੀਤੀ।

4. ਸਾਹਿਤ ਦੇ ਵੱਖ-ਵੱਖ ਰੂਪਾਂ ਦੀ ਪ੍ਰਕ੍ਰਿਤੀ ਨੂੰ ਆਧਾਰ ਬਣਾ ਕੇ ਆਲੋਚਨਾ ਕਰਨ ਦੀ ਜ਼ਰੂਰਤ ਨਾ ਸਮਝੀ ਗਈ ਜਿਸ ਕਰਕੇ ਰੂਪਾਕਾਰਕ ਆਲੋਚਨਾ ਦਾ ਜਨਮ ਨਾ ਹੋ ਸਕਿਆ।

5. ਇਸ ਆਲੋਚਨਾ ਦਾ ਸਾਹਿਤ ਦੇ ਇਤਿਹਾਸ ਨਾਲ ਬੜਾ ਡੂੰਘਾ ਸੰਬੰਧ ਰਿਹਾ, ਜਿਸ ਕਾਰਨ ਸਾਹਿਤ ਦੇ ਵੱਖ-ਵੱਖ ਦੌਰਾਂ ਦੇ ਪ੍ਰਸੰਗ ਵਿਚ ਸਮਾਜਿਕ ਰਾਜਨੀਤਿਕ ਗਤੀਵਿਧੀਆਂ ਦੇ ਵਿਸ਼ਲੇਸ਼ਣ ਵਿਚ ਰੁਚੀ ਪੈਦਾ ਹੋਈ। ਇਸ ਰੁਚੀ ਨੇ ਪ੍ਰਗਤੀਵਾਦੀ ਪੰਜਾਬੀ ਆਲੋਚਨਾ ਨੂੰ ਬਲਵਾਨ ਬਣਾਉਣ ਵਿਚ ਵਿਸ਼ੇਸ਼ ਯੋਗਦਾਨ ਪਾਇਆ।

6. ਪੰਜਾਬੀ ਵਿਚ ਰਚੇ ਜਾ ਰਹੇ ਧਾਰਮਿਕ ਸਾਹਿਤ ਦੇ ਮੁੱਲ ਅਤੇ ਮਹੱਤਵ ਦਾ ਵਿਸ਼ਲੇਸ਼ਣ ਕਰਨ ਦੇ ਨਾਲ ਨਾਲ ਪ੍ਰਿੰਸੀਪਲ ਤੇਜਾ ਸਿੰਘ ਵਰਗੇ ਆਲੋਚਕਾਂ ਨੇ ਸੈਕੂਲਰ ਸਾਹਿਤ ਦੀ ਸਿਰਜਣਾ ਵੱਲ ਧਿਆਨ ਦਿਵਾਇਆ। ਉਨ੍ਹਾਂ ਨੇ ਸਮਕਾਲੀਨ ਯਥਾਰਥ ਨੂੰ ਪਕੜਨ ਅਤੇ ਪੇਸ਼ ਕਰਨ ਦੀ ਪ੍ਰੇਰਨਾ ਦਿੱਤੀ।

7. ਪੂਰਵ-ਪ੍ਰਗਤੀਵਾਦੀ ਪੰਜਾਬੀ ਆਲੋਚਕਾਂ ਨੇ ਮੱਧਕਾਲੀਨ ਪੰਜਾਬੀ ਸਾਹਿਤ ਦੇ ਵੱਖ-ਵੱਖ ਸੋਮਿਆਂ ਨੂੰ ਸੰਭਾਲਣ ਉੱਤੇ ਜ਼ੋਰ ਦਿੱਤਾ, ਪ੍ਰਸਿੱਧ ਰਚਨਾਵਾਂ ਦੇ ਪ੍ਰਮਾਣਿਕ ਮਤਨ ਤਿਆਰ ਕਰਵਾਏ ਅਤੇ ਗੁੰਮਦੀਆਂ/ਵਿਸਰਦੀਆਂ ਜਾ ਰਹੀਆਂ ਰਚਨਾਵਾਂ ਨੂੰ ਇਕੱਤਰ ਕੀਤਾ।

8. ਪੂਰਵ-ਪ੍ਰਗਤੀਵਾਦੀ ਆਲੋਚਕਾ ਨੇ ਪੱਛਮੀ ਆਲੋਚਨਾ ਦੀ ਅਮੀਰ ਪਰੰਪਰਾ ਵੱਲ ਪੰਜਾਬੀ ਲੇਖਕਾਂ ਅਤੇ ਪਾਠਕਾਂ ਦਾ ਧਿਆਨ ਦਿਵਾਇਆ ਅਤੇ ਇਸ ਤਰ੍ਹਾਂ ਨਵੀਨ ਸਾਹਿਤ ਰੂਪਾਂ ਨੂੰ ਪੱਛਮੀ ਸਾਹਿਤ ਦੀ ਤੁਲਣਾ ਵਿਚ ਉਭਰਣ ਅਤੇ ਵਿਕਸਿਤ ਹੋਣ ਵਾਸਤੇ ਉਤਸ਼ਾਹਿਤ ਕੀਤਾ।

9. ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਡਾ. ਦੀਵਾਨ ਸਿੰਘ ਕਾਲੇਪਾਣੀ ਵਰਗੇ ਕਵੀਆਂ ਨੇ ਆਪਣੇ ਕਾਵਿ ਜਗਤ ਦੀ ਪ੍ਰਮਾਣਿਕਤਾ ਨੂੰ ਸਮਝਾਉਣ ਵਾਸਤੇ ਮੁੱਢਲਾ ਕੰਮ ਕੀਤਾ। ਇੰਜ ਪੰਜਾਬੀ ਸਾਹਿਤ ਵਿਚ ਸਿਰਜਣਤਮਕ ਆਲੋਚਨਾ ਦਾ ਪ੍ਰਾਰੰਭ ਹੋਇਆ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੂਰਵ ਪ੍ਰਗਤੀਵਾਦੀ ਪੰਜਾਬੀ ਆਲੋਚਨਾ ਨੇ ਥੋੜੇ ਜਿਹੇ ਸਮੇਂ ਵਿਚ ਪੰਜਾਬੀ ਸਾਹਿਤ ਨੂੰ ਆਲੋਚਨਾ ਦਾ ਇਕ ਕੰਮ ਚਲਾਊ ਮਾਡਲ ਜਰੂਰ ਪ੍ਰਦਾਨ ਕਰ ਦਿੱਤਾ। ਬਾਵਾ ਬੁੱਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਡਾ. ਗੋਪਾਲ ਸਿੰਘ ਦਰਦੀ, ਪ੍ਰੋ. ਹਰਦਿਆਲ ਸਿੰਘ, ਡਾ. ਸ਼ੇਰ ਸਿੰਘ ਗਿਆਨੀ ਅਤੇ ਪ੍ਰੋ. ਸੁਰਿੰਦਰ ਸਿੰਘ ਨਰੂਲਾ ਆਦਿਕ ਆਲੋਚਕਾਂ ਨੇ ਬਿਨ੍ਹਾਂ ਕਿਸੇ ਵਿਕਸਿਤ ਆਲੋਚਨਾ ਦੀ ਇਕ ਮੁੱਢਲੀ ਪਰੰਪਰਾ ਨੂੰ ਜਨਮ ਦਿੱਤਾ। ਪ੍ਰਗਤੀਵਾਦੀ ਪੰਜਾਬੀ ਆਲੋਚਨਾ ਦੇ ਨਿਰਮਾਣ ਅਤੇ ਵਿਕਾਸ ਵਿਚ ਪੂਰਵ ਪ੍ਰਗਤੀਵਾਦੀ ਆਲੋਚਨਾ ਨੇ ਇਤਿਹਾਸਕ ਦੇਣ ਦਿੱਤੀ ਹੈ।

# ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਭਿੰਨ ਖੇਤਰਾਂ ਵਿਚ ਖੋਜ ਦੀ ਸਥਿਤੀ : ਮੱਧਕਾਲੀਨ ਸਾਹਿਤ, ਆਧੁਨਿਕ ਸਾਹਿਤ, ਪੰਜਾਬੀ ਭਾਸ਼ਾ ਅਤੇ ਗੁਰਮੁਖੀ, ਪੰਜਾਬੀ ਲੋਕਯਾਨ ਅਤੇ ਸਭਿਆਚਾਰ

ਕਿਸੇ ਵੀ ਭਾਸ਼ਾ ਅੰਦਰ ਸਾਹਿਤ ਇਕਦਮ ਤਿਆਰ ਨਹੀਂ ਹੋ ਜਾਂਦਾ ਉਹ ਲੋਕਾਂ ਦੇ ਜ਼ਿਹਨ ਤੋਂ ਹੁੰਦਾ ਹੋਇਆ ਉਨ੍ਹਾਂ ਦੀ ਜ਼ੁਬਾਨ ਤਕ ਪਹੁੰਚਦਾ-ਪਹੁੰਚਦਾ ਬਹੁਤ ਸਮਾਂ ਲਗਾ ਦਿੰਦਾ ਹੈ। ਇਸ ਸੰਦਰਭ ਵਿਚ ਜੇਕਰ ਪੰਜਾਬੀ ਭਾਸ਼ਾ ਵਿਚਲੇ ਸਾਹਿਤ ਦੀ ਗੱਲ ਕੀਤੀ ਜਾਵੇ ਤਾਂ ਪੰਜਾਬੀ ਸਾਹਿਤ ਦੀ ਸ਼ੁਰੂਆਤ 8ਵੀਂ 9ਵੀਂ ਸਦੀ ਵਿਚ ਨਾਥਾਂ ਜੋਗੀਆਂ ਦੁਆਰਾ ਰਚੇ ਸਾਹਿਤ ਨਾਲ ਜੋੜੀ ਜਾਂਦੀ ਹੈ। ਜਿਸ ਤੋਂ ਇਸ ਸਾਹਿਤ ਦੀ ਇਤਿਹਾਸਿਕ ਪ੍ਰਾਚੀਨਤਾ ਦਾ ਅਹਿਸਾਸ ਹੁੰਦਾ ਹੈ। ਅਜਿਹਾ ਨਹੀਂ ਹੈ ਕਿ ਇਸ ਸਮੇਂ ਪੰਜਾਬੀ ਸਾਹਿਤ ਇਕਦਮ ਤਿਆਰ ਹੋ ਗਿਆ ਬਲਕਿ ਇਸ ਦੇ ਬੀਜ ਰੂਪ ਤਾਂ ਪਹਿਲਾਂ ਹੀ ਮੌਜੂਦ ਸਨ। ਪੰਜਾਬੀ ਸਾਹਿਤ ਦੀ ਪੁਣ-ਛਾਣ ਕਰਨ ਦੀ ਜ਼ਰੂਰਤ ਅੰਗਰੇਜ਼ਾਂ ਦੁਆਰਾ ਹੀ ਪਈ। ਇਸ ਪ੍ਰਕਾਰ ਵੀਹਵੀਂ ਸਦੀ ਵਿਚਲੀ ਪੰਜਾਬੀ ਖੋਜ ਅਤੇ ਆਲੋਚਨਾ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਤੋਂ ਕਾਫ਼ੀ ਪ੍ਰਭਾਵਿਤ ਹੋਈ। ਪ੍ਰੋ. ਗੁਰਮੁਖ ਸਿੰਘ ਵੱਲੋਂ 1885 ਈ. ਵਿਚ ਸੰਪਾਦਿਤ ਕੀਤੀ ਹਾਫ਼ਿਜ਼ਾਬਾਦ ਵਾਲੀ ਜਨਮ ਸਾਖੀ ਦੀ ਭੂਮਿਕਾ ਵਿਚ ਉਹ ਸਪਸ਼ਟ ਮੰਨਦਾ ਹੈ ਕਿ ਇਹ ਕੰਮ ਉਸ ਨੇ ਮੈਕਾਲਿਫ਼ ਜਿਹੇ ਅੰਗਰੇਜ਼ ਵਿਦਵਾਨ ਦੀ ਪ੍ਰੇਰਨਾ ਸਦਕਾ ਛੋਹਿਆ ਹੈ। ਇਸੇ ਕਰਕੇ ਪ੍ਰੋ. ਗੁਰਮੁਖ ਸਿੰਘ ਅਤੇ ਬਾਵਾ ਬੁੱਧ ਸਿੰਘ ਜਿਹੇ ਪੁਰਾਤਨ ਖੋਜੀਆਂ ਦੀ ਮੱਦਦ ਦੁਆਰਾ ਹੀ ਪੰਜਾਬੀ ਖੋਜ ਅਤੇ ਆਲੋਚਨਾ ਦਾ ਰਾਹ ਦਿਖਾਈ ਦਿੰਦਾ ਹੈ। ਅੰਗਰੇਜ਼ਾਂ ਦੀ ਖੋਜ ਅਤੇ ਸੰਪਾਦਨ ਵਿਧੀ ਵਧੇਰੇ ਵਿਗਿਆਨਕ ਸੀ। ਇਸ ਕਰਕੇ ਇਸ ਦੇ ਪ੍ਰਮਾਣਿਕ ਹੋਣ ਬਾਰੇ ਕੋਈ ਕਿੰਤੂ ਨਹੀਂ ਰਹਿ ਜਾਂਦਾ।

## ਮੱਧਕਾਲੀਨ ਵਾਰਤਕ ਸੰਬੰਧੀ ਖੋਜ

ਮੱਧਕਾਲੀਨ ਕਾਲ ਪੰਜਾਬੀ ਸਾਹਿਤ ਦਾ ਸੁਨਹਿਰੀ ਕਾਲ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਕਾਲ ਦੇ ਪੰਜਾਬੀ ਸਾਹਿਤ ਦੀ ਅੱਜ ਤਕ ਵੀ ਖੋਜ ਅਤੇ ਆਲੋਚਨਾ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਕਿਸੇ ਨਾ ਕਿਸੇ ਪੱਧਰ 'ਤੇ ਹੋ ਰਹੀ ਹੈ। ਇਸ ਕਰਕੇ ਇਸ ਸੰਬੰਧੀ ਹਰ ਵਾਰ ਨਵੇਂ ਹੀ ਤੱਥ ਵੇਖਣ ਵਿਚ ਆਉਂਦੇ ਹਨ। ਇਹ ਕਾਲ ਗੁਰੂ ਕਾਲ ਨਾਲ ਸੰਬੰਧਿਤ ਹੋਣ ਕਰਕੇ ਆਲੋਚਕਾਂ ਅਤੇ ਖੋਜਾਰਥੀਆਂ ਦਾ ਧਿਆਨ ਇਸ ਪਾਸੇ ਵੱਲ ਜ਼ਿਆਦਾ ਰਿਹਾ ਹੈ। ਇਸ ਕਾਲ ਦੇ ਅੰਤਰਗਤ ਜਨਮਸਾਖੀਆਂ, ਸਾਖੀਆਂ, ਗੋਸ਼ਟਾਂ ਆਦਿ ਦੇ ਰੂਪ ਵਿਚ ਵਾਰਤਕ ਦੀਆਂ ਵੰਨਗੀਆਂ ਪ੍ਰਾਪਤ ਹਨ।

ਇਨ੍ਹਾਂ ਦੀ ਖੋਜ ਕਰਨ ਵਿਚ ਪ੍ਰੋ. ਗੁਰਮੁਖ ਸਿੰਘ, ਭਾਈ ਵੀਰ ਸਿੰਘ, ਪਿਆਰਾ ਸਿੰਘ ਪਦਮ, ਡਾ. ਪਿਆਰ ਸਿੰਘ, ਗੰਡਾ ਸਿੰਘ, ਰਣਧੀਰ ਸਿੰਘ, ਪ੍ਰੋ. ਪ੍ਰੀਤਮ ਸਿੰਘ ਆਦਿ ਵਿਦਵਾਨਾਂ ਨੇ ਮਹੱਤਵਪੂਰਨ ਯਤਨ ਕੀਤੇ ਹਨ।

ਇਸ ਸੰਬੰਧੀ ਖੋਜ ਦਾ ਵੇਰਵਾ ਇਸ ਪ੍ਰਕਾਰ ਹੈ :

1. ਜਨਮਸਾਖੀ ਸੰਬੰਧੀ ਸਭ ਤੋਂ ਪਹਿਲੀ ਖੋਜ ਪ੍ਰੋ. ਗੁਰਮੁਖ ਸਿੰਘ ਨੇ ਕੀਤੀ। ਉਸ ਨੇ ਹਾਫ਼ਿਜ਼ਾਬਾਦ ਵਾਲੀ ਜਨਮਸਾਖੀ ਦਾ ਸੰਪਾਦਨ ਕੀਤਾ।

2. ਭਾਈ ਵੀਰ ਸਿੰਘ ਜੀ ਨੇ 'ਪੁਰਾਤਨ ਜਨਮਸਾਖੀ' (1926) ਦਾ ਸੰਪਾਦਨ ਕੀਤਾ।

3. 1968 ਵਿਚ ਡਾ. ਪਿਆਰਾ ਸਿੰਘ ਪਦਮ ਨੇ The critical study of seventeenth centur Punjabi Prose ਵਿਸ਼ੇ ਤੇ ਪੀ.ਐੱਚ.ਡੀ ਦਾ ਸ਼ੋਧ ਪ੍ਰਬੰਧ ਲਿਖਿਆ। ਇਸ ਦੇ ਨਾਲ ਹੀ ਰਹਿਤਨਾਮੇ (1974), ਪ੍ਰਾਚੀਨ ਪੰਜਾਬੀ ਗੱਦ (1978), ਸੌ ਸਾਖੀਆਂ (1983), ਗੁਰੂ ਦੀਆਂ ਸਾਖੀਆਂ (1986) ਪੁਸਤਕਾਂ ਲਿਖ ਕੇ ਪੰਜਾਬੀ ਵਾਰਤਕ ਨੂੰ ਭਰਪੂਰ ਜਾਣਕਾਰੀ ਉਪਲੱਬਧ ਕਰਵਾਈ।

4. ਗੰਡਾ ਸਿੰਘ ਨੇ ਹੁਕਮਨਾਮੇ, ਰਣਧੀਰ ਸਿੰਘ ਨੇ ਮੱਕੇ ਮਦੀਨੇ ਦੀ ਗੋਸ਼ਟਿ ਆਦਿ ਮੱਧਕਾਲੀਨ ਵਾਰਤਕ ਵੰਨਗੀਆਂ ਨੂੰ ਸੰਪਾਦਿਤ ਕੀਤਾ।

5. ਪਾਕਿਸਤਾਨੀ ਖੋਜਕਾਰ ਸ਼ਾਹਬਾਜ਼ ਮਲਿਕ ਨੇ 1973 ਵਿਚ ਪੱਕੀ ਰੋਟੀ ਨੂੰ ਸੰਪਾਦਿਤ ਕੀਤਾ।

6. ਜਨਮਸਾਖੀਆਂ ਦੇ ਅਧਿਐਨ ਵਿਚ 'ਸਾਖੀ ਸੁਰਤਿ' ਹਰਿਭਜਨ ਸਿੰਘ ਤੇ ਮਨਜੀਤ ਸਿੰਘ ਨੇ ਕੀਤੀ

7. ਸਬਿੰਦਰਜੀਤ ਸਾਗਰ ਨੇ ਜਨਮਸਾਖੀ : ਸੰਬਾਦ ਤੇ ਮੁੱਲਾਂਕਣ ਵੀ ਇਕ ਮਹੱਤਵਪੂਰਨ ਪੁਸਤਕ ਹੈ।

## ਕਿੱਸਾ ਕਾਵਿ ਸੰਬੰਧੀ ਖੋਜ ਅਤੇ ਸੰਪਾਦਨ

1. ਕਿੱਸਾ ਕਾਵਿ ਸੰਬੰਧੀ ਖੋਜ ਦਾ ਮੁੱਢ ਬਾਬਾ ਗੰਗਾ ਸਿੰਘ ਬੇਦੀ ਨੇ ਕੀਤਾ। ਉਸਨੇ 1927 ਈ. ਵਿਚ 'ਹੀਰ ਦਮੋਦਰ' ਨੂੰ ਸੰਪਾਦਿਤ ਕੀਤਾ।

2. ਐਸ. ਐਸ. ਅਮੋਲ ਨੇ 'ਸੱਯਦ ਵਾਰਿਸ ਸ਼ਾਹ' (1940) ਵਿਚ ਸੰਪਾਦਿਤ ਕੀਤੀ। ਇਸ ਤੋਂ ਇਲਾਵਾ ਉਸ ਨੇ ਹੀਰ ਦਮੋਦਰ, ਹਾਸ਼ਮ ਅਤੇ ਉਸ ਦਾ ਕਿੱਸਾ ਸੱਸੀ ਪੁੰਨੂੰ ਸੰਪਾਦਿਤ ਕੀਤੇ।

3. ਡਾ. ਪਿਆਰ ਸਿੰਘ ਨੇ ਯੂਸਫ਼ ਜ਼ੁਲੈਖਾਂ (1919) ਅਹਿਸਨੁਲ-ਕਸਿਸ (ਅਹਿਮਦ ਯਾਰ, 1962), ਅਹਿਸਨੁਲ-ਕਸਿਸ (ਮੌਲਵੀ ਗੁਲਾਮ ਰਸੂਲ-1969), ਸ਼ੀਰੀ ਫ਼ਰਹਾਦ ਕ੍ਰਿਤ (ਮੁਹੰਮਦ ਬੂਟਾ ਗੁਜਰਾਤੀ), ਸੱਸੀ ਕ੍ਰਿਤ (ਹਾਫ਼ਿਜ਼ ਬਰਖ਼ੁਦਾਰ), ਕਿੱਸਾ ਪੂਰਨ ਭਗਤ ਕ੍ਰਿਤ (ਰਾਮ ਧਨ), ਕਿੱਸਾ ਪੂਰਨ ਭਗਤ (ਬਿਸ਼ਨ ਦਾਸ), ਕਿੱਸਾ ਮਿਰਜ਼ਾ ਸਾਹਿਬਾਂ ਕ੍ਰਿਤ (ਪੀਲੂ) ਸਮੇਤ ਨੌਂ ਕਿੱਸਿਆਂ ਦੀ ਖੋਜ ਅਤੇ ਸੰਪਾਦਨਾ ਕੀਤੀ ਹੈ।

4. ਪ੍ਰੋ. ਪ੍ਰੀਤਮ ਸਿੰਘ ਨੇ ਇਮਾਮ ਬਖ਼ਸ਼ ਦੇ ਕਿੱਸੇ 'ਸ਼ਾਹ ਬਹਿਰਾਮ' ਦੀ ਸੰਪਾਦਨਾ ਕੀਤੀ ਹੈ।

5. ਹਰਨਾਮ ਸਿੰਘ ਸ਼ਾਨ ਨੇ ਹਾਸ਼ਮ ਦੇ ਕਿੱਸੇ 'ਸੱਸੀ ਪੁੰਨੂੰ' ਦੀ ਸੰਪਾਦਨਾ ਵਿਚ ਹਿੱਸਾ ਪਾਇਆ ਹੈ। ਇਸੇ ਤਰ੍ਹਾ ਦਾ ਸੰਪਾਦਨ ਰੌਸ਼ਨ ਲਾਲ ਅਹੂਜਾ ਅਤੇ ਦੀਵਾਨ ਸਿੰਘ ਨੇ ਵੀ ਕੀਤਾ ਹੈ।

6. ਡਾ. ਗੁਰਦੇਵ ਸਿੰਘ ਨੇ 'ਦਾਸਤਾਨ-ਏ-ਸੱਸੀ' ਨਾਮ ਹੇਠ ਸੱਸੀ ਪੁੰਨੂੰ ਦਾ ਕਿੱਸਾ ਸੰਪਾਦਿਤ ਕੀਤਾ।

7. ਜੀਤ ਸਿੰਘ ਸੀਤਲ ਆਪਣੀ ਪੁਸਤਕ 'ਹੀਰ ਵਾਰਿਸ' ਵਿਚ ਵਾਰਿਸ ਸ਼ਾਹ ਦੇ ਇਸ ਕਿੱਸੇ ਬਾਰੇ ਬਹੁਤ ਨਵੀਆਂ ਗੱਲਾਂ ਸਾਹਮਣੇ ਲਿਆਉਂਦਾ ਹੈ।

**ਬੀਰ ਕਾਵਿ ਸੰਬੰਧੀ ਸੰਪਾਦਨ ਅਤੇ ਖੋਜ**

1. ਬਾਵਾ ਕਰਤਾਰ ਸਿੰਘ ਨੇ 1920 ਵਿਚ ਆਪਣੀ ਪੁਸਤਕ 'ਵਾਰ ਨਾਦਰ ਸ਼ਾਹ' ਰਾਹੀਂ ਬੀਰ ਕਾਵਿ ਦੀ ਖੋਜ ਦਾ ਕੰਮ ਆਰੰਭਿਆ।

2. ਬਨਾਰਸੀ ਦਾਸ ਜੈਨ ਨੇ 1946 ਈ. ਵਿਚ 'ਲਵ ਕੁਸ਼ ਦੀ ਵਾਰ' ਨੂੰ ਸੰਪਾਦਿਤ ਕੀਤਾ।

3. ਕਾਜ਼ੀ ਫ਼ਜ਼ਲ ਹੱਕ ਨੇ 1926 ਈ. ਵਿਚ 'ਚੱਠਿਆਂ ਦੀ ਵਾਰ' ਸੰਪਾਦਿਤ ਕੀਤੀ। ਇਸ ਵਾਰ ਨੂੰ ਉਸਨੇ ਮਿਰਾਸੀਆਂ ਪਾਸੋਂ ਸੁਣ ਕੇ ਅਤੇ ਪੁਰਾਣੇ ਸਰੋਤਾਂ ਤੋਂ ਪ੍ਰਾਪਤ ਕੀਤਾ।

4. ਸੀਤਾ ਰਾਮ ਕੋਹਲੀ ਨੇ 'ਵਾਰ ਸ਼ਾਹ ਮੁਹੰਮਦ' ਅਤੇ 'ਚੱਠਿਆਂ ਦੀ ਵਾਰ' ਸਿਰਲੇਖ ਅਧੀਨ ਪੰਜਾਬੀ ਦੀਆਂ ਪ੍ਰਮੁੱਖ ਵਾਰਾਂ ਦਾ ਸੰਪਾਦਨ ਕੀਤਾ ਹ।

5. ਗੰਡਾ ਸਿੰਘ ਨੇ 'ਪੰਜਾਬ ਦੀਆਂ ਵਾਰਾਂ' ਵਿਚ ਵਾਰ ਕਾਵਿ ਨੂੰ ਇਕੱਤਰ ਕਰਨ ਲਈ ਖੋਜੀਆਂ ਦੀ ਮਿਹਨਤ ਅਤੇ ਲਗਨ ਨੂੰ ਪੇਸ਼ ਕੀਤਾ ਹੈ।

6. ਪ੍ਰੋ. ਪ੍ਰੀਤਮ ਸਿੰਘ ਨੇ ਸਮੁੱਚੇ ਬੀਰ ਕਾਵਿ ਦੇ ਅਧਿਐਨ ਲਈ 'ਪੰਜਾਬੀ ਸਾਹਿਤ ਵਿਚ ਬੀਰ ਕਾਵਿ' ਦਾ ਨਿਕਾਸ ਤੇ ਵਿਕਾਸ' ਜਿਹੀ ਬੜੀ ਮਹੱਤਵਪੂਰਨ ਪੁਸਤਕ ਰਚੀ ਹੈ।

7. ਹਰਨਾਮ ਸਿੰਘ ਸ਼ਾਨ ਨੇ 'ਚੱਠਿਆਂ ਦੀ ਵਾਰ' ਦੀ ਸੰਪਾਦਨਾ ਕੀਤੀ।

8. ਡਾ. ਕੁਲਵੰਤ ਸਿੰਘ ਨੇ 'ਨਾਦਰ ਸ਼ਾਹ ਦੀ ਵਾਰ' ਦੀ ਸੰਪਾਦਨਾ ਵੇਲੇ ਪੰਡਿਤ ਹਰੀ ਕ੍ਰਿਸ਼ਨ ਕੌਲ ਦੇ ਮੂਲ ਪਾਠ ਨੂੰ ਆਧਾਰ ਬਣਾਇਆ ਹੈ।

9. ਪਿਆਰਾ ਸਿੰਘ ਪਦਮ ਨੇ 1973 ਵਿਚ ਸ਼ਾਹ ਮੁਹੰਮਦ ਦੇ ਜੰਗਨਾਮੇ ਨੂੰ 'ਜੰਗ ਸਿੰਘ ਤੇ ਫਿਰੰਗੀਆਂ' ਨਾਮ ਹੇਠ ਸੰਪਾਦਿਤ ਕੀਤਾ।

10. ਡਾ. ਗੁਰਦੇਵ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਲਈ 'ਜੰਗਨਾਮਾ : ਸਿਧਾਂਤ ਸਰੂਪ ਤੇ ਵਿਕਾਸ' ਜਿਹੀ ਮਹੱਤਵਪੂਰਨ ਪੁਸਤਕ ਦੀ ਸਿਰਜਣਾ ਕੀਤੀ।

## ਸੂਫ਼ੀ ਕਾਵਿ ਸੰਬੰਧੀ ਖੋਜ ਤੇ ਸੰਪਾਦਨ

1. ਡਾ. ਮੋਹਨ ਸਿੰਘ ਦੀਵਾਨਾ ਨੇ 1930 ਵਿਚ 'ਕਲਾਮ ਬੁਲ੍ਹੇ ਸ਼ਾਹ', 1939 ਵਿਚ 'ਕਾਫ਼ੀਆਂ ਬੁੱਲ੍ਹੇ ਸ਼ਾਹ' ਦੀ ਸੰਪਾਦਨਾ ਕੀਤੀ।

2. ਡਾ. ਲਾਜਵੰਤੀ ਰਾਮਾ ਕ੍ਰਿਸ਼ਨ ਨੇ 'ਪੰਜਾਬੀ ਸੂਫ਼ੀ ਪੋਇਟਸ' ਵਿਸ਼ੇ ਤੇ ਪੀ.ਐੱਚ.ਡੀ. ਕੀਤੀ।

3.ਦੀਵਾਨ ਸਿੰਘ ਨੇ 'ਸੂਫ਼ੀਵਾਦ ਤੇ ਹੋਰ ਲੇਖ' ਅਤੇ 'ਫ਼ਰੀਦ ਦਰਸ਼ਨ' ਦੋ ਖੋਜ ਭਰਪੂਰ ਪੁਸਤਕਾਂ ਦੀ ਰਚਨਾ ਕੀਤੀ।

4.ਗੁਲਵੰਤ ਸਿੰਘ ਨੇ 'ਸੂਫ਼ੀਵਾਦ ਅਤੇ ਇਸਲਾਮ ਅਤੇ ਸੂਫ਼ੀਵਾਦ' ਪੁਸਤਕਾਂ ਰਚੀਆਂ ਜੋ ਖੋਜ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹਨ।

5.ਪਿਆਰਾ ਸਿੰਘ ਪਦਮ ਨੇ 'ਹਾਸ਼ਮ ਰਚਨਾਵਲੀ', 'ਸਾਂਈਂ ਬੁੱਲ੍ਹੇ ਸ਼ਾਹ' ਅਤੇ 'ਹੁਸੈਨ ਰਚਨਾਵਲੀ' ਪੁਸਤਕਾਂ ਦੀ ਰਚਨਾ ਕੀਤੀ।

6. ਹਰਨਾਮ ਸਿੰਘ ਸ਼ਾਨ ਨੇ 'ਸੂਫ਼ੀ ਕਾਵਿ ਸੰਗ੍ਰਹਿ' ਪੁਸਤਕ ਸੰਪਾਦਿਤ ਕੀਤੀ।

7.ਜੀਤ ਸਿੰਘ ਸੀਤਲ ਨੇ 'ਬੁੱਲ੍ਹੇ ਸ਼ਾਹ : ਜੀਵਨ ਤੇ ਰਚਨਾ' ਪੁਸਤਕ ਸੰਪਾਦਿਤ ਕੀਤੀ।

8. ਡਾ. ਗੁਰਦੇਵ ਸਿੰਘ ਨੇ 'ਸ਼ਾਹ ਹੁਸੈਨ ਦਾ ਕਲਾਮ', ਹਾਸ਼ਮ ਦੀ ਕਾਵਿ ਰਚਨਾ', 'ਬਾਣੀ ਬਾਬਾ ਵਜੀਦ' ਆਦਿ ਤੋਂ ਇਲਾਵਾ 'ਪੰਜਾਬੀ ਸੂਫ਼ੀ ਸਾਹਿਤ ਸੰਦਰਭ ਕੋਸ਼' ਵੀ ਰਚਿਆ।

9. ਡਾ. ਹਰਜਿੰਦਰ ਸਿੰਘ ਢਿੱਲੋਂ ਨੇ ਪੰਜਾਬੀ ਸੂਫ਼ੀ ਕਾਵਿ ਤੇ ਸ਼ਰੀਅਤ, ਸੂਫ਼ੀ ਕਵੀ ਸ਼ਾਹ ਹੁਸੈਨ ਆਦਿ ਦੀ ਰਚਨਾ ਕੀਤੀ।

10. ਇਨ੍ਹਾਂ ਤੋਂ ਇਲਾਵਾ ਡਾ. ਨਰੇਸ਼ (ਸੂਫ਼ੀ ਮਤ ਅਤੇ ਸੂਫ਼ੀ ਕਾਵਿ), ਡਾ. ਦਵਿੰਦਰ ਸਿੰਘ (ਪੰਜਾਬੀ ਸੂਫ਼ੀ ਸਾਹਿਤ ਅਧਿਐਨ) ਅਤੇ ਡਾ. ਕੁਲਜੀਤ ਸ਼ੈਲੀ (ਪੰਜਾਬੀ ਸੂਫ਼ੀ ਕਵਿਤਾ ਦਾ ਬਿੰਬ ਵਿਵੇਕ) ਦੇ ਨਾਮ ਲਏ ਜਾ ਸਕਦੇ ਹਨ।

## ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਸੰਬੰਧੀ ਖੋਜ

ਪੰਜਾਬੀ ਭਾਸ਼ਾ ਸੰਬੰਧੀ ਪ੍ਰੋ. ਪਿਆਰਾ ਸਿੰਘ ਪਦਮ, ਡਾ. ਹਰਦੇਵ ਬਾਹਰੀ, ਡਾ. ਪ੍ਰੇਮ ਪ੍ਰਕਾਸ਼, ਵਿਦਿਆ ਭਾਸਕਰ ਅਰੁਣ ਤੇ ਪ੍ਰੋ. ਦੁਨੀ ਚੰਦਰ ਦਾ ਨਾਮ ਅਹਿਮ ਹੈ। ਦੂਜੇ ਪਾਸੇ ਗੁਰਮੁਖੀ ਲਿਪੀ ਸੰਬੰਧੀ ਡਾ. ਜੀ. ਬੀ. ਸਿੰਘ ਤੇ ਪ੍ਰੋ. ਪ੍ਰੀਤਮ ਸਿੰਘ ਅਤੇ ਤ੍ਰਿਲੋਚਨ ਸਿੰਘ ਬੇਦੀ ਦਾ ਬੜਾ ਅਹਿਮ ਯੋਗਦਾਨ ਹੈ।

1. ਪੰਜਾਬੀ ਭਾਸ਼ਾ ਦੇ ਖੇਤਰ ਵਿਚ ਡਾ. ਮੋਹਨ ਸਿੰਘ ਦੀਵਾਨਾ ਨੇ ਆਪਣੀ ਪੁਸਤਕ 'ਪੰਜਾਬੀ ਭਾਸ਼ਾ ਅਤੇ ਛੰਦਾਬੰਦੀ' ਵਿਚ ਮਹੱਤਵਪੂਰਨ ਜਾਣਕਾਰੀ ਉਪਲਬਧ ਕਰਵਾਈ।

2. ਪ੍ਰਿੰ. ਤੇਜਾ ਸਿੰਘ ਨੇ 'ਪੰਜਾਬੀ ਕਿਵੇਂ ਲਿਖੀਏ' ਪੁਸਤਕ ਦੁਆਰਾ ਪੰਜਾਬੀ ਵਿਚ ਵਿਆਕਰਣ ਸ਼ੁੱਧਤਾ ਦੀ ਜਾਣਕਾਰੀ ਕਰਵਾਈ।

3. ਡਾ. ਜੀ. ਬੀ. ਸਿੰਘ ਨੇ 'ਗੁਰਮੁਖੀ ਲਿਪੀ ਦਾ ਨਿਕਾਸ ਵਿਕਾਸ' (1950) ਪੁਸਤਕ ਵਿਚ ਗੁਰਮੁਖੀ ਲਿਪੀ ਦੀ ਪ੍ਰਾਚੀਨਤਾ ਅਤੇ ਵਿਕਾਸ ਦਿਸ਼ਾਵਾਂ ਦੀ ਨਿਸ਼ਾਨਦੇਹੀ ਕੀਤੀ।

3. ਕਰਮ ਸਿੰਘ ਗੰਗਾਵਾਲਾ ਨੇ 1930 ਵਿਚ 'ਨਵੀਨ ਪੰਜਾਬੀ ਵਿਆਕਰਣ' ਦੀ ਪੁਸਤਕ ਰਚੀ।

4. ਪਿਆਰਾ ਸਿੰਘ ਪਦਮ ਨੇ 'ਪੰਜਾਬੀ ਬੋਲੀ ਦਾ ਨਿਕਾਸ ਅਤੇ ਵਿਕਾਸ' ਪੁਸਤਕ ਦੀ ਰਚਨਾ ਕਰਕੇ ਪੰਜਾਬੀ ਭਾਸ਼ਾ ਦੀ ਪ੍ਰਾਚੀਨਤਾ ਅਤੇ ਵਿਕਾਸ ਦੀ ਗੱਲ ਕੀਤੀ।

5. 1955 ਵਿਚ ਪ੍ਰੇਮ ਪ੍ਰਕਾਸ਼ ਦੀ ਪੁਸਤਕ 'ਪੰਜਾਬੀ ਭਾਸ਼ਾ ਦਾ ਨਿਕਾਸ ਅਤੇ ਵਿਕਾਸ' ਦੀ ਰਚਨਾ ਕੀਤੀ।

6. 1958 ਵਿਚ ਪ੍ਰੋ. ਪ੍ਰੀਤਮ ਸਿੰਘ ਨੇ ਪੰਜਾਬੀ ਦੁਨੀਆਂ ਖੋਜ ਰਸਾਲੇ ਵਿਚ 'ਪੰਜਾਬੀ ਗੁਰਮੁਖੀ ਲਿੱਪੀ ਦੀ ਉਤਪੱਤੀ ਤੇ ਵਿਕਾਸ' ਲੇਖ ਲਿਖਿਆ।

7. 1958 ਵਿਚ ਹਰਦੇਵ ਬਾਹਰੀ ਨੇ ਪੰਜਾਬੀ ਅਤੇ ਲਹਿੰਦੀ ਸੰਬੰਧੀ ਮੋਨੋਗ੍ਰਾਫ ਲਿਖਿਆ, ਜਿਸ ਨੂੰ ਭਾਸ਼ਾ ਵਿਭਾਗ ਨੇ ਛਾਪਿਆ।

8. 'ਪੰਜਾਬੀ ਭਾਸ਼ਾ ਦਾ ਵਿਕਾਸ' (1959) ਅਤੇ 'ਪੰਜਾਬੀ ਭਾਸ਼ਾ ਦਾ ਵਿਆਕਰਨ' (1964) ਪੁਸਤਕਾਂ ਦੀ ਰਚਨਾਂ ਕੀਤੀ।

9. 1970 ਵਿਚ ਸੰਤ ਸਿੰਘ ਸੇਖੋਂ ਨੇ 'ਪੰਜਾਬੀ ਬੋਲੀ ਦਾ ਇਤਿਹਾਸ', 1970 ਵਿਚ ਹੀ ਡਾ. ਜੀਤ ਸਿੰਘ ਸੀਤਲ ਨੇ 'ਪੰਜਾਬੀ ਭਾਸ਼ਾ ਦਾ ਆਲੋਚਨਾਤਮਕ ਅਧਿਐਨ' ਪੁਸਤਕਾਂ ਲਿਖੀਆਂ।

10. 1976 ਵਿਚ ਡਾ. ਪ੍ਰੇਮ ਪ੍ਰਕਾਸ਼ ਨੇ 'ਪੰਜਾਬੀ ਭਾਸ਼ਾ ਦਾ ਪਿਛੋਕੜ' ਪੁਸਤਕ ਰਚੀ। ਇਸ ਤੋਂ ਇਲਾਵਾ ਡਾ. ਆਤਮ ਸਿੰਘ ਦੀ 'ਇਤਿਹਾਸਕ ਭਾਸ਼ਾ ਵਿਗਿਆਨ (1966) ਅਤੇ ਸਮਾਜ ਭਾਸ਼ਾ ਵਿਗਿਆਨ' (1988), ਡਾ. ਜੋਗਿੰਦਰ ਸਿੰਘ ਪੁਆਰ ਵੱਲੋਂ ਸੰਪਾਦਿਤ 'ਭਾਸ਼ਾ ਵਿਗਿਆਨ : ਸੰਕਲਪ ਤੇ ਦਿਸ਼ਾਵਾਂ', ਡਾ. ਪਰਮਜੀਤ ਸਿੰਘ ਸਿੱਧੂ ਦੀ 'ਮਾਨਵ ਵਿਗਿਆਨਕ ਭਾਸ਼ਾ ਵਿਗਿਆਨ' (1988) ਪੁਸਤਕਾਂ ਵੀ ਮਹੱਤਵਪੂਰਨ ਹਨ।

**ਪੰਜਾਬੀ ਲੋਕਯਾਨ**

ਪੰਜਾਬੀ ਵਿਚ ਲੋਕਧਾਰਾ ਅਤੇ ਸਭਿਆਚਾਰ ਇਕ ਅਮੀਰ ਪਰੰਪਰਾ ਹੈ। ਜਿਸ ਸੰਬੰਧੀ ਮਨੁੱਖ ਦੀ ਆਦਿ ਕਾਲ ਤੋਂ ਹੀ ਪ੍ਰਗਤੀ ਤੇ ਵਿਕਾਸ ਹੁੰਦਾ ਆ ਰਿਹਾ ਹੈ। ਜਿੱਥੋਂ ਤਕ ਪੰਜਾਬੀ ਲੋਕਯਾਨ ਦਾ ਸੰਬੰਧ ਹੈ ਉਸ ਸੰਬੰਧੀ ਕਿਹਾ ਜਾ ਸਕਦਾ ਹੈ ਕਿ ਇਹ ਖੋਜ ਜਿੰਨੀ ਰਾਜਨੀਤਿਕ ਸੱਤਾ ਨਾਲ ਸੰਬੰਧ ਰੱਖਦੀ ਹੈ ਉਨੀ ਹੀ ਲੋਕਯਾਨ ਦੇ ਪ੍ਰੇਮੀਆਂ ਨੇ ਆਪਣੇ ਨਿੱਜੀ ਲਾਭ ਤੋਂ ਵੱਖਰੇ ਹੋ ਕੇ ਇਸ ਸੰਬੰਧੀ ਨਿਸ਼ਕਾਮ ਸੇਵਾ ਕੀਤੀ ਹੈ।

1. ਆਰ. ਸੀ. ਟੈਂਪਲ, ਆਰ. ਸੀ. ਫਰੋਲਾਸਟੀਲ ਅਤੇ ਚਾਰਲਸ ਸਵਿਨਰਟਨ ਜਿਹੇ ਕਈ ਅੰਗਰੇਜ਼ ਵਿਦਵਾਨਾਂ ਨੇ ਇਸ ਲੋਕਧਾਰਾਈ ਸਮੱਗਰੀ ਨੂੰ ਇਕੱਤਰ ਕੀਤਾ।

ਪੰਜਾਬੀ ਲੋਕਧਾਰਾ ਦੀ ਸਮੱਗਰੀ ਦਾ ਅਧਿਐਨ ਜਿੱਥੇ 1983 ਦੇ ਲਗਭਗ ਆਰੰਭ ਹੁੰਦਾ ਹੈ ਉਥੇ ਇਸ ਦਾ ਇਕੱਤਰੀਕਰਨ ਲਈ ਮੁੱਢਲੇ ਅਧਿਐਨ ਜਿੱਥੇ 1973 ਦੇ ਲਗਭਗ ਆਰੰਭ ਹੁੰਦਾ ਹੈ। ਦੇਵਿੰਦਰ ਸਤਿਆਰਥੀ ਦੀ ਪੁਸਤਕ 'ਗਿੱਧਾ' ਨੂੰ ਇਸ ਕਿਸਮ ਦਾ ਪਹਿਲਾ ਉੱਦਮ ਮੰਨਿਆ ਜਾਂਦਾ ਹੈ। ਦੇਵਿੰਦਰ ਸਤਿਆਰਥੀ ਦੀਆਂ ਹੋਰ ਪੁਸਤਕਾਂ ਵਿਚ 'ਦੀਵਾ ਬਲੇ ਸਾਰੀ ਰਾਤ' (1941), ਪੰਜਾਬੀ ਲੋਕ ਗੀਤ (ਸਹਿ. ਸੰਪ. ਮਹਿੰਦਰ ਸਿੰਘ ਰੰਧਾਵਾ 1960) ਅਤੇ ਪੰਜਾਬੀ ਲੋਕ ਸਾਹਿਤ ਵਿਚ ਸੈਨਿਕ (1970) ਸ਼ਾਮਿਲ ਹਨ।

2. ਸੁਰਿੰਦਰ ਸਿੰਘ ਵਣਜਾਰਾ ਬੇਦੀ ਨੇ 1937 ਵਿਚ ਲੋਕਧਾਰਾ ਸੰਬੰਧੀ ਖੋਜ ਸ਼ੁਰੂ ਕੀਤੀ। ਲੋਕ ਆਖਦੇ ਹਨ, ਇਕ ਘੁੱਟ ਰਸ ਦਾ, ਪੰਜਾਬ ਦੀ ਜਨੌਰ ਕਹਾਣੀਆਂ, ਪੰਜਾਬ ਦਾ ਲੋਕ ਸਾਹਿਤ, ਲੋਕਬੀਰ-ਰਾਜਾ ਰਸਾਲੂ ਆਦਿ ਵਿਚ ਉਸ ਨੇ ਲੋਕਧਾਰਾਈ ਸਮੱਗਰੀ ਇਕੱਤਰ ਕੀਤੀ ਹੈ। 1963-64 ਵਿਚ ਉਸਨੇ ਆਪਣੇ ਖੋਜ-ਪ੍ਰਬੰਧ ਪੰਜਾਬੀ ਅਖੌਤਾਂ ਦਾ ਆਲੋਚਨਾਤਮਕ ਅਧਿਐਨ ਰਾਹੀਂ ਲੋਕਧਾਰਾ ਦੇ ਅਧਿਐਨ ਦੀ ਪਿਰਤ ਪਾਈ। ਲੋਕਧਾਰਾ ਨਾਲ ਸੰਬੰਧਿਤ ਉਸਦੀਆਂ ਦੂਸਰੀਆਂ ਪੁਸਤਕਾਂ ਵਿਚ ਸੁਹਜ-ਪ੍ਰਬੰਧ, ਪੰਜਾਬ ਦੀ ਲੋਕਧਾਰਾ, ਗੁਰੂ ਨਾਨਕ ਤੇ ਲੋਕ-ਪ੍ਰਵਾਹ, ਗੁਰੂ ਅਰਜਨ ਦੇਵ ਦੀ ਬਾਣੀ ਵਿਚ ਲੋਕ-ਤੱਤ, ਮੱਧਕਾਲੀਨ ਕਥਾ : ਰੂਪ ਤੇ ਪਰੰਪਰਾ, ਲੋਕਧਾਰਾ ਤੇ ਸਾਹਿਤ ਆਦਿ ਦੇ ਨਾਮ ਵਰਣਨਯੋਗ ਹਨ।

3. ਸੁਖਦੇਵ ਮਾਦਪੁਰੀ ਪੰਜਾਬੀ ਲੋਕਧਾਰਾ ਨਾਲ ਸੰਬੰਧਿਤ ਇਕ ਪ੍ਰਸਿੱਧ ਖੋਜਾਰਥੀ ਹੈ। ਉਸ ਨੇ ਲੋਕ ਬੁਝਾਰਤਾਂ, ਜ਼ਰੀ ਦਾ ਟੋਟਾ, ਗਾਉਂਦਾ ਪੰਜਾਬ, ਨੈਣਾਂ ਦੇ ਵਣਜਾਰੇ, ਪੰਜਾਬ ਦੀਆਂ ਲੋਕ ਖੇਡਾਂ, ਪੰਜਾਬੀ ਬੁਝਾਰਤਾਂ ਅਤੇ ਫੁੱਲਾਂ ਭਰੀ ਚੰਗੇਰ ਪੁਸਤਕਾਂ ਵਿਚ ਪੰਜਾਬੀ ਲੋਕਧਾਰਾ ਨੂੰ ਇਕੱਠਾ ਕੀਤਾ।

4. ਡਾ. ਕਰਨੈਲ ਸਿੰਘ ਥਿੰਦ ਦਾ ਪੰਜਾਬੀ ਲੋਕਯਾਨ ਦੇ ਖੇਤਰ ਵਿਚ ਬੜਾ ਅਹਿਮ ਯੋਗਦਾਨ ਹੈ। 1973 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਉਸਦੀ ਅਗਵਾਈ ਵਿਚ ਲੋਕਧਾਰਾ ਸੰਬੰਧੀ ਇਕ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਪੜ੍ਹੇ ਗਏ ਖੋਜ-ਪੱਤਰਾਂ ਨੂੰ ਲੋਕਯਾਨ ਅਧਿਐਨ ਪੁਸਤਕ ਵਿਚ ਪੂਰੇ ਵੇਰਵਿਆਂ ਸਮੇਤ ਪ੍ਰਕਾਸ਼ਿਤ ਕੀਤਾ ਗਿਆ। 'ਪੰਜਾਬ ਦਾ ਲੋਕ ਵਿਰਸਾ' ਉਸਦੀ ਇਕ ਹੋਰ ਮਹੱਤਵਪੂਰਨ ਪੁਸਤਕ ਹੈ।

5. ਜੋਗਿੰਦਰ ਸਿੰਘ ਕੈਰੋਂ ਨੇ ਵੀ ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ ਅਤੇ ਵਰਗੀਕਰਨ, ਪੰਜਾਬੀ ਲੋਕ ਵਾਰਤਾ, ਲੋਕ ਕਹਾਣੀਆਂ ਅਤੇ ਬਾਤਾਂ ਸ਼ੇਰੇ ਪੰਜਾਬ ਦੀਆਂ ਪੁਸਤਕਾਂ ਲਿਖੀਆਂ।

6. ਨਾਹਰ ਸਿੰਘ ਨੇ 'ਲੋਕ ਕਾਵਿ' ਪੰਜਾਬੀ ਲੋਕ ਨਾਚ, ਖ਼ੂਨੀ ਨੈਣ ਜਲ ਭਰੇ, ਚੰਨਾ ਵੇ ਤੇਰੀ ਚਾਣਨੀ, ਰੜੇ ਭੰਬੀਰੀ ਬੋਲੇ, ਮਾਂ ਸੁਹਾਗਣ ਸ਼ਗਨ ਕਰੇ, ਕਾਲਿਆਂ ਹਿਰਨਾਂ ਰੋਹੀਏ ਫਿਰਨਾ, ਲੌਂਗ ਬੁਰਜੀਆਂ ਵਾਲਾ ਅਤੇ ਬਾਗੀਂ ਚੰਬਾ ਖਿੜ ਰਿਹਾ ਆਦਿ ਮਹੱਤਵਪੂਰਨ ਪੁਸਤਕਾਂ ਪੰਜਾਬੀ ਲੋਕਧਾਰਾ ਨਾਲ ਸੰਬੰਧਿਤ ਪੇਸ਼ ਕੀਤੀਆਂ।

7. ਯੂਨੀਵਰਸਿਟੀਆਂ ਵਿਚ ਹੋਏ ਖੋਜ ਨਾਲ ਸੰਬੰਧਿਤ ਖੋਜ-ਪ੍ਰਬੰਧ ਵੀ ਲਿਖੇ ਗਏ ਜਿਨ੍ਹਾਂ ਵਿਚ ਪ੍ਰੋ. ਕਰਮ ਸਿੰਘ ਦੀ 'ਢੱਡ ਸਰੰਗੀ ਵਜਦੀ ਮਾਲਵੇ', ਡਾ. ਲਾਭ ਸਿੰਘ ਖੀਵਾ ਦੀਆਂ 'ਮਲਵਈ ਗਉਣ', 'ਮਾਲਵੇ ਦੀ ਕਵੀਸ਼ਰੀ ਪਰੰਪਰਾ', 'ਮਲਵਈ ਗਾਉਣਾ ਦਾ ਅਧਿਐਨ ਅਤੇ ਸੰਪਾਦਨ', ਸਹਰਯਾਰ ਦੀ 'ਵਿਚ ਵਿਚ ਰਖਦੇ ਮੋਰੀਆਂ', ਡਾ. ਗੁਰਮੀਤ ਸਿੰਘ ਦੀ 'ਲੋਕਧਾਰਾ ਦੇ ਕੁਝ ਪੱਖ', ਸੁਸ਼ੀਲ ਸ਼ਰਮਾ ਦੀ 'ਲੋਕ ਗੀਤਾਂ ਵਿਚ ਸਮਾਜਿਕ ਜੀਵਨ' ਭੁਪਿੰਦਰ ਸਿੰਘ ਖਹਿਰਾ ਦੀਆਂ ਲੋਕਯਾਨ ਭਾਸ਼ਾ ਅਤੇ ਸਭਿਆਚਾਰ, ਪੰਜਾਬੀ ਮਿਥਕ ਕਥਾਵਾਂ ਦੀ ਚਿੰਨ੍ਹ ਜੁਗਤ, ਭਾਵ ਲੋਕ, ਇਕਬਾਲ ਕੌਰ ਸੌਂਦ ਪੰਜਾਬੀ ਲੋਕਯਾਨ ਆਦਿਕ ਪੁਸਤਕਾਂ ਵਰਣਨਯੋਗ ਹਨ।

**ਸਭਿਆਚਾਰ ਸੰਬੰਧੀ**

1. ਸਭਿਆਚਾਰ ਦਾ ਮੁੱਢ ਬੰਨ੍ਹਣ ਵਿਚ ਡਾ. ਗੁਰਬਖ਼ਸ਼ ਸਿੰਘ ਫਰੈਂਕ ਨੇ ਮੋਢੀ ਭੂਮਿਕਾ ਨਿਭਾਈ। ਉਸ ਦੀਆਂ ਦੋ ਪੁਸਤਕਾਂ ਸਭਿਆਚਾਰ : ਮੁੱਢਲੀ ਜਾਣ-ਪਛਾਣ ਅਤੇ ਸਭਿਆਚਾਰ ਤੇ ਪੰਜਾਬੀ ਸਭਿਆਚਾਰ ਵਰਤਾਰੇ ਨੂੰ ਪਰਿਭਾਸ਼ਿਤ ਕਰਦਾ ਅਤੇ ਇਸ ਦੇ ਤੱਤਾਂ ਨੂੰ ਨਿਰਧਾਰਿਤ ਕਰਦਾ ਹੈ।

2. ਪ੍ਰੋ. ਕਿਰਪਾਲ ਕਜ਼ਾਕ ਦੀਆਂ ਪੁਸਤਕਾਂ 'ਪੰਜਾਬ ਦੇ ਟੱਪਰੀਵਾਸ ਕਬੀਲੇ ਦਾ ਸਭਿਆਚਾਰ' 'ਲੋਕ ਖੇਡਾਂ ਤੇ ਪੰਜਾਬੀ ਸਭਿਆਚਾਰ', 'ਗਾਡੀ ਲੁਹਾਰ ਦਾ ਸਭਿਆਚਾਰ' ਆਦਿ ਪੰਜਾਬੀ ਸਭਿਆਚਾਰ ਪੱਖੋਂ ਮਹੱਤਵਪੂਰਨ ਪੁਸਤਕਾਂ ਹਨ।

3. ਡਾ. ਜਸਵਿੰਦਰ ਸਿੰਘ ਨੇ ਆਪਣਾ ਖੋਜ ਕਾਰਜ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਕੀਤਾ ਹੈ। ਉਸ ਦੀ ਪੁਸਤਕ 'ਸਭਿਆਚਾਰ ਤੇ ਕਿੱਸਾ ਕਾਵਿ' ਵਿਚ 1900 ਈ. ਤੋਂ 1950 ਈ. ਤਕ ਲਿਖੇ ਕਿੱਸਿਆਂ ਨੂੰ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਕਰਕੇ ਵਿਚਾਰਿਆ ਗਿਆ ਹੈ। ਉਸਦੀਆਂ ਦੂਸਰੀਆਂ ਪੁਸਤਕਾਂ 'ਪੰਜਾਬੀ ਲੋਕ ਸਾਹਿਤ ਸ਼ਾਸਤਰ' ਅਤੇ 'ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ' ਵੀ ਬੜੀਆਂ ਮਹੱਤਵਪੂਰਨ ਹਨ।

4. ਡਾ. ਜੀਤ ਸਿੰਘ ਜੋਸ਼ੀ ਨੇ ਪੰਜਾਬੀ ਸਭਿਆਚਾਰ ਬਾਰੇ ਅਤੇ ਸਭਿਆਚਾਰ ਤੇ ਲੋਕਧਾਰਾ ਦੇ ਮੂਲ ਸਰੋਕਾਰ ਪੁਸਤਕਾਂ ਦੀ ਰਚਨਾ ਕੀਤੀ।

5. ਡਾ. ਅਮਰਜੀਤ ਗਰੇਵਾਲ ਦੀ ਪੁਸਤਕ ਪੰਜਾਬੀ ਸੱਭਿਆਚਾਰ ਦਾ ਭਵਿੱਖ ਸਮਕਾਲੀ ਸਰੋਕਾਰਾਂ ਨਾਲ ਪੰਜਾਬੀ ਸਭਿਆਚਾਰ ਨੂੰ ਸੰਬੰਧਿਤ ਕਰਕੇ ਇਸ ਦੇ ਭਵਿੱਖ ਦੀ ਚਰਚਾ ਕਰਦਾ ਹੈ।

6. ਪੰਜਾਬੀ ਯੂਨੀਵਰਸਿਟੀ ਵਿਚ ਸਭਿਆਚਾਰ ਬਾਰੇ ਹੋਏ ਸੈਮੀਨਾਰ ਨੂੰ 'ਪੰਜਾਬੀ ਸਭਿਆਚਾਰ : ਇਕ ਵਿਸ਼ਲੇਸ਼ਣ' ਨਾਮ ਹੇਠ ਪ੍ਰਕਾਸ਼ਿਤ ਕੀਤਾ ਗਿਆ। ਪੰਜਾਬੀਅਤ ਸੰਬੰਧੀ ਡਾ. ਧਨਵੰਤ ਕੌਰ ਦੀ ਸੰਪਾਦਿਤ ਪੁਸਤਕ 'ਪੰਜਾਬੀਅਤ : ਸੰਕਲਪ ਤੇ ਸਰੂਪ' ਵੀ ਇਸੇ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ।

# ਪ੍ਰਮੁੱਖ ਪੰਜਾਬੀ ਆਲੋਚਕ

## ਪ੍ਰੋ. ਕਿਸ਼ਨ ਸਿੰਘ

ਮਾਰਕਸਵਾਦੀ ਆਲੋਚਨਾ ਦੀ ਪਰੰਪਰਾ ਵਿਚ ਪ੍ਰੋ. ਕਿਸ਼ਨ ਸਿੰਘ ਦੀ ਦੇਣ ਬੜੀ ਮਹੱਤਵਪੂਰਨ ਰਹੀ ਹੈ। ਪੰਜਾਬੀ ਪ੍ਰਗਤੀਵਾਦੀ ਆਲੋਚਨਾ ਦੇ ਖੇਤਰ ਵਿਚ ਪ੍ਰੋ. ਕਿਸ਼ਨ ਸਿੰਘ ਦਾ ਨਾਂ ਪ੍ਰਮੁੱਖ ਹੈ। 'ਸੇਧ' ਮੈਗਜ਼ੀਨ ਵਿਚ ਸਮੇਂ ਸਮੇਂ ਸਾਹਿੱਤ ਦੇ ਵਿਕੋਲਿਤਰੇ ਲੇਖਾਂ ਤੋਂ ਬਿਨਾਂ ਪ੍ਰੋ. ਕਿਸ਼ਨ ਸਿੰਘ ਦੀਆਂ ਪੰਜ ਆਲੋਚਨਾਤਮਕ ਪੁਸਤਕਾਂ 'ਸਾਹਿਤ ਦੇ ਸੋਮੇ', 'ਸਾਹਿਤ ਦੀ ਸਮਝ', 'ਸਿੱਖ ਇਨਕਲਾਬ ਦਾ ਮੋਢੀ : ਗੁਰੂ ਨਾਨਕ', 'ਗੁਰਬਾਣੀ ਦਾ ਸੱਚ' ਅਤੇ 'ਗੁਰਦਿਆਲ ਸਿੰਘ ਦੀ ਨਾਵਲ ਚੇਤਨਾ', 'ਆਏ ਇਨਕਲਾਬ ਕੁਰਾਹੇ ਕਿਉਂ', 'ਕਲਚਰ ਇਨਕਲਾਬ' ਅਤੇ 'ਸੱਚ ਪੁਰਾਣਾ ਨਾ ਥੀਐ' ਪ੍ਰਾਪਤ ਹਨ। ਪ੍ਰੋ. ਕਿਸ਼ਨ ਸਿੰਘ ਦਾ ਵਿਚਾਰ ਹੈ ਕਿ ਸਮੇਂ ਦੇ ਸਮਾਜ ਅਤੇ ਵਿਅਕਤੀ ਦੀ ਜ਼ਿੰਦਗੀ ਦੀ ਤੌਰ ਨੂੰ ਸਮਝਣਾ ਸਾਹਿਤਕਾਰ ਵਾਸਤੇ ਆਪਣੇ ਮਨੋਰਥ ਵਲ ਤੁਰਨ ਦਾ ਪਹਿਲਾ ਕਦਮ ਹੈ। ਜੇ ਸਮਾਜ ਦੀ ਡਾਇਲੈਕਟਿਕਸ ਦੇ ਸਮਝਣ ਵਿੱਚ ਸਾਹਿੱਤਕਾਰ ਟਪਲਾ ਖਾ ਜਾਵੇ ਤਾਂ ਉਸ ਦਾ ਰਚਿਆ ਸਾਹਿੱਤ ਲੋਕਾਂ ਦੀ ਸਹੀ ਅਗਵਾਈ ਕਰਨ ਦੀ ਥਾਂ ਉਨ੍ਹਾਂ ਨੂੰ ਗੁਮਰਾਹ ਕਰੇਗਾ।

ਉਸ ਦਾ ਵਿਚਾਰ ਹੈ ਕਿ ਡਾਇਲੈਕਟਿਕਸ ਦਾ ਪੈਂਤੜਾ ਵਿਖਾਉਣਾ ਹੀ ਕਾਫ਼ੀ ਨਹੀਂ, ਜ਼ਿਆਦਾ ਜ਼ਰੂਰੀ ਇਸ ਦੀ ਤੋਰ ਨੂੰ ਵਿਖਾਉਣਾ ਅਤੇ ਜੋ ਸਿੱਟੇ ਇਸ ਤੋਂ ਨਿਕਲਦੇ ਹਨ, ਉਨ੍ਹਾਂ ਨੂੰ ਪ੍ਰਤੱਖ ਕਰਨਾ ਹੈ। ਆਪਣੇ ਇਸ ਦ੍ਰਿਸ਼ਟੀਕੋਣ ਦੀ ਰੌਸ਼ਨੀ ਵਿਚ ਉਹ ਗਾਰਗੀ ਦੇ 'ਲੋਹਾ ਕੁੱਟ' ਨੂੰ ਇਕ ਅਪ੍ਰਮਾਣੀਕ ਰਚਨਾ ਮੰਨਦਾ ਹੈ ਕਿਉਂਕਿ ਇਸ ਨਾਟਕ ਵਿਚ ਕੱਢੇ ਗਏ ਸਿੱਟਿਆਂ ਨੂੰ ਉਹ ਮਿਥਿਆ ਮੰਨਦਾ ਹੈ। ਇਸ ਦੇ ਵਿਪਰੀਤ ਵਾਰਿਸ ਸ਼ਾਹ ਰਚਿਤ ਹੀਰ ਨੂੰ ਉਹ ਯਥਾਰਥ ਦਾ ਇਕ ਪ੍ਰਤੀਨਿਧ ਮਾਡਲ ਮੰਨਦਾ ਹੈ। ਉਸ ਅਨੁਸਾਰ ਵਾਰਿਸ ਸ਼ਾਹ ਨੇ ਸਮਾਜ ਵਿਚ ਚੱਲ ਰਹੀ ਜਮਾਤੀ ਟੱਕਰ ਨੂੰ ਸਹੀ ਰੂਪ ਵਿਚ ਨਿਭਾਇਆ ਹੈ। ਉਹ ਸਾਹਿਤਕਾਰ ਨੂੰ ਇਕ ਚੇਤੰਨ ਅਤੇ ਪ੍ਰਗਤੀਸ਼ੀਲ ਵਿਅਕਤੀ ਦੇ ਰੂਪ ਵਿਚ ਵੇਖਦਾ ਹੈ। ਉਸ ਦਾ ਵਿਚਾਰ ਹੈ ਕਿ ਸਾਹਿੱਤਕਾਰ ਦਾ ਕਰਤਵ, ਸਮਾਜਕ ਸੰਭਾਵਨਾਵਾਂ ਦੇ ਮਸਲਿਆਂ ਨੂੰ ਜਾਤੀ ਮਨੋਰਥਾਂ ਤੇ ਜਜ਼ਬਿਆਂ ਦੇ ਰੂਪ ਵਿਚ ਵੇਖਣਾ ਹੈ।

ਪ੍ਰੋ. ਕਿਸ਼ਨ ਸਿੰਘ ਸਾਹਿਤ ਨੂੰ ਵਿਅਕਤੀ ਦੀ ਆਜ਼ਾਦੀ ਦੇ ਮਸਲੇ ਨਾਲ ਜੋੜ ਕੇ ਵੇਖਦਾ ਹੈ। ਉਸ ਅਨੁਸਾਰ ਬੰਦੇ ਦੀ ਸਰਬੱਤ ਦੀ ਆਜ਼ਾਦੀ ਦਾ ਮਸਲਾ ਲੰਮੀ, ਲਗਾਤਾਰ, ਪੇਚੀਦਾ, ਆਰਥਿਕ ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਦਾ ਮਸਲਾ, ਦਿਮਾਗੀ ਸਮਝ ਤੇ ਅਮਲ ਦੋਹਾਂ ਦੀ ਮੰਗ ਕਰਦਾ ਹੈ। ਸਿਧਾਂਤ ਦੇ ਅਮਲ ਦੀ

ਦੋਹਾਂ ਦੀ ਏਕਤਾ ਲੋੜੀਦੀ ਹੈ। ਉਹ ਸਾਹਿਤਕਾਰ ਦੀ ਸ਼ੈਲੀ ਨੂੰ ਉਸ ਦੀ ਸਿਰਜਣਾਤਮਕ ਪ੍ਰਤਿਭਾ ਦੇ ਇਕ ਲਾਜ਼ਮੀ ਅੰਗ ਵਜੋਂ ਪਛਾਣਦਾ ਹੈ। ਉਸ ਅਨੁਸਾਰ ਕਿਸੇ ਦੌਰ ਦੀ ਸ਼ੈਲੀ ਉਸ ਦੀ ਕਲਚਰ ਦੀ ਪੈਦਾਵਾਰ ਹੁੰਦੀ ਹੈ ਅਤੇ ਕਲਾ ਦੇ ਮਾਧਿਅਮ ਵਿਚ ਉਸ ਦੌਰ ਦੀ ਸ਼ਕਤੀ ਦੇ ਰੂਪ ਦੀ ਤਰਜਮਾਨੀ ਕਰਦੀ ਹੈ। ਕਿਸ਼ਨ ਸਿੰਘ ਦੀ ਆਲੋਚਨਾ 'ਫ਼ਾਰਮ' ਅਤੇ 'ਕੰਟੈਂਟ' ਦੇ ਮਸਲੇ ਨੂੰ ਨਜਿੱਠਣ ਦੀ ਕੋਸ਼ਿਸ਼ ਵੀ ਕਰਦੀ ਹੈ। ਉਸ ਅਨੁਸਾਰ ਜਿਸ ਤਰ੍ਹਾਂ ਬੋਲੀ ਸਮਾਜਿਕ ਅਨੁਭਵ ਦੇ ਮਗਰ ਤੁਰਦੀ ਹੈ। ਇਸੇ ਤਰ੍ਹਾਂ ਫ਼ਾਰਮ, ਕੰਟੈਂਟ ਦੇ ਮਗਰ ਜਾਂਦੀ ਹੈ (ਭਾਵੇਂ ਇਸ ਤੇ ਮੋੜਵਾਂ ਅਸਰ ਵੀ ਪਾਉਂਦੀ ਹੈ।)

ਪ੍ਰੋ. ਕਿਸ਼ਨ ਸਿੰਘ ਦੀ ਪ੍ਰਗਤੀਵਾਦੀ ਆਲੋਚਨਾ ਦੇ ਸੰਖੇਪ ਸਰਵੇਖਣ ਤੋਂ ਉਪਰੰਤ ਇਸ ਸਿੱਟੇ 'ਤੇ ਪਹੁੰਚਣਾ ਔਖਾ ਨਹੀਂ ਕਿ ਇਹ ਆਲੋਚਨਾ ਸਾਹਿਤ ਅਤੇ ਸਮਾਜ ਵਿਚ ਅਨਿਵਾਰੀ ਸੰਬੰਧਾਂ ਨੂੰ ਪਛਾਨਣ 'ਤੇ ਜ਼ੋਰ ਦਿੰਦੀ ਹੈ। ਉਸਦੇ ਵਿਚਾਰਾਂ ਦੇ ਰਸਤੇ ਵਿਚ ਉਸਦਾ ਦਾ ਸਭ ਤੋਂ ਵੱਡਾ ਆਲੋਚਕ ਸੰਤ ਸਿੰਘ ਸੇਖੋਂ ਰਿਹਾ ਹੈ।

**ਸੰਤ ਸਿੰਘ ਸੇਖੋਂ**

ਪੰਜਾਬ ਵਿਚ ਪ੍ਰਗਤੀਵਾਦੀ ਆਲੋਚਨਾ ਪਰੰਪਰਾ ਦਾ ਸੂਤਰਪਾਤ ਪ੍ਰੋ. ਸੰਤ ਸਿੰਘ ਸੇਖੋਂ ਰਚਿਤ 'ਸਾਹਿਤਿਆਰਥ' ਨਾਲ ਹੋਇਆ। ਇਸ ਪੁਸਤਕ ਵਿਚ ਕਾਵਿ ਦੀ ਪ੍ਰਕ੍ਰਿਤੀ ਅਤੇ ਸਰੂਪ ਸੰਬੰਧੀ ਮਾਰਕਸਵਾਦੀ ਸੌਂਦਰਯ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਲਿਖੇ ਹੋਏ ਕੁਝ ਲੇਖ ਸੰਕਲਿਤ ਹਨ। ਇਹ ਲੇਖ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਐਮ.ਏ. (ਪੰਜਾਬੀ) ਦੇ ਵਿਦਿਆਰਥੀਆਂ ਦੀ ਸਹੂਲਤ ਵਾਸਤੇ ਲਿਖਣੇ ਸ਼ੁਰੂ ਕੀਤੇ ਸਨ। ਬਾਅਦ ਵਿਚ ਉਹ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਵਿਦਿਆਰਥੀਆਂ ਦੀਆਂ ਪੋਸਟ-ਗਰੈਜੂਏਟ ਜਮਾਤਾਂ ਲੈਣ ਜਾਇਆ ਕਰਦਾ ਸੀ ਤਾਂ ਉਸ ਸਮੇਂ ਪ੍ਰੋ. ਸੇਖੋਂ ਨੇ ਇਹ ਕੰਮ ਮੁਕੰਮਲ ਕਰ ਲਿਆ। ਇਸ ਤਰ੍ਹਾਂ ਪੰਜਾਬੀ ਦੀ ਪ੍ਰਗਤੀਵਾਦੀ ਆਲੋਚਨਾ ਪਰੰਪਰਾ ਦਾ ਮੁੱਢ 1957 ਵਿਚ 'ਪੰਜਾਬੀ ਕਾਵਿ ਸ਼ਿਰੋਮਣੀ', 'ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁੱਗ', 'ਭਾਈ ਗੁਰਦਾਸ', 'ਪ੍ਰਸਿੱਧ ਪੰਜਾਬੀ ਕਵੀ' (ਸੰਪਾ.) ਅਤੇ 'ਹੀਰ ਵਾਰਿਸ ਸ਼ਾਹ' (ਸੰਪਾ.) ਆਦਿਕ ਪੁਸਤਕਾਂ ਦੀ ਰਚਨਾ ਵੀ ਕੀਤੀ। ਇਹ ਪੁਸਤਕਾਂ ਉਸ ਦੇ ਪ੍ਰਗਤੀਵਾਦੀ ਚਿੰਤਨ ਅਤੇ ਲੇਖਣ ਦੀ ਭਰਪੂਰ ਗਵਾਹੀ ਜੁਟਾਉਂਦੀਆਂ ਹਨ।

ਉਸ ਦੀ ਦ੍ਰਿਸ਼ਟੀ ਵਿਚ ਕਿੱਸਾ ਕਾਵਿ ਅਤੇ ਸੂਫ਼ੀ ਧਾਰਾ ਨਾਲ ਜੁੜੇ ਹੋਏ ਮਹਾਨ ਕਵੀ ਵੀ ਅਪਸਰਾਵਾਦੀ ਅਤੇ ਪਿਛਾਂਹ-ਖਿੱਚੂ ਸਿੱਧ ਹੁੰਦੇ ਹਨ। ਉਸ ਨੇ ਵਾਰਿਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਵਰਗੇ ਮਹਾਨ ਕਵੀਆਂ ਦਾ ਮੁਲੰਕਣ ਆਪਣੀ ਇਸੇ ਮਕੈਨੀਕਲ ਪਹੁੰਚ ਦੁਆਰਾ ਕੀਤਾ ਹੈ। ਸੰਤ ਸਿੰਘ ਸੇਖੋਂ ਸਾਹਿੱਤ ਅਤੇ ਹੋਰ ਕਲਾਵਾਂ ਪ੍ਰਤੀ ਕਲਾਸਕੀਵਾਦ ਦ੍ਰਿਸ਼ਟੀਕੋਣ ਦਾ ਧਾਰਣੀ ਹੈ। ਉਹ ਮਾਰਕਸਵਾਦ ਦੇ ਨਾਲ-ਨਾਲ ਕਲਾਸਿਕੀ ਕਾਵਿ-ਸ਼ਾਸਤਰ ਦੇ ਨਿਯਮਾਂ ਦੀ ਪਾਲਣਾ ਵੀ ਬੜੀ ਸਖ਼ਤੀ ਨਾਲ ਕਰਦਾ/ਕਰਵਾਉਂਦਾ ਹੈ। ਸੇਖੋਂ-ਆਲੋਚਨਾ ਦਾ ਇਕ ਹੋਰ ਵਿਵਾਦਗ੍ਰਸਤ ਨੁਕਤਾ ਗੁਰਬਾਣੀ ਅਤੇ ਲੋਕ-ਗੀਤਾਂ ਨੂੰ ਸਾਹਿਤ ਦੇ ਘੇਰੇ ਵਿਚੋਂ ਬਾਹਰ ਕੱਢਣਾ ਹੈ। ਉਸ ਦਾ ਵਿਚਾਰ ਹੈ ਕਿ ਇਹ ਦੋਵੇਂ ਰੂਪ

ਸਾਹਿੱਤ ਦੇ ਸਥਾਪਿਤ ਪ੍ਰਤੀਮਾਨਾਂ ਉੱਤੇ ਪੂਰੇ ਨਹੀਂ ਉੱਤਰਦੇ। ਇਸੇ ਲਈ ਉਹ ਗੁਰਬਾਣੀ ਨੂੰ 'ਪਰਾ ਸਾਹਿਤ' ਅਤੇ ਲੋਕ ਗੀਤਾਂ ਨੂੰ 'ਅਣ-ਸਾਹਿਤ' ਜਾਂ 'ਨਿਮਨ ਸਾਹਿੱਤ' ਕਹਿ ਕੇ ਇੰਨ੍ਹਾਂ ਰੂਪਾਂ ਉੱਤੇ ਆਲੋਚਨਾ ਕਰਨ ਤੋਂ ਸੰਕੋਚ ਕਰਦਾ ਹੈ।

**ਸਾਹਿਤਿਆਰਥ :** ਆਲੋਚਨਾ ਦੇ ਖੇਤਰ ਵਿਚ ਸੰਤ ਸਿੰਘ ਸੇਖੋਂ ਦੀ ਸਭ ਤੋਂ ਵੱਡੀ ਉਪਲਬਧੀ 'ਸਾਹਿਤਿਆਰਥ' ਨੂੰ ਹੀ ਮੰਨਿਆ ਜਾਂਦਾ ਹੈ, ਭਾਵੇਂ ਇਸ ਪੁਸਤਕ ਵਿਚ ਸਾਹਿਤ ਦੀ ਸਿਰਜਣ-ਪ੍ਰਕਿਰਿਆ, ਮਨੋਰਥ ਅਤੇ ਇਸਦੇ ਪ੍ਰਭਾਵ ਬਾਰੇ ਕੁਝ ਸਾਮਾਨਯ ਸੰਕਲਪ ਪੇਸ਼ ਤਾਂ ਹੋਏ ਹਨ ਪਰ ਮੂਲ ਰੂਪ ਵਿਚ ਇਹ ਪੁਸਤਕ ਕਾਵਿ ਦੀ ਰਚਨਾ-ਪ੍ਰਕਿਰਿਆ ਅਤੇ ਇਸਦੇ ਉਦੇਸ਼ਾਂ ਨਾਲ ਸੰਬੰਧਿਤ ਹੈ। 'ਸਾਹਿਤਿਆਰਥ' ਵਿਚਲੀ ਵਸਤੂ-ਸਮੱਗਰੀ ਦੇ ਵਿਸ਼ਲੇਸ਼ਣ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਸੇਖੋਂ ਨੇ ਇਸ ਪੁਸਤਕ ਵਿਚ ਕਾਵਿ ਦੀ ਪ੍ਰਕਿਰਤੀ, ਰਚਨਾ-ਪ੍ਰਕਿਰਿਆ, ਕਾਵਿ-ਅਨੁਭਵ ਅਤੇ ਕਾਵਿ-ਸ਼ਿਲਪ ਸੰਬੰਧੀ ਬਹੁਤ ਵਿਸਤਾਰ ਅਤੇ ਅਧਿਕਾਰ ਨਾਲ ਲਿਖਿਆ ਹੈ। ਪੰਜਾਬੀ ਵਿਚ ਰੂਪਾਕਾਰਕ ਆਲੋਚਨਾ ਦੀ ਇਹ ਪਹਿਲੀ ਪੁਸਤਕ ਹੈ ਅਤੇ ਇਸਦਾ ਨਾਮ 'ਸਾਹਿਤਿਆਰਥ' ਦੀ ਬਜਾਇ 'ਕਾਵਯਾਰਥ' ਹੋਣਾ ਚਾਹੀਦਾ ਸੀ। ਇਸ ਪੁਸਤਕ ਵਿਚ 24 ਲੇਖ ਸੰਕਲਿਤ ਹਨ, ਜਿੰਨ੍ਹਾਂ ਵਿਚ ਕਾਵਿ-ਕਰਮ ਨਾਲ ਸੰਬੰਧਿਤ ਵਿਭਿੰਨ ਸਰੋਕਾਰਾਂ ਬਾਰੇ ਚਰਚਾ ਕੀਤੀ ਗਈ ਹੈ।

**ਕਾਵਿ ਅਨੁਭਵ :** ਸੰਤ ਸਿੰਘ ਸੇਖੋਂ ਅਨੁਸਾਰ ਉੱਤਮ ਕਾਵਿ ਨੂੰ ਸਾਧਾਰਣ ਪੱਧਰ ਦੇ ਕਾਵਿ ਨਾਲੋਂ ਨਿਖੇੜਨ ਵਾਲਾ ਗੁਣ-ਤੱਤ ਕਾਵਿ-ਅਨੁਭਵ ਹੈ। ਲੇਖਕ ਅਨੁਸਾਰ ਕਿਸੇ ਕਵੀ ਨੂੰ ਉਸੇ ਵਿਸ਼ੇ ਬਾਰੇ ਕਵਿਤਾ ਲਿਖਣੀ ਚਾਹੀਦੀ ਹੈ, ਜਿਸਦਾ ਉਸ ਨੂੰ ਯੋਗ ਅਨੁਭਵ ਹੋਵੇ।

**ਆਲੋਚਨਾ ਤੇ ਪ੍ਰਮਾਣ :** ਪ੍ਰੋ. ਸੰਤ ਸਿੰਘ ਸੇਖੋਂ ਨੇ ਆਪਣੇ ਇਕ ਲੇਖ 'ਆਲੋਚਨਾ ਤੇ ਪ੍ਰਮਾਣ' (ਪ੍ਰਤਿਮਾਨ) ਵਿਚ ਲਿਖਿਆ ਹੈ ਕਿ ਆਲੋਚਨਾ ਵਿਚ ਮੁੱਲ ਪਾਉਣ ਦਾ ਅੰਸ਼ ਵੀ ਆ ਜਾਂਦਾ ਹੈ। ਇਹ ਮੁੱਲ ਕਿਸੇ ਪ੍ਰਮਾਣ, ਮੰਨੇ ਹੋਏ, ਥਾਪੇ ਹੋਏ ਮਾਪ-ਤੋਲ ਨੂੰ ਮੁੱਖ ਰੱਖ ਕੇ ਨਿਸਚਿਤ ਕੀਤਾ ਹੁੰਦਾ ਹੈ। ਪ੍ਰਮਾਣ ਦੇ ਦੋ ਮੁਖ ਆਧਾਰ ਹਨ -ਇਕ ਨਿੱਜੀ, ਮਾਨਵੀ ਸੁਖ, ਭਲਾ ਜਾਂ ਹਿਤ ਅਤੇ ਦੂਜਾ ਸਮਾਜਿਕ ਸੁਖ, ਭਲਾ ਜਾਂ ਹਿਤ। ਸੰਤ ਸਿੰਘ ਸੇਖੋਂ ਉਨ੍ਹਾਂ ਰਚਨਾਵਾਂ ਨੂੰ ਮਹਾਨ ਮੰਨਦਾ ਹੈ ਜਿੰਨ੍ਹਾਂ ਵਿਚ ਸਮਾਜਿਕ ਸੁੱਖ ਦੀ ਗੱਲ ਕੀਤੀ ਗਈ ਹੋਵੇ। ਉਸ ਅਨੁਸਾਰ ਪੁਰਾਤਨ ਸਮੇਂ ਦਾ ਪ੍ਰਮਾਣਿਕ ਸਾਹਿੱਤ ਉਹ ਹੈ ਜਿਸ ਵਿਚ ਮਨੁੱਖ ਦੇ ਆਦਰਸ਼ਕ ਰੂਪ ਦੀ ਪੇਸ਼ਕਾਰੀ ਕੀਤੀ ਗਈ ਸੀ।

**ਸਾਹਿਤਿਆਰਥ ਤੋਂ ਬਾਅਦ :** 'ਸਾਹਿਤਿਆਰਥ' ਤੋਂ ਬਾਅਦ ਵੀ ਸੰਤ ਸਿੰਘ ਸੇਖੋਂ ਆਲੋਚਨਾ ਦੇ ਖੇਤਰ ਵਿਚ ਨਿਰੰਤਰ ਕਰਮਸ਼ੀਲ ਰਿਹਾ। ਉਸਦੇ ਗ਼ੈਰ-ਰਵਾਇਤੀ ਅਤੇ ਮਰਯਾਦਾਭੰਜਕ ਵਿਚਾਰਾਂ ਦੇ ਕਾਰਨ ਉਸ ਨੂੰ ਭਾਵੇਂ ਕਿਸੇ ਯੂਨੀਵਰਸਿਟੀ ਨੇ ਤਾਂ 'ਚੇਅਰ' ਨਾ ਦਿਤੀ ਪਰ ਆਲੋਚਨਾ ਦੇ ਖੇਤਰ ਵਿਚ ਉਸਦੀ ਅਸਾਧਾਰਣ ਪ੍ਰਤਿਭਾ ਨੂੰ ਸਤਿਕਾਰਿਆ ਜਾਂਦਾ ਜਾਂਦਾ ਰਿਹਾ। ਇਥੋਂ ਤਕ ਸੇਖੋਂ-ਪੱਖੀ ਹੋਣ ਦਾ ਅਰਥ ਬੁੱਧੀਮਾਨ ਅਤੇ ਪ੍ਰਗਤੀਸ਼ੀਲ ਬਣ ਗਿਆ ਸੀ ਅਤੇ ਸੇਖੋਂ ਵਿਰੋਧੀਆਂ ਨੂੰ ਪ੍ਰਤਿਗਾਮੀ ਅਤੇ

ਅਹਿਮਕ ਜਾਣ ਕੇ ਉਨ੍ਹਾਂ ਤੋਂ ਬਚਿਆ ਜਾਂਦਾ ਸੀ। ਪੰਜਾਬੀ ਦੇ ਸਾਰੇ ਵੱਡੇ ਆਲੋਚਕ-ਡਾ. ਅਤਰ ਸਿੰਘ, ਜੋਗਿੰਦਰ ਸਿੰਘ ਰਾਹੀ, ਟੀ. ਆਰ. ਵਿਨੋਦ, ਤੇਜਵੰਤ ਸਿੰਘ ਗਿੱਲ, ਕੇਸਰ ਸਿੰਘ ਕੇਸਰ ਆਦਿ ਸੇਖੋਂ ਦੀ ਹਰ ਧਾਰਨਾ ਉੱਪਰ ਮੋਹਰ ਲਾ ਕੇ ਆਪਣੀ ਪਦ-ਪ੍ਰਤਿਸ਼ਠਾ ਵਿਚ ਵਾਧਾ ਕਰਦੇ ਰਹੇ।

**ਪ੍ਰਸਿੱਧ ਪੰਜਾਬੀ ਕਵੀ :** 1700 ਈ. ਤੋਂ 1850 ਈ. ਤਕ ਰਚੀ ਗਈ ਪੰਜਾਬੀ ਕਵਿਤਾ ਦਾ ਇਕ ਚੋਣਵਾਂ ਸੰਗ੍ਰਹਿ ਹੈ। ਇਹ ਕਿਸੇ ਸਨਾਤਨ ਸ਼੍ਰੇਣੀ ਲਈ ਇਕ ਪਾਠ-ਪੁਸਤਕ ਵਜੋਂ ਰਚੀ ਗਈ ਮਾਲੂਮ ਹੁੰਦੀ ਹੈ। ਇਸ ਵਿਚ ਪੰਜਾਬੀ ਦੇ ਚੋਣਵੇਂ ਸੂਫ਼ੀ, ਕਿੱਸਾ ਕਵੀ ਅਤੇ ਬਹਿਰ-ਰਸੀ ਕਵੀ ਸੰਕਲਿਤ ਕੀਤੇ ਗਏ ਹਨ। ਹਰ ਕਾਵਿ-ਵੰਨਗੀ ਦੇ ਆਰੰਭ ਵਿਚ ਕਵੀ ਵਿਸ਼ੇਸ਼ ਬਾਰੇ ਦੋ ਜਾਂ ਤਿੰਨ ਪੰਨਿਆਂ ਦੀ ਜਾਣ-ਪਹਿਚਾਣ ਦਿੱਤੀ ਗਈ ਹੈ। ਇਸ ਸੰਗ੍ਰਹਿ ਦੀ ਭੂਮਿਕਾ ਵਿਚ ਪ੍ਰੋ. ਸੇਖੋਂ ਨੇ ਮੱਧਕਾਲੀਨ ਪੰਜਾਬੀ ਕਾਵਿ ਦੇ ਇਨ੍ਹਾਂ ਰੂਪਾਕਾਰਾਂ ਬਾਰੇ ਆਪਣੀ ਸਿਧਾਂਤਕ ਵਿਚਾਰਧਾਰਾ ਪੇਸ਼ ਕੀਤੀ ਹੈ। ਉਸ ਅਨੁਸਾਰ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਦੀ ਕਵਿਤਾ ਵਧੇਰੇ ਕਰਕੇ ਸੰਸਾਰਿਕ ਰੁਚੀਆਂ ਤੇ ਵਿਸ਼ਿਆਂ ਨੂੰ ਦਰਸਾਉਂਦੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਮੁਗ਼ਲ ਸਾਮਰਾਜ ਵਿਰੁੱਧ ਪੰਜਾਬ ਦਾ ਆਤਮਿਕ ਯੁੱਧ ਹੁਣ ਸੰਸਾਰਿਕ ਰੂਪ ਅਖ਼ਤਿਆਰ ਕਰ ਰਿਹਾ ਸੀ। ਜੇ ਅਲੀ ਹੈਦਰ ਅਤੇ ਬੁਲ੍ਹੇ ਸ਼ਾਹ ਵਰਗੇ ਕਵੀ ਅਜੇ ਵੀ ਧਾਰਮਿਕ ਰੁਚੀ ਦੀ ਕਵਿਤਾ ਲਿਖ ਰਹੇ ਸਨ ਤਾਂ ਇਸ ਵਿਚ ਮੁਸਲਮਾਨ ਸੰਸਾਰ ਦੀ ਅਧੋਗਤੀ ਦਾ ਪ੍ਰਭਾਵ ਸਾਫ਼ ਤੌਰ 'ਤੇ ਨਜ਼ਰ ਆ ਰਿਹਾ ਸੀ ਪਰੰਤੂ ਇਸ ਦੇ ਉਲਟ ਗੁਰੂ ਸਾਹਿਬਾਨ ਦੇ ਪ੍ਰਭਾਵ ਅਧੀਨ ਗ਼ੈਰ-ਮੁਸਲਿਮ ਜਨਤਾ ਦੀ ਕਲਾ ਚੜ੍ਹ ਰਹੀ ਸੀ ਕਿਉਂਕਿ ਉਨ੍ਹਾਂ ਪਾਸ ਆਪਣੀ ਸੰਸਾਰਿਕ ਅਤੇ ਅਧਿਆਤਮਕ ਅਗਵਾਈ ਲਈ ਗੁਰਬਾਣੀ ਹਿ ਉੱਚੀ ਪਦਵੀ ਦੀ ਬੌਧਿਕ ਵਸਤੂ ਸੀ। ਇਸ ਤਰ੍ਹਾਂ ਸੰਤ ਸਿੰਘ ਸੇਖੋਂ ਪੰਜਾਬੀ ਸਾਹਿੱਤ ਨੂੰ ਧਰਮ ਦੇ ਖਾਨਿਆਂ ਵਿਚ ਵੰਡ ਕੇ ਦੇਖਣ ਲੱਗਦਾ ਹੈ। ਹੀਰ ਵਾਰਿਸ ਦਾ ਮਲਾਂਕਣ ਕਰਦਾ ਹੋਇਆ ਉਹ ਲਿਖਦਾ ਹੈ ਕਿ ਇਸ ਦੀ ਸਾਰੀ ਕਹਾਣੀ 'ਭਾਂਜ' ਦੀ ਕਹਾਣੀ ਹੈ।

**ਪੰਜਾਬੀ ਕਾਵਿ ਸ਼ਿਰੋਮਣੀ (1964) :** ਗੁਰਬਾਣੀ ਦੇ ਅਧਿਐਨ-ਵਿਸ਼ਲੇਸ਼ਣ ਨਾਲ ਸੰਬੰਧਿਤ ਪੁਸਤਕ ਹੈ। ਇਸ ਵਿਚ ਉਸ ਨੇ ਸ਼ੇਖ਼ ਫ਼ਰੀਦ, ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਗੁਰਬਾਣੀ ਦੀ ਮਹਿਮਾ ਅਤੇ ਮਹੱਤਵ ਤੋਂ ਜਾਣੂ ਕਰਵਾਇਆ ਹੈ। ਸਾਹਿਤ ਦੀ ਵਿਰਾਸਤ ਦੇ ਸੰਬੰਧ ਵਿਚ ਸੰਤ ਸਿੰਘ ਸੇਖੋਂ ਲਿਖਦਾ ਹੈ ਕਿ ਹਰ ਜਾਤੀ ਦੇ ਸਾਹਿਤਕ ਜਾਂ ਸੰਸਕ੍ਰਿਤਿਕ ਪਿਤਰੀ ਧਨ ਦਾ ਮੁੱਲ ਪਾਉਣ ਵਿਚ ਉਸਦੇ ਸਾਂਝੇ ਇਤਿਹਾਸਕ ਅਨੁਭਵ ਦਾ ਵੱਡਾ ਭਾਗ ਹੁੰਦਾ ਹੈ। ਸ਼ੇਖ਼ ਫ਼ਰੀਦ ਦੇ ਵਿਚਾਰਧਾਰਕ ਪਰਿਪੇਖ ਦਾ ਵਿਸ਼ਲੇਸ਼ਣ ਕਰਦਾ ਹੋਇਆ ਉਹ ਲਿਖਦਾ ਹੈ ਕਿ ਜਿਹੜਾ ਪੀਰ, ਫ਼ਕੀਰ, ਸੰਤ ਜਾਂ ਆਗੂ ਸਮਾਜ ਅਤੇ ਰਾਜ-ਪ੍ਰਬੰਧ ਦੇ ਕੰਨ ਵਿਚ ਪਾਇਆ ਰੜਕਦਾ ਨਹੀਂ, ਉਹ ਸਮਾਜ ਨੂੰ ਯੋਗ ਭਾਂਤ ਬਦਲਣ ਵਿਚ ਭਾਗ ਨਹੀਂ ਲੈ ਰਿਹਾ ਹੁੰਦਾ ਜਾਂ ਜੇ ਉਹ ਸਮਾਜ ਨੂੰ ਬਦਲ ਰਿਹਾ ਹੁੰਦਾ ਹੈ ਤਾਂ

ਰਾਜ-ਅਧਿਕਾਰੀਆਂ ਅਤੇ ਸੱਤਾ ਉੱਤੇ ਕਾਬਜ਼ ਧਿਰ ਦੇ ਆਸ਼ਿਆਂ ਅਨੁਕੂਲ ਹੀ ਬਦਲ ਰਿਹਾ ਹੁੰਦਾ ਹੈ। ਇਸ ਪੁਸਤਕ ਵਿਚ ਗੁਰਬਾਣੀ ਨਾਲ ਸੰਬੰਧਿਤ ਲੇਖਾਂ ਵਿਚ ਉਹ ਲਿਖਦਾ ਹੈ ਕਿ ਗੁਰਬਾਣੀ ਵੱਲ ਲੋਕਾਂ ਦੀ ਘੱਟ ਰੁਚੀ ਦਾ ਵੱਡਾ ਕਾਰਨ ਇਸ ਦਾ ਕਠਿਨ ਹੋਣਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਦਾ ਵਿਸ਼ੇ ਦਾਰਸ਼ਨਿਕ ਹੈ, ਦੂਜੇ, ਇਸ ਦੀ ਬੋਲੀ ਪੁਰਾਣੀ ਸਾਧਕੜੀ-ਰਾਜਸਥਾਨੀ-ਬ੍ਰਿਜ ਮਿੱਸ ਵਾਲੀ ਹੈ ਅਤੇ ਤੀਜੇ, ਇਸ ਦਾ ਲਗਾਂ-ਮਾਤਰਾਵਾਂ ਦਾ ਜਟਿਲ ਪ੍ਰਬੰਧ ਹੈ, ਜੋ ਇਸ ਨੂੰ ਔਖੀ ਬਣਾ ਦਿੰਦਾ ਹੈ ਪਰ ਇਹਨਾਂ ਕਠਿਨਾਈਆਂ ਦੇ ਬਾਵਜੂਦ ਗੁਰਬਾਣੀ ਦਾ ਵਾਧਾ ਇਹ ਹੈ ਕਿ ਇਸ ਵਿਚ ਅਧਿਆਤਮਕਵਾਦ ਦੇ ਨਾਲ-ਨਾਲ ਕੁਝ ਅਜਿਹੇ ਸਮਾਜਿਕ ਅੰਸ਼ ਅਭਿਵਿਅਕਤ ਹੋਏ ਹਨ, ਜਿਹੜੇ ਮੱਧਸ਼੍ਰੇਣੀ ਦੇ ਬਹੁਤ ਕੰਮ ਆਉਣ ਵਾਲੇ ਹਨ।

**ਭਾਈ ਵੀਰ ਸਿੰਘ ਅਤੇ ਉਹਨਾਂ ਦਾ ਯੁਗ :** ਸੰਤ ਸਿੰਘ ਸੇਖੋਂ ਦੀ ਇਕ ਹੋਰ ਪ੍ਰਮੁੱਖ ਕਿਰਤ 'ਭਾਈ ਵੀਰ ਸਿੰਘ ਅਤੇ ਉਹਨਾਂ ਦਾ ਯੁਗ' ਪਹਿਲੀ ਵਾਰ 1962 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਬਾਅਦ ਵਿਚ ਇਹ ਪੁਸਤਕ 'ਭਾਈ ਵੀਰ ਸਿੰਘ ਤੇ ਉਹਨਾਂ ਦੀ ਰਚਨਾ' ਨਾਮ ਹੇਠ ਦੁਬਾਰਾ ਪ੍ਰਕਾਸ਼ਿਤ ਹੋਈ। ਭਾਈ ਸਾਹਿਬ ਦੀ ਮਹਿਮਾ ਨੂੰ ਬਿਆਨ ਕਰਦਾ ਹੋਇਆ ਉਹ ਲਿਖਦਾ ਹੈ ਕਿ ਪੰਜਾਬੀ ਸਾਹਿਤ ਅਤੇ ਸੰਸਕ੍ਰਿਤੀ ਦੇ ਇਤਿਹਾਸ ਵਿਚ ਸਭ ਤੋਂ ਵਧੇਰੇ ਗੌਰਵ ਵਾਲਾ ਨਾਮ ਭਾਈ ਵੀਰ ਸਿੰਘ ਦਾ ਹੈ।

ਸੰਤ ਸਿੰਘ ਸੇਖੋਂ ਦੀ ਬਹੁਤੀ ਆਲੋਚਨਾ ਵਿਹਾਰਕ ਹੈ। 'ਸਾਹਿਤਿਆਰਥ' ਵਿਚ ਆਪਣੀਆਂ ਸਥਾਪਨਾਵਾਂ ਨੂੰ ਪ੍ਰਸਤੁਤ ਕਰਨ ਸਮੇਂ ਉਹ ਸ਼ੇਖ਼ ਫ਼ਰੀਦ ਤੋਂ ਲੈ ਕੇ ਅੰਮ੍ਰਿਤਾ ਪ੍ਰੀਤਮ ਤਕ ਦੀ ਸਮੁੱਚੀ ਕਾਵਿ-ਪਰੰਪਰਾ ਨਾਲ ਸੰਬਾਦ ਰਚਾਉਂਦਾ ਹੈ। 'ਪੰਜਾਬੀ ਕਾਵਿ ਸ਼ਿਰੋਮਣੀ' ਵਿਚ ਗੁਰਬਾਣੀ ਦੀ ਵਸਤੂ ਅਤੇ ਬੋਲੀ-ਸ਼ੈਲੀ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਸਮੇਂ ਉਹ ਗੁਰਬਾਣੀ ਦਾ ਬੜਾ ਗੰਭੀਰ ਵਿਸ਼ਲੇਸ਼ਣ ਕਰਦਾ ਹੈ। ਇਸੇ ਤਰ੍ਹਾਂ 'ਭਾਈ ਵੀਰ ਸਿੰਘ ਤੇ ਉਹਨਾਂ ਦੀ ਰਚਨਾ' ਪੁਸਤਕ ਵਿਚ ਉਹ ਪਾਈ ਸਾਹਿਬ ਦੀ ਇਕੱਲੀ-ਇਕੱਲੀ ਰਚਨਾ ਦੀ ਸਿਰਜਣਾਤਮਕ ਵਿਆਖਿਆ ਅਤੇ ਵਿਸ਼ਲੇਸ਼ਣ ਕਰਦਾ ਹੈ। ਸਮੁੱਚੇ ਰੂਪ ਵਿਚ ਅਸੀਂ ਇਹ ਕਿਹਾ ਜਾ ਸਕਦਾ ਹੈ ਕਿ ਮਾਰਕਸਵਾਦੀ ਆਲੋਚਨਾ ਪ੍ਰਣਾਲੀ ਨੂੰ ਪੰਜਾਬੀ ਵਿਚ ਪ੍ਰਵੇਸ਼ ਕਰਵਾਉਣ ਦਾ ਸਿਹਰਾ ਪ੍ਰੋ. ਸੰਤ ਸਿੰਘ ਸੇਖੋਂ ਦੇ ਸਿਰ ਹੀ ਬੱਝਦਾ ਹੈ।

## ਹਰਿਭਜਨ ਸਿੰਘ

ਡਾ. ਸਤਿੰਦਰ ਸਿੰਘ ਨੂਰ ਨੇ ਨਵੀਂ ਆਲੋਚਨਾ ਦਾ ਮੁੱਢ ਡਾ. ਹਰਿਭਜਨ ਸਿੰਘ ਦੀ ਪੁਸਤਕ 'ਅਧਿਐਨ ਤੇ ਅਧਿਆਪਨ' ਨਾਲ ਜੋੜਿਆ ਹੈ। ਡਾ. ਹਰਿਭਜਨ ਸਿੰਘ ਨੇ ਇਕ ਦਹਾਕਾ ਨਿੱਠ ਕੇ ਆਲੋਚਨਾਤਮਕ ਕਾਰਜ ਕੀਤਾ ਅਤੇ ਇਸ ਕਾਲ ਵਿਚ ਉਸ ਦੀਆਂ 'ਮੂਲ ਤੇ ਮੁਲੰਕਣ', 'ਸਾਹਿਤ-ਸ਼ਾਸਤਰ', 'ਪਾਰਾਗਾਮੀ', 'ਰੂਪਕੀ', 'ਰਚਨਾ-ਸੰਰਚਨਾ', 'ਸਾਹਿਤ ਵਿਗਿਆਨ' ਅਤੇ 'ਸਾਹਿਤ ਅਧਿਐਨ' ਵਰਗੀਆਂ ਆਲੋਚਨਾਤਮਕ ਕਿਰਤਾਂ ਸਾਹਮਣੇ ਆਈਆਂ। ਉਸਦੇ ਸਾਹਿਤ ਚਿੰਤਨ ਨੇ ਅੰਤਰਮੁਖੀ, ਰੋਮਾਂਟਿਕ, ਪ੍ਰਭਾਵਵਾਦੀ ਅਤੇ ਅਖੌਤੀ ਮਾਰਕਸਵਾਦੀ ਆਲੋਚਨਾ ਦੇ ਪ੍ਰਤਿਕਰਮ ਵਜੋਂ

ਆਪਣਾ ਵਜੂਦ ਗ੍ਰਹਿਣ ਕੀਤਾ। ਡਾ. ਹਰਭਜਨ ਸਿੰਘ ਅਜੋਕੇ ਮਨੁੱਖ ਦੀ ਹੋਂਦ ਅਵਸਥਾ ਦਾ ਸੂਖ਼ਮ ਅਤੇ ਸੰਵੇਦਨਸ਼ੀਲ ਪ੍ਰਗਟਾਵਾ ਕਰਨ ਵਾਲਾ ਕਵੀ ਹੋਣ ਦੇ ਨਾਲ-ਨਾਲ ਇਕ ਸਮਰੱਥਾਵਾਨ ਸਮੀਖਿਅਕ ਵੀ ਹੈ। ਕਿਸੇ ਵੀ ਰਚਨਾ ਨੂੰ ਪੜ੍ਹਦਿਆਂ ਹੋਇਆਂ ਉਹ ਉਸ ਰਚਨਾ ਨਾਲ ਸੰਬਾਦ ਰਚਾ ਲੈਂਦਾ ਹੈ। ਸੰਬਾਦ ਵੀ ਡਾ. ਹਰਿਭਜਨ ਸਿੰਘ ਦੀ ਸਮੀਖਿਆ ਵਿਧੀ ਦਾ ਕੇਂਦਰੀ ਬਿੰਦੂ ਹੈ। ਸਮੀਖਿਆਕਾਰੀ ਦੇ ਖੇਤਰ 'ਚ ਡਾ. ਹਰਿਭਜਨ ਸਿੰਘ ਨੇ ਹਮੇਸ਼ਾਂ ਹਾਂ-ਮੁਖੀ ਰੁਚੀ ਅਪਣਾਈ ਹੈ। ਡਾ. ਹਰਿਭਜਨ ਸਿੰਘ ਇਕ 'ਧੀਰਜ ਸੁਨਿਆਰ' ਹੈ। ਵਿਵਹਾਰਕ ਸਮੀਖਿਆ ਦੇ ਲਈ ਉਸਨੇ ਰੂਪਕੀ, ਇੱਕ ਖ਼ਤ ਤੇਰੇ ਨਾਮ, ਖ਼ਾਮੋਸ਼ੀ ਦਾ ਜ਼ੰਜ਼ੀਰਾ, ਪਿਆਰ ਪਰਿਵਾਰ ਅਤੇ ਮੇਰੀ ਪਸੰਦ ਪੁਸਤਕਾਂ ਦੀ ਰਚਨਾ ਕੀਤੀ ਹੈ।

'ਖਾਮੋਸ਼ੀ ਦਾ ਜ਼ਜੀਰਾ' ਤੇ 'ਪਿਆਰ ਤੇ ਪਰਿਵਰ' ਵਰਗੀਆਂ ਪੁਸਤਕਾਂ ਲਿਖ ਕੇ ਡਾ. ਹਰਿਭਜਨ ਸਿੰਘ ਨੇ ਇਕ ਵਿਸ਼ੇਸ਼ 'ਪੜ੍ਹਣ ਵਿਧੀ' ਨੂੰ ਜਨਮ ਦਿੱਤਾ ਹੈ। ਇਹਨਾਂ ਦੋਹਾਂ ਪੁਸਤਕਾਂ 'ਚ ਉਹਨਾਂ ਪਾਤਰਾਂ ਦਾ ਜ਼ਿਕਰ ਹੈ ਜੋ ਦੋਹਰੀ ਜ਼ਿੰਦਗੀ ਜੀਉਂਦੇ ਹਨ। ਉਹਨਾਂ ਦੀ ਸ਼ਖ਼ਸੀਅਤ ਦੇ ਧੁਰ ਅੰਦਰ ਛੁਪੀਆਂ ਤ੍ਰੇੜਾਂ ਨੂੰ ਕੇਂਦਰ ਬਿੰਦੂ ਮੰਨ ਕੇ ਡਾ. ਹਰਿਭਜਨ ਸਿੰਘ ਪਾਠਕਾਂ ਦਾ ਧਿਆਨ ਕੇਂਦਰਿਤ ਕਰਦਾ ਹੈ। ਡਾ. ਹਰਿਭਜਨ ਸਿੰਘ ਦੀ ਪੁਸਤਕ 'ਪਿਆਰ ਤੇ ਪਰਿਵਾਰ' ਦੀ ਸਮੀਖਿਆ ਤਰਸੇਮ ਨੀਲਗਿਰੀ ਦੀਆਂ ਕਹਾਣੀਆਂ 'ਤੇ ਆਧਾਰਿਤ ਹੈ ਪਰ ਮੁੱਖ ਰੂਪ ਵਿਚ ਇਹ ਕਹਾਣੀਆਂ ਸਭਿਆਚਾਰਕ ਮੁੱਲਾਂ ਦੀ ਅਵੱਗਿਆ ਨਾਲ ਸੰਬੰਧਿਤ ਹਨ ਤੇ ਮਾਂ-ਪੁੱਤਰ-ਪ੍ਰੇਮੀ ਦੀ ਤਿਕੋਣ ਨੂੰ ਹੀ ਪੇਸ਼ ਕਰਦੀਆਂ ਹਨ।

ਡਾ. ਹਰਿਭਜਨ ਸਿੰਘ ਇਕ ਅਤਿਰੰਗ ਵਿਧੀ ਵਾਲਾ ਆਲੋਚਕ ਹੈ। ਉਸ ਦੀ ਅਧਿਐਨ ਵਿਧੀ ਰਚਨਾ-ਪਾਠ ਉੱਤੇ ਕੇਂਦਰਿਤ ਹੈ। ਉਹ ਕਿਸੇ ਸਾਹਿਤ-ਰਚਨਾ ਦੇ ਇਤਿਹਾਸਿਕ ਸਮਾਜਿਕ ਅਤੇ ਆਰਥਿਕ ਪ੍ਰਸੰਗ ਤੋਂ ਇਨਕਾਰੀ ਨਹੀਂ ਪਰ ਇਨ੍ਹਾਂ ਪੱਖਾਂ ਦਾ ਅਧਿਐਨ ਉਸਦਾ ਪ੍ਰਯੋਜਨ ਨਹੀਂ। ਉਹ ਸੇਖੋਂ ਅਤੇ ਕਿਸ਼ਨ ਸਿੰਘ ਵਾਂਗ ਮੁੱਲ ਵਿਧਾਨਕ ਸ਼ਬਦਾਵਲੀ ਦੀ ਥਾਂ ਰੂਪ ਵਿਗਿਆਨ ਸ਼ਬਦਾਵਲੀ ਅਤੇ ਸੰਕਲਪਵਲੀ ਦੀ ਵਰਤੋਂ ਕਰਦਾ ਹੈ।

ਪਰੰਤੂ ਇਨ੍ਹਾਂ ਵਿਸ਼ੇਸ਼ਤਾਵਾਂ ਦੇ ਬਾਵਜੂਦ ਹਰਿਭਜਨ ਸਿੰਘ ਦੀ ਸਮੀਖਿਆ ਗੰਭੀਰ ਅੰਤਰ ਵਿਰੋਧਾਂ ਦੀ ਸ਼ਿਕਾਰ ਹੈ। ਸਿਧਾਂਤਕ ਚਰਚਾ ਵੇਲੇ ਉਹ ਅਤਰੰਗ ਅਤੇ ਪਾਠ-ਮੂਲਕ ਅਧਿਐਨ ਦੀ ਹਿਮਾਇਤ ਕਰਦਾ ਹੈ ਪਰ ਜਦੋਂ ਉਹ ਵਿਹਾਰਕ ਸਮੀਖਿਆ ਕਰਦਾ ਹੈ ਤਾਂ ਜੀਵਨੀਮੂਲਕ ਵੇਰਵਿਆਂ ਅਤੇ ਸਾਹਿਤ ਬਾਹਰੀ ਵੇਰਵਿਆਂ ਦੀ ਵੀ ਸਹਾਇਤਾ ਲੈਂਦਾ ਹੈ। ਉਸ ਦੀ ਆਲੋਚਨਾ ਨੂੰ ਲੋੜੋਂ ਵੱਧ ਮਹੱਤਵ ਪ੍ਰਾਪਤ ਹੋਇਆ ਹੈ। ਪਰੰਤੂ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਉਸ ਨੇ ਪੰਜਾਬੀ ਆਲੋਚਨਾ ਵਿਚ ਨਵੀਆਂ ਸੰਭਾਵਨਾਵਾਂ ਦਾ ਮੁੱਢ ਬੰਨ੍ਹਣ ਵਾਲਾ ਆਲੋਚਕ ਹੈ।

## ਅਤਰ ਸਿੰਘ

ਡਾ. ਅਤਰ ਸਿੰਘ ਪੰਜਾਬੀ ਆਲੋਚਨਾ ਦਾ ਇਕ ਹੋਰ ਉੱਘੜਵਾਂ ਹਸਤਾਖ਼ਰ ਹੈ। ਬੇਸ਼ੱਕ ਉਹ ਆਪਣੇ ਆਪ ਨੂੰ ਸਪਸ਼ਟ ਤੌਰ 'ਤੇ ਪ੍ਰਗਤੀਵਾਦੀ ਆਲੋਚਨਾ ਦੀ ਪਰੰਪਰਾ ਵਿਚ ਸ਼ਾਮਲ ਨਹੀਂ ਕਰਦਾ ਪਰੰਤੂ ਸਾਹਿਤ ਦੀ ਨਿਰਖ-ਪਰਖ ਸੰਬੰਧੀ ਉਸ ਦੇ ਸਿਧਾਂਤ ਅਤੇ ਵਿਚਾਰ ਇਸੇ ਪਰੰਪਰਾ ਨਾਲ ਜੁੜੇ ਨਜ਼ਰ ਆਉਂਦੇ ਹਨ। ਡਾ. ਅਤਰ ਸਿੰਘ ਸਿਧਾਂਤਕ ਮਾਰਕਸਵਾਦੀ ਵਿਚਾਰਧਾਰਾ ਦਾ ਆਲੋਚਕ ਨਹੀਂ ਹੈ ਪਰ ਉਸਦੀ ਸਮੀਖਿਆ ਵਿੱਚ ਇਸ ਸਾਹਿਤ ਦਰਸ਼ਨ ਦੀਆਂ ਕਈ ਪਰਤਾਂ ਜ਼ਰੂਰ ਪ੍ਰਾਪਤ ਹੁੰਦੀਆਂ ਹਨ। ਪਰ ਆਪਣੀ ਸਮੀਖਿਆ ਦੇ ਅਖ਼ੀਰ ਵਿਚ ਉਹ ਇਨ੍ਹਾਂ ਤੋਂ ਵੀ ਖਹਿੜਾ ਛੁਡਾਉਂਦਾ ਪ੍ਰਤੀਤ ਹੁੰਦਾ ਹੈ।

ਡਾ. ਅਤਰ ਸਿੰਘ ਦੀ ਆਲੋਚਨਾ 'ਕਾਵਿ ਅਧਿਐਨ', 'ਦ੍ਰਿਸ਼ਟੀਕੋਣ', 'ਸਮਦਰਸ਼ਨ', 'ਸਾਹਿਤ ਅਤੇ ਹੋਰ ਰੁਝਾਨ' ਆਦਿ ਆਲੋਚਨਾਤਮਕ ਪੁਸਤਕਾਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਤੋਂ ਬਿਨ੍ਹਾਂ ਪੀ.ਐਚ.ਡੀ ਦੀ ਡਿਗਰੀ ਲਈ ਪ੍ਰਸਤੁਤ ਕੀਤੇ ਗਏ ਸ਼ੋਧ ਪ੍ਰਬੰਧ 'The Secular principle in Modern Punjabi Poetry' ਤੋਂ ਵੀ ਉਸ ਦੀ ਆਲੋਚਨਾਤਮਕ ਪ੍ਰਤਿਭਾ ਬਾਰੇ ਉਸ ਦੇ ਵਿਚਾਰ ਪ੍ਰਗਤੀਵਾਦੀ ਸੁਹਜ-ਸ਼ਾਸਤਰ ਨੂੰ ਸਮਰਥਨ ਦਿੰਦੇ ਜਾਪਦੇ ਹਨ।

1. ਸਾਹਿੱਤ ਦਾ ਸਮੁੱਚਾ ਪ੍ਰਭਾਵ ਤੇ ਉਸ ਤੋਂ ਉਪਜੀ ਪ੍ਰੇਰਣਾ ਉਤਸ਼ਾਹਜਕ, ਸਰਬਹਿਤਕਾਰੀ, ਆਸ਼ਾ ਭਰਪੂਰ, ਅਰੋਗ ਅਤੇ ਮਨੁੱਖ ਦੀ ਚੇਤੰਨਤਾ ਨੂੰ ਸਾਣ ਚੜ੍ਹਾ ਕੇ ਉਸ ਨੂੰ ਚੰਗੇਰਾ ਮਨੁੱਖ ਬਣਾਉਨ ਵਾਲੀ ਹੈ ਜਾਂ ਇਸ ਦੇ ਉਲਟ ਵਿਖਾਂਦੀ, ਰੋਗੀ ਤੇ ਫ਼ਹਿੰਦੀਆਂ ਕਲਾ ਵੱਲ ਲੈ ਜਾਣ ਵਾਲੀ ਹੈ।

2. ਪੰਜਾਬੀ ਦੇ ਸਾਹਿਤਕ ਵਿਰਸੇ ਨੂੰ ਸਮਝਣ ਲਈ ਸਮਕਾਲੀ ਪੰਜਾਬੀ ਦੇ ਲੋਕਾਂ ਦੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਬਣਤਰ ਅਤੇ ਉਨ੍ਹਾਂ ਦੇ ਆਧਾਰ 'ਤੇ ਸਹਾਇਤਾ ਲਈ ਜਾਵੇ।

ਸ਼ੇਖ਼ ਫ਼ਰੀਦ ਜੀ ਦੇ ਕਾਵਿ ਸੰਬੰਧੀ ਡਾ. ਅਤਰ ਸਿੰਘ ਦਾ ਦ੍ਰਿਸ਼ਟੀਕੋਣ ਕਾਫ਼ੀ ਹੱਦ ਤੱਕ ਪ੍ਰੋ. ਸੰਤ ਸਿੰਘ ਸੇਖੋਂ ਦੇ ਦ੍ਰਿਸ਼ਟੀਕੋਣ ਨਾਲ ਮਿਲਦਾ ਜੁਲਦਾ ਹੈ। ਡਾ. ਅਤਰ ਸਿੰਘ ਨੂੰ ਵੀ ਫ਼ਰੀਦ ਬਾਣੀ ਵਿਚੋਂ ਕਿਸੇ ਸਾਰਥਿਕ ਸਮਾਜਕ ਸੰਦੇਸ਼ ਦੀ ਧੁਨੀ ਸੁਣਾਈ ਨਹੀਂ ਦਿੰਦੀ।

ਡਾ. ਅਤਰ ਸਿੰਘ ਦੇ ਚਿੰਤਨ ਦਾ ਆਧਾਰ ਸਾਹਿਤ ਦੇ ਸਿਰਜਣਾਤਮਕ ਵਰਤਾਰੇ ਅਤੇ ਸਮੀਖਿਆ ਨਾਲ ਜੁੜਿਆ ਹੋਇਆ ਹੈ। ਆਪਣੇ ਇਕ ਲੇਖ ਵਿਚ ਪੰਜਾਬੀ ਚਿੰਤਨ ਦੀ ਪ੍ਰਕਿਰਤੀ ਬਾਰੇ ਚਿੰਤਾ ਦਾ ਇਜ਼ਹਾਰ ਕਰਦਾ ਹੋਇਆ ਹੈ ਕਿ ਪੰਜਾਬੀ ਸਾਹਿਤ ਚਿੰਤਨ ਦੇ ਸਾਹਮਣੇ ਸ਼ੁਰੂ ਤੋਂ ਜਿਹੜੇ ਪ੍ਰਸ਼ਨ ਉਠਾਏ ਜਾਂਦੇ ਰਹੇ, ਉਨ੍ਹਾਂ ਵਿਚ ਸਾਹਿਤ ਜਾਂ ਕਲਾ ਦੀ ਪ੍ਰਕਿਰਤੀ, ਸਾਹਿਤਕ ਰਚਨਾ ਵਿਚ ਸਾਹਿਤਿਕਤਾ ਜਾ ਕਲਾ-ਕ੍ਰਿਤੀ ਵਿਚ ਕਲਾਤਮਕ ਤੱਤ ਦਾ ਨਿਰਣਾ ਕਰਨ ਦੀ ਮੰਗ ਆਮ ਤੌਰ 'ਤੇ ਨਹੀਂ ਕੀਤੀ ਗਈ। ਇਸ ਰੁਚੀ ਦਾ ਸਿੱਟਾ ਇਹ ਨਿਕਲਿਆ ਕਿ ਸਾਡੀ ਸਾਹਿਤਕ

ਸਮੀਖਿਆ, ਸਾਹਿਤਕ ਤੱਤ ਦੀ ਪਛਾਣ ਤੇ ਉਸ ਤੱਤ ਦੇ ਮੁਲੰਕਣ ਨਾਲੋਂ ਪਰਾ-ਸਾਹਿਤਿਕ ਸੰਬਾਦਾਂ ਵਿਚ ਵਧੇਰੇ ਦਿਲਚਸਪੀ ਲੈਂਦੀ ਰਹੀ ਹੈ।

ਡਾ. ਅਤਰ ਸਿੰਘ ਸਾਹਿਤਕ ਕਿਰਤ ਦੇ ਸਮਾਜਿਕ ਉਦੇਸ਼ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕਰਨ ਦੇ ਨਾਲ-ਨਾਲ ਕਿਰਤ ਦੀ ਸਾਹਿਤਿਕਤਾ ਦੀ ਪਛਾਣ ਕਰਨ ਵੱਲ ਵੀ ਰੁਚਿਤ ਹੁੰਦਾ ਹੈ। ਇਸ ਮੰਤਵ ਲਈ ਉਹ ਸੁਹਜ-ਸ਼ਾਸਤਰੀ ਪ੍ਰਤਿਮਾਨਾਂ ਦੀ ਤਲਾਸ਼ ਕਰਦਾ ਹੈ। ਉਸ ਨੂੰ ਇਹ ਗਿਲਾ ਰਿਹਾ ਕਿ ਰੂਪ ਤੇ ਵਸਤੂ ਦਾ ਸੁੰਦਰ ਸੁਮੇਲ ਪੰਜਾਬੀ ਕਾਵਿ ਪਰੰਪਰਾ ਵਿਚ ਕਾਫ਼ੀ ਦੁਰਲਭ ਰਿਹਾ ਹੈ। ਉਹ ਆਧੁਨਿਕ ਕਾਲ ਨਾਲ ਸੰਬੰਧਿਤ ਲਹਿਰਾਂ ਪ੍ਰਗਤੀਵਾਦ, ਪ੍ਰਯੋਗਵਾਦ ਆਦਿ ਨੂੰ ਵੀ ਆਪਣੀ ਆਲੋਚਨਾ ਦਾ ਵਿਸ਼ਾ ਬਣਾਉਂਦਾ ਹੈ। ਇਸ ਤੋਂ ਇਲਾਵਾ ਉਸ ਨੇ ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਜਸਵੀਰ ਸਿੰਘ ਆਹਲੂਵਾਲੀਆ, ਸ਼ਿਵ ਕੁਮਾਰ, ਹਰਿਭਜਨ ਸਿੰਘ ਦੀ ਕਵਿਤਾ ਸੰਬੰਧੀ ਵੀ ਆਪਣੇ ਆਲੋਚਨਾਤਮਕ ਵਿਚਾਰ ਦਿੰਦਾ ਹੈ। ਸਾਹਿਤ ਦੇ ਵਿਭਿੰਨ ਰੂਪ ਨਾਟਕ, ਗਲਪ ਅਤੇ ਕਵਿਤਾ ਆਦਿ ਵਿਚੋਂ ਉਹ ਕਵਿਤਾ ਨੂੰ ਆਲੋਚਨਾ ਦਾ ਆਧਾਰ ਬਣਾਉਂਦਾ ਹੈ।

# ਕਾਵਿ ਅਤੇ ਵਾਰਤਕ ਦੀ ਵਿਹਾਰਕ ਸਮੀਖਿਆ

## ਵਿਹਾਰਕ ਆਲੋਚਨਾ

ਭਾਵੇਂ ਵਿਹਾਰਕ ਆਲੋਚਨਾ ਅਤੇ ਸਿਧਾਂਤਕ ਆਲੋਚਨਾ ਵਿਚ ਕੋਈ ਬੁਨਿਆਦੀ ਅੰਤਰ ਨਹੀਂ ਹੈ ਪਰ ਤਾਂ ਵੀ ਵਿਹਾਰਕ ਆਲੋਚਨਾ ਤੋਂ ਭਾਵ ਅਜਿਹੀ ਅਜਿਹੀ ਆਲੋਚਨਾ ਤੋਂ ਲਿਆ ਜਾਂਦਾ ਹੈ, ਜਿਸ ਵਿਚ ਕਿਸੇ ਅਣਦੇਖੀ ਕਿਰਤ ਜਾਂ ਪੈਰੇ ਦਾ ਸਾਹਿਤਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਅਜਿਹੀ ਆਲੋਚਨਾ-ਪ੍ਰਣਾਲੀ ਦੀ ਲੋੜ ਵੱਲ ਸਭ ਤੋਂ ਪਹਿਲਾਂ ਆਈ. ਏ. ਰਿਚਰਡਜ਼ ਨੇ ਧਿਆਨ ਦਿਵਾਇਆ ਸੀ। ਉਸ ਨੂੰ ਮਾਲੂਮ ਹੋਇਆ ਸੀ ਕਿ ਜੇ ਕਿਸੇ ਮਹਾਨ ਲੇਖਕ ਦੀ ਰਚਨਾ ਨਾਲੋਂ ਉਸ ਲੇਖਕ ਦਾ ਨਾਮ ਲਾਹ ਦਿੱਤਾ ਜਾਵੇ ਅਤੇ ਇਸ ਨੂੰ ਇਕ ਸਾਧਾਰਨ ਰਚਨਾ ਦੇ ਰੂਪ ਵਿਚ ਲੇਖਕ ਨਾਲੋਂ ਵਿਛੋੜ/ਵਿਜੋਗ ਕੇ ਪਾਠਕਾਂ ਦੀ ਪ੍ਰਤਿਕਿਰਿਆ ਲਈ ਪੇਸ਼ ਕੀਤਾ ਜਾਵੇ ਤਾਂ ਬੜੇ ਵਿਚਿੱਤਰ ਸਿੱਟੇ ਨਿਕਲਦੇ ਹਨ। ਉਸ ਨੇ ਦਰਸਾਇਆ ਕਿ ਆਮ ਤੌਰ 'ਤੇ ਪਾਠਕ ਕਿਸੇ ਰਚਨਾ ਨਾਲ ਜੁੜੇ ਲੇਖਕ-ਵਿਸ਼ੇਸ਼ ਦੇ ਵੱਡੇ ਨਾਮ ਜਾਂ ਮਹੱਤਵ ਕਾਰਨ ਹੀ ਉਸ ਦੀ ਰਚਨਾ ਵਿਚ ਗੁਣਾਂ ਅਤੇ ਵਿਸ਼ੇਸ਼ਤਾਵਾਂ ਦੀ ਤਲਾਸ਼ ਕਰਦੇ ਹਨ। ਅਜਿਹੇ ਕਿਸੇ ਨਾਮ ਦੀ ਅਣਹੋਂਦ ਵਿਚ ਉਹ ਉਸ ਰਚਨਾ ਨੂੰ ਨਕਾਰ ਛੱਡਦੇ ਹਨ। ਇਸ ਕਾਰਨ ਆਈ. ਏ. ਰਿਚ ਰਡਜ਼ ਨੇ ਕਿਸੇ ਅਜਿਹੀ ਆਲੋਚਨਾ ਵਿਧੀ ਦੀ ਲੋੜ ਉੱਤੇ ਜ਼ੋਰ ਦਿੱਤਾ ਜੋ ਵੱਧ ਤੋਂ ਵੱਧ ਵਸਤੂਮੁਖ ਹੋਵੇ ਅਤੇ ਜੋ ਕਿਸੇ ਰਚਨਾ ਦੇ ਆਂਤਰਿਕ ਗੁਣਾਂ-ਲੱਛਣਾਂ ਉਪਰ ਬਲ ਦੇ ਕੇ ਉਸ ਦਾ ਮੁਲੰਕਣ ਕਰ ਸਕਦੀ ਹੋਵੇ। ਇਥੇ ਇਹ ਤੱਥ ਵੀ ਯਾਦ ਰੱਖਣਯੋਗ ਹੈ ਕਿ ਆਈ. ਏ. ਰਿਚਰਡਜ਼ ਕਿਸੇ ਰਚਨਾ ਦੇ ਸਿਧਾਂਤਿਕ/ਸੰਕਲਪਗਤ ਪਾਠ ਦੀ ਬਜਾਇ ਉਸ ਦੇ 'ਟੈਕਸਚੁਅਲ' ਪਾਠ ਉਪਰ ਬਲ ਦੇ ਰਿਹਾ ਹੈ। ਆਈ. ਏ. ਰਿਚਰਡਜ਼ ਦੀ ਅਜਿਹੀ ਆਲੋਚਨਾ-ਪ੍ਰਣਾਲੀਆਂ ਹੋਂਦ ਵਿਚ ਆ ਰਹੀਆਂ ਸਨ ਜੋ ਲੇਖਕ ਦੀ ਸ਼ਖ਼ਸੀਅਤ ਦਾ ਲਿਹਾਜ਼/ਖ਼ਿਆਲ ਕਰੇ ਬਗ਼ੈਰ ਕਿਸੇ ਕਿਰਤ ਦੇ ਸਾਹਿਤਕ ਵਿਸ਼ਲੇਸ਼ਣ ਲਈ ਪ੍ਰਯਤਨਸ਼ੀਲ ਸਨ। ਅਜਿਹੀਆਂ ਪ੍ਰਣਾਲੀਆਂ ਵਿਚ ਰੂਸੀ ਰੂਪਵਾਦ ਅਤੇ ਨਵਲੋਚਨਾ ਦੇ ਨਾਮ ਵਿਸ਼ੇਸ਼ ਰੂਪ ਵਿਚ ਲਏ ਜਾ ਸਕਦੇ ਹਨ ਅਤੇ ਅਜੋਕੇ ਸੰਦਰਭ ਵਿਚ ਚਿਹਨ-ਵਿਗਿਆਨ, ਸੰਰਚਨਾਤਮਕ, ਪਾਠਕ-ਪ੍ਰਤਿਕਿਰਿਆ, ਡੀਕਨਸਟਰੇਸ਼ਨ ਅਤੇ ਸ਼ੈਲੀ ਵਿਗਿਆਨ ਆਲੋਚਨਾ ਪ੍ਰਣਾਲੀਆਂ ਵੀ ਕੁਝ ਇਸੇ ਕਿਸਮ ਦੀ ਭੂਮਿਕਾ ਨਿਭਾ ਰਹੀਆਂ ਹਨ।

ਵਿਹਾਰਕ ਆਲੋਚਨਾ ਕਿਸੇ ਕਿਰਤ ਵਿਚ ਪ੍ਰਸਤੁਤ ਸਾਮੱਗਰੀ ਅਤੇ ਇਸ ਸਾਮੱਗਰੀ ਨਾਲ ਜੁੜੇ ਹੋਏ ਚਿਹਨਕਾਂ, ਬਿਰਤਾਂਤ-ਜੁਗਤਾਂ ਅਤੇ ਛੰਦ-ਵਿਧਾਨ ਆਦਿ ਪੱਖਾਂ ਦੇ ਨਿਕਟ ਅਧਿਐਨ ਦੁਆਰਾ ਆਪਣੇ ਆਲੋਚਨਾਤਮਕ ਸਿੱਟਿਆਂ ਦੀ ਸਥਾਪਨਾ ਕਰਦੀ ਹੈ। ਇਸ ਪ੍ਰਸੰਗ ਵਿਚ ਵਿਹਾਰਕ ਆਲੋਚਨਾ ਦੇ ਕੁਝ ਨਮੂਨੇ ਦੇਖੋ :

ਸਚ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲ ਉਤਰੈ ਤਨੁ ਕਰੈ ਹਛਾ ਹੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰ ॥
ਨਾਉ ਸੁਣਿ ਮਨ ਰਹਸੀਐ ਤਾ ਪਾਏ ਮੋਖ ਦੁਆਰ ॥

ਉਕਤ ਕਾਵਿ ਪੰਕਤੀਆਂ ਵਿਚ ਕਵੀ ਸੱਚ ਦੀ ਪਹਿਚਾਣ ਬਾਰੇ ਆਪਣੇ ਵਿਚਾਰ ਪ੍ਰਗਟ ਕਰ ਰਿਹਾ ਹੈ। ਉਹ ਸੱਚ ਦੀ ਪਹਿਚਾਣ ਲਈ ਇਕ ਨਵੀਂ ਅਤੇ ਯੁੱਗ ਅਨੁਕੂਲ ਵਿਧੀ ਵੱਲ ਸੰਕੇਤ ਕਰ ਰਿਹਾ ਹੈ। ਕਵੀ ਦਾ ਵਿਚਾਰ ਹੈ ਕਿ ਸੱਚ ਨੂੰ ਜਾਣਨ ਵਾਸਤੇ ਹਿਰਦੇ ਨੂੰ ਸੱਚਾ ਬਣਾਉਣ ਦੀ ਜ਼ਰੂਰਤ ਹੈ। ਮਲੀਨ ਹਿਰਦੇ ਨਾਲ ਪਰਮ ਸੱਚ ਦੀ ਪਹਿਚਾਣ ਨਹੀਂ ਹੋ ਸਕੇਗੀ। ਹਰ ਇਕ ਦਾ ਸੱਚ ਉਤਨਾ ਕੁ ਹੀ ਮਹਾਨ ਜਾਂ ਤੁੱਛ ਹੁੰਦਾ ਹੈ, ਜਿਤਨੀ ਮਹਾਨ ਜਾਂ ਤੁੱਛ ਉਸ ਦੀ ਸ਼ਖ਼ਸੀਅਤ ਹੁੰਦੀ ਹੈ। ਇਸ ਤਰ੍ਹਾਂ ਕਵੀ ਸੱਚ ਦੇ ਸਾਪੇਖਿਅਕ ਸਰੂਪ ਵੱਲ ਸੰਕੇਤ ਕਰ ਰਿਹਾ ਹੈ। ਕਵੀ ਅਨੁਸਾਰ ਸੱਚ ਕੋਈ ਨਿਰੰਕੁਸ਼ ਜਾਂ ਨਿਰਪੇਖ ਸੰਕਲਪ ਨਹੀਂ ਹੈ। ਜਿਤਨਾ ਕੁ ਕਿਸੇ ਦਾ ਵਿੱਤ ਹੋਵੇਗਾ, ਉਤਨੇ ਕੁ ਸੱਚ ਦੀ ਪ੍ਰਾਪਤੀ ਹੀ ਉਹ ਕਰ ਸਕਦਾ ਹੈ।

ਸੱਚ ਦੀ ਪਹਿਚਾਣ ਵਾਸਤੇ ਕਵੀ ਨੇ ਕੁਝ ਵਿਧੀਆਂ ਵੀ ਸੁਝਾਈਆਂ ਹਨ। ਪਹਿਲੀ ਵਿਧੀ ਤਨ ਅਤੇ ਮਨ ਨੂੰ ਬੁੱਧ ਕਰਨ ਵਾਸਤੇ ਸੰਬੰਧਿਤ ਹੈ। ਜਿਤਨੀ ਦੇਰ ਤਕ ਤਨ ਅਤੇ ਮਨ ਉੱਤੋਂ ਕੂੜ ਦੀ ਮੈਲ ਨਹੀਂ ਉੱਤਰ ਜਾਂਦੀ, ਉਤਨੀ ਦੇਰ ਤਕ ਮਨ-ਰੂਪੀ ਬਰਤਨ ਵਿਚ ਸੱਚ ਦੀ ਸੰਭਾਲ ਨਹੀਂ ਹੋ ਸਕਦੀ। ਬੂੜ ਦੀ ਮੈਲ ਉਤਾਰਨ ਵਾਸਤੇ ਪਰਮਾਤਮਾ ਦੇ ਨਾਮ ਨਾਲ ਪ੍ਰੇਮ ਕਰਨਾ ਪੈਂਦਾ ਹੈ ਅਤੇ ਇਸ ਨਾਮ ਨੂੰ ਮਨ ਵਿਚ ਵਸਾਉਣਾ ਪੈਂਦਾ ਹੈ।

ਕਵੀ ਨੇ ਸੱਚ ਦੀ ਪਹਿਚਾਣ ਨਾਲ ਵਿਅਕਤੀ ਦੇ ਮੂਲ ਪ੍ਰਯੋਜਨ ਨੂੰ ਵੀ ਜੋੜ ਦਿੱਤਾ ਹੈ। ਉਸ ਅਨੁਸਾਰ ਸੱਚ ਦੀ ਪਹਿਚਾਣ ਕਰਨ ਨਾਲ ਵਿਅਕਤੀ ਨੂੰ ਮੁਕਤੀ-ਦਰਵਾਜ਼ਾ ਲੱਭ ਜਾਂਦਾ ਹੈ ਅਤੇ ਉਹ ਆਪਣੇ ਜੀਵਨ-ਮਨੋਰਥ ਵਿਚ ਸਫ਼ਲ ਹੋ ਜਾਂਦਾ ਹੈ। ਇਸ ਤਰ੍ਹਾਂ ਉਕਤ ਕਾਵਿ-ਟੁਕੜੀ ਵਿਚ ਗੁਰਮਤਿ ਦਰਸ਼ਨ ਦੇ ਹਵਾਲੇ ਨਾਲ ਵਿਅਕਤੀ ਦੀ ਹੋਂਦ ਦੇ ਮੁਢਲੇ ਤੇ ਮੂਲਭੂਤ ਪ੍ਰਸ਼ਨ ਦਾ ਜਵਾਬ ਲੱਭਿਆ ਗਿਆ ਹੈ। ਗੁਰਮਤਿ ਕਾਵਿ ਪਰੰਪਰਾ ਦਾ ਇਕ ਆਪਣਾ ਵਿਧਾਨ ਹੈ। ਸਮੁੱਚੀ ਗੁਰਬਾਣੀ ਕਿਸੇ ਨਾ ਕਿਸੇ ਸ਼ਾਸਤਰੀ ਰਾਗ ਵਿਚ ਲਿਖੀ ਗਈ ਹੈ। ਇਨਾਂ ਪੰਕਤੀਆਂ ਵਿਚ ਕਵੀ ਨੇ ਵਾਰ-ਕਾਵਿ ਰੂਪ ਦਾ ਬੜਾ ਸੁਚੱਜਾ ਪ੍ਰਯੋਗ ਕੀਤਾ ਹੈ। ਜਿਥੇ ਵਾਰ-ਕਾਵਿ ਵਿਚ ਨਾਇਕ ਅਤੇ ਖਲਨਾਇਕ ਦੇ ਦਰਮਿਆਨ ਯੁੱਧ ਦੇ ਵੇਰਵੇ ਪੇਸ਼ ਕੀਤੇ ਜਾਂਦੇ ਹਨ, ਉਥੇ ਗੁਰਮਤਿ ਕਾਵਿ-ਧਾਰਾ ਨਾਲ ਸੰਬੰਧਿਤ ਅਧਿਆਤਮਿਕ ਵਾਰਾ ਵਿਚ ਨੇਕੀ ਅਤੇ ਬਦੀ, ਸ਼ੁਭ ਅਤੇ ਅਸ਼ੁਭ, ਸਤਿ ਅਤੇ ਮਿਥਿਆ ਦੇ ਦਰਮਿਆਨ ਨਿਰੰਤਰ ਛਿੜੇ ਰਹਿਣ ਵਾਲੇ ਸੰਘਰਸ਼ ਦੇ ਵੇਰਵੇ ਪੇਸ਼ ਕੀਤੇ ਗਏ ਹਨ। ਇਸ ਦ੍ਰਿਸ਼ਟੀ ਤੋਂ ਉਕਤ-ਕਾਵਿ ਪੰਕਤੀਆਂ ਪਾਠਕ/ਸਰੋਤੇ ਦੇ ਮਨ ਵਿਚ ਇਗ ਉਤਸ਼ਾਹ ਅਤੇ ਜੋਸ਼ ਦਾ ਸੰਚਾਰ ਕਰਦੀਆਂ ਹਨ।

ਕਵੀ ਨੇ ਦੁਹਰਾਉ-ਵਿਧੀ ਦੇ ਪ੍ਰਯੋਗ ਦੁਆਰਾ ਆਪਣੀ ਕਾਵਿ-ਭਾਸ਼ਾ ਵਿਚ 'ਅਜਨਬੀਕਰਨ' ਦਾ ਗੁਣ ਪੈਦਾ ਕੀਤਾ ਹੈ। ਇਸ ਗੁਣ ਸਦਕਾ ਹੀ ਕੋਈ ਕਿਰਤ, ਦੈਨਿਕ ਜੀਵਨ ਵਿਚਲੇ ਕਿਸੇ 'ਡਿਸਕੋਰਸ' ਤੋਂ ਵਿਲੱਖਣ ਰੂਪ ਅਖ਼ਤਿਆਰ ਕਰੀ ਹੈ। ਛੰਦ-ਵਿਧਾਨ ਵੀ ਇਸੇ 'ਅਜਨਬੀਕਰਣ' ਦੀ ਮਾਤਰਾ ਨੂੰ ਹੋਰ ਸੰਘਣਾ ਬਣਾਉਂਦਾ ਹੈ। ਇਥੇ ਨਿਸ਼ਾਨੀ ਛੰਦ ਦਾ ਪ੍ਰਯੋਗ ਹੋਇਆ ਹੈ-12,11 ਮਾਤ੍ਰਾਵਾਂ ਵਾਲਾ ਇਹ ਛੰਦ ਕਾਵਿ-ਸ਼ੈਲੀ ਵਿਚ ਇਕ ਵਿਸ਼ੇਸ਼ ਪ੍ਰਕਾਰ ਦੀ ਊਰਜਾ ਪੈਦਾ ਕਰਦਾ ਹੈ।

ਕਵੀ ਦੀ ਭਾਸ਼ਾ ਉਪਰ ਲਹਿੰਦੀ ਬੋਲੀ ਦਾ ਪ੍ਰਭਾਵ ਵੀ ਦੇਖਿਆ ਜਾ ਸਕਦਾ ਹੈ ਜੋ ਉਸ ਸਮੇਂ ਪੰਜਾਬ ਦੀ ਸਭ ਤੋਂ ਵੱਧ ਲੋਕਪ੍ਰਿਆ ਬੋਲੀ ਸੀ। ਸ਼ਬਦ-ਜੋੜਾਂ ਉਪਰ ਸੰਸਕ੍ਰਿਤ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਵਾਕ ਵਿਚ ਪ੍ਰਯੁਕਤ ਸ਼ਬਦ ਦੀ (ਲਿੰਗ, ਵਚਨ ਜਾਂ ਕਾਰਕ-ਰੂਪ ਅਸਾਰ) ਵਾਸਤਵਿਕ ਸਥਿਤੀ ਨੂੰ ਰੂਪਮਾਨ ਕਰਨ ਵਾਸਤੇ ਸ਼ਬਦਾਂ ਦੇ ਅੰਤ ਵਿਚ ਔਂਕੜ ਜਾਂ ਸਿਹਾਰੀ ਦਾ ਪ੍ਰਯੋਗ ਹੋਇਆ ਹੈ, ਜਿਹੜਾ ਕਿ ਅਜੋਕੇ ਭਾਸ਼ਾਈ ਸਿਸਟਮ ਵਿਚੋਂ ਲੋਪ ਹੋ ਗਿਆ ਹੈ। ਸਮੁੱਚੇ ਰੂਪ ਵਿਚ ਇਹ ਕਾਵਿ-ਪੰਕਤੀਆਂ ਗੁਰਬਾਣੀ ਦੀ ਵਸਤੂ-ਸਾਮੱਗਰੀ, ਦਰਸ਼ਨ ਸ਼ਾਸਤਰ ਅਤੇ ਕਾਵਿ-ਵਿਧੀਆਂ ਦਾ ਬੜਾ ਪਪ੍ਰਭਾਵਸ਼ਾਲੀ ਦ੍ਰਿਸ਼ਟਾਂਤ ਪੇਸ਼ ਕਰਦੀਆਂ ਹਨ।

2. ਕੂਕੇ ਮਾਰ ਹੀ ਮਾਰ ਕੇ ਪਕੜ ਛਮਕਾਂ
   ਭਰੀ ਆਦਮੀ 'ਤੇ ਕਹਿਰਵਾਨ ਹੋਈ।
   ਰਾਂਝੇ ਉੱਠ ਕੇ ਆਖਿਆ 'ਵਾਹ ਸੱਜਣ',
   ਹੀਰ ਹੱਸ ਕੇ ਤੇ ਮਿਹਰਬਾਨ ਹੋਈ।

ਉਕਤ ਕਾਵਿ-ਪੰਕਤੀਆਂ ਵਿਚ ਹੀਰ-ਰਾਂਝੇ ਦੇ ਪ੍ਰੇਮ-ਪ੍ਰਸੰਗ ਨੂੰ ਪੇਸ਼ ਕੀਤਾ ਗਿਆ ਹੈ। ਹੀਰ-ਰਾਂਝੇ ਦੀ ਪ੍ਰੇਮ ਕਹਾਣੀ ਨੂੰ ਪੰਜਾਬੀ ਦੇ ਬਹੁਤ ਸਾਰੇ ਕਵੀਆਂ ਨੇ ਲਿਖਿਆ ਹੈ ਅਤੇ ਲਗਭਗ ਸਾਰੇ ਕਵੀ ਆਪਣੀ ਕੋਸ਼ਿਸ਼ ਵਿਚ ਸਫ਼ਲ ਰਹੇ ਹਨ। ਇਸ ਦਾ ਮੁੱਖ ਕਾਰਨ ਇਸ ਕਹਾਣੀ ਦੀ ਵਸਤੂ ਦਾ 'ਲੀਜ਼ੈਂਡਜ਼' ਵਿਚੋਂ ਲਿਆ ਜਾਣਾ ਹੈ। ਅਰਸਤੂ ਨੇ ਕਥਾ-ਵਸਤੂ ਦਾ ਵਰਗੀਕਰਨ ਕਰਦਿਆਂ ਹੋਇਆਂ ਤਿੰਨ ਪ੍ਰਕਾਰ ਦੇ ਕਥਾ-ਵਸਤੂ ਗਿਣਵਾਏ ਸਨ-1. ਇਤਿਹਾਸਕ, 2. ਕਲਪਨਾਤਮਕ ਅਤੇ ਦੰਤਕਥਾ ਮੂਲਕ ਜਾਂ ਲੀਜੈਂਡਰੀ। ਲੀਜੈਂਡਰੀ ਕਥਾ ਵਸਤੂ ਪਾਠਕ ਦੇ ਸਮੂਹਿਕ ਅਵਚੇਤਨ ਵਿਚ ਪਏ ਆਦਿਰੂਪਕ ਬਿੰਬਾਂ ਨੂੰ ਟੁੰਬਦੇ ਹਨ ਅਤੇ ਇਸ ਤਰ੍ਹਾਂ ਪਾਠਕ ਨੂੰ ਇਕ ਅਨੋਖੀ ਪ੍ਰਸੰਨਤਾ ਦਾ ਅਹਿਸਾਸ ਹੁੰਦਾ ਹੈ। ਹੀਰ-ਰਾਂਝੇ ਦੀ ਪ੍ਰੇਮ ਕਹਾਣੀ ਦੇ ਪਾਠਕਾਂ ਵਿਚ ਲੋਕਪ੍ਰਿਆ ਹੋਣ ਦਾ ਵੱਡਾ ਕਾਰਨ ਇਸ ਦਾ ਲੀਜੈਂਡਰੀ ਢਾਂਚਾ ਹੈ।

ਇੰਨ੍ਹਾਂ ਪੰਕਤੀਆਂ ਵਿਚ ਕਵੀ ਨੇ ਆਪਣੇ ਪ੍ਰੇਮ-ਅਨੁਭਵ ਦਾ ਬੜਾ ਸਹੀ ਅਤੇ ਸ਼ੁੱਧ ਪ੍ਰਮਾਣ ਪੇਸ਼ ਕੀਤਾ ਹੈ। ਮਰਦ-ਪ੍ਰਧਾਨ ਸਮਾਜ ਵਿਚ ਨਾਰੀ ਦੇ ਜੀਵਨ ਦਾ ਸਭ ਤੋਂ ਵੱਡਾ ਮਨੋਰਥ ਪੁਰਸ਼ ਨੂੰ ਲੁਭਾਉਣਾ ਹੈ। ਹੀਰ ਦੀ ਸੇਜ ਉਪਰ ਸੁੱਤਾ ਪਿਆ ਰਾਂਝਾ ਜਦੋਂ ਹੀਰ ਨੂੰ ਦੇਖਦਾ ਹੈ ਤਾਂ ਦੋਹਾਂ ਦੀਆਂ ਅੱਖਾਂ ਚਾਰ ਹੋਣ ਸਾਰ ਹੀ ਹੀਰ, ਰਾਂਝੇ ਦੇ ਪ੍ਰੇਮ

ਵਿਚ ਦੀਵਾਨੀ ਹੋ ਜਾਂਦੀ ਹੈ। ਕਵੀ ਨੇ ਮੱਧਕਾਲੀਨ ਸਮਾਜ ਵਿਚ ਪਹਿਲੀ ਨਜ਼ਰੇ ਹੋ ਜਾਣ ਵਾਲੇ ਪ੍ਰੇਮ ਦੀ ਬੜੀ ਨਾਟਕੀ ਝਾਕੀ ਪੇਸ਼ ਕੀਤੀ ਹੈ।

ਕਵੀ ਨੇ ਹੀਰ ਨੂੰ 'ਪਰੀ' ਅਤੇ 'ਰਾਂਝੇ' ਨੂੰ ਆਦਮੀ ਦੇ ਚਿਹਨਕਾਂ ਵਿਚ ਬੰਨ੍ਹ ਦੇ ਇਨਸਾਨੀ ਮੁਹੱਬਤ ਦੇ ਇਕ ਅਜਿਹੇ ਦ੍ਰਿਸ਼ਟਾਂਤ ਨੂੰ ਪੇਸ਼ ਕੀਤਾ ਹੈ ਜਿਹੜਾ ਪਹਿਲਾਂ ਵੀ ਪੰਜਾਬ ਦੀਆਂ ਲੋਕ-ਕਹਾਣੀਆਂ ਵਿਚ ਮੌਜੂਦ ਸੀ। ਇਸ ਦ੍ਰਿਸ਼ਟਾਂਤ ਤੋਂ ਸਿੱਧ ਹੁੰਦਾ ਹੈ ਕਿ ਪੰਜਾਬੀ ਸਮਾਜ ਵਿਚ ਕਿਸੇ ਬਿਗਾਨੇ ਪੁਰਸ਼ ਨੂੰ ਮੁਹੱਬਤ ਕਰਨ ਦਾ ਹੌਂਸਲਾ ਕਿਸੇ ਸਾਧਾਰਨ ਨਾਰੀ ਵਿਚ ਨਹੀਂ ਹੋ ਸਕਦਾ ਕਿਉਂਕਿ ਇਸ ਸਮਾਜ ਵਿਚ ਨਾਰੀ ਇਕ 'ਵਸਤੂ' ਵਾਂਗ ਸੀ। ਉਸ ਦੀ ਸੁਤੰਤਰਤਾ ਅਤੇ ਸ੍ਵੈ-ਇੱਛਾ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਇਸ ਸੂਰਤ ਵਿਚ ਜੇ ਹੀਰ ਵਰਗੀ ਮੁਟਿਆਰ ਰਾਂਝੇ ਨੂੰ ਪਿਆਰ ਕਰਦੀ ਹੈ ਤਾਂ ਉਹ ਆਪਣੀ ਸੂਰਤ ਅਤੇ ਸੀਰਤ ਦੇ ਕੁਝ ਦੈਵੀ ਲੱਛਣਾਂ ਸਦਕਾ ਹੀ ਇਹ ਕਰ ਸਕੀ। ਇਨ੍ਹਾਂ ਪੰਕਤੀਆਂ ਵਿਚ ਕਵੀ ਨੇ ਅਨੁਪ੍ਰਾਸ ਯੋਜਨਾਵਾਂ, ਅਲੰਕਾਰਾਂ ਅਤੇ ਛੰਦ ਰੂੜੀਆਂ ਦੇ ਸਫ਼ਲ ਪ੍ਰਯੋਗ ਦੁਆਰਾ ਆਪਣੀ ਕਾਵਿ-ਕਿਰਤ ਨੂੰ ਸਾਹਿਤਿਕ ਗੁਣਾਂ/ਲੱਛਣਾਂ ਨਾਲ ਮਾਲਾਮਾਲ ਕਰ ਦਿੱਤਾ ਹੈ। ਪਹਿਲੀ ਪੰਕਤੀ ਵਿਚ /ਕ/ ਧੁਨੀ ਦਾ ਦੁਹਰਾਉ ਇਸ ਕਾਵਿ-ਟੁਕੜੀ ਨੂੰ ਇਕ ਵਿਚਿੱਤਰ ਗੌਰਵ ਪ੍ਰਦਾਨ ਕਰ ਰਿਹਾ ਹੈ :

ਕੂਕੇ ਮਾਰ ਹੀ ਮਾਰ ਕੇ ਪਕੜ ਛਮਕਾਂ,<br>
ਪਰੀ ਆਦਮੀ 'ਤੇ ਕਹਿਰਵਾਨ ਹੋਈ।

ਇਸੇ ਤਰ੍ਹਾਂ ਦੂਸਰੀ ਵਿਚ /ਹ/ ਧੁਨੀ ਦੇ ਦੁਹਰਾਉ ਦੁਆਰਾ ਕਾਵਿ-ਸੌਂਦਰਯ ਦੀ ਸਿਰਜਣਾ ਕੀਤੀ ਗਈ ਹੈ। ਕਵੀ ਨੇ 20+20 ਮਾਤ੍ਰਾਵਾਂ ਵਾਲੇ ਬੈਂਤ ਦਾ ਬੜਾ ਰਸਮਈ ਪ੍ਰਯੋਗ ਕੀਤਾ ਹੈ। ਚਾਲੀ ਮਾਤ੍ਰਾਵਾਂ ਵਾਲਾ ਇਹ ਛੰਦ ਕਵਿਤਾ ਵਿਚ ਕਹਾਣੀ ਨੂੰ ਪੇਸ਼ ਕਰਨ ਲਈ ਸਭ ਤੋਂ ਉਪਯੁਕਤ ਅਤੇ ਸਫ਼ਲ ਛੰਦ ਮੰਨਿਆ ਗਿਆ ਹੈ। ਇਸੇ ਕਾਰਨ ਪੰਜਾਬੀ ਦੇ ਬਹੁਤੇ ਕਿੱਸਾ ਕਵੀਆਂ ਨੇ ਇਸੇ ਛੰਦ ਦਾ ਪ੍ਰਯੋਗ ਕੀਤਾ ਹੈ। ਇਸ ਤ" ਇਲਾਵਾ ਨਾਟਕੀ ਰੰਗਣ, ਇੰਨ੍ਹਾਂ ਪੰਕਤੀਆਂ ਦਾ ਇਕ ਹੋਰ ਵਿਲੱਖਣ ਗੁਣ ਹੈ। ਹੀਰ ਅਤੇ ਰਾਂਝੇ ਦੇ ਪ੍ਰਥਮ ਪ੍ਰੇਮ-ਪ੍ਰਸੰਗ ਨੂੰ ਬਿਆਨ ਕਰਨ ਸਮੇਂ ਕੀ ਸਥਿਤੀਆਂ ਦੇ ਵਿਸਤਾਰ ਵਿਚ ਨਹੀਂ ਜਾਂਦਾ ਕਿਉਂਕਿ ਉਹ ਜਾਣਦਾ ਹੈ ਕਿ ਵਿਸਤਾਰ ਕਿਸੇ ਕਾਵਿ-ਬ੍ਰਿਤਾਂਤ ਦੇ ਸੰਗਠਨ ਨੂੰ ਕਮਜ਼ੋਰ ਬਣਾ ਦਿੰਦਾ ਹੈ।

ਕਵੀ ਦੁਆਰਾ ਵਰਤੀ ਗਈ ਭਾਸ਼ਾ ਬੜੀ ਸਰਲ, ਠੇਠ ਅਤੇ ਮੁਹਾਵਰੇ ਭਰਪੂਰ ਪੰਜਾਬੀ ਭਾਸ਼ਾ ਦਾ ਨਮੂਨਾ ਪੇਸ਼ ਕਰਦੀ ਹੈ। ਭਾਸ਼ਾ ਨੂੰ ਸਾਹਿਤਕ ਅਤੇ ਅਜਨਬੀਕ੍ਰਿਤ ਬਣਾਉਣ ਲਈ ਕਵੀ ਨੇ ਦ੍ਰਿਸ਼-ਬਿੰਬ ਦਾ ਵੀ ਬੜਾ ਸੁਚੱਜਾ ਪ੍ਰਯੋਗ ਕੀਤਾ ਹੈ। ਵਿਚਾਰਅਧੀਨ ਕਾਵਿ-ਟੁਕੜੀ ਅਸਲ ਵਿਚ ਇਕ ਦ੍ਰਿਸ਼ ਬਿੰਬ ਹੀ ਹੈ ਜਿਸ ਦੇ ਮਾਧਿਅਮ ਦੁਆਰਾ ਕਵੀ ਨੇ ਹੀਰ ਅਤੇ ਰਾਂਝੇ ਦੇ ਪ੍ਰੇਮ-ਪ੍ਰਸੰਗ ਦੀ ਉਸਾਰੀ ਕੀਤੀ ਹੈ। ਸੰਖੇਪ ਵਿਚ ਇਹ ਕਾਵਿ-ਟੁਕੜੀ ਪੰਜਾਬੀ ਸਾਹਿਤ ਦੀਆਂ ਪ੍ਰਮੁੱਖ ਰੂੜੀਆਂ ਅਤੇ ਕਿੱਸਾ ਕਾਵਿ ਪਰੰਪਰਾ ਦੀਆਂ ਬਿਰਤਾਂਤਕ ਵਿਧੀਆਂ ਦਾ ਬੜਾ ਕਲਾਤਮਕ ਪ੍ਰਯੋਗ ਕਰਦੀ ਹੈ।

3. ਚੰਨਣ ਉੱਠ ਕੇ ਮੰਜੇ ਉਤੇ ਬਹਿ ਗਿਆ ਤੇ ਦੁੱਧ ਦਾ ਛੰਨਾ ਫੜ ਕੇ ਊਂਘਦਾ ਊਂਘਦਾ ਪੀਣ ਲੱਗਾ। ਆਲੇ-ਦੁਆਲੇ ਕੋਠਿਆਂ ਉੱਤੇ ਲੋਕ ਚੁੱਪ-ਚਾਪ ਪਏ ਸਨ। ਘੁੱਦੇ ਦੀ ਵੀ ਅੱਖ ਲੱਗੀ ਜਾਪਦੀ ਸੀ। ਬਚਨੋ ਪੈਂਦ ਵੱਲ ਮੰਜੇ ਦੀ ਬਾਹੀ ਉੱਤੇ ... ਸੀ। ਉਦੋਂ ਹੀ ਇਕ ਪਾਣੀ ਦਾ ਭਿੱਜਿਆ ਬੁੱਲ੍ਹਾ ਆਇਆ। ਦੂਰ, ਪਹਾੜ ਦੀ ਕੁੱਖ ਵਿਚ ਕਾਲੀ ਘਟਾ ਘਿਰੀ ਹੋਈ ਸੀ, ਜਿਸ ਵਿਚ ਕਦੇ ਕਦੇ ਬਿਜਲੀ ਅੱਖ ਮਾਰ ਜਾਂਦੀ। ਬਚਨੋ ਨੇ ਹੌਲੀ ਜਿਹੀ ਆਖਿਆ, "ਬਦਲ ਅੱਜ ਖੌਰੇ ਮੰਜੇ ਹੇਠਾਂ ਲੁਹਾ ਕੇ ਹਟੇ।"

ਉਪਰੋਕਤ ਗੱਦ-ਟੁਕੜੀ ਵਿਚ ਲੇਖਕ ਨੇ ਪੇਂਡੂ ਕਿਰਸਾਣੀ ਨਾਲ ਸੰਬੰਧਿਤ ਇਕ ਚਿੱਤਰ ਪੇਸ਼ ਕੀਤਾ ਹੈ। ਪਿੰਡਾਂ ਵਿਚ ਕਿਰਸਾਣ ਅਤੇ ਹੋਰ ਸਾਧਾਰਣ ਲੋਕ ਗਰਮੀਆਂ ਦੀ ਰੁੱਤੇ ਘਰਾਂ ਦੀਆਂ ਛੱਤਾਂ ਉੱਪਰ ਸੌਂ ਜਾਂਦੇ ਸਨ। ਉਨ੍ਹਾਂ ਪਾਸ ਗਰਮੀ ਮਿਟਾਉਣ ਵਾਲੇ ਉਪਕਰਨਾਂ ਦੀ ਅਣਹੋਂਦ ਹੁੰਦੀ ਸੀ। ਅੱਜ ਕੱਲ੍ਹ ਤਾਂ ਭਾਵੇਂ ਸਥਿਤੀ ਕਾਫ਼ੀ ਬਦਲ ਗਈ ਹੈ। ਅੱਜ ਤੋਂ ਪੱਚੀ-ਤੀਹ ਵਰ੍ਹੇ ਪਹਿਲਾਂ ਪਿੰਡਾਂ ਦੇ ਆਮ ਲੋਕ ਮੌਸਮ ਦੇ ਰਹਿਮੋ-ਕਰਮ 'ਤੇ ਰਹਿੰਦੇ ਸਨ। ਇਹ ਕਹਾਣੀ ਵੀ ਅੱਜ ਤੋਂ ਤਿੰਨ-ਚਾਰ ਦਹਾਕੇ ਪਹਿਲਾਂ ਦੀ ਲਿਖੀ ਜਾਪਦੀ ਹੈ।

ਇਹ ਕਹਾਣੀ ਨਿਮਨ-ਕਿਰਸਾਨੀ ਵਿਚ ਪਤੀ-ਪਤਨੀ ਦੇ ਰਿਸ਼ਤੇ ਉਪਰੋਂ ਵੀ ਪਰਦਾ ਚੁੱਕਦੀ ਹੈ। ਜਿੰਨ੍ਹਾਂ ਦਿਨਾਂ ਵਿਚ ਇਹ ਕਹਾਣੀ ਲਿਖੀ ਗਈ ਹੋਵੇਗੀ, ਪਤੀ-ਪਤਨੀ ਦਿਨ ਦੇ ਚਾਨਣ ਵਿਚ ਅਤੇ ਪਰਿਵਾਰ ਦੇ ਹੋਰ ਜੀਆਂ ਸਾਹਮਣੇ ਇਕ-ਦੂਸਰੇ ਨਾਲ ਗੁਫ਼ਤਗੂ ਨਹੀਂ ਸਨ ਕਰ ਸਕਦੇ। ਇਸ ਗੱਲ ਨੂੰ ਬੇਸ਼ਰਮੀ ਸਮਝਿਆ ਜਾਂਦਾ ਸੀ। ਸੋ ਰਾਤ ਨੂੰ ਜਦੋਂ ਘਰ ਦੇ ਹੋਰ ਸਾਰੇ ਜੀਅ ਸੌਂ ਜਾਂਦੇ ਸਨ ਤਾਂ ਪਤਨੀ ਦੁੱਧ ਦਾ ਛੰਨਾ ਲੈ ਕੇ ਪਤੀ ਨੂੰ ਦੁੱਧ ਪਿਆਉਣ ਦੇ ਬਹਾਨੇ ਹੀ ਉਸ ਕੋਲ ਜਾਇਆ ਕਰਦੀ ਸੀ।

ਇਸ ਕਹਾਣੀ ਵਿਚ ਪੇਸ਼ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਪਤੀ (ਘੁੱਦਾ) ਦਿਨ ਭਰ ਦੀ ਸਖ਼ਤ ਮੁਸ਼ੱਕਤ ਦਾ ਭੰਨਿਆ ਹੋਇਆ ਸੌਂ ਗਿਆ ਸੀ। ਉਹ ਆਪਣੀ ਪਤਨੀ ਨਾਲ ਮਿਲਣ ਦੀ ਉਮੰਗ ਦੇ ਬਾਵਜੂਦ ਜਾਗਦਾ ਨਹੀਂ ਸੀ ਰਹਿ ਸਕਿਆ। ਨਿਮਨ-ਕਿਰਸਾਣੀ ਵਿਚ ਪਤੀ-ਪਤਨੀ ਦੇ ਆਪਸੀ ਸੰਬੰਧਾਂ ਦਾ ਇਹ ਪੱਖ ਪੰਜਾਬੀ ਸਾਹਿਤ ਦੀਆਂ ਬਹੁਤ ਸਾਰੀਆਂ ਬਿਰਤਾਂਤਕ ਰਚਨਾਵਾਂ ਵਿਚ ਪੇਸ਼ ਕੀਤਾ ਗਿਆ ਹੈ। ਲੇਖਕ ਨੇ ਹਾੜ ਦੇ ਮਹੀਨੇ ਵਿਚ ਸਖ਼ਤ ਗਰਮੀ ਦੇ ਮੌਸਮ ਵਿਚ ਜਦੋਂ ਕਦੇ ਮੀਂਹ ਉੱਤਰ ਆਉਂਦਾ ਹੈ ਤਾਂ ਲੋਕਾਂ ਨੂੰ ਕੋਠੇ ਉਪਰੋਂ ਆਪਣੇ ਮੰਜੇ ਅਤੇ ਬਿਸਤਰੇ ਉਤਾਰਨੇ ਪੈਂਦੇ ਹਨ ਪਰ ਥੋੜ੍ਹੀ ਦੇਰ ਬਾਅਦ ਮੀਂਹ ਬੰਦ ਹੋਣ ਕਾਰਨ ਫਿਰ ਉਨਾ ਹੀ ਵੱਟ ਅਤੇ ਗਰਮੀ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿਚ ਗਰੀਬ ਲੋਕਾਂ ਨੂੰ ਕਈ ਵਾਰ ਆਪਣੇ ਆਪਣੇ ਮੰਜੇ ਕੋਠੇ ਤੋਂ ਉਤਾਰਨੇ ਅਤੇ ਚੜ੍ਹਾਉਣੇ ਪੈਂਦੇ ਹਨ। ਗਰੀਬ ਕਿਰਸਾਣੀ ਦੇ ਅਜਿਹੇ ਵੇਰਵਿਆਂ ਦੀ ਪੇਸ਼ਕਾਰੀ ਦੁਆਰਾ ਲੇਖਕ ਇਸ ਸ਼੍ਰੇਣੀ ਦੇ ਤ੍ਰਾਸਦਿਕ ਜੀਵਨ-ਬ੍ਰਿਤਾਂਤ ਨੂੰ ਪੇਸ਼ ਕਰਦਾ ਹੈ।

ਲੇਖਕ ਨੇ ਕਹਾਣੀ ਵਿਚਲੇ ਯਥਾਰਥ ਨੂੰ 'ਅਜਨਬੀਕਰਣ' ਦੀ ਵਿਧੀ ਦੁਆਰਾ ਸਾਹਿਤਿਕਤਾ ਪ੍ਰਦਾਨ ਕੀਤੀ ਹੈ। ਘੁੱਦੇ ਦਾ ਊਂਘਦੇ ਹੋਏ ਮੰਜੇ ਉੱਤੇ ਬੈਠ ਕੇ ਦੁੱਧ ਪੀਣਾ, ਆਲੇ ਦੁਆਲੇ ਦੇ ਕੋਠਿਆਂ ਉਪਰ ਪਏ ਸੈਂਕੜੇ ਲੋਕ ਅਤੇ ਪਹਾੜ ਦੀ ਕੁੱਖ ਵਿਚੋਂ ਕਾਲੀ ਘਟਾ ਦਾ ਅੱਖ ਮਾਰਨਾ, ਇਹ ਸਭ ਅਜਿਹੇ ਵੇਰਵੇ ਹਨ, ਜਿੰਨ੍ਹਾਂ ਦੁਆਰਾ ਪਾਠਕ ਇਸ ਕਹਾਣੀ ਵਿਚਲੀ ਸਾਮੱਗਰੀ ਨੂੰ ਪੁਨਰ-ਜੀਵਿਤ ਕਰਨ ਦੇ ਸਮਰੱਥ ਹੋ ਜਾਂਦਾ ਹੈ। ਬਚਨੋ ਦਾ ਲਿਸ਼ਕ ਨੂੰ ਵੇਖ ਕੇ ਕਹਿਣਾ ਕਿ ਅੱਜ ਸ਼ਾਇਦ ਫੇਰ ਬੱਦਲ ਮੰਜੇ ਹੇਠਾਂ ਲੁਹਾ ਕੇ ਹਟੇ, ਉਸ ਦੀ ਲਾਚਾਰੀ ਅਤੇ ਥਕਾਵਟ ਦਾ ਪ੍ਰਤੀਕ ਹੈ।

ਲੇਖਕ ਨੇ ਉਕਤ ਗੱਦ-ਟੁਕੜੀ ਵਿਚ ਨਿਰੂਪਤਿ ਬਿਰਤਾਂਤ ਨੂੰ ਕਾਰਨ-ਕਾਰਜ ਦੇ ਜਗਿਆਸਾ ਭਰਪੂਰ ਪ੍ਰਬੰਧ ਵਿਚ ਬੰਨ੍ਹਿਆ ਹੈ। ਉਸ ਦਾ ਹਰ ਇਕ ਵਾਕ ਇਕ ਤਨਾਉ ਦੀ ਸੂਚਨਾ ਦਿੰਦਾ ਹੈ। ਲੇਖਕ ਦੁਆਰਾ ਪੇਸ਼ ਕੀਤਾ ਗਿਆ ਚਿਤਰ ਇਕ ਤੂਫ਼ਨ ਦੇ ਆਉਣ ਤੋਂ ਪਹਿਲਾਂ ਦੀ ਵਿਸਫੋਟਕ ਸਥਿਤੀ ਦੀ ਪੇਸ਼ਕਾਰੀ ਕਰਦਾ ਹੈ। ਰਾਤ ਦੀ ਖ਼ਾਮੋਸ਼ੀ ਅਤੇ ਭਿਆਨਕਤਾ ਨੂੰ ਭੰਗ ਕਰਨ ਲਈ ਲੇਖਕ ਨੇ ਬਿਜਲੀ ਚਮਕਣ ਦੇ ਬਿੰਬ ਨੂੰ ਬੜੀ ਸਫਲਤਾ ਨਾਲ ਰੂਪਮਾਨ ਕੀਤਾ ਹੈ। ਬਚਨੋ ਦਾ ਆਪਣੇ ਪਤੀ ਘੁੱਦੇ ਨਾਲ ਧੀਮੇ ਸੁਰ ਵਿਚ ਗੱਲਾਂ ਕਰਨਾ ਰਾਤ ਦੀ ਰਹੱਸਾਤਮਕਤਾ ਨੂੰ ਵਧੇਰੇ ਉਘਾੜ ਦਿੰਦਾ ਹੈ।

ਲੇਖਕ ਨੇ ਯਥਾਰਥਵਾਦੀ ਬਿਰਤਾਂਤ ਵਿਚ ਰੋਚਕਤਾ ਅਤੇ ਸਾਹਿਤਿਕਤਾ ਨੂੰ ਪੇਸ਼ ਕਰਨ ਲਈ ਦ੍ਰਿਸ਼-ਵਰਣਨ ਦਾ ਸਹਾਰਾ ਲਿਆ ਹੈ। ਇਹ ਦ੍ਰਿਸ਼ ਇਸ ਬਿਰਤਾਂਤ ਦੀ ਮੂਲ ਚੂਲ ਪ੍ਰਤੀਤ ਹੁੰਦਾ ਹੈ, ਜਿਸ ਦੇ ਇਰਦ-ਗਿਰਦ ਇਹ ਬਿਰਤਾਂਤ ਘੁੰਮਦਾ ਹੈ। ਇਸ ਦ੍ਰਿਸ਼ ਦੇ ਮਾਧਿਅਮ ਦੁਆਰਾ ਪਾਤਰਾਂ ਦੀ ਮਨੋਸਥਿਤੀ ਅਤੇ ਕਥਾ-ਵਸਤੂ ਨਾਲ ਸੰਬੰਧਿਤ ਬਿਰਤਾਂਤਕ ਇਕਾਈਆਂ ਨੂੰ ਰੂਪਮਾਨ ਕੀਤਾ ਗਿਆ ਹੈ। ਲੇਖਕ ਨੇ ਪੰਜਾਬੀ ਭਾਸ਼ਾ ਦਾ ਬੜਾ ਸਫ਼ਲ ਅਤੇ ਮੁਹਾਵਰੇ ਭਰਪੂਰ ਪ੍ਰਯੋਗ ਕੀਤਾ ਹੈ। ਸਮੁੱਚੇ ਰੂਪ ਵਿਚ ਇਹ ਗੱਦ-ਟੁਕੜੀ ਬਿਰਤਾਂਤ ਦੀਆਂ ਸਾਰੀਆਂ ਕਲਾਤਮਕ ਲੋੜਾਂ ਨੂੰ ਪੂਰਾ ਕਰਦੀ ਹੈ। ਇਸ ਵਿਚ ਲੇਖਕ ਨੇ ਆਪਣੇ ਲੇਖਕਤਵ ਨੂੰ ਪਿਛੇ ਹਟਾ ਕੇ ਨਿਰੋਲ ਵਸਤਗਤ ਬ੍ਰਿਤਾਂਤ ਦੀ ਪੇਸ਼ਕਾਰੀ ਕੀਤੀ ਹੈ। ਇਹ ਟੈਕਸਟ ਪੜ੍ਹਨਯੋਗ ਹੋਣ ਦੇ ਨਾਲ ਨਾਲ ਲਿਖਣਯੋਗ ਬਿਰਤਾਂਤ ਦਾ ਵੀ ਇਕ ਉੱਤਮ ਨਮੂਨਾ ਪੇਸ਼ ਕਰਦੀ ਹੈ।

# ਪੁਸਤਕ ਸੂਚੀ


- ਅਤਰ ਸਿੰਘ, ਕਾਵਿ ਅਧਿਐਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1959
- ਉਹੀ, ਕਾਵਿ ਅਧਿਐਨ, ਜੈਨ ਸੰਨਜ਼ ਪਬਲਿਸ਼ਰਜ਼, ਸਰਹਿੰਦ, 1989
- ਉਹੀ, ਸਮਦਰਸ਼ਨ, ਰਘੁਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1975
- ਆਤਮਜੀਤ ਨਾਟਕ ਦਾ ਨਿਰਦੇਸ਼ਨ, ਪੰਜਾਬੀ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1989
- ਅਮਰੀਕ ਸਿੰਘ ਬਨਵੈਤ ਹਰਚਰਨ ਸਿੰਘ ਦੀ ਨਾਟਕ ਕਲਾ ਹਰਚਰਨ ਸਿੰਘ ਦੀ ਜ਼ਬਾਨੀ, ਪੈਪਸੂ ਬੁੱਕ ਡੀਪੂ, ਪਟਿਆਲਾ, 1974
- ਅਮਰਜੀਤ ਸਿੰਘ, ਸ਼ਾਹ ਮੁਹੰਮਦ ਇਕ ਸਰਵੇਖਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
- ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1985
- ਅਮਰਜੀਤ ਕੌਰ, ਕਿੱਸਾ ਪਰਿਪੇਖ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ,1991
- ਸ.ਸ. ਅਮੋਲ (ਸੰਪਾ.), ਸੁਲਤਾਨ ਬਾਹੂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970
- ਸੰਤ ਸਿੰਘ ਸੇਖੋਂ, ਸਾਹਿਤਿਆਰਥ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1957
- ਉਹੀ, ਪੰਜਾਬੀ ਕਾਵਿ ਸ਼੍ਰੋਮਣੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1964
- ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟ ਚਿੰਤਨ, ਜੈਨ ਸੰਨਜ਼ ਪ੍ਰਕਾਸ਼ਨ, ਸਰਹਿੰਦ, 1989
- ਉਹੀ, ਨਾਟਕਕਾਰਾਂ ਨਾਲ ਸੰਵਾਦ, ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, 1997
- ਉਹੀ, ਰੰਗਕਰਮੀਆਂ ਨਾਲ ਸੰਵਾਦ, ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ, 2002
- ਉਹੀ, ਪੰਜਾਬੀ ਨਾਟਕ : ਪ੍ਰਗਤੀ ਤੇ ਪਾਸਾਰ, ਕ੍ਰਿਤੀ ਪ੍ਰਕਾਸ਼ਨ, ਦਿੱਲੀ, 2003
- ਉਹੀ, ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005
- ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980

- ਸਤਿੰਦਰ ਸਿੰਘ ਨੂਰ (ਸੰਪਾ.), ਨਵੀਂ ਪੰਜਾਬੀ ਆਲੋਚਨਾ, ਇਕੱਤੀ ਫਰਵਰੀ ਪ੍ਰਕਾਸ਼ਨ, ਦਿੱਲੀ, 1975
- ਸਤਿੰਦਰ ਕੌਰ, ਆਧੁਨਿਕ ਪੰਜਾਬੀ ਕਵਿਤਾ ਸੰਚਾਰ ਵਿਧੀਆਂ, ਆਰਸੀ ਪਬਲਿਸ਼ਰਜ਼, ਦਿੱਲੀ, 1997
- ਸੀਤਾ ਰਾਮ ਕੋਹਲੀ, ਵਾਰ ਸ਼ਾਹ ਮੁਹੰਮਦ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1981
- ਸੁਰਜੀਤ ਸਿੰਘ ਸੇਠੀ, ਨਾਟਕ ਕਲਾ, ਪੰਜਾਬੀ ਨਾਟਕ ਅਕੈਡਮੀ, ਪਟਿਆਲਾ, 1974
- ਉਹੀ, ਸਿਰਜਨਾਤਮਕ ਨਾਟਕ-ਨਿਰਦੇਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985
- ਸੁਰਿੰਦਰ ਸਿੰਘ ਖਹਿਰਾ (ਸੰਪਾ.) ,ਪੰਜਾਬੀ ਭਾਸ਼ਾ ਵਿਆਕਰਣ ਅਤੇ ਬਣਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਸੋਰਿੰਦਰ ਸਿੰਘ ਵਣਜਾਰਾ ਬੇਦੀ, ਲੋਕ ਆਖਦੇ ਹਨ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1949
- ਸਤਿੰਦਰ ਸਿੰਘ (ਸੰਪਾ.), ਵਿਵੇਚਨ ਅਤੇ ਮੁਲਾਂਕਣ, ਜੀਵਨ ਮੰਦਰ ਪ੍ਰਕਾਸ਼ਨ, ਅੰਮ੍ਰਿਤਸਰ, 1971
- ਉਹੀ, ਵਿਹਾਰਕ ਸਮੀਖਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994
- ਸੋਰਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰਸਟ, ਨਵੀਂ ਦਿੱਲੀ, 1971
- ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਅੱਠ ਜਿਲਦਾਂ), ਲੋਕ ਪ੍ਰਕਾਸ਼ਨ, ਨਵੀਂ ਦਿੱਲੀ।
- ਹਰਸਰਨ ਸਿੰਘ, ਥੀਏਟਰ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1988
- ਹਰਕੀਰਤ ਸਿੰਘ, ਰੂਪਾਂਤਰੀ ਵਿਅਕਰਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1980
- ਹਰਕੀਰਤ ਸਿੰਘ, ਭਾਸ਼ਾ ਅਤੇ ਭਾਸ਼ਾ ਵਿਗਿਆਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1983
- ਹਰਬੰਸ ਸਿੰਘ, ਚੰਡੀ ਦੀ ਵਾਰ, ਸੁੰਦਰ ਬੁੱਕ ਡਿਪੋ, ਜਲੰਧਰ, 1919
- ਹਰਚਰਨ ਸਿੰਘ ਤੇ ਸੂਬਾ ਸਿੰਘ, ਪੰਜਾਬੀ ਜੀਵਨ ਤੇ ਸਭਿਆਚਾਰ, ਪੰਜਾਬੀ ਸਾਹਿਤ ਪ੍ਰਕਾਸ਼ਨ, 1971, ਅੰਮ੍ਰਿਤਸਰ
- ਹਰਿਭਜਨ ਸਿੰਘ, ਅਧਿਅਨ ਅਤੇ ਅਧਿਆਪਨ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970
- ਉਹੀ, ਸਾਹਿਤ ਅਤੇ ਸਿਧਾਂਤ, ਸੀਮਾ ਪ੍ਰਕਾਸ਼ਨ, ਜਲੰਧਰ, 1973
- ਉਹੀ, ਰੂਪਕੀ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1977

- ਹਰਿਭਜਨ ਸਿੰਘ ਭਾਟੀਆ, ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1999
- ਕੁਲਦੀਪ ਕਲਪਨਾ, ਕਵੀ ਤੇ ਕਾਵਿ ਸਿਧਾਂਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1983
- ਕਿਸ਼ਨ ਸਿੰਘ, ਸਾਹਿਤ ਦੀ ਸਮਝ, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1974
- ਉਹੀ, ਸਾਹਿਤ ਦੇ ਸੋਮੇ, ਪੰਜਾਬੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1967
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁਗ ਪਬਲਿਸ਼ਰਜ਼, 1988, ਦਿੱਲੀ
- ਕਰਨੈਲ ਸਿੰਘ ਥਿੰਦ, ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ, ਜੀਵਨ ਮੰਦਰ ਪ੍ਰਕਾਸ਼ਨ, ਅੰਮ੍ਰਿਤਸਰ, 1971
- ਉਹੀ, ਲੋਕਯਾਨ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975
- ਕਾਲਾ ਸਿੰਘ ਬੇਦੀ, ਪੰਜਾਬੀ ਭਾਸ਼ਾ ਦਾ ਵਿਕਾਸ (ਇਤਿਹਾਸ), ਸੇਵਕ ਸਾਹਿਤ ਭਵਨ, ਦਿੱਲੀ, 1977
- ਕੁਲਬੀਰ ਸਿੰਘ ਕਾਂਗ, ਸੁਖਨ ਦਾ ਵਾਰਿਸ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1997
- ਕੁਲਵੰਤ ਕੌਰ ਕੋਹਲੀ, ਚੰਡੀ ਦੀ ਵਾਰ ਸਾਹਿਤਕ ਅਧਿਐਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1981
- ਗਿਆਨੀ ਲਾਲ ਸਿੰਘ (ਸੰਪਾ.), ਪੰਜਾਬ ਦੀ ਵੀਰ ਪਰੰਪਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971
- ਗੋਪਾਲ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਵਰਲਡ ਬੁੱਕ ਸੈਂਟਰ, ਨਵੀਂ ਦਿੱਲੀ, 1987
- ਗੁਰਸੇਵਕ ਲੰਬੀ, ਬਸਤੀਵਾਦ ਤੇ ਉੱਤਰ ਬਸਤੀਵਾਦ ਸਿਧਾਂਤਕ ਸਰੋਕਾਰ, ਗਰੇਸੀਅਸ ਬੁੱਕਸ, ਪਟਿਆਲਾ, 2015
- ਗੁਰਚਰਨ ਸਿੰਘ, ਗੁਰਬਾਣੀ ਸਭਿਆਚਾਰ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1992
- ਗੁਰਦਿਆਲ ਸਿੰਘ, ਪੰਜਾਬ ਦੇ ਤਿਉਹਾਰ ਤੇ ਮੇਲੇ, ਪ੍ਰਕਾਸ਼ਨ ਵਿਭਾਗ, ਭਾਰਤ ਸਰਕਾਰ, ਨਵੀਂ ਦਿੱਲੀ 1986
- ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ : ਸਰੂਪ ਸਿਧਾਂਤ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998
- ਉਹੀ, ਕਿੱਸਾ ਪਰੰਪਰਾ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1989
- ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਸਾਹਿਤ ਸੰਦਰਭ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989

- ਗੁਰਦੇਵ ਸਿੰਘ (ਸੰਪਾ.), ਸੱਸੀ ਹਾਸ਼ਮ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਣ।
- ਗੁਰਬਖ਼ਸ਼ ਸਿੰਘ ਫਰੈਂਕ, ਸਭਿਆਚਾਰ ਤੇ ਪੰਜਾਬੀ ਸਭਿਆਚਾਰ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1984
- ਗੁਰਬਚਨ ਕੌਰ, ਜਨਮਸਾਖੀ ਭਾਈ ਬਾਲਾ : ਪਾਠ ਪ੍ਰਮਾਣੀਕਰਣ ਤੇ ਆਲੋਚਨਾਤਮਕ ਸੰਪਾਦਨ, ਅਪ੍ਰਕਾਸ਼ਿਤ ਸ਼ੋਧ-ਪ੍ਰਬੰਧ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1987
- ਗੁਰਭਗਤ ਸਿੰਘ, ਕਾਵਿ ਸ਼ਾਸਤਰ : ਦੇਹ ਅਤੇ ਕ੍ਰਾਂਤੀ, ਵਿਚਾਰ ਪ੍ਰਕਾਸ਼ਨ, ਸੰਗਰੂਰ, 1995
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1985
- ਗੁਲਵੰਤ ਸਿੰਘ, ਸੂਫ਼ੀਵਾਦ (ਸੰਪਾ. ਗੁਰਮੁਖ ਸਿੰਘ), ਲੋਕਗੀਤ ਪ੍ਰਕਾਸ਼ਨ, ਸਰਹਿੰਦ, 1997
- ਜਸਵਿੰਦਰ ਸਿੰਘ, ਪੰਜਾਬੀ ਲੋਕ ਸਾਹਿਤ ਸ਼ਾਸਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988
- ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਦੇ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 1998
- ਜੋਗਿੰਦਰ ਸਿੰਘ ਪੁਆਰ (ਸੰਪਾ.), ਭਾਸ਼ਾ ਵਿਗਿਆਨ ਸੰਕਲਪ ਅਤੇ ਦਿਸ਼ਾਵਾਂ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1988
- ਜੀਤ ਸਿੰਘ ਸੀਤਲ, ਸ਼ਾਹ ਹੁਸੈਨ ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978
- ਜੀ.ਬੀ. ਸਿੰਘ, ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1972
- ਤੇਜਾ ਸਿੰਘ, ਸਾਹਿਤ ਦਰਸ਼ਨ, ਪ੍ਰਕਾਸ਼ ਪੁਸਤਕਮਾਲਾ, ਪਟਿਆਲਾ, 1951
- ਟੀ.ਆਰ.ਵਿਨੋਦ, ਸੰਸਕ੍ਰਿਤੀ ਤੇ ਲੋਕ ਸੰਸਕ੍ਰਿਤੀ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1990
- ਡਾ. ਦੇਵਿੰਦਰ ਸਿੰਘ ਵਿਦਿਆਰਥੀ, ਪੰਜਾਬੀ ਵਿਚ ਖੋਜ ਸੰਭਾਵਨਾ ਤੇ ਸੋਧ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1979
- ਨਾਹਰ ਸਿੰਘ, ਪੰਜਾਬੀ ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1983
- ਨਵਨਿੰਦਰਾ ਘੁੰਮਣ ਕਪੂਰ ਸਿੰਘ ਘੁੰਮਣ ਦਾ ਲੋਕ ਨਾਟ, ਨਿਊ ਬੁੱਕ ਕੰਪਨੀ, ਜਲੰਧਰ, 1972

- ਨਵਨਿੰਦਰਾ ਬਹਿਲ ਨਾਟਕੀ ਸਾਹਿਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991
- ਪਿਆਰ ਸਿੰਘ, ਪੰਜਾਬੀ ਕਵਿਤਾ ਪਰੰਪਰਾ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1957
- ਪਿਆਰਾ ਸਿੰਘ ਪਦਮ, ਕਲਮ ਦੇ ਧਨੀ (ਪਹਿਲਾ ਭਾਗ) ਸਰਦਾਰ ਸਾਹਿਤ ਭਵਨ, ਪਟਿਆਲਾ, 1966
- ਪਿਆਰਾ ਸਿੰਘ, ਪੰਜਾਬੀ ਨਾਟਕ ਤੇ ਰੰਗਮੰਚ : ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਨਿਊ ਬੁੱਕ ਕੰਪਨੀ, ਜਲੰਧਰ, 1989
- ਪ੍ਰੇਮ ਪ੍ਰਕਾਸ਼ ਸਿੰਘ, ਪੰਜਾਬੀ ਭਾਸ਼ਾ ਦਾ ਪਿਛੋਕੜ, ਪੈਪਸੂ ਬੁੱਕ ਡਿਪੂ, ਪਟਿਆਲਾ, 1976
- ਸਿਧਾਂਤਕ ਭਾਸ਼ਾ ਵਿਗਿਆਨ, ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ 1988
- ਬਿਕਰਮ ਸਿੰਘ ਘੁੰਮਣ, ਪੰਜਾਬੀ ਕਿੱਸਾ ਕਾਵਿ ਤੇ ਦੁਖਾਂਤ ਪਰੰਪਰਾ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ, 1983
- ਉਹੀ, ਕਿੱਸਾ ਕਾਵਿ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1998
- ਬੂਟਾ ਸਿੰਘ ਬਰਾੜ, ਪੰਜਾਬੀ ਵਿਆਕਰਨ, ਸੋਹੀ ਪਬਲੀਕੇਸ਼ਨ, ਪਟਿਆਲਾ, 1995
- ਬਾਬ ਅਵੇਕੀਅਨ, ਮਾਓ-ਜੇ-ਤੁੰਗ ਦੀ ਅਮਿੱਟ ਦੇਣ, ਜੈਕਾਰਾ ਪ੍ਰਕਾਸ਼ਨ, ਜਲੰਧਰ, 1983
- ਬ੍ਰਹਮਜਗਦੀਸ਼ ਸਿੰਘ, ਨਾਟਕ ਅਤੇ ਰੰਗਮੰਚ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2002
- ਬਲਦੇਵ ਸਿੰਘ ਚੀਮਾ, ਭਾਸ਼ਾ ਵਿਗਿਆਨ ਅਤੇ ਵਿਆਕਰਨ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000
- ਬਲਰਾਜ ਸਾਹਨੀ, ਸਿਨੇਮਾ ਤੇ ਸਟੇਜ, ਨਾਨਕ ਸਿੰਘ ਪੁਸਤਕਮਾਲਾ, ਪ੍ਰੀਤ ਨਗਰ (ਅੰਮ੍ਰਿਤਸਰ) ਪਹਿਲੀ ਵਾਰ : 1974
- ਬਲਵੰਤ ਗਾਰਗੀ, ਰੰਗਮੰਚ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1961
- ਉਹੀ, ਪੰਜਾਬੀ ਰੰਗਮੰਚ, ਸੀਮਾ ਪ੍ਰਕਾਸ਼ਨ, ਜਲੰਧਰ, 1973
- ਬਲਵਿੰਦਰ ਸਿੰਘ ਚਾਹਲ, ਅਜਮੇਰ ਔਲਖ ਦੀ ਨਾਟਕ ਕਲਾ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1987
- ਬਲਬੀਰ ਸਿੰਘ ਪੂੰਨੀ, ਕਿੱਸਾ ਕਾਵਿ ਇਤਿਹਾਸਕ ਤੇ ਕਾਵਿ ਮੁੱਲਾਂਕਣ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1984
- ਬਲਬੀਰ ਸਿੰਘ ਪੂੰਨੀ, ਜੰਗ ਸਿੰਘਾਂ ਤੇ ਅੰਗਰੇਜ਼ਾਂ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1998

- ਬਲਬੀਰ ਸਿੰਘ ਪੂੰਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2003
- ਭੂਪਾਲ ਦਾਸ, ਪੰਜਾਬੀ ਨਾਟ-ਆਲੋਚਨਾ, ਬਲਵੰਤ ਪ੍ਰਕਾਸ਼ਨ, ਜਲੰਧਰ, 1994
- ਮਹਿੰਦਰ ਕੌਰ ਗਿੱਲ, ਬਾਣੀ ਬਿਬੇਕ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1986
- ਮਨਜੀਤ ਸਿੰਘ, ਬਲਰਾਜ ਸਾਹਨੀ, ਜੀਵਨ ਤੇ ਰਚਨਾ, ਭਾਸ਼ਾ ਵਿਭਾਗ ਪੰਜਾਬ, 2002
- ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007
- ਰਤਨ ਸਿੰਘ ਜੱਗੀ, ਸਾਹਿਤ ਅਧਿਐਨ ਵਿਧੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988
- ਰਵਿੰਦਰ ਰਵੀ, ਵਿਰਸਾ ਅਤੇ ਵਰਤਮਾਨ, ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1986
- ਵਨੀਤਾ, ਉਤਰ-ਆਧੁਨਿਕਤਾ ਤੇ ਪੰਜਾਬੀ ਕਵਿਤਾ, ਸ਼ਿਲਾਲੇਖ, ਦਿੱਲੀ, 1998

ਪੈਦਾ ਹੋ ਜਾਂਦੀ ਹੈ ਅਤੇ ਸ਼ਬਦ ਵੀ ਇਕ ਨਾਟਕੀ ਜੁਗਤ ਬਣ ਕੇ ਰੰਗਮੰਚੀ ਕਰਤੱਵ ਸਿਰਜਣ ਲੱਗ ਪੈਂਦੇ ਹਨ।

**ਸ਼ੈਲੀਆਂ :** ਰੰਗਮੰਚ ਅਤੇ ਉਸਦੀ ਭਾਸ਼ਾ (ਰੰਗਮੰਚੀ ਭਾਸ਼ਾ) ਨਾਟਕ ਲਈ ਮਾਧਿਅਮ ਹੈ ਤੇ ਇਕ ਸਫ਼ਲ ਅਤੇ ਉੱਤਮ ਨਾਟਕ ਵਿਚ ਰੰਗਮੰਚੀ ਸੰਭਾਵਨਾ ਵੀ ਹੁੰਦੀ ਹੈ ਅਤੇ ਸਾਹਿਤਕ ਸੁੰਦਰਤਾ ਵੀ। ਲਿਖਤ-ਪਾਠ ਵਿਚ ਹੀ ਖੇਡ-ਪਾਠ ਲੁਪਤ ਹੁੰਦਾ ਹੈ। ਮੰਚੀ-ਪਾਠ ਦੀ ਸੰਕਲਪਨਾ ਨਿਸ਼ਚਿਤ ਰੂਪ ਵਿਚ ਕਿਸੇ ਨਾਟ-ਸ਼ੈਲੀ ਉੱਪਰ ਆਧਾਰਿਤ ਹੁੰਦੀ ਹੈ। ਇਸੇ ਤਹਿਤ ਹੀ ਨਾਟਕਕਾਰ ਰਾਹੀਂ ਲਿਖਤੀ-ਪਾਠ ਨੂੰ ਮੰਚੀ-ਪਾਠ ਵਿਚ ਅਭੇਦ ਕਰਨ ਅਤੇ ਸਾਰਥਿਕ ਬਣਾਉਣ ਲਈ ਵੱਖ-ਵੱਖ ਸਮੇਂ ਵਿਭਿੰਨ ਨਾਟ-ਸ਼ੈਲੀਆਂ ਹੋਂਦ ਵਿਚ ਆਉਂਦੀਆਂ ਰਹੀਆਂ ਹਨ। ਪੰਜਾਬੀ ਨਾਟਕ ਵਿਚ ਸਮੇਂ-ਸਮੇਂ ਯਥਾਰਥਵਾਦੀ ਨਾਟ-ਸ਼ੈਲੀ, ਲੋਕ-ਨਾਟ-ਸ਼ੈਲੀ, ਪਾਰਸੀ ਥੀਏਟਰ, ਐਪਿਕ ਥੀਏਟਰ, ਐਬਸਰਡ ਥੀਏਟਰ, ਹੰਗਾਮੀ ਥੀਏਟਰ, ਨੁੱਕੜ ਨਾਟ-ਸ਼ੈਲੀ, ਨੋਟੰਕੀ ਨਾਟ-ਸ਼ੈਲੀ ਆਦਿ ਹੋਂਦ ਵਿਚ ਆਈਆਂ ਹਨ।

**ਯਥਾਰਥਵਾਦੀ ਨਾਟ-ਸ਼ੈਲੀ :** ਆਧੁਨਿਕ ਪੰਜਾਬੀ ਨਾਟਕ ਅਤੇ ਰੰਗਮੰਚ ਦਾ ਜਨਮ ਹੀ ਯਥਾਰਥਵਾਦੀ ਸ਼ੈਲੀ ਨਾਲ ਹੋਇਆ ਹੈ। ਹੁਣ ਤਕ ਯਥਾਰਥਵਾਦ ਹੀ ਪੰਜਾਬੀ ਰੰਗਮੰਚ ਅਤੇ ਨਾਟਕ ਦੀ ਜਿੰਦ-ਜਾਨ ਬਣਿਆ ਆ ਰਿਹਾ ਹੈ ਕਿਉਂਕਿ ਯਥਾਰਥਵਾਦ ਕਿਸੇ ਘਟਨਾ ਨੂੰ ਅਸਲੀਅਤ ਰੂਪ ਵਿਚ ਪੇਸ਼ ਕਰਨ ਵਿਚ ਵਿਸ਼ਵਾਸ ਰੱਖਦਾ ਹੈ। ਯਥਾਰਥਵਾਦੀ ਨਾਟਕਕਾਰ ਦੇ ਪਾਤਰ ਜਿਉਂਦੇ-ਜਾਗਦੇ ਅਤੇ ਨਾਟਕੀ ਵਾਤਾਵਰਨ ਸਥਾਨਕ ਰੰਗਣ ਵਾਲਾ ਹੁੰਦਾ ਹੈ। ਉਸ ਵਿਚਲੀ ਬੋਲੀ ਵੀ ਸਮੇਂ ਅਤੇ ਸਥਾਨ ਦੇ ਅਨੁਕੂਲ ਹੁੰਦੀ ਹੈ। ਵਰਨਣ ਸਿੱਧ ਪੱਧਰਾ ਪਰ ਯਥਾਰਥਕ ਭਰਮ ਪੈਦਾ ਕਰਨ ਵਾਲਾ ਹੁੰਦਾ ਹੈ ਤਾਂ ਜੋ ਨਾਟਕ ਦੇਖਦੇ ਸਮੇਂ ਦਰਸ਼ਕ ਨੂੰ ਲੱਗੇ ਕਿ ਨਾਟਕ ਨਹੀਂ ਸਗੋਂ ਜੀਵਨ ਦੀ ਅਸਲੀ ਤਸਵੀਰ ਹੀ ਪੇਸ਼ ਕੀਤੀ ਜਾ ਰਹੀ ਹੈ।

ਯਥਾਰਥਵਾਦੀ ਪਹੁੰਚ ਦਾ ਅਰਥ ਹੈ ਅਸਲ ਜ਼ਿੰਦਗੀ ਵਿਚਲੇ ਨਾਟਕੀ ਅਨੁਭਵ ਨੂੰ ਪੇਸ਼ਕਾਰੀ ਦਾ ਆਧਾਰ ਬਣਾਉਣਾ। ਇਸ ਪਹੁੰਚ ਅਨੁਸਾਰ ਘਟਨਾਵਾਂ ਦੀ ਚੋਣ ਉਪਰੰਤ ਉਨ੍ਹਾਂ ਨੂੰ ਤਰਤੀਬ ਦੇ ਕੇ ਅਸਲੀਅਤ ਨੂੰ ਉਸੇ ਤਰ੍ਹਾਂ ਪੇਸ਼ ਕਰਨ ਦੀ ਬਜਾਏ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਉਹ ਅਸਲੀਅਤ ਦਾ ਭੁਲੇਖਾ ਸਿਰਜਦੀਆਂ ਨਜ਼ਰ ਆਉਣ। ਵਾਪਰ ਚੁੱਕੇ ਨੂੰ ਕਲਪਨਾ ਦੀ ਪੁੱਠ ਚੜ੍ਹਾ ਕੇ ਅਤੇ ਨਾਟਕੀ ਘਟਨਾਵਾਂ ਵਿਚ ਢਾਲ ਕੇ ਪੇਸ਼ ਕਰਨ ਦੀ ਰੁਚੀ ਕਰਕੇ ਯਥਾਰਥਵਾਦੀ ਨਾਟ-ਸ਼ੈਲੀ ਦਾ ਜਨਮ ਹੋਇਆ। ਨਾਟਕ ਦੇ ਪਾਤਰ, ਭਾਸ਼ਾ, ਵਾਰਤਾਲਾਪ, ਮੰਚ ਜੜਤ ਆਦਿ ਯਥਾਰਥ ਦਾ ਭੁਲੇਖਾ ਸਿਰਜ ਕੇ ਦਰਸ਼ਕ ਨੂੰ ਭਾਵੁਕ ਪੱਧਰ 'ਤੇ ਜੋੜਨ ਦਾ ਯਤਨ ਕਰਦੇ ਹਨ

**ਐਪਿਕ ਥੀਏਟਰ ਨਾਟ-ਸ਼ੈਲੀ :** ਯਥਾਰਥਵਾਦੀ ਨਾਟਕ ਦੀਆਂ ਹੱਦਾਂ ਅਤੇ ਵਿਉਂਤਾਂ ਨੂੰ ਤੋੜਦਿਆਂ ਤੇ ਪੇਸ਼ਕਾਰੀ ਦੀਆਂ ਨਵੀਆਂ ਵਿਧੀਆਂ ਤਲਾਸ਼ ਕਰਨ ਵਲ ਅਗ੍ਰਸਰ ਹੋਣ ਵਾਲੇ ਜਰਮਨ ਦੇ ਨਾਟਕਕਾਰ ਤੇ ਨਾਟ-ਸਿਧਾਂਤਕਾਰ ਬਰਤੋਲਤ ਬਰੈਖ਼ਤ ਦਾ 'ਐਪਿਕ ਥੀਏਟਰ' ਦੀ ਸਥਾਪਨਾ ਵਿਚ ਮੁੱਢਲਾ ਯੋਗਦਾਨ ਹੈ। ਬਰੈਖ਼ਤ ਨੇ ਆਪਣੀ ਨਵੀਂ ਵਿਧੀ ਨੂੰ 'ਐਪਿਕ ਥੀਏਟਰ' ਦਾ ਨਾਮ ਦਿੱਤਾ। ਉਸ ਅਨੁਸਾਰ ਉਸਦਾ 'ਐਪਿਕ



ਪੰਜਾਬੀ ਸਾਹਿਤ ਦਾ ਸੰਕਲਪਮੂਲਕ ਅਧਿਐਨ ਪੁਸਤਕ ਪੰਜਾਬੀ ਸਾਹਿਤ ਦੇ ਮਹੱਤਵਪੂਰਨ ਪੱਖਾਂ ਨੂੰ ਉਜਾਗਰ ਕਰਦੀ ਹੈ। ਇਸ ਪੁਸਤਕ ਵਿਚ ਪੰਜਾਬੀ ਸਾਹਿਤ ਦੇ ਦੋਹਾਂ ਰੂਪਾਂ ਗਦ ਅਤੇ ਪਦ ਵਿਚ ਪੰਜਾਬੀ ਭਾਸ਼ਾ, ਲੋਕਧਾਰਾ ਅਤੇ ਸਭਿਆਚਾਰ, ਸਾਹਿਤ ਦੀਆਂ ਵਿਧਾਵਾਂ ਨਾਵਲ, ਨਾਟਕ, ਕਹਾਣੀ, ਕਵਿਤਾ ਨੂੰ ਛੂਹਿਆ ਗਿਆ ਹੈ। ਪੰਜਾਬੀ ਸਾਹਿਤ ਇਕ ਅਮੀਰ ਅਤੇ ਪੁਰਾਤਨ ਸਾਹਿਤ ਹੈ ਜੋ ਨਾਥਾਂ ਜੋਗੀਆਂ ਦੇ ਟਿੱਲਿਆਂ ਵਿਚੋਂ ਹੁੰਦਾ ਹੋਇਆ ਬਾਬਾ ਫ਼ਰੀਦ ਜਿਹੇ ਪੰਜਾਬੀ ਦੇ ਮੌਲਿਕ ਕਵੀਆਂ ਦੀ ਚਰਨ ਛੋਹ ਪ੍ਰਾਪਤ ਕਰਕੇ ਗੁਰੂਆਂ ਦੀ ਜੀ ਹਜ਼ੂਰੀ ਕਰਦਾ ਆਧੁਨਿਕ ਕਵੀਆਂ ਅਤੇ ਗਦਕਾਰਾਂ ਦੀ ਕਲਮ ਰਾਹੀਂ ਆਪਣੇ ਆਪ ਨੂੰ ਪ੍ਰਗਟਾਉਂਦਾ ਹੈ। ਇਹ ਪੁਸਤਕ ਜਿੱਥੇ ਪੰਜਾਬੀ ਭਾਸ਼ਾ ਦੀ ਗੱਲ ਕਰਦੀ ਹੈ ਜਿਸ ਦਾ ਨਿਕਾਸ ਅਤੇ ਵਿਕਾਸ 8ਵੀਂ ਸਦੀ ਤੋਂ ਲੈ ਕੇ ਹੁਣ ਤਕ ਨਿਰੰਤਰ ਹੁੰਦਾ ਆ ਰਿਹਾ ਹੈ ਉਥੇ ਪੰਜਾਬੀ ਨਾਵਲਕਾਰਾਂ, ਨਾਟਕਕਾਰਾਂ, ਕਵੀਆਂ ਅਤੇ ਵਾਰਤਕਕਾਰਾਂ ਨਾਲ ਆਪਣਾ ਸੰਵਾਦ ਰਚਾਉਂਦੀ ਪ੍ਰਤੀਤ ਹੁੰਦੀ ਹੈ। ਮੈਂ ਆਪਣੀ ਸਮਰੱਥਾ ਅਨੁਸਾਰ ਇਸ ਕਿਤਾਬ ਦੇ ਅੰਦਰਲੇ ਸ਼ਬਦਾਂ ਰਾਹੀਂ ਪੰਜਾਬੀ ਸਾਹਿਤ ਦੇ ਵਿਭਿੰਨ ਸੰਕਲਪਾਂ ਦਾ ਡੂੰਘਾ ਅਧਿਐਨ ਕਰਕੇ ਇਨ੍ਹਾਂ ਨੂੰ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਇਹ ਪੁਸਤਕ ਯੂ. ਜੀ. ਸੀ ਨੈੱਟ, ਐਮ. ਫ਼ਿਲ, ਪੀ. ਐੱਚ. ਡੀ., ਆਈ. ਏ. ਐੱਸ, ਪੀ. ਸੀ. ਐੱਸ ਦੀ ਪ੍ਰੀਖਿਆ ਨੂੰ ਵੀ ਧਿਆਨ ਹਿਤ ਰੱਖਦਿਆਂ ਤਿਆਰ ਕੀਤੀ ਗਈ ਹੈ। ਕੋਈ ਵੀ ਪੁਸਤਕ ਹਰਫ਼ੇ-ਆਖ਼ਿਰ ਨਹੀਂ ਹੋ ਸਕਦੀ, ਕੋਈ ਨਾ ਕੋਈ ਕਮੀ ਰਹਿ ਹੀ ਜਾਂਦੀ ਹੈ। ਪਰ ਕੀ ਕਮੀ ਹੈ ਤੇ ਕੀ ਚੰਗਾ ਹੈ ਇਹ ਤਹਿ ਕਰਨਾ ਤੁਹਾਡਾ ਕੰਮ ਹੈ। ਇਸ ਲਈ ਮੈਨੂੰ ਉਮੀਦ ਹੈ ਕਿ ਪੰਜਾਬੀ ਸਾਹਿਤ ਦੇ ਆਲੋਚਕ ਅਤੇ ਵਿਦਿਆਰਥੀ ਇਸ ਪੁਸਤਕ ਤੋਂ ਲਾਭ ਉਠਾਉਣਗੇ।

Forever Learning

ISBN 978-93-5204-291-3

9789352042913

www.unistarbooks.com ₹ 300/-